# ਸਮਾਜਿਕ ਵਿਗਿਆਨ

## (ਅੱਠਵੀਂ ਸ਼੍ਰੇਣੀ ਲਈ)

D4A1P6


**ਭੂਗੋਲ ਭਾਗ**

ਲੇਖਕ

ਸ਼੍ਰੀ ਸ਼ਰਨਜੀਤ ਸਿੰਘ

ਸੋਧਕ

ਅਰੁਣਾ ਡੋਗਰਾ ਸ਼ਰਮਾ

ਵਿਸ਼ਾ ਕੋਆਰਡੀਨੇਟਰ

ਸ਼੍ਰੀ ਰਾਮਿੰਦਰ ਜੀਤ ਸਿੰਘ ਵਾਸੂ, ਵਿਸ਼ਾ ਮਾਹਿਰ, ਪੰ.ਸ.ਸਿੱ.ਬੋਰਡ

**ਇਤਿਹਾਸ ਭਾਗ**

ਲੇਖਕ

ਡਾ. ਮੰਜੂ ਵਰਮਾ

ਸ਼੍ਰੀ ਮਲਕੀਤ ਸਿੰਘ ਮਾਨ

ਸ਼੍ਰੀਮਤੀ ਹਰਦੀਪ ਕੌਰ

ਸ਼੍ਰੀ ਬੂਟਾ ਸਿੰਘ ਸੇਖੋਂ

ਵਿਸ਼ਾ ਕੋਆਰਡੀਨੇਟਰ

ਸ਼੍ਰੀਮਤੀ ਸੀਮਾ ਚਾਵਲਾ, ਵਿਸ਼ਾ ਮਾਹਿਰ (ਇਤਿਹਾਸ) ਪੰ.ਸ.ਸਿੱ.ਬੋਰਡ

ਸੋਧਕ

ਸ਼੍ਰੀ ਬਲਜਿੰਦਰ ਸਿੰਘ, ਸ.ਸ.ਮਾਸਟਰ ਸ.ਸ.ਸ.ਸ. ਕੋਟਬੁੱਢਾ (ਤਰਨਤਾਰਨ)

ਨਕਸ਼ਾ ਕਾਰਜ

ਸ਼੍ਰੀ ਤਜਿੰਦਰ ਸਿੰਘ ਲੈਕਚਰਾਰ, ਭੁਗੋਲ

ਸ਼੍ਰੀ ਗੁਰੂ ਅਰਜਨ ਦੇਵ ਸਰਕਾਰੀ (ਕੰ) ਸੀ.ਸੈ.ਸਕੂਲ, ਤਰਨ ਤਾਰਨ

**ਨਾਗਰਿਕ ਸ਼ਾਸਤਰ ਭਾਗ**

ਲੇਖਕ

ਸ਼੍ਰੀ ਦਰਸ਼ਨ ਸਿੰਘ

ਸੋਧਕ

1. ਸ਼੍ਰੀਮਤੀ ਕੰਵਲਜੀਤ ਕੌਰ, ਰਿਟਾ. ਵਿਸ਼ਾ ਮਾਹਿਰ (ਪੋਲ. ਸਾਇੰਸ) ਪੰ.ਸ.ਸਿੱ.ਬੋਰਡ
2. ਸ਼੍ਰੀਮਤੀ ਹਰਮਿੰਦਰ ਕੌਰ, ਲੈਕਚਰਾਰ
3. ਸ. ਗੁਰਮੀਤ ਸਿੰਘ ਭੋਮਾ, ਲੈਕਚਰਾਰ

ਚਿਤਰਕਾਰ

ਸ਼੍ਰੀ ਗੁਰਮੇਲ ਸਿੰਘ


ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2023-24................. 2,14,000 ਕਾਪੀਆਂ

All rights, including those of translation, reproduction and annotation etc., are reserved by the Punjab Government

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤ ਨੈਪਚੂਣ ਪ੍ਰਿੰਟਰਜ਼, ਜਲੰਧਰ ਰਾਹੀਂ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਨਵੀਂ ਸਿੱਖਿਆ ਨੀਤੀ ਅਧੀਨ ਨਵੇਂ ਪਾਠ-ਕ੍ਰਮ ਅਤੇ ਉਸ ਤੇ ਆਧਾਰਿਤ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਸਮਾਜਿਕ ਵਿਗਿਆਨ ਦੀ ਇਹ ਪੁਸਤਕ ਭਾਰਤ ਸਰਕਾਰ ਦੇ ਮਨੁੱਖੀ ਸਾਧਨ ਵਿਕਾਸ ਵਿਭਾਗ ਦੀਆਂ ਸਿਫ਼ਾਰਸ਼ਾਂ ਅਨੁਸਾਰ ਸੋਧੇ ਗਏ ਰਾਸ਼ਟਰੀ ਪਾਠ-ਕ੍ਰਮ (NCF 2005) ਦੇ ਅਧਾਰ ਤੇ ਤਿਆਰ ਕੀਤੀ ਗਈ ਹੈ। ਇਸ ਪੁਸਤਕ ਦੀ ਵਿਸ਼ਾ ਵਸਤੂ ਪੰਜਾਬ ਕਰੀਕੁਲਮ ਫਰੇਮਵਰਕ PCF-2013 ਦੀਆਂ ਸੇਧਾਂ ਦੀ ਲੋਅ ਵਿੱਚ ਵਿਚਾਰ ਕੇ ਇਸ ਨੂੰ ਸੰਖੇਪ, ਵਧੇਰੇ ਅਰਥ-ਭਰਪੂਰ, ਵਿਦਿਆਰਥੀ ਕੇਂਦਰਿਤ ਅਤੇ ਸੂਬਾਈ ਲੋੜਾਂ ਦੇ ਅਨੁਸਾਰ ਬਣਾਇਆ ਗਿਆ ਹੈ। ਪੰਜਾਬ ਦੇ ਵਿਦਿਆਰਥੀ ਰਾਸ਼ਟਰੀ ਪੱਧਰ ਦੇ ਪਾਠ-ਕ੍ਰਮ ਤੋਂ ਕਿਤੇ ਵਾਂਝੇ ਨਾ ਰਹਿ ਜਾਣ, ਇਸ ਪੁਸਤਕ ਦਾ ਮੁੱਖ ਮੰਤਵ ਹੈ। ਇਸ ਉਦੇਸ਼ ਦੀ ਪੂਰਤੀ ਲਈ ਹਥਲੀ ਪੁਸਤਕ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਹੈ। ਭਾਰਤ ਅਤੇ ਵਿਸ਼ਵ, ਇਸ ਪੁਸਤਕ ਦਾ ਮੁੱਖ ਕੇਂਦਰ ਹੈ। ਇਸ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :(1) ਸਾਧਨ ਅਤੇ ਇਨ੍ਹਾਂ ਦਾ ਵਿਕਾਸ (2) ਸਾਡਾ ਅਤੀਤ-999 (3) ਸਮਾਜਿਕ ਅਤੇ ਰਾਜਨੀਤਿਕ ਜੀਵਨ; ਜੋ ਕਿ ਕ੍ਰਮਵਾਰ ਸਮਾਜਿਕ ਵਿਗਿਆਨ ਦੇ ਉੱਪ-ਵਿਸ਼ਿਆਂ : ਭੂਗੋਲ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਨਾਲ਼ ਸੰਬੰਧਿਤ ਹਨ।

ਇਹ ਪੁਸਤਕ ਡਾਇਰੈਕਟਰ, ਏ. ਪੀ. ਸ਼ਾਖਾ, ਦੀ ਅਗਵਾਈ ਹੇਠ ਤਿਆਰ ਕੀਤੀ ਗਈ ਸੀ। ਜਿਸ ਦੀ ਸਮੁੱਚੀ ਕੋਆਰਡੀਨੇਸ਼ਨ ਸ਼੍ਰੀਮਤੀ ਸੁਰਜੀਤ ਕੌਰ ਗਿੱਲ, ਤਤਕਾਲੀ ਵਿਸ਼ਾ ਮਾਹਿਰ ਭੂਗੋਲ ਨੇ ਕੀਤੀ ਹੈ। ਭਾਵੇਂ ਇਹ ਪੁਸਤਕ ਖੇਤਰ ਦੇ ਵੱਖ-ਵੱਖ ਉੱਪ ਵਿਸ਼ਿਆਂ ਦੇ ਮਾਹਿਰਾਂ ਤੋਂ ਲਿਖਵਾਈ ਗਈ ਹੈ ਫਿਰ ਵੀ ਏ.ਪੀ. ਸ਼ਾਖਾ ਵਿੱਚ ਕੰਮ ਕਰਦੇ ਵਿਸ਼ਾ ਮਾਹਿਰਾਂ/ਪ੍ਰੋਜੈਕਟ ਅਫ਼ਸਰਾਂ ਨੇ ਆਪਣੇ-ਆਪਣੇ ਉੱਪ-ਵਿਸ਼ੇ ਦੀ ਕੋਆਰਡੀਨੇਸ਼ਨ ਕਰਕੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਪੁਸਤਕ ਦੇ ਡਿਜ਼ਾਇਨਾਂ/ਨਕਸ਼ਿਆਂ ਦੀ ਤਿਆਰੀ ਸ਼੍ਰੀ ਗੁਰਮੇਲ ਸਿੰਘ, ਤਤਕਾਲੀ ਕੋਆਰਡੀਨੇਟਰ ਆਰਟ ਸੈੱਲ, ਤਜਿੰਦਰ ਸਿੰਘ, ਲੈਕਚਰਾਰ ਅਤੇ ਪ੍ਰੂਫ-ਰੀਡਿੰਗ ਭੁਪਿੰਦਰ ਸਿੰਘ ਰਾਠੀ ਵੱਲੋਂ ਕੀਤੀ ਗਈ ਹੈ।

**ਚੇਅਰਮੈਨ**
ਪੰਜਾਬ ਸਕੂਲ ਸਿੱਖਿਆ ਬੋਰਡ

# ਪੁਸਤਕ ਬਾਰੇ

ਹਥਲੀ ਪੁਸਤਕ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਸਮਾਜਿਕ ਵਿਗਿਆਨ ਵਿਸ਼ੇ ਸੰਬੰਧੀ ਲਿਖੀ ਗਈ ਹੈ। ਇਹ ਪੁਸਤਕ ਰਾਸ਼ਟਰੀ ਪਾਠ-ਕ੍ਰਮ (NCF 2005) ਦੇ ਅਧਾਰ ਤੇ ਲਿਖੀ ਗਈ ਹੈ, ਇਸ ਪੁਸਤਕ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :-

**ਪੁਸਤਕ ਦਾ ਭਾਗ-1 (ਸਾਧਨ ਅਤੇ ਇਨ੍ਹਾਂ ਦਾ ਵਿਕਾਸ)** ਜੋ ਮੁੱਖ ਰੂਪ ਵਿੱਚ ਸਮਾਜਿਕ ਵਿਗਿਆਨ ਦੇ ਉੱਪ ਵਿਸ਼ਾ ਭੂਗੋਲ ਨਾਲ ਸੰਬੰਧਤ ਹੈ, ਇਸ ਵਿੱਚ ਸਾਧਨ ਅਤੇ ਇਨ੍ਹਾਂ ਦੇ ਵਿਕਾਸ ਸੰਬੰਧੀ ਅਧਿਐਨ ਸ਼ਾਮਿਲ ਹੈ। ਸਾਡੀ ਧਰਤੀ ਸੂਰਜੀ ਪਰਿਵਾਰ ਦਾ ਇੱਕ ਅਹਿਮ ਗ੍ਰਹਿ ਹੈ। ਇਸ ਨੇ ਮਨੁੱਖੀ ਜੀਵਨ ਨੂੰ ਆਵਾਸ ਦੇਣ ਦੇ ਨਾਲ਼ ਕਈ ਸਾਧਨ ਵੀ ਸੌਗਾਤ ਵਜੋਂ ਦਿੱਤੇ ਹਨ। ਇਸ ਭਾਗ ਵਿੱਚ ਇਨ੍ਹਾਂ ਸਾਧਨਾਂ ਦੀ ਵਿਸ਼ਵ ਪੱਧਰ ਅਤੇ ਭਾਰਤ ਦਾ ਵਿਸ਼ੇਸ਼ ਹਵਾਲੇ ਆਧਾਰਿਤ ਵੰਡ, ਇਨ੍ਹਾਂ ਦੀ ਸਾਂਭ-ਸੰਭਾਲ ਅਤੇ ਆਰਥਿਕ ਪੱਖ ਵਜੋਂ ਇਨ੍ਹਾਂ ਦੇ ਮਹੱਤਵ ਦਾ ਅਧਿਐਨ ਸ਼ਾਮਿਲ ਹੈ। ਇੱਕ ਹੋਰ ਪੱਖ 'ਮਨੁੱਖੀ ਸਾਧਨ' ਜੋ ਕਿ ਸਾਰੇ ਸਾਧਨਾਂ ਦਾ ਮੁੱਖ ਧੁਰਾ ਹੈ, ਜਿਸ ਤੋਂ ਬਿਨਾਂ ਸਾਰੇ ਸਾਧਨ ਅਰਥਹੀਣ ਹੋ ਜਾਂਦੇ ਹਨ, ਨੂੰ ਵੀ ਅਧਿਐਨ ਦਾ ਹਿੱਸਾ ਬਣਾਇਆ ਗਿਆ ਹੈ । ਇਸ ਭਾਗ ਵਿੱਚ ਆਫ਼ਤ ਪ੍ਰਬੰਧਨ ਦੇ ਸਿਰਲੇਖ ਅਧੀਨ ਇੱਕ ਪਾਠ ਸ਼ਾਮਿਲ ਕੀਤਾ ਗਿਆ, ਜਿਸ ਵਿੱਚ ਕੁਦਰਤੀ ਅਤੇ ਮਨੁੱਖੀ ਆਫ਼ਤਾਂ ਅਤੇ ਇਨ੍ਹਾਂ ਦੇ ਵਾਪਰਨ ਨਾਲ਼ ਹੋਣ ਵਾਲੇ ਨੁਕਸਾਨ ਨੂੰ ਕਿਵੇਂ ਘਟਾਇਆ ਜਾਵੇ, ਬਾਰੇ ਜਾਣਕਾਰੀ ਸ਼ਾਮਲ ਹੈ।

**ਭਾਗ-2 (ਸਾਡਾ ਅਤੀਤ-999)** ਮੁੱਖ ਰੂਪ ਵਿੱਚ ਸਮਾਜਿਕ ਵਿਗਿਆਨ ਦੇ ਉੱਪ ਵਿਸ਼ਾ ਇਤਿਹਾਸ ਨਾਲ਼ ਸੰਬੰਧਿਤ ਹੈ। ਇਸ ਵਿੱਚ ਸਮਾਂ ਕ੍ਰਮ ਅਨੁਸਾਰ ਸਾਡੇ ਅਤੀਤ ਵਿੱਚ ਵਾਪਰੀਆਂ ਘਟਨਾਵਾਂ ਸੰਬੰਧੀ ਜਾਣਕਾਰੀ ਸ਼ਾਮਿਲ ਹੈ। ਇਨ੍ਹਾਂ ਤੱਥਾਂ ਅਤੇ ਘਟਨਾਵਾਂ ਦੀ ਸਮੁੱਚੀ ਜਾਣਕਾਰੀ ਉਪਰੰਤ ਵਿਦਿਆਰਥੀ ਨੂੰ ਆਪਣੇ ਅਤੀਤ ਦੀ ਸਥਿਤੀ ਬਾਰੇ ਗਿਆਨ ਹੋ ਜਾਵੇਗਾ ਅਤੇ ਆਪਣੇ ਵਰਤਮਾਨ ਅਤੇ ਭਵਿੱਖ ਨੂੰ ਸੰਵਾਰਨ ਵਿੱਚ ਸਹਾਇਤਾ ਮਿਲੇਗੀ।

**ਭਾਗ-3 (ਸਮਾਜਿਕ ਅਤੇ ਰਾਜਨੀਤਿਕ ਜੀਵਨ)** ਮੁੱਖ ਰੂਪ ਵਿੱਚ ਸਮਾਜਿਕ ਵਿਗਿਆਨ ਦੇ ਉੱਪ ਵਿਸ਼ਾ ਨਾਗਰਿਕ ਸ਼ਾਸਤਰ ਨਾਲ਼ ਸੰਬੰਧਤ ਹੈ। ਇਸ ਵਿੱਚ ਭਾਰਤ ਦੀ ਸਮਾਜਿਕ ਅਤੇ ਰਾਜਨੀਤਿਕ ਸਥਿਤੀ ਸੰਬੰਧੀ ਜਾਣਕਾਰੀ ਸ਼ਾਮਿਲ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਰਕਾਰ ਅਤੇ ਇਸ ਨੂੰ ਚਲਾਉਣ ਵਾਲੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਬਾਰੇ ਜਾਣੂੰ ਕਰਵਾਉਣਾ ਹੈ। ਇਸ ਦਾ ਇੱਕ ਹੋਰ ਉਦੇਸ਼ ਇਹ ਹੈ ਕਿ ਵਿਦਿਆਰਥੀ ਸੰਵਿਧਾਨਿਕ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਆਪਣੇ ਜੀਵਨ ਵਿੱਚ ਇਨ੍ਹਾਂ ਨੂੰ ਅਮਲੀ ਰੂਪ ਵਿੱਚ ਅਪਨਾਉਣ।

ਕੋਆਰਡੀਨੇਟਰ ਸੋਸ਼ਲ ਸਾਇੰਸਿਜ਼

# ਵਿਸ਼ਾ ਸੂਚੀ


| ਲੜੀ ਨੰ. | ਪਾਠ | ਪੰਨਾ ਨੰ: |
|---|---|---|
| | **ਭਾਗ -I : ਸਾਧਨ ਅਤੇ ਇਨ੍ਹਾਂ ਦਾ ਵਿਕਾਸ** | |
| 1. | ਸਾਧਨ— ਕਿਸਮਾਂ ਅਤੇ ਸਾਂਭ-ਸੰਭਾਲ | 1 |
| 2. | ਕੁਦਰਤੀ ਸਾਧਨ | 8 |
| 3. | ਖਣਿਜ ਅਤੇ ਊਰਜਾ ਸਾਧਨ | 25 |
| 4. | ਸਾਡੀ ਖੇਤੀ-ਬਾੜੀ | 45 |
| 5. | ਬੈਂਕ ਅਤੇ ਬੈਂਕਿੰਗ ਗਤੀਵਿਧੀਆਂ | 75 |
| 6. | ਆਫ਼ਤ ਪ੍ਰਬੰਧਨ | 85 |
| | **ਭਾਗ -II : ਸਾਡਾ ਅਤੀਤ-III** | |
| 7. | ਕਿੱਥੇ, ਕਦੋਂ ਅਤੇ ਕਿਵੇਂ | 102 |
| 8. | ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ | 107 |
| 9. | ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਿਲ ਪ੍ਰਸ਼ਾਸਨ ਦਾ ਵਿਕਾਸ | 118 |
| 10. | ਪੇਂਡੂ ਜੀਵਨ ਅਤੇ ਸਮਾਜ | 123 |
| 11. | ਬਸਤੀਵਾਦ ਅਤੇ ਕਬਾਇਲੀ ਸਮਾਜ | 129 |
| 12. | ਦਸਤਕਾਰੀ ਅਤੇ ਉਦਯੋਗ | 135 |
| 13. | 1857 ਈ. ਦਾ ਵਿਦਰੋਹ | 140 |
| 14. | ਸਿੱਖਿਆ ਅਤੇ ਅੰਗਰੇਜ਼ੀ ਰਾਜ | 151 |
| 15. | ਇਸਤਰੀਆਂ ਅਤੇ ਸੁਧਾਰ | 160 |
| 16. | ਜਾਤੀ-ਪ੍ਰਥਾ ਨੂੰ ਚਣੌਤੀ | 168 |
| 17. | ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ | 175 |
| 18. | ਕਲਾਵਾਂ : ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ | 182 |
| 19. | ਰਾਸ਼ਟਰੀ ਅੰਦੋਲਨ : 1885-1919 ਈ. | 189 |
| 20. | ਭਾਰਤੀ ਸੁਤੰਤਰਤਾ ਲਈ ਸੰਘਰਸ਼ : 1919-1947 | 196 |
| 21. | ਸੁਤੰਤਰਤਾ ਤੋਂ ਬਾਅਦ ਦਾ ਭਾਰਤ | 210 |
| | **ਭਾਗ - III : ਸਮਾਜਿਕ ਅਤੇ ਰਾਜਨੀਤਿਕ ਜੀਵਨ** | |
| 22. | ਸੰਵਿਧਾਨ ਅਤੇ ਕਾਨੂੰਨ | 221 |
| 23. | ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਲਈ ਕਾਨੂੰਨ | 228 |
| 24. | ਮੁੱਢਲੇ ਅਧਿਕਾਰ ਅਤੇ ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ | 235 |
| 25. | ਸੰਸਦ— ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ | 240 |
| 26. | ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ | 248 |
| 27. | ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ | 254 |
| 28. | ਬੈਂਕਾਂ ਦੀਆਂ ਗਤੀਵਿਧੀਆਂ ਨਾਲ਼ ਹੋਰ ਜਾਣ-ਪਛਾਣ | 263 |

ਭੂਗੋਲ

ਭਾਗ - 1

# ਸਾਧਨ ਅਤੇ ਇਨ੍ਹਾਂ ਦਾ ਵਿਕਾਸ











# ਪਾਠ 1 ਸਾਧਨ — ਕਿਸਮਾਂ ਅਤੇ ਸਾਂਭ-ਸੰਭਾਲ

ਮਨੁੱਖ ਦੀ ਉੱਤਪਤੀ ਦੇ ਨਾਲ ਹੀ ਉਸਦੀਆਂ ਲੋੜਾਂ ਦਾ ਆਰੰਭ ਹੋਇਆ। ਸ਼ੁਰੂ ਵਿੱਚ ਉਸਦੀਆਂ ਲੋੜਾਂ ਬਹੁਤ ਘੱਟ ਜਾਂ ਸੀਮਤ ਹੀ ਸਨ ਜਿਵੇਂ ਕਿ ਖਾਣ-ਪੀਣ, ਆਰਾਮ ਆਦਿ, ਪਰੰਤੂ ਮਨੁੱਖ ਦੇ ਵਿਕਾਸ ਦੇ ਨਾਲ਼-ਨਾਲ਼ ਹੀ ਉਸਦੀਆਂ ਲੋੜਾਂ ਦਾ ਵੀ ਵਿਕਾਸ ਹੋਇਆ। ਜਿਉਂ-ਜਿਉਂ ਮਨੁੱਖ ਦੀਆਂ ਲੋੜਾਂ ਵਧੀਆਂ ਤਿਉਂ-ਤਿਉਂ ਉਸਨੇ ਉਨ੍ਹਾਂ ਲੋੜਾਂ ਦੀ ਪੂਰਤੀ ਲਈ ਆਪਣੇ ਆਲੇ-ਦੁਆਲੇ ਵੱਲ ਝਾਕਣਾ ਸ਼ੁਰੂ ਕੀਤਾ। ਉਸਨੇ ਕੁਦਰਤੀ ਵਸਤਾਂ ਜਿਵੇਂ ਕਿ ਮਿੱਟੀ, ਦਰੱਖਤ, ਪਾਣੀ, ਪੱਥਰ ਆਦਿ ਨੂੰ ਵਰਤੋਂ ਵਿੱਚ ਲਿਆਉਣਾ ਸ਼ੁਰੂ ਕੀਤਾ। ਮਨੁੱਖ ਦੀਆਂ ਲੋੜਾਂ ਵਧਦੀਆਂ ਹੋਈਆਂ ਅੱਜ ਦੇ ਸਮੇਂ ਵਿੱਚ ਇੰਨੀਆਂ ਅਸੀਮਤ ਹੋ ਗਈਆਂ ਹਨ ਕਿ ਉਸਨੂੰ ਬਹੁਤ ਸਾਰੇ ਵਸੀਲਿਆਂ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ। ਮਨੁੱਖ ਆਪਣੇ ਆਲੇ-ਦੁਆਲੇ ਦੀਆਂ ਪ੍ਰਸਥਿਤੀਆਂ ਤੋਂ ਆਪਣੀਆਂ ਲੋੜਾਂ ਪੂਰੀਆਂ ਕਰਨ ਦਾ ਯਤਨ ਕਰਦਾ ਹੈ। ਇਹਨਾਂ ਪ੍ਰਸਥਿਤੀਆਂ ਨੂੰ ਅਸੀਂ ਸਾਧਨਾਂ ਜਾਂ ਸੋਮਿਆਂ (Resources) ਦਾ ਨਾਂ ਦਿੰਦੇ ਹਾਂ। ਇਸ ਲਈ ਅਜਿਹੇ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਅਰਥਵਾਨ ਪਦਾਰਥ ਜਿਹੜੇ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ, **ਸਾਧਨ (Resources)** ਅਖਵਾਉਂਦੇ ਹਨ। ਇਹ ਸਾਧਨ ਮਨੁੱਖ ਦੇ ਕਿਸੇ ਨਿਸਚਤ ਉਦੇਸ਼ ਦੀ ਪੂਰਤੀ ਕਰਦੇ ਹਨ। **ਦੂਜੇ ਸ਼ਬਦਾਂ ਵਿੱਚ ਸਾਧਨ ਉਹ ਕੁਦਰਤੀ ਤੋਹਫ਼ੇ ਹਨ ਜੋ ਮਨੁੱਖ ਲਈ ਕਿਸੇ ਨਾ ਕਿਸੇ ਰੂਪ ਵਿੱਚ ਮਹੱਤਵ ਰੱਖਦੇ ਹਨ।**

ਸਾਧਨ, ਕੁਦਰਤੀ ਅਤੇ ਗ਼ੈਰ-ਕੁਦਰਤੀ ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ। ਕੁਦਰਤੀ ਸਾਧਨ, ਕੁਦਰਤ ਦੁਆਰਾ ਮਨੁੱਖ ਨੂੰ ਪ੍ਰਦਾਨ ਕੀਤੇ ਗਏ ਹਨ ਜਿਵੇਂ ਕਿ ਜੰਗਲ, ਦਰਿਆ, ਖਣਿਜ ਪਦਾਰਥ, ਸੂਰਜੀ ਸ਼ਕਤੀ, ਸਮੁੰਦਰ ਆਦਿ। ਗ਼ੈਰ-ਕੁਦਰਤੀ ਜਾਂ ਆਦਮੀ ਦੁਆਰਾ ਪੈਦਾ ਕੀਤੇ ਗਏ ਸਾਧਨ, ਮਸ਼ੀਨਰੀ, ਆਵਾਜਾਈ ਢਾਂਚਾ, ਬਣਾਵਟੀ ਖਾਦਾਂ, ਮਨੁੱਖੀ ਸਾਧਨ ਆਦਿ ਪ੍ਰਮੁੱਖ ਹਨ। ਇਹ ਸਾਧਨ ਭੌਤਿਕ ਜਾਂ ਅਭੌਤਿਕ ਵੀ ਹੋ ਸਕਦੇ ਹਨ। ਮਨੁੱਖੀ ਬੁੱਧੀ, ਗਿਆਨ ਅਤੇ ਕੰਮ ਕਰਨ ਦੀ ਕੁਸ਼ਲਤਾ ਨੂੰ ਮਨੁੱਖੀ ਸਾਧਨ (Human Resource) ਕਿਹਾ ਜਾਂਦਾ ਹੈ।

ਸਾਧਨ ਇੱਕ ਬਦਲਦੀ ਹੋਈ ਧਾਰਨਾ ਹੈ, ਜਿਹੜੀ ਕਿ ਗਿਆਨ ਅਤੇ ਤਕਨੀਕੀ ਵਿਕਾਸ ਦੇ ਅਨੁਸਾਰ ਵਧਦੀ (Expand) ਜਾਂ ਸੁੰਗੜਦੀ (Contract) ਹੈ। ਜਿਵੇਂ ਕੋਲਾ ਜਾਂ ਤੇਲ ਪੁਰਾਣੇ ਮਨੁੱਖ (Primitive Man) ਲਈ ਅਤੇ ਜਹਾਜ਼ਾਂ ਦੀ ਖੋਜ ਤੋਂ ਪਹਿਲਾਂ ਐਲੂਮੀਨੀਅਮ ਆਧੁਨਿਕ ਆਦਮੀ ਲਈ ਕੋਈ ਜ਼ਿਆਦਾ ਮਤਲਬ ਦੀ ਚੀਜ਼ ਨਹੀਂ ਸੀ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਧਨਾਂ ਦੀ ਸਹੀ ਵਰਤੋਂ (Efficient Utilisation) ਹੀ ਇਹਨਾਂ ਦਾ ਸਹੀ ਵਿਕਾਸ ਹੈ। ਸਾਰੇ ਸਾਧਨਾਂ ਦਾ ਵਿਕਾਸ ਮਨੁੱਖੀ ਸਾਧਨ ਦੇ ਵਿਕਾਸ ਤੇ ਹੀ ਨਿਰਭਰ ਕਰਦਾ ਹੈ।

## ਸਾਧਨ-ਕਿਸਮਾਂ (Resources–Types)

ਕੁਦਰਤੀ ਜਾਂ ਗ਼ੈਰ-ਕੁਦਰਤੀ ਸਾਧਨਾਂ ਦੀਆਂ ਕਈ ਕਿਸਮਾਂ ਹਨ। ਇਹਨਾਂ ਸਾਧਨਾਂ ਨੂੰ ਜੀਵਨ, ਹੋਂਦ, ਨਿਰੰਤਰ ਉਪੱਲਬਧੀ, ਵਿਕਾਸ ਪੱਧਰ ਅਤੇ ਵਰਤੋਂ ਦੇ ਆਧਾਰ ਤੇ ਅੱਗੇ ਲਿਖੀਆਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ —

1. ਜੀਵ ਅਤੇ ਨਿਰਜੀਵ ਸਾਧਨ (Biotic and Abiotic Resources)

2. ਵਿਕਸਤ ਅਤੇ ਸੰਭਾਵਤ ਸਾਧਨ (Developed and Potential Resources)

3. ਮੁਕਣਯੋਗ ਅਤੇ ਨਾ-ਮੁਕਣਯੋਗ ਸਾਧਨ (Exhaustible and Inexhaustible Resources)

4. ਮਿੱਟੀ ਅਤੇ ਭੂਮੀ ਸਾਧਨ (Soil and Land Resources)

5. ਸਮੁੰਦਰੀ ਅਤੇ ਖਣਿਜ ਸਾਧਨ (Marine and Mineral Resources)

6. ਮਨੁੱਖੀ ਸਾਧਨ (Human Resources)

## 1. ਜੀਵ ਅਤੇ ਨਿਰਜੀਵ ਸਾਧਨ (Biotic and Abiotic Resources)

ਜੀਵ ਸਾਧਨ, ਉਹ ਮੁਢਲੇ ਸਾਧਨ ਹਨ ਜਿਹੜੇ ਕਿ ਜਾਨਦਾਰ ਵਸਤਾਂ ਤੋਂ ਉਤਪੰਨ ਹੁੰਦੇ ਹਨ। ਸੰਸਾਰ ਦੇ ਲਗਭਗ 85% ਭੋਜਨ ਪਦਾਰਥ ਇਹਨਾਂ ਵਸਤਾਂ ਤੇ ਹੀ ਨਿਰਭਰ ਹਨ। ਜੀਵ-ਜੰਤੂ ਅਤੇ ਪੌਦੇ ਜੀਵ ਸਾਧਨ ਅਖਵਾਉਂਦੇ ਹਨ। ਇਹ ਸਾਧਨ ਸਾਡੇ ਉਦਯੋਗਾਂ ਵਾਸਤੇ ਕੱਚਾ ਮਾਲ ਪ੍ਰਦਾਨ ਕਰਦੇ ਹਨ। ਕੋਲਾ ਅਤੇ ਤੇਲ ਪਦਾਰਥ ਵੀ ਜੀਵ ਸਾਧਨਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਕਿਉਂਕਿ ਇਹ ਪੌਦਿਆਂ ਅਤੇ ਜੀਵਾਂ ਤੋਂ ਪੈਦਾ ਹੋਏ ਹਨ।

ਕੁਦਰਤ ਤੋਂ ਮਿਲਣ ਵਾਲੀਆਂ ਨਿਰਜੀਵ (Non-Living) ਵਸਤੂਆਂ ਜਿਵੇਂ ਕਿ ਖਣਿਜ ਪਦਾਰਥ, ਸੂਰਜ, ਪਾਣੀ ਆਦਿ ਨਿਰਜੀਵ ਸਾਧਨ (Abiotic Resources) ਅਖਵਾਉਂਦੇ ਹਨ। ਖਣਿਜ ਪਦਾਰਥ (Minerals) ਸਾਡੇ ਉਦਯੋਗਾਂ ਦਾ ਆਧਾਰ ਹਨ। ਜੇ ਇਹਨਾਂ ਸਾਧਨਾਂ ਦੀ ਵਰਤੋਂ ਧਿਆਨ ਪੂਰਵਕ ਨਾ ਕੀਤੀ ਜਾਵੇ ਤਾਂ ਇਹ ਜਲਦੀ ਹੀ ਖ਼ਤਮ ਹੋ ਸਕਦੇ ਹਨ।

## 2. ਵਿਕਸਤ ਅਤੇ ਸੰਭਾਵਤ ਸਾਧਨ (Developed and Potential Resources)

ਕੋਈ ਦੇਸ਼ ਕਿੰਨਾ ਕੁ ਅਮੀਰ ਹੈ, ਆਮ ਤੌਰ ਤੇ ਉਸ ਦੇਸ਼ ਵਿੱਚ ਸਾਧਨਾਂ ਦੀ ਮੌਜੂਦਗੀ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ। ਇਹ ਸਾਧਨ ਧਰਤੀ ਦੇ ਹੇਠਾਂ ਜਾਂ ਉੱਪਰ, ਮੌਜੂਦ ਹੋ ਸਕਦੇ ਹਨ। ਜਿਵੇਂ ਸੋਨਾ, ਚਾਂਦੀ, ਕੋਲਾ ਅਤੇ ਪੈਟਰੋਲੀਅਮ ਧਰਤੀ ਦੇ ਅੰਦਰ ਪਏ ਹੁੰਦੇ ਹਨ ਜਦਕਿ ਜੰਗਲ, ਪਾਣੀ ਅਤੇ ਸੂਰਜੀ ਸ਼ਕਤੀ ਧਰਤੀ ਦੇ ਉੱਪਰ ਮੌਜੂਦ ਹਨ। ਜਿਹੜੇ ਸਾਧਨ ਕਿਸੇ ਲਾਭਦਾਇਕ ਆਰਥਿਕ ਮਕਸਦ ਵਾਸਤੇ ਵਰਤੇ ਜਾਂਦੇ ਹਨ, ਉਹਨਾਂ ਨੂੰ ਵਿਕਸਤ (Developed) ਸਾਧਨ ਕਿਹਾ ਜਾਂਦਾ ਹੈ।

ਜਿਹੜੇ ਸਾਧਨ ਮੌਜੂਦ ਤਾਂ ਹਨ ਪਰ ਉਹਨਾਂ ਦੀ ਕੋਈ ਵਰਤੋਂ ਨਹੀਂ ਹੁੰਦੀ, ਉਹਨਾਂ ਨੂੰ ਸੰਭਾਵਤ (Potential) ਸਾਧਨ ਕਹਿੰਦੇ ਹਨ। ਪਹਾੜਾਂ ਤੋਂ ਉਤਰਦੀਆਂ ਨਦੀਆਂ, ਬਿਜਲੀ ਪੈਦਾ ਕਰਨ ਵਾਸਤੇ ਇੱਕ ਸੰਭਾਵਤ ਸਾਧਨ ਹਨ। ਜਦੋਂ ਨਦੀਆਂ ਦੇ ਇਸ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾਂਦੀ ਹੈ ਤਾਂ ਇਹ ਪਾਣੀ ਵਿਕਸਤ (Developed) ਸਾਧਨ ਅਖਵਾਉਂਦਾ ਹੈ। ਧਰਤੀ ਦੇ ਹੇਠਾਂ ਦੱਬਿਆ ਹੋਇਆ ਕੋਲਾ ਇੱਕ ਸੰਭਾਵਤ ਸਾਧਨ ਹੈ, ਜਦੋਂ ਕਿ ਵਰਤਿਆ ਜਾ ਰਿਹਾ ਕੋਲਾ ਇਕ ਵਿਕਸਤ ਸਾਧਨ ਕਹਾਉਂਦਾ ਹੈ।

## 3. ਮੁਕਣਯੋਗ ਅਤੇ ਨਾ-ਮੁਕਣਯੋਗ ਸਾਧਨ (Exhaustible and Inexhaustible Resources)

**ਮੁਕਣਯੋਗ ਸਾਧਨ** (Exhaustible Resources) ਉਹ ਸਾਧਨ ਹਨ ਜਿਹਨਾਂ ਦੀ ਲਗਾਤਾਰ ਅਤੇ ਜ਼ਿਆਦਾ ਵਰਤੋਂ ਉਹਨਾਂ ਨੂੰ ਜਲਦੀ ਖ਼ਤਮ ਕਰ ਰਹੀ ਹੈ ਜਿਵੇਂ ਕਿ ਧਰਤੀ ਹੇਠਲੇ ਪੈਟਰੋਲੀਅਮ ਪਦਾਰਥਾਂ ਨੂੰ ਬਹੁਤ ਤੇਜ਼ੀ

ਨਾਲ ਵਰਤਿਆ ਜਾ ਰਿਹਾ ਹੈ। ਇੱਕ ਸਮਾਂ ਅਜਿਹਾ ਆਵੇਗਾ ਜਦੋਂ ਸਾਡੇ ਕੋਲ ਇਹਨਾਂ ਪਦਾਰਥਾਂ ਦੀ ਕਮੀ ਜਾਂ ਅਣਹੋਂਦ ਹੋ ਜਾਵੇਗੀ। ਇਸ ਲਈ ਇਹਨਾਂ ਮੁਕਣਯੋਗ (Exhaustible) ਸਾਧਨਾਂ ਦੀ ਵਰਤੋਂ ਸਾਨੂੰ ਬਹੁਤ ਹੀ ਸਮਝਦਾਰੀ ਅਤੇ ਸੰਕੋਚ ਨਾਲ ਕਰਨੀ ਚਾਹੀਦੀ ਹੈ।

**ਨਾ-ਮੁਕਣਯੋਗ ਸਾਧਨ** (Inexhaustible Resources) ਉਹ ਸਾਧਨ ਹਨ, ਜਿਹਨਾਂ ਦੀ ਵਰਤੋਂ ਦੇ ਨਾਲ-ਨਾਲ ਉਹ ਨਵਿਆਏ (Renew) ਜਾ ਰਹੇ ਹਨ। ਜਿਵੇਂ ਅਸੀਂ ਸੂਰਜ ਦੀ ਰੋਸ਼ਨੀ, ਹਵਾ, ਪਾਣੀ ਜਾਂ ਜੰਗਲਾਂ ਨੂੰ ਵਰਤ ਰਹੇ ਹਾਂ ਪਰੰਤੂ ਇਹ ਖਤਮ ਨਹੀਂ ਹੁੰਦੇ। ਇਹ ਹੋਰ ਪੈਦਾ ਹੋ ਰਹੇ ਹਨ ਜਾਂ ਪੈਦਾ ਕੀਤੇ ਜਾ ਰਹੇ ਹਨ। ਇਹ ਸਾਧਨ ਲਗਾਤਾਰ ਜਾਂ ਨਿਰੰਤਰ ਉਪੱਲਬਧ ਹੋ ਰਹੇ ਹਨ।

## 4. ਮਿੱਟੀ ਅਤੇ ਭੂਮੀ ਸਾਧਨ (Soil and Land Resources)

ਮਿੱਟੀ ਧਰਤੀ ਦੀ ਸਭ ਤੋਂ ਉਪਰਲੀ (Uppermost) ਛੋਟੀ ਜਿਹੀ ਪਰਤ ਹੈ ਜਿਹੜੀ ਮੂਲ ਚਟਾਨ ਦੇ ਟੁੱਟਣ-ਭੱਜਣ, ਜਲਵਾਯੂ, ਜੀਵਾਂ ਅਤੇ ਰੁੱਖਾਂ-ਬੂਟਿਆਂ ਦੇ ਗਲਣ-ਸੜਨ ਆਦਿ ਤੱਤਾਂ ਦੇ ਅਸਰ ਕਾਰਨ ਬਣਦੀ ਹੈ। ਮਿੱਟੀ ਮਨੁੱਖ ਵਾਸਤੇ ਇੱਕ ਬਹੁਤ ਹੀ ਮਹੱਤਵਪੂਰਨ ਸਾਧਨ ਮੰਨਿਆ ਜਾਂਦਾ ਹੈ। ਇਹ ਪੌਦਿਆਂ ਅਤੇ ਫਸਲਾਂ ਦੇ ਉੱਗਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਪੌਦੇ ਅਤੇ ਫਸਲਾਂ ਮਨੁੱਖ ਦੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਬਨਸਪਤੀ ਤੋਂ ਬਿਨਾਂ ਮਨੁੱਖ ਦਾ ਜੀਵਨ ਲਗਭਗ ਅਸੰਭਵ ਹੈ। ਮਿੱਟੀ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਰੇਤਲੀ ਮਿੱਟੀ, ਚੀਕਣੀ ਮਿੱਟੀ, ਦੋਮਟ ਮਿੱਟੀ, ਜਲੌਢ ਮਿੱਟੀ, ਪਰਬਤੀ ਮਿੱਟੀ, ਲਾਲ ਮਿੱਟੀ, ਕਾਲੀ ਮਿੱਟੀ ਆਦਿ। ਫਸਲਾਂ ਉਗਾਉਣ ਵਾਸਤੇ, ਮਨੁੱਖ, ਉਪਜਾਊ ਮਿੱਟੀ ਨੂੰ ਤਰਜੀਹ ਦਿੰਦਾ ਹੈ। ਉਪਜਾਊ ਮਿੱਟੀ (Fertile Soils) ਵਾਲੇ ਇਲਾਕੇ, ਸੰਘਣੀ ਵੱਸੋਂ ਵਾਲੇ ਅਤੇ ਆਰਥਿਕ ਗਤੀਵਿਧੀਆਂ (Economic Activities) ਨਾਲ ਭਰਪੂਰ ਹੁੰਦੇ ਹਨ।

ਭੂਮੀ (Land) ਦਾ ਅਰਥ ਹੈ ਜ਼ਮੀਨ ਜਿਸ ਤੇ ਮਨੁੱਖ ਆਪਣੀਆਂ ਆਰਥਿਕ ਜਾਂ ਕੋਈ ਹੋਰ ਗਤੀਵਿਧੀਆਂ ਕਰਦਾ ਹੈ। ਮਨੁੱਖ ਬਹੁਤ ਲੰਬੇ ਸਮੇਂ ਤੋਂ ਭੂਮੀ ਸਾਧਨ (Land Resource) ਦੀ ਵਰਤੋਂ ਕਰਦਾ ਆ ਰਿਹਾ ਹੈ। ਭੂਮੀ ਸਾਧਨ ਦੀ ਵਰਤੋਂ ਮਨੁੱਖ ਦੁਆਰਾ ਖੇਤੀਬਾੜੀ ਕਰਨ, ਉਦਯੋਗ ਲਗਾਉਣ, ਆਵਾਜਾਈ ਦੇ ਸਾਧਨ ਵਿਕਸਤ ਕਰਨ, ਖੇਡਾਂ ਖੇਡਣ, ਸੈਰ-ਸਪਾਟੇ ਆਦਿ ਕੰਮਾਂ ਲਈ ਕੀਤੀ ਜਾਂਦੀ ਹੈ। ਭੂਮੀ ਦੀ ਵਰਤੋਂ ਉਸ ਦੇ ਧਰਾਤਲ, ਢਲਾਣ (ਨੁਹਾਰ), ਮਿੱਟੀ ਦੀ ਕਿਸਮ, ਪਾਣੀ ਦਾ ਨਿਕਾਸ ਜਾਂ ਮਨੁੱਖ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ।

## 5. ਸਮੁੰਦਰੀ ਅਤੇ ਖਣਿਜ ਸਾਧਨ (Marine and Mineral Resources)

ਪਾਣੀ ਮਨੁੱਖ ਵਾਸਤੇ ਮੁੱਢਲਾ ਅਤੇ ਬਹੁਤ ਮਹੱਤਵਪੂਰਨ ਸਾਧਨ ਹੈ। ਧਰਤੀ ਦਾ ਲਗਭਗ 71% ਹਿੱਸਾ ਪਾਣੀ ਹੈ। ਪਾਣੀ ਦੇ ਵੱਡੇ-ਵੱਡੇ ਭੰਡਾਰਾਂ ਨੂੰ ਸਾਗਰਾਂ (Oceans) ਅਤੇ ਸਮੁੰਦਰਾਂ (Seas) ਦਾ ਨਾਂ ਦਿੱਤਾ ਜਾਂਦਾ ਹੈ। ਇਹ ਸਮੁੰਦਰ ਬਹੁਤ ਵੱਡੀ ਮਾਤਰਾ ਵਿੱਚ ਜੈਵਿਕ (Biotic), ਖਣਿਜ (Minerals) ਅਤੇ ਸ਼ਕਤੀ ਸਾਧਨ (Energy Resources) ਪ੍ਰਦਾਨ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਧਰਤੀ ਤੇ ਸਭ ਤੋਂ ਪਹਿਲਾਂ ਜੀਵਨ ਸਮੁੰਦਰਾਂ ਤੋਂ ਹੀ ਸ਼ੁਰੂ ਹੋਇਆ। ਧਰਤੀ ਦੇ 75% ਜੀਵ, ਸਮੁੰਦਰਾਂ ਤੋਂ ਉੱਤਪੰਨ ਹੋਏ। ਸਮੁੰਦਰ ਸਾਨੂੰ ਬਹੁਤ ਵੱਡੀ ਮਾਤਰਾ ਵਿੱਚ ਮੱਛੀਆਂ, ਮੋਤੀ, ਘੋਗੇ, ਸਿੱਪੀਆਂ, ਹੀਰੇ-ਜਵਾਹਰਾਤ ਆਦਿ ਦਿੰਦੇ ਹਨ। ਕਈ ਥਾਵਾਂ ਤੇ ਸਮੁੰਦਰੀ ਤੱਟਾਂ (Sea Coasts) ਤੋਂ ਪੈਟਰੋਲੀਅਮ ਪਦਾਰਥ ਵੀ ਮਿਲਦੇ ਹਨ। ਮੱਛੀਆਂ, ਸੰਸਾਰ ਦੀ ਬਹੁਤ ਵੱਡੀ ਜਨਸੰਖਿਆ ਨੂੰ ਖੁਰਾਕ ਦਿੰਦੀਆਂ ਹਨ।

ਖਣਿਜ ਸਾਧਨ (Mineral Resources) ਧਰਤੀ ਵਿੱਚੋਂ ਮਿਲਣ ਵਾਲੇ ਪਦਾਰਥ ਹਨ। ਇਹ ਬੁਨਿਆਦੀ

ਤੌਰ ਤੇ ਦੋ ਤਰ੍ਹਾਂ ਦੇ ਹਨ – ਧਾਤੂ (Metallic) ਖਣਿਜ ਪਦਾਰਥ ਅਤੇ ਅਧਾਤੂ (Non-Metallic) ਖਣਿਜ ਪਦਾਰਥ। ਧਾਤੂ ਖਣਿਜ ਪਦਾਰਥਾਂ ਵਿੱਚ ਲੋਹਾ, ਤਾਂਬਾ, ਚਾਂਦੀ, ਸੋਨਾ, ਐਲੂਮੀਨੀਅਮ ਆਦਿ ਖਣਿਜ ਸ਼ਾਮਲ ਕੀਤੇ ਜਾਂਦੇ ਹਨ। ਅਧਾਤੂ ਖਣਿਜ ਪਦਾਰਥਾਂ ਵਿੱਚ ਪੈਟਰੋਲੀਅਮ, ਕੋਲਾ, ਅਬਰਕ (ਮਾਈਕਾ), ਮੈਂਗਨੀਜ਼ ਆਦਿ ਪ੍ਰਮੁੱਖ ਹਨ। ਖਣਿਜ ਸਾਧਨ ਅਲੱਗ-ਅਲੱਗ ਪ੍ਰਕਾਰ ਦੀਆਂ ਚਟਾਨਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ। ਚਟਾਨਾਂ ਤੋਂ ਪ੍ਰਾਪਤ ਖਣਿਜ ਪਦਾਰਥ ਸਿੱਧੇ ਤੌਰ ਤੇ ਵਰਤੋਂ ਵਿੱਚ ਨਹੀਂ ਲਿਆਂਦੇ ਜਾਂਦੇ ਸਗੋਂ ਇਹਨਾਂ ਨੂੰ ਉਦਯੋਗਾਂ ਵਿੱਚ ਸਾਫ਼ ਕਰਕੇ ਵਰਤਿਆ ਜਾਂਦਾ ਹੈ। ਖਣਿਜ ਸਾਡੇ ਉਦਯੋਗਾਂ ਦਾ ਆਧਾਰ ਮੰਨੇ ਜਾਂਦੇ ਹਨ, ਇਸ ਲਈ ਇਹਨਾਂ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਹੈ।

### 6. ਮਨੁੱਖੀ ਸਾਧਨ (Human Resources)

ਕੁਦਰਤ ਦੁਆਰਾ ਪੈਦਾ ਕੀਤੇ ਗਏ ਸਾਰੇ ਜੀਵਾਂ ਵਿੱਚੋਂ ਮਨੁੱਖ ਨੂੰ ਸਰਵੋਤਮ ਪ੍ਰਾਣੀ ਦਾ ਖਿਤਾਬ ਮਿਲਿਆ ਹੈ। ਆਪਣੀ ਬੁੱਧੀ ਅਤੇ ਕੰਮ ਕਰਨ ਦੀ ਸ਼ਕਤੀ ਨਾਲ, ਮਨੁੱਖ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਸਾਧਨ (Resource) ਹੈ। ਹੋਰ ਸਾਰੇ ਸਾਧਨਾਂ ਦੀ ਵਰਤੋਂ ਵਿੱਚ ਮਨੁੱਖ ਦੀ ਯੋਗਤਾ ਦਾ ਵਡਮੁੱਲਾ ਯੋਗਦਾਨ ਹੈ। ਕਿਸੇ ਵੀ ਇਲਾਕੇ ਦੇ ਵਿਕਾਸ ਵਿੱਚੋਂ, ਮਨੁੱਖੀ ਸਾਧਨਾਂ (Human Resources) ਦੇ ਵਿਕਾਸ ਦੀ ਝਲਕ ਮਹਿਸੂਸ ਕੀਤੀ ਜਾ ਸਕਦੀ ਹੈ। ਜਾਪਾਨ ਦੇਸ਼ ਇੱਕ ਬਹੁਤ ਵੱਡੀ ਉਦਾਹਰਨ ਹੈ ਜਿਥੇ ਬਾਕੀ ਸਾਧਨਾਂ ਦੀ ਘਾਟ ਜਾਂ ਅਣਹੋਂਦ ਹੁੰਦਿਆਂ ਹੋਇਆਂ ਵੀ ਦੇਸ਼ ਨੇ ਬਹੁਤ ਤਰੱਕੀ ਕੀਤੀ ਹੈ। ਬਾਕੀ ਸਾਰੇ ਸਾਧਨਾਂ ਦਾ ਵਿਕਾਸ ਅਧੂਰਾ ਹੀ ਰਹੇਗਾ ਜਦ ਤੱਕ ਮਨੁੱਖੀ ਸਾਧਨ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦਾ। ਸਾਧਨਾਂ ਦੇ ਵਿਕਾਸ ਲਈ ਮਨੁੱਖ ਦੇ ਗੁਣ, ਸਮਰੱਥਾ, ਵਿੱਦਿਅਕ ਅਤੇ ਤਕਨੀਕੀ ਯੋਗਤਾ ਆਦਿ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਸੰਸਾਰ ਦੇ ਸਾਰੇ ਦੇਸ਼ ਹੀ ਆਪਣੇ ਮਨੁੱਖੀ ਸਾਧਨਾਂ ਦੇ ਸਹੀ ਵਿਕਾਸ ਵਿੱਚ ਜੁਟੇ ਹੋਏ ਹਨ ਤਾਂ ਕਿ ਉਹ ਹੋਰ ਸਾਧਨਾਂ ਦਾ ਉਚਿਤ ਵਿਕਾਸ ਕਰ ਸਕਣ।

## ਸਾਧਨਾਂ ਦੀ ਸਾਂਭ-ਸੰਭਾਲ (Conservation Of Resources)

ਸਾਧਨ ਮਨੁੱਖ ਨੂੰ ਕੁਦਰਤ ਦੀ ਬਹੁਤ ਵੱਡੀ ਦੇਣ ਹਨ। ਮਨੁੱਖ ਇਹਨਾਂ ਸਾਧਨਾਂ ਨੂੰ ਆਪਣੇ ਵਿਕਾਸ ਵਾਸਤੇ ਵਰਤਦਾ ਹੈ। ਵਿਕਾਸ ਦੇ ਰਾਹ ਅਤੇ ਹੋਰ ਦੇਸ਼ਾਂ ਨਾਲ ਮੁਕਾਬਲੇ ਤੇ ਤੁਰਿਆ ਹੋਇਆ ਮਨੁੱਖ ਲਗਾਤਾਰ, ਬਿਨ੍ਹਾਂ ਸੋਚ ਸਮਝ ਤੋਂ ਸਾਧਨਾਂ ਨੂੰ ਖਤਮ ਕਰ ਰਿਹਾ ਹੈ। ਉਹ ਇਹ ਨਹੀਂ ਜਾਣਦਾ ਕਿ ਬਹੁਤ ਸਾਰੇ ਸਾਧਨ ਅਜਿਹੇ ਹਨ ਜਿਹਨਾਂ ਦਾ ਭੰਡਾਰ ਨਿਸ਼ਚਿਤ ਹੈ, ਜਿਹੜਾ ਇੱਕ ਵਾਰ ਖਤਮ ਹੋਣ ਤੇ ਸ਼ਾਇਦ ਦੁਬਾਰਾ ਪ੍ਰਾਪਤ ਨਹੀਂ ਹੋਵੇਗਾ। ਜਿਸ ਤਰ੍ਹਾਂ ਨਾ-ਨਵਿਆਉਣ ਯੋਗ ਸਾਧਨ (Non-Renewable Resources) ਕੋਲਾ ਅਤੇ ਪੈਟਰੋਲੀਅਮ ਪਦਾਰਥ ਇਕ ਵਾਰ ਖ਼ਤਮ ਹੋ ਜਾਣ ਤੇ ਦੁਬਾਰਾ ਪ੍ਰਾਪਤ ਨਹੀਂ ਹੋਣਗੇ। ਇਸ ਕਰਕੇ ਅਜਿਹੇ ਸਾਧਨਾਂ ਨੂੰ ਸਾਂਭਣ ਦੀ ਲੋੜ ਹੈ।

ਸਾਧਨਾਂ ਅਤੇ ਇਹਨਾਂ ਦੀ ਸਾਂਭ-ਸੰਭਾਲ (Conservation of Resources) ਦਾ ਆਪਸ ਵਿੱਚ ਬਹੁਤ ਨੇੜੇ ਦਾ ਸਬੰਧ ਹੈ। ਸਾਧਨਾਂ ਦੀ ਸਾਂਭ-ਸੰਭਾਲ ਤੋਂ ਭਾਵ ਇਹਨਾਂ ਦੀ ਪੂਰੀ ਵਰਤੋਂ ਤੋਂ ਹੈ, ਜਿਸ ਵਿੱਚ ਇਹਨਾਂ ਦਾ ਦੁਰਉਪਯੋਗ ਜਾਂ ਜ਼ਰੂਰਤ ਤੋਂ ਬਿਨ੍ਹਾਂ ਤਬਾਹੀ ਨਾ ਹੋਵੇ। ਦੂਜੇ ਸ਼ਬਦਾਂ ਵਿੱਚ ਇਹਨਾਂ ਦਾ ਉਪਯੋਗ, ਸਹੀ ਵਿਕਾਸ ਅਤੇ ਲੰਬੇ ਸਮੇਂ ਵਾਸਤੇ ਹੋ ਸਕੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ (Generations) ਵੀ ਇਹਨਾਂ ਦਾ ਆਨੰਦ ਮਾਣ ਸਕਣ। ਉਚਿਤ ਅਤੇ ਲੋੜ ਅਨੁਸਾਰ ਇਹਨਾਂ ਦੀ ਵਰਤੋਂ ਹੀ ਇਹਨਾਂ ਸਾਧਨਾਂ ਦੀ ਸਹੀ ਸਾਂਭ-ਸੰਭਾਲ ਹੋਵੇਗੀ।

ਸਾਂਭ-ਸੰਭਾਲ ਤਾਂ ਹਰ ਕਿਸਮ ਦੇ ਸਾਧਨਾਂ ਲਈ ਜ਼ਰੂਰੀ ਹੈ ਪਰੰਤੂ ਜਿਹੜੇ ਸਾਧਨ ਜਿਵੇਂ ਕਿ ਖਣਿਜ ਪਦਾਰਥ, ਦੁਬਾਰਾ ਮਿਲਣਯੋਗ ਨਹੀਂ ਹਨ ਉਹਨਾਂ ਵਾਸਤੇ ਇਹ ਅਤਿ ਜ਼ਰੂਰੀ ਲੋੜੀਂਦੀ ਹੈ। ਇੱਕ ਅਨੁਮਾਨ ਦੇ ਅਨੁਸਾਰ ਜੇਕਰ ਪਥਰਾਟ ਬਾਲਣ (Fossil Fuels) ਜਿਵੇਂ ਕਿ ਕੋਲਾ ਅਤੇ ਪੈਟਰੋਲੀਅਮ ਪਦਾਰਥ ਇਸੇ ਹੀ ਗਤੀ ਨਾਲ ਵਰਤੇ ਗਏ ਤਾਂ ਲਗਭਗ 80% ਪਥਰਾਟ ਬਾਲਣ ਇੱਕ ਸਦੀ ਵਿੱਚ ਹੀ ਖਤਮ ਹੋ ਜਾਣਗੇ।

ਸਾਨੂੰ ਹੋਰ ਸਾਧਨ ਜਿਵੇਂ ਕਿ ਮਿੱਟੀ, ਪਾਣੀ, ਜੰਗਲ ਆਦਿ ਸਾਰਿਆਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਧਿਆਨ ਰੱਖਿਆ ਜਾਵੇ ਕਿ ਵਰਤੋਂ ਸਮੇਂ ਇਹਨਾਂ ਨੂੰ ਵਿਅਰਥ ਨਾ ਜਾਣ ਦਿੱਤਾ ਜਾਵੇ। ਦੁਬਾਰਾ ਵਰਤੇ ਜਾ ਸਕਣ ਵਾਲੇ ਸਾਧਨਾਂ ਨੂੰ ਮੁੜ ਵਰਤੋਂ ਵਿੱਚ ਲਿਆਂਦਾ ਜਾਵੇ। ਇਹਨਾਂ ਦੀ ਵਰਤੋਂ ਸੰਬੰਧੀ ਨਿਯਮ ਬਣਾਏ ਜਾਣ। ਸਾਧਨਾਂ ਦੀ ਵਰਤੋਂ ਕਰਨ ਵਾਲਿਆਂ ਦੇ ਗਿਆਨ ਦਾ, ਵਿੱਦਿਆ ਦਾ ਅਤੇ ਤਕਨੀਕੀ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਜਾਵੇ। ਸਾਧਨਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਸਾਧਨਾਂ ਦੀ ਸਾਂਭ-ਸੰਭਾਲ ਬਾਰੇ ਜਾਗ੍ਰਿਤੀ ਪੈਦਾ ਕੀਤੀ ਜਾਵੇ।

## ਕੁਝ ਯਾਦ ਰੱਖਣ ਲਈ

## (POINTS TO REMEMBER)

ਸਾਧਨ – ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ।

– ਵਿਕਾਸ ਲਈ ਲੋੜੀਂਦੇ ਹਨ।

ਪਰਿਭਾਸ਼ਾ– ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਅਰਥਵਾਨ ਪਦਾਰਥ ਜੋ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ।

ਕਿਸਮਾਂ – ਜੀਵ ਅਤੇ ਨਿਰਜੀਵ

– ਵਿਕਸਤ ਅਤੇ ਸੰਭਾਵਤ

– ਮੁਕਣਯੋਗ ਅਤੇ ਨਾ-ਮੁਕਣਯੋਗ

– ਮਿੱਟੀ ਅਤੇ ਭੂਮੀ

– ਸਮੁੰਦਰੀ ਅਤੇ ਖਣਿਜ

– ਮਨੁੱਖੀ ਸਾਧਨ

ਸਾਂਭ-ਸੰਭਾਲ – ਸਾਧਨ ਵਿਕਾਸ ਲਈ ਬਹੁਤ ਜ਼ਰੂਰੀ ਹਨ।

– ਕਈ ਸਾਧਨ ਬਹੁਤ ਜਲਦੀ ਖਤਮ ਹੋਣ ਵਾਲੇ ਹਨ।

– ਇਹਨਾਂ ਦੀ ਵਰਤੋਂ ਸਹੀ ਅਤੇ ਲੰਬੇ ਸਮੇਂ ਲਈ ਹੋਣੀ ਚਾਹੀਦੀ ਹੈ, ਜਿਸ ਵਿੱਚ ਇਹਨਾਂ ਦੀ ਦੁਰਵਰਤੋਂ ਜਾਂ ਤਬਾਹੀ ਨਾ ਹੋਵੇ।

– ਦੁਬਾਰਾ ਵਰਤੇ ਜਾ ਸਕਣ ਵਾਲੇ ਪਦਾਰਥਾਂ ਦੀ ਮੁੜ ਵਰਤੋਂ ਕੀਤੀ ਜਾਵੇ।

– ਵਰਤੋਂ ਸੰਬੰਧੀ ਨਿਯਮ ਬਣਾਏ ਜਾਣ।

– ਲੋਕਾਂ ਦਾ ਗਿਆਨ, ਵਿੱਦਿਆ ਅਤੇ ਤਕਨੀਕੀ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਜਾਵੇ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ / ਇਕ ਵਾਕ 1-15 ਸ਼ਬਦਾ ਵਿਚ ਦਿਓ —**

(1) ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ ?

(2) ਕੁਦਰਤੀ ਸਾਧਨ ਕਿਹੜੇ ਹਨ ਅਤੇ ਇਹ ਸਾਨੂੰ ਕੌਣ ਪ੍ਰਦਾਨ ਕਰਦਾ ਹੈ ?

(3) ਸਾਧਨਾਂ ਦੀਆਂ ਕਿਸਮਾਂ ਦੀ ਸੂਚੀ ਬਣਾਓ।

(4) ਮਿੱਟੀ ਦੀ ਪਰਿਭਾਸ਼ਾ ਲਿਖੋ।

(5) ਸਮੁੰਦਰਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ ?

(6) ਸਾਧਨਾਂ ਦੀ ਸਹੀ ਸਾਂਭ-ਸੰਭਾਲ ਕਿਵੇਂ ਹੋ ਸਕਦੀ ਹੈ ?

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

(1) ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪੱਸ਼ਟ ਕਰੋ।

(2) ਭੂਮੀ ਅਤੇ ਮਿੱਟੀ ਸਾਧਨਾਂ ਦੀ ਮਹੱਤਤਾ ਤੇ ਇੱਕ ਸੰਖੇਪ ਨੋਟ ਲਿਖੋ।

(3) ਖਣਿਜ ਪਦਾਰਥ ਸਾਨੂੰ ਕਿੱਥੋਂ ਪ੍ਰਾਪਤ ਹੁੰਦੇ ਹਨ ਅਤੇ ਇਹਨਾਂ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ ?

(4) ਵਿਕਸਤ ਅਤੇ ਸੰਭਾਵਤ ਸਾਧਨਾਂ ਨੂੰ ਉਦਾਹਰਨ ਸਹਿਤ ਸਮਝਾਓ।

(5) ਮੁਕਣਯੋਗ ਸਾਧਨਾਂ ਦੀ ਵਰਤੋਂ ਸਾਨੂੰ ਸਮਝਦਾਰੀ ਅਤੇ ਸੰਕੋਚ ਨਾਲ ਕਿਉਂ ਕਰਨੀ ਚਾਹੀਦੀ ਹੈ ?


(6) ਮਨੁੱਖੀ ਸਾਧਨਾਂ ਦਾ ਦੂਜੇ ਸਾਧਨਾਂ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ ?

**3. ਹੇਠ ਲਿਖੇ ਪ੍ਰਸ਼ਨ ਦਾ ਉੱਤਰ ਲਗਭਗ 125-130 ਸ਼ਬਦਾਂ ਵਿੱਚ ਦਿਓ —**

ਸਾਧਨਾਂ ਤੋਂ ਤੁਹਾਡਾ ਕੀ ਮਤਲਬ ਹੈ ? ਇਹਨਾਂ ਦੀਆਂ ਕਿਸਮਾਂ ਦੱਸਦੇ ਹੋਏ ਸਾਂਭ-ਸੰਭਾਲ ਦਾ ਮਹੱਤਵ ਅਤੇ ਸਾਂਭ-ਸੰਭਾਲ ਵਾਸਤੇ ਅਪਣਾਏ ਜਾ ਸਕਣ ਵਾਲੇ ਢੰਗਾਂ ਦਾ ਵਰਨਣ ਕਰੋ।

## ਕੁਝ ਕਰਨ ਲਈ

ਪੰਜਾਬ ਰਾਜ ਵਿੱਚ ਬਿਜਲੀ ਪੈਦਾ ਕਰਨ ਲਈ ਬਣਾਏ ਗਏ ਡੈਮਾਂ ਦੀ ਸੂਚੀ ਬਣਾਓ ਅਤੇ ਇਹ ਵੀ ਲਿਖੋ ਕਿ ਉਹ ਕਿਹੜੇ-ਕਿਹੜੇ ਦਰਿਆ ਉਤੇ ਬਣੇ ਹਨ ਅਤੇ ਕਿਹੜੇ-ਕਿਹੜੇ ਜ਼ਿਲੇ ਵਿੱਚ ਸਥਿਤ ਹਨ।


ਪੰਜਾਬ
THE PUNJAB
ਅੰਤਰਰਾਸ਼ਟਰੀ ਸੀਮਾ
ਪ੍ਰਦੇਸ਼ਕ ਸੀਮਾ
ਪ੍ਰਦੇਸ਼ ਦੀ ਰਾਜਧਾਨੀ
ਕਿਲੋਮੀਟਰ
0 20 40 60 80 100



# ਪਾਠ 2 ਕੁਦਰਤੀ ਸਾਧਨ

ਭੂਮੀ, ਪਾਣੀ, ਮਿੱਟੀ, ਬਨਸਪਤੀ ਅਤੇ ਖਣਿਜ ਪਦਾਰਥ ਆਦਿ ਦੇ ਰੂਪ ਵਿੱਚ ਮਿਲੇ ਕੁਦਰਤੀ ਖਜ਼ਾਨਿਆਂ ਨੂੰ 'ਕੁਦਰਤੀ ਸਾਧਨਾਂ' ਦਾ ਨਾਂ ਦਿੱਤਾ ਜਾਂਦਾ ਹੈ। ਇਹ ਸਾਧਨ ਕਿਸੇ ਦੇਸ਼ ਦੀ ਅਰਥ ਵਿਵਸਥਾ ਦੀ 'ਰੀੜ੍ਹ ਦੀ ਹੱਡੀ' ਅਖਵਾਉਂਦੇ ਹਨ। ਇਹ ਸਾਧਨ ਕਿਸੇ ਦੇਸ਼ ਦੀ ਤਾਕਤ ਅਤੇ ਖੁਸ਼ਹਾਲੀ ਦਾ ਆਧਾਰ ਮੰਨੇ ਜਾਂਦੇ ਹਨ। ਇਸ ਪੁਸਤਕ ਵਿੱਚ ਅਸੀਂ ਇਹਨਾਂ ਕੁਦਰਤੀ ਸਾਧਨਾਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਪੜ੍ਹਾਂਗੇ —

I. ਭੂਮੀ ਸਾਧਨ (Land Resource)

II. ਮਿੱਟੀ ਸਾਧਨ (Soil Resource)

III. ਪਾਣੀ ਸਾਧਨ (Water Resource)

IV. ਕੁਦਰਤੀ ਬਨਸਪਤੀ (Natural Vegetation)

V. ਜੰਗਲੀ ਜੀਵ (Wild Life)

VI. ਖਣਿਜ ਅਤੇ ਸ਼ਕਤੀ ਸਾਧਨ (Mineral and Energy Resources)

## I. ਭੂਮੀ ਸਾਧਨ (Land Resource)

ਸਮੇਂ ਦੇ ਆਰੰਭ ਤੋਂ ਹੀ ਮਨੁੱਖ ਆਪਣੀਆਂ ਲੋੜਾਂ ਵਾਸਤੇ ਭੂਮੀ ਨੂੰ ਵਰਤਦਾ ਆ ਰਿਹਾ ਹੈ। ਇਸ ਦੀ ਵਰਤੋਂ ਆਦਮੀ ਦੇ ਜੀਵਨ ਵਿੱਚ ਵਡਮੁੱਲਾ ਸਥਾਨ ਰੱਖਦੀ ਹੈ। ਇਨਸਾਨ ਇਸ ਭੂਮੀ ਤੇ ਹੀ ਰਹਿੰਦਾ ਅਤੇ ਆਪਣੀਆਂ ਹੋਰ ਸਾਰੀਆਂ ਕਿਰਿਆਵਾਂ ਕਰਦਾ ਹੈ। ਆਦਮੀ ਆਪਣੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਲਈ ਭੂਮੀ ਤੇ ਨਿਰਭਰ ਕਰਦਾ ਹੈ। ਇਸ ਭੂਮੀ ਨੂੰ ਮਨੁੱਖ ਆਪਣੀਆਂ ਆਰਥਿਕ ਜਾਂ ਸਭਿਆਚਾਰਕ ਕਿਰਿਆਵਾਂ ਵਾਸਤੇ ਵਰਤੋਂ ਵਿੱਚ ਲਿਆਉਂਦਾ ਹੈ।

ਸਾਡੀ ਧਰਤੀ ਦਾ ਲਗਭਗ 29% ਹਿੱਸਾ ਭੂਮੀ (ਜ਼ਮੀਨ) ਅਤੇ 71% ਹਿੱਸਾ ਪਾਣੀ ਹੈ। ਇਹ 29% ਭੂਮੀ ਜਾਂ ਜ਼ਮੀਨ ਅੱਗੋਂ ਕਈ ਧਰਾਤਲੀ ਵਰਗਾਂ ਜਿਵੇਂ ਕਿ ਪਹਾੜ, ਪਠਾਰ, ਮੈਦਾਨ ਆਦਿ ਵਿੱਚ ਵੰਡੀ ਹੋਈ ਹੈ। ਮਨੁੱਖ ਦੀਆਂ ਆਰਥਿਕ ਕਿਰਿਆਵਾਂ ਧਰਾਤਲੀ ਰੂਪ ਦੇ ਅਨੁਸਾਰ ਬਦਲਦੀਆਂ ਹਨ। ਸੰਸਾਰ ਦੇ ਪਰਬਤੀ ਭਾਗ ਮਨੁੱਖ ਦੇ ਰਹਿਣ ਵਾਸਤੇ ਜ਼ਿਆਦਾ ਢੁਕਵੇਂ ਨਹੀਂ ਹਨ। ਦੂਜੇ ਪਾਸੇ ਮੈਦਾਨਾਂ ਵਿੱਚ ਬਹੁਤ ਸੰਘਣੀ ਵੱਸੋਂ ਮਿਲਦੀ ਹੈ ਕਿਉਂਕਿ ਇਥੇ ਮਨੁੱਖ ਨੂੰ ਲੋੜੀਂਦੀਆਂ ਲਗਭਗ ਸਾਰੀਆਂ ਸਹੂਲਤਾਂ ਮੁਹੱਈਆ ਹੋ ਸਕਦੀਆਂ ਹਨ।


ਭਾਰਤ ਦੇਸ਼ ਦੀ ਗਿਣਤੀ ਵੱਡੇ ਦੇਸ਼ਾਂ ਵਿੱਚ ਹੁੰਦੀ ਹੈ। ਇਸਦਾ ਲੰਬਾ-ਚੌੜਾ ਆਕਾਰ ਹੀ ਇਸਦਾ ਇੱਕ ਮਹੱਤਵਪੂਰਨ ਸਾਧਨ ਹੈ। ਇਸਦਾ ਖੇਤਰਫਲ 32,87,782 ਵਰਗ ਕਿਲੋਮੀਟਰ ਹੈ। ਭਾਰਤ ਦਾ ਲਗਭਗ 30% ਹਿੱਸਾ ਪਹਾੜੀ ਹੈ। ਇਹਨਾਂ ਪਹਾੜਾਂ ਨੂੰ ਸਾਧਨਾਂ ਦਾ ਭੰਡਾਰ ਵੀ ਕਹਿੰਦੇ ਹਨ। ਇਹ ਸੁੰਦਰਤਾ ਦੇ ਪੱਖ ਤੋਂ ਵੀ ਦੇਸ਼

ਲਈ ਮਹੱਤਵਪੂਰਨ ਹਨ। ਪਠਾਰ, ਕੁਲ ਖੇਤਰਫਲ ਦਾ ਲਗਭਗ 27% ਹਿੱਸਾ ਹਨ। ਇਹਨਾਂ ਪਠਾਰਾਂ ਤੋਂ ਵੀ ਸਾਨੂੰ ਕਈ ਤਰ੍ਹਾਂ ਦੇ ਖਣਿਜ ਪਦਾਰਥ ਪ੍ਰਾਪਤ ਹੁੰਦੇ ਹਨ। ਇਹਨਾਂ ਤੇ ਖੇਤੀ ਵੀ ਕੀਤੀ ਜਾਂਦੀ ਹੈ।


**ਮੈਦਾਨ —** ਖੇਤੀ ਯੋਗ ਅਤੇ ਸੰਘਣੀ ਵੱਸੋਂ ਵਾਲੇ ਖੇਤਰ ਹੁੰਦੇ ਹਨ। ਭਾਰਤ ਦੇ ਕੁਲ ਖੇਤਰਫਲ (ਰਕਬੇ) ਦਾ 43% ਭਾਗ ਮੈਦਾਨੀ ਹੈ। ਮੈਦਾਨ ਮਨੁੱਖ ਦੀਆਂ ਅਨੇਕਾਂ ਹੀ ਲੋੜਾਂ ਪੂਰੀਆਂ ਕਰਦੇ ਹਨ। ਖੇਤੀਬਾੜੀ ਅਤੇ ਬਨਸਪਤੀ ਦੇ ਪੱਖੋਂ ਮੈਦਾਨੀ ਭੂਮੀ ਬਹੁਤ ਹੀ ਕੀਮਤੀ ਮੰਨੀ ਜਾਂਦੀ ਹੈ। ਖੇਤੀਬਾੜੀ ਨੂੰ ਭਾਵੇਂ ਹੋਰ ਅਨੇਕਾਂ ਹੀ ਤੱਤ ਪ੍ਰਭਾਵਿਤ ਕਰਦੇ ਹਨ ਪਰੰਤੂ 'ਭੂਮੀ' ਇੱਕ ਮੁਢਲੀ ਅਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

## ਭੂਮੀ ਦੀ ਵਰਤੋਂ (Land Use)


ਭੂਮੀ ਦੀ ਵਰਤੋਂ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਭਾਰਤ ਵਿੱਚ ਭੂਮੀ ਦੀ ਵਰਤੋਂ ਨੂੰ ਹੇਠਾਂ ਦਿੱਤੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ—




ਭਾਰਤ ਦੇ ਕੁਲ ਖੇਤਰਫਲ ਦਾ 22.2% ਹਿੱਸਾ ਜੰਗਲਾਂ ਹੇਠ ਹੈ। ਭਾਰਤ ਵਰਗੇ ਸੰਘਣੀ ਆਬਾਦੀ ਵਾਲੇ ਦੇਸ਼ ਲਈ ਇਹ ਰਕਬਾ 33% ਹੋਣਾ ਚਾਹੀਦਾ ਹੈ। ਇਸ ਲਈ ਦੇਸ਼ ਵਿੱਚ ਬਹੁਤ ਵੱਡੇ ਪੱਧਰ ਤੇ ਦਰੱਖਤ ਉਗਾਉਣੇ ਚਾਹੀਦੇ ਹਨ ਅਤੇ ਜੰਗਲਾਂ ਦੀ ਕਟਾਈ ਤੇ ਸਖਤ ਰੋਕ ਲੱਗਣੀ ਚਾਹੀਦੀ ਹੈ।




*ਭਾਰਤ ਵਿਚ ਭੋਂ ਵਰਤੋਂ ਪ੍ਰਤੀਸ਼ਤ*


N
W
E
S
ਭਾਰਤ
ਭੂਮੀ ਉਪਯੋਗ
ਅਰਬ ਸਾਗਰ
ਬੰਗਾਲ ਦੀ ਖਾੜੀ
ਹਿੰਦ ਮਹਾਂਸਾਗਰ
ਬੰਜਰ ਭੂਮੀ
ਸ਼ਹਿਰੀ ਖੇਤਰ
ਫ਼ਸਲਾਂ ਹੇਠ ਭੂਮੀ
ਪੱਤਝੜੀ ਜੰਗਲ
ਸਦਾਬਹਾਰ ਜੰਗਲ
ਪਰਤੀ ਭੂਮੀ
ਘਾਹ ਦੇ ਮੈਦਾਨ
ਮੈਨਗਰੂਵ ਜੰਗਲ
ਮਿਸ਼ਰਿਤ
ਬਾ.ਗਬਾਨੀ
ਝਾੜੀਦਾਰ ਜੰਗਲ
ਬੇਕਾਰ ਪਈ ਭੂਮੀ
ਜਲ ਅਧੀਨ ਖੇਤਰ
ਹੋਰ / Others
0 70 140 210 280
560 Miles

ਭਾਰਤ ਵਿੱਚ ਬਿਜਾਈ ਹੇਠ ਭੂਮੀ, ਕੁਲ ਰਕਬੇ ਦਾ 46% ਹਿੱਸਾ ਹੈ। ਇਹ ਉਹ ਭੂਮੀ ਹੈ ਜਿਸ ਉੱਤੇ ਫਸਲਾਂ ਉਗਾਈਆਂ ਜਾਂਦੀਆਂ ਹਨ। ਭੂਮੀ ਦੀ ਇਹ ਕਿਸਮ ਸਾਡੀ ਖੇਤੀਬਾੜੀ ਦਾ ਆਧਾਰ ਹੈ। ਗ਼ੈਰ-ਖੇਤੀ ਭੂਮੀ ਤੇ ਖੇਤੀ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਦੀ ਭੂਮੀ ਪਿੰਡਾਂ, ਸ਼ਹਿਰਾਂ, ਸੜਕਾਂ, ਰੇਲਵੇ ਲਾਈਨਾਂ, ਦਰਿਆਵਾਂ, ਝੀਲਾਂ, ਨਦੀਆਂ ਆਦਿ ਦੁਆਰਾ ਮੱਲੀ ਹੋਈ ਹੈ। ਇਹ ਕੁਲ ਖੇਤਰਫਲ ਦਾ 14% ਹਿੱਸਾ ਹੈ ਅਤੇ ਇਸ ਸ਼੍ਰੇਣੀ ਵਿੱਚ ਬੰਜਰ ਭੂਮੀ ਵੀ ਸ਼ਾਮਲ ਹੈ।

ਅੱਠ ਪ੍ਰਤੀਸ਼ਤ ਦੇ ਲਗਭਗ ਭੂਮੀ, ਖੇਤੀ ਤੋਂ ਬਿਨਾਂ ਛੱਡੀ ਹੋਈ ਭੂਮੀ (Fallow Land) ਦੇ ਹੇਠਾਂ ਆਉਂਦੀ ਹੈ। ਇਸ ਕਿਸਮ ਦੀ ਭੂਮੀ ਤੇ ਖੇਤੀ ਤਾਂ ਕੀਤੀ ਜਾਂਦੀ ਹੈ ਪਰੰਤੂ ਇਸ ਨੂੰ 1 ਸਾਲ ਤੋਂ 5 ਸਾਲ ਦੇ ਸਮੇਂ ਤੱਕ ਖਾਲੀ ਛੱਡ ਦਿੱਤਾ ਜਾਂਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ, ਤਾਂ ਕਿ ਭੂਮੀ ਆਪਣੀ ਗੁਆਚੀ ਹੋਈ ਉਪਜਾਊ ਸ਼ਕਤੀ ਦੁਬਾਰਾ ਗ੍ਰਹਿਣ ਕਰ ਸਕੇ।

ਖੇਤੀ ਯੋਗ ਪਰੰਤੂ ਵਿਅਰਥ ਭੂਮੀ (Cultivable Waste Land) ਖੇਤੀ ਕਰਨ ਵਾਸਤੇ ਯੋਗ ਤਾਂ ਹੁੰਦੀ ਹੈ ਪਰੰਤੂ ਕੁਝ ਕਾਰਨਾਂ ਕਰਕੇ ਇਸ ਤੇ ਖੇਤੀ ਨਹੀਂ ਕੀਤੀ ਜਾਂਦੀ। ਕੁਝ ਸਮਾਂ ਪਹਿਲਾਂ ਇਸ ਭੂਮੀ ਤੇ ਖੇਤੀ ਹੁੰਦੀ ਸੀ ਪਰੰਤੂ ਇਸ ਨੂੰ ਪਾਣੀ ਦੀ ਘਾਟ, ਲੂਣਾਂ ਅਤੇ ਸ਼ੋਰੇ ਦੀ ਬਹੁਤਾਤ, ਮਿੱਟੀ ਦਾ ਰੁੜ੍ਹ ਜਾਣਾ, ਲੰਬੇ ਸਮੇਂ ਤੱਕ ਪਾਣੀ ਖੜ੍ਹਾ ਰਹਿਣ ਕਰਕੇ ਜਾਂ ਕੁਝ ਹੋਰ ਕਾਰਨਾਂ ਕਰਕੇ ਖੇਤੀ ਕਰਨ ਲਈ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਰਿਹਾ। ਕੁਲ ਭੂਮੀ ਦਾ 5% ਹਿੱਸਾ ਇਸ ਸ਼੍ਰੇਣੀ ਵਿੱਚ ਸ਼ਾਮਲ ਹੈ ਤੇ ਕੁਲ ਭੂਮੀ ਦਾ 4% ਹਿੱਸਾ ਚਰਾਗਾਹਾਂ ਅਤੇ ਦਰੱਖਤਾਂ ਹੇਠ ਆਉਂਦਾ ਹੈ। ਚਰਾਗਾਹਾਂ ਪਸ਼ੂਆਂ ਨੂੰ ਚਰਾਉਣ (Grazing) ਵਾਸਤੇ ਵਰਤੀਆਂ ਜਾਂਦੀਆਂ ਹਨ। ਇਹ ਰਕਬਾ ਪਸ਼ੂਆਂ ਨੂੰ ਚਰਾਉਣ ਵਾਸਤੇ ਬਹੁਤ ਘੱਟ ਹੈ। ਪੰਜਾਬ ਵਰਗੇ ਰਾਜ ਵਿੱਚ ਤਾਂ ਪਸ਼ੂਆਂ ਨੂੰ ਖੁੱਲ੍ਹੀਆਂ ਚਰਾਗਾਹਾਂ ਵਿੱਚ ਚਰਾਉਣ ਦਾ ਰਿਵਾਜ ਬਹੁਤ ਹੀ ਘੱਟ ਗਿਆ ਹੈ।


ਭੂਮੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸੀਮਤ ਸਾਧਨ ਹੈ। ਇਸ ਸਾਧਨ ਨੂੰ ਹੋਰ ਵਧਾਇਆ ਨਹੀਂ ਜਾ ਸਕਦਾ। ਇਸ ਕਰਕੇ ਇਹ ਜ਼ਰੂਰੀ ਹੈ ਕਿ ਭੂਮੀ ਦੀ ਵਰਤੋਂ ਬਹੁਤ ਹੀ ਸੁਚੱਜੇ ਤਰੀਕੇ ਨਾਲ ਕੀਤੀ ਜਾਵੇ।

## II. ਮਿੱਟੀ ਸਾਧਨ (Soil Resource)

ਪੌਦਿਆਂ ਦੇ ਉੱਗਣ ਅਤੇ ਵਾਧੇ ਵਾਸਤੇ ਮਿੱਟੀ ਇੱਕ ਬਹੁਤ ਹੀ ਮਹੱਤਵਪੂਰਨ ਤੱਤ ਹੈ। ਇਹ ਇੱਕ ਨਵਿਆਉਣਯੋਗ (Renewable) ਅਤੇ ਅਜੈਵਿਕ (Abiotic) ਸਾਧਨ ਹੈ, ਜਿਸਨੂੰ, ਰੂੜੀ ਅਤੇ ਖਾਦਾਂ ਦੁਆਰਾ ਤਾਕਤਵਰ ਬਣਾਇਆ ਜਾ ਸਕਦਾ ਹੈ। ਮਿੱਟੀ ਦੀ ਰਚਨਾ ਲਗਾਤਾਰ ਹੁੰਦੀ ਰਹਿੰਦੀ ਹੈ। ਮਿੱਟੀ ਦੀ ਰਚਨਾ ਵਿੱਚ ਬਹੁਤ ਸਾਰੇ ਤੱਤ ਆਪਣੀ ਭੂਮਿਕਾ ਅਦਾ ਕਰਦੇ ਹਨ। ਇਹਨਾਂ ਤੱਤਾਂ ਵਿੱਚ ਮੂਲ ਚਟਾਨ (Parent Rock), ਜਲਵਾਯੂ (Climate), ਪੌਦੇ (Plants) ਅਤੇ ਹੋਰ ਜੀਵ ਆਦਿ ਪ੍ਰਮੁੱਖ ਹਨ। ਸਮਾਂ ਵੀ ਮਿੱਟੀ ਦੇ ਬਣਨ ਵਿੱਚ ਬਹੁਤ ਯੋਗਦਾਨ ਪਾਉਂਦਾ ਹੈ।

ਭਾਰਤ ਦੇਸ਼ ਇਕ ਖੇਤੀ ਪ੍ਰਧਾਨ ਦੇਸ਼ ਹੈ ਜਿਸਦੀ ਕੁਲ ਜਨਸੰਖਿਆ ਦਾ 65 ਤੋਂ 70% ਲੋਕ ਖੇਤੀ ਕਰਦੇ ਹਨ। ਇਸ ਲਈ ਅਜਿਹੇ ਦੇਸ਼ ਲਈ ਮਿੱਟੀ ਵਰਗੇ ਸਾਧਨ ਦੀ ਮਹੱਤਤਾ ਹੋਰ ਵੀ ਜ਼ਿਆਦਾ ਹੋ ਜਾਂਦੀ ਹੈ। ਸਾਡੇ ਦੇਸ਼ ਦੀ ਸਾਰੀ ਮਿੱਟੀ ਇੱਕੋ ਹੀ ਕਿਸਮ ਦੀ ਨਹੀਂ ਹੈ, ਸਗੋਂ ਅਲੱਗ-ਅਲੱਗ ਖੇਤਰਾਂ ਵਿੱਚ ਵੱਖਰੀ-ਵੱਖਰੀ ਕਿਸਮ ਦੀ ਮਿੱਟੀ ਮਿਲਦੀ ਹੈ। ਭਾਰਤ ਵਿੱਚ ਮੁੱਖ ਤੌਰ ਤੇ ਅੱਗੇ ਲਿਖੀਆਂ ਮਿੱਟੀ ਦੀਆਂ ਕਿਸਮਾਂ ਪਾਈਆਂ ਜਾਂਦੀਆਂ ਹਨ —

**ਜਲੌਢੀ ਮਿੱਟੀ (Alluvial Soil) —** ਦੇਸ਼ ਦੇ ਲਗਭਗ 45% ਹਿੱਸੇ ਤੇ ਪਾਈ ਜਾਂਦੀ ਹੈ। ਇਸ ਕਿਸਮ ਦੀ ਮਿੱਟੀ, ਸਾਡੀ ਖੇਤੀਬਾੜੀ ਨੂੰ ਪ੍ਰਫੁੱਲਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਇਹ ਨਦੀਆਂ ਅਤੇ ਦਰਿਆਵਾਂ




ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਹੋਈ ਮਿੱਟੀ ਹੈ। ਸਮੁੰਦਰੀ ਤੱਟ ਦੇ ਨਾਲ-ਨਾਲ ਸਮੁੰਦਰੀ ਲਹਿਰਾਂ ਵੀ ਇਸ ਤਰ੍ਹਾਂ ਦੀ ਮਿੱਟੀ ਦਾ ਜਮਾਅ ਕਰਦੀਆਂ ਹਨ। ਜਦੋਂ ਹੜ੍ਹ ਆਉਂਦੇ ਹਨ ਤਾਂ ਇਸ ਪਾਣੀ ਵਿੱਚ ਘੁਲੇ ਹੋਏ ਮਿੱਟੀ ਦੇ ਛੋਟੇ-ਛੋਟੇ ਕਣ ਧਰਤੀ ਦੀ ਸਤਹਿ ਤੇ ਜੰਮ ਜਾਂਦੇ ਹਨ। ਇਹ ਬਾਰੀਕ ਕਣ ਮਿੱਟੀ ਨੂੰ ਬਹੁਤ ਉਪਜਾਊ ਬਣਾ ਦਿੰਦੇ ਹਨ। ਜਲੌਢੀ ਮਿੱਟੀ ਨੂੰ ਅੱਗੋਂ ਦੋ ਕਿਸਮਾਂ - ਖਾਡਰ ਅਤੇ ਬਾਂਗਰ ਵਿੱਚ ਵੰਡਿਆ ਜਾਂਦਾ ਹੈ। **ਖਾਡਰ ਨਵੀਂ ਜੰਮੀ** ਹੋਈ ਅਤੇ **ਬਾਂਗਰ ਪੁਰਾਣੀ ਜੰਮੀ ਹੋਈ** ਮਿੱਟੀ ਨੂੰ ਕਿਹਾ ਜਾਂਦਾ ਹੈ। ਭਾਰਤ ਦੇ ਉੱਤਰੀ ਮੈਦਾਨਾਂ ਵਿੱਚ ਮੁੱਖ ਤੌਰ ਤੇ ਜਲੌਢ ਕਿਸਮ ਦੀ ਮਿੱਟੀ ਹੀ ਮਿਲਦੀ ਹੈ ਤੇ ਇਹਨਾਂ ਮੈਦਾਨਾਂ ਨੂੰ ਸਿੰਧ-ਗੰਗਾ-ਬ੍ਰਹਮਪੁੱਤਰ (Indo-Gangetic-Brahmputra) ਦੇ ਮੈਦਾਨ ਵੀ ਕਿਹਾ ਜਾਂਦਾ ਹੈ। ਇਹਨਾਂ ਮੈਦਾਨਾਂ ਦੀ ਰਚਨਾ ਉੱਤਰੀ ਭਾਰਤ ਤੋਂ ਆਉਂਦੇ ਤਿੰਨ ਮੁੱਖ ਦਰਿਆ— ਸਿੰਧ, ਗੰਗਾ, ਬ੍ਰਹਮਪੁੱਤਰ ਅਤੇ ਇਹਨਾਂ ਦੀਆਂ ਸਹਾਇਕ ਨਦੀਆਂ ਦੁਆਰਾ ਕੀਤੀ ਗਈ ਹੈ। ਜਲੌਢ ਮਿੱਟੀ ਦੇ ਬਣੇ ਹੋਏ ਇਹ ਮੈਦਾਨ ਖੇਤੀਬਾੜੀ ਦੇ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਮੰਨੇ ਜਾਂਦੇ ਹਨ।

**ਕਾਲੀ ਮਿੱਟੀ (Black Soil)** — ਇਸ ਨੂੰ ਰੇਗੁਰ ਜਾਂ ਕਪਾਹੀ ਮਿੱਟੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਕਿਸਮ ਦੀ ਮਿੱਟੀ ਕਪਾਹ ਦੀ ਖੇਤੀ ਲਈ ਬਹੁਤ ਹੀ ਢੁਕਵੀਂ ਹੈ। ਕਾਲੀ ਮਿੱਟੀ ਅਗਨੀ ਚਟਾਨਾਂ ਤੋਂ ਬਣੀ ਹੋਈ ਹੈ ਅਤੇ ਦੇਸ਼ ਦੀ ਕੁਲ ਭੂਮੀ ਦੇ 16.6% ਹਿੱਸੇ ਵਿਚ ਮਿਲਦੀ ਹੈ। ਇਸ ਕਿਸਮ ਦੀ ਮਿੱਟੀ ਮੁੱਖ ਤੌਰ ਤੇ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ, ਆਂਧਰਾ ਪ੍ਰਦੇਸ਼, ਗੁਜਰਾਤ ਅਤੇ ਤਾਮਿਲਨਾਡੂ ਰਾਜਾਂ ਵਿੱਚ ਮਿਲਦੀ ਹੈ। ਕਾਲੀ ਮਿੱਟੀ ਆਪਣੇ ਅੰਦਰ ਨਮੀ ਨੂੰ ਕਾਫੀ ਦੇਰ ਤੱਕ ਸਮਾ ਸਕਦੀ ਹੈ। ਇਹ ਉਪਜਾਊ ਸੁਭਾਅ ਦੀ ਮਿੱਟੀ ਹੈ। ਕਪਾਹ, ਕਣਕ, ਜਵਾਰ, ਅਲਸੀ, ਤੰਬਾਕੂ, ਸੂਰਜਮੁੱਖੀ ਆਦਿ ਫਸਲਾਂ ਇਸ ਤਰ੍ਹਾਂ ਦੀ ਮਿੱਟੀ ਤੇ ਉਗਾਈਆਂ ਜਾ ਸਕਦੀਆਂ ਹਨ। ਜੇਕਰ ਸਿੰਚਾਈ ਦਾ ਪ੍ਰਬੰਧ ਹੋਵੇ ਤਾਂ ਚਾਵਲ ਅਤੇ ਗੰਨੇ ਵਰਗੀਆਂ ਫਸਲਾਂ ਵੀ ਲਈਆਂ ਜਾ ਸਕਦੀਆਂ ਹਨ। ਖੇਤੀਬਾੜੀ ਦੇ ਪੱਖ ਤੋਂ ਕਾਲੀ ਮਿੱਟੀ ਬਹੁਤ ਹੀ ਲਾਭਦਾਇਕ ਹੈ ।

**ਲਾਲ ਮਿੱਟੀ (Red Soil)** — ਦੇਸ਼ ਦੇ ਕੁਲ ਰਕਬੇ ਦੇ 10.6% ਹਿੱਸੇ ਤੇ ਮਿਲਦੀ ਹੈ। ਇਸ ਮਿੱਟੀ ਦਾ ਨਾਂ ਇਸ ਦੇ ਰੰਗ ਕਰਕੇ ਪਿਆ ਹੈ। ਇਸ ਮਿੱਟੀ ਦੀ ਰਚਨਾ ਅਤੇ ਰੰਗ ਇਸ ਦੀ ਮੂਲ ਚਟਾਨ ਤੇ ਨਿਰਭਰ ਕਰਦੇ ਹਨ। ਇਸ ਤਰ੍ਹਾਂ ਦੀ ਮਿੱਟੀ ਵਿੱਚ ਚੂਨਾ, ਮੈਗਨੀਸ਼ੀਅਮ, ਫਾਸਫੇਟ, ਨਾਈਟਰੋਜਨ ਅਤੇ ਜੈਵਿਕ ਮਾਦਾ ਆਦਿ ਤੱਤਾਂ ਦੀ ਘਾਟ ਹੁੰਦੀ ਹੈ। ਫਸਲਾਂ ਉਗਾਉਣ ਦੇ ਪੱਖ ਤੋਂ ਇਸ ਕਿਸਮ ਦੀ ਮਿੱਟੀ ਜ਼ਿਆਦਾ ਉਪਜਾਊ ਨਹੀਂ ਹੁੰਦੀ ਪਰ ਖਾਦਾਂ ਅਤੇ ਸਿੰਚਾਈ ਦੇ ਪ੍ਰਬੰਧ ਨਾਲ ਕੁਝ ਫਸਲਾਂ ਉਗਾਈਆਂ ਜਾਂ ਸਕਦੀਆਂ ਹਨ। ਕਣਕ, ਕਪਾਹ, ਦਾਲਾਂ, ਆਲੂ ਅਤੇ ਫਲ

ਆਦਿ ਪੈਦਾ ਕੀਤੇ ਜਾ ਸਕਦੇ ਹਨ। ਇਸ ਕਿਸਮ ਦੀ ਮਿੱਟੀ ਤਾਮਿਲਨਾਡੂ, ਦੱਖਣ-ਪੂਰਬ ਮਹਾਂਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਉੜੀਸਾ, ਝਾਰਖੰਡ, ਪੱਛਮੀ ਬੰਗਾਲ, ਰਾਜਸਥਾਨ, ਆਸਾਮ, ਨਾਗਾਲੈਂਡ, ਮਨੀਪੁਰ ਆਦਿ ਪ੍ਰਦੇਸ਼ਾਂ ਜਾਂ ਉਹਨਾਂ ਦੇ ਕੁਝ ਹਿੱਸਿਆਂ ਵਿੱਚ ਮਿਲਦੀ ਹੈ।


**ਲੈਟਰਾਈਟ ਮਿੱਟੀ (Laterite Soil)** — ਇਹ ਮਿੱਟੀ 90-100% ਤੱਕ ਲੋਹ ਤੱਤ, ਐਲੂਮੀਨੀਅਮ, ਟਾਈਟੇਨੀਅਮ ਅਤੇ ਮੈਗਨੀਜ਼ ਦੇ ਆਕਸਾਈਡਜ਼ ਤੋਂ ਬਣੀ ਹੋਈ ਹੈ। ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਇਸ ਕਿਸਮ ਦੀ ਮਿੱਟੀ ਉੱਚੇ ਤਾਪਮਾਨ ਅਤੇ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਪਾਈ ਜਾਂਦੀ ਹੈ। ਵਰਖਾ ਕਾਰਨ ਇਸ ਦੇ ਉਪਜਾਊ ਤੱਤ ਧਰਤੀ ਦੀਆਂ ਹੇਠਲੀਆਂ ਤਹਿਆਂ ਵਿੱਚ ਚਲੇ ਜਾਂਦੇ ਹਨ ਅਤੇ ਆਕਸਾਈਡ ਧਰਤੀ ਦੇ ਉੱਪਰ ਰਹਿ ਜਾਂਦੇ ਹਨ। ਇਸ ਤਰ੍ਹਾਂ ਦੀ ਮਿੱਟੀ ਉਪਜਾਊ ਤੱਤਾਂ ਦੀ ਘਾਟ ਕਾਰਨ ਆਮ ਤੌਰ ਤੇ ਖੇਤੀ ਦੇ ਯੋਗ ਨਹੀਂ ਹੁੰਦੀ ਪਰੰਤੂ ਖਾਦਾਂ ਦੀ ਵਰਤੋਂ ਅਤੇ ਸਿੰਚਾਈ ਸਹੂਲਤਾਂ ਮੁਹੱਈਆ ਕਰਾਉਣ ਦੇ ਨਾਲ ਇਸ ਵਿੱਚ ਚਾਹ, ਕੌਫੀ, ਰਬੜ ਅਤੇ ਨਾਰੀਅਲ ਵਗੈਰਾ ਦੀਆਂ ਫਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਲੈਟਰਾਈਟ ਮਿੱਟੀ ਦੇਸ਼ ਦੇ ਕੁਲ ਭੂਮੀ ਰਕਬੇ ਦੇ 7.5% ਹਿੱਸੇ ਤੇ ਮੌਜੂਦ ਹੈ ਅਤੇ ਪੂਰਬੀ ਘਾਟ, ਪੱਛਮੀ ਘਾਟ, ਰਾਜਮਹਲ ਪਹਾੜੀਆਂ, ਵਿੰਧੀਆ, ਸੱਤਪੁੜਾ ਅਤੇ ਮਾਲਵਾ ਪਠਾਰ ਦੇ ਇਲਾਕੇ ਵਿੱਚ ਵੀ ਮਿਲਦੀ ਹੈ । ਇਸ ਤੋਂ ਇਲਾਵਾ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਉੜੀਸਾ, ਕਰਨਾਟਕ, ਪੱਛਮੀ ਬੰਗਾਲ, ਕੇਰਲ, ਝਾਰਖੰਡ ਅਤੇ ਆਸਾਮ ਰਾਜਾਂ ਦੇ ਕੁਝ ਹਿੱਸਿਆਂ ਵਿੱਚ ਵੀ ਇਸ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ।

**ਜੰਗਲੀ ਅਤੇ ਪਰਬਤੀ ਮਿੱਟੀ (Forest and Mountain Soil)** — ਜੰਗਲਾਂ ਅਤੇ ਪਰਬਤੀ ਢਲਾਣਾਂ ਤੇ ਮਿਲਦੀ ਹੈ। ਇਸ ਤਰ੍ਹਾਂ ਦੀਆਂ ਮਿੱਟੀਆਂ ਵਿੱਚ ਜੈਵਿਕ ਮਾਦਾ (Humus) ਜ਼ਿਆਦਾ ਹੁੰਦਾ ਹੈ। ਪੂਰਬੀ ਅਤੇ ਪੱਛਮੀ ਘਾਟਾਂ ਤੇ ਵੀ ਇਸ ਪ੍ਰਕਾਰ ਦੀ ਮਿੱਟੀ ਮਿਲਦੀ ਹੈ। ਇਸ ਤਰ੍ਹਾਂ ਦੀ ਮਿੱਟੀ ਵਿੱਚ ਪੋਟਾਸ਼ ਫਾਸਫੋਰਸ ਅਤੇ ਚੂਨੇ ਦੀ ਕਮੀ ਹੁੰਦੀ ਹੈ। ਇਸ ਲਈ ਇਸ ਵਿੱਚ ਫਸਲਾਂ ਪੈਦਾ ਕਰਨ ਲਈ ਖਾਦਾਂ ਦੀ ਲੋੜ ਹੁੰਦੀ ਹੈ।

**ਮਾਰੂਥਲੀ ਮਿੱਟੀ (Desert Soil)** — ਇਹ ਮਿੱਟੀ ਰਾਜਸਥਾਨ, ਪੰਜਾਬ ਅਤੇ ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਮਿਲਦੀ ਹੈ। ਗੁਜਰਾਤ ਦਾ ਕੁਝ ਇਲਾਕਾ ਵੀ ਮਾਰੂਥਲੀ ਮਿੱਟੀ ਹੇਠ ਆਉਂਦਾ ਹੈ। ਇਹ ਮਿੱਟੀ ਦੇਸ਼ ਦੀ ਭੂਮੀ ਦੇ ਕੁਲ ਰਕਬੇ ਦਾ ਲਗਭਗ 4.3% ਹਿੱਸਾ ਬਣਦੀ ਹੈ। ਇਸ ਮਿੱਟੀ ਵਿੱਚ ਪਾਣੀ ਨੂੰ ਸਮਾਈ ਰੱਖਣ ਦੀ ਸਮਰੱਥਾ ਬਹੁਤ ਘੱਟ ਹੁੰਦੀ ਹੈ। ਪਾਣੀ ਜਲਦੀ ਨਾਲ ਹੇਠਾਂ ਨੂੰ ਚਲਾ ਜਾਂਦਾ ਹੈ। ਇਸ ਕਰਕੇ ਇਸ ਤਰ੍ਹਾਂ ਦੀ ਮਿੱਟੀ ਵਿੱਚ ਜ਼ਿਆਦਾ ਪਾਣੀ ਦੀ ਜ਼ਰੂਰਤ ਵਾਲੀਆਂ ਫਸਲਾਂ ਨਹੀਂ ਉਗਾਈਆਂ ਜਾ ਸਕਦੀਆਂ। ਜੌਂ, ਬਾਜਰਾ, ਮੱਕੀ ਅਤੇ ਦਾਲਾਂ ਆਦਿ ਦੀ ਖੇਤੀ ਹੀ ਕੀਤੀ ਜਾ ਸਕਦੀ ਹੈ। ਰਾਜਸਥਾਨ ਦੇ ਜਿਹਨਾਂ ਹਿੱਸਿਆਂ ਵਿੱਚ ਪੰਜਾਬ ਤੋਂ ਜਾ ਰਹੀਆਂ ਨਹਿਰਾਂ ਦਾ ਪਾਣੀ ਮਿਲਣਾ ਸ਼ੁਰੂ ਹੋਇਆ, ਉਥੇ ਅੱਛੀ ਖੇਤੀਬਾੜੀ ਹੋਣੀ ਸ਼ੁਰੂ ਹੋ ਗਈ ਹੈ।

ਉੱਪਰ ਦੱਸੀਆਂ ਗਈਆਂ ਮਿੱਟੀ ਦੀਆਂ ਕਿਸਮਾਂ ਤੋਂ ਇਲਾਵਾ ਹੋਰ ਵੀ ਕਈ ਕਿਸਮਾਂ ਹਨ — ਜਿਵੇਂ ਕਿ ਦਲਦਲੀ ਮਿੱਟੀ, ਨਮਕ ਅਤੇ ਖਾਰ ਵਾਲੀ ਮਿੱਟੀ, ਤਰਾਈ ਵਾਲੀ ਮਿੱਟੀ ਆਦਿ। ਭੂਮੀ ਦੇ ਕੁਲ ਰਕਬੇ ਦੇ ਮੁਕਾਬਲੇ ਇਹਨਾਂ ਕਿਸਮਾਂ ਦੀ ਮਿੱਟੀ ਦੀ ਪ੍ਰਤੀਸ਼ਤਤਾ ਘੱਟ ਹੈ। ਇਹ ਕਿਸਮਾਂ ਭਾਰਤ ਦੇ ਕੁਝ ਕੁ ਭਾਗਾਂ ਵਿੱਚ ਹੀ ਸੀਮਤ ਹਨ।

**ਮਿੱਟੀ ਸਾਧਨ ਨਾਲ ਸੰਬੰਧਤ ਸਮੱਸਿਆਵਾਂ (Problems Related with Soil Resource)** — ਮਿੱਟੀ ਇੱਕ ਅਜਿਹਾ ਸਾਧਨ ਹੈ ਜਿਸ ਤੋਂ ਬਿਨ੍ਹਾਂ ਮਨੁੱਖ ਦਾ ਜੀਵਨ ਅਧੂਰਾ ਹੈ। ਮਨੁੱਖ ਦਾ ਸਾਰਾ ਖਾਣ-ਪੀਣ ਮਿੱਟੀ ਤੇ ਹੀ ਨਿਰਭਰ ਕਰਦਾ ਹੈ। ਖੇਤੀਬਾੜੀ ਵਾਸਤੇ ਮਿੱਟੀ ਉਪਜਾਊ ਹੋਣੀ ਚਾਹੀਦੀ ਹੈ ਪਰੰਤੂ ਇਸਦਾ ਉਪਜਾਊਪਣ ਬਰਾਬਰ ਨਹੀਂ ਰਹਿੰਦਾ। ਇਸ ਦਾ ਕਾਰਨ ਮਿੱਟੀ ਸਾਧਨ ਨਾਲ ਪੇਸ਼ ਆਉਂਦੀਆਂ ਸਮੱਸਿਆਵਾਂ ਹਨ। ਮਿੱਟੀ ਨਾਲ ਸੰਬੰਧਤ ਕੁਝ ਕੁ ਸਮੱਸਿਆਵਾਂ ਅੱਗੇ ਲਿਖੀਆਂ ਹਨ:-



ਭਾਰਤ
ਮਿੱਟੀ ਦੀਆਂ ਕਿਸਮਾਂ
ਕਿਲੋਮੀਟਰ
200 100 0 200 400 500
ਪਾਕਿਸਤਾਨ
ਨੇਪਾਲ
ਬੰਗਲਾ
ਦੇਸ਼
ਖਾੜੀ ਬੰਗਾਲ
ਅਰਬ ਸਾਗਰ
ਜਲੌਢੀ ਮਿੱਟੀ
ਕਾਲੀ ਮਿੱਟੀ
ਲਾਲ ਮਿੱਟੀ
ਲੈਟਰਾਈਟ ਮਿੱਟੀ
ਮਾਰੂਥਲੀ ਮਿੱਟੀ
ਜੰਗਲੀ ਅਤੇ ਪਰਬਤੀ ਮਿੱਟੀ
ਲਕਸ਼ਦੀਪ ਸਮੂਹ
(ਭਾਰਤ)
ਹਿੰਦ
ਮਹਾਂ
ਸਾਗਰ

(I) ਮਿੱਟੀ ਦਾ ਖੁਰ ਜਾਣਾ।

(II) ਮਿੱਟੀ ਦੀ ਉਪਜਾਊ ਸ਼ਕਤੀ ਦਾ ਘੱਟ ਹੋਣਾ।

(III) ਮਿੱਟੀ ਦਾ ਰੇਤਲਾਪਣ।

(IV) ਸੇਮ ਦੀ ਸਮੱਸਿਆ।

(V) ਮਿੱਟੀ ਵਿੱਚ ਤੇਜ਼ਾਬੀ ਜਾਂ ਖਾਰਾਪਣ।

(VI) ਮਿੱਟੀ ਦੀ ਸਮਰਥਾ ਤੋਂ ਵੱਧ ਵਰਤੋਂ।

(VII) ਮਿੱਟੀ ਤੇ ਪਾਣੀ ਦਾ ਖੜਾ ਰਹਿਣਾ (ਦਲਦਲ ਆਦਿ)

**ਮਿੱਟੀ ਦੀ ਸਾਂਭ-ਸੰਭਾਲ (Soil Conservation) —** ਮਿੱਟੀ ਸਾਧਨ ਦੀ ਮਹੱਤਤਾ ਨੂੰ ਦੇਖਦੇ ਹੋਏ ਸਾਨੂੰ ਇਸ ਵਡਮੁੱਲੇ ਸਾਧਨ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ। ਇਸ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕੱਢਣਾ ਚਾਹੀਦਾ ਹੈ ਤੇ ਮਿੱਟੀ ਨੂੰ ਖੁਰਨ ਤੋਂ ਬਚਾਉਣਾ ਚਾਹੀਦਾ ਹੈ। ਪਹਾੜਾਂ ਦੀਆਂ ਢਲਾਣਾਂ ਉਤੇ ਰੁੱਖ ਤੇ ਪੌਦੇ ਲਾਉਣੇ ਚਾਹੀਦੇ ਹਨ ਤਾਂ ਜੋ ਪਾਣੀ ਦੀ ਤੇਜ਼ ਚਾਲ ਨੂੰ ਰੋਕਿਆ ਜਾਵੇ । ਵਾਧੂ ਪਾਣੀ ਦਾ ਨਿਕਾਸ ਕਰਕੇ ਮਿੱਟੀ ਨੂੰ ਸੇਮ ਦੀ ਸਮੱਸਿਆ ਤੋਂ ਮੁਕਤ ਕਰਾਉਣਾ ਚਾਹੀਦਾ ਹੈ। ਹੜ੍ਹਾਂ ਨੂੰ ਨਦੀਆਂ 'ਤੇ ਬੰਨ੍ਹ ਲਾ ਕੇ ਰੋਕਣਾ ਚਾਹੀਦਾ ਹੈ। ਹੜ੍ਹਾਂ ਦੇ ਰੁਕਣ ਦੇ ਨਾਲ ਮਿੱਟੀ ਖੁਰਨ ਤੋਂ ਬਚ ਜਾਵੇਗੀ ਅਤੇ ਨਦੀਆਂ ਦੇ ਆਸਪਾਸ ਫਜ਼ੂਲ ਪਈ ਭੂਮੀ ਖੇਤੀ ਯੋਗ ਹੋ ਜਾਵੇਗੀ। ਖੇਤੀ ਦੇ ਗਲਤ ਤਰੀਕੇ ਵੀ ਮਿੱਟੀ ਨੂੰ ਕਮਜ਼ੋਰ ਕਰਦੇ ਹਨ, ਇਸ ਲਈ ਜ਼ਰੂਰੀ ਹੈ ਕਿ ਖੇਤੀ ਕਰਨ ਲਈ ਅੱਛੇ ਢੰਗ-ਤਰੀਕੇ ਵਰਤੇ ਜਾਣ। ਜੇਕਰ ਅਸੀਂ ਮਿੱਟੀ ਦੀ ਵਰਤੋਂ ਬੜੀ ਸਮਝਦਾਰੀ ਨਾਲ ਅਤੇ ਸੰਭਲ ਕੇ ਕਰਾਂਗੇ ਤਾਂ ਮਿੱਟੀ ਦੀ ਉਪਜਾਊ ਸ਼ਕਤੀ ਬਹੁਤ ਲੰਬੇ ਸਮੇਂ ਤੱਕ ਕਾਇਮ ਰਹਿ ਸਕਦੀ ਹੈ।

## III. ਪਾਣੀ ਸਾਧਨ (Water Resource)

ਪਾਣੀ ਇੱਕ ਬਹੁਤ ਹੀ ਕੀਮਤੀ ਅਤੇ ਮਹੱਤਵਪੂਰਨ ਸਾਧਨ ਹੈ। ਧਰਤੀ ਉੱਪਰ ਜੇਕਰ ਜੀਵਨ ਹੈ ਤਾਂ ਇਸ ਪਾਣੀ ਦੀ ਹੋਂਦ ਕਰਕੇ ਹੀ ਹੈ। ਪਾਣੀ ਸਾਧਨ ਦਾ ਕੋਈ ਬਦਲਵਾਂ ਹੱਲ ਨਹੀਂ ਹੈ। ਪਾਣੀ ਮਨੁੱਖ ਦੀਆਂ ਬਹੁਤ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਪਾਣੀ, ਪੀਣ ਦੇ ਨਾਲ-ਨਾਲ, ਨਹਾਉਣ- ਧੋਣ, ਖੇਤੀ, ਉਦਯੋਗ ਅਤੇ ਕਈ ਹੋਰ ਕਿਰਿਆਵਾਂ ਵਿੱਚ ਉਪਯੋਗ ਹੁੰਦਾ ਹੈ। ਧਰਤੀ ਦਾ 71% ਹਿੱਸਾ ਪਾਣੀ ਹੀ ਹੈ। **ਧਰਤੀ ਨੂੰ ਪਾਣੀ ਗ੍ਰਹਿ ਵੀ ਆਖਿਆ ਜਾਂਦਾ ਹੈ**।

**ਧਰਤੀ ਉੱਪਰ ਪਾਣੀ ਦੀ ਵੰਡ :**

| | | |
|---|---|---|
| ਸਮੁੰਦਰ, ਸਾਗਰ ਅਤੇ ਨਮਕੀਨ ਪਾਣੀ ਵਾਲੀਆਂ ਝੀਲਾਂ | — | 97.20% |
| ਬਰਫ਼ੀਲੀਆਂ ਚੋਟੀਆਂ ਅਤੇ ਗਲੇਸ਼ੀਅਰ | — | 2.15% |
| ਝੀਲਾਂ, ਦਰਿਆ ਅਤੇ ਨਾਲੇ | — | 0.0085% |
| ਵਾਯੂਮੰਡਲ ਅਤੇ ਜੀਵਮੰਡਲ ਵਿੱਚ ਪਾਣੀ | — | 0.0015% |
| ਧਰਤੀ ਹੇਠਲਾ ਜਾਂ ਜ਼ਮੀਨੀ ਪਾਣੀ | — | 0.64% |

### ਸੰਸਾਰ ਵਿੱਚ ਪਾਣੀ ਦੀ ਵਰਤੋਂ

ਮਨੁੱਖ ਅਲੱਗ-ਅਲੱਗ ਕਿਰਿਆਵਾਂ ਵਾਸਤੇ ਪਾਣੀ ਦੀ ਵਰਤੋਂ ਕਰਦਾ ਹੈ। ਖੇਤੀਬਾੜੀ ਵਾਸਤੇ ਲਗਭਗ 93.37% ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪਿੰਡਾਂ ਅਤੇ ਸ਼ਹਿਰਾਂ ਨੂੰ ਪਾਣੀ ਦੀ ਸਪਲਾਈ ਕੁਲ ਵਰਤੋਂ ਦਾ

3.73% ਹੈ। ਉਦਯੋਗ ਅਤੇ ਬਿਜਲੀ ਪੈਦਾ ਕਰਨ ਲਈ ਅਤੇ ਪਸ਼ੂਆਂ ਦੀ ਵਰਤੋਂ ਲਈ ਕ੍ਰਮਵਾਰ 1.26% ਅਤੇ 1.08% ਪਾਣੀ ਦੀ ਵਰਤੋਂ ਹੁੰਦੀ ਹੈ। ਬਾਕੀ ਹੋਰ ਕਈ ਤਰ੍ਹਾਂ ਦੀ ਵਰਤੋਂ ਲਈ ਕੇਵਲ ਅੱਧਾ ਕੁ ਪ੍ਰਤੀਸ਼ਤ ਪਾਣੀ ਹੀ ਵਰਤਿਆ ਜਾਂਦਾ ਹੈ।

## ਮਨੁੱਖ ਲਈ ਪਾਣੀ ਦੇ ਸੋਮੇ

ਧਰਤੀ ਉੱਪਰ ਪਿਆ ਹੋਇਆ ਸਾਰਾ ਪਾਣੀ, ਮਨੁੱਖ ਆਪਣੀ ਵਰਤੋਂ ਵਿੱਚ ਨਹੀਂ ਲਿਆ ਸਕਦਾ। ਮਨੁੱਖ ਕੁਝ ਕੁ ਸੀਮਤ ਅਤੇ ਤਾਜ਼ੇ ਪਾਣੀ (Fresh Water) ਦੇ ਸੋਮਿਆਂ ਦਾ ਪਾਣੀ ਹੀ ਵਰਤੋਂ ਕਰ ਸਕਦਾ ਹੈ। ਇਹ ਉਪਯੋਗੀ ਪਾਣੀ ਦੇ ਸੋਮੇਂ ਹੇਠ ਲਿਖੇ ਅਨੁਸਾਰ ਹਨ

(I) ਵਰਖਾ (Rainfall)

(II) ਦਰਿਆ ਅਤੇ ਨਦੀਆਂ (Rivers and Streams)

(III) ਨਹਿਰਾਂ (Canals)

(IV) ਤਲਾਬ (Tank)

(V) ਧਰਤੀ ਹੇਠਲਾ ਪਾਣੀ (Under Ground Water)

**ਵਰਖਾ** — ਵਰਖਾ ਪਾਣੀ ਦੀ ਪੂਰਤੀ ਦਾ ਇੱਕ ਮਹੱਤਵਪੂਰਨ ਸੋਮਾ ਹੈ ਪਰੰਤੂ ਇਸ ਵਿੱਚ ਬੜੇ ਵੱਡੇ ਪੱਧਰ ਤੇ ਵਖਰੇਵੇਂ (Variations) ਮਿਲਦੇ ਹਨ। ਕਿਤੇ ਵਰਖਾ ਵੱਧ ਅਤੇ ਕਿਤੇ ਘੱਟ ਹੁੰਦੀ ਹੈ। ਭਾਰਤ 118 ਸੈਂਟੀਮੀਟਰ ਔਸਤਨ ਸਾਲਾਨਾ ਵਰਖਾ ਪ੍ਰਾਪਤ ਕਰਦਾ ਹੈ। ਵਰਖਾ ਦਾ ਸਾਰਾ ਪਾਣੀ ਭਾਵੇਂ ਮਨੁੱਖ ਦੀ ਵਰਤੋਂ ਵਿੱਚ ਨਹੀਂ ਆਉਂਦਾ ਪਰੰਤੂ ਧਰਤੀ ਹੇਠਲੇ ਪਾਣੀ ਵਿੱਚ ਵਾਧਾ ਜ਼ਰੂਰ ਕਰਦਾ ਹੈ। ਜਿਨ੍ਹਾਂ ਇਲਾਕਿਆਂ ਵਿੱਚ ਵਰਖਾ ਘੱਟ ਹੁੰਦੀ ਹੈ, ਉਥੇ ਜ਼ਮੀਨੀ ਪਾਣੀ ਡੂੰਘੇ ਅਤੇ ਨਮਕੀਨ ਹੋ ਜਾਂਦੇ ਹਨ।

**ਦਰਿਆ ਅਤੇ ਨਦੀਆਂ** — ਦਰਿਆਵਾਂ ਅਤੇ ਨਦੀਆਂ ਨੇ ਮਨੁੱਖ ਦੇ ਵਿਕਾਸ ਵਿੱਚ ਸ਼ੁਰੂ ਤੋਂ ਹੀ ਬਹੁਤ ਯੋਗਦਾਨ ਪਾਇਆ ਹੈ। ਪੁਰਾਣੇ ਸਮਿਆਂ ਤੋਂ ਹੀ ਇਹਨਾਂ ਦਰਿਆਵਾਂ ਅਤੇ ਨਦੀਆਂ ਦੇ ਆਸਪਾਸ ਹੀ ਮਨੁੱਖੀ-ਬਸੇਰੇ (Human Settlement) ਦੀ ਸ਼ੁਰੂਆਤ ਹੋਈ। ਇਹਨਾਂ ਦਰਿਆਵਾਂ ਜਾਂ ਨਦੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ—ਇੱਕ ਉਹ ਜੋ ਬਰਫ ਦੇ ਪਿਘਲਣ ਤੋਂ ਨਿਕਲਦੇ ਹਨ ਅਤੇ ਸਾਰਾ ਸਾਲ ਚਲਦੇ ਹਨ, ਦੂਸਰੇ ਮੌਸਮੀ ਜਾਂ ਬਰਸਾਤ ਦੇ ਪਾਣੀ ਤੇ ਨਿਰਭਰ ਕਰਨ ਵਾਲੇ ਹਨ।

ਬਹੁਤ ਥਾਵਾਂ ਤੇ ਮਨੁੱਖ ਨੇ ਨਦੀਆਂ ਅਤੇ ਦਰਿਆਵਾਂ ਤੇ ਬੰਨ੍ਹ ਲਗਾ ਕੇ ਆਪਣੀ ਜ਼ਰੂਰਤ ਲਈ ਨਹਿਰਾਂ ਦਾ ਨਿਰਮਾਣ ਕੀਤਾ ਹੈ। ਇਹਨਾਂ ਨਹਿਰਾਂ (Canals) ਦਾ ਪਾਣੀ ਖੇਤੀਬਾੜੀ ਲਈ ਸਿੰਚਾਈ ਅਤੇ ਮਨੁੱਖ ਦੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ। ਇਹਨਾਂ ਨਹਿਰਾਂ ਦੇ ਨਿਰਮਾਣ ਨਾਲ ਖੇਤੀਬਾੜੀ ਦੀ ਨੁਹਾਰ ਹੀ ਬਦਲ ਗਈ ਹੈ।

**ਤਲਾਬ** —ਜ਼ਿਆਦਾਤਰ ਉਹਨਾਂ ਇਲਾਕਿਆਂ ਵਿੱਚ ਪਾਏ ਜਾਂਦੇ ਹਨ ਜਿਥੇ ਸਾਰਾ ਸਾਲ ਚੱਲਣ ਵਾਲੇ ਦਰਿਆ ਅਤੇ ਨਦੀਆਂ ਦੀ ਘਾਟ ਹੁੰਦੀ ਹੈ। ਧਰਤੀ ਹੇਠਲਾ ਪਾਣੀ ਵੀ ਜਾਂ ਤਾਂ ਬਹੁਤ ਡੂੰਘਾ ਜਾਂ ਫਿਰ ਨਾ-ਵਰਤਣਯੋਗ ਹੁੰਦਾ ਹੈ। ਲੋਕ ਵਰਖਾ ਦੇ ਪਾਣੀ ਨੂੰ ਤਲਾਬਾਂ ਵਿੱਚ ਇਕੱਠਾ ਕਰ ਲੈਂਦੇ ਹਨ ਅਤੇ ਲੋੜ ਅਨੁਸਾਰ ਵਰਤਦੇ ਹਨ। ਦੱਖਣੀ ਭਾਰਤ ਵਿੱਚ ਤਲਾਬ, ਲੋਕਾਂ ਲਈ ਬਹੁਤ ਵੱਡਾ ਜਲ ਸਾਧਨ ਹਨ।

**ਧਰਤੀ ਹੇਠਲਾ ਜਾਂ ਜ਼ਮੀਨੀ ਪਾਣੀ** (Underground Water) ਮਨੁੱਖ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਖੂਹਾਂ ਜਾਂ ਟਿਊਬਵੈਲਾਂ ਦੁਆਰਾ ਧਰਤੀ ਵਿੱਚੋਂ ਕੱਢਿਆ ਜਾਂਦਾ ਹੈ। ਇਹ ਪਾਣੀ ਮੁੱਖ ਤੌਰ ਤੇ ਪੀਣ ਜਾਂ ਸਿੰਚਾਈ ਦੇ ਕੰਮ ਆਉਂਦਾ ਹੈ। ਜ਼ਮੀਨ ਹੇਠਲਾ ਪਾਣੀ, ਧਰਤੀ ਦੇ ਹੇਠਾਂ ਚਟਾਨਾਂ ਦੀ ਬਣਤਰ ਅਤੇ ਉਸ ਇਲਾਕੇ ਵਿੱਚ ਵਰਖਾ ਦੀ ਮਾਤਰਾ ਤੇ ਨਿਰਭਰ ਕਰਦਾ ਹੈ।


**ਪਾਣੀ ਦੀ ਸਾਂਭ-ਸੰਭਾਲ (Conservation of Water)** —ਪਾਣੀ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਨੂੰ ਵੇਖਦੇ ਹੋਏ ਇਸ ਦੀ ਸਾਂਭ-ਸੰਭਾਲ ਬਹੁਤ ਹੀ ਜ਼ਰੂਰੀ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਪਾਣੀ ਨੂੰ ਲੋੜ ਤੋਂ ਜ਼ਿਆਦਾ ਨਾ ਵਰਤਿਆ ਜਾਵੇ। ਸਿੰਚਾਈ ਲੋੜ ਅਨੁਸਾਰ ਹੀ ਕੀਤੀ ਜਾਵੇ। ਸਿੰਚਾਈ ਲਈ ਨਵੇਂ ਤਰੀਕਿਆਂ ਜਿਵੇਂ ਕਿ ਫੁਹਾਰੇ (Sprinkles) ਆਦਿ ਦੀ ਵਰਤੋਂ ਕੀਤੀ ਜਾਵੇ। ਵਰਖਾ ਦੇ ਪਾਣੀ ਨੂੰ ਬੰਨ੍ਹ ਬਣਾ ਕੇ ਜਮ੍ਹਾਂ ਕਰਕੇ ਬਾਅਦ ਵਿੱਚ ਵਰਤਿਆ ਜਾ ਸਕਦਾ ਹੈ। ਵਰਖਾ ਦੇ ਪਾਣੀ ਨੂੰ ਜ਼ਮੀਨੀ ਬੋਰਾਂ ਰਾਹੀਂ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਚੁੱਕਣ ਵਾਸਤੇ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਲੋੜ ਪੈਣ ਤੇ ਪਾਣੀ ਦੀ ਦੁਬਾਰਾ ਵਰਤੋਂ (Recycling) ਵੀ ਕੀਤੀ ਜਾ ਸਕਦੀ ਹੈ। ਸੀਵਰੇਜ ਦਾ ਪਾਣੀ ਸਾਫ ਕਰਕੇ ਸਿੰਚਾਈ ਲਈ ਵੀ ਵਰਤਿਆ ਜਾ ਸਕਦਾ ਹੈ। ਮੁੱਕਦੀ ਗੱਲ ਇਹ ਹੈ ਕਿ ਸਾਨੂੰ ਪਾਣੀ ਦਾ ਇਸਤੇਮਾਲ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਧਰਤੀ ਉਪਰਲੇ ਜੀਵਾਂ ਅਤੇ ਪੌਦਿਆਂ ਨੂੰ ਪਾਣੀ ਦੀ ਘਾਟ ਦਾ ਕੋਈ ਖਤਰਾ ਨਾ ਪੈਦਾ ਹੋ ਜਾਵੇ।

## IV. ਕੁਦਰਤੀ ਬਨਸਪਤੀ (Natural Vegetation)

ਕੁਦਰਤੀ ਬਨਸਪਤੀ ਕੁਦਰਤ ਦੀ ਦੇਣ ਹੈ ਅਤੇ ਨਵਿਆਉਣ ਯੋਗ (Renewable) ਸਾਧਨਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਹੈ। ਕੁਦਰਤੀ ਬਨਸਪਤੀ — ਜਲਵਾਯੂ, ਮਿੱਟੀ ਅਤੇ ਜੈਵਿਕ ਤੱਤਾਂ (Biotic Factors) ਤੇ ਨਿਰਭਰ ਕਰਦੀ ਹੈ। ਇਹਨਾਂ ਤੱਤਾਂ ਵਿੱਚੋਂ ਜਲਵਾਯੂ ਸਭ ਤੋਂ ਮਹੱਤਵਪੂਰਨ ਹੈ। ਜਲਵਾਯੂ ਮੁੱਖ ਤੌਰ ਤੇ ਨਮੀ (ਵਰਖਾ) ਅਤੇ ਤਾਪਮਾਨ ਦਾ ਸੁਮੇਲ ਹੈ। ਬਨਸਪਤੀ ਦਾ ਵਿਕਾਸ ਤਾਪਮਾਨ ਅਤੇ ਨਮੀ ਕਰਕੇ ਹੀ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਜ਼ਿਆਦਾ ਵਰਖਾ ਅਤੇ ਉੱਚੇ ਤਾਪਮਾਨ ਵਾਲੇ ਇਲਾਕਿਆਂ ਵਿੱਚ ਭੂ-ਮੱਧ ਰੇਖੀ ਜੰਗਲਾਂ (Equatorial Forests) ਵਰਗੇ ਬਹੁਤ ਹੀ ਸੰਘਣੇ ਜੰਗਲ ਮਿਲਦੇ ਹਨ। ਸੰਸਾਰ ਦੇ ਅਲੱਗ-ਅਲੱਗ ਭਾਗਾਂ ਵਿੱਚ ਭਿੰਨ-ਭਿੰਨ ਪ੍ਰਕਾਰ ਦੀ ਬਨਸਪਤੀ ਮਿਲਦੀ ਹੈ। ਬਨਸਪਤੀ ਦੀ ਕਿਸਮ ਮੁੱਖ ਤੌਰ ਤੇ ਜਲਵਾਯੂ, ਮਿੱਟੀ ਦੀ ਕਿਸਮ ਅਤੇ ਕਿਸੇ ਸਥਾਨ ਦੀ ਸਮੁੰਦਰੀ ਤਲ ਤੋਂ ਉਚਾਈ ਤੇ ਨਿਰਭਰ ਕਰਦੀ ਹੈ।

ਕੁਦਰਤੀ ਬਨਸਪਤੀ ਨੂੰ ਜੰਗਲਾਂ ਦਾ ਨਾਮ ਵੀ ਦਿੱਤਾ ਜਾਂਦਾ ਹੈ ਅਤੇ ਇਹ ਮਨੁੱਖ ਦੀਆਂ ਅਨੇਕਾਂ ਹੀ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਲੱਕੜ ਦੀ ਵਰਤੋਂ ਬਾਲਣ ਤੋਂ ਲੈ ਕੇ ਵੱਡੇ-ਵੱਡੇ ਉਦਯੋਗਾਂ ਵਿੱਚ ਹੁੰਦੀ ਹੈ ਜੋ ਸਾਨੂੰ ਬਨਸਪਤੀ ਤੋਂ ਹੀ ਪ੍ਰਾਪਤ ਹੁੰਦੀ ਹੈ। ਕਈ ਤਰ੍ਹਾਂ ਦੇ ਫਲ, ਦਵਾਈਆਂ ਅਤੇ ਹੋਰ ਪਦਾਰਥ ਸਾਨੂੰ ਜੰਗਲਾਂ ਜਾਂ ਬਨਸਪਤੀ ਤੋਂ ਹੀ ਪ੍ਰਾਪਤ ਹੁੰਦੇ ਹਨ। ਵਰਖਾ ਲਿਆਉਣ ਵਿੱਚ ਵੀ ਜੰਗਲ ਸਹਾਇਤਾ ਕਰਦੇ ਹਨ ।

ਭਾਰਤ ਵਿੱਚ ਵਰਖਾ ਅਤੇ ਤਾਪਮਾਨ ਵਿੱਚ ਅਸਮਾਨਤਾ ਹੋਣ ਕਰਕੇ ਅਲੱਗ-ਅਲੱਗ ਭਾਗਾਂ ਵਿੱਚ ਭਿੰਨ-ਭਿੰਨ ਪ੍ਰਕਾਰ ਦੀ ਕੁਦਰਤੀ ਬਨਸਪਤੀ ਪਾਈ ਜਾਂਦੀ ਹੈ। ਭਾਰਤ ਦੀ ਕੁਦਰਤੀ ਬਨਸਪਤੀ ਜੰਗਲਾਂ ਨੂੰ ਹੇਠ ਲਿਖੀਆਂ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ —



**ਸਦਾਬਹਾਰ** ਬਨਸਪਤੀ ਜਾਂ ਜੰਗਲ ਸਾਰਾ ਸਾਲ ਹੀ ਹਰੇ ਰਹਿੰਦੇ ਹਨ। ਇਹਨਾਂ ਦੇ ਪੱਤੇ ਪੂਰੀ ਤਰ੍ਹਾਂ ਨਹੀਂ ਝੜਦੇ। ਇਸ ਤਰ੍ਹਾਂ ਦੀ ਬਨਸਪਤੀ ਜ਼ਿਆਦਾ ਵਰਖਾ (200 cm ਸਲਾਨਾ) ਵਾਲੇ ਖੇਤਰਾਂ ਵਿੱਚ ਹੁੰਦੀ ਹੈ। ਇਹ ਜੰਗਲ ਜ਼ਿਆਦਾਤਰ ਦੱਖਣੀ ਭਾਰਤ ਦੇ ਪੱਛਮੀ ਤੱਟ, ਬੰਗਾਲ ਅਤੇ ਆਸਾਮ ਦੇ ਉੱਤਰ-ਪੂਰਬ ਵਿੱਚ ਅਤੇ ਹਿਮਾਲਿਆ ਦੀਆਂ ਹੇਠਲੀਆਂ ਢਲਾਣਾਂ ਤੇ ਪਾਏ ਜਾਂਦੇ ਹਨ। ਇਸ ਤਰ੍ਹਾਂ ਦੇ ਜੰਗਲ ਕਰਨਾਟਕ ਦੇ ਕੁਝ ਹਿੱਸਿਆਂ ਵਿੱਚ ਵੀ ਮਿਲਦੇ ਹਨ, ਜਿੱਥੇ ਵਾਪਸ ਆਉਂਦੀਆਂ ਹੋਈਆਂ ਮਾਨਸੂਨ ਹਵਾਵਾਂ ਬਾਰਸ਼ ਕਰਦੀਆਂ ਹਨ। ਟੀਕ ਅਤੇ ਰੋਜ਼ਵੁੱਡ ਵਰਗੇ ਦਰੱਖਤ ਹਿਮਾਲਿਆ ਦੀਆਂ ਢਲਾਣਾਂ ਤੋਂ ਅਤੇ ਐਬਨੀ, ਨਿੰਮ ਅਤੇ ਇਮਲੀ ਦੇ ਦਰੱਖਤ ਕਰਨਾਟਕ ਵਿੱਚ ਮਿਲਦੇ ਹਨ।

**ਪੱਤਝੜੀ** ਜੰਗਲ ਉਹ ਜੰਗਲ ਹਨ ਜਿਨ੍ਹਾਂ ਦੇ ਦਰੱਖਤਾਂ ਦੇ ਪੱਤੇ ਇੱਕ ਮੌਸਮ ਵਿੱਚ ਝੜ ਜਾਂਦੇ ਹਨ। ਬਸੰਤ ਰੁੱਤ ਵਿੱਚ ਪੱਤੇ ਦੁਬਾਰਾ ਆਉਂਦੇ ਹਨ। ਇਸ ਤਰ੍ਹਾਂ ਦੀ ਬਨਸਪਤੀ ਦੱਖਣੀ ਭਾਰਤ ਵਿੱਚ ਜ਼ਿਆਦਾ ਮਿਲਦੀ ਹੈ। ਲੱਕੜ ਦੀ ਪ੍ਰਾਪਤੀ ਦੇ ਪੱਖੋਂ ਇਹ ਜੰਗਲ ਬਹੁਤ ਮਹੱਤਤਾ ਰੱਖਦੇ ਹਨ। ਇਹਨਾਂ ਜੰਗਲਾਂ ਤੋਂ ਸਾਨੂੰ ਮੁੱਖ ਤੌਰ ਤੇ ਸਾਲ, ਟੀਕ, ਬਾਂਸ, ਟਾਹਲੀ ਅਤੇ ਖੈਰ, ਕਿਸਮ ਦੀ ਲੱਕੜ ਮਿਲਦੀ ਹੈ।

**ਮਾਰੂਥਲੀ** ਜੰਗਲ (75 cm ਸਲਾਨਾ) ਤੋਂ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਮਿਲਦੇ ਹਨ। ਵਰਖਾ ਘੱਟ ਹੋਣ ਦੇ ਕਾਰਨ ਬਹੁਤ ਹੀ ਵਿਰਲੀ ਕਿਸਮ ਦੀ ਬਨਸਪਤੀ ਹੁੰਦੀ ਹੈ। ਰਾਜਸਥਾਨ, ਗੁਜਰਾਤ ਅਤੇ ਹਰਿਆਣਾ ਦੇ ਕੁਝ ਭਾਗਾਂ ਵਿੱਚ ਇਸ ਤਰ੍ਹਾਂ ਦੀ ਬਨਸਪਤੀ ਪਾਈ ਜਾਂਦੀ ਹੈ। ਇਹਨਾਂ ਥਾਵਾਂ ਤੇ ਸਾਨੂੰ ਜੰਡ, ਖਜੂਰ, ਥੋਹਰਾਂ (ਕੈਕਟਸ) ਅਤੇ ਕੰਡੇਦਾਰ ਝਾੜੀਆਂ ਵੀ ਮਿਲਦੀਆਂ ਹਨ। ਚੰਗੀ ਕਿਸਮ ਦੀ ਲੱਕੜ ਪ੍ਰਾਪਤੀ ਦੇ ਪੱਖੋਂ ਇਸ ਤਰ੍ਹਾਂ ਦੀ ਬਨਸਪਤੀ ਜ਼ਿਆਦਾ ਮਹੱਤਤਾ ਨਹੀਂ ਰੱਖਦੀ।

**ਪਰਬਤੀ ਬਨਸਪਤੀ** ਸਾਨੂੰ ਪਰਬਤਾਂ ਦੀਆਂ ਢਲਾਣਾਂ ਤੋਂ ਮਿਲਦੀ ਹੈ। ਅਸਾਮ ਤੋਂ ਲੈ ਕੇ ਕਸ਼ਮੀਰ ਤੱਕ ਇਲਾਕਿਆਂ ਦੀਆਂ ਢਲਾਣਾਂ ਅਨੇਕਾਂ ਹੀ ਪ੍ਰਕਾਰ ਦੇ ਦਰੱਖਤਾਂ ਨਾਲ ਭਰੀਆਂ ਪਈਆਂ ਹਨ। ਇਹਨਾਂ ਦਰੱਖਤਾਂ ਦੀ ਲੱਕੜ, ਵਰਤੋਂ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਹੈ। ਸਾਨੂੰ ਇਥੋਂ ਕਈ ਤਰ੍ਹਾਂ ਦੀ ਲੱਕੜ ਜਿਵੇਂ ਚੀਲ, ਫਰ, ਦਿਓਦਾਰ, ਓਕ, ਅਖਰੋਟ, ਮੈਪਲ, ਪੌਪੂਲਰ ਆਦਿ ਪ੍ਰਾਪਤ ਹੁੰਦੀ ਹੈ। ਇਹ ਮਹਿੰਗੀ ਅਤੇ ਵਧੀਆ ਕਿਸਮ ਦੀ ਲੱਕੜ ਹੈ। ਇਹ ਲੱਕੜ ਇਮਾਰਤਾਂ ਵਿੱਚ, ਰੇਲ ਦੇ ਡੱਬੇ ਬਣਾਉਣ ਵਿੱਚ, ਮਾਚਸ ਅਤੇ ਵਧੀਆ ਕਿਸਮ ਦਾ ਫਰਨੀਚਰ ਬਣਾਉਣ ਦੇ ਕੰਮ ਆਉਂਦੀ ਹੈ। ਪਰਬਤੀ ਬਨਸਪਤੀ ਦੀ ਪੱਟੀ ਵਿੱਚੋਂ ਕਈ ਕਿਸਮ ਦੇ ਫਲ ਜਿਵੇਂ ਸੇਬ, ਬਦਾਮ, ਅਖਰੋਟ, ਆਲੂਬੁਖਾਰਾ ਆਦਿ ਵੀ ਪ੍ਰਾਪਤ ਹੁੰਦੇ ਹਨ।

**ਡੈਲਟਾ** ਕਿਸਮ ਦੀ ਬਨਸਪਤੀ ਸਮੁੰਦਰਾਂ ਦੇ ਕੰਢਿਆਂ ਦੇ ਨੇੜੇ ਮਿਲਦੀ ਹੈ। ਦਰਿਆ, ਸਮੁੰਦਰ ਵਿੱਚ ਦਾਖਲ ਹੋਣ ਤੇ ਡੈਲਟਾ ਦਾ ਨਿਰਮਾਣ ਕਰਦਾ ਹੈ। ਜੋ ਬਨਸਪਤੀ ਇਹਨਾਂ ਡੈਲਟਾ ਖੇਤਰਾਂ ਵਿੱਚ ਉਗਦੀ ਹੈ ਉਸਨੂੰ ਡੈਲਟਾ ਬਨਸਪਤੀ ਦਾ ਨਾਂ ਦਿੱਤਾ ਜਾਂਦਾ ਹੈ। ਗੰਗਾ, ਬ੍ਰਹਮਪੁੱਤਰ ਜਾਂ ਦੱਖਣੀ ਭਾਰਤ ਦੀਆਂ ਕੁਝ ਨਦੀਆਂ ਦੇ ਡੈਲਟਾ ਭਾਗਾਂ ਤੇ ਇਸ ਤਰ੍ਹਾਂ ਦੀ ਬਨਸਪਤੀ ਮਿਲਦੀ ਹੈ। ਸੁੰਦਰੀ ਦਰੱਖਤ ਦੀ ਲੱਕੜ ਮਨੁੱਖ ਦੀ ਵਰਤੋਂ ਦੇ ਪੱਖ ਤੋਂ ਮਹੱਤਤਾ ਰੱਖਦੀ ਹੈ। ਇਸ ਤਰ੍ਹਾਂ ਦੀ ਬਨਸਪਤੀ ਵਿੱਚ 'ਸੁੰਦਰੀ' ਦੇ ਦਰੱਖਤ ਜ਼ਿਆਦਾ ਮਿਲਣ ਕਰਕੇ ਹੀ ਗੰਗਾ, ਬ੍ਰਹਮਪੁੱਤਰ ਡੈਲਟਾ ਨੂੰ ਸੁੰਦਰਬਨ ਦਾ ਡੈਲਟਾ ਕਿਹਾ ਜਾਂਦਾ ਹੈ।

ਕੁਦਰਤੀ ਬਨਸਪਤੀ ਮਨੁੱਖ ਦੀਆਂ ਅਣਗਿਣਤ ਲੋੜਾਂ ਨੂੰ ਪੂਰਾ ਕਰਦੀ ਹੈ। ਬਾਲਣ ਅਤੇ ਇਮਾਰਤੀ ਲੱਕੜ ਤੋਂ ਇਲਾਵਾ, ਕਾਗਜ਼ ਬਣਾਉਣ ਲਈ ਲੱਕੜ, ਗੂੰਦ, ਗੰਦਾ ਬਰੋਜ਼ਾ, ਤਾਰਪੀਨ, ਲਾਖ, ਰੱਬੜ, ਚਮੜਾ ਰੰਗਣ ਲਈ ਛਿਲਕਾ, ਦਵਾਈਆਂ ਵਾਸਤੇ ਜੜ੍ਹੀ-ਬੂਟੀਆਂ ਅਤੇ ਅਨੇਕਾਂ ਹੀ ਪ੍ਰਕਾਰ ਦੇ ਫਲ਼ ਪ੍ਰਦਾਨ ਕਰਦੀ ਹੈ। ਬਹੁਤ ਸਾਰੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਕੁਦਰਤੀ ਘਰਾਂ (Natural Habitat) ਦੇ ਤੌਰ ਤੇ ਕੰਮ ਆਉਂਦੀ ਹੈ। ਹੜ੍ਹਾਂ, ਭੌਂ-ਖੋਰ ਅਤੇ ਮਾਰੂਥਲਾਂ ਦੇ ਵਾਧੇ ਨੂੰ ਰੋਕਣ ਵਿੱਚ ਬਹੁਤ ਯੋਗਦਾਨ ਪਾਉਂਦੀ ਹੈ। ਬਨਸਪਤੀ ਦਾ ਵਰਖਾ

ਲਿਆਉਣ ਵਿੱਚ ਅਤੇ ਕੁਦਰਤੀ ਸੰਤੁਲਨ ਕਾਇਮ ਕਰਨ ਵਿੱਚ ਬਹੁਤ ਵੱਡਾ ਹੱਥ ਹੈ। ਇਸ ਲਈ ਕੁਦਰਤੀ ਬਨਸਪਤੀ ਜਾਂ ਜੰਗਲਾਂ ਨੂੰ ਨਸ਼ਟ ਹੋਣ ਤੋਂ ਬਚਾਇਆ ਜਾਣਾ ਚਾਹੀਦਾ ਹੈ ਅਤੇ ਇਹਨਾਂ ਦਾ ਰਕਬਾ ਵਧਾਉਣ ਵਾਸਤੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

## V. ਜੰਗਲੀ ਜੀਵ (Wild Life)

ਜੋ ਜੀਵ ਜੰਗਲਾਂ ਵਿੱਚ ਰਹਿੰਦੇ ਹਨ, ਉਹਨਾਂ ਨੂੰ ਜੰਗਲੀ ਜੀਵ ਕਿਹਾ ਜਾਂਦਾ ਹੈ। ਜੰਗਲ ਇਹਨਾਂ ਜੀਵਾਂ ਦਾ ਕੁਦਰਤੀ ਘਰ (Natural Habitat) ਮੰਨਿਆ ਜਾਂਦਾ ਹੈ। ਇਹ ਜੀਵ-ਜਾਨਵਰ, ਪੰਛੀ ਅਤੇ ਕੀਟ-ਪਤੰਗੇ ਹੁੰਦੇ ਹਨ। ਸੰਸਾਰ ਦੇ ਵੱਡੇ-ਵੱਡੇ ਜੰਗਲਾਂ ਅਤੇ ਘਾਹ ਦੇ ਮੈਦਾਨਾਂ ਵਿੱਚ ਬਹੁਤ ਸਾਰੇ ਜੀਵ ਮਿਲਦੇ ਹਨ। ਭਾਰਤ ਦੇ ਜੰਗਲਾਂ ਵਿੱਚ ਵੀ ਬਹੁਤ ਸਾਰੇ ਜੀਵ ਮਿਲਦੇ ਹਨ। ਭਾਰਤ ਵਿੱਚ 80,000 ਤੋਂ ਵੀ ਵੱਧ ਕਿਸਮ ਦੇ ਜਾਨਵਰ ਮਿਲਦੇ ਹਨ। ਇਹਨਾਂ ਜਾਨਵਰਾਂ ਵਿੱਚ ਹਾਥੀ, ਸ਼ੇਰ, ਚੀਤਾ, ਬਾਘ, ਗੈਂਡਾ, ਭਾਲੂ, ਯਾਕ, ਹਿਰਨ, ਬਾਂਦਰ, ਲੰਗੂਰ, ਨੀਲ ਗਾਂ, ਗਿੱਦੜ, ਲੂੰਬੜ ਆਦਿ ਪ੍ਰਮੁੱਖ ਹਨ। ਇਸਦੇ ਇਲਾਵਾ, ਗਾਲ੍ਹੜ, ਨਿਓਲਾ, ਕੱਛੂਕੰਮਾ ਅਤੇ ਕਈ ਕਿਸਮ ਦੇ ਸੱਪ ਪਾਏ ਜਾਂਦੇ ਹਨ। ਕਈ ਤਰ੍ਹਾਂ ਦੇ ਪੰਛੀ ਸਰਦੀਆਂ ਦੇ ਮੌਸਮ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਠੰਡੇ ਦੇਸ਼ਾਂ ਜਿਵੇਂ ਸਾਇਬੇਰੀਆ, ਚੀਨ ਆਦਿ ਤੋਂ ਭਾਰਤ ਵਿੱਚ ਆਉਂਦੇ ਹਨ। ਇਹਨਾਂ ਪੰਛੀਆਂ ਨੂੰ ਪ੍ਰਵਾਸੀ ਪੰਛੀ ਕਿਹਾ ਜਾਂਦਾ ਹੈ। ਭਾਰਤ ਦੇਸ਼ ਵਿੱਚ ਵੀ ਅਨੇਕਾਂ ਪ੍ਰਕਾਰ ਦੇ ਪੰਛੀ ਅਤੇ ਮੱਛੀਆਂ ਮਿਲਦੀਆਂ ਹਨ।

**ਜੰਗਲੀ ਜੀਵਾਂ ਦਾ ਬਚਾਅ ਅਤੇ ਸਾਂਭ-ਸੰਭਾਲ —** ਮਨੁੱਖ ਸ਼ੁਰੂ ਤੋਂ ਹੀ ਬਹੁਤ ਸਾਰੇ ਜਾਨਵਰ ਅਤੇ ਪੰਛੀਆਂ ਦਾ ਸ਼ਿਕਾਰ ਕਰਦਾ ਆ ਰਿਹਾ ਹੈ। ਸ਼ਾਇਦ ਪੁਰਾਣੇ ਸਮੇਂ ਵੇਲੇ ਮਨੁੱਖ ਦੇ ਭੋਜਨ ਵਾਸਤੇ ਇਹਨਾਂ ਨੂੰ ਮਾਰਨਾ ਜ਼ਰੂਰੀ ਸੀ। ਪਰੰਤੂ ਅੱਜ ਦੇ ਮਨੁੱਖ ਕੋਲ ਤਾਂ ਅਨੇਕਾਂ ਪ੍ਰਕਾਰ ਦੇ ਹੋਰ ਪਦਾਰਥ ਖਾਣ ਵਾਸਤੇ ਮੌਜੂਦ ਹਨ। ਇਸ ਲਈ ਮਨੁੱਖ ਦਾ ਜਾਨਵਰਾਂ ਅਤੇ ਪੰਛੀਆਂ ਨੂੰ ਮਾਰਨਾ ਸੋਭਦਾ ਨਹੀਂ ਹੈ ।

ਜਾਨਵਰਾਂ ਦੀਆਂ ਕਈ ਕਿਸਮਾਂ ਤਾਂ ਹੁਣ ਤੱਕ ਖ਼ਤਮ ਹੋ ਚੁੱਕੀਆਂ ਹਨ ਅਤੇ ਕਈ ਹੋਰ ਖ਼ਤਮ ਹੋਣ ਦੇ ਕੰਢੇ 'ਤੇ ਹਨ। ਇਸ ਲਈ ਸਾਨੂੰ, ਜਾਨਵਰਾਂ ਨੂੰ ਮਾਰਨ ਤੋਂ ਹੱਟ ਜਾਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਬਚਾ ਕੇ ਰੱਖਣ ਵਾਸਤੇ ਯੋਗਦਾਨ ਪਾਉਣਾ ਚਾਹੀਦਾ ਹੈ।

ਸਾਡੀ ਸਰਕਾਰ ਵੱਲੋਂ ਵੀ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਉਦੇਸ਼ ਲਈ ਸੰਨ 1952 ਵਿੱਚ ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for Wildlife) ਦੀ ਸਥਾਪਨਾ ਕੀਤੀ ਗਈ ਸੀ। ਇਸ ਵਲੋਂ ਜੰਗਲੀ ਜੀਵਾਂ ਨੂੰ ਬਚਾਉਣ ਵਾਸਤੇ ਕਈ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸ ਤੋਂ ਪਹਿਲਾਂ 1972 ਵਿੱਚ ਤੇ ਫਿਰ 2002 ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਸਰਕਾਰ ਵਲੋਂ ਐਕਟ ਵੀ ਪਾਸ ਕੀਤੇ ਗਏ। ਬਹੁਤ ਸਾਰੀਆਂ ਕੌਮੀ ਪਾਰਕਾਂ (National Parks) ਅਤੇ ਜੰਗਲੀ ਜੀਵ ਪਨਾਹਗਾਹਾਂ (Wildlife Sanctuaries) ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇੱਥੇ ਜੰਗਲੀ ਜੀਵ ਕੁਦਰਤੀ ਹਾਲਤਾਂ ਵਿੱਚ ਸੁਰੱਖਿਅਤ ਰਹਿ ਸਕਦੇ ਹਨ। ਹੁਣ ਤੱਕ ਦੇਸ਼ ਵਿੱਚ 89 ਕੌਮੀ ਪਾਰਕ ਅਤੇ 490 ਜੰਗਲੀ ਜੀਵ ਪਨਾਹਗਾਹਾਂ ਹਨ। ਸਾਨੂੰ ਆਪਣੇ ਪੱਧਰ ਤੇ ਚਾਹੀਦਾ ਹੈ ਕਿ ਜੰਗਲੀ ਜੀਵਾਂ ਅਤੇ ਪੰਛੀਆਂ ਦਾ ਸ਼ਿਕਾਰ ਨਾ ਕੀਤਾ ਜਾਵੇ। ਜੰਗਲ, ਜੋ ਕਿ ਜੰਗਲੀ ਜੀਵਾਂ ਅਤੇ ਪੰਛੀਆਂ ਦਾ ਘਰ ਹਨ, ਨਾ ਕੱਟੇ ਜਾਣ। ਸਰਕਾਰ ਨੂੰ ਚਾਹੀਦਾ ਹੈ ਕਿ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਬਣਾਏ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

## ਯਾਦ ਰੱਖਣ ਯੋਗ ਨੁਕਤੇ
### (POINTS TO REMEMBER)

**ਕੁਦਰਤੀ ਸਾਧਨ :** ਕੁਦਰਤੀ ਖਜ਼ਾਨਿਆਂ ਨੂੰ ਕੁਦਰਤੀ ਸਾਧਨ ਕਿਹਾ ਜਾਂਦਾ ਹੈ।

ਜਿਵੇਂ : ਭੂਮੀ — ਕੁਦਰਤੀ ਬਨਸਪਤੀ

ਮਿੱਟੀ — ਜੰਗਲੀ ਜੀਵ

ਪਾਣੀ — ਖਣਿਜ ਅਤੇ ਸ਼ਕਤੀ ਸਾਧਨ

**ਭੂਮੀ ਸਾਧਨ :** ਖੇਤੀਬਾੜੀ ਅਤੇ ਹੋਰ ਮਨੁੱਖੀ ਕਿਰਿਆਵਾਂ ਲਈ ਬਹੁਤ ਮਹੱਤਵਪੂਰਨ ਹੈ

ਭਾਰਤ ਵਿੱਚ ਭੂਮੀ ਦੀ ਵਰਤੋਂ
- → ਜੰਗਲਾਂ ਹੇਠ ਭੂਮੀ
- → ਬਿਜਾਈ ਹੇਠ ਭੂਮੀ
- → ਗ਼ੈਰ ਖੇਤੀ ਭੂਮੀ
- → ਖੇਤੀ ਤੋਂ ਬਿਨਾਂ ਛੱਡੀ ਹੋਈ ਭੂਮੀ
- → ਖੇਤੀ ਯੋਗ ਪਰੰਤੂ ਵਿਅਰਥ ਭੂਮੀ
- → ਚਰਾਗਾਹਾਂ ਅਤੇ ਦਰੱਖਤਾਂ ਹੇਠ ਭੂਮੀ

**ਮਿੱਟੀ ਸਾਧਨ :** ਫਸਲਾਂ ਅਤੇ ਪੌਦੇ ਉਗਾਉਣ ਵਾਸਤੇ ਜ਼ਰੂਰੀ ਸਾਧਨ ਹੈ।

**ਮਿੱਟੀ ਦੀਆਂ ਕਿਸਮਾਂ :** ਜਲੌਢੀ ਮਿੱਟੀ, ਕਾਲੀ ਮਿੱਟੀ, ਲਾਲ ਮਿੱਟੀ, ਮਾਰੂਥਲੀ ਮਿੱਟੀ, ਲੈਟਰਾਈਟ ਮਿੱਟੀ, ਜੰਗਲੀ ਅਤੇ ਪਰਬਤੀ ਮਿੱਟੀ

ਮਿੱਟੀ ਸਾਧਨ ਨਾਲ ਸੰਬੰਧਤ ਸਮੱਸਿਆਵਾਂ ਦਾ ਹੱਲ ਅਤੇ ਇਸ ਦੀ ਸਾਂਭ-ਸੰਭਾਲ ਬਹੁਤ ਹੀ ਜ਼ਰੂਰੀ ਹੈ।

**ਪਾਣੀ ਸਾਧਨ :** ਬਹੁਤ ਕੀਮਤੀ ਸਾਧਨ ਹੈ।

**ਸੰਸਾਰ ਵਿੱਚ ਪਾਣੀ ਦੀ ਵਰਤੋਂ:-**

ਮਨੁੱਖ ਲਈ ਪਾਣੀ ਦੇ ਸੋਮੇ- ਵਰਖਾ, ਦਰਿਆ ਅਤੇ ਨਦੀਆਂ, ਨਹਿਰਾਂ, ਤਲਾਅ ਅਤੇ ਪਾਣੀ ਦੇ ਸਾਧਨਾਂ ਦੀ ਸਾਂਭ-ਸੰਭਾਲ।

**ਕੁਦਰਤੀ ਬਨਸਪਤੀ-** ਜਲਵਾਯੂ, ਮਿੱਟੀ ਦੀ ਕਿਸਮ ਅਤੇ ਕਿਸੇ ਜਗ੍ਹਾਂ ਦੀ ਸਮੁੰਦਰ ਤਲ ਤੋਂ ਉਚਾਈ 'ਤੇ ਨਿਰਭਰ ਕਰਦੀ ਹੈ।

**ਕਿਸਮਾਂ -** ਸਦਾਬਹਾਰ, ਪੱਤਝੜੀ, ਮਾਰੂਥਲੀ, ਪਰਬਤੀ ਅਤੇ ਡੈਲਟਾਈ ਬਨਸਪਤੀ, ਮਹੱਤਤਾ ਅਤੇ ਸਾਂਭ-ਸੰਭਾਲ

**ਜੰਗਲੀ ਜੀਵ -** ਕਿਸਮਾਂ, ਸਰਕਾਰ ਵਲੋਂ ਕੀਤੇ ਗਏ ਉਪਰਾਲੇ

(ਨੋਟ : ਖਣਿਜ ਅਤੇ ਸ਼ਕਤੀ ਸਾਧਨਾਂ ਦਾ ਵਿਸਤ੍ਰਿਤ ਵਰਨਣ ਅਗਲੇ ਪਾਠ ਵਿੱਚ ਕੀਤਾ ਗਿਆ ਹੈ।)

# ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦ) ਵਿਚ ਦਿਓ :**

1. ਭੂਮੀ ਨੂੰ ਮੁੱਖ ਤੌਰ ਤੇ ਕਿਹੜੇ-ਕਿਹੜੇ ਧਰਾਤਲੀ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?
2. ਮੈਦਾਨਾਂ ਦਾ ਕੀ ਮਹੱਤਵ ਹੈ ?
3. ਭਾਰਤ ਵਿੱਚ ਕਿੰਨੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ ? ਕਿਸਮਾਂ ਦੇ ਨਾਮ ਲਿਖੋ।
4. ਕਾਲੀ ਮਿੱਟੀ ਤੇ ਕਿਹੜੀਆਂ-ਕਿਹੜੀਆਂ ਫਸਲਾਂ ਉਗਾਈਆਂ ਜਾ ਸਕਦੀਆਂ ਹਨ ?
5. ਪਾਣੀ ਦੇ ਮੁੱਖ ਸੋਮਿਆਂ ਦਾ ਨਾਮ ਲਿਖੋ।
6. ਕੁਦਰਤੀ ਬਨਸਪਤੀ ਤੋਂ ਮਨੁੱਖ ਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ ?
7. ਪ੍ਰਵਾਸੀ ਪੰਛੀ ਕੀ ਹਨ ਅਤੇ ਇਹ ਕਿੱਥੋਂ ਆਉਂਦੇ ਹਨ ?

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ :**

1. ਮਿੱਟੀ ਦੀਆਂ ਕਿਸਮਾਂ ਦੇਸ਼ ਦੇ ਜਲੌਢੀ ਮਿੱਟੀ ਦੀ ਮਹੱਤਤਾ ਬਾਰੇ ਲਿਖੋ।
2. ਮਿੱਟੀ ਸਾਧਨ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ ?
3. ਪਾਣੀ ਦੇ ਸੋਮਿਆਂ ਵਿੱਚੋਂ ਦਰਿਆ ਅਤੇ ਨਦੀਆਂ ਦੀ ਮਹੱਤਤਾ ਬਾਰੇ ਲਿਖੋ।
4. ਪਾਣੀ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ ?
5. ਪੱਤਝੜ ਜੰਗਲਾਂ 'ਤੇ ਇੱਕ ਨੋਟ ਲਿਖੋ।
6. ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ-ਸੰਭਾਲ ਲਈ ਭਾਰਤ ਸਰਕਾਰ ਨੇ ਕੀ-ਕੀ ਕਦਮ ਉਠਾਏ ਹਨ ?


**3. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਦਰਸਾਓ:-**

1. ਭਾਰਤ ਦੇ ਉੱਤਰੀ ਮੈਦਾਨ
2. ਗੰਗਾ ਅਤੇ ਬ੍ਰਹਮਪੁੱਤਰ ਦਰਿਆ
3. ਜਲੌਢੀ ਮਿੱਟੀ ਦਾ ਇੱਕ ਖੇਤਰ
4. ਕਾਲੀ ਮਿੱਟੀ ਵਾਲਾ ਇੱਕ ਰਾਜ
5. ਸਦਾਬਹਾਰ ਜੰਗਲਾਂ ਵਾਲਾ ਇੱਕ ਖੇਤਰ
6. ਪਰਬਤੀ ਅਤੇ ਡੈਲਟਾ ਕਿਸਮ ਦੀ ਬਨਸਪਤੀ ਦਾ ਇੱਕ ਇੱਕ ਖੇਤਰ

**ਕੁਝ ਕਰਨ ਲਈ**

ਭਾਰਤ ਦੇ ਰਾਜਨੀਤਕ ਨਕਸ਼ੇ ਤੇ ਛੇ ਕਿਸਮਾਂ ਦੀਆਂ ਮਿੱਟੀਆਂ ਨੂੰ ਜਿਹੜੇ ਰਾਜਾਂ ਵਿੱਚ ਪ੍ਰਮੁੱਖ ਤੌਰ 'ਤੇ ਪਾਈਆਂ ਜਾਂਦੀਆਂ ਹਨ, ਅਲੱਗ-ਅਲੱਗ ਰੰਗਾਂ ਨਾਲ ਦਿਖਾਓ।

**INDIA** OUTLINE AND ADJACENT COUNTRIES ਭਾਰਤ ਅਤੇ ਗੁਆਂਢੀ ਦੇਸ਼





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

## INDIA OUTLINE AND ADJACENT COUNTRIES

## ਭਾਰਤ ਅਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

ਪਾਠ 3

# ਖਣਿਜ ਅਤੇ ਊਰਜਾ ਸਾਧਨ

ਖਣਿਜ ਪਦਾਰਥ ਅਤੇ ਸ਼ਕਤੀ ਸਾਧਨ ਦੋਵੇਂ ਹੀ ਕਿਸੇ ਦੇਸ਼ ਦੇ ਵਿਕਾਸ ਦੇ ਪੱਖ ਤੋਂ ਬਹੁਤ ਮਹੱਤਵ ਰੱਖਦੇ ਹਨ। ਜਿਹਨਾਂ ਦੇਸ਼ਾਂ ਕੋਲ ਇਹਨਾਂ ਪਦਾਰਥਾਂ ਦੇ ਜ਼ਿਆਦਾ ਭੰਡਾਰ ਹਨ ਉਹ ਦੇਸ਼, ਅਮੀਰ ਦੇਸ਼ਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਮੰਨੇ ਜਾਂਦੇ ਹਨ।

**ਖਣਿਜ ਪਦਾਰਥ** — ਉਹ ਕੁਦਰਤੀ ਪਦਾਰਥ ਹਨ ਜਿਹੜੇ ਇੱਕ ਜਾਂ ਜ਼ਿਆਦਾ ਤੱਤਾਂ ਤੋਂ ਬਣੇ ਹੋਏ ਹਨ ਅਤੇ ਧਰਤੀ ਵਿੱਚੋਂ ਨਿਕਲਦੇ ਹਨ। ਇਹਨਾਂ ਦੀ ਇੱਕ ਖਾਸ ਰਸਾਇਣਕ ਬਣਤਰ ਹੁੰਦੀ ਹੈ। ਇਹ ਆਪਣੇ ਭੌਤਿਕ ਅਤੇ ਰਸਾਇਣਕ ਗੁਣਾਂ ਕਰਕੇ ਪਛਾਣੇ ਜਾਂਦੇ ਹਨ। ਖਣਿਜ ਪਦਾਰਥਾਂ ਨੂੰ ਹੇਠਾਂ ਦਿੱਤੀਆਂ ਕੁਝ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ —

**ਖਣਿਜ ਪਦਾਰਥ**

- **ਧਾਤੂ ਖਣਿਜ ਪਦਾਰਥ (Metallic Minerals)**
  - **ਲੋਹ-ਧਾਤੂ ਖਣਿਜ ਪਦਾਰਥ (Ferrous-Metallic Minerals)**
    ਕੱਚਾ ਲੋਹਾ, ਮੈਗਨੀਜ਼, ਕਰੋਮਾਈਟ, ਨਿੱਕਲ, ਕੋਬਾਲਟ, ਟੰਗਸਟਨ ਆਦਿ।
  - **ਲੋਹੇ ਤੋਂ ਬਿਨ੍ਹਾਂ ਧਾਤੂ ਖਣਿਜ ਪਦਾਰਥ (Non-Ferrous Metallic Minerals)**
    ਸੋਨਾ, ਚਾਂਦੀ, ਤਾਂਬਾ, ਸਿੱਕਾ, ਬਾਕਸਾਈਟ, ਟਿੰਨ, ਮੈਗਨੀਸ਼ੀਅਮ ਆਦਿ।
- **ਅਧਾਤੂ ਖਣਿਜ ਪਦਾਰਥ (Non-Metallic Minerals)**
  ਅਬਰਕ, ਚੂਨੇ ਦਾ ਪੱਥਰ, ਡੋਲੋਮਾਈਟ, ਹੀਰਾ, ਜਿਪਸਮ ਆਦਿ।
- **ਪਰਮਾਣੂ ਖਣਿਜ ਪਦਾਰਥ (Atomic Minerals)**
  ਯੂਰੇਨੀਅਮ, ਥੋਰੀਅਮ ਬੈਰੀਅਮ, ਲਿਥੀਅਮ ਆਦਿ।

### ਕੁਝ ਮਹੱਤਵਪੂਰਨ ਖਣਿਜ ਪਦਾਰਥਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਗਈ ਹੈ—

## ਕੱਚਾ ਲੋਹਾ (Iron Ore)

ਕੱਚਾ ਲੋਹਾ ਧਰਤੀ ਦੀ ਉਪਰਲੀ ਤਹਿ ਦਾ 5% ਹਿੱਸਾ ਹੈ ਅਤੇ ਇਹ ਆਮ ਅਤੇ ਸਭ ਤੋਂ ਜ਼ਿਆਦਾ ਇਸਤੇਮਾਲ ਕੀਤੀ ਜਾਣ ਵਾਲੀ ਧਾਤ ਹੈ। ਇਸ ਧਾਤ ਦੀ ਵਰਤੋਂ ਅਨੇਕਾਂ ਹੀ ਤਰ੍ਹਾਂ ਦੀਆਂ ਵਸਤਾਂ ਬਣਾਉਣ ਵਿੱਚ ਕੀਤੀ ਜਾਂਦੀ ਹੈ। ਇਹ ਧਾਤ ਧਰਤੀ ਵਿੱਚੋਂ ਸ਼ੁਧ ਰੂਪ ਵਿੱਚ ਨਹੀਂ ਮਿਲਦੀ ਸਗੋਂ ਇਸ ਵਿੱਚ ਕਈ ਤਰ੍ਹਾਂ ਦੀਆਂ ਮਿਲਾਵਟਾਂ ਹੁੰਦੀਆਂ ਹਨ। ਉਦਯੋਗਾਂ ਵਿੱਚ ਲਿਆ ਕੇ ਇਸ ਵਿੱਚੋਂ ਮਿਲਾਵਟਾਂ ਨੂੰ ਦੂਰ ਕਰਕੇ ਸ਼ੁੱਧ ਲੋਹਾ ਪ੍ਰਾਪਤ ਕੀਤਾ ਜਾਂਦਾ ਹੈ।

ਸੰਸਾਰ ਵਿੱਚ ਰੂਸ ਅਤੇ ਇਸਦੇ ਗੁਆਂਢੀ ਦੇਸ਼, ਆਸਟਰੇਲੀਆ, ਬ੍ਰਾਜ਼ੀਲ ਅਤੇ ਸੰਯੁਕਤ ਰਾਜ ਅਮਰੀਕਾ (ਯੂ.ਐੱਸ.ਏ.) ਵਰਗੇ ਦੇਸ਼ਾਂ ਵਿੱਚ ਕੱਚੇ ਲੋਹੇ ਦੇ ਵੱਡੇ ਭੰਡਾਰ ਹਨ।

ਭਾਰਤ ਦੇਸ਼ ਸੰਸਾਰ ਦਾ 5.55% ਕੱਚਾ ਲੋਹਾ ਪੈਦਾ ਕਰਦਾ ਹੈ। ਸਾਡੇ ਦੇਸ਼ ਵਿੱਚ ਲਗਭਗ ਹਰੇਕ ਕਿਸਮ ਦਾ ਕੱਚਾ ਲੋਹਾ ਮਿਲਦਾ ਹੈ ਪਰੰਤੂ ਹੈਮੇਟਾਈਟ ਕਿਸਮ ਪ੍ਰਮੁੱਖ ਹੈ। ਕੱਚਾ ਲੋਹਾ ਪੈਦਾ ਕਰਨ ਵਾਲੇ ਮੁੱਖ ਖੇਤਰ — ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਗੋਆ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ ਅਤੇ ਤਾਮਿਲਨਾਡੂ ਹਨ। ਝਾਰਖੰਡ ਦੇ ਸਿੰਘਭੂਮ, ਉੜੀਸਾ ਦੇ ਮਯੂਰਭੰਜ, ਛੱਤੀਸਗੜ੍ਹ ਦੇ ਦੁਰਗ ਅਤੇ ਬਸਤਰ, ਕਰਨਾਟਕ ਦੇ ਮੈਸੂਰ, ਬੇਲਾਰੀ, ਧਾਰਵਾੜ ਇਲਾਕੇ ਚੰਗੀ ਕਿਸਮ ਦੇ ਕੱਚੇ ਲੋਹੇ ਵਾਸਤੇ ਪ੍ਰਸਿੱਧ ਮੰਨੇ ਜਾਂਦੇ ਹਨ।

### ਮੈਂਗਨੀਜ਼ (Manganese)

ਇਹ ਇਕ ਅਜਿਹਾ ਖਣਿਜ ਪਦਾਰਥ ਹੈ ਜਿਹੜਾ ਲੋਹਾ ਅਤੇ ਸਟੀਲ ਬਣਾਉਣ ਦੇ ਕੰਮ ਆਉਂਦਾ ਹੈ। ਇਸਦੀ ਸਭ ਤੋਂ ਵੱਡੀ ਵਰਤੋਂ ਲੋਹੇ ਦਾ ਮਿਸ਼ਰਣ (Ferro-alloy) ਬਣਾਉਣ ਵਿੱਚ ਹੁੰਦੀ ਹੈ। ਇਕ ਟਨ ਸਟੀਲ ਬਣਾਉਣ ਲਈ ਲਗਭਗ 6 ਕਿਲੋਗ੍ਰਾਮ ਮੈਂਗਨੀਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਮੈਂਗਨੀਜ਼ ਦੀ ਵਰਤੋਂ ਬਲੀਚਿੰਗ ਪਾਊਡਰ, ਕੀੜੇ ਮਾਰ ਦਵਾਈਆਂ, ਪੇਂਟ, ਬੈਟਰੀਜ਼ ਆਦਿ ਵਿੱਚ ਵੀ ਕੀਤੀ ਜਾਂਦੀ ਹੈ।

ਮੈਂਗਨੀਜ਼ ਦੇ ਭੰਡਾਰਾਂ ਵਿੱਚ ਜਿੰਬਾਬਵੇ ਤੋਂ ਬਾਅਦ ਭਾਰਤ ਦਾ ਦੂਜਾ ਸਥਾਨ ਹੈ। ਪਰੰਤੂ ਪੈਦਾਵਾਰ ਦੇ ਹਿਸਾਬ ਨਾਲ ਸਾਡਾ ਦੇਸ਼ ਪੰਜਵੇਂ ਨੰਬਰ ਤੇ ਆਉਂਦਾ ਹੈ। ਭਾਰਤ ਵਿੱਚ ਮੈਂਗਨੀਜ਼ ਮੁੱਖ ਤੌਰ ਤੇ ਕਰਨਾਟਕ, ਉੜੀਸਾ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਗੋਆ ਰਾਜਾਂ ਵਿੱਚ ਮਿਲਦਾ ਹੈ। ਕੁਝ ਮਾਤਰਾ ਵਿੱਚ ਮੈਂਗਨੀਜ਼ — ਆਂਧਰਾ ਪ੍ਰਦੇਸ਼, ਝਾਰਖੰਡ, ਗੁਜਰਾਤ, ਰਾਜਸਥਾਨ ਅਤੇ ਪੱਛਮੀ ਬੰਗਾਲ ਵਿੱਚੋਂ ਵੀ ਕੱਢਿਆ ਜਾਂਦਾ ਹੈ। ਮੈਂਗਨੀਜ਼ ਦੀ ਕੁਝ ਮਾਤਰਾ ਉੜੀਸਾ ਦੇ ਸੁੰਦਰਗੜ੍ਹ, ਕਾਲਾਹਾਂਡੀ, ਕੋਰਾਪੱਟ, ਬੋਲਨਗੀਰ ਅਤੇ ਸਾਂਬਲਪੁਰ ਜ਼ਿਲ੍ਹਿਆਂ ਵਿੱਚੋਂ ਪ੍ਰਾਪਤ ਕੀਤੀ ਜਾਂਦੀ ਹੈ। ਮਹਾਂਰਾਸ਼ਟਰ ਵਿੱਚ ਨਾਗਪੁਰ, ਭੰਡਾਰਾਂ ਅਤੇ ਰਤਨਾਗਿਰੀ ਜ਼ਿਲ੍ਹੇ, ਮੱਧ ਪ੍ਰਦੇਸ਼ ਵਿੱਚ ਬਾਲਾਘਾਟ ਅਤੇ ਛਿੰਦਵਾੜਾ ਜ਼ਿਲ੍ਹੇ ਮੈਂਗਨੀਜ਼ ਵਾਸਤੇ ਪ੍ਰਸਿੱਧ ਹਨ।

### ਤਾਂਬਾ (Copper)

ਤਾਂਬਾ ਨਰਮ ਅਤੇ ਭੂਰੇ ਰੰਗ ਦੀ ਧਾਤ ਹੈ, ਜਿਹੜੀ ਅਗਨੀ ਅਤੇ ਰੂਪਾਂਤਰਿਤ ਚਟਾਨਾਂ ਵਿੱਚੋਂ ਮਿਲਦੀ ਹੈ। ਇਸ ਦੀ ਵਰਤੋਂ ਮਨੁੱਖ ਦੁਆਰਾ ਬਹੁਤ ਪੁਰਾਣੇ ਸਮੇਂ ਤੋਂ ਕੀਤੀ ਜਾ ਰਹੀ ਹੈ। ਤਾਂਬਾ ਵੈਸੇ ਤਾਂ ਇੱਕ ਨਰਮ ਧਾਤੂ ਹੈ ਪਰੰਤੂ ਜਦੋਂ ਇਸਨੂੰ ਟਿੰਨ ਦੇ ਨਾਲ ਮਿਲਾਇਆ ਜਾਂਦਾ ਹੈ ਤਾਂ ਇਹ ਕਾਂਸਾ (Bronze) ਬਣ ਜਾਂਦਾ ਹੈ ਜਿਹੜਾ ਕਿ ਇੱਕ ਸਖਤ ਅਤੇ ਮਜ਼ਬੂਤ ਪਦਾਰਥ ਹੈ। ਇਸ ਕਾਂਸੇ ਨੂੰ ਹਥਿਆਰ ਅਤੇ ਔਜ਼ਾਰ ਬਣਾਉਣ ਲਈ ਵਰਤਿਆ ਜਾਂਦਾ ਹੈ। ਤਾਂਬੇ ਦੀ ਵਰਤੋਂ ਭਾਂਡੇ, ਸਿੱਕੇ, ਬਿਜਲੀ ਦੀਆਂ ਤਾਰਾਂ ਅਤੇ ਹੋਰ ਬਿਜਲੀ ਉਪਕਰਨ ਬਣਾਉਣ ਵਿੱਚ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ। ਤਾਂਬਾ ਨਰਮ ਅਤੇ ਵਧੀਆ ਧਾਤ ਹੋਣ ਕਰਕੇ ਇਸਦੀਆਂ ਬਰੀਕ ਸ਼ੀਟਾਂ ਵੀ ਬਣਾਈਆਂ ਜਾ ਸਕਦੀਆਂ ਹਨ।


ਸੰਸਾਰ ਵਿੱਚ ਤਾਂਬੇ ਦੀ ਪੈਦਾਵਾਰ ਮੁੱਖ ਤੌਰ ਤੇ ਸੰਯੁਕਤ ਰਾਜ ਅਮਰੀਕਾ, ਰੂਸ, ਚਿਲੀ, ਜਾਂਬੀਆ, ਕੈਨੇਡਾ ਅਤੇ ਜ਼ਾਇਰੇ ਵਰਗੇ ਦੇਸ਼ਾਂ ਦੁਆਰਾ ਕੀਤੀ ਜਾਂਦੀ ਹੈ। ਭਾਰਤ ਦੇਸ਼ ਤਾਂਬੇ ਦੀ ਪੈਦਾਵਾਰ ਦੇ ਖੇਤਰ ਵਿੱਚ ਕਾਫੀ ਪਿੱਛੇ ਹੈ। ਭਾਰਤ ਵਿੱਚ ਤਾਂਬੇ ਦੇ ਭੰਡਾਰ ਸਿੰਘਭੂਮ (ਝਾਰਖੰਡ), ਬਾਲਘਾਟ (ਮੱਧਪ੍ਰਦੇਸ਼), ਝੁਨਝੁਨੂ ਅਤੇ ਅਲਵਰ (ਰਾਜਸਥਾਨ) ਆਦਿ ਜ਼ਿਲ੍ਹਿਆਂ ਵਿੱਚ ਮਿਲਦੇ ਹਨ। ਕੁਝ ਥੋੜ੍ਹੀ ਮਾਤਰਾ ਵਿੱਚ ਤਾਂਬਾ– ਗੁਜਰਾਤ, ਕਰਨਾਟਕ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਸਿੱਕਮ, ਮੇਘਾਲਿਆ, ਮਹਾਂਰਾਸ਼ਟਰ, ਪੱਛਮੀ ਬੰਗਾਲ ਆਦਿ ਰਾਜਾਂ ਵਿੱਚ ਵੀ ਮਿਲਦਾ ਹੈ।




ਸੰਸਾਰ : ਲੋਹਾ, ਤਾਂਬਾ ਅਤੇ ਬਾਕਸਾਈਟ ਦੀ ਵੰਡ




ਸੰਸਾਰ : ਸੋਨਾ ਅਤੇ ਹੀਰਿਆਂ ਦੀ ਵੰਡ



ਭਾਰਤ
ਅਧਾਤੂ ਖਣਿਜ
ਅਬਰਕ
ਐਸਬੈਸਟੋਸ
ਜਿਪਸਮ
ਚੂਨਾ ਪੱਥਰ
ਡੋਲੋਮਾਈਟ
ਹੀਰੇ
ਪ੍ਰਮਾਣੂ ਖਣਿਜ
ਲੂਣ
ਕਿਲੋਮੀਟਰ
100 0 100 300 500

## ਬਾਕਸਾਈਟ (Bauxite)

ਬਾਕਸਾਈਟ ਇੱਕ ਮਹੱਤਵਪੂਰਨ ਕੱਚੀ ਧਾਤ ਹੈ ਜਿਸ ਤੋਂ ਐਲੂਮੀਨੀਅਮ ਬਣਾਇਆ ਜਾਂਦਾ ਹੈ। ਇਹ ਚੀਕਣੀ ਮਿੱਟੀ ਵਰਗੀ ਧਾਤ ਹੈ ਜਿਸ ਵਿੱਚ ਐਲੂਮੀਨੀਅਮ ਆਕਸਾਈਡ ਹੁੰਦਾ ਹੈ ਅਤੇ ਇਸ ਦਾ ਰੰਗ ਸਫੈਦ ਜਾਂ ਗੁਲਾਬੀ ਜਿਹਾ ਹੁੰਦਾ ਹੈ। ਸੰਨ 1886 ਤੱਕ ਇਸਦੀ ਵਰਤੋਂ ਸੰਭਵ ਨਹੀਂ ਸੀ ਕਿਉਂਕਿ ਬਾਕਸਾਈਟ ਤੋਂ ਐਲੂਮੀਨੀਅਮ ਅਲੱਗ ਕਰਨ ਦੇ ਤਰੀਕੇ ਬਾਰੇ ਪਤਾ ਹੀ ਨਹੀਂ ਸੀ ਪਰੰਤੂ ਅੱਜ ਦੇ ਸਮੇਂ ਵਿੱਚ ਐਲੂਮੀਨੀਅਮ ਨੂੰ ਬਹੁਤ ਸਾਰੇ ਉਦਯੋਗਾਂ ਵਿੱਚ ਵੱਡੇ ਪੈਮਾਨੇ ਤੇ ਵਰਤਿਆ ਜਾ ਰਿਹਾ ਹੈ। ਵਰਤੋਂ ਵਿੱਚ ਤਾਂ ਇਸਨੇ ਤਾਂਬੇ ਅਤੇ ਟਿੰਨ ਵਰਗੀਆਂ ਧਾਤਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸ ਦੀ ਵਰਤੋਂ ਮੁੱਖ ਤੌਰ ਤੇ ਬਰਤਨ, ਬਿਜਲੀ ਦੀਆਂ ਤਾਰਾਂ, ਮੋਟਰ-ਕਾਰਾਂ, ਰੇਲ-ਗੱਡੀਆਂ, ਸਮੁੰਦਰੀ ਜਹਾਜ਼ ਅਤੇ ਹਵਾਈ ਜਹਾਜ਼ ਆਦਿ ਬਣਾਉਣ ਵਿੱਚ ਕੀਤੀ ਜਾ ਰਹੀ ਹੈ।

ਸੰਸਾਰ ਵਿੱਚ ਇਸਦੀ ਪੈਦਾਵਾਰ ਜ਼ਿਆਦਾਤਰ ਆਸਟਰੇਲੀਆ, ਜਮਾਇਕਾ, ਗਿੰਨੀਆ, ਸੂਰੀਨਾਮ, ਰੂਸ, ਹੰਗਰੀ ਅਤੇ ਯੂ.ਐਸ.ਏ. ਆਦਿ ਦੇਸ਼ਾਂ ਵਿੱਚ ਕੀਤੀ ਜਾਂਦੀ ਹੈ।

ਭਾਰਤ ਵਿੱਚ ਬਾਕਸਾਈਟ ਦੀ ਪੈਦਾਵਾਰ ਜ਼ਿਆਦਾ ਨਹੀਂ ਹੈ। ਭਾਰਤ ਦੇ ਜਿਨ੍ਹਾਂ ਖੇਤਰਾਂ ਵਿਚੋਂ ਬਾਕਸਾਈਟ ਦੀ ਪ੍ਰਾਪਤੀ ਹੁੰਦੀ ਹੈ ਉਹਨਾਂ ਵਿੱਚ ਝਾਰਖੰਡ, ਛਤੀਸਗੜ੍ਹ, ਮੱਧ ਪ੍ਰਦੇਸ਼,ਉੜੀਸਾ, ਗੁਜਰਾਤ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ, ਕੇਰਲ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਰਾਜ ਪ੍ਰਮੁੱਖ ਹਨ।


ਉੜੀਸਾ, ਭਾਰਤ ਦਾ ਸਭ ਤੋਂ ਵਧ ਬਾਕਸਾਈਟ ਪੈਦਾ ਕਰਨ ਵਾਲਾ ਰਾਜ ਹੈ। ਕਾਲਾਹਾਂਡੀ, ਕੋਰਾਪੱਟ, ਸੁੰਦਰਗੜ੍ਹ, ਸਾਂਬਲ ਪੁਰ ਜ਼ਿਲ੍ਹਾ ਬਾਕਸਾਈਟ ਦੀ ਪੈਦਾਵਾਰ ਲਈ ਪ੍ਰਸਿੱਧ ਹਨ। ਗੁਜਰਾਤ ਰਾਜ ਦਾ ਭਾਰਤ ਵਿੱਚ ਦੂਜਾ ਨੰਬਰ ਹੈ। ਇਸ ਰਾਜ ਦੇ ਪ੍ਰਮੁੱਖ ਜ਼ਿਲ੍ਹੇ- ਜਾਮਨਗਰ, ਜੂਨਾਗੜ੍ਹ, ਖੇੜਾ, ਕੱਛ, ਅਮਰੇਲੀ, ਭਾਵਨਗਰ ਆਦਿ ਬਾਕਸਾਈਟ ਪੈਦਾ ਕਰਦੇ ਹਨ।

## ਸੋਨਾ (Gold)

ਸੋਨਾ ਬਹੁਤ ਪੁਰਾਣੇ ਸਮੇਂ ਤੋਂ ਮਨੁੱਖ ਦੁਆਰਾ ਵਰਤਿਆ ਜਾ ਰਿਹਾ ਹੈ। ਇਸ ਦੀ ਚਮਕ ਅਤੇ ਰੰਗ ਕਰਕੇ ਇਹ ਇੱਕ ਬਹੁਤ ਹੀ ਦਿਲ-ਖਿਚਵੀਂ ਧਾਤ ਹੈ। ਇਸ ਤੋਂ ਗਹਿਣੇ ਅਤੇ ਹੋਰ ਕੀਮਤੀ ਸਜਾਵਟੀ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਇਸ ਦੀ ਘੱਟ ਪੈਦਾਵਾਰ ਅਤੇ ਜ਼ਿਆਦਾ ਮੰਗ ਕਰਕੇ ਇਹ ਇੱਕ ਬਹੁਤ ਹੀ ਮਹਿੰਗੀ ਧਾਤ ਬਣ ਗਈ ਹੈ। ਇਸ ਦੀ ਵਰਤੋਂ ਦੰਦਾਂ ਦੀ ਸਜਾਵਟ, ਸੋਨ-ਪੱਤਰ ਚਾੜ੍ਹਨ ਜਾਂ ਕੁਝ ਦਵਾਈਆਂ ਵਿੱਚ ਵੀ ਕੀਤੀ ਜਾਂਦੀ ਹੈ।

ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼, ਦੱਖਣੀ ਅਫਰੀਕਾ ਹੈ। ਇਹ ਇਕੱਲਾ ਦੇਸ਼ ਹੀ ਸੰਸਾਰ ਦਾ ਲਗਭਗ 70% ਸੋਨਾ ਪੈਦਾ ਕਰਦਾ ਹੈ। ਕੈਨੇਡਾ, ਜਾਪਾਨ, ਯੂ.ਐਸ.ਏ., ਆਸਟਰੇਲੀਆ, ਫਿਲੀਪਾਈਨਜ਼ ਅਤੇ ਘਾਨਾ ਵਰਗੇ ਦੇਸ਼ ਵੀ ਸੋਨਾ ਪੈਦਾ ਕਰਦੇ ਹਨ। ਸੋਨਾ, ਸੰਸਾਰ ਦੇ ਲਗਭਗ ਹਰੇਕ ਦੇਸ਼ ਵਿੱਚੋਂ ਨਿਕਲਦਾ ਹੈ।

ਭਾਰਤ ਸੰਸਾਰ ਦਾ ਲਗਭਗ 0.75% ਸੋਨਾ ਪੈਦਾ ਕਰਦਾ ਹੈ। ਕਰਨਾਟਕ, ਭਾਰਤ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨਾ ਵਾਲਾ ਰਾਜ ਹੈ। ਦੇਸ਼ ਵਿੱਚ ਸੋਨਾ ਪੈਦਾ ਕਰਨ ਵਾਲੇ ਤਿੰਨ ਮੁੱਖ ਖੇਤਰ ਕੋਲਾਰ (ਜ਼ਿਲ੍ਹਾ ਕੋਲਾਰ), ਹੱਟੀ (ਜ਼ਿਲ੍ਹਾ ਰਾਏਚੂਰ) ਦੋਵੇਂ ਕਰਨਾਟਕ ਵਿੱਚ, ਰਾਮਗਿਰੀ (ਜ਼ਿਲਾ ਅਨੰਤਪੁਰ) ਆਂਧਰਾ ਪ੍ਰਦੇਸ਼ ਵਿੱਚ ਹਨ। ਇਸ ਤੋਂ ਇਲਾਵਾ ਕੁਝ ਸੋਨਾ ਝਾਰਖੰਡ ਅਤੇ ਕੇਰਲ ਰਾਜ ਤੋਂ ਵੀ ਪ੍ਰਾਪਤ ਹੁੰਦਾ ਹੈ।



INDIA
MINERAL MAP (METALLIC)
ਭਾਰਤ
ਧਾਤੂ ਖਣਿਜ
AFGHANISTAN
PAKISTAN
CHINA (TIBET)
NEPAL
BHUTAN
BANGLADESH
MYANMAR
SRI LANKA
JAMMU & KASHMIR
HIMACHAL PRADESH
PUNJAB
CHANDIGARH
UTTARAKHAND
HARYANA
DELHI
RAJASTHAN
UTTAR PRADESH
SIKKIM
ARUNACHAL PRADESH
ASSAM
NAGALAND
MEGHALAYA
MANIPUR
TRIPURA
MIZORAM
BIHAR
JHARKHAND
WEST BENGAL
GUJARAT
MADHYA PRADESH
CHHATTISGARH
ODISHA
DIU
DAMAN
DADRA & NAGAR HAVELI
MAHARASHTRA
TELANGANA
Yanam (Pondicherry)
GOA
ARABIAN SEA
ANDHRA PRADESH
KARNATAKA
Mahe (Pondicherry)
Lakshadweep
Puducherry (Pondicherry)
Karaikal (Pondicherry)
TAMIL NADU
KERALA
BAY OF BENGAL
INDIAN OCEAN
Andaman & Nicobar Islands
LEGEND
Lead & Zinc
Copper
Bauxite
Iron
Manganese
Gold
www.mapsofindia.com

## ਅਬਰਕ (Mica)

ਅਬਰਕ, ਕਾਲੇ, ਭੂਰੇ ਜਾਂ ਸਫੈਦ ਰੰਗ ਦਾ ਪਾਰਦਰਸ਼ੀ ਪਦਾਰਥ ਹੁੰਦਾ ਹੈ। ਇਹ ਛੋਟੀਆਂ-ਛੋਟੀਆਂ ਤਹਿਆਂ ਵਿੱਚ ਟੁੱਟ ਜਾਂਦਾ ਹੈ। ਅਬਰਕ ਇੱਕ ਅਧਾਤੂ ਖਣਿਜ ਪਦਾਰਥ ਹੈ ਅਤੇ ਅਗਨੀ ਚਟਾਨਾਂ ਵਿੱਚੋਂ ਪ੍ਰਾਪਤ ਹੁੰਦਾ ਹੈ। ਇਹ ਕਈ ਉਦਯੋਗਾਂ ਵਿੱਚ ਵਰਤਿਆ ਜਾਂਦਾ ਹੈ। ਇਹ ਬਿਜਲੀ ਦਾ ਕੁਚਾਲਕ ਹੋਣ ਕਰਕੇ, ਇਸਦੀ ਵਰਤੋਂ ਬਿਜਲੀ ਦਾ ਕਈ ਤਰ੍ਹਾਂ ਦਾ ਸਮਾਨ ਬਣਾਉਣ ਵਿੱਚ ਕੀਤੀ ਜਾਂਦੀ ਹੈ। ਇਸਨੂੰ ਕੰਡੈਂਸਰ, ਇਨਸੂਲੇਟਰ, ਬਿਜਲੀ ਦੀਆਂ ਪ੍ਰੈਸਾਂ, ਭੱਠੀਆਂ, ਰੇਡੀਓ ਅਤੇ ਟੈਲੀਵਿਜ਼ਨਾਂ ਵਿੱਚ ਵੀ ਵਰਤਿਆ ਜਾਂਦਾ ਹੈ।

> ਅਬਰਕ ਪੈਦਾ ਕਰਨ ਵਾਲੇ ਮੁੱਖ ਦੇਸ਼ ਯੂ.ਐਸ.ਏ., ਰੂਸ, ਭਾਰਤ, ਫਰਾਂਸ, ਅਰਜਨਟੀਨਾ ਅਤੇ ਦੱਖਣੀ ਕੋਰੀਆ ਹਨ।

ਪੈਦਾਵਾਰ ਦੇ ਹਿਸਾਬ ਨਾਲ ਭਾਰਤ ਇਸ ਵਿੱਚ ਸਭ ਦੇਸ਼ਾਂ ਤੋਂ ਅੱਗੇ ਰਿਹਾ ਹੈ ਪਰੰਤੂ ਅੱਜ ਦੇ ਸਮੇਂ ਵਿੱਚ ਇਸ ਦੀ ਪੈਦਾਵਾਰ ਘੱਟ ਰਹੀ ਹੈ।

ਪੈਦਾਵਾਰ ਘਟਣ ਤੋਂ ਮੁੱਖ ਕਾਰਨ ਵਿਦੇਸ਼ਾਂ ਵਿੱਚ ਇਸ ਦੀ ਘੱਟ ਮੰਗ ਅਤੇ ਇਸ ਦੀ ਜਗ੍ਹਾ ਤੇ ਵਰਤੇ ਜਾਣ ਵਾਲੇ ਪਲਾਸਟਿਕ ਵਰਗੇ ਹੋਰ ਪਦਾਰਥ ਹਨ।

ਭਾਰਤ ਦੀ ਕੁਲ ਪੈਦਾਵਾਰ ਦਾ 95% ਅਬਰਕ ਤਿੰਨ ਰਾਜਾਂ- ਆਂਧਰਾ ਪ੍ਰਦੇਸ਼, ਰਾਜਸਥਾਨ ਅਤੇ ਝਾਰਖੰਡ ਤੋਂ ਪ੍ਰਾਪਤ ਹੁੰਦਾ ਹੈ। ਬਿਹਾਰ, ਗੁਜਰਾਤ, ਕੇਰਲ, ਮੱਧ ਪ੍ਰਦੇਸ਼, ਛਤੀਸਗੜ੍ਹ, ਹਿਮਾਚਲ ਪ੍ਰਦੇਸ਼ ਆਦਿ ਰਾਜ ਵੀ ਅਬਰਕ ਪੈਦਾ ਕਰਦੇ ਹਨ, ਦੇਸ਼ ਦੇ ਮੁੱਖ ਜ਼ਿਲ੍ਹੇ- ਨਲੌਰ, ਵਿਸ਼ਾਖਾਪਟਨਮ, ਕ੍ਰਿਸ਼ਨਾ (ਆਂਧਰਾ ਪ੍ਰਦੇਸ਼), ਜੈਪੁਰ, ਉਦੇਪੁਰ, ਭੀਲਵਾੜਾ (ਰਾਜਸਥਾਨ), ਗਯਾ, ਹਜ਼ਾਰੀਬਾਗ਼ (ਬਿਹਾਰ) ਅਬਰਕ ਪੈਦਾਵਾਰ ਲਈ ਪ੍ਰਸਿੱਧ ਹਨ।

## ਪ੍ਰਮਾਣੂ ਖਣਿਜ ਪਦਾਰਥ (Atomic Minerals)

ਪ੍ਰਮਾਣੂ ਖਣਿਜ ਪਦਾਰਥਾਂ ਦੀ ਸ਼੍ਰੇਣੀ ਵਿੱਚ ਯੂਰੇਨੀਅਮ, ਥੋਰੀਅਮ, ਬੈਰੀਲੀਅਮ, ਲਿਥੀਅਮ ਅਤੇ ਜਿਰਕੋਨੀਅਮ ਆਦਿ ਸ਼ਾਮਲ ਕੀਤੇ ਜਾਂਦੇ ਹਨ। ਜਿਹੜੀ ਊਰਜਾ ਇਹਨਾਂ ਖਣਿਜ ਪਦਾਰਥਾਂ ਤੋਂ ਪੈਦਾ ਕੀਤੀ ਜਾਂਦੀ ਹੈ ਉਸਨੂੰ ਪ੍ਰਮਾਣੂ ਊਰਜਾ ਦਾ ਨਾਮ ਦਿੱਤਾ ਜਾਂਦਾ ਹੈ। ਪ੍ਰਮਾਣੂ ਊਰਜਾ ਦੀ ਪੈਦਾਵਾਰ ਵਾਸਤੇ ਇਹਨਾਂ ਪਦਾਰਥਾਂ ਦੀ ਮੌਜੂਦਗੀ ਅਤੇ ਤਕਨੀਕੀ ਗਿਆਨ ਦੇ ਸਾਧਨਾਂ ਦਾ ਵਿਕਾਸ ਬਹੁਤ ਹੀ ਜ਼ਰੂਰੀ ਹੈ। ਯੂ.ਐਸ.ਏ., ਰੂਸ, ਜਾਪਾਨ, ਯੂ.ਕੇ. ਅਤੇ ਭਾਰਤ ਵਰਗੇ ਦੇਸ਼ਾਂ ਵਿੱਚ ਪ੍ਰਮਾਣੂ ਸ਼ਕਤੀ ਕੇਂਦਰ ਸਥਾਪਤ ਕੀਤੇ ਗਏ ਹਨ।

ਯੂ.ਐਸ.ਏ. ਸੰਸਾਰ ਦਾ ਸਭ ਤੋਂ ਵੱਡਾ ਯੂਰੇਨੀਅਮ ਪੈਦਾ ਕਰਨ ਵਾਲਾ ਦੇਸ਼ ਹੈ। ਕੈਨੇਡਾ, ਦੱਖਣੀ ਅਫਰੀਕਾ, ਜ਼ਾਇਰੇ, ਆਸਟਰੇਲੀਆ, ਜਰਮਨੀ, ਸਪੇਨ ਆਦਿ ਯੂਰੇਨੀਅਮ ਪੈਦਾ ਕਰਨ ਵਾਲੇ ਹੋਰ ਦੇਸ਼ ਹਨ। ਥੋਰੀਅਮ ਬ੍ਰਾਜ਼ੀਲ, ਆਸਟਰੇਲੀਆ, ਮਲੇਸ਼ੀਆ, ਸ਼੍ਰੀਲੰਕਾ ਅਤੇ ਭਾਰਤ ਵਰਗੇ ਦੇਸ਼ਾਂ ਦੁਆਰਾ ਪੈਦਾ ਕੀਤਾ ਜਾਂਦਾ ਹੈ। ਭਾਰਤ ਵਿੱਚ ਪ੍ਰਮਾਣੂ ਪਦਾਰਥਾਂ ਦੀ ਪੈਦਾਵਾਰ ਹੇਠਾਂ ਲਿਖੇ ਅਨੁਸਾਰ ਕੀਤੀ ਜਾਂਦੀ ਹੈ।

**ਯੂਰੇਨੀਅਮ**—ਸਿੰਘਭੂਮ, ਹਜ਼ਾਰੀਬਾਗ਼ (ਝਾਰਖੰਡ), ਗਯਾ (ਬਿਹਾਰ), ਸਹਾਰਨਪੁਰ (ਉੱਤਰਪ੍ਰਦੇਸ਼), ਉਦੇਪੁਰ (ਰਾਜਸਥਾਨ)।

**ਥੋਰੀਅਮ**—ਕੇਰਲ, ਝਾਰਖੰਡ, ਬਿਹਾਰ, ਰਾਜਸਥਾਨ ਅਤੇ ਤਾਮਿਲਨਾਡੂ ਰਾਜ।

**ਲਿਥੀਅਮ**—ਝਾਰਖੰਡ, ਮੱਧ ਪ੍ਰਦੇਸ਼, ਰਾਜਸਥਾਨ, ਛਤੀਸਗੜ੍ਹ ਅਤੇ ਕੇਰਲ ਰਾਜ।

ਇਹਨਾਂ ਪ੍ਰਮਾਣੂ ਖਣਿਜ ਪਦਾਰਥਾਂ ਦੀ ਵਰਤੋਂ ਬੜੀ ਸਾਵਧਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ। ਇਹ ਪਦਾਰਥ ਸਿਰਫ਼ ਦੇਸ਼ ਦੀ ਉੱਨਤੀ ਵਾਸਤੇ ਊਰਜਾ ਪੈਦਾ ਕਰਨ ਲਈ ਹੀ ਵਰਤੋਂ ਵਿੱਚ ਲਿਆਂਦੇ ਜਾਣੇ ਚਾਹੀਦੇ ਹਨ, ਨਾ ਕਿ ਤਬਾਹੀ ਅਤੇ ਪ੍ਰਦੂਸ਼ਣ ਲਈ। ਇਸ ਵਿੱਚ ਹੀ ਸਾਡੀ ਸਮਝਦਾਰੀ ਹੋਵੇਗੀ।

## ਊਰਜਾ ਦੇ ਸਾਧਨ (Energy Resources)

ਮਨੁੱਖ ਨੂੰ ਅਲੱਗ-ਅਲੱਗ ਕੰਮਾਂ ਵਾਸਤੇ ਸ਼ਕਤੀ ਪ੍ਰਦਾਨ ਕਰਨ ਵਾਲੇ ਸਾਧਨਾਂ ਨੂੰ 'ਊਰਜਾ ਦੇ ਸਾਧਨਾਂ' ਦਾ ਨਾਂ ਦਿੱਤਾ ਜਾਂਦਾ ਹੈ। ਮਨੁੱਖ ਨੂੰ ਘਰ ਦੇ ਚੁੱਲ੍ਹੇ ਤੋਂ ਲੈ ਕੇ ਵੱਡੇ ਉਦਯੋਗਾਂ ਨੂੰ ਚਲਾਉਣ ਵਾਸਤੇ ਊਰਜਾ ਦੀ ਜ਼ਰੂਰਤ ਪੈਂਦੀ ਹੈ। ਊਰਜਾ ਦੇ ਲਈ ਸਾਧਨ ਅਜਿਹੇ ਹਨ ਜਿਹਨਾਂ ਦੀ ਵਰਤੋਂ ਮਨੁੱਖ ਕਾਫ਼ੀ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਹੈ। ਇਹਨਾਂ ਸਾਧਨਾਂ ਵਿੱਚ ਕੋਲਾ, ਤੇਲ, ਕੁਦਰਤੀ ਗੈਸ ਅਤੇ ਬਿਜਲੀ ਆਦਿ ਮੁੱਖ ਹਨ ਜਿਹਨਾਂ ਨੂੰ ਅਸੀਂ ਊਰਜਾ ਦੇ ਰਵਾਇਤੀ ਸਾਧਨ (Conventional sources of energy) ਆਖਦੇ ਹਾਂ। ਦੂਜੇ ਪਾਸੇ ਮਨੁੱਖ ਹੁਣ ਹੋਰ ਸਾਧਨਾਂ ਦੀ ਵਰਤੋਂ ਕਰਨ ਲੱਗਾ ਹੈ ਜਾਂ ਲਗਾਤਾਰ ਉਹਨਾਂ ਦੀ ਭਾਲ ਵਿੱਚ ਜੁੱਟਿਆ ਹੋਇਆ ਹੈ। ਇਹ ਸ਼ਕਤੀ ਸਾਧਨ, ਸਸਤੇ, ਨਵੇਂ, ਦੁਬਾਰਾ ਪੈਦਾ ਹੋ ਸਕਣ ਵਾਲੇ ਅਤੇ ਪ੍ਰਦੂਸ਼ਣ ਰਹਿਤ ਹੋਣ ਦੇ ਗੁਣਾਂ ਨਾਲ ਭਰਪੂਰ ਹਨ । ਇਹਨਾਂ ਨੂੰ 'ਨਵੇਂ ਸਾਧਨ' (Non-Conventional sources of energy) ਕਿਹਾ ਜਾਂਦਾ ਹੈ। ਇਹਨਾਂ ਵਿੱਚ ਸੂਰਜੀ ਸ਼ਕਤੀ (Solar energy), ਪੌਣ ਸ਼ਕਤੀ (Wind energy), ਸਮੁੰਦਰੀ ਲਹਿਰਾਂ (Sea waves), ਜਵਾਰਭਾਟਾ ਸ਼ਕਤੀ (Tidal energy), ਧਰਤੀ ਹੇਠਲੀ ਤਾਪ ਊਰਜਾ (Geo-thermal energy), ਗੋਬਰ ਗੈਸ ਊਰਜਾ (Cowdung Gas energy) ਅਤੇ ਹੋਰ ਵਿਅਰਥ ਪਦਾਰਥਾਂ (Other waste material) ਤੋਂ ਗੈਸ ਦੇ ਰੂਪ ਵਿੱਚ ਸ਼ਕਤੀ ਆਦਿ ਸ਼ਾਮਲ ਹਨ। ਹੁਣ ਅਸੀਂ ਊਰਜਾ ਦੇ ਕੁੱਝ ਪੁਰਾਣੇ ਅਤੇ ਨਵੇਂ ਸਾਧਨਾਂ ਬਾਰੇ ਪੜ੍ਹਾਂਗੇ।

### ਕੋਲਾ (Coal)

ਕੋਲਾ ਕਾਲੇ ਜਾਂ ਭੂਰੇ ਰੰਗ ਦਾ ਜੈਵਿਕ ਪਦਾਰਥ ਹੈ ਜਿਸ ਵਿੱਚ ਕਾਰਬਨ ਮੁੱਖ ਤੱਤ ਦੇ ਤੌਰ ਤੇ ਮੌਜੂਦ ਹੁੰਦਾ ਹੈ। ਇਹ ਇੱਕ ਜਲਣਸ਼ੀਲ ਪਦਾਰਥ ਹੈ। ਇਸਨੂੰ ਤਾਪ ਜਾਂ ਰੋਸ਼ਨੀ ਜਾਂ ਦੋਵਾਂ ਕੰਮਾਂ ਲਈ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। ਕੋਲਾ ਘਰੇਲੂ ਵਰਤੋਂ ਤੋਂ ਲੈ ਕੇ ਵੱਡੇ-ਵੱਡੇ ਉਦਯੋਗਾਂ ਅਤੇ ਰੇਲ-ਗੱਡੀਆਂ ਨੂੰ ਚਲਾਉਣ ਵਾਸਤੇ ਵਰਤਿਆ ਜਾਂਦਾ ਹੈ। ਕੋਲੇ ਦੀ ਵਰਤੋਂ ਤਾਪ ਘਰਾਂ ਵਿੱਚ ਬਿਜਲੀ ਬਣਾਉਣ ਲਈ ਵੀ ਕੀਤੀ ਜਾਂਦੀ ਹੈ।

ਕਾਰਬਨ ਦੀ ਮਾਤਰਾ ਦੇ ਅਨੁਸਾਰ ਕੋਲੇ ਨੂੰ ਹੇਠਾਂ ਦਿੱਤੀਆਂ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ:-

(i) ਐਂਥਰੇਸਾਈਟ (ii) ਬਿੱਟੂਮੀਨਸ

(iii) ਲਿਗਨਾਈਟ (iv) ਪੀਟ


ਕੋਲੇ ਦੀਆਂ ਚਾਰਾਂ ਕਿਸਮਾਂ ਵਿੱਚੋਂ ਐਂਥਰੇਸਾਈਟ ਸਭ ਤੋਂ ਵਧੀਆ ਅਤੇ ਪੀਟ ਸਭ ਤੋਂ ਮਾੜੀ ਕਿਸਮ ਦਾ ਕੋਲਾ ਹੁੰਦਾ ਹੈ। ਕੋਲਾ ਧਰਤੀ ਦੇ ਹੇਠੋਂ ਤਹਿਦਾਰ ਚਟਾਨਾਂ ਵਿੱਚੋਂ ਮਿਲਦਾ ਹੈ। ਧਰਤੀ ਨੂੰ ਪੁੱਟ ਕੇ ਕੋਲੇ ਦੀਆਂ ਖਾਣਾਂ ਤੱਕ ਪਹੁੰਚਿਆ ਜਾਂਦਾ ਹੈ। ਕੋਲੇ ਦੀਆਂ ਖਾਣਾਂ ਦੇ ਅੰਦਰ ਕੰਮ ਕਰਨਾ ਬਹੁਤ ਖਤਰੇ ਭਰਿਆ ਹੁੰਦਾ ਹੈ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚੋਂ ਕੋਲਾ ਮਿਲਦਾ ਹੈ। ਯੂ.ਐਸ.ਏ. ਸੰਸਾਰ ਦਾ ਸਭ ਤੋਂ ਵੱਧ ਕੋਲਾ (24%) ਪੈਦਾ ਕਰਦਾ ਹੈ। ਚੀਨ, ਰੂਸ, ਪੋਲੈਂਡ ਅਤੇ ਯੂ.ਕੇ. ਸੰਸਾਰ ਵਿੱਚ ਕ੍ਰਮਵਾਰ ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨ ਤੇ ਆਉਂਦੇ ਹਨ। ਕੋਲੇ ਦੀ ਪੈਦਾਵਾਰ ਵਿੱਚ ਭਾਰਤ ਦਾ ਛੇਵਾਂ ਸਥਾਨ ਹੈ ਅਤੇ ਇਹ ਸੰਸਾਰ ਦੇ ਲਗਭਗ 4% ਕੋਲੇ ਦਾ ਉਤਪਾਦਨ ਕਰਦਾ ਹੈ।

ਭਾਰਤ ਦੇ ਬਹੁਤ ਸਾਰੇ ਰਾਜਾਂ ਵਿੱਚੋਂ ਕੋਲਾ ਮਿਲਦਾ ਹੈ। ਝਾਰਖੰਡ ਰਾਜ ਕੋਲੇ ਦੇ ਭੰਡਾਰ ਅਤੇ ਕੋਲੇ ਦੀ ਪੈਦਾਵਾਰ ਦੋਵਾਂ ਵਿੱਚ ਪਹਿਲੇ ਸਥਾਨ ਤੇ ਆਉਂਦਾ ਹੈ ਅਤੇ ਭਾਰਤ ਦਾ ਲਗਭਗ 23% ਕੋਲਾ ਪੈਦਾ ਕਰਦਾ ਹੈ। ਦਮਕਾ, ਹਜ਼ਾਰੀਬਾਗ, ਧੰਨਬਾਦ, ਪਲਾਮੂ, ਝਾਰਖੰਡ ਰਾਜ ਦੇ ਪ੍ਰਮੁੱਖ ਕੋਲਾ ਖੇਤਰ ਹਨ। ਝਰੀਆ, ਬੋਕਾਰੋ, ਗਿਰਡੀਹ ਅਤੇ ਕਰਨਪੁਰਾ ਵੀ ਕੋਲਾ ਵਾਸਤੇ ਪ੍ਰਸਿੱਧ ਖੇਤਰ ਮੰਨੇ ਜਾਂਦੇ ਹਨ।




**ਸੰਸਾਰ-ਖਣਿਜ ਤੇਲ ਅਤੇ ਕੋਲੇ ਦੀ ਵੰਡ**




**ਪ੍ਰਮੁੱਖ ਕੁਦਰਤੀ ਗੈਸ ਖੇਤਰ**

ਛੱਤੀਸਗੜ੍ਹ ਅਤੇ ਉੜੀਸਾ ਵੀ ਬਹੁਤ ਵੱਡੀ ਮਾਤਰਾ ਵਿੱਚ ਕੋਲੇ ਦਾ ਉਤਪਾਦਨ ਕਰਦੇ ਹਨ। ਕੋਰਬਾ, ਬੀਰਮਪੁਰ, ਲਖਣਪੁਰ, ਝਿਲਮਿਲੀ (ਛਤੀਸਗੜ੍ਹ, ਸਾਂਬਲਪੁਰ, ਸੁੰਦਰਗੜ੍ਹ (ਉੜੀਸਾ) ਆਦਿ ਪ੍ਰਮੁੱਖ ਕੋਲਾ ਖੇਤਰ ਹਨ।


ਇਸ ਤੋਂ ਇਲਾਵਾ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਮਹਾਂਰਾਸ਼ਟਰ, ਉੱਤਰ ਪ੍ਰਦੇਸ਼, ਅਸਾਮ, ਬਿਹਾਰ, ਮੇਘਾਲਿਆ, ਅਰੁਨਾਚਲ ਪ੍ਰਦੇਸ਼ ਅਤੇ ਨਾਗਾਲੈਂਡ ਵਰਗੇ ਰਾਜਾਂ ਤੋਂ ਵੀ ਕਾਫ਼ੀ ਮਾਤਰਾ ਵਿੱਚ ਕੋਲਾ ਪ੍ਰਾਪਤ ਹੁੰਦਾ ਹੈ।

## ਪੈਟਰੋਲੀਅਮ ਜਾਂ ਖਣਿਜ ਤੇਲ (Petroleum or Mineral Oil)

ਪੈਟਰੋਲੀਅਮ ਜਾਂ ਖਣਿਜ ਤੇਲ ਧਰਤੀ ਦੀਆਂ ਤਹਿਦਾਰ ਚਟਾਨਾਂ ਵਿੱਚੋਂ ਨਿਕਲਦਾ ਹੈ, ਇਸ ਲਈ ਇਸਨੂੰ **'ਚਟਾਨੀ ਤੇਲ'** (Rock oil) ਵੀ ਕਿਹਾ ਜਾਂਦਾ ਹੈ। ਅੱਜ ਦੇ ਮਸ਼ੀਨੀ ਯੁੱਗ ਵਿੱਚ ਪੈਟਰੋਲੀਅਮ ਪਦਾਰਥਾਂ ਦੀ ਖਾਸ ਮਹੱਤਤਾ ਹੈ। ਇਸ ਪੈਟਰੋਲੀਅਮ ਨੂੰ 'ਤਰਲ ਸੋਨੇ' (Liquid Gold) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਤੇਲ ਦੀ ਵਰਤੋਂ ਬਹੁਤ ਸਾਰੀਆਂ ਮਸ਼ੀਨਾਂ, ਆਵਾਜਾਈ ਦੇ ਸਾਧਨਾਂ ਅਤੇ ਉਦਯੋਗਾਂ ਵਿੱਚ ਕੀਤੀ ਜਾਂਦੀ ਹੈ। ਸੰਸਾਰ ਦੇ ਸਾਰੇ ਆਵਾਜਾਈ ਦੇ ਸਾਧਨ ਸਕੂਟਰ ਤੋਂ ਲੈ ਕੇ ਹਵਾਈ ਜਹਾਜ਼ਾਂ ਤੱਕ, ਇਸੇ ਖਣਿਜ ਤੇਲ ਤੇ ਹੀ ਨਿਰਭਰ ਕਰਦੇ ਹਨ। ਤੇਲ ਦੇ ਪੈਦਾ ਹੋਣ ਦੇ ਅਸਲੀ ਕਾਰਨਾਂ ਦਾ ਭਾਵੇਂ ਹਾਲੇ ਤੱਕ ਪਤਾ ਨਹੀਂ ਚਲ ਸਕਿਆ ਪਰੰਤੂ ਆਮ ਤੌਰ ਤੇ ਇਹੀ ਮੰਨਿਆ ਜਾਂਦਾ ਹੈ ਕਿ ਇਹ ਇੱਕ ਜੈਵਿਕ ਪਦਾਰਥ ਹੈ ਜੋ ਪੌਦਿਆਂ, ਜਾਨਵਰਾਂ ਅਤੇ ਹੋਰ ਜੀਵਾਂ ਦੇ ਧਰਤੀ ਦੀਆਂ ਤਹਿਆਂ ਵਿੱਚ ਗਲਣ-ਸੜਨ ਤੋਂ ਪੈਦਾ ਹੁੰਦਾ ਹੈ। ਧਰਤੀ ਵਿੱਚੋਂ ਜੋ ਤੇਲ ਨਿਕਲਦਾ ਹੈ ਉਹ ਸਿੱਧੇ ਤੌਰ ਤੇ ਵਰਤਣ ਦੇ ਯੋਗ ਨਹੀਂ ਹੁੰਦਾ। ਇਸ ਤੇਲ ਨੂੰ ਕੱਚਾ ਤੇਲ (Crude Oil) ਕਹਿੰਦੇ ਹਨ। ਕੱਚੇ ਤੇਲ ਨੂੰ ਤੇਲ ਸੋਧਕ ਕਾਰਖਾਨਿਆਂ (Oil refineries) ਵਿੱਚ ਲਿਜਾ ਕੇ ਸਾਫ਼ ਕੀਤਾ ਜਾਂਦਾ ਅਤੇ ਵਰਗੀਕ੍ਰਿਤ ਕੀਤਾ ਜਾਂਦਾ ਹੈ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚੋਂ ਤੇਲ ਨਿਕਲਦਾ ਹੈ। ਯੂ.ਐਸ.ਏ., ਰੂਸ ਤੇ ਇਸਦੇ ਨਾਲ ਲਗਦੇ ਦੇਸ਼ ਅਤੇ ਚੀਨ ਆਦਿ, ਤੇਲ ਦੇ ਸਾਧਨਾਂ ਵਿੱਚ ਬਹੁਤ ਅੱਛਾ ਸਥਾਨ ਰੱਖਦੇ ਹਨ। ਮੱਧ-ਪੂਰਬੀ ਦੇਸ਼ (Middle East Countries) ਇਰਾਨ, ਇਰਾਕ, ਸਾਉਦੀ ਅਰਬ, ਬਹਿਰੀਨ ਅਤੇ ਕੁਵੈਤ ਆਦਿ ਸਾਰੇ ਦੇਸ਼ ਹੀ ਪੈਟਰੋਲੀਅਮ ਪਦਾਰਥਾਂ ਵਿੱਚ ਬਹੁਤ ਅਮੀਰ ਹਨ। ਆਸਟਰੇਲੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਮਹਾਂਦੀਪਾਂ ਦੇ ਬਹੁਤ ਸਾਰੇ ਦੇਸ਼ਾਂ ਵਿੱਚੋਂ ਵੀ ਤੇਲ ਨਿਕਲਦਾ ਹੈ।

ਭਾਰਤ ਦੀ ਸਥਿਤੀ, ਪੈਟਰੋਲੀਅਮ ਪਦਾਰਥਾਂ ਪੱਖੋਂ ਜ਼ਿਆਦਾ ਅੱਛੀ ਨਹੀਂ ਹੈ। ਭਾਰਤ ਲਗਭਗ 3 ਕਰੋੜ 34 ਲੱਖ ਟਨ (2003-04) ਕੱਚਾ ਤੇਲ ਪੈਦਾ ਕਰ ਰਿਹਾ ਹੈ। ਭਾਰਤ ਵਿੱਚ ਅਸਾਮ, ਅਰੁਨਾਚਲ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰ, ਤਾਮਿਲਨਾਡੂ ਅਤੇ ਰਾਜਸਥਾਨ ਆਦਿ ਰਾਜਾਂ ਤੋਂ ਖਣਿਜ ਤੇਲ ਪ੍ਰਾਪਤ ਹੁੰਦਾ ਹੈ। ਡਿਗਬੋਈ, ਨਾਹਰਕਟੀਆ, ਮੋਰਾਨ, ਹੁਗਰੀਜਨ (ਅਸਾਮ), ਅੰਕਲੇਸ਼ਵਰ, ਖੰਬਾਤ, ਅਹਿਮਦਾਬਾਦ (ਗੁਜਰਾਤ), ਬਰਮੇਰ (ਰਾਜਸਥਾਨ), ਮਨਭੂਮ (ਅਰੁਨਾਚਲ ਪ੍ਰਦੇਸ਼), ਮੁੰਬਈ ਹਾਈ (ਮਹਾਂਰਾਸ਼ਟਰ) ਆਦਿ ਪ੍ਰਮੁੱਖ ਖਣਿਜ ਤੇਲ ਪੈਦਾ ਕਰਨ ਵਾਲੇ ਖੇਤਰ ਹਨ।



ਭਾਰਤ
ਊਰਜਾ ਖਣਿਜ
ਕਿਲੋਮੀਟਰ
200 100 0 200 400 600
ਮਥੁਰਾ
ਵਰਾਨੀ
ਝਰੀਆ
ਗਣੀਗੰਜ
ਕਾਂਡਲਾ
ਰੁੜਕੇਲਾ
ਬੌਂਬੇ ਹਾਈ
ਕੋਲਾ
ਤੇਲ ਦੇ ਖੂਹ
ਤੇਲ ਸੋਧਕ ਕਾਰਖਾਨੇ
ਤਹਿਦਾਰ ਪਰਤਾਂ
ਮਹਾਂਦੀਪੀ ਪੱਟੀ

## ਕੁਦਰਤੀ ਗੈਸ (Natural Gas)

ਕੁਦਰਤੀ ਗੈਸ, ਪੈਟਰੋਲੀਅਮ ਪਦਾਰਥਾਂ ਤੋਂ ਹੀ ਪੈਦਾ ਹੁੰਦੀ ਹੈ, ਜਦੋਂ ਵੀ ਕੋਈ ਤੇਲ ਦਾ ਖੂਹ ਖੋਦਿਆ ਜਾਂਦਾ ਹੈ ਤਾਂ ਸਭ ਤੋਂ ਉੱਪਰ ਕੁਦਰਤੀ ਗੈਸ ਹੀ ਇਕੱਠੀ ਹੋਈ ਮਿਲਦੀ ਹੈ। ਕੁਦਰਤੀ ਗੈਸ ਵੀ ਸ਼ਕਤੀ ਦਾ ਇੱਕ ਬਹੁਤ ਵੱਡਾ ਸਾਧਨ ਹੈ। ਇਸ ਗੈਸ ਦੀ ਵਰਤੋਂ ਘਰਾਂ ਵਿੱਚ, ਗੱਡੀਆਂ ਚਲਾਉਣ ਵਿੱਚ ਅਤੇ ਕਈ ਹੋਰ ਉਦਯੋਗਾਂ ਵਿੱਚ ਹੁੰਦੀ ਹੈ। ਸੰਸਾਰ ਦੇ ਸਾਰੇ ਤੇਲ ਪੈਦਾ ਕਰਨ ਵਾਲੇ ਖੇਤਰਾਂ ਵਿੱਚ ਕੁਦਰਤੀ ਗੈਸ ਵੀ ਮਿਲਦੀ ਹੈ।

ਯੂ. ਐਸ.ਏ. ਸੰਸਾਰ ਦੀ ਸਭ ਤੋਂ ਜ਼ਿਆਦਾ ਕੁਦਰਤੀ ਗੈਸ ਪੈਦਾ ਕਰਦਾ ਹੈ। ਇਸ ਤੋਂ ਬਾਅਦ ਰੂਸ, ਮੱਧ ਪੂਰਬੀ ਦੇਸ਼, ਕੈਨੇਡਾ, ਉਜ਼ਬੇਕਿਸਤਾਨ (Uzbekistan), ਅਜ਼ਰਬਾਇਜਾਨ (Azerbaijan) ਆਦਿ ਦੇਸ਼ਾਂ ਵਿੱਚ ਵੀ ਕੁਦਰਤੀ ਗੈਸ ਦੀ ਪੈਦਾਵਾਰ ਹੁੰਦੀ ਹੈ।

ਭਾਰਤ ਦੇ ਕਈ ਖੇਤਰਾਂ ਵਿੱਚੋਂ ਕੁਦਰਤੀ ਗੈਸ ਮਿਲਦੀ ਹੈ। ਇਹਨਾਂ ਖੇਤਰਾਂ ਵਿੱਚੋਂ ਕ੍ਰਿਸ਼ਨਾ-ਗੋਦਾਵਰੀ ਬੇਸਿਨ, ਉੜੀਸਾ ਦੇ ਨੇੜੇ ਬੰਗਾਲ ਦੀ ਖਾੜੀ ਵਿੱਚ, ਰਾਜਸਥਾਨ ਦੇ ਬਾਰਮੇੜ (Barmer) ਖੇਤਰ ਪ੍ਰਸਿੱਧ ਹਨ। ਇਸ ਤੋਂ ਇਲਾਵਾ ਗੁਜਰਾਤ ਦੇ ਖੰਬਾਤ ਅਤੇ ਕੱਛ ਖੇਤਰ ਅਤੇ ਤ੍ਰਿਪੁਰਾ ਵਿੱਚ ਵੀ ਕੁਦਰਤੀ ਗੈਸ ਦੇ ਹੋਣ ਦੀਆਂ ਸੰਭਾਵਨਾਵਾਂ ਪਾਈਆਂ ਜਾ ਰਹੀਆਂ ਹਨ। ਦੇਸ਼ ਦੀ ਲਗਭਗ 75% ਕੁਦਰਤੀ ਗੈਸ ਮੁੰਬਈ ਹਾਈ ਤੋਂ ਆ ਰਹੀ ਹੈ। ਲਗਭਗ 11 % ਗੈਸ ਗੁਜਰਾਤ ਰਾਜ ਤੋਂ ਪੈਦਾ ਹੋ ਰਹੀ ਹੈ।

## ਪਣ-ਬਿਜਲੀ (Hydro- Electricity)

ਪਣ-ਬਿਜਲੀ ਸ਼ਕਤੀ ਦਾ ਇੱਕ ਨਵਾਂ ਸਾਧਨ (Non-conventional source) ਹੈ। ਇਹ ਸ਼ਕਤੀ ਸਾਧਨ, ਨਵਿਆਉਣ ਯੋਗ ਜਲ ਸਾਧਨ ਤੇ ਨਿਰਭਰ ਕਰਦਾ ਹੈ। ਬਿਜਲੀ ਮੁੱਖ ਤੌਰ ਤੇ ਦੋ ਤਰੀਕਿਆਂ ਰਾਹੀਂ ਪੈਦਾ ਕੀਤੀ ਜਾਂਦੀ ਹੈ। ਇੱਕ ਪਾਣੀ ਰਾਹੀਂ, ਦੂਜਾ ਤੇਲ ਜਾਂ ਕੋਲੇ ਨੂੰ ਬਾਲ ਕੇ, ਬਿਜਲੀ ਤਾਪ ਘਰਾਂ ਵਿੱਚ ਬਿਜਲੀ ਦਾ ਉਤਪਾਦਨ ਹੁੰਦਾ ਹੈ। ਇਥੇ ਅਸੀਂ ਪਣ-ਬਿਜਲੀ ਬਾਰੇ ਹੀ ਗੱਲ ਕਰਾਂਗੇ।

ਪਾਣੀ ਇੱਕ ਮੁਫਤ ਅਤੇ ਨਵਿਆਉਣ ਯੋਗ ਸਾਧਨ ਹੈ। ਸੰਸਾਰ ਵਿੱਚ ਜਲ ਸਾਧਨ ਬਹੁਤ ਵੱਡੀ ਮਾਤਰਾ ਵਿੱਚ ਉਪਲੱਬਧ ਹੈ ਜਿਸ ਨੂੰ ਵਰਤ ਕੇ ਪਣ-ਬਿਜਲੀ ਤਿਆਰ ਕੀਤੀ ਜਾ ਸਕਦੀ ਹੈ। ਨਦੀਆਂ ਜਾਂ ਦਰਿਆਵਾਂ ਤੇ ਬੰਨ੍ਹ ਬਣਾ ਕੇ ਪਾਣੀ ਨੂੰ ਸੁਰੰਗਾਂ ਰਾਹੀਂ ਟਰਬਾਈਨਾਂ ਤੇ ਸੁੱਟਿਆ ਜਾਂਦਾ ਹੈ। ਪਾਣੀ ਦੀ ਸ਼ਕਤੀ ਨਾਲ ਇਹ ਟਰਬਾਈਨਾਂ ਘੁੰਮਦੀਆਂ ਹਨ। ਜਦੋਂ ਇਹ ਟਰਬਾਈਨਾਂ ਘੁੰਮਦੀਆਂ ਹਨ ਤਾਂ ਰਗੜ ਦੇ ਨਾਲ ਬਿਜਲੀ ਤਿਆਰ ਹੁੰਦੀ ਹੈ। ਇਸ ਤਿਆਰ ਹੋਈ ਬਿਜਲੀ ਨੂੰ ਤਾਰਾਂ ਰਾਹੀਂ ਅਲੱਗ-ਅਲੱਗ ਥਾਵਾਂ ਤੇ ਲਿਜਾਇਆ ਜਾਂਦਾ ਹੈ।

## ਪਣ-ਬਿਜਲੀ ਤਿਆਰ ਕਰਨ ਲਈ ਲੋੜੀਂਦੇ ਤੱਤ

I. ਪਾਣੀ ਸਾਧਨ ਸਾਰਾ ਸਾਲ ਹੀ ਉਪਲੱਬਧ ਹੋਵੇ।

II. ਪਾਣੀ ਦੇ ਰਸਤੇ ਵਿੱਚ ਲੋੜੀਂਦੀ ਢਲਾਣ ਜਾਂ ਬੰਨ੍ਹ ਬਣਾਉਣ ਲਈ ਉਚਾਈ ਹੋਵੇ।

III. ਬਿਜਲੀ ਬਣਾਉਣ ਲਈ ਪਾਣੀ ਲੋੜੀਂਦੀ ਮਾਤਰਾ ਵਿੱਚ ਉਪਲੱਬਧ ਹੋਵੇ।

IV. ਬੰਨ੍ਹ ਦੇ ਪਿਛਲੇ ਪਾਸੇ ਪਾਣੀ ਦੇ ਭੰਡਾਰ ਜਾਂ ਝੀਲ ਵਾਸਤੇ ਲੋੜੀਂਦੀ ਜਗ੍ਹਾ ਹੋਵੇ।

V. ਬੰਨ੍ਹ ਬਣਾਉਣ, ਬਿਜਲੀ ਘਰਾਂ ਦਾ ਨਿਰਮਾਣ ਕਰਨ ਅਤੇ ਬਿਜਲੀ ਦੀਆਂ ਲਾਈਨਾਂ (ਤਾਰਾਂ) ਖਿੱਚਣ ਵਾਸਤੇ ਪੂੰਜੀ ਉਪਲੱਬਧ ਹੋਵੇ।

VI. ਇਲਾਕੇ ਵਿੱਚ ਬਿਜਲੀ ਦੀ ਮੰਗ ਹੋਵੇ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਪਾਣੀ ਖੁੱਲ੍ਹੀ ਮਾਤਰਾ ਵਿੱਚ ਉਪਲੱਬਧ ਹੈ। ਕਾਫ਼ੀ ਦੇਸ਼ਾਂ ਨੇ ਇਸ ਸਾਧਨ ਦਾ ਸਹੀ ਇਸਤੇਮਾਲ ਕਰਕੇ ਪਣ-ਬਿਜਲੀ ਦਾ ਉਤਪਾਦਨ ਕੀਤਾ ਹੈ। ਇਹਨਾਂ ਵਿੱਚੋਂ ਯੂ.ਐਸ.ਏ., ਰੂਸ, ਜਾਪਾਨ, ਜਰਮਨੀ, ਕੈਨੇਡਾ, ਇੰਗਲੈਂਡ, ਫਰਾਂਸ, ਇਟਲੀ, ਪੋਲੈਂਡ, ਬ੍ਰਾਜ਼ੀਲ ਅਤੇ ਭਾਰਤ ਵਰਗੇ ਦੇਸ਼ਾਂ ਦੇ ਨਾਮ ਵਰਣਨ ਯੋਗ ਹਨ। ਯੂ.ਐਸ.ਏ. ਕੁਲ ਸੰਸਾਰ ਦੀ 31% ਪਣ ਬਿਜਲੀ ਤਿਆਰ ਕਰ ਰਿਹਾ ਹੈ। ਬ੍ਰਾਜ਼ੀਲ ਅਤੇ ਕੈਨੇਡਾ ਵਰਗੇ ਦੇਸ਼ਾਂ ਦੀ, ਪਣ ਬਿਜਲੀ ਤੇ ਨਿਰਭਰਤਾ ਬਹੁਤ ਜ਼ਿਆਦਾ ਹੈ।



*ਕੈਲੇਫ਼ੋਰਨੀਆ (ਯੂ.ਐਸ.ਏ.) ਵਿੱਚ ਉਸਾਰਿਆ ਗਿਆ ਵਿੱਚ ਇਕ ਡੈਮ*

ਭਾਰਤ, ਪੂਰੇ ਸੰਸਾਰ ਦੀ ਮਹਿਜ਼ 1% ਪਣ-ਬਿਜਲੀ ਪੈਦਾ ਕਰ ਰਿਹਾ ਹੈ ਜਦੋਂ ਕਿ ਭਾਰਤ ਦੀ ਪਣ ਬਿਜਲੀ ਦੀ ਪੈਦਾਵਾਰ, ਇਸ ਦੀ ਕੁਲ ਊਰਜਾ ਸਾਧਨਾਂ ਦਾ 37% ਹਿੱਸਾ ਬਣਦੀ ਹੈ। ਇਸ ਦਾ ਮਤਲਬ ਇਹ ਹੈ ਕਿ ਭਾਰਤ ਵਰਗੇ ਦੇਸ਼ ਲਈ ਪਣ ਬਿਜਲੀ ਊਰਜਾ ਦੀ ਬਹੁਤ ਮਹੱਤਤਾ ਹੈ। ਭਾਰਤ ਵਿੱਚ ਜਲ ਸਾਧਨਾਂ ਦੀ ਵੀ ਕੋਈ ਕਮੀ ਨਹੀਂ ਹੈ। ਇਹ ਜਲ ਸਾਧਨ, ਨਦੀਆਂ ਅਤੇ ਦਰਿਆਵਾਂ ਦੇ ਰੂਪ ਵਿੱਚ ਮੌਜੂਦ ਹਨ। ਇਹਨਾਂ ਨੂੰ ਮੁੱਖ ਤੌਰ ਤੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :

1. ਉੱਤਰੀ ਭਾਰਤ ਵਿੱਚ ਹਿਮਾਲਿਆ ਤੋਂ ਆਉਂਦੀਆਂ ਨਦੀਆਂ ਅਤੇ ਦਰਿਆ।
2. ਦੱਖਣੀ ਭਾਰਤ ਦੀਆਂ ਨਦੀਆਂ ਅਤੇ ਦਰਿਆ।

ਭਾਰਤ ਦੇ ਉੱਤਰ ਵਾਲੇ ਪਾਸਿਓਂ ਆਉਂਦੇ ਗੰਗਾ ਅਤੇ ਬ੍ਰਹਮਪੁੱਤਰ ਦਰਿਆ ਅਤੇ ਉਹਨਾਂ ਦੀਆਂ ਸਹਾਇਕ ਨਦੀਆਂ ਬਰਫ਼ ਦੇ ਪਿਘਲਣ ਕਾਰਨ ਸਾਰਾ ਸਾਲ ਹੀ ਚਲਦੀਆਂ ਰਹਿੰਦੀਆਂ ਹਨ। ਇਹਨਾਂ ਵਿੱਚ ਪਣ

ਬਿਜਲੀ ਤਿਆਰ ਕਰਨ ਦੀ ਬਹੁਤ ਜ਼ਿਆਦਾ ਸਮਰੱਥਾ ਹੈ। ਇਹਨਾਂ ਉੱਤਰੀ ਭਾਰਤ ਤੋਂ ਮਿਲਦੇ ਪਾਣੀ ਸਾਧਨਾਂ ਦੀ ਸਮਰੱਥਾ, ਭਾਰਤ ਦੇ ਕੁਲ ਸੰਭਾਵਤ ਪਣ ਬਿਜਲੀ ਸਾਧਨ ਦਾ 78% ਤੋਂ ਵੀ ਜ਼ਿਆਦਾ ਹੈ। ਦੂਜੇ ਪਾਸੇ ਦੱਖਣੀ ਭਾਰਤ ਦੀਆਂ ਨਦੀਆਂ ਵਰਖਾ ਤੇ ਨਿਰਭਰ ਕਰਦੀਆਂ ਹਨ। ਇਹਨਾਂ ਸਾਰੀਆਂ ਨਦੀਆਂ ਦੀ ਪਣ ਬਿਜਲੀ ਤਿਆਰ ਕਰਨ ਦੀ ਸੰਭਾਵਤ ਸਮਰੱਥਾ ਸਿਰਫ਼ 21% ਹੈ।

ਗੋਆ ਨੂੰ ਛੱਡ ਕੇ ਭਾਰਤ ਦੇ ਸਾਰੇ ਰਾਜ ਹੀ ਪਣ ਬਿਜਲੀ ਤਿਆਰ ਕਰਦੇ ਹਨ। ਆਂਧਰਾ ਪ੍ਰਦੇਸ਼, ਕਰਨਾਟਕ, ਮਹਾਂਰਾਸ਼ਟਰ, ਪੰਜਾਬ, ਤਾਮਿਲਨਾਡੂ, ਉੜੀਸਾ ਅਤੇ ਕੇਰਲ ਆਦਿ ਰਾਜਾਂ ਕੋਲ ਬਿਜਲੀ ਤਿਆਰ ਕਰਨ ਦੀ ਸਥਾਪਿਤ ਸਮਰੱਥਾ ਬਹੁਤ ਜ਼ਿਆਦਾ ਹੈ। ਉਤਰਾਂਚਲ ਅਤੇ ਹਿਮਾਚਲ ਪ੍ਰਦੇਸ਼ ਵਰਗੇ ਪਹਾੜੀ ਰਾਜਾਂ ਕੋਲ ਵੀ ਪਣ ਬਿਜਲੀ ਦੇ ਸੰਭਾਵਤ ਸੋਮੇ ਬਹੁਤ ਜ਼ਿਆਦਾ ਹਨ। ਸੰਭਾਵਤ ਸੋਮਿਆਂ ਨੂੰ ਵਿਕਸਤ ਕਰਨ ਦੀ ਲੋੜ ਹੈ।

ਕਰਨਾਟਕ ਵਿੱਚ ਨਾਗਾਰਜੁਨ ਸਾਗਰ ਡੈਮ, ਉੱਤਰ ਪ੍ਰਦੇਸ਼ ਵਿੱਚ ਗੰਗਾ ਇਲੈਕਟ੍ਰਿਕ ਗਰਿਡ ਸਿਸਟਮ, ਮਹਾਂਰਾਸ਼ਟਰ ਵਿੱਚ ਟਾਟਾ ਹਾਈਡਰੋ ਇਲੈਕਟ੍ਰਿਕ ਗਰਿਡ, ਉੜੀਸਾ ਵਿੱਚ ਹੀਰਾਕੁਡ, ਹਿਮਾਚਲ ਪ੍ਰਦੇਸ਼ ਵਿੱਚ ਮੰਡੀ ਅਤੇ ਪੰਡੋਹ ਪ੍ਰੋਜੈਕਟ ਅਤੇ ਪੰਜਾਬ ਵਿੱਚ ਭਾਖੜਾ ਡੈਮ ਅਤੇ ਪੌਂਗ ਡੈਮ, ਰਣਜੀਤ ਸਾਗਰ ਡੈਮ ਆਦਿ ਅਜਿਹੇ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ ਵਰਣਨ ਯੋਗ ਹਨ।

ਡੈਮ ਜਾਂ ਪ੍ਰੋਜੈਕਟ ਜੋ ਪਣ ਬਿਜਲੀ ਤਿਆਰ ਕਰਨ ਲਈ ਲਗਾਏ ਜਾਂਦੇ ਹਨ, ਉਹਨਾਂ ਨੂੰ ਬਹੁ-ਉਦੇਸ਼ੀ ਪ੍ਰੋਜੈਕਟ (Multipurpose project) ਵੀ ਕਿਹਾ ਜਾਂਦਾ ਹੈ। ਇਹ ਪ੍ਰੋਜੈਕਟ ਹੇਠ ਲਿਖੇ ਉਦੇਸ਼ ਪੂਰੇ ਕਰਦੇ ਹਨ :

(i) ਹੜ੍ਹਾਂ ਦੀ ਰੋਕਥਾਮ

(ii) ਮਿੱਟੀ ਨੂੰ ਖ਼ੁਰਨ ਤੋਂ ਬਚਾਉਣਾ

(iii) ਬਿਜਲੀ ਤਿਆਰ ਕਰਨਾ

(iv) ਨਹਿਰਾਂ ਬਣਾ ਕੇ ਖੇਤੀ ਦੀ ਸਿੰਚਾਈ ਕਰਨਾ

(v) ਡੈਮ ਦੇ ਪਿੱਛੇ ਬਣੀ ਝੀਲ ਵਿੱਚ ਮੱਛੀਆਂ ਪਾਲਣਾ

(vi) ਡੈਮ ਨੂੰ ਸੈਰ ਸਪਾਟੇ ਦੀ ਜਗ੍ਹਾ ਦੇ ਤੌਰ ਤੇ ਵਰਤਣਾ

## ਊਰਜਾ ਦੇ ਹੋਰ ਸਾਧਨ (Other Energy Resources)

ਪਣ-ਬਿਜਲੀ ਤੋਂ ਇਲਾਵਾ ਸੂਰਜੀ ਸ਼ਕਤੀ, ਹਵਾ ਦੀ ਸ਼ਕਤੀ, ਧਰਤੀ ਹੇਠਲੀ ਗਰਮੀ ਅਤੇ ਪ੍ਰਮਾਣੂ ਸ਼ਕਤੀ ਨੂੰ ਵੀ ਸ਼ਕਤੀ ਦੇ ਸਾਧਨਾਂ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਸੂਰਜੀ ਸ਼ਕਤੀ ਨੂੰ ਅਸੀਂ ਪਾਣੀ ਗਰਮ ਕਰਨ, ਖਾਣਾ ਪਕਾਉਣ ਜਾਂ ਆਪਣੇ ਘਰਾਂ ਨੂੰ ਗਰਮ ਰੱਖਣ ਵਾਸਤੇ ਵਰਤਦੇ ਹਾਂ। ਸੂਰਜੀ ਸ਼ਕਤੀ ਤੋਂ ਬਿਜਲੀ ਬਣਾਉਣ ਦੇ ਪ੍ਰਯੋਗ ਵੀ ਚਲ ਰਹੇ ਹਨ। ਚਲਦੀ ਹੋਈ ਹਵਾ ਨੂੰ ਅਸੀਂ ਪੌਣ (Wind) ਆਖਦੇ ਹਾਂ। ਇਸ ਪੌਣ-ਸ਼ਕਤੀ ਨੂੰ ਵੀ ਅਸੀਂ ਬਿਜਲੀ ਪੈਦਾ ਕਰਨ ਵਾਸਤੇ ਵਰਤ ਰਹੇ ਹਾਂ। ਭੂ-ਤਾਪੀ ਸ਼ਕਤੀ (Geo-thermal Energy) ਵੀ ਕਈ ਤਰੀਕਿਆਂ ਨਾਲ ਉਪਯੋਗ ਵਿੱਚ ਲਿਆਂਦੀ ਜਾ ਰਹੀ ਹੈ। ਇਸ ਨੂੰ ਮੁੱਖ ਤੌਰ ਤੇ ਘਰਾਂ ਨੂੰ ਗਰਮ ਰੱਖਣ ਲਈ ਵਰਤਿਆ ਜਾ ਰਿਹਾ ਹੈ। ਰੂਸ, ਜਾਪਾਨ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਤਾਂ ਭੂ-ਤਾਪੀ ਊਰਜਾ ਤੋਂ ਬਿਜਲੀ ਵੀ ਤਿਆਰ ਕੀਤੀ ਜਾ ਰਹੀ ਹੈ। ਜਵਾਰਭਾਟਾ (Tides) ਵੀ ਇੱਕ ਸ਼ਕਤੀ ਦਾ ਸਾਧਨ ਹੈ ਜਿਸ ਨੂੰ ਭਵਿੱਖ ਵਿੱਚ ਸ਼ਕਤੀ ਸਾਧਨ ਦੇ ਤੌਰ ਤੇ ਵਰਤਿਆ ਜਾਵੇਗਾ।

## ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ

ਕੁਦਰਤੀ ਸਾਧਨ ਜੋ ਮਨੁੱਖ ਨੂੰ ਮਿਲੇ ਹਨ, ਉਹਨਾਂ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ। ਕਿਸੇ ਵੀ ਸਾਧਨ ਦੀ ਫਜ਼ੂਲ ਵਰਤੋਂ ਨਹੀਂ ਹੋਣੀ ਚਾਹੀਦੀ। ਸਾਧਨਾਂ ਦੀ ਆਪਣੇ ਵਾਸਤੇ ਵਰਤੋਂ ਦੇ ਨਾਲ-ਨਾਲ, ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਦਾ ਵੀ ਧਿਆਨ ਕਰਨਾ ਚਾਹੀਦਾ ਹੈ। ਸਾਧਨਾਂ ਦੀ ਲੋੜ ਅਨੁਸਾਰ ਅਤੇ ਉੱਚਿਤ ਵਰਤੋਂ ਹੀ ਇਹਨਾਂ ਦੀ ਸਹੀ ਅਰਥਾਂ ਵਿੱਚ ਸਾਂਭ-ਸੰਭਾਲ ਹੋਵੇਗੀ।

## ਯਾਦ ਰੱਖਣ ਯੋਗ ਨੁਕਤੇ
## (POINTS TO REMEMBER)

**ਖਣਿਜ ਪਦਾਰਥ**
- → ਧਾਤੂ : ਲੋਹ ਧਾਤੂ
- → ਅਧਾਤੂ : ਲੋਹੇ ਤੋਂ ਬਿਨਾਂ ਧਾਤੂ
- → ਪ੍ਰਮਾਣੂ : ਖਣਿਜ ਪਦਾਰਥ

**ਧਾਤੂ ਖਣਿਜ ਪਦਾਰਥ** – ਲੋਹਾ, ਮੈਂਗਨੀਜ਼, ਕਰੋਮਾਈਟ ਨਿਕਲ, ਕੋਬਾਲਟ, ਸੋਨਾ, ਤਾਂਬਾ, ਚਾਂਦੀ, ਬਾਕਸਾਈਟ ਆਦਿ।

**ਅਧਾਤੂ ਖਣਿਜ ਪਦਾਰਥ** – ਅਬਰਕ, ਚੂਨੇ ਦਾ ਪੱਥਰ, ਹੀਰਾ, ਜਿਪਸਮ ਆਦਿ।

**ਪਰਮਾਣੂ ਖਣਿਜ ਪਦਾਰਥ** – ਯੂਰੇਨੀਅਮ, ਥੋਰੀਅਮ, ਬੇਰੀਲੀਅਮ, ਲਿਥੀਅਮ ਆਦਿ।

**ਸ਼ਕਤੀ ਸਾਧਨ**
- → ਪੁਰਾਣੇ – ਕੋਲਾ, ਪੈਟਰੋਲੀਅਮ, ਕੁਦਰਤੀ ਗੈਸ, ਬਿਜਲੀ ਆਦਿ।
- → ਨਵੇਂ – ਸੂਰਜੀ ਸ਼ਕਤੀ, ਪੌਣ ਸ਼ਕਤੀ, ਜਵਾਰਭਾਟਾ, ਭੂ-ਤਾਪੀ ਊਰਜਾ ਆਦਿ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ :**

1. ਖਣਿਜ ਪਦਾਰਥਾਂ ਦੀ ਪਰਿਭਾਸ਼ਾ ਲਿਖੋ।
2. ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ ?
3. ਤਾਂਬੇ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ ?
4. ਭਾਰਤ ਵਿੱਚ ਸੋਨੇ ਦੀਆਂ ਪ੍ਰਸਿੱਧ ਖਾਣਾਂ ਦੇ ਨਾਮ ਲਿਖੋ।
5. ਪ੍ਰਮਾਣੂ ਪਦਾਰਥਾਂ ਦੀ ਵਰਤੋਂ ਸਾਨੂੰ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ?
6. ਊਰਜਾ ਦੇ ਨਵੇਂ ਸਾਧਨ ਕਿਹੜੇ-ਕਿਹੜੇ ਹਨ ?
7. ਕੋਲੇ ਦੀਆਂ ਚਾਰ ਕਿਸਮਾਂ ਦੇ ਨਾਮ ਲਿਖੋ।
8. ਬਹੁ-ਉਦੇਸ਼ੀ ਪ੍ਰੋਜੈਕਟ ਕੀ ਹੁੰਦੇ ਹਨ ?

## 2. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ :

1. ਕੱਚਾ ਲੋਹਾ ਮੁੱਖ ਤੌਰ ਤੇ ਕਿਹੜੇ ਦੇਸ਼ਾਂ ਵਿੱਚੋਂ ਮਿਲਦਾ ਹੈ ? ਇਸ ਦੀਆਂ ਕਿਸਮਾਂ ਦੇ ਨਾਮ ਲਿਖੋ।
2. ਬਾਕਸਾਈਟ ਦੀ ਮਹੱਤਤਾ ਤੇ ਇੱਕ ਨੋਟ ਲਿਖੋ।
3. ਕੁਦਰਤੀ ਗੈਸ ਦੀ ਸਾਡੇ ਜੀਵਨ ਵਿੱਚ ਕੀ ਮਹਾਨਤਾ ਹੈ ਅਤੇ ਇਸਦੇ ਮੁੱਖ ਖੇਤਰ ਸਾਡੇ ਦੇਸ਼ ਵਿੱਚ ਕਿਹੜੇ-ਕਿਹੜੇ ਹਨ ?
4. ਪਣ-ਬਿਜਲੀ ਤਿਆਰ ਕਰਨ ਲਈ ਲੋੜੀਂਦੇ ਜ਼ਰੂਰੀ ਤੱਤਾਂ ਬਾਰੇ ਲਿਖੋ।

## 3. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਭਗ 125-130 ਸ਼ਬਦਾਂ ਵਿੱਚ ਦਿਓ :

1. ਸ਼ਕਤੀ ਸਾਧਨ ਕਿਹੜੇ-ਕਿਹੜੇ ਹਨ ? ਦੇਸ਼ ਦੇ ਵਿਕਾਸ ਵਿੱਚ ਇਹਨਾਂ ਦਾ ਕੀ ਯੋਗਦਾਨ ਹੈ ? ਕੋਈ ਦੋ ਸ਼ਕਤੀ ਸਾਧਨਾਂ ਬਾਰੇ ਵਿਸਥਾਰ ਪੂਰਵਕ ਲਿਖੋ।

## 4. ਭਾਰਤ ਦੇ ਨਕਸ਼ੇ ਵਿੱਚ ਹੇਠਾਂ ਦਿੱਤੇ ਗਏ ਖਣਿਜ ਅਤੇ ਸ਼ਕਤੀ ਸਾਧਨਾਂ ਦਾ ਇੱਕ-ਇੱਕ ਮਹੱਤਵਪੂਰਨ ਖੇਤਰ ਦਿਖਾਓ :


(i) ਕੱਚਾ ਲੋਹਾ
(ii) ਮੈਂਗਨੀਜ਼
(iii) ਸੋਨਾ
(iv) ਤਾਂਬਾ
(v) ਅਬਰਕ
(vi) ਬਾਕਸਾਈਟ

## ਕੁਝ ਕਰਨ ਲਈ

ਹੇਠ ਦੱਸੇ ਅਨੁਸਾਰ ਘੱਟੋ-ਘੱਟ ਦਸ ਖਣਿਜ ਪਦਾਰਥਾਂ ਦੇ ਸੰਬੰਧ ਵਿੱਚ ਇੱਕ ਖਾਕਾ ਤਿਆਰ ਕਰੋ—

| ਕ੍ਰਮ ਅੰਕ | ਖਣਿਜ ਪਦਾਰਥ ਦਾ ਨਾਂ | ਭਾਰਤ ਦੇ ਰਾਜ/ਰਾਜਾਂ ਦਾ ਨਾਂ, ਜਿਥੇ ਮਿਲਦਾ ਹੈ | ਖਣਿਜ ਪਦਾਰਥਾਂ ਦੀ ਵਰਤੋਂ ਜਿਥੇ-ਜਿਥੇ ਕੀਤੀ ਜਾਂਦੀ ਹੈ। |
|---|---|---|---|
| 1. | | | |
| 2. | | | |
| 3. | | | |
| 4. | | | |
| 5. | | | |
| 6. | | | |
| 7. | | | |
| 8. | | | |
| 9. | | | |
| 10. | | | |


# WORLD OUTLINE ਸੰਸਾਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

## WORLD OUTLINE ਸੰਸਾਰ





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

# INDIA OUTLINE AND ADJACENT COUNTRIES


# ਭਾਰਤ ਅਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

# INDIA OUTLINE AND ADJACENT COUNTRIES ਭਾਰਤ ਅਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

ਪਾਠ 4

# ਸਾਡੀ ਖੇਤੀ-ਬਾੜੀ

ਖੇਤੀ-ਬਾੜੀ, ਮਨੁੱਖ ਦਾ ਬਹੁਤ ਹੀ ਪੁਰਾਣਾ ਕਿੱਤਾ ਹੈ। ਸ਼ੁਰੂ-ਸ਼ੁਰੂ ਵਿੱਚ ਮਨੁੱਖ ਆਪਣਾ ਭੋਜਨ ਦਰੱਖਤਾਂ ਦੇ ਫਲ, ਪੱਤੇ ਅਤੇ ਸ਼ਿਕਾਰ ਕਰਕੇ ਪ੍ਰਾਪਤ ਕਰਦਾ ਸੀ। ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ, ਮਨੁੱਖਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ, ਫਿਰ ਭੋਜਨ ਦੀ ਪੂਰਤੀ ਲਈ ਫਸਲਾਂ ਉਗਾਉਣ ਦੀ ਜ਼ਰੂਰਤ ਮਹਿਸੂਸ ਹੋਈ। ਇਸ ਤਰ੍ਹਾਂ ਮਨੁੱਖ ਨੇ ਹੌਲੀ-ਹੌਲੀ ਖੇਤੀ ਦੇ ਕਿੱਤੇ ਦੀ ਸ਼ੁਰੂਆਤ ਕੀਤੀ। ਸਮੇਂ ਦੇ ਨਾਲ-ਨਾਲ ਮਨੁੱਖ ਦੇ ਖੇਤੀ ਕਰਨ ਦੇ ਤਰੀਕਿਆਂ ਵਿੱਚ ਵੀ ਸੁਧਾਰ ਆਉਂਦਾ ਰਿਹਾ। ਹੁਣ ਦੇ ਸਮੇਂ ਵਿੱਚ ਤਾਂ ਮਨੁੱਖ ਖੇਤੀ ਲਈ ਮਸ਼ੀਨਾਂ ਦੀ ਵਰਤੋਂ ਕਰਦਾ ਹੈ।

ਖੇਤੀ-ਬਾੜੀ ਦਾ ਮਤਲਬ ਸਿਰਫ਼ ਫਸਲਾਂ ਪੈਦਾ ਕਰਨਾ ਹੀ ਨਹੀਂ ਹੈ ਬਲਕਿ ਫਸਲਾਂ ਉਗਾਉਣ ਦੇ ਨਾਲ-ਨਾਲ ਖੇਤੀਬਾੜੀ ਨਾਲ ਸਬੰਧਤ ਹੋਰ ਧੰਦਿਆਂ ਨੂੰ ਅਪਨਾਉਣਾ ਹੈ। ਅਰਥਾਤ ਡੇਅਰੀ ਫਾਰਮਿੰਗ, ਮੁਰਗੀਆਂ ਪਾਲਣਾ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਮੱਛੀਆਂ ਪਾਲਣਾ, ਗੁੜ ਬਣਾਉਣਾ, ਆਟਾ-ਚੱਕੀ ਲਗਾਉਣਾ, ਫੁੱਲਾਂ ਦੀ ਖੇਤੀ ਕਰਨਾ ਆਦਿ ਸਾਰੇ ਧੰਦੇ ਖੇਤੀਬਾੜੀ ਵਿੱਚ ਸ਼ਾਮਲ ਹਨ। ਇਸ ਤਰ੍ਹਾਂ ਖੇਤੀਬਾੜੀ ਦਾ ਘੇਰਾ ਵਿਸ਼ਾਲ ਹੋਣ ਕਰਕੇ ਇਸ ਨੂੰ ਬਹੁਤ ਸਾਰੇ ਤੱਤ ਪ੍ਰਭਾਵਿਤ ਕਰਦੇ ਹਨ। ਇਹਨਾਂ ਵਿੱਚੋਂ ਕੁਝ ਮੁੱਖ ਤੱਤ ਹੇਠਾਂ ਲਿਖੇ ਅਨੁਸਾਰ ਹਨ:-

1. ਜਲਵਾਯੂ 2. ਧਰਾਤਲ 3. ਮਿੱਟੀ ਦੀ ਕਿਸਮ 4. ਸਿੰਜਾਈ ਸਹੂਲਤਾਂ 5. ਖੇਤੀ ਕਰਨ ਦੇ ਢੰਗ 6. ਮੰਡੀ ਦੀ ਸਹੂਲਤ 7. ਆਵਾਜਾਈ ਦੇ ਸਾਧਨ, ਬੈਂਕ ਆਦਿ ਦੀਆਂ ਹੋਰ ਸਹੂਲਤਾਂ।

ਉੱਪਰ ਲਿਖੇ ਗਏ ਤੱਤਾਂ ਵਿੱਚੋਂ ਕਿਸੇ ਥਾਂ ਤੇ, ਜਿੰਨੇ ਜ਼ਿਆਦਾ ਤੱਤ ਢੁਕਵੇਂ ਹੋਣਗੇ, ਖੇਤੀਬਾੜੀ ਉਨੀ ਹੀ ਜ਼ਿਆਦਾ ਪ੍ਰਫੁਲਤ ਹੋਵੇਗੀ। ਭਾਰਤ ਵਿੱਚ ਪੰਜਾਬ ਵਰਗੇ ਰਾਜ ਵਿੱਚ ਖੇਤੀਬਾੜੀ ਲਈ ਢੁਕਵਾਂ ਮਾਹੌਲ ਹੋਣ ਕਰਕੇ ਇਹ ਰਾਜ ਖੇਤੀਬਾੜੀ ਪੱਖੋਂ ਬਾਕੀ ਰਾਜਾਂ ਨਾਲੋਂ ਅੱਗੇ ਹੈ।

## ਖੇਤੀ ਦੀਆਂ ਕਿਸਮਾਂ

ਖੇਤੀ ਨੂੰ ਅਲੱਗ-ਅਲੱਗ ਕਿਸਮਾਂ ਵਿੱਚ ਵੰਡਣਾ ਕੋਈ ਸੌਖੀ ਗੱਲ ਨਹੀਂ ਹੈ ਕਿਉਂਕਿ ਖੇਤੀ ਕਿਸੇ ਇਕ ਤੱਤ ਤੇ ਨਿਰਭਰ ਨਹੀਂ ਕਰਦੀ। ਖੇਤੀ ਦੀਆਂ ਕਿਸਮਾਂ ਦੇ ਕਈ ਅਧਾਰ ਹਨ। ਖੇਤੀ ਕਰਨ ਦੇ ਢੰਗ ਜਾਂ ਵਰਤੀ ਗਈ ਜ਼ਮੀਨ ਦੇ ਅਧਾਰ ਤੇ ਖੇਤੀ ਨੂੰ ਵੰਡਿਆ ਜਾ ਸਕਦਾ ਹੈ। ਸਿੰਜਾਈ ਪੱਖ, ਸਮਾਜਿਕ ਜਾਂ ਆਰਥਿਕ ਤੱਤਾਂ ਦੇ ਅਧਾਰ ਤੇ ਵੀ ਖੇਤੀ ਨੂੰ ਅਲੱਗ-ਅਲੱਗ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ। ਵੱਖ-ਵੱਖ ਤੱਤਾਂ ਦੇ ਅਧਾਰ ਤੇ ਖੇਤੀ ਦੀਆਂ ਕੁਝ ਕਿਸਮਾਂ ਹੇਠ ਲਿਖੇ ਅਨੁਸਾਰ ਹਨ :-

1. ਸਥਾਈ ਖੇਤੀ
2. ਸਥਾਨਅੰਤਰੀ ਖੇਤੀ
3. ਖੁਸ਼ਕ ਖੇਤੀ
4. ਗਿੱਲੀ ਖੇਤੀ
5. ਸੰਘਣੀ ਖੇਤੀ
6. ਵਿਸ਼ਾਲ ਖੇਤੀ

| | |
|---|---|
| 7. ਮਿਸ਼ਰਤ ਖੇਤੀ | 8. ਬਾਗਬਾਨੀ ਕਿਸਮ ਦੀ ਖੇਤੀ |
| 9. ਨਿੱਜੀ ਖੇਤੀ | 10. ਸਹਿਕਾਰੀ ਖੇਤੀ |
| 11. ਸਾਂਝੀ ਖੇਤੀ | 12. ਬਾਗਾਤੀ ਖੇਤੀ |
| 13. ਗੁਜ਼ਾਰੇਵੰਦੀ ਖੇਤੀ | 14. ਵਪਾਰਕ ਖੇਤੀ |

1. **ਸਥਾਈ ਖੇਤੀ :** ਇਸ ਕਿਸਮ ਦੀ ਖੇਤੀ ਇੱਕ ਜਗ੍ਹਾਂ ਤੇ ਟਿੱਕ ਕੇ ਜਾਂ ਪੱਕੇ ਤੌਰ ਤੇ ਕੀਤੀ ਜਾਂਦੀ ਹੈ। ਇੱਕ ਜ਼ਮੀਨ ਵਿੱਚੋਂ ਹੀ ਬਾਰ-ਬਾਰ ਫਸਲਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਰੂੜੀ ਜਾਂ ਖਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹੁਣ ਸੰਸਾਰ ਦੇ ਜ਼ਿਆਦਾ ਭਾਗਾਂ ਵਿੱਚ ਸਥਾਈ ਕਿਸਮ ਦੀ ਖੇਤੀ ਹੀ ਕੀਤੀ ਜਾਂਦੀ ਹੈ। ਇਸ ਨੂੰ ਟਿਕਾਊ ਖੇਤੀ ਵੀ ਕਿਹਾ ਜਾਂਦਾ ਹੈ।

2. **ਸਥਾਨਅੰਤਰੀ ਖੇਤੀ :** ਪਹਾੜੀ ਖੇਤਰਾਂ ਵਿੱਚ ਜਾਂ ਖੁੱਲ੍ਹੇ ਜੰਗਲਾਂ ਵਿੱਚ ਕਬੀਲਿਆਂ ਦੇ ਲੋਕ ਇਕ ਜਗ੍ਹਾਂ 'ਤੇ ਜੰਗਲਾਂ ਆਦਿ ਨੂੰ ਸਾਫ਼ ਕਰਕੇ ਥੋੜ੍ਹੇ ਸਮੇਂ ਵਾਸਤੇ ਖੇਤੀ ਕਰਦੇ ਹਨ। ਜਦੋਂ ਇਸ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਹੋ ਜਾਂਦੀ ਤਾਂ ਇਹ ਲੋਕ ਉਸ ਜਗ੍ਹਾਂ ਨੂੰ ਛੱਡ ਕੇ, ਕਿਸੇ ਹੋਰ ਜਗ੍ਹਾਂ ਤੇ ਜਾ ਕੇ ਖੇਤੀ ਕਰਨਾ ਸ਼ੁਰੂ ਕਰ ਦਿੰਦੇ ਹਨ। ਲੋਕ ਜਗ੍ਹਾਂ ਬਦਲ ਬਦਲ ਕੇ ਖੇਤੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਇਸ ਤਰ੍ਹਾਂ ਦੀ ਖੇਤੀ ਨੂੰ ਸਥਾਨਅੰਤਰੀ ਖੇਤੀ ਜਾਂ ਝੂਮ-ਖੇਤੀ (Jhuming cultivation) ਵੀ ਕਿਹਾ ਜਾਂਦਾ ਹੈ। ਅਜੇ ਵੀ ਸੰਸਾਰ ਦੇ ਕਈ ਦੇਸ਼ਾਂ ਵਿੱਚ ਇਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ।

3. **ਖੁਸ਼ਕ ਖੇਤੀ :** ਜਿਨ੍ਹਾਂ ਇਲਾਕਿਆਂ ਵਿੱਚ ਵਰਖਾ 50 ਸੈਂਟੀਮੀਟਰ ਸਲਾਨਾ ਤੋਂ ਘੱਟ ਹੁੰਦੀ ਹੈ, ਉਥੇ ਇਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ। ਜ਼ਿਆਦਾਤਰ ਦਾਲਾਂ, ਮੱਕੀ, ਜੌਂ ਆਦਿ ਫਸਲਾਂ ਦੀ ਖੇਤੀ ਹੀ ਕੀਤੀ ਜਾਂਦੀ ਹੈ। ਸੰਸਾਰ ਦੇ ਮਾਰੂਥਲੀ ਭਾਗਾਂ ਜਿਹਨਾਂ ਵਿੱਚ ਰਾਜਸਥਾਨ ਰਾਜ ਵੀ ਸ਼ਾਮਲ ਹੈ । ਜ਼ਿਆਦਾਤਰ ਖੁਸ਼ਕ ਕਿਸਮ ਦੀ ਖੇਤੀ ਵੀ ਕੀਤੀ ਜਾਂਦੀ ਹੈ।

4. **ਗਿੱਲੀ ਖੇਤੀ :** ਜ਼ਿਆਦਾ ਵਰਖਾ ਵਾਲੇ ਭਾਗਾਂ ਵਿੱਚ, ਜਿੱਥੇ 200 ਸੈਂਟੀਮੀਟਰ ਜਾਂ ਵਧੇਰੇ ਸਲਾਨਾ ਵਰਖਾ ਹੁੰਦੀ ਹੈ ਅਜਿਹੀ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ। ਇਹੋ ਜਿਹੇ ਇਲਾਕਿਆਂ ਵਿੱਚ ਸਿੰਚਾਈ ਸਾਧਨਾਂ ਦੀ ਕੋਈ ਜ਼ਰੂਰਤ ਹੀ ਨਹੀਂ ਰਹਿੰਦੀ। ਏਸ਼ੀਆ ਦਾ ਦੱਖਣ-ਪੂਰਬੀ ਹਿੱਸਾ ਜਿਥੇ ਵਰਖਾ ਜ਼ਿਆਦਾ ਹੁੰਦੀ ਹੈ, ਚਾਵਲਾਂ ਦੀ ਖੇਤੀ ਲਈ ਪ੍ਰਸਿੱਧ ਹਨ। ਭਾਰਤ ਦੇ ਪੱਛਮੀ ਬੰਗਾਲ, ਉੜੀਸਾ ਅਤੇ ਦੱਖਣੀ ਭਾਰਤ ਦੇ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਵੀ ਅਜਿਹੀ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ।


5. **ਸੰਘਣੀ ਖੇਤੀ :** ਜਦੋਂ ਥੋੜ੍ਹੀ ਜ਼ਮੀਨ ਵਿੱਚੋਂ ਖਾਦਾਂ ਅਤੇ ਸਿੰਚਾਈ ਆਦਿ ਸਾਧਨਾਂ ਦੀ ਪੂਰੀ ਵਰਤੋਂ ਦੇ ਨਾਲ ਜ਼ਿਆਦਾ ਝਾੜ ਲਿਆ ਜਾਂਦਾ ਹੈ ਤਾਂ ਅਜਿਹੀ ਖੇਤੀ ਨੂੰ ਸੰਘਣੀ ਖੇਤੀ ਕਿਹਾ ਜਾਂਦਾ ਹੈ। ਪੰਜਾਬ ਰਾਜ ਵਿੱਚ ਇਸੇ ਕਿਸਮ ਦੀ ਖੇਤੀ ਹੀ ਕੀਤੀ ਜਾਂਦੀ ਹੈ।

6. **ਵਿਸ਼ਾਲ ਖੇਤੀ :** ਜਦੋਂ ਕਿਸਾਨਾਂ ਦੇ ਕੋਲ ਜ਼ਮੀਨ ਦਾ ਅਕਾਰ ਵੱਡਾ ਹੋਵੇ ਤਾਂ ਖੇਤੀ ਮਸ਼ੀਨਾਂ ਅਤੇ ਹੈਲੀਕਾਪਟਰ ਦੀ ਮੱਦਦ ਦੇ ਨਾਲ ਹੀ ਕੀਤੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਨੂੰ ਵਿਸ਼ਾਲ ਖੇਤੀ ਕਿਹਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ਾਂ ਵਿੱਚ ਜਿਥੇ ਖੇਤਾਂ ਦਾ ਅਕਾਰ ਬਹੁਤ ਵੱਡਾ ਹੈ, ਅਜਿਹੀ ਕਿਸਮਾਂ ਦੀ ਖੇਤੀ ਹੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਵਿੱਚ ਪ੍ਰਤੀ ਏਕੜ ਝਾੜ ਸੰਘਣੀ ਖੇਤੀ ਦੇ ਮੁਕਾਬਲੇ ਘੱਟ ਹੁੰਦਾ ਹੈ।

7. **ਮਿਸ਼ਰਤ ਖੇਤੀ :** ਅਜਿਹੀ ਕਿਸਮ ਦੀ ਖੇਤੀ ਵਿੱਚ ਫਸਲਾਂ, ਫਲਾਂ ਅਤੇ ਸ਼ਬਜ਼ੀਆਂ ਦੇ ਉਤਪਾਦਨ ਦੇ ਨਾਲ ਨਾਲ ਪਸ਼ੂ ਪਾਲਣ ਦਾ ਧੰਦਾ ਵੀ ਕੀਤਾ ਜਾਂਦਾ ਹੈ। ਮੱਛੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਵੀ ਪਾਲੀਆਂ ਜਾਂਦੀਆਂ ਹਨ। ਇਹਨਾਂ ਰਲੇ-ਮਿਲੇ ਸਾਰੇ ਕੰਮਾਂ ਤੋਂ ਹੀ ਕਿਸਾਨ ਨੂੰ ਆਮਦਨ ਪ੍ਰਾਪਤ ਹੁੰਦੀ ਹੈ।



ਪਸ਼ੂ ਪਾਲਣ ਖੇਤੀਬਾੜੀ ਦਾ ਇੱਕ ਕਿੱਤਾ




ਸੰਸਾਰ : ਖੇਤੀ ਦੀਆਂ ਕਿਸਮਾਂ

8. **ਬਾਗ਼ਬਾਨੀ ਕਿਸਮ ਦੀ ਖੇਤੀ** : ਇਸ ਕਿਸਮ ਦੀ ਖੇਤੀ ਵਿੱਚ ਫਲ, ਸਬਜ਼ੀਆਂ, ਫੁੱਲ ਅਤੇ ਫੁੱਲਾਂ ਦੇ ਬੀਜਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਵਿੱਚ ਖੇਤੀ ਕਰਨ ਦੇ ਆਧੁਨਿਕ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੀ ਖੇਤੀ ਕਿਸਾਨਾਂ ਲਈ ਬਹੁਤ ਲਾਹੇਵੰਦੀ ਸਾਬਤ ਹੋ ਰਹੀ ਹੈ।



*ਬਾਗ਼ਬਾਨੀ ਖੇਤੀ ਦਾ ਇੱਕ ਦ੍ਰਿਸ਼*

9. **ਨਿੱਜੀ ਖੇਤੀ** : ਇਸ ਕਿਸਮ ਦੀ ਖੇਤੀ ਵਿੱਚ ਜ਼ਮੀਨ ਦਾ ਮਾਲਕ ਕਿਸਾਨ ਆਪ ਹੁੰਦਾ ਹੈ। ਜ਼ਮੀਨ ਤੇ ਵਰਤੇ ਜਾਣ ਵਾਲੇ ਸਾਰੇ ਯੰਤਰ ਖਾਦਾਂ ਅਤੇ ਹੋਰ ਚੀਜ਼ਾਂ ਦਾ ਕੰਟਰੋਲ ਕਿਸਾਨ ਦੇ ਆਪਣੇ ਹੱਥਾਂ ਵਿੱਚ ਹੁੰਦਾ ਹੈ। ਜ਼ਮੀਨ ਤੋਂ ਹੋਣ ਵਾਲੀ ਆਮਦਨ ਕਿਸਾਨ ਦੀ ਨਿੱਜੀ ਆਮਦਨ ਹੁੰਦੀ ਹੈ।

10. **ਸਹਿਕਾਰੀ ਖੇਤੀ** : ਇਸ ਤਰ੍ਹਾਂ ਦੀ ਖੇਤੀ ਵਿੱਚ ਇੱਕ ਸਹਿਕਾਰੀ ਸੰਸਥਾ ਦਾ ਸੰਗਠਨ ਲੋਕਰਾਜੀ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਸਾਰੇ ਕਿਸਾਨ ਜੋ ਇਸ ਸੰਸਥਾ ਦੇ ਮੈਂਬਰ ਹੁੰਦੇ ਹਨ, ਆਪਣੀ ਆਪਣੀ ਜ਼ਮੀਨ ਤੇ ਖੇਤੀ ਕਰਦੇ ਹਨ। ਫਸਲ ਨੂੰ ਵੇਚਣ ਆਦਿ ਦਾ ਸਾਰਾ ਪ੍ਰਬੰਧ ਸਹਿਕਾਰੀ ਸੰਸਥਾ ਦੇ ਹੱਥਾਂ ਵਿੱਚ ਹੁੰਦਾ ਹੈ। ਉਹੀ ਫੈਸਲਾ ਲਿਆ ਜਾਂਦਾ ਹੈ ਜੋ ਸਾਰੇ ਮੈਂਬਰਾਂ ਦੇ ਹਿੱਤ ਵਿੱਚ ਹੋਵੇ। ਖੇਤੀ ਤੋਂ ਹੋਏ ਲਾਭ ਨੂੰ ਮੈਂਬਰਾਂ ਦੇ ਜ਼ਮੀਨ ਦੇ ਹਿੱਸੇ ਅਨੁਸਾਰ ਵੰਡਿਆ ਜਾਂਦਾ ਹੈ। ਜਿਹਨਾਂ ਕਿਸਾਨਾਂ ਕੋਲ ਜ਼ਮੀਨ ਥੋੜ੍ਹੀ ਹੈ, ਉਹਨਾਂ ਲਈ ਤਾਂ ਸਹਿਕਾਰੀ ਖੇਤੀ ਵਰਦਾਨ ਸਿੱਧ ਹੁੰਦੀ ਹੈ। ਭਾਰਤ ਸਰਕਾਰ ਵੱਲੋਂ ਇਸ ਕਿਸਮ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

11. **ਸਾਂਝੀ ਖੇਤੀ** : ਇਸ ਤਰ੍ਹਾਂ ਦੀ ਖੇਤੀ ਪਹਿਲੇ ਸੋਵੀਅਤ ਸੰਘ (U.S.S.R.) ਦੇ ਦੇਸ਼ਾਂ ਵਿੱਚ ਬਹੁਤ ਪ੍ਰਚਲਿਤ ਸੀ। ਅਜਿਹੀ ਕਿਸਮ ਦੀ ਖੇਤੀ ਵਿਚ ਜ਼ਮੀਨ ਤੇ ਅਧਿਕਾਰ ਸਰਕਾਰ ਦਾ ਹੀ ਹੁੰਦਾ ਸੀ। ਖੇਤੀ ਤੋਂ ਹੋਈ ਆਮਦਨ ਦਾ ਕੁਝ ਹਿੱਸਾ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਚਲਾ ਜਾਂਦਾ ਸੀ। ਬਾਕੀ ਬਚਿਆ ਲਾਭ ਜ਼ਮੀਨ ਤੇ ਕੰਮ ਕਰਨ ਵਾਲੇ ਕਿਸਾਨਾਂ ਵਿੱਚ ਵੰਡ ਦਿੱਤਾ ਜਾਂਦਾ ਸੀ।

12. **ਬਾਗਾਤੀ ਖੇਤੀ** : ਇਸ ਕਿਸਮ ਦੀ ਖੇਤੀ ਭਾਰਤ ਵਿੱਚ ਅੰਗਰੇਜ਼ਾਂ ਦੁਆਰਾ 19ਵੀਂ ਸਦੀ ਵਿੱਚ ਸ਼ੁਰੂ ਕੀਤੀ ਗਈ। ਬਾਗਾਤੀ ਖੇਤੀ ਵਿੱਚ ਫਸਲ ਨੂੰ ਬਾਗ ਦੇ ਰੂਪ ਵਿੱਚ ਲਗਾਇਆ ਜਾਂਦਾ ਹੈ ਅਤੇ ਵੱਡੇ ਪੱਧਰ ਤੇ ਖੇਤੀ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਚਾਹ, ਕੌਫੀ, ਨਾਰੀਅਲ, ਰਬੜ ਆਦਿ ਦੇ ਬਾਗ ਲਗਾਏ ਜਾਂਦੇ ਹਨ। ਬਾਗਾਂ ਤੋਂ ਕਈ ਸਾਲਾਂ ਤੱਕ ਫਸਲ ਪ੍ਰਾਪਤ ਕੀਤੀ ਜਾਂਦੀ ਹੈ। ਇਹ ਖੇਤੀ ਕਾਫ਼ੀ ਲਾਹੇਵੰਦੀ ਖੇਤੀ ਮੰਨੀ ਜਾਂਦੀ ਹੈ।

13. **ਗੁਜ਼ਾਰੇਵੰਦੀ ਖੇਤੀ** : ਛੋਟੇ ਕਿਸਾਨ, ਜਿਹਨਾਂ ਕੋਲ ਜ਼ਮੀਨਾਂ ਘੱਟ ਹਨ, ਆਪਣੀ-ਆਪਣੀ ਜ਼ਮੀਨ ਤੇ, ਆਪਣੀਆਂ ਸਮਾਜਿਕ ਅਤੇ ਆਰਥਿਕ ਲੋੜਾਂ ਅਨੁਸਾਰ ਫਸਲਾਂ ਦਾ ਉਤਪਾਦਨ ਕਰਦੇ ਹਨ। ਇਹਨਾਂ ਫਸਲਾਂ ਨੂੰ

ਉਹ ਆਪਣਾ ਗੁਜ਼ਾਰਾ ਕਰਨ ਲਈ ਵਰਤਦੇ ਹਨ ਅਤੇ ਮੰਡੀਆਂ ਵਿੱਚ ਨਹੀਂ ਲਿਜਾਂਦੇ, ਇਸੇ ਲਈ ਹੀ ਇਸ ਨੂੰ ਗੁਜ਼ਾਰੇਵੰਦੀ ਖੇਤੀ ਕਿਹਾ ਜਾਂਦਾ ਹੈ। ਜੇਕਰ ਫਸਲ ਦਾ ਕੁਝ ਹਿੱਸਾ ਵੇਚਦੇ ਵੀ ਹਨ ਤਾਂ ਉਸ ਪੈਸੇ ਨਾਲ ਕੱਪੜਾ ਜਾਂ ਘਰ ਦੀਆਂ ਹੋਰ ਛੋਟੀਆਂ ਛੋਟੀਆਂ ਜ਼ਰੂਰਤਾਂ ਆਦਿ ਨੂੰ ਪੂਰਾ ਕਰਦੇ ਹਨ।

14. **ਵਪਾਰਕ ਖੇਤੀ :** ਅਜਿਹੀ ਕਿਸਮ ਦੀ ਖੇਤੀ ਵਿੱਚ ਕਿਸਾਨ ਵੱਡੇ ਪੱਧਰ ਤੇ ਮਸ਼ੀਨਾਂ ਅਤੇ ਹੋਰ ਸਾਧਨਾਂ ਦੀ ਵਰਤੋਂ ਕਰਕੇ ਆਪਣੀਆਂ ਜ਼ਮੀਨਾਂ ਵਿੱਚ ਫਸਲਾਂ ਉਗਾਉਂਦੇ ਹਨ। ਇਹਨਾਂ ਫਸਲਾਂ ਨੂੰ ਮੰਡੀਆਂ ਵਿੱਚ ਵੇਚ ਕੇ ਉਹ ਬਹੁਤ ਸਾਰਾ ਧਨ ਕਮਾਉਂਦੇ ਹਨ। ਇਸ ਤਰ੍ਹਾਂ ਦੀ ਖੇਤੀ, ਫਸਲਾਂ ਨੂੰ ਮੰਡੀ ਵਿੱਚ ਵੇਚ ਕੇ ਵੱਡਾ ਲਾਭ ਕਮਾਉਣ ਦੇ ਪੱਖ ਤੋਂ ਹੀ ਕੀਤੀ ਜਾਂਦੀ ਹੈ। ਸੰਸਾਰ ਦੇ ਜ਼ਿਆਦਾ ਖੇਤਰਫਲ ਵਾਲੇ ਦੇਸ਼ ਜਿਹਨਾਂ ਵਿੱਚ ਕਿਸਾਨਾਂ ਕੋਲ ਜ਼ਮੀਨਾਂ ਜ਼ਿਆਦਾ ਹਨ ਉਥੇ ਇਸ ਤਰ੍ਹਾਂ ਦੀ ਖੇਤੀ ਪ੍ਰਚਲਿਤ ਹੈ। ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਵਪਾਰਿਕ ਖੇਤੀ ਕੀਤੀ ਜਾਂਦੀ ਹੈ। ਭਾਰਤ ਵਿੱਚ ਵੀ ਵੱਡੇ ਕਿਸਾਨਾਂ ਦੁਆਰਾ ਇਸ ਤਰ੍ਹਾਂ ਦੀ ਖੇਤੀ ਕਰਕੇ ਬਹੁਤ ਪੈਸਾ ਕਮਾਇਆ ਜਾਂਦਾ ਹੈ।

## ਮੁੱਖ ਫਸਲਾਂ (Major Crops)

ਕਿਸੇ ਥਾਂ ਤੇ ਉਗਾਈਆਂ ਜਾਣ ਵਾਲੀਆਂ ਫਸਲਾਂ ਬਹੁਤ ਸਾਰੇ ਤੱਤਾਂ ਤੇ ਨਿਰਭਰ ਕਰਦੀਆਂ ਹਨ। ਇਹਨਾਂ ਤੱਤਾਂ ਵਿੱਚੋਂ ਜਲਵਾਯੂ ਅਤੇ ਮਿੱਟੀ ਇੱਕ ਮੁੱਖ ਨਿਰਧਾਰਿਤ ਤੱਤ ਹੈ। ਜਲਵਾਯੂ ਵਿੱਚ ਭਿੰਨਤਾਵਾਂ ਹੋਣ ਕਰਕੇ ਸੰਸਾਰ ਦੇ ਅਲੱਗ-ਅਲੱਗ ਖੇਤਰਾਂ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਫਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ। ਉਦਾਹਰਨ ਦੇ ਤੌਰ 'ਤੇ ਸੇਬ ਦੀ ਫਸਲ ਵਾਸਤੇ ਠੰਡਾ ਅਤੇ ਬਰਫੀਲੀ ਕਿਸਮ ਦਾ ਜਲਵਾਯੂ ਲੋੜੀਂਦਾ ਹੈ ਜਦਕਿ ਚਾਵਲ ਗਰਮ ਅਤੇ ਤਰ ਜਲਵਾਯੂ ਵਾਲੇ ਖੇਤਰਾਂ ਦੀ ਫਸਲ ਹੈ। ਸਾਡੇ ਦੇਸ਼ ਭਾਰਤ ਵਿੱਚ ਵੀ ਜਲਵਾਯੂ ਅਤੇ ਖੇਤੀ ਦੇ ਹੋਰ ਤੱਤਾਂ ਵਿੱਚ ਵਖਰੇਵਾਂ ਮਿਲਣ ਕਰਕੇ ਫਸਲਾਂ ਦੀ ਪੈਦਾਵਾਰ ਵਿੱਚ ਕਾਫ਼ੀ ਭਿੰਨਤਾ ਪਾਈ ਜਾਂਦੀ ਹੈ। ਅਲੱਗ-ਅਲੱਗ ਖੇਤਰਾਂ ਵਿੱਚ ਅਲੱਗ-ਅਲੱਗ ਪ੍ਰਕਾਰ ਦੀਆਂ ਫਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ। ਫਸਲਾਂ ਕਈ ਕਿਸਮਾਂ ਦੀਆਂ ਹੋ ਸਕਦੀਆਂ ਹਨ। ਇਹਨਾਂ ਦਾ ਵਰਗੀਕਰਨ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ:

**ਮੁੱਖ ਫ਼ਸਲਾਂ :**

| ਅਨਾਜ ਫਸਲਾਂ (Cereal Crops) | ਰੇਸ਼ੇਦਾਰ ਫਸਲਾਂ (Fibre Crops) | ਪੇਅ ਫਸਲਾਂ (Beverage Crops) | ਸਬਜ਼ੀਆਂ ਅਤੇ ਫਲਦਾਰ ਫਸਲਾਂ (Vegetable and fruit crops) |
|---|---|---|---|
| ਚਾਵਲ | ਕਪਾਹ | ਚਾਹ | ਸੇਬ |
| ਕਣਕ | ਪਟਸਨ | ਕੌਫੀ | ਸੰਤਰਾ |
| ਮੱਕੀ | ਸਣ | ਕੋਕੋ | ਕੇਲਾ |
| ਜਵਾਰ | | | ਅੰਬ |
| ਬਾਜਰਾ | | | ਆੜੂ |
| ਦਾਲਾਂ | | | ਸਬਜ਼ੀਆਂ |
| ਤੇਲਾਂ ਵਾਲੇ ਬੀਜ | | | |

**ਅਨਾਜ ਫਸਲਾਂ :**

ਸੰਸਾਰ ਦੀ ਅਬਾਦੀ ਦਿਨ-ਬ-ਦਿਨ ਵਧ ਰਹੀ ਹੈ। ਦੁਨੀਆਂ ਭਰ ਦੇ ਲੋਕਾਂ ਦੀ ਮੁੱਖ ਲੋੜ ਰੋਟੀ ਨੂੰ ਪੂਰਾ ਕਰਨ ਵਾਸਤੇ ਅਨਾਜ ਫਸਲਾਂ ਦੀ ਵੱਡੇ ਪੱਧਰ ਤੇ ਪੈਦਾਵਾਰ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇਸ ਕੰਮ ਲਈ ਸੰਸਾਰ ਭਰ

ਦੇ ਖੇਤੀਬਾੜੀ ਵਾਸਤੇ ਢੁਕਵੇਂ ਦੇਸ਼ ਅਨਾਜ ਫਸਲਾਂ ਦੀ ਪੈਦਾਵਾਰ ਵਧਾਉਣ ਵਿੱਚ ਲੱਗੇ ਹੋਏ ਹਨ। ਭਾਰਤ ਵਿੱਚ ਵੀ ਦੇਸ਼ ਦੀਆਂ ਕੁਝ ਫ਼ਸਲਾਂ ਦਾ ਲਗਭਗ 75% ਅਨਾਜ ਦੀਆਂ ਫ਼ਸਲਾਂ ਦੀ ਪੈਦਾਵਾਰ ਵੀ ਕੀਤੀ ਜਾ ਰਹੀ ਹੈ। ਅਨਾਜ ਫਸਲਾਂ ਵਿੱਚੋਂ ਕੁਝ ਪ੍ਰਮੁੱਖ ਫਸਲਾਂ ਬਾਰੇ ਵਧੇਰੇ ਜਾਣਕਾਰੀ ਹੇਠਾਂ ਦਿੱਤੇ ਅਨੁਸਾਰ ਹੈ।

1. **ਚਾਵਲ (Rice) :** ਚਾਵਲ ਮੁੱਖ ਤੌਰ ਤੇ ਗਰਮ ਅਤੇ ਤਰ (Hot and moist) ਜਲਵਾਯੂ ਵਾਲੇ ਦੇਸ਼ਾਂ ਵਿੱਚ ਪੈਦਾ ਕੀਤਾ ਜਾਂਦਾ ਹੈ। ਸੰਸਾਰ ਵਿੱਚ ਚੀਨ, ਭਾਰਤ, ਬੰਗਲਾਦੇਸ਼, ਜਾਪਾਨ ਅਤੇ ਹੋਰ ਦੱਖਣ-ਪੂਰਬੀ ਦੇਸ਼ ਚਾਵਲ ਦੀ ਕਾਫੀ ਪੈਦਾਵਾਰ ਕਰਦੇ ਹਨ। ਚੀਨ ਸੰਸਾਰ ਦਾ 36% ਚਾਵਲ ਪੈਦਾ ਕਰਕੇ ਪਹਿਲੇ ਸਥਾਨ ਤੇ ਹੈ। ਚੀਨ ਵਿੱਚ ਯੰਗਸੀ ਕਿਆਂਗ ਦੀਆਂ ਦਰਿਆ ਘਾਟੀਆਂ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਚਾਵਲ ਪੈਦਾ ਕੀਤਾ ਜਾਂਦਾ ਹੈ। ਬੰਗਲਾਦੇਸ਼ ਦੇ ਗੰਗਾ ਡੈਲਟਾ ਵਿੱਚ ਵੀ ਚਾਵਲ ਦੀ ਅੱਛੀ ਪੈਦਾਵਾਰ ਕੀਤੀ ਜਾਂਦੀ ਹੈ। ਜਾਪਾਨ ਵਿੱਚ ਵੀ ਉੱਚੀ ਪੈਦਾਵਾਰ ਕਰਨ ਵਾਲੀਆਂ ਚਾਵਲ ਦੀਆਂ 'ਜੈਪੋਕਿਕਾ' ਵਰਗੀਆਂ ਕਿਸਮਾਂ ਉਗਾਈਆਂ ਜਾਂਦੀਆਂ ਹਨ। ਇੰਡੋਨੇਸ਼ੀਆ ਵਿੱਚ ਚਾਵਲ ਦੀ ਖੇਤੀ ਮੈਦਾਨਾਂ ਅਤੇ ਪਹਾੜੀ ਢਲਾਣਾਂ ਤੇ ਵੀ ਕੀਤੀ ਜਾਂਦੀ ਹੈ।

ਭਾਰਤ ਦੇਸ਼, ਚਾਵਲ ਦੀ ਪੈਦਾਵਾਰ ਵਿੱਚ ਸੰਸਾਰ ਭਰ ਵਿੱਚ ਦੂਜੇ ਨੰਬਰ ਤੇ ਆਉਂਦਾ ਹੈ। ਸੰਸਾਰ ਦਾ ਲਗਭਗ 20% ਚਾਵਲ ਭਾਰਤ ਦੁਆਰਾ ਹੀ ਪੈਦਾ ਕੀਤਾ ਜਾਂਦਾ ਹੈ ।


**ਚਾਵਲ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ :**

| | | |
|---|---|---|
| ਤਾਪਮਾਨ | – | $20^{\circ}$ ਸੈਲਸੀਅਸ ਤੋਂ $30^{0}$ ਸੈਲਸੀਅਸ ਤੱਕ |
| ਵਰਖਾ | – | 100 ਤੋਂ 200 ਸੈਂਟੀਮੀਟਰ ਜਾਂ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਸਿੰਚਾਈ ਕੀਤੀ ਜਾ ਸਕਦੀ ਹੈ। |
| ਮਿੱਟੀਆਂ | – | ਜਲੌਢੀ ਮਿੱਟੀ, ਚੀਕਣੀ ਮਿੱਟੀ, ਦੁੰਮਟ ਮਿੱਟੀ, ਡੈਲਟਾਈ ਮਿੱਟੀ ਜਾਂ ਸਿੰਚਾਈ ਦੇ ਨਾਲ ਕਾਲੀ ਮਿੱਟੀ |
| ਧਰਾਤਲ | – | ਪੱਧਰਾ ਅਤੇ ਸਮਤਲ ਹੋਣਾ ਚਾਹੀਦਾ ਹੈ ਤਾਂ ਕਿ ਖੇਤ ਵਿੱਚ ਪਾਣੀ ਖੜਾ ਕੀਤਾ ਜਾ ਸਕੇ। |
| ਮਜ਼ਦੂਰ | – | ਚਾਵਲਾਂ ਦੀ ਖੇਤੀ ਲਈ ਖਾਸ ਕਰਕੇ ਲਗਾਉਣ ਸਮੇਂ ਅਤੇ ਕੱਟਣ ਸਮੇਂ ਜ਼ਿਆਦਾ ਮਜ਼ਦੂਰਾਂ ਦੀ ਜ਼ਰੂਰਤ ਪੈਂਦੀ ਹੈ। |


ਚਾਵਲਾਂ ਦੀ ਪੈਦਾਵਾਰ ਵਾਸਤੇ ਭਾਵੇਂ ਮਸ਼ੀਨਰੀ ਦਾ ਉਪਯੋਗ ਬਹੁਤ ਜ਼ਿਆਦਾ ਹੋ ਰਿਹਾ ਹੈ ਪਰੰਤੂ ਫਿਰ ਵੀ ਬਹੁਤ ਸਾਰੇ ਕੰਮ ਆਦਮੀਆਂ ਦੁਆਰਾ ਹੀ ਕੀਤੇ ਜਾਂਦੇ ਹਨ। ਇਸ ਕੰਮ ਲਈ ਸਸਤੇ ਅਤੇ ਸਿੱਖੇ ਹੋਏ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਚਾਵਲਾਂ ਦੀ ਖੇਤੀ ਪਹਾੜਾਂ ਦੀਆਂ ਢਲਾਣਾਂ ਤੇ ਵੀ ਪੌੜੀਦਾਰ ਖੇਤ ਬਣਾ ਕੇ ਕੀਤੀ ਜਾਂਦੀ ਹੈ। ਚਾਵਲ ਪੈਦਾ ਕਰਨ ਲਈ ਪਹਿਲਾਂ ਪਨੀਰੀ (Nursery) ਤਿਆਰ ਕੀਤੀ ਜਾਂਦੀ ਹੈ। ਜਿਸ ਖੇਤ ਵਿੱਚ ਚਾਵਲ ਲਗਾਉਣਾ ਹੋਵੇ ਉਸਨੂੰ ਵਾਹ ਕੇ ਪਾਣੀ ਲਾ ਕੇ, ਸੁਹਾਗਾ ਆਦਿ ਮਾਰ ਕੇ ਤਿਆਰ ਕੀਤਾ ਜਾਂਦਾ ਹੈ। ਇਸ ਸਾਰੇ ਕੰਮ ਨੂੰ ਕੱਦੂ (Puddling) ਕਰਨਾ ਆਖਦੇ ਹਨ। ਫਿਰ ਤਿਆਰ ਹੋਈ ਪਨੀਰੀ ਨੂੰ ਪੁੱਟ ਕੇ, ਕੱਦੂ ਕੀਤੇ ਹੋਏ ਖੇਤ ਵਿੱਚ ਲਗਾਇਆ ਜਾਂਦਾ ਹੈ। ਚਾਵਲ ਲਗਾਉਣ ਤੋਂ ਲੈ ਕੇ ਕੱਟਣ ਤੋਂ ਥੋੜ੍ਹਾ ਚਿਰ ਪਹਿਲਾਂ ਤੱਕ ਇਸ ਨੂੰ ਪਾਣੀ ਦੀ ਲਗਾਤਾਰ ਜ਼ਰੂਰਤ ਹੁੰਦੀ ਹੈ। ਚਾਵਲ ਦੀ ਫਸਲ ਕੱਟਣ ਸਮੇਂ ਮੌਸਮ ਖੁਸ਼ਕ ਕਿਸਮ ਦਾ ਹੋਣਾ ਚਾਹੀਦਾ ਹੈ।




*ਝੋਨੇ ਦੀ ਪਨੀਰੀ ਲਗਾਉਂਦੇ ਮਜ਼ਦੂਰ*




## ਸੰਸਾਰ : ਚਾਵਲ ਪੈਦਾ ਕਰਨ ਵਾਲੇ ਪ੍ਰਮੁੱਖ ਖੇਤਰ




## ਸੰਸਾਰ : ਕਣਕ ਪੈਦਾ ਕਰਨ ਵਾਲੇ ਪ੍ਰਮੁੱਖ ਖੇਤਰ



ਭਾਰਤ
ਚਾਵਲ ਅਤੇ ਕਣਕ ਦੀ ਉਪਜ
ਕਿਲੋਮੀਟਰ
100 0 100 200 400 600
ਕਣਕ
ਚਾਵਲ
ਕਣਕ ਅਤੇ ਚਾਵਲ

**ਚਾਵਲ ਪੈਦਾ ਕਰਨ ਵਾਲੇ ਖੇਤਰ :** ਚਾਵਲ ਸੰਸਾਰ ਦੇ ਗਰਮ ਅਤੇ ਜ਼ਿਆਦਾ ਵਰਖਾ ਵਾਲੇ ਦੇਸ਼ਾਂ ਦੀ ਉਪਜ ਹੈ। ਏਸ਼ੀਆ ਮਹਾਂਦੀਪ ਵਿੱਚ ਇਸ ਫਸਲ ਦੀ ਬਹੁਤ ਅਹਿਮੀਅਤ ਮੰਨੀ ਜਾਂਦੀ ਹੈ ਇਥੋਂ ਦਾ ਜਲਵਾਯੂ ਚਾਵਲਾਂ ਲਈ ਬਹੁਤ ਢੁਕਵਾਂ ਮੰਨਿਆ ਜਾਂਦਾ ਹੈ। ਇਹਨਾਂ ਦੇਸ਼ਾਂ ਵਿੱਚ ਅਬਾਦੀ ਜ਼ਿਆਦਾ ਹੋਣ ਕਰਕੇ ਚਾਵਲ ਦੀ ਖਪਤ ਵੀ ਜ਼ਿਆਦਾ ਹੁੰਦੀ ਹੈ। ਚਾਵਲ ਭਾਰਤ ਵਿੱਚ ਵੀ ਸਾਉਣੀ ਦੀ ਮੁੱਖ ਫਸਲ ਮੰਨੀ ਜਾਂਦੀ ਹੈ। ਭਾਰਤ ਵਿੱਚ ਚਾਵਲ ਮੁੱਖ ਤੌਰ ਤੇ ਗੰਗਾ ਬ੍ਰਹਮਪੁੱਤਰ ਦੇ ਮੈਦਾਨਾਂ, ਤੱਟੀ ਇਲਾਕਿਆਂ ਅਤੇ ਦੱਖਣੀ ਭਾਰਤ ਦੇ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਪੈਦਾ ਕੀਤਾ ਜਾਂਦਾ ਹੈ। ਪੱਛਮੀ ਬੰਗਾਲ, ਬਿਹਾਰ, ਉੜੀਸਾ, ਪੰਜਾਬ, ਉੱਤਰ ਪ੍ਰਦੇਸ਼, ਤਾਮਿਲਨਾਡੂ, ਛਤੀਸਗੜ੍ਹ, ਆਂਧਰਾ ਪ੍ਰਦੇਸ਼ ਅਤੇ ਹਰਿਆਣਾ ਆਦਿ ਰਾਜ ਚਾਵਲ ਦੀ ਖੇਤੀ ਲਈ ਪ੍ਰਮੁੱਖ ਮੰਨੇ ਜਾਂਦੇ ਹਨ।

ਪੰਜਾਬ ਵਿੱਚ ਚਾਵਲ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਦੇਸ਼ ਵਿੱਚ ਸਭ ਰਾਜਾਂ ਤੋਂ ਵੱਧ ਹੈ ਅਤੇ ਦੇਸ਼ ਦਾ ਲਗਭਗ 12.2% ਚਾਵਲ ਪੈਦਾ ਕਰਕੇ ਪੱਛਮੀ ਬੰਗਾਲ ਤੋਂ ਬਾਅਦ ਦੇਸ਼ ਵਿੱਚ ਦੂਜੇ ਨੰਬਰ ਤੇ ਹੈ। ਪੰਜਾਬ ਵਿੱਚ ਚਾਵਲ ਪੈਦਾ ਕਰਨ ਵਾਲੇ ਜ਼ਿਲ੍ਹਿਆਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਜਲੰਧਰ, ਪਟਿਆਲਾ ਅਤੇ ਲੁਧਿਆਣਾ ਪ੍ਰਮੁੱਖ ਹਨ।

2. **ਕਣਕ (Wheat) :** ਕਣਕ ਇੱਕ ਅਜਿਹੀ ਅਨਾਜ ਫਸਲ ਹੈ ਜਿਹੜੀ ਕਿ ਸੰਸਾਰ ਦੇ ਬਹੁਤ ਜ਼ਿਆਦਾ ਦੇਸ਼ਾਂ ਵਿੱਚ ਉਗਾਈ ਜਾਂਦੀ ਹੈ। ਇਸ ਦੀ ਖੇਤੀ ਨੀਵੇਂ ਇਲਾਕਿਆਂ ਤੋਂ ਲੈ ਕੇ ਉੱਚੇ ਪਹਾੜੀ ਸਥਾਨਾਂ ਤੱਕ ਕੀਤੀ ਜਾਂਦੀ ਹੈ। ਸੰਸਾਰ ਦੇ ਅਮੀਰ ਦੇਸ਼ਾਂ ਦੇ ਲੋਕ ਚਾਵਲਾਂ ਦੀ ਬਜਾਏ ਕਣਕ ਦੀ ਖੱਪਤ ਜ਼ਿਆਦਾ ਕਰਦੇ ਹਨ। ਕਣਕ ਨੂੰ ਪ੍ਰੋਟੀਨ, ਕਾਰਬੋਹਾਈਡਰੇਟਸ ਅਤੇ ਵਿਟਾਮਿਨ ਭਰਪੂਰ ਅਨਾਜ ਮੰਨਿਆ ਜਾਂਦਾ ਹੈ। ਸੰਸਾਰ ਵਿੱਚ ਕਣਕ ਦੀਆਂ ਮੁੱਖ ਤੌਰ ਤੇ ਦੋ ਕਿਸਮਾਂ ਸਰਦੀਆਂ ਦੀ ਕਣਕ (Winter wheat) ਅਤੇ ਬਸੰਤ ਰੁੱਤ ਦੀ ਕਣਕ (Spring wheat) ਹਨ।

**ਕਣਕ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ**

| | | |
|---|---|---|
| ਤਾਪਮਾਨ | : | $10^0$ ਸੈਲਸੀਅਸ ਤੋਂ $20^0$ ਸੈਲਸੀਅਸ |
| ਵਰਖਾ | : | 50 ਸੈਂਟੀਮੀਟਰ ਤੋਂ 100 ਸੈਂਟੀਮੀਟਰ ਤੱਕ |
| ਧਰਾਤਲ | : | ਸਮਤਲ ਜਾਂ ਥੋੜ੍ਹੀ ਢਲਾਣ ਵਾਲਾ |
| ਮਿੱਟੀ | : | ਦੁੰਮਟ, ਚੀਕਣੀ, ਕਾਲੀ ਜਾਂ ਲਾਲ ਮਿੱਟੀ |
| ਬੀਜ ਅਤੇ ਖਾਦਾਂ | : | ਅੱਛੀ ਕਿਸਮ ਦੇ ਬੀਜ ਅਤੇ ਖਾਦਾਂ, ਪੈਦਾਵਾਰ ਵਧਾਉਣ ਲਈ ਬਹੁਤ ਜ਼ਰੂਰੀ ਹਨ। |
| ਮਜ਼ਦੂਰ | : | ਬੀਜਣ ਅਤੇ ਕੱਟਣ ਸਮੇਂ ਮਜ਼ਦੂਰਾਂ ਦੀ ਲੋੜ ਪੈਂਦੀ ਹੈ। |

ਕਣਕ ਬੀਜਣ ਦਾ ਸਮਾਂ ਆਮ ਤੌਰ ਤੇ ਨਵੰਬਰ-ਦਸੰਬਰ ਹੁੰਦਾ ਹੈ। ਕਣਕ ਬੀਜਣ ਸਮੇਂ ਤਾਪਮਾਨ ਘੱਟ ਅਤੇ ਕੱਟਣ ਸਮੇਂ ਜ਼ਿਆਦਾ ਹੋਣਾ ਚਾਹੀਦਾ ਹੈ। ਸਮੇਂ ਸਮੇਂ ਤੇ ਇਸ ਨੂੰ ਵਰਖਾ ਜਾਂ ਸਿੰਚਾਈ ਦੀ ਲੋੜ ਪੈਂਦੀ ਹੈ। ਫਸਲ ਪੱਕਣ ਸਮੇਂ ਮੌਸਮ ਗਰਮ ਅਤੇ ਖੁਸ਼ਕ ਹੋਣਾ ਚਾਹੀਦਾ ਹੈ।

**ਕਣਕ ਪੈਦਾ ਕਰਨ ਵਾਲੇ ਖੇਤਰ :** ਚੀਨ, ਯੂ.ਐਸ.ਏ., ਰੂਸ, ਫਰਾਂਸ, ਕੈਨੇਡਾ, ਜਰਮਨੀ ਆਦਿ ਦੇਸ਼ ਸੰਸਾਰ ਦੇ ਕਣਕ ਪੈਦਾ ਕਰਨ ਵਾਲੇ ਮੁੱਖ ਦੇਸ਼ ਹਨ। ਇਹਨਾਂ ਦੇਸ਼ਾਂ ਦੀ ਅਬਾਦੀ ਘੱਟ ਅਤੇ ਜ਼ਮੀਨਾਂ ਜ਼ਿਆਦਾ ਹੋਣ ਕਰਕੇ, ਵੱਡੇ ਪੱਧਰ ਤੇ ਮਸ਼ੀਨਾਂ ਦੀ ਵਰਤੋਂ ਕਰਕੇ ਕਣਕ ਦੀ ਜ਼ਿਆਦਾ ਪੈਦਾਵਾਰ ਕੀਤੀ ਜਾਂਦੀ ਹੈ। ਯੂ.ਐਸ.ਏ. ਦੇ ਕੈਨਸਾਸ (Kansas), ਡਕੋਟਾ (Dakota), ਮੋਨਟਾਨਾ (Montana), ਮਿਨੀਸੋਟਾ (Minnesota), ਟੈਕਸਾਸ (Texas) ਅਤੇ ਮਹਾਨ ਝੀਲਾਂ ਦੇ ਆਲ਼ੇ-ਦੁਆਲ਼ੇ ਦੇ ਖੇਤਰ, ਕੈਨੇਡਾ ਦੇ ਓਂਟਾਰੀਓ (Ontario) ਅਤੇ ਬ੍ਰਿਟਿਸ਼ ਕੋਲੰਬੀਆ (British Columbia) ਖੇਤਰ ਕਣਕ ਦੀ ਖੇਤੀ ਲਈ ਪ੍ਰਸਿੱਧ ਹਨ।

ਭਾਰਤ ਦਾ ਸੰਸਾਰ ਵਿੱਚ ਕਣਕ ਪੈਦਾ ਕਰਨ ਵਾਲੇ ਦੇਸ਼ਾਂ ਵਿੱਚ ਦੂਸਰਾ ਸਥਾਨ ਹੈ। ਭਾਰਤ ਦੇ ਉੱਤਰੀ ਹਿੱਸਿਆਂ ਤੋਂ ਲੈ ਕੇ ਦੱਖਣੀ ਭਾਰਤ ਦੇ ਕੁਝ ਰਾਜਾਂ ਵਿੱਚ ਕਣਕ ਦੀ ਖੇਤੀ ਹੁੰਦੀ ਹੈ। ਭਾਰਤ ਦੇ ਤਿੰਨ ਰਾਜ ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਪੂਰੇ ਦੇਸ਼ ਦੀ ਕੁੱਲ ਕਣਕ ਦਾ 72% ਤੋਂ ਵੀ ਵੱਧ ਹਿੱਸਾ ਪੈਦਾ ਕਰਦੇ ਹਨ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਬਿਹਾਰ ਰਾਜਾਂ ਵਿੱਚ ਵੀ ਕਣਕ ਪੈਦਾ ਕੀਤੀ ਜਾਂਦੀ ਹੈ।

ਪੰਜਾਬ ਰਾਜ ਦੇ ਲਗਭਗ ਸਾਰੇ ਜ਼ਿਲ੍ਹਿਆਂ ਵਿੱਚ ਕਣਕ ਪੈਦਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਆਈ 'ਹਰੀ ਕ੍ਰਾਂਤੀ' (Green Revolution) ਨੇ ਕਣਕ ਦੀ ਪੈਦਾਵਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਅੱਛੇ ਬੀਜ, ਖਾਦਾਂ ਦੀ ਵਰਤੋਂ ਅਤੇ ਸਿੰਚਾਈ ਸਾਧਨਾਂ ਦੀ ਸਹੂਲਤ ਕਰਕੇ ਪੰਜਾਬ ਵਿੱਚ ਕਣਕ ਦੀ ਉਪਜ ਕਈ ਗੁਣਾ ਵਧੀ ਹੈ। ਕੇਂਦਰੀ ਅਨਾਜ ਭੰਡਾਰ ਵਿੱਚ ਪੰਜਾਬ ਸਭ ਰਾਜਾਂ ਤੋਂ ਵੱਧ ਕਣਕ ਦਾ ਹਿੱਸਾ ਪਾਉਂਦਾ ਹੈ।

3. **ਮੱਕੀ (Maize) :** ਮੱਕੀ ਦੇ ਪੌਦੇ ਦੀ ਉੱਤਪਤੀ ਸੰਯੁਕਤ ਰਾਜ ਅਮਰੀਕਾ ਵਿੱਚ ਹੋਈ। ਸੰਸਾਰ ਦੇ ਕਈ ਦੇਸ਼ਾਂ ਵਿੱਚ ਇਸਨੂੰ ਅਨਾਜ ਦੇ ਰੂਪ ਵਿੱਚ ਖਾਧਾ ਜਾਂਦਾ ਹੈ। ਯੂਰਪ ਮਹਾਂਦੀਪ ਵਿੱਚ ਮੱਕੀ ਦੀ ਪੈਦਾਵਾਰ ਦੀ ਸ਼ੁਰੂਆਤ ਕੋਲੰਬਸ ਦੇ ਸਮੇਂ ਤੋਂ ਹੋਈ ਜਦੋਂ ਉਹ ਮੱਕੀ ਦੇ ਬੀਜ ਅਮਰੀਕਾ ਤੋਂ ਆਪਣੇ ਨਾਲ ਲੈ ਕੇ ਆਇਆ। ਯੂਰਪ ਦੇ ਕਈ ਹਿੱਸਿਆਂ ਵਿੱਚ ਮੱਕੀ ਪੈਦਾ ਕੀਤੀ ਜਾਂਦੀ ਹੈ। ਮੱਕੀ ਤੋਂ ਗੁਲੂਕੋਜ਼, ਸਟਾਰਚ ਅਤੇ ਅਲਕੋਹਲ ਤਿਆਰ ਕੀਤੀ ਜਾਂਦੀ ਹੈ । ਇਸ ਤੋਂ ਬਨਸਪਤੀ ਤੇਲ ਵੀ ਤਿਆਰ ਹੁੰਦਾ ਹੈ। ਮੱਕੀ ਦੀ ਫਸਲ ਨੂੰ ਜਾਨਵਰਾਂ ਦੇ ਭੋਜਨ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ।

**ਮੱਕੀ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ**


| | | |
|---|---|---|
| ਤਾਪਮਾਨ | – | $18^0$ ਸੈਲਸੀਅਸ ਤੋਂ $27^0$ ਸੈਲਸੀਅਸ ਤੱਕ ਕੋਰਾ ਰਹਿਤ ਮੌਸਮ ਦੀ ਜ਼ਰੂਰਤ ਹੈ। |
| ਵਰਖਾ | – | 50 ਸੈਂਟੀਮੀਟਰ ਤੋਂ 100 ਸੈਂਟੀਮੀਟਰ ਤੱਕ |
| ਧਰਾਤਲ | – | ਪੱਧਰਾ ਜਾਂ ਸਧਾਰਣ ਢਲਾਣ ਵਾਲਾ |
| ਮਿੱਟੀ | – | ਜਲੌਢੀ ਮਿੱਟੀ, ਲਾਲ ਮਿੱਟੀ ਜਾਂ ਕਿਸੇ ਹੋਰ ਤਰ੍ਹਾਂ ਦੀ ਮਿੱਟੀ ਵਿੱਚ ਵੀ ਉਗਾਈ ਜਾ ਸਕਦੀ ਹੈ। |

ਮੱਕੀ ਦੀ ਪੈਦਾਵਾਰ ਘੱਟ ਵਰਖਾ ਵਾਲੇ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ। ਇਸ ਫਸਲ ਨੂੰ ਬਹੁਤ ਅੱਛੀ ਕਿਸਮ ਦੀ ਮਿੱਟੀ ਦੀ ਜ਼ਰੂਰਤ ਨਹੀਂ ਹੁੰਦੀ। ਕੋਰਾ ਮੱਕੀ ਦੀ ਫਸਲ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਇਸ ਫਸਲ ਨੂੰ ਜੰਗਲੀ ਜਾਨਵਰਾਂ ਅਤੇ ਪੰਛੀਆਂ ਤੋਂ ਬਚਾ ਕੇ ਰੱਖਣਾ ਪੈਂਦਾ ਹੈ।

### ਮੱਕੀ ਪੈਦਾ ਕਰਨ ਵਾਲੇ ਖੇਤਰ

ਯੂ.ਐਸ.ਏ., ਚੀਨ ਅਤੇ ਬ੍ਰਾਜ਼ੀਲ ਵਰਗੇ ਦੇਸ਼ ਸੰਸਾਰ ਦੇ ਮੁੱਖ ਮੱਕੀ ਉਤਪਾਦਨ ਕਰਨ ਵਾਲੇ ਦੇਸ਼ ਹਨ। ਯੂ.ਐਸ.ਏ. ਦੇਸ਼ ਇਕੱਲਾ ਹੀ ਸੰਸਾਰ ਦੀ ਲਗਭਗ 50% ਮੱਕੀ ਪੈਦਾ ਕਰਦਾ ਹੈ ਅਤੇ ਹੋਰ ਕਈ ਦੇਸ਼ਾਂ ਨੂੰ ਨਿਰਯਾਤ ਵੀ ਕਰਦਾ ਹੈ। ਬ੍ਰਾਜ਼ੀਲ ਅਤੇ ਅਰਜਨਟਾਈਨਾ ਵੀ ਸੰਸਾਰ ਦੇ ਮੱਕੀ ਪੈਦਾ ਕਰਨ ਵਾਲੇ ਅਤੇ ਨਿਰਯਾਤ ਕਰਨ ਵਾਲੇ ਦੇਸ਼ ਹਨ। ਯੂ.ਐਸ.ਏ. ਦੀ ਕੌਰਨ ਪੇਟੀ (Corn Belt) ਸੰਸਾਰ ਭਰ ਵਿੱਚ ਪ੍ਰਸਿੱਧ ਹੈ ਜਿਥੇ ਸੂਰ, ਘੋੜੇ ਅਤੇ ਹੋਰ ਪਸ਼ੂ ਮੱਕੀ ਤੇ ਪਾਲੇ ਜਾਂਦੇ ਹਨ।

ਭਾਰਤ ਦੇਸ਼ ਦੇ ਵੀ ਕਈ ਰਾਜਾਂ ਵਿੱਚ ਮੱਕੀ ਪੈਦਾ ਕੀਤੀ ਜਾਂਦੀ ਹੈ। ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਰਾਜਸਥਾਨ ਪੂਰੇ ਭਾਰਤ ਦੀ 50% ਤੋਂ ਵੀ ਵੱਧ ਮੱਕੀ ਪੈਦਾ ਕਰ ਰਹੇ ਹਨ। ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਮਹਾਂਰਾਸ਼ਟਰ, ਗੁਜਰਾਤ ਅਤੇ ਪੰਜਾਬ ਮੱਕੀ ਪੈਦਾ ਕਰਨ ਵਾਲੇ ਹੋਰ ਰਾਜ ਹਨ। ਮੱਧ ਪ੍ਰਦੇਸ਼ ਦੇ ਮਾਂਡਲਾ, ਉਜੈਨ, ਇੰਦੌਰ, ਰਤਲਾਮ ਅਤੇ ਝਬੂਆ ਜ਼ਿਲ੍ਹੇ, ਹਿਮਾਚਲ ਪ੍ਰਦੇਸ਼, ਕਾਂਗੜਾ, ਸਿਰਮੌਰ, ਮੰਡੀ, ਚੰਬਾ ਜ਼ਿਲ੍ਹੇ, ਪੰਜਾਬ ਦੇ ਰੂਪਨਗਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹੇ ਮੱਕੀ ਦੀ ਖੇਤੀ ਵਾਸਤੇ ਪ੍ਰਮੁੱਖ ਹਨ। ਪੰਜਾਬ ਰਾਜ ਵਿੱਚ ਮੱਕੀ ਹੇਠਲਾ ਰਕਬਾ ਲਗਾਤਾਰ ਘੱਟ ਰਿਹਾ ਹੈ ਅਤੇ ਇਸ ਦੀ ਜਗ੍ਹਾਂ ਹੋਰ ਫਸਲਾਂ ਲੈ ਰਹੀਆਂ ਹਨ।


ਕੌਰਨ
ਪੱਟੀ
ਮੱਧ
ਅਮਰੀਕਾ
ਦੱਖਣੀ
ਯੂਰਪ
ਉੱਤਰੀ
ਚੀਨ
ਦੱਖਣੀ
ਅਫਰੀਕਾ
ਪੰਪਾਜ਼
ਸੰਸਾਰ - ਮੱਕੀ ਪੈਦਾ ਕਰਨ ਵਾਲੇ ਖੇਤਰ


ਕਪਾਹ
ਪੱਟੀ
ਸੋਵੀਅਤ
ਮੱਧ ਏਸ਼ੀਆ
ਦੱਖਣ ਦੇ
ਪਠਾਰ
ਨੀਲ ਘਾਟੀ
ਦੱਖਣੀ
ਬ੍ਰਾਜ਼ੀਲ
ਸੰਸਾਰ - ਕਪਾਹ ਪੈਦਾ ਕਰਨ ਵਾਲੇ ਖੇਤਰ

ਚਾਵਲ, ਕਣਕ ਅਤੇ ਮੱਕੀ ਤੋਂ ਇਲਾਵਾ ਹੋਰ ਵੀ ਕਈ ਅਨਾਜ ਫਸਲਾਂ ਸੰਸਾਰ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ। ਇਹਨਾਂ ਫਸਲਾਂ ਵਿੱਚ ਜੌਂ, ਬਾਜਰਾ, ਜਵਾਰ, ਦਾਲਾਂ ਅਤੇ ਤੇਲਾਂ ਵਾਲੇ ਬੀਜ ਪ੍ਰਮੁੱਖ ਹਨ। ਜੌਂ, ਬਾਜਰਾ ਅਤੇ ਜਵਾਰ ਆਦਮੀਆਂ ਅਤੇ ਪਸ਼ੂਆਂ ਦੋਵਾਂ ਦੁਆਰਾ ਹੀ ਖਾਣ ਵਾਸਤੇ ਇਸਤੇਮਾਲ ਕੀਤੇ ਜਾਂਦੇ ਹਨ। ਦਾਲਾਂ ਸਾਡੇ ਸਾਰਿਆਂ ਲਈ ਖਾਣੇ ਦਾ ਮੁੱਖ ਅੰਗ ਮੰਨੀਆਂ ਜਾਂਦੀਆਂ ਹਨ। ਤੇਲਾਂ ਵਾਲੇ ਬੀਜ ਜਿਵੇਂ ਕਿ ਸਰ੍ਹੋਂ, ਤੋਰੀਆ, ਮੂੰਗਫਲੀ, ਤਿਲ ਅਤੇ ਸੂਰਜਮੁਖੀ ਦੀ ਖੇਤੀ ਦਾ ਵੀ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਤੇਲ ਸਾਡੇ ਖਾਣ ਅਤੇ ਹੋਰ ਜ਼ਰੂਰਤਾਂ ਪੂਰੀਆਂ ਕਰਨ ਦੇ ਕੰਮ ਆਉਂਦੇ ਹਨ। ਦਾਲਾਂ ਅਤੇ ਤੇਲ ਬੀਜਾਂ ਦੀ ਖੇਤੀ ਤੋਂ ਕਿਸਾਨਾਂ ਨੂੰ ਕਾਫ਼ੀ ਆਮਦਨ ਪ੍ਰਾਪਤ ਹੁੰਦੀ ਹੈ।

## ਰੇਸ਼ੇਦਾਰ ਫਸਲਾਂ (Fibre Crops)

ਰੇਸ਼ਾ (Fibre) ਮੁੱਖ ਤੌਰ ਤੇ ਦੋ ਸਾਧਨਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ— ਜਾਨਵਰਾਂ ਤੋਂ ਜਾਂ ਪੌਦਿਆਂ ਤੋਂ। ਜਾਨਵਰਾਂ ਦੀ ਸ਼੍ਰੇਣੀ ਵਿੱਚ ਮੁੱਖ ਤੌਰ ਤੇ ਭੇਡ ਅਜਿਹਾ ਜਾਨਵਰ ਹੈ ਜਿਸ ਤੋਂ ਬਹੁਤ ਵੱਡੀ ਮਾਤਰਾ ਵਿੱਚ ਰੇਸ਼ਾ ਪ੍ਰਾਪਤ ਕੀਤਾ ਜਾਂਦਾ ਹੈ। ਇਹ ਰੇਸ਼ਾ ਗਰਮ ਕੱਪੜਾ ਬਣਾਉਣ ਦੇ ਕੰਮ ਆਉਂਦਾ ਹੈ। ਕਈ ਤਰ੍ਹਾਂ ਦੇ ਪੌਦਿਆਂ ਤੋਂ ਵੀ ਰੇਸ਼ਾ ਪ੍ਰਾਪਤ ਕੀਤਾ ਜਾਂਦਾ ਹੈ। ਜ਼ਿਆਦਾਤਰ ਰੇਸ਼ਾ ਅਸੀਂ ਕਪਾਹ ਅਤੇ ਪਟਸਨ ਦੇ ਪੌਦਿਆਂ ਤੋਂ ਪ੍ਰਾਪਤ ਕਰਦੇ ਹਾਂ। ਕਪਾਹ ਨੂੰ ਕੱਪੜਾ ਉਦਯੋਗ ਲਈ ਮੁੱਖ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਹੈ। ਪਟਸਨ ਤੋਂ ਬੋਰੀਆਂ, ਟਾਟ, ਰੱਸੇ ਅਤੇ ਕੱਪੜਾ ਆਦਿ ਤਿਆਰ ਹੁੰਦਾ ਹੈ। ਪਾਠ ਦੇ ਇਸ ਭਾਗ ਵਿੱਚ ਅਸੀਂ ਪੌਦਿਆਂ ਤੋਂ ਪ੍ਰਾਪਤ ਰੇਸ਼ੇਦਾਰ ਫਸਲਾਂ–ਕਪਾਹ ਅਤੇ ਪਟਸਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਾਂਗੇ।

1. **ਕਪਾਹ** (Cotton) : ਕਪਾਹ ਪੌਦਿਆਂ ਤੋਂ ਮਿਲਣ ਵਾਲਾ ਸਭ ਤੋਂ ਮਹੱਤਵਪੂਰਨ ਅਤੇ ਕੱਪੜਾ ਉਦਯੋਗ ਵਿੱਚ ਸਭ ਤੋਂ ਵਧੇਰੇ ਇਸਤੇਮਾਲ ਕੀਤਾ ਜਾਣ ਵਾਲਾ ਰੇਸ਼ਾ ਹੈ। ਇਸ ਤੋਂ ਬਣਨ ਵਾਲਾ ਕੱਪੜਾ ਭਾਰ ਵਿੱਚ ਹਲਕਾ ਅਤੇ ਪਹਿਨਣ ਲਈ ਉੱਤਮ ਕਵਾਲਟੀ ਦਾ ਮੰਨਿਆ ਜਾਂਦਾ ਹੈ। ਕਪਾਹ ਨੂੰ ਰੇਸ਼ੇ ਦੇ ਅਧਾਰ ਤੇ ਲੰਬੇ ਰੇਸ਼ੇ ਵਾਲੀ (Long Staple Cotton), ਮੱਧ ਦਰਜੇ ਰੇਸ਼ੇ ਵਾਲੀ (Medium Staple Cotton) ਅਤੇ ਛੋਟੇ ਰੇਸ਼ੇ ਵਾਲੀ (Short Staple Cotton) ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ। ਲੰਬੇ ਰੇਸ਼ੇ ਵਾਲੀ ਕਪਾਹ ਸਭ ਤੋਂ ਵਧੀਆ ਅਤੇ ਭਾਅ ਵਿੱਚ ਮਹਿੰਗੀ ਹੁੰਦੀ ਹੈ।

**ਕਪਾਹ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ :**

| | | |
|---|---|---|
| ਤਾਪਮਾਨ | : | $20^0$ ਸੈਲਸੀਅਸ ਤੋਂ $30^0$ ਸੈਲਸੀਅਸ ਤੱਕ ਘੱਟੋ ਘੱਟ 200 ਕੋਰਾ ਰਹਿਤ ਦਿਨ |
| ਵਰਖਾ | : | 50 ਸੈਂਟੀਮੀਟਰ ਤੋਂ 100 ਸੈਂਟੀਮੀਟਰ ਤੱਕ |
| ਧਰਾਤਲ | : | ਸਮਤਲ ਜਾਂ ਹਲਕੀ ਢਲਾਣ ਵਾਲੀ ਜ਼ਮੀਨ |
| ਮਿੱਟੀ | : | ਕਾਲੀ ਮਿੱਟੀ ਜਾਂ ਜਲੌਢੀ ਮਿੱਟੀ |
| ਮਜ਼ਦੂਰ | : | ਕਪਾਹ ਨੂੰ ਚੁਣਨ ਵਾਸਤੇ ਸਸਤੇ ਅਤੇ ਸਿੱਖੇ ਹੋਏ ਮਜ਼ਦੂਰਾਂ ਦੀ ਲੋੜ ਹੁੰਦੀ ਹੈ । ਖਾਦਾਂ ਦੀ ਵੀ ਜ਼ਰੂਰਤ ਪੈਂਦੀ ਹੈ। |

ਕਪਾਹ ਦੀ ਫਸਲ ਮੈਦਾਨਾਂ ਵਿੱਚ ਅਪ੍ਰੈਲ-ਮਈ ਦੇ ਮਹੀਨੇ ਵਿੱਚ ਬੀਜੀ ਜਾਂਦੀ ਹੈ ਅਤੇ ਕੋਰਾ ਸ਼ੁਰੂ ਹੋਣ ਤੋਂ ਪਹਿਲਾਂ ਦਸੰਬਰ ਤੱਕ ਸੰਭਾਲ ਲਈ ਜਾਂਦੀ ਹੈ। ਭਾਰਤ ਦੇ ਦੱਖਣੀ ਭਾਗਾਂ ਵਿੱਚ ਕਪਾਹ ਦੀ ਫਸਲ ਅਕਤੂਬਰ ਤੋਂ ਅਪ੍ਰੈਲ ਮਈ ਤੱਕ ਹੁੰਦੀ ਹੈ ਕਿਉਂਕਿ ਉਥੇ ਠੰਡ ਜਾਂ ਕੋਰੇ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਕਪਾਹ ਨੂੰ



*ਕਪਾਹ ਚੁੱਗਦੀਆਂ ਔਰਤਾਂ*

ਬੀਮਾਰੀਆਂ ਅਤੇ ਕੀੜੇ ਤੋਂ ਬਚਾਉਣ ਲਈ ਅੱਛੇ ਬੀਜ ਅਤੇ ਕੀੜੇ ਮਾਰ ਦਵਾਈਆਂ ਦੀ ਬਹੁਤ ਜ਼ਰੂਰਤ ਪੈਂਦੀ ਹੈ। ਕਪਾਹ ਦੇ ਫੁੱਲ ਜਾਂ ਫੁੱਟੀਆਂ ਚੁਗਣ ਲਈ ਸਸਤੇ ਅਤੇ ਟਰੇਂਡ ਮਜ਼ਦੂਰਾਂ ਖਾਸ ਕਰਕੇ ਔਰਤ ਮਜ਼ਦੂਰਾਂ ਦੀ ਲੋੜ ਪੈਂਦੀ ਹੈ।

## ਕਪਾਹ ਪੈਦਾ ਕਰਨ ਵਾਲੇ ਖੇਤਰ

ਯੂ.ਐਸ.ਏ. ਪਹਿਲੇ ਸੋਵੀਅਤ ਸੰਘ ਦੇ ਦੇਸ਼, ਚੀਨ, ਮੈਕਸੀਕੋ, ਮਿਸਰ, ਸੂਡਾਨ, ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ ਸੰਸਾਰ ਦੇ ਪ੍ਰਮੁੱਖ ਕਪਾਹ ਪੈਦਾ ਕਰਨ ਵਾਲੇ ਦੇਸ਼ ਹਨ। ਭਾਰਤ, ਯੂ.ਐਸ.ਏ. ਅਤੇ ਚੀਨ ਤੋਂ ਬਾਅਦ ਸੰਸਾਰ ਵਿੱਚ ਤੀਜੇ ਨੰਬਰ ਤੇ ਕਪਾਹ ਪੈਦਾ ਕਰਨ ਵਾਲਾ ਦੇਸ਼ ਹੈ। ਯੂ.ਐਸ.ਏ. ਵਿੱਚ ਕਪਾਹ ਪੈਦਾ ਕਰਨ ਦਾ ਰਿਵਾਜ ਕਾਫ਼ੀ ਪੁਰਾਣਾ ਹੈ। ਪਰੰਤੂ ਹੌਲੀ ਹੌਲੀ ਕਪਾਹ ਦੀ ਪੈਦਾਵਾਰ ਦੇਸ਼ ਵਿੱਚ ਘੱਟ ਰਹੀ ਹੈ। ਰੂਸ ਅਤੇ ਉਜ਼ਬੇਕਿਸਤਾਨ ਵੀ ਕਾਫ਼ੀ ਮਾਤਰਾ ਵਿੱਚ ਕਪਾਹ ਪੈਦਾ ਕਰਦੇ ਹਨ। ਚੀਨ ਵਿੱਚ ਕਪਾਹ ਦੀ ਪੈਦਾਵਾਰ ਅਤੇ ਖੱਪਤ ਦੋਨੋਂ ਹੀ ਜ਼ਿਆਦਾ ਹਨ। ਮਿਸਰ ਦੇਸ਼ ਦੀ ਲੰਬੇ ਰੇਸ਼ੇ ਵਾਲੀ ਕਪਾਹ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਪਾਕਿਸਤਾਨ ਦੇ ਪੰਜਾਬ ਅਤੇ ਸਿੰਧ ਪ੍ਰਦੇਸ਼ ਕਪਾਹ ਪੈਦਾ ਕਰਨ ਲਈ ਮਸ਼ਹੂਰ ਹਨ।

ਭਾਰਤ ਵਿੱਚ ਕਾਲੀ ਮਿੱਟੀ ਵਾਲੇ ਰਾਜ ਕਪਾਹ ਦੀ ਖੇਤੀ ਕਰਨ ਵਿੱਚ ਬਾਕੀ ਪ੍ਰਦੇਸ਼ਾਂ ਤੋਂ ਅੱਗੇ ਹਨ। ਭਾਰਤ ਵਿੱਚ ਵੀ ਅੱਛੀ ਕਿਸਮ ਦੇ ਬੀਜਾਂ ਅਤੇ ਖਾਦਾਂ ਦੀ ਮੱਦਦ ਨਾਲ ਲੰਬੇ ਰੇਸ਼ੇ ਵਾਲੀ ਕਪਾਹ ਦੀ ਖੇਤੀ ਕੀਤੀ ਜਾ ਰਹੀ ਹੈ। ਦੇਸ਼ ਦੇ ਕਪਾਹ ਪੈਦਾ ਕਰਨ ਵਾਲੇ ਰਾਜਾਂ ਵਿੱਚ ਮਹਾਂਰਾਸ਼ਟਰ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਪੂਰੇ ਦੇਸ਼ ਦੀ 60% ਤੋਂ ਵੀ ਵੱਧ ਕਪਾਹ ਪੈਦਾ ਕਰਦੇ ਹਨ। ਇਹਨਾਂ ਪ੍ਰਦੇਸ਼ਾਂ ਵਿੱਚ ਮੁੱਖ ਤੌਰ ਤੇ ਕਾਲੀ ਮਿੱਟੀ ਪਾਈ ਜਾਂਦੀ ਹੈ, ਜੋ ਕਿ ਕਪਾਹ ਪੈਦਾ ਕਰਨ ਲਈ ਬਹੁਤ ਢੁਕਵੀਂ ਹੈ। ਪੰਜਾਬ ਅਤੇ ਹਰਿਆਣਾ ਦੋਵੇਂ ਰਾਜ ਇਕੱਠੇ ਮਿਲਕੇ ਦੇਸ਼ ਦੀ ਲਗਭਗ 25% ਕਪਾਹ ਪੈਦਾ ਕਰ ਰਹੇ ਹਨ। ਦੇਸ਼ ਵਿੱਚ ਨੰਦੇੜ, ਅਮਰਾਵਤੀ, ਵਰਧਾ, ਜਲਗਾਓਂ (ਮਹਾਂਰਾਸ਼ਟਰ), ਸੁਰੇਂਦਰ ਨਗਰ, ਵਧੋਦਰਾ, ਅਹਿਮਦਾਬਾਦ (ਗੁਜਰਾਤ), ਗੰਟੂਰ, ਪਰਕਾਸਮ (ਆਂਧਰਾ ਪ੍ਰਦੇਸ਼), ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸੰਗਰੂਰ (ਪੰਜਾਬ) ਆਦਿ ਜ਼ਿਲ੍ਹੇ ਕਪਾਹ ਦੀ ਪੈਦਾਵਾਰ ਲਈ ਪ੍ਰਸਿੱਧ ਹਨ। ਪੰਜਾਬ ਵਿੱਚ ਬੀ.ਟੀ. ਕਾਟਨ


ਭਾਰਤ
ਕਪਾਹ ਅਤੇ ਪਟਸਨ ਉਤਪਾਦਨ
ਕਿਲੋਮੀਟਰ
200 100 0 200 400 600
ਪਾਕਿਸਤਾਨ
ਚੀਨ
ਨੇਪਾਲ
ਪੰਜਾਬ
ਹਰਿਆਣਾ
ਪੱਛਮੀ ਉੱਤਰ ਪ੍ਰਦੇਸ਼
ਬਿਹਾਰ
ਅਸਮ
ਬੰਗਲਾ ਦੇਸ਼
ਪੱਛਮੀ ਬੰਗਾਲ
ਗੁਜਰਾਤ
ਮੱਧ ਪ੍ਰਦੇਸ਼
ਓਡੀਸ਼ਾ
ਖਾੜੀ ਬੰਗਾਲ
ਮਹਾਂਰਾਸ਼ਟਰ
ਤੇਲੰਗਾਨਾ
ਕਰਨਾਟਕ
ਆਂਧਰ ਪ੍ਰਦੇਸ਼
ਅਰਬ ਸਾਗਰ
ਕਪਾਹ
ਪਟਸਨ
ਤਾਮਿਲਨਾਡੂ
ਲਕਸ਼ਦੀਪ ਸਮੂਹ
(ਭਾਰਤ)
ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ (ਭਾਰਤ)
ਹਿੰਦ
ਮਹਾਂ
ਸਾਗਰ

ਬੀਜ ਅੱਛੇ ਨਤੀਜੇ ਦੇ ਰਿਹਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਕਪਾਹ ਨੂੰ 'ਚਿੱਟਾ ਸੋਨਾ' (White Gold) ਕਿਹਾ ਜਾਂਦਾ ਹੈ। ਭਾਰਤ ਦੇ ਮੁੰਬਈ, ਅਹਿਮਦਾਬਾਦ, ਕਾਨਪੁਰ, ਨਾਗਪੁਰ, ਸ਼ੋਲਾਪੁਰ, ਚੇਨੱਈ, ਦਿੱਲੀ ਅਤੇ ਕੋਲਕਾਤਾ ਵਰਗੇ ਸ਼ਹਿਰ ਕੱਪੜਾ ਉਦਯੋਗ ਲਈ ਜਾਣੇ ਜਾਂਦੇ ਹਨ।

2. **ਪਟਸਨ (Jute) :** ਪਟਸਨ (ਨੜ) (reed) ਵਰਗਾ ਪਤਲਾ ਅਤੇ ਲੰਬਾ ਪੌਦਾ ਹੁੰਦਾ ਹੈ ਜਿਹੜਾ 10-12 ਫੁੱਟ ਦੀ ਉਚਾਈ ਤੱਕ ਵਧਦਾ ਹੈ। ਪਟਸਨ ਇੱਕ ਖੁਰਦਰਾ ਪਰੰਤੂ ਨਰਮ ਰੇਸ਼ਾ ਹੁੰਦਾ ਹੈ। ਕਪਾਹ ਦੇ ਨਾਲ ਪਟਸਨ ਦਾ ਕੋਈ ਮੁਕਾਬਲਾ ਨਹੀਂ ਹੈ ਕਿਉਂਕਿ ਇਹਨਾਂ ਦੋਨਾਂ ਦੀ ਵਰਤੋਂ ਅਲੱਗ ਅਲੱਗ ਹੈ। ਪਟਸਨ ਦੀ ਵਰਤੋਂ ਰੱਸੇ, ਬੋਰੀਆਂ, ਟਾਟ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ ਪਰੰਤੂ ਪਲਾਸਟਿਕ ਅਤੇ ਬਣਾਵਟੀ ਰੇਸ਼ੇ (Synthetic Fibre) ਦੇ ਆਉਣ ਕਰਕੇ ਪਟਸਨ ਤੋਂ ਬਣੀਆਂ ਵਸਤਾਂ ਨੂੰ ਖਤਰਾ ਪੈਦਾ ਹੋ ਰਿਹਾ ਹੈ।

**ਪਟਸਨ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ**

| | | |
|---|---|---|
| ਤਾਪਮਾਨ | : | $24^0$ ਸੈਲਸੀਅਸ ਤੋਂ $35^0$ ਸੈਲਸੀਅਸ |
| ਵਰਖਾ | : | 120 ਸੈਂਟੀਮੀਟਰ ਤੋਂ 150 ਸੈਂਟੀਮੀਟਰ ਤੱਕ |
| | : | 80 ਤੋਂ 90% ਸਾਪੇਖ ਨਮੀ ਲੋੜੀਂਦੀ ਹੈ। |
| ਧਰਾਤਲ | : | ਪੱਧਰਾ ਧਰਾਤਲ |
| ਮਿੱਟੀ | : | ਜਲੌਢੀ ਮਿੱਟੀ, ਚੀਕਣੀ ਦੁੰਮਟ ਮਿੱਟੀ |
| ਮਜ਼ਦੂਰ | : | ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਲੋੜ ਹੁੰਦੀ ਹੈ। |


ਪਟਸਨ ਨੂੰ ਆਮ ਤੌਰ ਤੇ ਫਰਵਰੀ ਮਾਰਚ ਦੇ ਮਹੀਨੇ ਬੀਜਿਆ ਜਾਂਦਾ ਹੈ ਅਤੇ ਅਕਤੂਬਰ ਮਹੀਨੇ ਤੱਕ ਕੱਟ ਲਿਆ ਜਾਂਦਾ ਹੈ। ਕਈ ਜਲਦੀ ਤਿਆਰ ਹੋਣ ਵਾਲੀਆਂ ਕਿਸਮਾਂ ਵੀ ਉਗਾਈਆਂ ਜਾ ਰਹੀਆਂ ਹਨ। ਪਟਸਨ ਦੀ ਫਸਲ ਕੱਟਣ ਤੋਂ ਬਾਅਦ ਇਸ ਨੂੰ ਗੱਠਾਂ ਵਿੱਚ ਬੰਨ੍ਹ ਕੇ ਖੜੇ ਪਾਣੀ ਦੇ ਹੇਠਾਂ ਦੋ-ਤਿੰਨ ਹਫਤੇ ਵਾਸਤੇ ਰੱਖਿਆ ਜਾਂਦਾ ਹੈ। ਜਦੋਂ ਪੌਦੇ ਦਾ ਰੇਸ਼ਾ ਨਰਮ ਹੋ ਕੇ ਉਤਰਨ ਯੋਗ ਹੋ ਜਾਂਦਾ ਹੈ ਉਸ ਸਮੇਂ ਇਸ ਨੂੰ ਪਾਣੀ ਵਿੱਚੋਂ ਕੱਢ ਕੇ ਸੁਕਾ ਲਿਆ ਜਾਂਦਾ ਹੈ। ਇਸ ਤੋਂ ਬਾਅਦ ਇਸ ਨਾਲੋਂ ਰੇਸ਼ਾ ਅਲੱਗ ਕੀਤਾ ਜਾਂਦਾ ਹੈ ਅਤੇ ਇਸ ਨੂੰ ਸਾਫ਼ ਕਰਕੇ ਵੱਖ-ਵੱਖ ਤਰ੍ਹਾਂ ਦੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

## ਪਟਸਨ ਪੈਦਾ ਕਰਨ ਵਾਲੇ ਖੇਤਰ

ਸੰਸਾਰ ਵਿੱਚ ਚੀਨ, ਭਾਰਤ, ਬੰਗਲਾਦੇਸ਼, ਥਾਈਲੈਂਡ ਅਤੇ ਬ੍ਰਾਜ਼ੀਲ ਪਟਸਨ ਪੈਦਾ ਕਰਨ ਵਾਲੇ ਮੁੱਖ ਦੇਸ਼ ਹਨ। ਪਟਸਨ ਉਗਾਉਣ ਵਾਸਤੇ ਗਰਮ ਅਤੇ ਤਰ ਜਲਵਾਯੂ ਕਾਫ਼ੀ ਢੁਕਵਾਂ ਹੁੰਦਾ ਹੈ। ਭਾਰਤ ਅਤੇ ਬੰਗਲਾਦੇਸ਼ ਪਟਸਨ ਦੀ ਪੈਦਾਵਾਰ ਵਿੱਚ ਮੋਹਰੀ ਦੇਸ਼ ਹਨ। ਗੰਗਾ ਅਤੇ ਬ੍ਰਹਮਪੁੱਤਰ ਦਰਿਆਵਾਂ ਦੇ ਡੈਲਟਾ ਭਾਗਾਂ ਵਿੱਚ ਇਸਦੀ ਖੇਤੀ ਬਹੁਤ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ। ਭਾਰਤ ਦੇ ਚਾਰ ਰਾਜ ਪੱਛਮੀ ਬੰਗਾਲ, ਬਿਹਾਰ, ਅਸਾਮ ਅਤੇ ਉੜੀਸਾ ਪੂਰੇ ਭਾਰਤ ਦਾ ਲਗਭਗ 99% ਪਟਸਨ ਪੈਦਾ ਕਰਦੇ ਹਨ। ਇਹਨਾਂ ਤੋਂ ਇਲਾਵਾ ਕੁਝ ਪਟਸਨ ਉੱਤਰ ਪ੍ਰਦੇਸ਼ , ਮਹਾਂਰਾਸ਼ਟਰ ਅਤੇ ਕੇਰਲ ਵਿੱਚ ਵੀ ਪੈਦਾ ਕੀਤਾ ਜਾਂਦਾ ਹੈ। ਨਾਡੀਆਂ, ਮੁਰਸ਼ੀਦਾਬਾਦ, 24 ਪਰਗਨਾ, ਜਲਪੌਇਗੁੜੀ, ਹੁਗਲੀ (ਪੱਛਮੀ ਬੰਗਾਲ), ਪੁਰਨੀਆਂ, ਕਾਟੀਨਾਰ, ਦਰਭੰਗਾ (ਬਿਹਾਰ), ਗੋਲਪਾੜਾਂ, ਦਰੰਗ, ਸਿਬਸਾਗਰ (ਅਸਾਮ) ਆਦਿ ਜ਼ਿਲ੍ਹੇ ਪਟਸਨ ਪੈਦਾ ਕਰਨ ਵਾਲੇ ਦੇਸ਼ ਦੇ ਮੁੱਖ ਖੇਤਰ ਹਨ। ਪੱਛਮੀ ਬੰਗਾਲ ਵਿੱਚ ਪਟਸਨ ਪੈਦਾ ਕਰਨ ਵਾਸਤੇ ਸਾਰੀਆਂ ਹਾਲਤਾਂ ਅਨੁਕੂਲ ਹਨ। ਇਕੱਲਾ ਪੱਛਮੀ ਬੰਗਾਲ ਰਾਜ ਪੂਰੇ ਦੇਸ਼ ਦਾ 80% ਪਟਸਨ ਪੈਦਾ ਕਰਦਾ ਹੈ ਅਤੇ ਬਹੁਤ ਸਾਰੀਆਂ ਪਟਸਨ ਮਿਲਾਂ ਵੀ ਇੱਥੇ ਹੀ ਲਗਾਈਆਂ ਗਈਆਂ ਹਨ।

## ਪੇਅ ਫ਼ਸਲਾਂ (**Beverage Crops**)

ਪੇਅ ਫਸਲਾਂ ਵਿੱਚ ਮੁੱਖ ਤੌਰ ਤੇ ਚਾਹ, ਕੌਫੀ ਜਾਂ ਕੋਕੋ (cocoa) ਨੂੰ ਸ਼ਾਮਲ ਕੀਤਾ ਜਾਂਦਾ ਹੈ। ਅੱਜ ਕਲ੍ਹ ਦੇ ਸਮੇਂ ਵਿੱਚ ਪੀਣ ਵਾਲੀਆਂ ਫਸਲਾਂ ਦੀ ਬਹੁਤ ਮਹਾਨਤਾ ਹੈ। ਰੋਜ਼ਾਨਾ ਉੱਠਣ ਤੋਂ ਬਾਅਦ ਅਤੇ ਦਿਨ ਭਰ ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਚਾਹ ਜਾਂ ਕੌਫੀ ਦਾ ਕੱਪ ਸਾਡੇ ਸਾਰਿਆਂ ਲਈ ਬਹੁਤ ਮਹੱਤਤਾ ਰੱਖਦਾ ਹੈ। ਇਸ ਨੂੰ ਪੀਣ ਤੋਂ ਬਾਅਦ ਅਸੀਂ ਚੁਸਤੀ ਮਹਿਸੂਸ ਕਰਦੇ ਹਾਂ। ਪੇਅ ਫਸਲਾਂ ਵਿੱਚ ਜੋਸ਼ ਪੈਦਾ ਕਰਨ ਵਾਲੇ ਤੱਤ ਮੌਜੂਦ ਹੋਣ ਕਰਕੇ ਸਾਡੇ ਸਰੀਰ ਵਿੱਚ ਉਤੇਜਨਾ ਜਾਂ ਜੋਸ਼ ਪੈਦਾ ਕਰਦੀਆਂ ਹਨ। ਠੰਡੇ ਮੌਸਮ ਵਿੱਚ ਇਹਨਾਂ ਨੂੰ ਗਰਮ ਅਤੇ ਗਰਮੀ ਦੇ ਮੌਸਮ ਵਿੱਚ ਠੰਡੇ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਹੈ ਜਿਵੇਂ ਗਰਮ ਜਾਂ ਠੰਡੀ ਕੌਫੀ ਆਦਿ। ਅਸੀਂ ਇਥੇ ਚਾਹ ਅਤੇ ਕੌਫੀ ਦੋ ਪੇਅ ਫ਼ਸਲਾਂ ਦੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕਰਾਂਗੇ।




*ਚਾਹ ਦੀਆਂ ਪੱਤੀਆਂ ਚੁਗਦੀਆਂ ਇਸਤਰੀਆਂ*

**1. ਚਾਹ (Tea) :** ਚਾਹ ਦਾ ਪੌਦਾ ਇੱਕ ਝਾੜੀ ਵਰਗਾ ਹੁੰਦਾ ਹੈ। ਇਸ ਪੌਦੇ ਦੇ ਪੱਤਿਆਂ ਤੋਂ ਚਾਹ ਪ੍ਰਾਪਤ ਕੀਤੀ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ ਚਾਹ ਛੇਵੀਂ ਸਦੀ ਵਿੱਚ ਚੀਨ ਤੋਂ ਸ਼ੁਰੂ ਹੋਈ ਅਤੇ ਉਸੇ ਸਮੇਂ ਤੋਂ ਹੀ ਚੀਨ ਅਤੇ ਜਾਪਾਨ ਵਿੱਚ ਪੀਤੀ ਜਾ ਰਹੀ ਹੈ। ਸਤਾਰਵੀਂ ਸਦੀ ਤੱਕ ਚਾਹ, ਬ੍ਰਿਟੇਨ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਵੀ ਪੀਤੀ ਜਾਣ ਲੱਗੀ ਅਤੇ ਇਸ ਨੂੰ ਪੀਣਾ ਵੱਡੇ ਲੋਕਾਂ ਦਾ ਸ਼ੌਂਕ ਸਮਝਿਆ ਜਾਂਦਾ ਸੀ। ਅੱਜ ਦੇ ਸਮੇਂ ਵਿੱਚ ਤਾਂ ਚਾਹ ਆਮ ਪੀਣ ਵਾਲਾ ਪਦਾਰਥ ਬਣ ਗਈ ਹੈ। ਚਾਹ ਦੀਆਂ ਕਿਸਮਾਂ ਵਿੱਚ 'ਕਾਲੀ ਚਾਹ' ਅਤੇ 'ਹਰੀ ਚਾਹ' ਮਸ਼ਹੂਰ ਹਨ।

**ਚਾਹ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ**

| | |
|---|---|
| ਤਾਪਮਾਨ | – $20^0$ ਸੈਲਸੀਅਸ ਤੋਂ $30^0$ ਸੈਲਸੀਅਸ ਤੱਕ |
| ਵਰਖਾ | – 150 ਸੈਂਟੀਮੀਟਰ ਤੋਂ 300 ਸੈਂਟੀਮੀਟਰ ਸਲਾਨਾ |
| ਧਰਾਤਲ | – ਢਲਾਣਦਾਰ ਧਰਾਤਲ |
| ਮਿੱਟੀ | – ਦੁੰਮਟ ਮਿੱਟੀ, ਜੰਗਲੀ ਮਿੱਟੀ ਜਿਸ ਵਿੱਚ ਲੋਹੇ ਅਤੇ ਜੈਵਿਕ ਮਾਦੇ ਦੀ ਬਹੁਲਤਾ ਹੋਵੇ। |
| ਮਜ਼ਦੂਰ | – ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ। |
| ਮੰਡੀ | – ਚਾਹ ਦੀ ਮੰਗ ਵੀ ਹੋਣੀ ਚਾਹੀਦੀ ਹੈ ਜਿਥੇ ਚਾਹ ਨੂੰ ਵੇਚਿਆ ਜਾ ਸਕੇ। |


ਜਾਪਾਨ
ਦਾਰਜੀਲਿੰਗ
ਹਰੀ ਚਾਹ
ਓਲੌਂਗ
ਤਾਈਵਾਨ
ਨੀਲਗਿਰੀ
ਪਹਾੜੀ
ਪੱਛਮੀ ਜਾਵਾ
ਪੂਰਬੀ
ਅਫਰੀਕਾ
ਯਰਬਾ ਮਾਟੇ
ਚਾਹ ਉਗਾਉਣ ਵਾਲੇ ਖੇਤਰ


ਯਮਨ
ਪੱਛਮੀ ਅਫਰੀਕਾ
ਮੱਧ
ਅਮਰੀਕਾ
ਕੋਲੰਬੀਆ
ਪੂਰਬੀ ਅਫਰੀਕਾ
ਜਾਵਾ
ਬ੍ਰਾਜ਼ੀਲ
ਕੌਫੀ ਉਗਾਉਣ ਵਾਲੇ ਮੁੱਖ ਖੇਤਰ

ਚਾਹ ਦੇ ਪੌਦਿਆਂ ਨੂੰ ਸਾਫ ਕੀਤੀਆਂ ਹੋਈਆਂ ਢਲਾਣਾਂ ਤੇ ਲਗਾਇਆ ਜਾਂਦਾ ਹੈ। ਪੌਦਿਆਂ ਦੇ ਸਹੀ ਵਿਕਾਸ ਲਈ ਖਾਦਾਂ ਦਾ ਪ੍ਰਯੋਗ ਕਰਨਾ ਜ਼ਰੂਰੀ ਹੋ ਜਾਂਦਾ ਹੈ। ਵਰਖਾ ਦੀ ਵੰਡ ਸਾਲ ਵਿੱਚ ਇਕਸਾਰ ਹੋਣੀ ਚਾਹੀਦੀ ਹੈ। ਵਰਖਾ ਦਾ ਪਾਣੀ ਪੌਦਿਆਂ ਦੀਆਂ ਜੜ੍ਹਾਂ ਵਿੱਚ ਨਹੀਂ ਖੜਾ ਹੋਣਾ ਚਾਹੀਦਾ। ਚਾਹ ਦੇ ਪੌਦੇ ਨੂੰ ਕਾਂਟ ਸ਼ਾਂਟ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਇਸਦਾ ਵਿਕਾਸ ਸਹੀ ਤਰ੍ਹਾਂ ਹੋ ਸਕੇ।


### ਚਾਹ ਪੈਦਾ ਕਰਨ ਵਾਲੇ ਖੇਤਰ

ਸੰਸਾਰ ਵਿੱਚ ਚਾਹ ਪੈਦਾ ਕਰਨ ਵਾਲੇ ਦੇਸ਼ਾਂ ਵਿੱਚ ਚੀਨ, ਭਾਰਤ, ਜਾਪਾਨ, ਸ਼੍ਰੀ ਲੰਕਾ, ਤਾਈਵਾਨ, ਇੰਡੋਨੇਸ਼ੀਆ ਅਤੇ ਬੰਗਲਾਦੇਸ਼ ਪ੍ਰਮੁੱਖ ਹਨ। ਚੀਨ ਬਹੁਤ ਲੰਬੇ ਸਮੇਂ ਤੱਕ ਚਾਹ ਪੈਦਾ ਕਰਨ ਵਾਲਾ ਵੱਡਾ ਦੇਸ਼ ਰਿਹਾ ਹੈ ਪਰੰਤੂ ਹੁਣ ਚੀਨ ਵਿੱਚ ਚਾਹ ਦੀ ਪੈਦਾਵਾਰ ਅਤੇ ਨਿਰਯਾਤ ਕਾਫ਼ੀ ਘੱਟ ਹੈ। ਸ਼੍ਰੀ ਲੰਕਾ ਅੱਛੀ ਕਿਸਮ ਦੀ ਚਾਹ ਪੈਦਾ ਕਰ ਰਿਹਾ ਹੈ। ਸ਼੍ਰੀ ਲੰਕਾ ਸੰਸਾਰ ਵਿੱਚ ਚਾਹ ਪੈਦਾ ਕਰਨ ਵਿੱਚ ਤੀਸਰੇ ਸਥਾਨ ਤੇ ਹੈ। ਜਾਪਾਨ ਆਪਣੀਆਂ ਜ਼ਰੂਰਤਾਂ ਵਾਸਤੇ ਚਾਹ ਪੈਦਾ ਕਰ ਲੈਂਦਾ ਹੈ। ਤਾਈਵਾਨ ਦੀ ਊਲੌਂਗ (Oolong Tea) ਚਾਹ ਆਪਣੇ ਸਵਾਦ ਲਈ ਪ੍ਰਸਿੱਧ ਹੈ। ਇੰਡੋਨੇਸ਼ੀਆ ਵਿੱਚ ਪੱਛਮੀ ਜਾਵਾ ਦੇ ਜਵਾਲਾਮੁਖੀ ਪਰਬਤਾਂ ਦੀਆਂ ਢਲਾਣਾਂ ਤੇ ਚਾਹ ਦੀ ਖੇਤੀ ਕੀਤੀ ਜਾਂਦੀ ਹੈ ਇਥੋਂ ਚਾਹ ਦਾ ਨਿਰਯਾਤ ਨੀਦਰਲੈਂਡ ਦੇਸ਼ ਨੂੰ ਕੀਤਾ ਜਾਂਦਾ ਹੈ। ਬੰਗਲਾਦੇਸ਼ ਵੀ ਸੰਸਾਰ ਦੀ ਲਗਭਗ 2% ਚਾਹ ਪੈਦਾ ਕਰਦਾ ਹੈ।

ਭਾਰਤ ਇਸ ਵੇਲੇ ਸੰਸਾਰ ਦੇ ਸਭ ਦੇਸ਼ਾਂ ਤੋਂ ਜ਼ਿਆਦਾ ਚਾਹ ਪੈਦਾ ਕਰ ਰਿਹਾ ਹੈ। ਦੇਸ਼ ਵਿੱਚ ਚਾਹ ਦੀ ਵਰਤੋਂ ਵੀ ਸੰਸਾਰ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਅਸਾਮ, ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਤ੍ਰਿਪੁਰਾ, ਕਰਨਾਟਕ ਆਦਿ ਚਾਹ ਪੈਦਾ ਕਰਨ ਵਾਲੇ ਭਾਰਤ ਦੇ ਮੁੱਖ ਰਾਜ ਹਨ। ਇਕੱਲਾ ਅਸਾਮ ਰਾਜ ਹੀ ਭਾਰਤ ਦੀ ਕੁੱਲ ਚਾਹ ਦਾ 51% ਹਿੱਸਾ ਪੈਦਾ ਕਰ ਰਿਹਾ ਹੈ। ਅਸਾਮ ਦੀਆਂ ਬ੍ਰਹਮਪੁੱਤਰ ਅਤੇ ਸੁਰਮਾ ਘਾਟੀਆਂ ਚਾਹ ਦੀ ਪੈਦਾਵਾਰ ਲਈ ਮੰਨੀਆਂ ਹੋਈਆਂ ਹਨ। ਡਿਬਰੂਗੜ੍ਹ, ਲਖੀਮਪੁਰ, ਸਿਬਸਾਗਰ, ਦਰੰਗ, ਨਗਾਓਂ, ਗੋਲਾਪਾੜਾ ਅਤੇ ਕਛਾਰ ਜ਼ਿਲ੍ਹੇ ਅਸਾਮ ਦੇ ਚਾਹ ਪੈਦਾ ਕਰਨ ਵਾਲੇ ਮੁੱਖ ਖੇਤਰ ਹਨ। ਪੱਛਮੀ ਬੰਗਾਲ ਦੇਸ਼ ਦੀ 22% ਚਾਹ ਪੈਦਾ ਕਰਦਾ ਹੈ। ਅਸਾਮ ਦੇ ਨਾਲ ਲੱਗਦੇ ਪੱਛਮੀ ਬੰਗਾਲ ਦੇ ਦਾਰਜੀਲਿੰਗ, ਜਲਪਾਇਗੁੜੀ ਅਤੇ ਕੂਚਬਿਹਾਰ ਨਾਂ ਦੇ ਜ਼ਿਲ੍ਹਿਆਂ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਚਾਹ ਪੈਦਾ ਹੁੰਦੀ ਹੈ। ਤਾਮਿਲਨਾਡੂ ਵਿੱਚ ਨੀਲਗਿਰੀ ਅਤੇ ਅਨਾਮਲਾਈ ਦੀਆਂ ਪਹਾੜੀਆਂ ਤੇ ਚਾਹ ਪੈਦਾ ਕੀਤੀ ਜਾਂਦੀ ਹੈ। ਕੋਟੱਈਅੱਮ (Kottayam), ਕੋਲਾਮ (Kollam), ਤਿਰੂਵੰਤਪੁਰਮ (ਕੇਰਲ), ਹਸਨ, ਚਿਕਮੰਗਲੂਰ (ਕਰਨਾਟਕ) ਦੇਸ਼ ਦੇ ਹੋਰ ਮਹੱਤਵਪੂਰਨ ਚਾਹ ਪੈਦਾ ਕਰਨ ਵਾਲੇ ਜ਼ਿਲ੍ਹੇ ਹਨ। ਭਾਰਤ ਦੇਸ਼ ਰੂਸ, ਯੂ.ਕੇ., ਯੂ.ਐਸ.ਏ., ਜਰਮਨੀ, ਆਸਟਰੇਲੀਆ, ਇਰਾਨ, ਇਰਾਕ ਅਤੇ ਕਈ ਹੋਰ ਦੇਸ਼ਾਂ ਨੂੰ ਚਾਹ ਦਾ ਨਿਰਯਾਤ ਕਰਦਾ ਹੈ। ਸਾਲ 2003-04 ਵਿੱਚ ਭਾਰਤ ਨੇ ਚਾਹ ਦਾ ਨਿਰਯਾਤ ਕਰਕੇ 1637 ਕਰੋੜ ਰੁਪਏ ਦੀ ਪੂੰਜੀ ਪ੍ਰਾਪਤ ਕੀਤੀ।


*ਕੌਫੀ ਦੇ ਬੀਜਾਂ ਨੂੰ ਸੁਕਾਇਆ ਜਾਂਦਾ ਹੈ*

2. **ਕੌਫੀ** (Coffee) : ਕੌਫੀ ਵੀ ਚਾਹ ਵਰਗਾ ਪੀਣ ਵਾਲਾ ਪਦਾਰਥ ਹੈ। ਅਫਰੀਕਾ ਮਹਾਂਦੀਪ ਨੂੰ ਕੌਫੀ ਦੇ ਪੌਦੇ ਦਾ ਜਨਮ ਦਾਤਾ ਮੰਨਿਆ ਜਾਂਦਾ ਹੈ। ਅਫ਼ਰੀਕਾ ਦੇ ਦੇਸ਼ ਇਥੋਪੀਆ ਤੋਂ ਇਸਦੀ ਸ਼ੁਰੂਆਤ ਹੋਈ।


ਭਾਰਤ : ਪੀਣ ਵਾਲੀਆਂ ਫਸਲਾਂ
ਚਾਹ ਅਤੇ ਕਾਫ਼ੀ
ਲਦਾਖ
ਜੰਮੂ ਅਤੇ ਕਸ਼ਮੀਰ
ਹਿਮਾਚਲ ਪ੍ਰਦੇਸ਼
ਪਾਕਿਸਤਾਨ
ਚੀਨ
ਪੰਜਾਬ
ਉੱਤਰਾਂਚਲ
ਤਿੱਬਤ
ਨੇਪਾਲ
ਭੂਟਾਨ
ਅਰੁਨਾਚਲ ਪ੍ਰਦੇਸ਼
ਅਸਾਮ
ਉੱਤਰ ਪ੍ਰਦੇਸ਼
ਰਾਜਸਥਾਨ
ਬਿਹਾਰ
ਬੰਗਲਾ ਦੇਸ਼
ਝਾਰਖੰਡ
ਗੁਜਰਾਤ
ਮੱਧ ਪ੍ਰਦੇਸ਼
ਛਤੀਸਗੜ੍ਹ
ਓਡੀਸ਼ਾ
ਮਹਾਂਰਾਸ਼ਟਰ
ਖਾੜੀ ਬੰਗਾਲ
ਆਂਧਰਾ ਪ੍ਰਦੇਸ਼
ਕਰਨਾਟਕਾ
ਅਰਬ ਸਾਗਰ
ਚਾਹ
ਕੌਫੀ
ਤਾਮਿਲਨਾਡੂ
ਲਕਸ਼ਦੀਪ ਸਮੂਹ
(ਭਾਰਤ)
ਕਿਲੋਮੀਟਰ
100 0 100 300 500
ਹਿੰਦ
ਮਹਾਂ
ਸਾਗਰ

ਇਥੋਪੀਆ ਤੋਂ ਇਸ ਨੂੰ ਸਾਊਦੀ ਅਰਬ ਲਿਜਾਇਆ ਗਿਆ। ਕੀਮਤ ਦੇ ਹਿਸਾਬ ਨਾਲ ਕੌਫੀ ਚਾਹ ਤੋਂ ਜ਼ਿਆਦਾ ਮਹਿੰਗੀ ਹੈ। ਕੌਫੀ ਦੇ ਪੌਦੇ ਨੂੰ ਲੱਗੇ ਬੀਜਾਂ ਨੂੰ ਸੁਕਾ ਕੇ, ਭੁੰਨ ਕੇ ਅਤੇ ਪੀਸ ਕੇ ਕੌਫੀ ਪਾਊਡਰ ਤਿਆਰ ਕੀਤਾ ਜਾਂਦਾ ਹੈ। ਕੌਫ਼ੀ ਵਿੱਚ 'ਕੋਫੀਨ' ਨਾਂ ਦਾ ਇੱਕ ਨਸ਼ੇ ਵਾਲਾ ਤੱਤ ਹੁੰਦਾ ਹੈ ਜਿਹੜਾ ਸਾਡੇ ਸਰੀਰ ਵਿੱਚ ਜਾ ਕੇ ਉਤੇਜਨਾ ਪੈਦਾ ਕਰਦਾ ਹੈ। ਕੌਫੀ ਦੀ ਵਰਤੋਂ ਠੰਡੇ ਅਤੇ ਗਰਮ ਦੋਵੇਂ ਤਰ੍ਹਾਂ ਦੇ ਦੇਸ਼ਾਂ ਵਿੱਚ ਹੁੰਦੀ ਹੈ। ਕੌਫੀ ਦੀਆਂ ਕਿਸਮਾਂ ਵਿੱਚ ਅਰੈਬਿਕ(Arabica), ਰੌਬਸਟਾ (Robusta) ਅਤੇ ਲਾਇਬੈਰਿਕਾ (Liberica) ਮਸ਼ਹੂਰ ਮੰਨੀਆਂ ਜਾਂਦੀਆਂ ਹਨ।

**ਕੌਫੀ ਪੈਦਾ ਕਰਨ ਲਈ ਲੋੜੀਂਦੀਆਂ ਹਾਲਤਾਂ**

| | | |
|---|---|---|
| ਤਾਪਮਾਨ | – | $15^0$ ਸੈਲਸੀਅਸ ਤੋਂ $28^0$ ਸੈਲਸੀਅਸ ਤੱਕ |
| ਵਰਖਾ | – | 100 ਸੈਂਟੀਮੀਟਰ ਤੋਂ 200 ਸੈਂਟੀਮੀਟਰ ਤੱਕ |
| ਧਰਾਤਲ | – | ਪਹਾੜੀ, ਢਲਾਣਾਂ ਵਾਲਾ ਧਰਾਤਲ ਢੁਕਵਾਂ ਹੈ |
| ਮਿੱਟੀ | – | ਦੁੰਮਟ ਜਾਂ ਜ਼ਿਆਦਾ ਜੈਵਿਕ ਮਾਦੇ ਵਾਲੀ ਮਿੱਟੀ ਦੀ ਜ਼ਰੂਰਤ ਹੁੰਦੀ ਹੈ। |
| ਮਜ਼ਦੂਰ | – | ਕੌਫੀ ਦੇ ਅਲੱਗ ਅਲੱਗ ਪ੍ਰਕਾਰ ਦੇ ਕੰਮਾਂ ਲਈ ਹੁਨਰਮੰਦ ਮਜ਼ਦੂਰਾਂ ਦੀ ਲੋੜ ਹੁੰਦੀ ਹੈ। |

ਕੌਫੀ ਦੇ ਪੌਦੇ ਪਹਿਲਾਂ ਨਰਸਰੀ ਵਿੱਚ ਉਗਾਏ ਜਾਂਦੇ ਹਨ। ਛੇ ਤੋਂ ਅੱਠ ਮਹੀਨਿਆਂ ਬਾਅਦ ਇਹਨਾਂ ਛੋਟੇ ਪੌਦਿਆਂ ਨੂੰ ਕੌਫ਼ੀ ਲਗਾਉਣ ਲਈ ਤਿਆਰ ਕੀਤੇ ਖੇਤਾਂ ਵਿੱਚ ਲਗਾ ਦਿੱਤਾ ਜਾਂਦਾ ਹੈ। ਜਦੋਂ ਇਹ ਪੌਦੇ 3–4 ਸਾਲ ਦੇ ਹੋ ਜਾਂਦੇ ਹਨ ਤਾਂ ਇਹ ਫਲ ਦੇਣਾ ਸ਼ੁਰੂ ਕਰ ਦਿੰਦੇ ਹਨ। ਇੱਕ ਵਾਰ ਲਗਾਏ ਕੌਫੀ ਦੇ ਪੌਦੇ 30 ਸਾਲ ਤੱਕ ਫਲ ਦਿੰਦੇ ਰਹਿੰਦੇ ਹਨ ਪਰੰਤੂ ਇਹਨਾਂ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੁੰਦੀ ਹੈ। ਸਮੇਂ-ਸਮੇਂ ਸਿਰ ਕੌਫ਼ੀ ਦੇ ਖੇਤਾਂ ਵਿੱਚ ਖਾਦਾਂ, ਪੌਦਿਆਂ ਦੀ ਕਟਾਈ, ਛੰਗਾਈ ਅਤੇ ਸਿੰਚਾਈ ਦੀ ਲੋੜ ਪੈਂਦੀ ਰਹਿਣੀ ਹੈ। ਕੌਫ਼ੀ ਦੇ ਪੌਦਿਆਂ ਦੇ ਉੱਗਣ ਸਮੇਂ ਅਤੇ ਫਸਲ ਪੱਕਣ ਸਮੇਂ ਗਰਮ ਅਤੇ ਧੁੱਪ ਵਾਲਾ ਮੌਸਮ ਲੋੜੀਂਦਾ ਹੈ। ਕੌਫ਼ੀ ਦੇ ਪੌਦੇ ਦੀ ਉਚਾਈ ਲਗਭਗ 8 ਫੁੱਟ ਤੱਕ ਰੱਖੀ ਜਾਂਦੀ ਹੈ।

## ਕੌਫੀ ਪੈਦਾ ਕਰਨ ਵਾਲੇ ਖੇਤਰ

ਸੰਸਾਰ ਵਿੱਚ ਬ੍ਰਾਜ਼ੀਲ, ਕੋਲੰਬੀਆ, ਇੰਡੋਨੇਸ਼ੀਆ, ਮੈਕਸੀਕੋ, ਇਥੋਪੀਆ ਅਤੇ ਭਾਰਤ ਵਰਗੇ ਦੇਸ਼ ਕੌਫ਼ੀ ਦੀ ਪੈਦਾਵਾਰ ਕਰਦੇ ਹਨ। ਬ੍ਰਾਜ਼ੀਲ ਇਕੱਲਾ ਦੇਸ਼ ਹੀ ਸੰਸਾਰ ਦੀ ਲਗਭਗ ਚੌਥਾ ਹਿੱਸਾ (25%) ਕੌਫੀ ਪੈਦਾ ਕਰਦਾ ਹੈ। ਬ੍ਰਾਜ਼ੀਲ ਵਿੱਚ ਕੌਫੀ ਪੈਦਾ ਕਰਨ ਲਈ ਜਲਵਾਯੂ ਅਤੇ ਮਿੱਟੀ ਵਰਗੇ ਤੱਤ ਬਹੁਤ ਹੀ ਢੁਕਵੇਂ ਹਨ। ਬ੍ਰਾਜ਼ੀਲ ਦੇਸ਼ ਬਹੁਤ ਵੱਡੀ ਮਾਤਰਾ ਵਿੱਚ ਕੌਫੀ ਦਾ ਨਿਰਯਾਤ ਕਰਦਾ ਹੈ। ਕੋਲੰਬੀਆ ਦੱਖਣੀ ਅਮਰੀਕਾ ਦਾ ਦੂਜਾ ਦੇਸ਼ ਹੈ ਜੋ ਸੰਸਾਰ ਦੀ ਲਗਭਗ 15% ਕੌਫੀ ਦੀ ਪੈਦਾਵਾਰ ਕਰਦਾ ਹੈ। ਕੋਲੰਬੀਆ ਦੀ ਕੌਫੀ ਦਾ ਸਵਾਦ ਅਤੇ ਖੁਸ਼ਬੂ ਬ੍ਰਾਜ਼ੀਲ ਦੀ ਕੌਫੀ ਤੋਂ ਵੀ ਵਧੀਆ ਹੈ। ਇੰਡੋਨੇਸ਼ੀਆ, ਮੈਕਸੀਕੋ, ਇਥੋਪੀਆ ਅਤੇ ਮੱਧ ਅਮਰੀਕਾ ਦੇ ਹੋਰ ਦੇਸ਼ ਕੌਫੀ ਦੀ ਅੱਛੀ ਪੈਦਾਵਾਰ ਕਰਦੇ ਹਨ।

ਭਾਰਤ ਦੇਸ਼ ਸੰਸਾਰ ਦੀ ਸਿਰਫ਼ 2.5% ਕੌਫੀ ਪੈਦਾ ਕਰਦਾ ਹੈ। ਦੇਸ਼ ਵਿੱਚ ਕਰਨਾਟਕ, ਕੇਰਲ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਰਾਜ ਕੌਫ਼ੀ ਦੀ ਪੈਦਾਵਾਰ ਕਰਦੇ ਹਨ। ਕਰਨਾਟਕ ਇਕੱਲਾ ਰਾਜ ਹੀ ਭਾਰਤ ਦੀ ਕੁੱਲ ਕੌਫੀ ਦਾ 70% ਹਿੱਸਾ ਪੈਦਾ ਕਰ ਰਿਹਾ ਹੈ। ਕੌਡਾਗੂ, ਚਿਕਮੰਗਲੂਰ, ਸ਼ਿਮੋਗਾ, ਹਾਸਨ, ਮੈਸੂਰ (ਕਰਨਾਟਕ), ਮਲਾਪਰਮ, ਕੋਲਮ, ਕਨੂਰ (ਕੇਰਲ), ਨੀਲਗਿਰੀ, ਮਦੁਰਾਇ, ਸੇਲਮ, ਕੋਇੰਬਟੂਰ (ਤਾਮਿਲਨਾਡੂ) ਆਦਿ ਜ਼ਿਲ੍ਹੇ ਕੌਫੀ ਪੈਦਾ ਕਰਨ ਦੇ ਮੁੱਖ ਖੇਤਰ ਹਨ। ਭਾਰਤ ਭਾਵੇਂ ਕੌਫੀ ਦੀ ਪੈਦਾਵਾਰ ਵਿੱਚ ਬਹੁਤ ਪਿੱਛੇ ਹੈ ਪਰੰਤੂ ਫਿਰ ਵੀ ਯੂ.ਕੇ., ਯੂ.ਐਸ.ਏ., ਰੂਸ, ਆਸਟਰੇਲੀਆ ਅਤੇ ਇਰਾਕ ਵਰਗੇ ਦੇਸ਼ਾਂ ਨੂੰ ਕਾਫੀ ਨਿਰਯਾਤ ਕਰਦਾ ਹੈ।

## ਖੇਤੀਬਾੜੀ ਦਾ ਵਿਕਾਸ (Development of Agriculture)

ਮਨੁੱਖ ਨੇ ਜਦੋਂ ਤੋਂ ਖੇਤੀਬਾੜੀ ਦਾ ਧੰਦਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਉਹ ਖੇਤੀ ਦੇ ਵਿਕਾਸ ਵਿੱਚ ਲੱਗਾ ਹੋਇਆ ਹੈ। ਫਸਲਾਂ ਦੇ ਨਵੇਂ ਨਵੇਂ ਬੀਜਾਂ ਅਤੇ ਢੰਗਾਂ ਦਾ ਵਿਕਾਸ ਕਰਕੇ ਪੈਦਾਵਾਰ ਨੂੰ ਵਧਾਉਣਾ ਉਸ ਦਾ ਨਿਸ਼ਾਨਾ ਰਿਹਾ ਹੈ। ਵੈਸੇ ਵੀ ਲਗਾਤਾਰ ਵੱਧ ਰਹੀ ਆਬਾਦੀ ਦੀਆਂ ਖੇਤੀ ਤੇ ਅਧਾਰਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖੇਤੀਬਾੜੀ ਦਾ ਵਿਕਾਸ ਅਤਿ ਜ਼ਰੂਰੀ ਹੈ। ਅੱਜ ਦਾ ਕਿਸਾਨ, ਖੇਤੀ ਸਿਰਫ਼ ਗੁਜ਼ਾਰੇ ਵਾਸਤੇ ਹੀ ਨਹੀਂ ਕਰਦਾ ਸਗੋਂ ਆਪਣੀਆਂ ਭਿੰਨ-ਭਿੰਨ ਲੋੜਾਂ ਨੂੰ ਪੂਰਾ ਕਰਨ ਦੀ ਖਾਤਿਰ ਫਸਲਾਂ ਨੂੰ ਵੇਚਣ ਦੇ ਪੱਖ ਤੋਂ ਉਗਾਉਂਦਾ ਹੈ। ਫਸਲਾਂ ਨੂੰ ਮੰਡੀ ਵਿੱਚ ਵੇਚ ਕੇ ਅੱਛਾ ਧਨ ਕਮਾਉਣਾ ਅੱਜ ਦੇ ਕਿਸਾਨ ਦੀ ਲੋੜ ਅਤੇ ਸੋਚ ਹੈ।

ਸੰਸਾਰ ਦੇ ਅਲੱਗ-ਅਲੱਗ ਖੇਤਰਾਂ ਵਿੱਚ ਖੇਤੀਬਾੜੀ ਦੇ ਵਿਕਾਸ ਵਿੱਚ ਕਾਫ਼ੀ ਵਖਰੇਵਾਂ ਦੇਖਣ ਨੂੰ ਮਿਲਦਾ ਹੈ। ਕਈ ਦੇਸ਼ ਖੇਤੀਬਾੜੀ ਵਿੱਚ ਕਾਫ਼ੀ ਅੱਗੇ ਹਨ ਅਤੇ ਕਈ ਦੇਸ਼ਾਂ ਵਿੱਚ ਖੇਤੀ ਦਾ ਪਛੜਿਆਪਣ ਵੀ ਦੇਖਣ ਨੂੰ ਮਿਲਦਾ ਹੈ। ਅਫਰੀਕਾ ਮਹਾਂਦੀਪ ਦੇ ਕਈ ਹਿੱਸਿਆਂ ਵਿੱਚ ਖੇਤੀ ਹਾਲੇ ਵੀ ਪਛੜੀ ਹੋਈ ਹੈ। ਦੂਜੇ ਪਾਸੇ ਉੱਤਰੀ ਅਮਰੀਕਾ ਮਹਾਂਦੀਪ ਦੇ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ਾਂ ਵਿੱਚ ਖੇਤੀ ਇੱਕ ਬਹੁਤ ਹੀ ਲਾਹੇਵੰਦ ਧੰਦਾ ਮੰਨਿਆ ਜਾਂਦਾ ਹੈ। ਪਾਠ ਦੇ ਇਸ ਭਾਗ ਵਿੱਚ ਅਸੀਂ ਉਦਾਹਰਨ ਦੇ ਤੌਰ ਤੇ ਯੂ.ਐਸ.ਏ. ਅਤੇ ਭਾਰਤ ਦੇ ਰਾਜ ਪੰਜਾਬ ਦੀ ਖੇਤੀਬਾੜੀ ਤੇ ਝਾਤ ਪਾਉਂਦੇ ਹਾਂ-

### ਯੂ.ਐਸ.ਏ. ਵਿੱਚ ਖੇਤੀਬਾੜੀ ਤੇ ਇੱਕ ਝਾਤ

ਯੂ.ਐਸ.ਏ. ਖੇਤੀਬਾੜੀ ਦੇ ਪੱਖ ਤੋਂ ਇੱਕ ਵਿਕਸਤ ਦੇਸ਼ ਮੰਨਿਆ ਜਾਂਦਾ ਹੈ। ਇਸ ਦੇਸ਼ ਦੇ ਲਗਭਗ 3% ਲੋਕ ਹੀ ਖੇਤੀ ਦੇ ਕਿੱਤੇ ਵਿੱਚ ਲੱਗੇ ਹੋਏ ਹਨ। ਇਸ ਦਾ ਮੁੱਖ ਕਾਰਣ ਇਹ ਹੈ ਕਿ ਖੇਤੀਬਾੜੀ ਦੇ ਸਾਰੇ ਕੰਮ ਆਦਮੀਆਂ ਦੀ ਬਜਾਏ ਮਸ਼ੀਨਾਂ ਨਾਲ ਹੁੰਦੇ ਹਨ। ਬਾਕੀ ਦੇ ਲੋਕ ਉਦਯੋਗਾਂ ਅਤੇ ਨੌਕਰੀਆਂ ਵਿੱਚ ਲੱਗੇ ਹੋਏ ਹਨ। ਖੇਤੀਬਾੜੀ ਦੇਸ਼ ਦੇ ਲਗਭਗ 20% ਭੂਮੀ ਭਾਗ ਤੇ ਕੀਤੀ ਜਾਂਦੀ ਹੈ। ਦੇਸ਼ ਦੇ ਉੱਤਰ-ਪੱਛਮੀ, ਉੱਤਰ-ਪੂਰਬੀ, ਅੰਦਰਲੇ ਮੈਦਾਨ ਅਤੇ ਤੱਟੀ ਮੈਦਾਨ ਖੇਤੀਬਾੜੀ ਦੇ ਪ੍ਰਮੁੱਖ ਹਿੱਸੇ ਹਨ। ਦੇਸ਼ ਦੇ ਅਲੱਗ ਅਲੱਗ ਭਾਗਾਂ ਵਿੱਚ ਭਿੰਨ ਭਿੰਨ ਪ੍ਰਕਾਰ ਦੀਆਂ ਫਸਲਾਂ ਉਗਾਈਆਂ ਜਾਂਦੀਆਂ ਹਨ।



*ਯੂ.ਐਸ.ਏ. : ਵੱਡੇ ਪੱਧਰ ਤੇ ਮਸ਼ੀਨਾਂ ਦੀ ਵਰਤੋਂ*

ਯੂ.ਐਸ.ਏ. ਵਿੱਚ ਭਾਰਤ ਦੇ ਮੁਕਾਬਲੇ ਕਿਸਾਨਾਂ ਕੋਲ ਜ਼ਮੀਨਾਂ ਬਹੁਤ ਜ਼ਿਆਦਾ ਹਨ। ਖੇਤਾਂ ਦਾ ਆਕਾਰ ਬਹੁਤ ਵੱਡਾ ਹੈ। ਯੂ.ਐਸ.ਏ. ਦੇ ਇੱਕ ਫਾਰਮ ਦਾ ਔਸਤਨ ਆਕਾਰ 700 ਏਕੜ ਹੈ। ਖੇਤਾਂ ਦਾ ਆਕਾਰ ਵੱਡਾ ਹੋਣ ਕਰਕੇ ਇਥੇ ਵਿਸਤ੍ਰਿਤ (extensive) ਕਿਸਮ ਦੀ ਖੇਤੀ ਕੀਤੀ ਜਾਂਦੀ ਹੈ। ਮਸ਼ੀਨਾਂ ਦਾ ਬਹੁਤ ਵੱਡੇ ਪੱਧਰ ਤੇ ਇਸਤੇਮਾਲ ਕੀਤਾ ਜਾਂਦਾ ਹੈ। ਯੂ.ਐਸ.ਏ. ਦੇ ਫਾਰਮਾਂ ਵਿੱਚ ਮਸ਼ੀਨਾਂ ਤੋਂ ਬਿਨਾਂ ਖੇਤੀ ਕਰਨਾ ਲਗਭਗ ਅਸੰਭਵ ਹੀ ਹੈ। ਇੱਕ ਫਾਰਮ ਵਿੱਚ ਇੱਕ ਹੀ ਪ੍ਰਕਾਰ ਦੀ ਖੇਤੀ (Single crop farming) ਕੀਤੀ ਜਾਂਦੀ ਹੈ। ਫਸਲ ਦੀ ਬਿਜਾਈ

ਤੋਂ ਲੈ ਕੇ ਫਸਲਾਂ ਨੂੰ ਮੰਡੀਆਂ ਜਾਂ ਸਟੋਰਾਂ ਤੱਕ ਲੈ ਜਾਣ ਤੱਕ ਦਾ ਸਾਰਾ ਕੰਮ ਮਸ਼ੀਨਾਂ ਤੋਂ ਹੀ ਲਿਆ ਜਾਂਦਾ ਹੈ। ਖੇਤੀ ਕਰਨ ਲਈ ਹੈਲੀਕਾਪਟਰ ਅਤੇ ਜਹਾਜ਼ਾਂ ਨੂੰ ਵੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਇਥੋਂ ਦਾ ਕਿਸਾਨ ਮਿੱਟੀ ਦੀ ਕਿਸਮ, ਜਲਵਾਯੂ ਅਤੇ ਸਿੰਜਾਈ ਦੇ ਸਾਧਨਾਂ ਦਾ ਪੂਰਾ ਜਾਇਜ਼ਾ ਲਗਾ ਕੇ ਹੀ ਫਸਲ ਦੀ ਚੋਣ ਕਰਦਾ ਹੈ। ਨਦੀਨ ਨਾਸ਼ਕ ਅਤੇ ਕੀੜੇ ਮਾਰ ਦਵਾਈਆਂ ਦਾ ਪੂਰੀ ਤਰ੍ਹਾਂ ਇਸਤੇਮਾਲ ਕੀਤਾ ਜਾਂਦਾ ਹੈ। ਯੂ.ਐਸ.ਏ. ਦਾ ਕਿਸਾਨ ਇੱਕ ਕਿਸਾਨ ਦੀ ਤਰ੍ਹਾਂ ਨਹੀਂ ਸਗੋਂ ਇੱਕ ਵਪਾਰੀ ਦੀ ਤਰ੍ਹਾਂ ਖੇਤੀ ਕਰਦਾ ਹੈ।

## ਪੰਜਾਬ (ਭਾਰਤ) ਵਿੱਚ ਖੇਤੀਬਾੜੀ ਤੇ ਇੱਕ ਝਾਤ

ਪੰਜਾਬ, ਭਾਰਤ ਦੇ ਹੋਰ ਰਾਜਾਂ ਦੇ ਮੁਕਾਬਲੇ ਵਿੱਚ ਖੇਤੀਬਾੜੀ ਵਿੱਚ ਬਹੁਤ ਅੱਗੇ ਹੈ। ਪੰਜਾਬ ਦੀ ਕੁਲ ਆਮਦਨ ਵਿੱਚ ਖੇਤੀਬਾੜੀ ਸੈਕਟਰ ਦਾ 35% ਯੋਗਦਾਨ ਹੈ। ਪੰਜਾਬ ਦੇ ਲਗਭਗ 58% ਲੋਕ ਖੇਤੀਬਾੜੀ ਦੇ ਕੰਮ ਵਿੱਚ ਲੱਗੇ ਹੋਏ ਹਨ। ਇਥੋਂ ਦੀ ਮਿੱਟੀ ਉਪਜਾਊ ਕਿਸਮ ਦੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਕਾਇਮ ਰੱਖਣ



*ਪੰਜਾਬ ਦੇ ਖੇਤਾਂ ਵਿੱਚ ਟ੍ਰੈਕਟਰ ਅਤੇ ਹਾਰਵੈਸਟਰ ਕੰਬਾਈਨ ਦੀ ਵਰਤੋਂ*

ਲਈ ਕਿਸਾਨ ਖਾਦਾਂ ਦਾ ਇਸਤੇਮਾਲ ਕਰਦੇ ਹਨ। ਪੰਜਾਬ ਦੇ ਕਿਸਾਨਾਂ ਕੋਲ ਜ਼ਮੀਨਾਂ ਬਹੁਤ ਜ਼ਿਆਦਾ ਨਹੀਂ ਹਨ। ਕਿਸਾਨਾਂ ਕੋਲ ਜੋਤਾਂ ਦਾ ਆਕਾਰ ਜ਼ਿਆਦਾਤਰ 5 ਤੋਂ 25 ਏਕੜ ਤੱਕ ਹੈ। ਕਈ ਕਿਸਾਨਾਂ ਕੋਲ ਜ਼ਮੀਨਾਂ ਘੱਟ ਵੀ ਹਨ। ਰਾਜ ਦੇ 6% ਕਿਸਾਨਾਂ ਕੋਲ ਜ਼ਮੀਨਾਂ 25 ਏਕੜ ਤੋਂ ਜ਼ਿਆਦਾ ਹਨ। ਪੰਜਾਬ ਦਾ ਕਿਸਾਨ ਆਪਣੇ ਖੇਤਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਫਸਲਾਂ ਉਗਾਉਂਦਾ ਹੈ। ਫਸਲਾਂ ਦੀ ਇਹ ਵੰਨ ਸਵੰਨਤਾ ਮੁੱਖ ਤੌਰ ਤੇ ਜਲਵਾਯੂ, ਖੇਤ ਦਾ ਆਕਾਰ, ਮਿੱਟੀ ਦੀ ਕਿਸਮ, ਸਿੰਚਾਈ ਸਾਧਨਾਂ ਦਾ ਪ੍ਰਬੰਧ ਅਤੇ ਕਿਸਾਨ ਦੀਆਂ ਜ਼ਰੂਰਤਾਂ ਤੇ ਨਿਰਭਰ ਕਰਦੀ ਹੈ। ਪੰਜਾਬ ਦਾ ਕਿਸਾਨ ਹੁਣ ਸੁਧਰੇ ਹੋਏ ਅਤੇ ਜ਼ਿਆਦਾ ਪੈਦਾਵਾਰ ਦੇਣ ਵਾਲੇ ਬੀਜਾਂ ਦੀ ਅਤੇ ਰੂੜੀ ਤੇ ਰਸਾਇਣਿਕ ਖਾਦਾਂ ਦੀ ਵੀ ਵਰਤੋਂ ਕਰਦਾ ਹੈ। ਖੇਤ ਦੇ ਆਕਾਰ ਦੇ ਹਿਸਾਬ ਨਾਲ ਟ੍ਰੈਕਟਰ ਜਾਂ ਹਾਰਵੈਸਟਰ ਕੰਬਾਈਨਾਂ ਦੀ ਵਰਤੋਂ ਵੀ ਕਰਦਾ ਹੈ। ਪੰਜਾਬ ਦਾ ਲਗ-ਭਗ ਸਾਰੇ ਦਾ ਸਾਰਾ ਬੀਜਿਆ ਹੋਇਆ ਰਕਬਾ ਸਿੰਚਾਈ ਹੇਠ ਆਉਂਦਾ ਹੈ। ਖੇਤੀਬਾੜੀ ਦਾ ਵੱਧ ਝਾੜ ਲੈਣ ਲਈ ਕੀੜੇ ਮਾਰ ਦਵਾਈਆਂ (Insecticides) ਅਤੇ ਨਦੀਨ ਨਾਸ਼ਕਾਂ (Pesticides) ਦੀ ਵਰਤੋਂ ਵੀ ਪੰਜਾਬੀ ਕਿਸਾਨ ਦੁਆਰਾ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ। ਪੰਜਾਬ ਵਿੱਚ ਕਿਸਾਨ, ਬੇਸ਼ੱਕ ਮਸ਼ੀਨਾਂ

ਦੀ ਵਰਤੋਂ ਕਰਦਾ ਹੈ, ਪਰੰਤੂ ਫਿਰ ਵੀ ਮਜ਼ਦੂਰਾਂ ਦੀ ਸ਼ਮੂਲੀਅਤ ਕਾਫ਼ੀ ਹੈ। ਇਹ ਅੰਦਾਜ਼ਾ ਅਸੀਂ ਭਲੀ ਭਾਂਤ, ਖੇਤੀਬਾੜੀ ਵਿੱਚ ਲੱਗੇ ਲੋਕਾਂ ਤੋਂ ਲਗਾ ਸਕਦੇ ਹਾਂ। ਯੂ.ਐਸ.ਏ. ਵਰਗੇ ਦੇਸ਼ ਵਿੱਚ 3% ਲੋਕ ਖੇਤੀ ਕਰਦੇ ਹਨ, ਜਦਕਿ ਪੰਜਾਬ ਵਿੱਚੋਂ 58% ਲੋਕ ਇਸ ਕਿੱਤੇ ਵਿੱਚ ਲੱਗੇ ਹੋਏ ਹਨ। ਇਥੋਂ ਦਾ ਕਿਸਾਨ (ਥੋੜ੍ਹੇ ਵੱਡੇ ਕਿਸਾਨਾਂ ਨੂੰ ਛੱਡ ਕੇ) ਯੂ.ਐਸ.ਏ. ਦੇ ਕਿਸਾਨਾਂ ਵਾਂਗ ਖੇਤੀ ਨੂੰ ਇੱਕ ਵਪਾਰੀ ਦੀ ਤਰ੍ਹਾਂ ਨਹੀਂ ਕਰਦਾ। ਉਹ ਆਪਣੇ ਖੇਤ ਵਿੱਚ ਕਈ ਪ੍ਰਕਾਰ ਦੀਆਂ ਫਸਲਾਂ ਲਾਉਂਦਾ ਹੈ। ਇੱਕੋ ਸਮੇਂ ਹੀ ਕਈ ਵਾਰ ਖੇਤ ਵਿੱਚੋਂ ਦੋ ਦੋ ਫਸਲਾਂ ਲਾਉਂਦਾ ਹੈ। ਪੰਜਾਬ ਦੀ ਖੇਤੀ ਇੱਕ ਸੰਘਣੀ (Intensive) ਕਿਸਮ ਦੀ ਖੇਤੀ ਹੈ। ਇਸ ਕਰਕੇ ਫਸਲਾਂ ਦਾ ਝਾੜ ਪ੍ਰਤੀ ਏਕੜ ਯੂ.ਐਸ.ਏ. ਨਾਲੋਂ ਵੱਧ ਹੈ।

## ਯਾਦ ਰੱਖਣ ਯੋਗ ਨੁਕਤੇ

### (POINTS TO REMEMBER)

**ਖੇਤੀਬਾੜੀ** ਇੱਕ ਬਹੁਤ ਹੀ ਮਹੱਤਵਪੂਰਣ ਅਤੇ ਪੁਰਾਣਾ ਕਿੱਤਾ ਹੈ।

**ਪ੍ਰੀਭਾਸ਼ਾ** ਖੇਤੀਬਾੜੀ ਦਾ ਅਰਥ ਹੈ ਫਸਲਾਂ ਪੈਦਾ ਕਰਨਾ, ਪਸ਼ੂ ਪਾਲਣਾ ਅਤੇ ਖੇਤੀਬਾੜੀ ਨਾਲ ਸਬੰਧਿਤ ਧੰਦਿਆਂ ਨੂੰ ਅਪਨਾਉਣਾ।

**ਖੇਤੀਬਾੜੀ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ**
- ਜਲਵਾਯੂ
- ਧਰਾਤਲ
- ਮਿੱਟੀ
- ਸਿੰਚਾਈ ਸਹੂਲਤਾਂ
- ਖੇਤੀ ਕਰਨ ਦੇ ਢੰਗ
- ਮੰਡੀ ਦੀ ਸਹੂਲਤ
- ਆਵਾਜਾਈ ਦੇ ਸਾਧਨ, ਬੈਂਕ ਆਦਿ ਹੋਰ ਸਹੂਲਤਾਂ

**ਖੇਤੀ ਦੀਆਂ ਕਿਸਮਾਂ**
- ਸਥਾਈ ਖੇਤੀ
- ਸਥਾਨਅੰਤਰੀ ਖੇਤੀ
- ਖੁਸ਼ਕ ਖੇਤੀ
- ਗਿੱਲੀ ਖੇਤੀ
- ਸੰਘਣੀ ਖੇਤੀ
- ਵਿਸ਼ਾਲ ਖੇਤੀ
- ਮਿਸ਼ਰਤ ਖੇਤੀ
- ਬਾਗਬਾਨੀ ਖੇਤੀ
- ਨਿੱਜੀ ਖੇਤੀ
- ਸਹਿਕਾਰੀ ਖੇਤੀ
- ਸਾਂਝੀ ਖੇਤੀ
- ਬਾਗਾਤੀ ਖੇਤੀ
- ਗੁਜ਼ਾਰੇਵੰਦੀ ਖੇਤੀ
- ਵਪਾਰਕ ਖੇਤੀ

**ਮੁੱਖ ਫਸਲਾਂ** ਅਨਾਜ ਫਸਲਾਂ– ਚਾਵਲ, ਕਣਕ, ਮੱਕੀ, ਜਵਾਰ, ਬਾਜਰਾ, ਦਾਲਾਂ, ਤੇਲਾਂ ਵਾਲੇ ਬੀਜ

ਰੇਸ਼ੇਦਾਰ ਫਸਲਾਂ– ਕਪਾਹ, ਪਟਸਨ, ਸਣ

ਪੇਅ ਫਸਲਾਂ– ਚਾਹ, ਕੌਫੀ, ਕੋਕੋ

ਸਬਜ਼ੀਆਂ ਅਤੇ ਫਲਦਾਰ ਫਸਲਾਂ – ਸੇਬ, ਸੰਤਰਾ, ਕੇਲਾ, ਅੰਬ, ਆੜੂ, ਸਬਜ਼ੀਆਂ

### ਫਸਲਾਂ ਪੈਦਾ ਕਰਨ ਲਈ ਭੂਗੋਲਿਕ ਹਾਲਤਾਂ

| | ਚਾਵਲ | ਕਣਕ | ਮੱਕੀ | ਕਪਾਹ | ਪਟਸਨ | ਚਾਹ | ਕੌਫੀ |
|---|---|---|---|---|---|---|---|
| ਤਾਪਮਾਨ | $20^0-30^0$ | $10^0-20^0$ | $18^0-27^0$ | $20^0-30^0$ | $24^0-35^0$ | $20^0-30^0$ | $15^0-18^0$ |
| ਵਰਖਾ (ਸੈਂਮੀ.) | 100-200 | 50-100 | 50-100 | 50-100 | 120-150 | 150-300 | 100-200 |
| ਧਰਾਤਲ | ਪੱਧਰਾ, ਸਮਤਲ | ਸਮਤਲ ਜਾਂ ਢਲਾਣ ਵਾਲਾ | ਪੱਧਰ ਜਾਂ ਸਧਾਰਣ ਢਲਾਣ | ਸਮਤਲ ਜਾਂ ਹਲਕੀ ਢਲਾਣ | ਪੱਧਰਾ | ਢਲਾਣ ਵਾਲਾ | ਢਲਾਣ ਵਾਲਾ |
| ਮਿੱਟੀ | ਜਲੌਢੀ, ਚੀਕਣੀ ਦੁੰਮਟ | ਦੁੰਮਟ, ਚੀਕਣੀ ਲਾਲ | ਜਲੌਢੀ ਮਿੱਟੀ ਲਾਲ ਮਿੱਟੀ | ਕਾਲੀ ਜਾਂ ਜਲੌਢੀ ਮਿੱਟੀ | ਜਲੌਢੀ, ਚੀਕਣੀ ਦੁੰਮਟ | ਦੁੰਮਟ, ਜੰਗਲੀ ਮਿੱਟੀ | ਦੁੰਮਟ ਜ਼ਿਆਦਾ ਜੈਵਿਕ ਮਾਦੇ ਵਾਲੀ |
| ਮਜ਼ਦੂਰ | ਜ਼ਰੂਰਤ ਹੈ | ਜ਼ਰੂਰਤ ਹੈ | - | ਟਰੇਂਡ ਮਜ਼ਦੂਰਾਂ ਦੀ ਜ਼ਰੂਰਤ ਹੈ | ਜ਼ਰੂਰਤ ਹੈ | ਟਰੇਂਡ ਮਜ਼ਦੂਰਾਂ ਦੀ ਜ਼ਰੂਰਤ ਹੈ | ਹੁਨਰਮੰਦ ਮਜ਼ਦੂਰਾਂ ਦੀ ਜ਼ਰੂਰਤ ਹੈ |
| ਫਸਲ ਪੈਦਾ ਕਰਨ ਵਾਲੇ ਮੁੱਖ ਦੇਸ਼ | ਚੀਨ, ਭਾਰਤ, ਬੰਗਲਾਦੇਸ਼, ਜਪਾਨ ਅਤੇ ਹੋਰ ਦੱਖਣ-ਪੂਰਬੀ ਦੇਸ਼। | ਚੀਨ, ਯੂ.ਐਸ.ਏ., ਰੂਸ, ਫਰਾਂਸ, ਕੈਨੇਡਾ, ਜਰਮਨੀ | ਯੂ.ਐਸ.ਏ., ਚੀਨ, ਬ੍ਰਾਜ਼ੀਲ | ਯੂ.ਐਸ.ਏ. ਪਹਿਲਾਂ ਸੋਵੀਅਤ ਸੰਘ, ਚੀਨ, ਮੈਕਸੀਕੋ, ਮਿਸਰ, ਸੂਡਾਨ | ਚੀਨ, ਭਾਰਤ, ਬੰਗਲਾ ਦੇਸ਼, ਥਾਈਲੈਂਡ, ਬ੍ਰਾਜ਼ੀਲ | ਚੀਨ, ਭਾਰਤ, ਜਪਾਨ, ਸ਼੍ਰੀਲੰਕਾ, ਤਾਈਵਾਨ, ਇੰਡੋਨੇਸ਼ੀਆ, ਬੰਗਲਾਦੇਸ਼ | ਬ੍ਰਾਜ਼ੀਲ, ਕੋਲੰਬੀਆ, ਇੰਡੋਨੇਸ਼ੀਆ, ਮੈਕਸੀਕੋ, ਇਥੋਪੀਆ, ਭਾਰਤ |
| ਫਸਲ ਪੈਦਾ ਕਰਨ ਵਾਲੇ ਭਾਰਤ ਦੇ ਮੁੱਖ ਰਾਜ | ਪੱਛਮੀ ਬੰਗਾਲ, ਬਿਹਾਰ, ਉੜੀਸਾ ਪੰਜਾਬ, ਤਾਮਿਲਨਾਡੂ। | ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ । | ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਤੇਲੰਗਾਨਾ ਕਰਨਾਟਕ, ਰਾਜਸਥਾਨ, ਉੱਤਰ ਪ੍ਰਦੇਸ਼। | ਮਹਾਂਰਾਸ਼ਟਰ, ਗੁਜਰਾਤ, ਆਂਧਰਾ ਪ੍ਰਦੇਸ਼, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼। | ਪੱਛਮੀ ਬੰਗਾਲ, ਬਿਹਾਰ, ਅਸਾਮ, ਉੜੀਸਾ, ਉੱਤਰ ਪ੍ਰਦੇਸ਼ । | ਅਸਾਮ ਪੱਛਮੀ, ਬੰਗਾਲ, ਤਾਮਿਲਨਾਡੂ, ਕੇਰਲ, ਤ੍ਰਿਪੁਰਾ, ਕਰਨਾਟਕ । | ਕਰਨਾਟਕ, ਕੇਰਲ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇਲੰਗਾਨਾ। |

### ਖੇਤੀਬਾੜੀ ਦਾ ਵਿਕਾਸ

**ਯੂ.ਐਸ.ਏ. -** ਖੇਤਾਂ ਦਾ ਵੱਡਾ ਆਕਾਰ, ਵਿਸ਼ਾਲ ਕਿਸਮ ਦੀ ਖੇਤੀ, ਮਸ਼ੀਨਾਂ ਦੀ ਪੂਰੀ ਵਰਤੋਂ, ਕਿਸਾਨ ਇੱਕ ਵਪਾਰੀ ਦੀ ਤਰ੍ਹਾਂ ਫਸਲਾਂ ਪੈਦਾ ਕਰਦਾ ਹੈ, ਝਾੜ ਪ੍ਰਤੀ ਏਕੜ ਘੱਟ।

**ਪੰਜਾਬ-** ਖੇਤਾਂ ਦਾ ਛੋਟਾ ਆਕਾਰ, ਸੰਘਣੀ ਕਿਸਮ ਦੀ ਖੇਤੀ, ਮਸ਼ੀਨਾਂ ਦੀ ਘੱਟ ਵਰਤੋਂ, ਕਿਸਾਨ ਆਪਣੀ ਜ਼ਰੂਰਤ ਅਤੇ ਮੰਡੀ ਦੋਵਾਂ ਲਈ ਫ਼ਸਲਾਂ ਉਗਾਉਂਦਾ ਹੈ, ਝਾੜ ਪ੍ਰਤੀ ਏਕੜ ਜ਼ਿਆਦਾ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ—**

1. ਖੇਤੀਬਾੜੀ ਤੋਂ ਤੁਹਾਡਾ ਕੀ ਭਾਵ ਹੈ ?
2. ਖੇਤੀਬਾੜੀ ਨੂੰ ਕਿਹੜੇ ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ ?
3. ਅਨਾਜ ਫਸਲਾਂ ਦੇ ਨਾਂ ਲਿਖੋ।
4. ਕੱਦੂ ਕਰਨਾ ਕਿਸਨੂੰ ਕਹਿੰਦੇ ਹਨ ?
5. ਮੱਕੀ ਤੋਂ ਕੀ ਕੀ ਤਿਆਰ ਕੀਤਾ ਜਾਂਦਾ ਹੈ ?
6. ਰੇਸ਼ੇ ਦੀ ਲੰਬਾਈ ਦੇ ਅਧਾਰ ਤੇ ਕਪਾਹ ਕਿਹੜੀਆਂ ਕਿਹੜੀਆਂ ਕਿਸਮਾਂ ਦੀ ਹੋ ਸਕਦੀ ਹੈ ?
7. ਪਟਸਨ ਤੋਂ ਕਿਹੜੀਆਂ ਕਿਹੜੀਆਂ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ ?
8. ਚਾਹ ਦਾ ਪੌਦਾ ਕਿਸ ਤਰ੍ਹਾਂ ਦਾ ਹੁੰਦਾ ਹੈ ?
9. ਕੌਫੀ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ।

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਖੇਤੀ ਦੀਆਂ ਕਿਸਮਾਂ ਦੇ ਨਾਂ ਦੱਸ ਕੇ, ਸੰਘਣੀ ਅਤੇ ਵਿਸ਼ਾਲ ਖੇਤੀ ਵਿੱਚ ਅੰਤਰ ਲਿਖੋ।
2. ਝੋਨਾ (ਚਾਵਲ) ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ ਕਿਹੜੇ ਹਨ ?
3. ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ਤੇ ਇੱਕ ਨੋਟ ਲਿਖੋ।
4. ਚਾਹ ਅਤੇ ਕੌਫ਼ੀ ਦੇ ਪੌਦਿਆਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ ?
5. ਯੂ.ਐਸ.ਏ. ਵਿੱਚ ਖੇਤੀਬਾੜੀ ਦੇ ਕੰਮਾਂ ਵਿੱਚ ਮਸ਼ੀਨਾਂ ਦੀ ਵਰਤੋਂ ਤੇ ਇੱਕ ਨੋਟ ਲਿਖੋ।

**4. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੀਆਂ ਫਸਲਾਂ ਪੈਦਾ ਕਰਨ ਵਾਲੇ ਦੋ ਦੋ ਸਥਾਨ ਦਿਖਾਓ:-**


1. ਚਾਹ 2. ਕਣਕ 3. ਚਾਵਲ 4. ਕਪਾਹ

5. ਪਟਸਨ

### ਕੁਝ ਕਰਨ ਲਈ

ਆਪਣੇ ਇਲਾਕੇ ਵਿੱਚ ਉਗਾਈਆਂ ਜਾਣ ਵਾਲੀਆਂ ਗਰਮੀਆਂ (Kharif) ਅਤੇ ਸਰਦੀਆਂ (Rabi) ਦੀਆਂ ਕੋਈ ਤਿੰਨ-ਤਿੰਨ ਫਸਲਾਂ ਦੇ ਨਾਮ ਅਤੇ ਉਹਨਾਂ ਲਈ ਲੋੜੀਂਦੀਆਂ ਭੂਗੋਲਿਕ ਹਾਲਤਾਂ ਦੇ ਵੇਰਵੇ ਆਪਣੀ ਕਾਪੀ ਵਿੱਚ ਲਿਖੋ।


# WORLD OUTLINE ਸੰਸਾਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

## WORLD OUTLINE ਸੰਸਾਰ





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

# INDIA OUTLINE AND ADJACENT COUNTRIES

# ਭਾਰਤ ਅਤੇ ਗੁਆਂਢੀ ਦੇਸ਼





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011

# INDIA OUTLINE AND ADJACENT COUNTRIES

# ਭਾਰਤ ਅਤੇ ਗੁਆਂਢੀ ਦੇਸ਼





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011


# INDIA OUTLINE AND ADJACENT COUNTRIES

## ਭਾਰਤ ਅਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India Copyright, 2011



# ਪਾਠ 5 ਬੈਂਕ ਅਤੇ ਬੈਂਕਿੰਗ ਗਤੀਵਿਧੀਆਂ

ਖੇਤੀਬਾੜੀ, ਸਨਅਤਾਂ (ਉਦਯੋਗ) ਅਤੇ ਹੋਰ ਆਰਥਿਕ ਕਾਰਵਾਈਆਂ ਦੀਆਂ ਨਾਲ ਉਤਪੰਨ ਹੋਣ ਵਾਲੇ ਧਨ ਸਾਧਨ ਨੂੰ ਸੰਭਾਲਣ ਲਈ ਕੁਝ ਸੰਸਥਾਵਾਂ ਅਤੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਜ਼ਰੂਰੀ ਹੈ। ਆਓ, ਇਨ੍ਹਾਂ ਬਾਰੇ ਸੰਖੇਪ ਵਿੱਚ ਜਾਣੀਏ।

**ਬੈਂਕ ਦਾ ਅਰਥ :**

ਬੈਂਕਿੰਗ ਰੈਗੂਲੇਸ਼ਨ ਐਕਟ, 1949 ਦੇ ਅਨੁਸਾਰ, ਬੈਂਕਿੰਗ ਕਾਰਵਾਈ ਦਾ ਅਰਥ ਹੈ; ਉਧਾਰ ਦੇਣ ਜਾਂ ਪੂੰਜੀਕਾਰੀ ਉਦੇਸ਼ ਲਈ, ਲੋਕਾਂ ਦੇ ਪੈਸੇ ਜਮ੍ਹਾਂ ਕਰਵਾਉਣ ਜੋ ਮੰਗਣ ਤੇ ਵਾਪਸ ਕਰਨ ਯੋਗ ਹੋਣ ਤੇ ਉਨ੍ਹਾਂ ਨੂੰ ਚੈੱਕ, ਡਰਾਫਟ, ਆਦਾਇਗੀ ਆਰਡਰ ਜਾਂ ਕਿਸੇ ਹੋਰ ਤਰੀਕੇ ਨਾਲ ਵਾਪਸ ਦੇਣ ਲਈ ਪਾਬੰਦ ਹੋਣਾ।

ਅਨੁਸੂਚਿਤ ਅਤੇ ਗੈਰ-ਅਨੁਸੂਚਿਤ ਬੈਂਕ (Scheduled and Non-Scheduled Banks) :

ਭਾਰਤ ਵਿੱਚ, ਬੈਂਕਾਂ ਨੂੰ ਮੋਟੇ ਤੌਰ ਤੇ ਅਨੁਸੂਚਿਤ ਅਤੇ ਗੈਰ-ਅਨੁਸੂਚਿਤ ਬੈਂਕਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ, ਅਨੁਸੂਚਿ ਬੈਂਕ ਉਹ ਹਨ ਜੋ ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੀ ਦੂਜੀ ਅਨੁਸੂਚੀ ਵਿੱਚ ਸ਼ਾਮਲ ਹੇਠ ਲਿਖੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ:

ਕ) ਬੈਂਕ ਕੋਲ ਅਦਾਇਗੀ ਪੂੰਜੀ ਅਤੇ ਘੱਟੋ-ਘੱਟ 5 ਲੱਖ ਰੁਪਏ ਦੇ ਭੰਡਾਰ ਹੋਣ। ਬੈਂਕ ਰਿਜ਼ਰਵ ਬੈਂਕ ਨੂੰ ਯਕੀਨ ਦਿਵਾ ਸਕਦੇ ਹੋਵੇ ਕਿ ਉਸ ਦੀਆਂ ਕਾਰਵਾਈਆਂ ਜਮ੍ਹਾਂ ਕਰਤਾਵਾਂ ਦੇ ਹਿੱਤਾਂ ਦੇ ਵਿਰੁੱਧ ਨਹੀਂ ਹਨ;

ਖ) ਬੈਂਕ ਇੱਕ ਕਾਰਪੋਰੇਸ਼ਨ ਜਾਂ ਇੱਕ ਸਹਿਕਾਰੀ ਸੁਸਾਇਟੀ ਹੈ ਨਾ ਕਿ ਭਾਈਵਾਲਾਂਦੀ ਜਾਂ ਇਕਹਿਰੀ ਮਾਲਕੀ ਵਾਲੀ ਫ਼ਰਮ।

ਜੋ ਬੈਂਕ ਭਾਰਤੀ ਰਿਜ਼ਰਵ ਬੈਂਕ ਐਕਟ ਦੀ ਦੂਜੀ ਅਨੁਸੂਚੀ ਵਿੱਚ ਸ਼ਾਮਲ ਨਹੀਂ ਹਨ ਉਹ ਗੈਰ-ਅਨੁਸੂਚਿਤ ਬੈਂਕ ਕਹਾਉਂਦੇ ਹਨ।

**ਬੈਂਕਾਂ ਦੀਆਂ ਕਿਸਮਾਂ**

ਬੈਂਕਾਂ ਨੂੰ ਉਹਨਾਂ ਦੇ ਕਾਰਜਾਂ, ਮਲਕੀਅਤ, ਇਲਾਕੇ ਜਾਂ ਸਥਿਤੀ ਆਦਿ ਦੇ ਆਧਾਰ ਤੇ ਵੱਖ-ਵੱਖ ਕਿਸਮਾਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

**ਹੇਠਾਂ ਦਿੱਤੀਆਂ ਵੱਖ-ਵੱਖ ਕਿਸਮਾਂ ਦੀਆਂ ਬੈਂਕਾਂ ਹਨ:**

**(ੳ) ਕਾਰਜ ਤੇ ਕਾਰਜ-ਖੇਤਰ ਦੇ ਆਧਾਰ ਤੇ ਵਰਗੀਕਰਨ :**

**1. ਵਪਾਰਕ ਬੈਂਕ (Commercial Banks) :**

ਵਪਾਰਕ ਬੈਂਕ ਅਨੁਸੂਚਿਤ ਅਤੇ ਗੈਰ-ਅਨੁਸੂਚਿਤ ਦੋਹੇ ਕਿਸਮਾਂ ਦੇ ਹੋ ਸਕਦੇ ਹਨ ਜੋ ਵਣਜ-ਵਪਾਰ ਗਤੀਵਿਧੀਆਂ ਲਈ ਪੈਸਾ ਮੁਹੱਇਆ ਕਰਵਾਉਣ ਦਾ ਬੈਂਕਿੰਗ ਕਾਰੋਬਾਰ ਕਰਦੇ ਹੋਣ। ਅਨੁਸੂਚਿਤ ਬੈਂਕਾਂ ਨੂੰ ਰਾਸ਼ਟਰੀਕ੍ਰਿਤ ਬੈਂਕਾਂ, ਐਸ.ਬੀ.ਆਈ. ਅਤੇ ਹੋਰ ਸਬੰਧਤ,ਪ੍ਰਾਈਵੇਟ ਸੈਕਟਰ ਬੈਂਕਾਂ, ਵਿਦੇਸ਼ੀ ਬੈਂਕਾਂ ਅਤੇ ਖੇਤਰੀ ਗ੍ਰਾਮੀਣ ਬੈਂਕਾਂ (ਆਰ.ਆਰ.ਬੀ.) ਦੇ ਸ਼੍ਰੇਣੀਗੁੱਟਾਂ ਵਿੱਚ ਵੰਡਿਆ ਗਿਆ ਹੈ।

**2. ਇਲਾਕਾਈ ਪੇਂਡੂ ਬੈਂਕ ਜਾਂ ਖੇਤਰੀ ਗ੍ਰਾਮੀਣ ਬੈਂਕ (Regional Rural Banks) :**

ਖੇਤਰੀ ਗ੍ਰਾਮੀਣ ਬੈਂਕਾਂ ਦੀ ਸਥਾਪਨਾ ਉਚੇਚੇ ਤੌਰ ਤੇ ਥੋੜ੍ਹੀ ਜ਼ਮੀਨ ਵਾਲੇ ਤੇ ਗਰੀਬ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ, ਕਾਰੀਗਰਾਂ ਅਤੇ ਛੋਟੇ ਉੱਦਮੀਆਂ ਨੂੰ ਕਰਜ਼ਾ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਕੀਤੀ ਗਈ ਸੀ ਤਾਂ ਜੋ ਪੈਂਡੂ ਆਰਥਿਕਤਾ ਦੇ ਵਿਕਾਸ ਵਿੱਚ ਮਦਦ ਕੀਤੀ ਜਾ ਸਕੇ। ਸਥਾਨਕ ਪੱਧਰ ਦੀਆਂ ਸੰਸਥਾਵਾਂ ਹੋਣ ਦੇ ਨਾਤੇ, ਇਲਾਕਾਈ ਪੇਂਡੂ ਬੈਂਕਾਂ ਨੂੰ ਖੇਤੀਬਾੜੀ ਅਤੇ ਪਿੰਡਾਂ ਸਬੰਧੀ ਕਾਰਜਾਂ ਲਈ ਕਰਜ਼ੇ ਦੇਣ ਦੀ ਮਹੱਤਵਪੂਰਣ ਜ਼ਿੰਮੇਵਾਰੀ ਸੌਂਪੀ ਗਈ ਸੀ।

**3. ਸਹਿਕਾਰੀ ਬੈਂਕ (Co-operative Banks) :** ਸਹਿਕਾਰੀ ਬੈਂਕਾਂ ਨੂੰ ਉਨ੍ਹਾਂ ਦੇ ਕਾਰਜ ਖੇਤਰ ਦੇ ਆਧਾਰ ਤੇ ਪੇਂਡੂ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਵਿੱਚ ਵੰਡਿਆ ਜਾਂਦਾ ਹੈ:–

**(ੳ) ਪੇਂਡੂ ਸਹਿਕਾਰੀ ਬੈਂਕ :** ਖੇਤੀ ਕਰਜ਼ਿਆਂ ਦੀਆਂ ਲੋੜਾਂ ਉਦਯੋਗ ਅਤੇ ਵਪਾਰ ਨਾਲੋਂ ਉੱਕਾ ਹੀ ਵੱਖਰੀਆਂ ਹੁੰਦੀਆਂ ਹਨ। ਕਾਸ਼ਤਕਾਰਾਂ ਨੂੰ; (i) ਬੀਜ, ਖਾਦਾਂ ਅਤੇ ਹੋਰ ਵਸਤਾਂ ਤੇ ਸਾਜੋ–ਸਮਾਨ ਖਰੀਦਣ ਲਈ ਥੋੜ੍ਹੇ ਸਮੇਂ ਦੇ ਕਰਜ਼ੇ ਦੀ ਲੋੜ ਹੁੰਦੀ ਹੈ ਅਤੇ (ii) ਜ਼ਮੀਨ ਖਰੀਦਣ ਲਈ ਕਰਜ਼ਾ, ਜ਼ਮੀਨ ਤੇ ਸਥਾਈ ਤਬਦੀਲੀਆਂ ਕਰਨਾ, ਖੇਤੀਬਾੜੀ ਲਈ ਮਸ਼ੀਨਰੀ ਅਤੇ ਸਾਜ਼ੋ–ਸਾਮਾਨ ਆਦਿ ਖਰੀਦਣ ਲਈ ਲੰਬੇ ਸਮੇਂ ਦਾ ਕਰਜ਼ਾ ਚਾਹੀਦਾ ਹੁੰਦਾ ਹੈ।

ਭਾਰਤ ਵਿੱਚ, ਪੇਂਡੂ ਸਹਿਕਾਰੀ ਬੈਂਕਾਂ ਦੀ ਖੇਤੀਬਾੜੀ ਲਈ ਵਿੱਤ ਪ੍ਰਦਾਨ ਕਰਨਾ ਇੱਕ ਪ੍ਰਮੁੱਖ ਭੂਮਿਕਾ ਹੈ। ਪੇਂਡੂ ਸਹਿਕਾਰੀ ਢਾਂਚੇ ਨੂੰ ਦੋ ਸ਼੍ਰੇਣੀਆਂ ਲੰਬੇ ਸਮੇਂ ਜਾਂ ਵੱਡੀ ਮਿਆਦ ਅਤੇ ਥੋੜ੍ਹੇ ਸਮੇਂ ਜਾਂ ਛੋਟੀ ਮਿਆਦ ਵਿੱਚ ਵੰਡਿਆ ਗਿਆ ਹੈ। ਜਦੋਂ ਕਿ ਸਹਿਕਾਰੀ ਬੈਕਿੰਗ ਪ੍ਰਬੰਧ ਦੇ ਤਿੰਨ ਪੱਧਰ ਹਨ ਜਿਨ੍ਹਾਂ ਵਿੱਚ ਸੂਬਾ ਪੱਧਰੀ ਸਹਿਕਾਰੀ ਬੈਂਕ, ਹਰ ਸੂਬੇ ਵਿੱਚ ਉਪਰਲੀ ਹੱਦ ਜਾਂ ਸਿਖਰ ਤੇ ਹੈ ਜਿਸਦੇ ਅਧੀਨ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕ ਮੱਧਲੇ, ਜ਼ਿਲ੍ਹਾ ਪੱਧਰ ਤੇ ਕਾਰਜ ਕਰਦੇ ਹਨ ਤੇ ਜ਼ਮੀਨੀ ਪੱਧਰ ਤੇ ਪਿੰਡਾਂ ਵਿੱਚ ਮੁੱਢਲੀਆਂ ਖੇਤੀ ਕਰਜ਼ਾ, ਸੁਸਾਇਟੀਆਂ ਕਾਰਜ ਕਰਦੀਆਂ ਹਨ। ਥੋੜ੍ਹੇ ਸਮੇਂ ਜਾ ਛੋਟੀ ਮਿਆਦ ਦੇ ਕਰਜ਼ੇ ਖੇਤੀ ਖੇਤਰ ਦੀਆਂ, ਛੋਟੇ ਤੇ ਮੱਧਲੇ ਪੱਧਰ ਦੀਆਂ ਉਤਪਾਦਨ ਤੇ ਮੰਡੀਕਰਨ ਲੋੜਾਂ ਦੀ ਪੂਰਤੀ ਕਰਦੇ ਹਨ। ਪੱਧਰ ਤੇ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕ (DCCBs) ਅਤੇ ਪ੍ਰਾਇਮਰੀ ਐਗਰੀਕਲਚਰਲ ਕ੍ਰੈਡਿਟ ਸੋਸਾਇਟੀਆਂ (PACS) ਦੇ ਨਾਲ ਇੱਕ ਤਿੰਨ ਪੱਧਰੀ ਢਾਂਚਾ ਹੈ। ਜ਼ਮੀਨੀ (ਪਿੰਡ) ਪੱਧਰ ਤੇ ਥੋੜ੍ਹੇ ਸਮੇਂ ਦਾ ਢਾਂਚਾ ਮੁੱਖ ਤੌਰ ਤੇ ਖੇਤੀਬਾੜੀ ਦੀਆਂ ਵੱਖ–ਵੱਖ ਛੋਟੀਆਂ ਅਤੇ ਮੱਧ–ਮਿਆਦ ਦੀਆਂ ਉਤਪਾਦਨ ਅਤੇ ਮਾਰਕੀਟਿੰਗ ਕ੍ਰੈਡਿਟ (ਕਰਜ਼ਾ) ਲੋੜਾਂ ਨੂੰ ਪੂਰਾ ਕਰਦਾ ਹੈ।

ਲੰਬੇ ਸਮੇਂ ਜਾਂ ਵੱਡੀ ਮਿਆਦ ਦੇ ਸਹਿਕਾਰੀ ਢਾਂਚੇ ਵਿੱਚ ਸਿਖਰਲੇ ਪੱਧਰ ਤੇ ਰਾਜ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਐਸ.ਸੀ.ਆਰ.ਡੀ.ਬੀ.) ਜ਼ਿਲ੍ਹਾ ਜਾਂ ਬਲਾਕ ਪੱਧਰ ਤੇ ਪ੍ਰਾਇਮਰੀ ਕੋ–ਆਪਰੇਟਿਵ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ ਬੈਂਕ (ਪੀ.ਸੀ.ਆਰ.ਡੀ.ਬੀ.) ਹਨ। ਇਹਨਾਂ ਸੰਸਥਾਵਾਂ ਦਾ ਉਦੇਸ਼ ਖੇਤੀ ਖੇਤਰ ਦੀਆਂ ਲੰਬੇ ਸਮੇਂ ਦੀਆਂ ਕਰਜ਼ਾ ਲੋੜਾ ਨੂੰ ਪੂਰਾ ਕਰਨਾ ਹੈ।

**(ਅ) ਸ਼ਹਿਰੀ ਸਹਿਕਾਰੀ ਬੈਂਕ :** ਸਮਾਜ ਦੇ ਸ਼ਹਿਰੀ ਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਮੱਧ ਅਤੇ ਘੱਟ ਆਮਦਨ ਵਾਲੇ ਲੋਕਾਂ ਨੂੰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਵਿੱਚ ਸ਼ਹਿਰੀ ਸਹਿਕਾਰੀ ਬੈਂਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**4. ਭਾਰਤੀ ਰਿਜ਼ਰਵ ਬੈਂਕ (Reserve Bank of India) :** ਕੇਂਦਰੀ ਬੈਂਕ ਇੱਕ ਸਿਖਰਲੀ ਜਾਂ ਸਿਰਮੌਰ ਸੰਸਥਾ ਹੈ, ਜੋ ਦੇਸ਼ ਦੀ ਮੁਦਰਾ ਅਤੇ ਕ੍ਰੈਡਿਟ ਪ੍ਰਨਾਲੀ ਨੂੰ ਕੰਟਰੋਲ ਕਰਦਿਆਂ ਤੇ ਸੇਧ ਦਿੰਦਿਆਂ ਇਸਦੀ ਨਿਗਰਾਨੀ ਵੀ ਕਰਦੀ ਹੈ। ਕੇਂਦਰੀ ਬੈਂ ਕ ਦੇ ਮਹੱਤਵਪੂਰਨ ਕਾਰਜ ਹਨ, ਕਰੰਸੀ ਨੋਟਾਂ ਦਾ ਪ੍ਰਬੰਧਨ ਅਤੇ ਜਾਰੀ ਕਰਨਾ, ਭਾਰਤ ਸਰਕਾਰ ਦੇ ਬੈਂਕਰ ਵਜੋਂ ਕਾਰਜ ਕਰਨਾ ਅਤੇ ਕਰਜ਼ਾ ਪ੍ਰਬੰਧਕ, ਬੈਂਕਾਂ ਦਾ ਬੈਂਕਰ, ਦੇਸ਼ ਵਿਚਲੇ ਅੰਤਰਰਾਸ਼ਟੀ ਮੁਦਰਾ ਭੰਡਾਰਾਂ ਦੀ ਰਖਵਾਲੀ, ਅੰਤਲੇ ਰਿਣਦਾਤਾ ਵਜੋਂ ਕੰਮ ਕਰਨਾ, ਕੇਂਦਰੀ ਕਲੀਅਰੈਂਸ, ਨਿਪਟਾਰੇ, ਟ੍ਰਾਂਸਫਰ ਅਤੇ ਕ੍ਰੈਡਿਟ

ਕੰਟਰੋਲਰ ਆਦਿ ਜਿਹੇ ਕਾਰਜ। ਭਾਰਤ ਦਾ ਕੇਂਦਰੀ ਬੈਂਕ ਵਜੋਂ ਰਿਜ਼ਰਵ ਬੈਂਕ ਆਫ਼ ਇੰਡੀਆ, ਦੇਸ਼ ਵਿੱਚ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਵੀ ਬਹੁਤ ਸਾਰੇ ਕੰਮ ਕਰਦਾ ਹੈ।

**ਅ)ਮਲਕੀਅਤ ਦੇ ਆਧਾਰ 'ਤੇ ਵਰਗੀਕਰਨ :**

ਮਾਲਕੀ ਦੇ ਆਧਾਰ 'ਤੇ ਵੀ ਬੈਂਕਾ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ;

1. **ਜਨਤਕ ਖੇਤਰ ਦੇ ਬੈਂਕ (Public Sector Banks)** : ਇਨ੍ਹਾਂ ਬੈਂਕਾਂ ਦੀ ਮਾਲਕੀ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ। ਭਾਰਤ ਵਿੱਚ, ਰਾਸ਼ਟਰੀਕ੍ਰਿਤ ਬੈਂਕਾਂ ਅਤੇ ਖੇਤਰੀ ਗ੍ਰਾਮੀਣ ਬੈਂਕ ਇਸ ਸ਼੍ਰੇਣੀ ਦੇ ਅਧੀਨ ਆਉਂਦੇ ਹਨ।

2. **ਨਿੱਜੀ ਖੇਤਰ ਦੇ ਬੈਂਕ (Private Sector Banks)** : ਇਹ ਬੈਂਕ ਨਿੱਜੀ ਵਿਅਕਤੀਆਂ ਜਾਂ ਕਾਰਪੋਰੇਸ਼ਨ ਾਂ ਦੀ ਮਲਕੀਅਤ ਹੁੰਦੇ ਹਨ। ਸਰਕਾਰੀ ਜਾਂ ਸਹਿਕਾਰੀ ਸਭਾਵਾਂ ਦਾ ਇਨ੍ਹਾਂ ਉਤੇ ਕੋਈ ਕੰਟਰੋਲ ਨਹੀਂ ਹੁੰਦਾ।

3. **ਸਹਿਕਾਰੀ ਬੈਂਕ (Co-operative Banks)** : ਸਹਿਕਾਰੀ ਬੈਂਕ ਸਹਿਕਾਰੀ ਲੀਹਾਂ ਤੇ ਚਲਦੇ ਹਨ। ਭਾਰਤ ਵਿੱਚ, ਕੋ-ਆਪਰੇਟਿਵ ਸੁਸਾਇਟੀਜ਼ ਕਨੂੰਨ ਦੇ ਤਹਿਤ ਸਹਿਕਾਰੀ ਸਭਾਵਾਂ ਦਾ ਗਟਨ ਕੀਤਾ ਜਾਂਦਾ ਹੈ। ਅਤੇ ਇਹ ਬੈਂਕ ਪੇਂਡੂ ਖੇਤਰਾਂ ਵਿੱਚ ਵਿੱਤੀ ਲੋੜੀਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**(ੲ) ਇਲਾਕੇ ਜਾਂ ਸਥਿਤੀ ਦੇ ਆਧਾਰ 'ਤੇ ਵਰਗੀਕਰਨ : ਇਲਾਕੇ ਜਾਂ ਸਥਿ ਤੀਦੇ ਆਧਾਰ ਤੇ ਬੈਂਕਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :**

1. **ਘਰੇਲੂ ਬੈਂਕ (Domestic Banks)** : ਇਸ ਸ਼੍ਰੇਣੀ ਵਿੱਚ ਉਹ ਬੈਂਕ ਸ਼ਾਮਲ ਹਨ ਜੋ ਦੇਸ਼ ਵਿੱਚ ਪੰਜੀਕ੍ਰਿਤ (ਰਜਿਸਟਰ) ਕੀਤੇ ਗਏ ਹਨ ਦੇ ਦੇਸ਼ ਵਿੱਚ ਹੀ ਸਥਾਪਤ ਹਨ।

2. **ਵਿਦੇਸ਼ੀ ਬੈਂਕ (Foreign Banks)** : ਇਹ ਮੂਲ ਰੂਪ ਵਿੱਚ ਵਿਦੇਸ਼ੀ ਹਨ ਅਤੇ ਉਹਨਾਂ ਦੇ ਮੁੱਖ ਦਫ਼ਤਰ ਮੂਲ ਦੇਸ਼ ਵਿੱਚ ਸਥਿਤ ਹੁੰਦੇ ਹਨ। ਇਨ੍ਹਾਂ ਦੀਆਂ ਸ਼ਾਖਾਵਾਂ ਭਾਰਤ ਵਿੱਚ ਸਥਾਪਤ ਹੋ ਸਕਦੀਆਂ ਹਨ।

**ਆਓ, ਬੈਂਕਾਂ ਬਾਰੇ ਜਾਣਕਾਰੀ ਵਾਚੀਏ** :-

* ਭਾਰਤੀ ਰਿਜ਼ਰਵ ਬੈਂਕ ਐਕਟ, 1934 ਦੇ ਦੂਜੇ ਅਨੁਸੂਚੀ ਵਿੱਚ ਸ਼ਾਮਲ ਬੈਂਕਾਂ ਨੂੰ ਕਿਹਾ ਜਾਂਦਾ ਹੈ,

  ੳ) ਅਨੁਸੂਚਿਤ ਬੈਂਕ    ਅ) ਗੈਰ-ਅਨੁਸੂਚਿਤ ਬੈਂਕ

  ੲ) ਵਪਾਰਕ ਬੈਂਕ    ਸ) ਵਿਕਾਸ ਬੈਂਕ

* ਬੈਂਕ ਜੋ ਹੋਰ ਕਿਸਮ ਦੇ ਬੈਕਿੰਗ ਕਾਰੋਬਾਰ ਜਿਸ ਵਿੱਚ ਵਿੱਤ ਤੇ ਵਪਾਰ ਸ਼ਾਮਲ ਹੈ, ਨੂੰ ਸੰਭਾਲਦੇ ਹਨ, ਕੀ ਕਹਾਉਂਦੇ ਹਨ)

  ੳ) ਅਨੁਸੂਚਿਤ ਬੈਂਕ    ਅ) ਗੈਰ-ਅਨੁਸੂਚਿਤਕ ਬੈਂਕ

  ੲ) ਵਪਾਰਕ ਬੈਂਕ    ਸ) ਵਿਕਾਸ ਬੈਂਕ

* ................ ਨੂੰ ਖੇਤੀਬਾੜੀ ਅਤੇ ਪੇਂਡੂ ਕਰਜ਼ੇ ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਸੀ।

  ੳ) ਸਹਿਕਾਰੀ ਬੈਂਕ    ਅ) ਖੇਤਰੀ ਪੇਂਡੂ ਬੈਂਕ

  ੲ) ਵਪਾਰਕ ਬੈਂਕ    ਸ) ਵਿਕਾਸ ਬੈਂਕ

* .......... ਬੈਂਕਾਂ ਦੀ ਮਲਕੀਅਤ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ।

  ੳ) ਜਨਤਕ ਖੇਤਰ ਦੇ    ਅ) ਨਿੱਜੀ ਖੇਤਰ ਦੇ

  ੲ) ਕੇਂਦਰੀ    ਸ) ਐਕਸਚੇਂਜ ਜਾਂ ਵਟਾਂਦਰਾ

* ........... ਮੂਲੋਂ ਵਿਦੇਸ਼ੀ ਬੈਂਕ ਹਨ ਅਤੇ ਉਨਾਂ ਦੇ ਮੁੱਖ ਦਫਤਰ ਉਹਨਾਂ ਦੇ ਮੂਲ ਸਥਾਨਾਂ ਤੇ ਹੀ ਸਥਿਤ ਹੁੰਦੇ ਹਨ।

  ੳ) ਅਮਰੀਕਨ ਬੈਂਕ    ਅ) ਵਿਦੇਸ਼ੀ ਬੈਂਕ

  ੲ) ਘਰੇਲੂ ਬੈਂਕ    ਸ) ਸਟੇਟ ਬੈਂਕ

## ਚੈੱਕ (Cheques) ਜਾਂ ਹੁੰਡੀਆਂ ਤੇ ਕਰ (Tax)

ਚੈੱਕ ਇੱਕ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਖਾਤੇ ਵਿੱਚੋਂ ਪੈਸੇ ਦੀ ਅਦਾਇਗੀ ਦਾ ਆਦੇਸ਼ ਦਿੰਦਾ ਹੈ। ਹਰ ਚੈੱਕ ਉਤੇ ਹੇਠ ਲਿਖੀ ਜਾਣਕਾਰੀ ਛਾਪੀ ਜਾਂਦੀ ਹੈ :-

1. ਤੁਹਾਡੀ ਨਿੱਜੀ ਜਾਣਕਾਰੀ: ਨਾਮ
2. ਤੁਹਾਡੇ ਬੈਂਕ ਸਬੰਧੀ ਜਾਣਕਾਰੀ: ਨਾਮ, ਪਤਾ, ਸ਼ਹਿਰ, ਰਾਜ ਅਤੇ ਪਿੰਨ ਕੋਡ।
3. ਚੈੱਕ ਨੰਬਰ ਚੈੱਕ ਬੁੱਕ ਵਿੱਚ ਹਰ ਚੈੱਕ ਨੂੰ ਕ੍ਰਮ ਵਿੱਚ ਨੰਬਰ ਲੱਗਿਆ ਹੁੰਦਾ ਹੈ। ਇਹ ਨੰਬਰ ਹਮੇਸ਼ਾ ਨੋਟ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਤੁਸੀਂ ਚੈੱਕ ਦੀ ਜਾਂਚ ਕਰ ਸਕੋ।
4. ਦੂਜਾ ਨੰਬਰ MICR ਨੰਬਰ ਹੈ, MICR ਦਾ ਅਰਥ ਹੈ ਮੈਗਨੇਟਿਕ ਇੱਕ ਕਰੈਕਟਰ ਰਿਕੋਗਨੀਸ਼ਨ ਭਾਵ ਚੁੰਬਕੀ ਸਿਆਹੀ ਵਿੱਚ ਛਪੇ ਅੱਖਰਾਂ ਜਾਂ ਹਿੰਦਸਿਆਂ ਨਾਲ ਪਛਾਣ। ਇਹ ਇੱਕ ਤਕਨੀਕ ਹੈ ਜੋ ਚੈੱਕ ਨੂੰ ਫ਼ੰਡ ਵਾਲੇ ਖਾਤੇ ਤੱਕ ਭੇਜਣ ਵਿੱਚ ਮਦਦ ਕਰਦੀ ਹੈ। ਇਹ ਢੰਗ ਤੁਹਾਡੇ ਪੈਸੇ ਨੂੰ ਅਧਿਕਾਰਤ ਤੌਰ ਤੇ ਟ੍ਰਾਂਸਫਰ ਕਰਨ ਲਈ ਵਰਤਿਆ ਜਾਂਦਾ ਹੈ।
5. ਤੀਜਾ ਨੰਬਰ ਤੁਹਾਡਾ ਖਾਤਾ ਨੰਬਰ ਹੈ ਜੋ ਭਾਰਤੀ ਰਿਜ਼ਰਵ ਬੈਂਕ ਦੁਆਰਾ ਦਿੱਤਾ ਗਿਆ ਹੈ।
6. ਆਖਰੀ ਨੰਬਰ ਤੋਂ ਸਪਸ਼ਟ ਹੁੰਦਾ ਹੈ ਕਿ ਤੁਹਾਡਾ ਖਾਤਾ ਚਾਲੂ (Current) ਖਾਤਾ ਹੈ ਜਾਂ ਬੱਚਤ (Savings) ਖਾਤਾ। ਇਸ ਨੰਬਰ ਨਾਲ ਸ਼ਹਿਰੋਂ ਬਾਹਰਲੇ ਚੈਕਾਂ ਸਬੰਧੀ ਕਾਰਵਾਈ ਤੁਰੰਤ ਫੁਰਤ ਕਰਨ ਵਿੱਚ ਸਹਾਇਤਾ ਮਿਲਦੀ ਹੈ।

### MICR ਕੋਡ ਕੀ ਹੈ ?

* ਮੈਗਨੇਟਿਕ ਇੰਕ ਕਰੈਕਟਰ ਰਿਕੋਗਨੀਸ਼ਨ, ਜਾਂ MICR, ਇੱਕ ਅੱਖਰ ਪਛਾਣ ਤਕਨੀਕ ਹੈ ਜੋ ਮੁੱਖ ਤੌਰ 'ਤੇ ਬੈਕਿੰਗ ਗਤੀਵਿਧੀਆਂ ਵਿੱਚ, ਚੈੱਕਾਂ ਨਾਲ ਸਬੰਧਤ ਕਾਰਵਾਈ ਦੌਰਾਨ ਵਰਤੀ ਜਾਂਦੀ ਹੈ।
* MICR ਅੱਖਰ ਇੰਕ ਚੁੰਬਕੀ ਸਿਆਹੀ ਜਾਂ ਟੋਨਰ ਨਾਲ ਵਿਸ਼ੇਸ਼ ਟਾਈਪ ਫੇਸਾਂ ਵਿੱਚ ਛਾਪੇ ਜਾਂਦੇ ਹਨ। ਆਮ ਤੌਰ 'ਤੇ ਇਸ ਛਪਾਈ ਵਿੱਚ ਰਸਾਇਣ ਆਇਰਨ ਆਕਸਾਈਡ ਵਰਤਿਆ ਜਾਂਦਾ ਹੈ। ਇਨ੍ਹਾਂ ਅੱਖਰਾਂ ਨੂੰ ਪੜ੍ਹਨ ਲਈ ਇੱਕ ਵਿਸ਼ੇਸ਼ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਹਾਲਾਂਕਿ, ਇਨ੍ਹਾਂ ਨੂੰ ਇਨਸਾਨੀ ਅੱਖ ਵੀ ਆਸਾਨੀ ਨਾਲ ਪੜ੍ਹ ਸਕਦੀ ਹੈ। ਅੱਖਰ ਆਮ ਤੌਰ 'ਤੇ ਚੈੱਕ ਦੀ ਹੇਠਲੀ ਪੱਟੀ 'ਤੇ ਛਾਪੇ ਜਾਂਦੇ ਹਨ। ਇਸ MICR ਕੋਡ ਦੀ ਵਰਤੋਂ ਬ੍ਰਾਂਚ ਅਤੇ ਬੈਂਕ ਦੀ ਪਛਾਣ ਕਰਨ ਲਈ RBI ਕਲੀਅਰਿੰਗ ਪ੍ਰਕਿਰਿਆ ਦੌਰਾਨ ਕੀਤੀ ਜਾਂਦੀ ਹੈ। ਹਰ ਬੈਂਕ ਦਾ ਇੱਕ ਵਿਲੱਖਣ MICR ਕੋਡ ਹੁੰਦਾ ਹੈ। MICR ਵਿੱਚ ਨੌਂ ਅੰਕ ਹੁੰਦੇ ਹਨ, ਜੋ ਅੱਗੇ ਉਪ ਭਾਗਾਂ ਵਿੱਚ ਸ਼ਹਿਰ, ਬੈਂਕ ਅਤੇ ਬ੍ਰਾਂਚ ਕੋਡਾਂ ਅਨੁਸਾਰ ਵੰਡੇ ਹੁੰਦੇ ਹਨ।

1. ਸਿਟੀ ਕੋਡ : ਪਹਿਲੇ ਤਿੰਨ ਅੰਕ ਉਸ ਸ਼ਹਿਰ ਨੂੰ ਦਰਸਾਉਂਦੇ ਹਨ ਜਿਸ ਵਿੱਚ ਤੁਹਾਡਾ ਬੈਂਕ ਖਾਤਾ ਹੈ।
2. ਬੈਂਕ ਕੋਡ : ਅਗਲੇ ਤਿੰਨ ਅੰਕ ਉਸੇ ਸ਼ਹਿਰ ਬੈਂਕ ਦੀ ਪਛਾਣ ਦਸਦੇ ਹਨ ਜਿਥੇ ਤੁਹਾਡਾ ਖਾਤਾ ਹੈ।
3. ਬ੍ਰਾਂਚ ਕੋਡ : ਆਖਰੀ ਤਿੰਨ ਅੰਕ ਉਸ ਬੈਂਕ ਦੀ ਉਸ ਸ਼ਾਖਾ ਦੀ ਪਛਾਣ ਕਰਵਾਉਂਦੇ ਹਨ ਜਿੱਥੇ ਤੁਹਾਡਾ ਖਾਤਾ ਹੈ।

### IFSC ਭਾਰਤੀ ਵਿਤੀ ਸਿਸਟਮ ਕੋਡ ਕੀ ਹੈ ?

ਭਾਰਤੀ ਵਿੱਤੀ ਸਿਸਟਮ ਕੋਡ ਛੋਟੇ ਅੱਖਰਾਂ ਵਿੱਚ ਆਈ.ਐਫ.ਐਸ.ਸੀ. ਵਜੋਂ ਵੀ ਜਾਣਿਆ ਜਾਂਦਾ ਹੈ। ਬੈਂਕ ਅਤੇ ਸ਼ਾਖਾ ਦੀ ਪਛਾਣ ਕਰਨ ਲਈ ਇਹ 11 ਅੱਖਰਾਂ ਦਾ ਇੱਕ ਕੋਡ ਹੁੰਦਾ ਹੈ ਜੋ ਤੁਹਾਨੂੰ ਖਾਤੇ ਦੀ ਪਛਾਣ ਕਰਵਾਉਂਦਾ ਹੈ। IFSC ਕੋਡ ਦੀ ਵਰਤੋਂ NEFT ਅਤੇ RTGS ਫੰਡ ਟਰਾਂਸਫਰ ਪ੍ਰਨਾਲ਼ੀਆਂ ਲਈ ਕੀਤੀ ਜਾਂਦੀ ਹੈ। ਇਹ ਪ੍ਰਨਾਲੀਆਂ ਖਾਤੇ ਵਿੱਚੋਂ ਪੈਸਿਆਂ ਦਾ ਇਲੈਕਟ੍ਰਾਨਿਕ ਢੰਗ ਨਾਲ ਤੁਰੰਤ-ਫ਼ੁਰਤ ਦੇਣ ਲੈਣ ਕਰਨ ਲਈ ਵਰਤੀਆਂ ਜਾਂਦੀਆਂ ਹਨ।

**ਆਓ, ਚੈੱਕ ਬਾਰੇ ਜਾਣਕਾਰੀ ਵਾਚਿਏ:-**

* ਇੱਕ ............ ਅਜਿਹਾ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਦੇ ਖਾਤੇ ਵਿੱਚੋਂ ਭੁਗਤਾਨ ਦਾ ਆਦੇਸ਼ ਦਿੰਦਾ ਹੈ।

ੳ) ਡਿਮਾਂਡ ਡਰਾਫ਼ਟ ਅ) ਫਿਕਸਡ ਡਿਪਾਜ਼ਿਟ

ੲ) ਚੈੱਕ ਸ) ਡੈਬਿਟ ਕਾਰਡ

* ........... ਚੈੱਕ ਨੂੰ ਫੰਡ ਲੈਣ ਵਾਲੇ ਖਾਤੇ ਤੋਰਨ ਵਿੱਚ ਸਹਾਈ ਹੁੰਦਾ ਹੈ।

ੳ) MICR ਕੋਡ ਅ) IFSC ਕੋਡ

ੲ) ਖਾਤਾ ਨੰਬਰ ਸ) ਚੈੱਕ ਨੰਬਰ

* 11 ਅੱਖਰਾਂ ਦਾ ਇੱਕ ਕੋਡ ਹੁੰਦਾ ਹੈ ਜੋ ਉਸ ਬੈਂਕ ਤੇ ਉਸਦੀ ਸ਼ਾਖਾ ਦੀ ਪਛਾਣ ਕਰਵਾਉਂਦਾ ਹੈ, ਜਿਸ ਵਿੱਚ ਖਾਤਾ ਹੈ;

ੳ) MICR ਕੋਡ ਅ) IFSC ਕੋਡ

ੲ) ਚੈੱਕ ਨੰਬਰ ਸ) ਚੈੱਕ ਨੰਬਰ

## ਟੈਕਸ ਜਾਂ ਕਰ

**ਆਮਦਨ ਕਰ (ਇਨਕਮ ਟੈਕਸ- Income Tax) :**

ਇਨਕਮ ਟੈਕਸ ਵਿਅਕਤੀਆਂ ਜਾਂ ਸੰਸਥਾਵਾਂ (ਕਰਦਾਤਾਵਾਂ) ਤੇ ਲਗਾਇਆ ਗਿਆ ਇੱਕ ਸਰਕਾਰੀ ਲੇਵੀ (ਟੈਕਸ) ਹੈ ਜੋ ਟੈਕਸਦਾਤਾ ਦੀ ਆਮਦਨ ਜਾਂ ਮੁਨਾਫ਼ੇ (ਟੈਕਸ ਯੋਗ ਆਮਦਨ) ਵਿੱਚ ਤਬਦੀਲੀ ਹੋਣ ਨਾਲ ਬਦਲਦਾ ਰਹਿੰਦਾ ਹੈ।

**ਜਾਇਦਾਦ ਕਰ (ਪ੍ਰਾਪਰਟੀ ਟੈਕਸ- Property Tax) :**

ਪ੍ਰਾਪਰਟੀ ਟੈਕਸ ਜਾਂ ਹਾਊਸ ਟੈਕਸ ਜ਼ਮੀਨ ਦੇ ਨਾਲ-ਨਾਲ ਇਮਾਰਤਾਂ 'ਤੇ ਇੱਕ ਟੈਕਸ ਹੈ, ਜੋ ਉਸਦੇ ਮਾਲਕਾਂ 'ਤੇ ਲਗਾਇਆ ਜਾਂਦਾ ਹੈ। ਇਹ ਟੈਕਸ ਜਿੱਥੇ ਜਾਇਦਾਦ ਸਥਿਤ ਹੋਵੇ ਉਥੋਂ ਦੀਆਂ ਸਥਾਨਕ ਸਰਕਾਰ ਸੰਸਥਾਵਾਂ ਵੱਲੋਂ ਲਗਾਇਆ (ਆਇਦ ਕੀਤਾ) ਜਾਂਦਾ ਹੈ।

**ਕਸਟਮ ਡਿਊਟੀ (Custom Duty) :**

ਅਪ੍ਰਤੱਖ ਜਾਂ ਅਸਿੱਧਾ ਟੈਕਸ ਹੈ ਜੋ ਭਾਰਤ ਤੋਂ ਦਰਾਮਦ/ਬਰਾਮਦ ਕੀਤੇ ਸਮਾਨ 'ਤੇ ਲਗਾਇਆ ਜਾਂਦਾ ਹੈ। ਵੱਖ-ਵੱਖ ਖੇਤਰਾਂ ਤੇ ਕਿਸਮਾਂ ਦੀਆਂ ਵਸਤਾਂ ਲਈ ਟੈਕਸ ਲਾਉਣ ਦੇ ਵੱਖ-ਵੱਖ ਨਿਯਮ ਹਨ। ਸਰਕਾਰ ਇਹਨਾਂ ਨਿਯਮਾਂ ਤੇ ਕਿਸਮਾਂ ਆਦਿ ਨੂੰ ਬਦਲਦੀ ਰਹਿੰਦੀ ਹੈ ਤਾਂ ਜੋ ਵਸਤੂਆਂ ਦੇ ਵਪਾਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

**ਆਬਕਾਰੀ ਕਰ (ਐਕਸਾਈਜ਼ ਡਿਊਟੀ Excise duty) :**

ਆਬਕਾਰੀ ਡਿਊਟੀ ਵੀ ਅਪ੍ਰਤੱਖ ਜਾਂ ਅਸਿੱਧਾ ਕਰ ਹੈ ਜੋ ਘਰੇਲੂ ਖਪਤ ਲਈ ਭਾਰਤ ਵਿੱਚ ਨਿਰਮਿਤ ਵਸਤਾਂ 'ਤੇ ਲਗਾਏ ਜਾਂਦੇ ਹਨ। ਕਸਟਮ ਡਿਊਟੀ ਵਾਂਗ, ਕਈ ਨਿਯਮ ਹਨ ਜੋ ਸਰਕਾਰ ਦੀ ਨੀਤੀ ਤੇ ਇੱਛਾ ਅਨੁਸਾਰ ਬਦਲਦੇ ਰਹਿੰਦੇ ਹਨ।

**ਵਿਕਰੀ ਕਰ (ਸੇਲਜ਼ ਟੈਕਸ-Sales Tax) :**

ਭਾਰਤੀ ਬਜ਼ਾਰ ਵਿੱਚ ਉਤਪਾਦਾਂ ਦੀ ਵਿਕਰੀ ਅਤੇ ਖਰੀਦ ਤੇ ਸਰਕਾਰ ਦੁਆਰਾ ਵਿਕਰੀ ਟੈਕਸ ਲਗਾਇਆ ਜਾਂਦਾ ਹੈ। ਗਾਹਕ ਹੋਣ ਦੇ ਨਾਤੇ, ਤੁਸੀਂ ਬਜ਼ਾਰ ਤੋਂ ਜੋ ਵੀ ਖਰੀਦਦੇ ਹੋ ਉਸ ਤੇ ਵਿਕਰੀ ਟੈਕਸ ਦਾ ਭੁਗਤਾਨ ਕਰਦੇ ਹੋ।

**ਵੈਟ (ਵੈਲਿਊ ਐਡਿਡ ਟੈਕਸ VAT) :**

ਵੈਲਿਊ ਐਡਿਡ ਟੈਕਸ ਇੱਕ ਅਸਿੱਧਾ ਟੈਕਸ ਹੋ ਜੋ ਵਸਤੂਆਂ ਅਤੇ ਸੇਵਾਵਾਂ ਦੀ ਘਰੇਲੂ ਖਪਤ 'ਤੇ ਲਗਾਇਆ ਜਾਂਦਾ ਹੈ, ਸਿਵਾਏ ਉਹਨਾਂ ਵਸਤਾਂ ਦੇ ਜੋ ਜ਼ੀਰੋ-ਰੇਟਿਡ (ਜਿਵੇਂ ਕਿ ਭੋਜਨ ਅਤੇ ਜ਼ਰੂਰੀ ਦਵਾਈਆਂ) ਹਨ ਜਾਂ ਹੋਰ ਛੋਟਾਂ (ਜਿਵੇਂ ਕਿ ਨਿਰਯਾਤ) ਦੇ ਤਹਿਤ ਹਨ। ਇਹ ਹਰੇਕ ਪੜਾਅ ਤੇ ਜੋੜੀ ਗਈ ਕੀਮਤ ਦੇ ਅਧਾਰ 'ਤੇ ਭਾਵ ਕੱਚੇ ਮਾਲ ਤੋਂ

ਅੰਤਮ ਵਿਕਰੀ ਤੱਕ ਉਤਪਾਦਨ ਅਤੇ ਵੰਡ ਦੀ ਲੜੀ ਵਿੱਚ ਹਰੇਕ ਪੜਾਅ 'ਤੇ ਲਗਾਇਆ ਜਾਂਦਾ ਹੈ। ਇਹ ਸੂਬੇ ਤੇ ਕੇਂਦਰ ਸਰਕਾਰਾਂ ਦੇ ਦੋਹਰੇ ਟੈਕਸ ਦੀ ਅਦਾਇਗੀ ਤੋਂ ਬਚਾਉਂਦਾ ਹੈ ਹਰ ਆਪ ਹਰ ਪੜਾਅ 'ਤੇ ਲੱਗਦਾ ਹੈ।

### ਟੈਕਸ ਅਦਾ ਕਰਨ ਦੇ ਕੀ ਪ੍ਰਭਾਵ ਹਨ ?

ਸਰਕਾਰ ਵੱਖ-ਵੱਖ ਕਿਸਮਾਂ ਦੇ ਟੈਕਸਾਂ ਲਗਾਉਂਦੀ ਹੈ ਅਤੇ ਟੈਕਸ ਦਰਾਂ ਵਿੱਚ ਤਬਦੀਲੀ ਕਰਦੀ ਰਹਿੰਦੀ ਹੈ। ਇਹ ਕਾਰਵਾਈ ਟੈਕਸ ਲੱਗਣ ਯੋਗ ਕੰਮ-ਕਾਜ ਵਿੱਚ ਸ਼ਾਮਲ ਲੋਕਾਂ ਜਾਂ ਅਬਾਦੀ ਦੇ ਵਰਗਾਂ ਵਿੱਚ ਟੈਕਸ ਦੇ ਬੋਝ ਨੂੰ ਬਰਾਬਰ ਵੰਡਣ ਲਈ ਕੀਤਾ ਜਾਂਦਾ ਹੈ। ਜਾਂ ਇਹ ਕਹਿ ਲਿਆ ਜਾਵੇ ਕਿ ਲੋਕਾਂ ਵਿੱਚ ਜਾਂ ਲੋਕ ਵਰਗਾਂ ਵਿੱਚ ਸਰੋਤਾਂ ਦੀ ਸਮਾਨ ਵੰਡ ਕਰਨ ਹਿੱਤ ਇਹ ਕਾਰਵਾਈ ਕੀਤੀ ਜਾਂਦੀ ਹੈ।

ਟੈਕਸ, ਲੱਗਣ ਨਾਲ ਟੈਕਸ ਦਾਤਾਵਾਂ ਦੀ ਆਮਦਨ ਘੱਟਦੀ ਹੈ ਜਿਸ ਦੇ ਸਿੱਟੇ ਵਜੋਂ ਟੈਕਸਦਾਤਾਵਾਂ ਕੋਲ ਨਿੱਜੀ ਵਸਤਾਂ ਅਤੇ ਸੇਵਾਵਾਂ, ਬੱਚਤਾਂ ਅਤੇ ਨਿਵੇਸ਼ ਲਈ ਪੈਸਾ ਘੱਟਦਾ ਹੈ। ਸਰਕਾਰ ਜਿੰਨੀਆਂ ਹੋਰ ਸੇਵਾਵਾਂ ਪ੍ਰਦਾਨ ਕਰਦੀ ਹੈ, ਉਂਨਾਂ ਹੀ ਜ਼ਿਆਦਾ ਟੈਕਸ ਦਾਤਿਆਂ ਨੂੰ ਟੈਕਸ ਦੇ ਰੂਪ ਵਿੱਚ ਉਨ੍ਹਾਂ ਲਈ ਭੁਗਤਾਨ ਕਰਨਾ ਪੈਂਦਾ ਹੈ। ਜਦੋਂ ਵੀ ਜਨਤਕ ਵਸਤੂਆਂ ਅਤੇ ਸੇਵਾਵਾਂ ਵਿੱਚ ਨਵਾਂ ਵਾਧਾ ਕੀਤਾ ਜਾਂਦਾ ਹੈ, ਉਨਾਂ ਲਈ ਨਵੇਂ ਟੈਕਸਾਂ ਦੀ ਲੋੜ ਉੱਠ ਖੜ੍ਹਦੀ ਹੈ। ਟੈਕਸਦਾਤਾਵਾਂ ਨੇ ਹੀ ਇਹ ਫੈਸਲਾ ਕਰਨਾ ਹੁੰਦਾ ਹੈ ਕਿ ਨਵੇਂ ਲਾਭ, ਆਮਦਨ ਵਿੱਚ ਕਮੀ ਦੇ ਯੋਗ ਹਨ ਕਿ ਨਹੀਂ।

### ਅਸੀਂ ਟੈਕਸ ਕਿਉਂ ਅਦਾ ਕਰਦੇ ਹਾਂ ?

ਟੈਕਸ, ਦੇਸ਼ ਦੇ ਸਾਰੇ ਜ਼ਿੰਮੇਵਾਰ ਨਾਗਰਿਕਾਂ ਦੁਆਰਾ ਅਦਾ ਕੀਤੇ ਜਾਂਦੇ ਹਨ। ਟੈਕਸ ਸਰਕਾਰ ਲਈ ਆਮਦਨ ਦਾ ਸਰੋਤ ਹੁੰਦੇ ਹਨ, ਇਹ ਪੈਸਾ ਪੂਰੇ ਦੇਸ਼ ਦੇ ਵਿਕਾਸ ਲਈ ਵਰਤਿਆ ਜਾਂਦਾ ਹੈ, ਜਿਵੇਂ ਕਿ ਸੜਕਾਂ, ਬੁਨਿਆਦੀ ਢਾਂਚੇ ਅਤੇ ਸਿੱਖਿਆ ਸੰਸਥਾਵਾਂ ਦੇ ਵਿਕਾਸ ਆਦਿ ਲਈ। ਭਾਵੇਂ ਸਾਡੇ ਵੱਲੋਂ ਅਦਾ ਕੀਤੇ ਟੈਕਸਾਂ ਨੂੰ ਸਾਨੂੰ ਕੋਈ ਸਿੱਧਾ ਲਾਭ ਨਹੀਂ ਮਿਲਦਾ, ਫਿਰ ਵੀ ਇਹ ਪੈਸਾ ਹਿੱਤ ਵਿੱਚ ਹੀ ਵਰਤਿਆ ਜਾਂਦਾ ਹੈ।

## ਬੈਂਕਿੰਗ : ਖਾਤਿਆਂ ਦੀਆਂ ਕਿਸਮਾਂ

ਬੈਂਕ ਉਹ ਸੰਸਥਾ ਹੁੰਦੀ ਹੈ ਜੋ ਖਾਤਾਧਾਰਕ ਦੇ ਪੈਸੇ (ਧਨ) ਆਪਣੇ ਕੋਲ ਜਮ੍ਹਾਂ ਰੱਖਦੀ ਹੈ ਤੇ ਵਿਆਜ ਲੈਣ ਦੀ ਸ਼ਰਤ 'ਤੇ ਖਾਤਾਧਾਰਕਾਂ ਨੂੰ ਕਰਜ਼ਾ ਵੀ ਦਿੰਦੀ ਹੈ। ਆਮ ਤੌਰ 'ਤੇ ਬੈਂਕਾਂ ਕੋਲ ਚਾਰ ਕਿਸਮ ਦੇ ਖਾਤੇ ਹੁੰਦੇ ਹਨ;

(i) ਚਲੰਤ ਖਾਤਾ (Current Account)

(ii) ਬੱਚਤ ਖਾਤਾ (Savings Account)

(iii) ਮਿਆਦੀ ਖਾਤਾ (Recurring Deposit Account) ਅਤੇ

(iv) ਪੱਕਾ ਜਮ੍ਹਾਂ ਖਾਤਾ (Fixed Deposit Account)

### (i) ਚਲੰਤ ਖਾਤਾ (Current Account-ਕਰੰਟ ਐਕਾਊਂਟ) :

ਚਲੰਤ ਖਾਤੇ ਜ਼ਿਆਦਾਤਰ ਵਪਾਰੀਆਂ ਦੇ ਖਾਤੇ ਹੁੰਦੇ ਹਨ ਜਿਵੇਂ ਕਿ ਇਕਹਿਰੀ ਮਾਲਕੀ ਜਾਂ ਭਾਈਵਾਲੇਂ ਦੀ ਮਾਲਕੀ ਵਾਲ਼ੀਆਂ ਫ਼ਰਮਾਂ, ਸਰਕਾਰੀ ਜਾਂ ਪ੍ਰਾਈਵੇਟ ਕੰਪਨੀਆਂ, ਟਰੱਸਟ ਤੇ ਐਸੋਸੀਏਸ਼ਨਾਂ ਆਦਿ ਜਿਨ੍ਹਾਂ ਨੇ ਇੱਕ ਹੀ ਦਿਨ ਵਿੱਚ ਬੈਂਕ ਵਿੱਚ ਕਈ-ਕਈ ਵਾਰ ਪੈਸੇ ਜਮ੍ਹਾਂ ਕਰਵਾਉਣੇ ਜਾਂ ਕਢਾਉਣੇ ਹੁੰਦੇ ਹਨ। ਅਜਿਹੇ ਖਾਤੇ ਉਤੇ ਵਿਆਜ ਨਹੀਂ ਮਿਲਦਾ ਤੇ ਖਾਤੇ ਵਿੱਚ ਘੱਟੋ-ਘੱਟ ਰਾਸ਼ੀ ਵਜੋਂ ਕਾਫ਼ੀ ਧਨ ਹਮੇਸ਼ਾਂ ਹੀ ਰੱਖਣਾ ਪੈਂਦਾ ਹੈ। ਖਾਤੇ ਵਿੱਚ ਕਾਫ਼ੀ ਧਨ ਹੋਣ ਦੀ ਸੂਰਤ ਵਿੱਚ ਖਾਤਾਧਾਰਕ ਵੱਲੋਂ ਇਕ ਹੀ ਦਿਨ ਵਿੱਚ ਕਿੰਨੀ ਹੀ ਵਾਰ ਪੈਸੇ ਕਢਾਉਣ ਜਾਂ ਜਮ੍ਹਾਂ ਕਰਵਾਉਣ ਦੀ ਖੁੱਲ੍ਹ ਹੁੰਦੀ ਹੈ।

### (ii) ਬੱਚਤ ਖਾਤਾ (Savings Account-ਸੇਵਿੰਗਜ਼ ਐਕਾਊਂਟ) :

ਬੱਚਤ ਖਾਤੇ ਬੈਂਕਾਂ ਵਿੱਚ ਸਭ ਤੋਂ ਵਧ ਚਲਦੇ ਖਾਤੇ ਹੁੰਦੇ ਹਨ ਜੋ ਕਿਸੇ ਵੀ ਖਾਤਾਧਾਰਕ ਦੇ ਨਾਮ 'ਤੇ ਹੁੰਦੇ ਹਨ। ਇਹ ਖਾਤੇ ਲੋਕਾਂ ਨੂੰ ਬੱਚਤਾਂ ਕਰਨ ਲਈ ਉਤਸ਼ਾਹਤ ਕਰਨ ਹਿੱਤ ਖੋਲ੍ਹੇ ਜਾਂਦੇ ਹਨ। ਬੱਚਤ ਖਾਤੇ ਉਤੇ ਵਿਆਜ ਅਦਾ ਕੀਤਾ ਜਾਂਦਾ ਹੈ ਜੋ ਕਿ ਥੋੜ੍ਹਾ ਜਿਹਾ ਹੀ ਹੁੰਦਾ ਹੈ। ਇਹ ਖਾਤੇ ਇੱਕ ਵਿਅਕਤੀ ਦੇ ਨਾਂ ਉਤੇ ਜਾਂ ਸਾਂਝੇ ਤੌਰ 'ਤੇ ਵੀ ਖੋਲ੍ਹੇ

ਜਾ ਸਕਦੇ ਹੁੰਦੇ ਹਨ। ਖਾਤਾ ਧਾਰਕ ਜਦੋਂ ਚਾਹੇ ਅਜਿਹੇ ਖਾਤੇ ਵਿਚੋਂ ਪੈਸੇ ਕਢਵਾ ਜਾਂ ਜਮ੍ਹਾਂ ਕਰਵਾ ਸਕਦਾ ਹੁੰਦਾ ਹੈ। ਪੈਸੇ ਕਢਵਾਉਣ ਲਈ ਸਿਰਫ਼ ਚੈੱਕ ਦੀ ਸਹੂਲਤ ਹੀ ਨਹੀਂ ਹੁੰਦੀ ਸਗੋਂ ਪੈਸੇ ਜਮ੍ਹਾਂ ਕਰਵਾਉਣ ਤੇ ਕਢਵਾਉਣ ਲਈ ਕਈ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜ਼ਿਆਦਾਤਰ ਬੈਂਕਾਂ ਵਿੱਚ ਕਿਸਮ ਦੇ ਖਾਤਿਆਂ ਵਿੱਚ ਵੀ ਘੱਟੋ-ਘੱਟ ਰਾਸ਼ੀ ਰੱਖਣ ਦਾ ਨਿਯਮ ਹੈ ਪਰ ਇਹ ਰਾਸ਼ੀ ਚਲੰਤ ਖਾਤੇ ਦੀ ਘੱਟੋ-ਘੱਟ ਰਾਸ਼ੀ ਦੇ ਮੁਕਾਬਲੇ ਕਾਫ਼ੀ ਘੱਟ ਹੁੰਦੀ ਹੈ। ਹੁਣ ਬੈਂਕਾਂ ਵਿੱਚ ਅਜਿਹੇ ਬੱਚਤ ਖਾਤੇ ਵੀ ਖੁੱਲ੍ਹ ਰਹੇ ਹਨ ਜਿਨ੍ਹਾਂ ਵਿੱਚ ਘਟੋ-ਘੱਟ ਰਾਸ਼ੀ ਦੀ ਸ਼ਰਤ ਉੱਕਾ ਹੀ ਨਹੀਂ ਹੈ ਜਿਵੇਂ ਕਿ ਮੁਲਾਜ਼ਮਾਂ ਦੇ ਤਨਖਾਹ ਵਾਲ਼ੇ ਖਾਤੇ ਆਦਿ। ਚਲੰਤ ਖਾਤੇ ਵਿਨਚ ਜਮ੍ਹਾਂ ਰਾਸੀ ਉਤੇ ਬੈਂਕ ਵਿਆਜ ਨਹੀਂ ਦਿੰਦਾ ਪਰ ਬੱਚਤ ਖਾਤੇ ਵਿੱਚ ਬੈਂਕ ਵਿਆਜ ਅਦਾ ਕਰਦਾ ਹੈ।

### (iii) ਮਿਆਦੀ ਜਮ੍ਹਾਂ ਖ਼ਾਤਾ (Recurring Deposit Account-ਰੱਕਰਿੰਗ ਡਿਪਾਜ਼ਿਟ ਐਕਾਊਂਟ) :

ਮਿਆਦੀ ਖਾਤਿਆਂ ਨੂੰ ਰੱਕਰਿੰਗ ਡਿਪਾਜ਼ਿਟ ਐਕਾਊਂਟ ਜਾਂ ਆਰ.ਡੀ.ਖਾਤਾ ਵੀ ਆਖ ਦਿੱਤਾ ਜਾਂਦਾ ਹੈ। ਅਜਿਹੇ ਖਾਤੇ ਉਨ੍ਹਾਂ ਲੋਕਾਂ ਵੱਲੋਂ ਖੋਲ੍ਹੇ ਜਾਂਦੇ ਹਨ ਜੋ ਇੱਕ ਖਾਸ ਮਿਆਦ ਮਗਰੋਂ ਲਗਾਤਾਰ ਪੈਸੇ ਜਮ੍ਹਾਂ ਕਰਵਾ ਕੇ ਬੱਚਤ ਖ਼ਾਤੇ ਨਾਲੋਂ ਵੱਧ ਵਿਆਜ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਖਾਤੇ ਉੱਚ ਵਿਦਿਆ ਹਾਸਲ ਕਰਨ ਲਈ, ਕਾਰ ਖਰੀਦਣ ਲਈ ਜਾਂ ਭਵਿੱਖ ਲਈ ਪੈਸੇ ਜਮ੍ਹਾਂ ਕਰਨ ਲਈ ਆਦਿ ਕੰਮਾਂ ਲਈ ਬੜੇ ਲਾਹੇਵੰਦ ਹੁੰਦੇ ਹਨ ਕਿਉਂਕਿ ਮਿਆਦੀ ਖਾਤੇ ਵਿੱਚ ਕੁਝ ਸਾਲਾਂ ਲਈ, ਹਰ ਮਹੀਨੇ ਪੈਸੇ ਜਮ੍ਹਾਂ ਕਰਵਾਏ ਜਾ ਸਕਦੇ ਹਨ ਜਿਨ੍ਹਾਂ ਉਤੇ ਮਿਆਦ ਖ਼ਤਮ ਹੋਣ 'ਤੇ ਬੈਂਕ ਕਾਫ਼ੀ ਵਿਆਜ ਦਿੰਦਾ ਹੈ ਜਿਨ੍ਹਾਂ ਵਿਅਕਤੀਆਂ ਕੋਲ਼ ਬੱਚਤ ਵਜੋਂ ਵੱਡੀ ਰਾਸ਼ੀ ਇਕੱਠੀ ਨਹੀਂ ਹੁੰਦੀ ਉਹ ਹਰ ਮਹੀਨੇ ਥੋੜ੍ਹੀਆਂ ਪੱਕੀਆਂ ਬੱਚਤਾਂ ਅਜਿਹੇ ਖਾਤਿਆਂ ਵਿੱਚ ਪਾ ਸਕਦੇ ਹਨ। ਮਿਆਦੀ ਜਮ੍ਹਾਂ ਖਾਤੇ ਵਿਚੋਂ ਪੈਸੇ ਕਢਵਾਏ ਨਹੀਂ ਜਾ ਸਕਦੇ ਤੇ ਸਗੋਂ ਕਿਸੇ ਮਹੀਨੇ ਪੈਸੇ ਜਮ੍ਹਾਂ ਨਾ ਕਰਵਾਉਣ 'ਤੇ ਥੋੜ੍ਹਾ ਜਿਹਾ ਜੁਰਮਾਨਾ ਵੀ ਭਰਨਾ ਪੈ ਸਕਦਾ ਹੁੰਦਾ ਹੈ। ਅਜਿਹੇ ਖਾਤੇ 6 ਮਹੀਨਿਆਂ ਤੋਂ 5 ਸਾਲ ਤੱਕ ਦੀ ਮਿਆਦ ਲਈ ਇਕਹਿਰੇ ਨਾਮ ਉਤੇ ਜਾਂ ਸਾਂਝੇ ਤੌਰ 'ਤੇ ਵੀ ਖੋਲ੍ਹੇ ਜਾ ਸਕਦੇ ਹੁੰਦੇ ਹਨ।

### (iv) ਪੱਕਾ ਜਮ੍ਹਾਂ ਖਾਤਾ (Fixed Deposit Account-ਫ਼ਿਕਸਡ ਡਿਪਾਜ਼ਿਟ ਐਕਾਊਂਟ) :

ਇਨ੍ਹਾਂ ਖਾਤਿਆਂ ਦਾ ਮਸ਼ਹੂਰ ਨਾਮ ਐਫ਼.ਡੀ.ਐਕਾਊਂਟ ਹੁੰਦਾ ਹੈ। ਇਹ ਖਾਤੇ ਵੀ ਇੱਕ ਪੱਕੇ ਸਮੇਂ ਜਾਂ ਮਿਆਦ ਲਈ ਖੋਲ੍ਹੇ ਜਾਂਦੇ ਹਨ ਤੇ ਇੱਕ ਹੀ ਵਾਰ ਇਸ ਵਿੱਚ ਪੈਸੇ ਜਮ੍ਹਾਂ ਕੀਤੇ ਜਾਂਦੇ ਹਨ ਜੋ ਕਿ 7 ਦਿਨਾਂ ਤੋਂ 10 ਸਾਲਾਂ ਤੱਕ ਦੀ ਮਿਆਦ ਲਈ ਹੋ ਸਕਦੇ ਹੁੰਦੇ ਹਨ। ਪੱਕੇ ਜਮ੍ਹਾਂ ਖਾਤੇ ਵਿੱਚ ਜਮ੍ਹਾਂ ਕਰਵਾਏ ਪੈਸੇ ਪੱਕੀ-ਮਿਆਦ ਤੋਂ ਬਾਅਦ ਹੀ ਕਢਵਾਏ ਜਾ ਸਕਦੇ ਹਨ। ਜਮ੍ਹਾਂ ਕਰਵਾਉਣ ਵਾਲੇ ਖਾਤਾਧਾਰਕ ਨੂੰ ਰਸੀਦ ਜਾਂ ਸਰਟੀਫ਼ਿਕੇਟ ਦਿੱਤਾ ਜਾਂਦਾ ਹੈ ਜੋ ਉਸਨੂੰ ਪੈਸੇ ਕਢਵਾਉਣ ਵੇਲ਼ੇ ਪੇਸ਼ ਕਰਨਾ ਹੰਦਾ ਹੈ। ਆਮਤੌਰ 'ਤੇ ਪੱਕੀ ਤੇ ਮਿੱਥੀ ਮਿਆਦ ਤੋਂ ਪਹਿਲਾਂ ਅਜਿਹੇ ਖਾਤਿਆਂ ਵਿਚੋਂ ਪੈਸੇ ਨਹੀਂ ਕਢਵਾਏ ਜਾ ਸਕਦੇ ਪਰ ਜੇ ਖਾਤਾਧਾਰਕ ਬਹੁਤ ਜ਼ਰੂਰੀ ਚਾਹੇ ਤਾਂ ਸਮੇਂ ਤੋਂ ਪਹਿਲਾਂ ਹਰਜਾਨਾ ਭਰਕੇ ਖਾਤਾ ਬੰਦ ਕਰਵਾ ਸਕਦਾ ਹੁੰਦਾ ਹੈ ਤੇ ਅਜਿਹੀ ਹਾਲਤ ਵਿੱਚ ਜਮ੍ਹਾਂ ਰਾਸ਼ੀ ਉਤੇ ਹਰ ਬੈਂਕ ਵੱਲੋਂ ਦਿੱਤੇ ਜਾਣ ਵਾਲੇ ਵਿਆਜ ਦੀ ਦਰ ਵੀ ਵਖਰੀ-ਵਖਰੀ ਹੋ ਸਕਦੀ ਹੈ। ਸਹੀ ਹਾਲਤ ਵਿੱਚ ਪੱਕੇ ਜਮ੍ਹਾਂ ਖਾਤੇ ਦੀ ਮਿੱਥੀ ਮਿਆਦ ਪੁੱਗਣ ਮਗਰੋਂ ਵਿਆਜ ਸਮੇਤ ਸਾਰਾ ਧਨ ਇਕ-ਮੁਸ਼ਤ ਹੀ ਅਦਾ ਕਰ ਦਿੱਤਾ ਜਾਂਦਾ ਹੈ। ਹਾਲਾਂਕਿ ਖਾਤਾਧਾਰਕ ਚਾਹੇ ਤਾਂ ਨਵੀਆਂ ਸ਼ਰਤਾਂ 'ਤੇ ਸਿੱਧੀ ਮਿਆਦ ਵਿੱਚ ਵਾਧਾ ਕਰ ਸਕਦਾ ਹੁੰਦਾ ਹੈ।

ਖਾਤਾ ਕੌਣ ਖੋਲ੍ਹ ਸਕਦਾ ਹੈ, ਕੀ ਤੁਹਾਨੂੰ ਪਤਾ ਹੈ ? ਭਾਰਤੀ ਰਿਜ਼ਰਵ ਬੈਂਕ ਦੇ ਨਿਯਮਾਂ ਅਨੁਸਾਰ ਘੱਟੋ-ਘੱਟ 10 ਸਾਲ ਦੀ ਉਮਰ ਤੋਂ ਉਪਰ ਦੇ ਨਾਬਾਲਗ ਤੋਂ ਲੈ ਕੇ ਸਾਰੇ ਬਾਲਗ ਬੱਚਤ ਖਾਤਾ ਖੋਲ੍ਹਣ ਤੇ ਆਪ ਚਲਾਉਣ ਦਾ ਅਧਿਕਾਰ ਰਖਦੇ ਹਨ। ਇਸ ਤੋਂ ਇਲਾਵਾ ਕੋਈ ਵੀ ਨਾਬਾਲਗ ਆਪਣੇ ਕੁਦਰਤੀ ਜਾਂ ਕਨੂੰਨੀ ਸਰਪ੍ਰਸਤ ਦੀ ਦੇਖ-ਰੇਖ ਅਧੀਨ ਬੱਚਤ ਖਾਤਾ, ਮਿਆਦੀ ਖਾਤਾ ਅਤੇ ਪੱਕਾ ਜਮ੍ਹਾਂ ਖਾਤਾ ਖੁਲਵਾ ਸਕਦੇ ਹਨ ਅਤੇ ਸਾਰੇ ਬਾਲਗ ਹਰ ਕਿਸਮ ਦਾ ਖਾਤਾ ਖੁਲ੍ਹਵਾਉਣ ਦਾ ਅਧਿਕਾਰ ਰਖਦੇ ਹਨ।

## ਆਓ, ਬੈਂਕ ਖਾਤਿਆਂ ਸਬੰਧੀ ਆਪਣੀ ਜਾਣਕਾਰੀ ਵਾਚੀਏ :

**ਇਨ੍ਹਾਂ ਦੇ ਉੱਤਰ ਦਿਓ—**

(i) ਬੈਂਕਾਂ ਵਿੱਚ ਖਾਤੇ ਕਿੰਨੇ ਕਿਸਮਾਂ ਦੇ ਹੋ ਸਕਦੇ ਹਨ ? ਨਾਮ ਲਿਖੋ।

(ii) ਕਿਸੇ ਵਪਾਰੀ ਵੱਲੋਂ ਆਪਣੇ ਰੋਜ਼ਾਨਾ ਕੰਮ-ਕਾਰ ਸਬੰਧੀ ਖੋਲ੍ਹੇ ਗਏ ਖਾਤੇ ਨੂੰ ਕੀ ਆਖਦੇ ਹਨ ?

(iii) ਬੈਂਕਾਂ ਵਿੱਚ ਸਭ ਤੋਂ ਵੱਧ ਲੋਕਪ੍ਰਿਅ ਖਾਤੇ ਕਿਹੜੀ ਕਿਸਮ ਦੇ ਖੋਲ੍ਹੇ ਗਏ ਹਨ ?

(iv) ਚਲੰਤ ਖਾਤੇ ਨਾਲੋਂ ਬੱਚਤ ਖਾਤਾ ਕਿਹੜੇ ਪੱਖੋਂ ਵੱਧ ਲਾਹੇਵੰਦ ਹੁੰਦਾ ਹੈ ?

(v) ਮਿਆਦੀ ਖਾਤਾ ਕਿਹੜੀ ਕਿਸਮ ਜਾਂ ਕਿਹੜੇ ਕੰਮਾਂ ਦੇ ਲੋਕਾਂ ਲਈ ਖੋਲ੍ਹਿਆ ਜਾਣਾ ਸਹੀ ਰਹਿੰਦਾ ਹੈ ?

(vi) ਬੈਂਕ ਵਿਚਲੇ ਪੈਰ੍ਹੇ ਜਮ੍ਹਾਂ ਖਾਤੇ ਨੂੰ 'ਪੱਕਾ' ਕਿਉਂ ਕਿਹਾ ਜਾਂਦਾ ਹੈ ?

(vii) ਕੋਈ ਨਾਬਾਲਗ ਆਪਣੇ ਪੱਧਰ 'ਤੇ ਕਿਹੜੀ ਉਮਰ ਮਗਰੋਂ ਕਿਹੜਾ ਖਾਤਾ ਖੁੱਲਵਾ ਸਕਦਾ ਹੈ ?

**ਹੇਠ ਲਿਖੇ ਸ਼ਬਦਾਂ ਲਈ ਕਿਹੜੀ ਚੋਣ ਠਹੀ ਹੈ ? ਇੱਕ (✓) ਲਗਾਓ—**

(i) ਕਿਸੇ ਕਾਰੋਬਾਰੀ ਲਈ ਕਿਹੜਾ ਖਾਤਾ ਖੋਲ੍ਹਣਾ ਸਹੀ ਹੈ ?

(ੳ) ਚਲੰਤ ਖਾਤਾ (ਅ) ਮਿਆਦੀ ਜਮ੍ਹਾਂ ਖਾਤਾ

(ੲ) ਬੱਚਤ ਖਾਤਾ (ਸ) ਪੱਕਾ ਜਮ੍ਹਾਂ ਖਾਤਾ

(ii) ਕਿਹੜਾ ਖਾਤਾ ਲੋਕਾਂ ਨੂੰ ਬੱਚਤ ਕਰਨ ਤੇ ਪੈਸੇ ਜਮ੍ਹਾਂ ਕਰਵਾਉਣ ਲਈ ਉਤਸ਼ਾਹਤ ਕਰਦਾ ਹੈ ?

(ੳ) ਚਲੰਤ ਖਾਤਾ (ਅ) ਮਿਆਦੀ ਜਮ੍ਹਾਂ ਖਾਤਾ

(ੲ) ਬੱਚਤ ਖਾਤਾ (ਸ) ਪੱਕਾ ਜਮ੍ਹਾਂ ਖਾਤਾ

(iii) ਜੇ ਕੋਈ ਵਿਅਕਤੀ ਕਿਸੇ ਖਾਸ ਮਿਆਦ ਲਈ, ਖਾਸ ਧਨ ਜਮ੍ਹਾਂ ਕਰਨਾ ਚਾਹੇ ਤਾਂ ਕਿਹੜਾ ਖਾਤਾ ਖੁਲ੍ਹਵਾਏ ?

(ੳ) ਚਲੰਤ ਖਾਤਾ (ਅ) ਮਿਆਦੀ ਜਮ੍ਹਾਂ ਖਾਤਾ

(ੲ) ਬੱਚਤ ਖਾਤਾ (ਸ) ਪੱਕਾ ਜਮ੍ਹਾਂ ਖਾਤਾ

(iv) ਇੱਕ ਵਾਰ ਕੁਝ ਜਮ੍ਹਾਂ ਕਰਵਾ ਕੇ ਨਿਸਚਤ ਸਮੇਂ ਲਈ ਖੋਲ੍ਹਿਆ ਗਿਆ ਖਾਤਾ ਕਿਹੜਾ ਹੁੰਦਾ ਹੈ ?

(ੳ) ਚਲੰਤ ਖਾਤਾ (ਅ) ਮਿਆਦੀ ਜਮ੍ਹਾਂ ਖਾਤਾ

(ੲ) ਬੱਚਤ ਖਾਤਾ (ਸ) ਪੱਕਾ ਜਮ੍ਹਾਂ ਖਾਤਾ

(v) ਪੱਕੇ ਜਮ੍ਹਾਂ ਖਾਤੇ ਲਈ ਅਦਾ ਕੀਤੇ ਜਾਂਦੇ ਵਿਆਜ ਦੀ ਕਾਰ ਕਿਸ ਅਧਾਰ 'ਤੇ ਨਿਸਚਤ ਹੁੰਦੀ ਹੈ ?

(ੳ) ਖਾਤੇ ਦੀ ਮਿਆਦ ਤੇ ਰਾਸ਼ੀ ਦੇ (ਅ) ਸਾਰੇ ਬੈਂਕਾਂ ਵਿੱਚ ਇਕ ਸਮਾਨ

(ੲ) ਵੱਖ-ਵੱਖ ਬੈਂਕਾਂ ਦੇ ਨਿਯਮਾਂ ਦੇ (ਸ) ਦੋਹੇਂ ੳ ਅਤੇ ੲ

## ਨਵੀਂ ਤਕਨੀਕ ਸਹਿਤ ਬੈਂਕਿੰਗ

ਸੂਚਨਾ ਅਤੇ ਸੰਚਾਰ ਤਕਨੀਕ ਵਿੱਚ ਤੇਜ਼ੀ ਨਾਲ ਹੋਏ ਵਿਕਾਸ, ਜਿਵੇਂ ਕਿ ਕੰਪਿਊਟਰ, ਮੋਬਾਇਲ (ਸੈੱਲ ਫ਼ੋਨ) ਅਤੇ ਇੰਟਰਨੈੱਟ ਦੀ ਵਧੇਰੇ ਵਰਤੋਂ ਨੇ ਭਾਰਤੀ ਬੈਂਕਾਂ ਨੂੰ ਆਪਣੇ ਗਾਹਕਾਂ ਨੂੰ ਵਧੇਰੇ ਵਿਭਿੰਨਤਾ ਪੂਰਕ ਅਤੇ ਸਹੂਲਤ ਭਰੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਇਆ ਹੈ। ਇਹਨਾਂ ਵਿੱਚੋਂ ਕੁਝ ਤਕਨੀਕਾਂ ਹੇਠ ਲਿਖੇ ਅਨੁਸਾਰ ਹਨ :

### 1. RTGS (Real Time Gross Settlement) :

RTGS ਇੱਕ ਅਜਿਹੀ ਪ੍ਰਨਾਲ਼ੀ ਹੈ ਜਿਸ ਰਾਹੀਂ ਕਿਸੇ ਇੱਕ ਬੈਂਕ ਦੇ ਗਾਹਕ ਦੇ ਖਾਤੇ ਵਿੱਚੋਂ ਕਿਸੇ ਦੂਜੇ ਬੈਂਕ ਦੇ ਗਾਹਕ ਦੇ ਖਾਤੇ ਵਿੱਚ ਪੈਸੇ ਭੇਜਣ/ਬਦਲੀ ਕਰਨ ਲਈ ਇਲੈਕਟ੍ਰਾਨਿਕ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਇਸ ਨਾਲ ਜਲਦੀ ਨਾਲ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਦੇ ਖਾਤੇ ਵਿੱਚ ਪੈਸੇ ਭੇਜੇ ਜਾ ਸਕਦੇ ਹਨ। ਜਿਵੇਂ ਕਿ ਇਸਦੇ ਨਾਮ ਤੋਂ ਹੀ ਸਪਸ਼ਟ ਹੈ ਬੈਂਕਾਂ ਦਰਮਿਆਨ ਪੈਸੇ ਦੇ ਲੈਣ-ਦੇਣ ਦਾ ਕੰਮ 'Real Time' ਭਾਵ 'ਤੁਰੰਤ' ਦੇ ਅਧਾਰ 'ਤੇ

ਹੁੰਦਾ ਹੈ। ਇਸ ਤਰ੍ਹਾਂ ਪੈਸੇ ਪ੍ਰਾਪਤ ਕਰਨ ਵਾਲੇ ਦੇ ਖਾਤੇ ਵਿੱਚ ਤੁਰੰਤ ਪਹੁੰਚ ਜਾਂਦੇ ਹਨ ਅਤੇ ਪੈਸੇ ਪ੍ਰਾਪਤ ਕਰਨ ਵਾਲੇ ਦੇ ਬੈਂਕ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਪੈਸੇ ਪ੍ਰਾਪਤ ਕਰਤਾ ਦੇ ਖਾਤੇ ਵਿੱਚ ਲੈਣ-ਦੇਣ (RTGS) ਕਰਨ ਦੇ ਸਮੇਂ ਦੇ ਦੋ ਘੰਟੇ ਦੇ ਅੰਦਰ-ਅੰਦਰ ਪੈਸੇ ਜਮ੍ਹਾਂ ਕਰੇ। ਇਸ ਪ੍ਰਕਿਰਿਆ ਵਿੱਚ ਹਰੇਕ ਲੈਣ-ਦੇਣ ਵੱਖਰੇ ਤੌਰ ਤੇ ਹੁੰਦਾ ਹੈ। ਇਸ ਪ੍ਰਕਿਰਿਆ ਦੌਰਾਨ ਪੈਸੇ ਪ੍ਰਾਪਤ ਕਰਤਾ ਦਾ ਨਾਮ, ਖਾਤਾ ਨੰਬਰ, ਖਾਤੇ ਦੀ ਕਿਸਮ, ਬੈਂਕ ਦਾ ਨਾਮ, ਸ਼ਹਿਰ ਅਤੇ ਸ਼ਾਖਾ ਦਾ ਨਾਮ ਆਦਿ ਵੇਰਵੇ ਸਪਸ਼ਟ ਤੌਰ ਤੇ ਬੈਂਕ ਨੂੰ ਦੇਣੇ ਚਾਹੀਦੇ ਹਨ ਤਾਂ ਜੋ ਪੈਸੇ ਪ੍ਰਾਪਤ ਕਰਤਾ ਤੱਕ ਜਲਦੀ ਅਤੇ ਸਹੀ ਤਰੀਕੇ ਨਾਲ ਪਹੁੰਚ ਸਕਣ। ਅਸਲ ਵਿੱਚ ਇਹ ਵੱਡੀ ਰਕਮ ਲਈ ਅਦਾਇਗੀ ਪ੍ਰਨਾਲ਼ੀ ਹੈ ਜਿਸ ਵਿੱਚ ਰਕਮ ਦੀ ਇੱਕ ਤੋਂ ਦੂਜੇ ਬੈਂਕ ਵਿੱਚ ਬਦਲੀ ਤੇਜ਼ੀ ਨਾਲ ਕੀਤੀ ਜਾ ਸਕਦੀ ਹੈ। ਇਸ ਰਾਹੀਂ ਲੈਣ-ਦੇਣ ਕਰਨ ਲਈ ਘੱਟੋ-ਘੱਟ ਰਕਮ ਦੋ ਲੱਖ ਹੈ। ਇਹ ਸਹੂਲਤ ਬੈਂਕਾਂ ਲਈ ਵੱਡੀਆਂ ਕੰਪਨੀਆਂ ਨਾਲ ਲੈਣ-ਦੇਣ ਕਰਨ ਅਤੇ ਜਿਹੜੇ ਵਿਅਕਤੀਆਂ ਨੂੰ ਵੱਡੀ ਰਕਮ ਦੀ ਜਲਦੀ ਲੋੜ ਹੋਵੇ, ਲਈ ਲਾਹੇਵੰਦ ਹੈ।

### 2. NEFT (National Electronic Fund Transfer):

ਇੱਕ ਅਜਿਹੀ ਪ੍ਰਨਾਲ਼ੀ ਹੈ ਜਿਸ ਰਾਹੀਂ ਕੋਈ ਵਿਅਕਤੀ ਜੋ ਕਿਸੇ ਹੋਰ ਵਿਅਕਤੀ ਜਾਂ ਕੰਪਨੀ ਨੂੰ ਕੋਈ ਅਦਾਇਗੀ ਕਰਨੀ ਚਾਹੁੰਦਾ ਹੈ, ਬੈਂਕ ਤੱਕ ਪਹੁੰਚ ਕਰ ਕੇ ਬੈਂਕ ਨੂੰ ਹਦਾਇਤ (Instruction) ਜਾਂ ਅਧਿਕਾਰ (Authorisation) ਦਿੰਦਾ ਹੈ ਕਿ ਉਹ ਸਿੱਧੇ ਤੌਰ ਤੇ ਉਸਦੇ ਖਾਤੇ ਵਿੱਚ ਰਕਮ ਉਸ ਵਿਅਕਤੀ ਜਾਂ ਕੰਪਨੀ ਦੇ ਖਾਤੇ ਵਿੱਚ ਭੇਜ ਦੇਵੇ। NEFT ਘੰਟੇ ਦੇ ਬੈਚ ਦੇ ਅਧਾਰ ’ਤੇ ਕੰਮ ਕਰਦਾ ਹੈ ਅਤੇ ਹਰੇਕ ਘੰਟੇ ਦੇ ਗੇੜ ਬਾਅਦ ਅਦਾਇਗੀਆਂ ਹੁੰਦੀਆਂ ਹਨ। ਹਫ਼ਤੇ ਦੇ ਆਮ ਦਿਨਾਂ ਵਿੱਚ ਬਾਰ੍ਹਾਂ ਅਤੇ ਸ਼ਨੀਵਾਰ ਨੂੰ ਛੇ ਅਦਾਇਗੀ ਗੇੜ ਹੁੰਦੇ ਹਨ। ਰਕਮ ਪ੍ਰਾਪਤ ਕਰਤਾ ਦੇ ਖਾਤੇ ਵਿੱਚ ਦੋ ਘੰਟੇ ਦੇ ਅੰਦਰ-ਅੰਦਰ ਜਮ੍ਹਾਂ ਹੋ ਜਾਂਦੀ ਹੈ। ਇਸ ਪ੍ਰਨਾਲ਼ੀ ਦੀ ਵਰਤੋਂ ਸਮੇਂ ਸਾਰੀਆਂ ਜਾਣਕਾਰੀਆਂ ਜਿਵੇਂ, ਪ੍ਰਾਪਤ ਕਰਤਾ ਦਾ ਨਾਮ, ਬੈਂਕ ਖਾਤਾ ਨੰਬਰ, ਖਾਤੇ ਦੇ ਕਿਸਮ, ਬੈਂਕ ਦਾ ਨਾਮ, ਸ਼ਾਖਾ ਅਤੇ ਸ਼ਹਿਰ ਦਾ ਨਾਮ ਸਪਸ਼ਟ ਤੌਰ ’ਤੇ ਬੈਂਕ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਰਕਮ ਪ੍ਰਾਪਤ ਕਰਤਾ ਕੋਲ ਜਲਦੀ ਅਤੇ ਸਹੀ ਤਰੀਕੇ ਨਾਲ ਪਹੁੰਚ ਸਕੇ। NEFT ਰਾਹੀਂ ਲੈਣ-ਦੇਣ ਕਰਨ ਸਮੇਂ ਰਕਮ ਦੀ ਕੋਈ ਘੱਟੋ-ਘੱਟ ਜਾਂ ਵੱਧ ਤੋਂ ਵੱਧ ਸੀਮਾ ਨਹੀਂ ਹੈ।

### 3. ਇੰਟਰਨੈੱਟ ਬੈਂਕਿੰਗ (Internet Banking) :

ਇੰਟਰਨੈੱਟ ਬੈਂਕਿੰਗ ਵਿਅਕਤੀ ਨੂੰ ਕਿਸੇ ਵੀ ਸਮੇਂ, ਕਿਸੇ ਵੀ ਸਥਾਨ ’ਤੇ ਬਗੈਰ ਬੈਂਕ ਗਿਆਂ, ਇੰਟਰਨੈੱਟ ਰਾਹੀਂ ਬੈਕਿੰਗ ਕਿਰਿਆਵਾਂ ਕਰ ਸਕਣ ਦੇ ਯੋਗ ਬਣਾਉਂਦੀ ਹੈ। ਆਨਲਾਈਨ ਬੈਂਕਿੰਗ ਰਾਹੀਂ ਵਿਅਕਤੀ ਆਪਣੇ ਖਾਤੇ ਸੰਬੰਧੀ ਜਾਣਕਾਰੀ ਕਿਸੇ ਵੀ ਸਮੇਂ ਪ੍ਰਾਪਤ ਕਰ ਸਕਦਾ ਹੈ ਅਤੇ ਹਰ ਕਿਸਮ ਦਾ ਆਮ ਲੈਣ-ਦੇਣ ਜਿਵੇਂ ਕਿ ਪੈਸੇ ਦੀ ਅਦਾਇਗੀ (Money Transfer) ਬਕਾਏ ਦੀ ਜਾਣਕਾਰੀ ਅਤੇ ਬਿਲਾਂ ਦਾ ਭੁਗਤਾਨ ਕਰ ਸਕਦਾ ਹੈ। ਕੋਈ ਵੀ ਵਿਅਕਤੀ ਜਿਸ ਕੋਲ ਇੰਟਰਨੈੱਟ ਉਪਲਬਧ ਹੋਵੇ, ਆਨਲਾਈਨ ਜਾਂ ਇੰਟਰਨੈੱਟ ਬੈਂਕਿੰਗ ਦੀ ਸਹੂਲਤ ਲੈ ਸਕਦਾ ਹੈ। ਇਸ ਲਈ ਉਸਨੂੰ ਆਪਣੇ ਬੈਂਕ ਵਿੱਚ ਜਾ ਕੇ ਇਸ ਸਹੂਲਤ ਲਈ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ। ਆਨਲਾਈਨ ਜਾਂ ਇੰਟਰਨੈੱਟ ਬੈਂਕਿੰਗ ਨੂੰ ਈ-ਬੈਂਕਿੰਗ, ਵੈੱਬ ਬੈਂਕਿੰਗ ਅਤੇ ਵਰਚੂਅਲ ਬੈਂਕਿੰਗ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।

### 4. ਮੋਬਾਇਲ ਬੈਂਕਿੰਗ (Mobile Banking) :

ਮੋਬਾਇਲ ਬੈਂਕਿੰਗ ਤੋਂ ਭਾਵ ਬੈਂਕਿੰਗ ਕਿਰਿਆਵਾਂ ਕਰਨ ਦੀ ਉਹ ਪ੍ਰਨਾਲ਼ੀ ਹੈ ਜਿਸ ਵਿੱਚ ਇੱਕ ਤਾਰ ਰਹਿਤ ਯੰਤਰ ਦੀ ਵਰਤੋਂ ਹੁੰਦੀ ਹੈ। ਇਸ ਸੇਵਾ ਰਾਹੀਂ ਖਾਤੇ ਦੇ ਬਕਾਏ ਦੀ ਜਾਣਕਾਰੀ, ਪੈਸੇ ਦਾ ਲੈਣ-ਦੇਣ ਅਤੇ ਬਿਲਾਂ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਇੰਟਰਨੈੱਟ ਬੈਂਕਿੰਗ ਵਾਂਗ ਇਸ ਸੇਵਾ ਲਈ ਵੀ ਬੈਂਕ ਕੋਲ ਰਜਿਸਟ੍ਰੇਸ਼ਨ ਕਰਵਾਉਣੀ

ਪੈਂਦੀ ਹੈ। ਅਜੋਕੇ ਸਮੇਂ ਵਿੱਚ ਮੋਬਾਈਲ ਬੈਂਕਿੰਗ ਦੀ ਬਹੁਤੀਆਂ ਸਹੂਲਤਾਂ SMS ਰਾਹੀਂ ਉਪਲਬਧ ਹਨ, ਇਸ ਲਈ ਇਸ ਨੂੰ SMS ਬੈਂਕਿੰਗ ਵੀ ਕਿਹਾ ਜਾਂਦਾ ਹੈ।

ਆਓ, ਬੈਂਕਿੰਗ ਦੀ ਨਵੀਂ ਤਕਨੀਕ ਬਾਰੇ ਆਪਣੀ ਜਾਣਕਾਰੀ ਵਾਚੀਏ :-

* RTGS ਕੀ ਹੈ ?
* NEFT ਕੀ ਹੈ ?
* ਇੰਟਰਨੈੱਟ ਬੈਂਕਿੰਗ ਕੀ ਹੈ ?
* ਮੋਬਾਈਲ ਬੈਂਕਿੰਗ ਕੀ ਹੈ ?
* RTGS ਕਰਾਉਣ ਸਮੇਂ ਬੈਂਕ ਨੂੰ ਕਿਹੜੇ ਵੇਰਵੇ ਦਿੱਤੇ ਜਾਣੇ ਚਾਹੀਦੇ ਹਨ ?
* RTGS ਰਾਹੀਂ ਘੱਟੋ-ਘੱਟ ਕਿੰਨੀ ਰਕਮ ਅਦਾ ਕੀਤੀ ਜਾ ਸਕਦੀ ਹੈ ?
* NEFT ਰਾਹੀਂ ਲੈਣ-ਦੇਣ ਕਰਨ ਲਈ ਘੱਟੋ-ਘੱਟ ਸੀਮਾ ਕੀ ਹੈ ?
* ਇੰਟਰਨੈੱਟ ਬੈਂਕਿੰਗ ਦੇ ਹੋਰ ਨਾਮ ਕਿਹੜੇ ਹਨ ?
* RTGS ਅਤੇ NEFT ਵਿੱਚ ਵੀ ਅੰਤਰ ਹੈ ?

ਪਾਠ 6

# ਆਫ਼ਤ ਪ੍ਰਬੰਧਨ

ਮਨੁੱਖ ਆਪਣੀ ਉੱਤਪਤੀ ਤੋਂ ਹੀ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਸ਼ੁਰੂ ਵਿੱਚ ਇਹ ਮੁਸ਼ਕਲਾਂ ਜਾਂ ਸਮੱਸਿਆਵਾਂ ਕੁਦਰਤ ਦੁਆਰਾ ਹੀ ਪੈਦਾ ਕੀਤੀਆਂ ਹੁੰਦੀਆਂ ਸਨ ਪਰੰਤੂ ਜਿਵੇਂ ਜਿਵੇਂ ਮਨੁੱਖ ਦਾ ਵਿਕਾਸ ਹੁੰਦਾ ਗਿਆ ਤਿਵੇਂ ਤਿਵੇਂ ਮੁਸ਼ਕਲਾਂ ਦਾ ਰੂਪ ਅਤੇ ਇਨ੍ਹਾਂ ਦੇ ਕਾਰਨ ਵੀ ਬਦਲਦੇ ਗਏ। ਵਰਤਮਾਨ ਸਮੇਂ ਵਿੱਚ ਮਨੁੱਖ ਆਪਣੇ ਦੁਆਰਾ ਪੈਦਾ ਕੀਤੇ ਗਏ ਬਹੁਤ ਸਾਰੇ ਖਤਰਿਆਂ ਦਾ ਵੀ ਗੁਲਾਮ ਹੋਈ ਬੈਠਾ ਹੈ। ਇਹ ਖਤਰੇ ਮਨੁੱਖ ਉੱਤੇ ਕਦੇ ਨਾ ਕਦੇ, ਕਿਸੇ ਨਾ ਕਿਸੇ ਰੂਪ ਵਿੱਚ ਥੋੜ੍ਹਾ ਜਾਂ ਬਹੁਤਾ ਅਸਰ ਪਾਉਂਦੇ ਰਹਿੰਦੇ ਹਨ। ਜਦੋਂ ਇਹ ਖਤਰੇ (Hazards) ਮਨੁੱਖ ਲਈ ਘਾਤਕ ਘਟਨਾਵਾਂ ਦਾ ਰੂਪ ਧਾਰਨ ਕਰ ਜਾਂਦੇ ਹਨ ਤਾਂ ਇਹਨਾਂ ਨੂੰ ਆਫ਼ਤਾਂ (Disasters) ਦਾ ਨਾਂ ਦਿੱਤਾ ਜਾਂਦਾ ਹੈ। ਇਹ ਆਫ਼ਤਾਂ ਕਈ ਵਾਰੀ ਮਨੁੱਖ ਦੀ ਵੱਡੀ ਤਬਾਹੀ ਦਾ ਕਾਰਨ ਹੋ ਨਿਬੜਦੀਆਂ ਹਨ। ਆਫ਼ਤਾਂ ਨੂੰ ਮੁੱਖ ਤੌਰ ਤੇ ਅਸੀਂ ਹੇਠ ਲਿਖੀਆਂ ਸ਼੍ਰੇਣੀਆਂ ਅਨੁਸਾਰ ਵੰਡਦੇ ਹਾਂ :

**ਆਫ਼ਤਾਂ (DISASTERS)**

- **ਕੁਦਰਤੀ ਆਫ਼ਤਾਂ**
  - ਭੂਚਾਲ (Earth quake)
  - ਜਵਾਲਾਮੁਖੀ ਕਿਰਿਆ (Volcanic Activity)
  - ਸੁਨਾਮੀ (Tsunamis)
  - ਹੜ੍ਹ (Floods)
  - ਚੱਕਰਵਾਤ (Cyclones)
  - ਭੂਮੀ ਦਾ ਖਿਸਕਣਾ (Landslides)
  - ਬਰਫ਼ ਦੇ ਤੋਦਿਆਂ ਦਾ ਖਿਸਕਣਾ (Avalanches)
  - ਸੋਕਾ (Drought)
- **ਮਨੁੱਖੀ ਆਫ਼ਤਾਂ**
  - ਬੰਬ ਧਮਾਕੇ (Bomb explosions)
  - ਦਹਿਸ਼ਤਵਾਦ (Terrorism)
  - ਯੁੱਧ ਜਾਂ ਸਿਵਲ ਵਾਰ (War or civil war)
  - ਜ਼ਹਿਰੀਲੇ ਜਾਂ ਰਸਾਇਣਿਕ ਪਦਾਰਥਾਂ ਦਾ ਰਿਸਣਾ (Leakage of Poisonous chemical substances)
  - ਬੰਨ੍ਹਾਂ ਦਾ ਟੁੱਟ ਜਾਣਾ (Breaking of Dams)
  - ਪ੍ਰਦੂਸ਼ਣ (ਹਵਾ, ਪਾਣੀ ਤੇ ਭੂਮੀ) (Pollution Air, Water & Land)
  - ਉਦਯੋਗਿਕ ਘਟਨਾਵਾਂ (Industrial Accidents)
  - ਮਹਾਂਮਾਰੀ (Epidemic)

ਆਫ਼ਤਾਂ ਕੁਦਰਤੀ ਹੋਣ ਜਾਂ ਮਨੁੱਖੀ ਕਿਰਿਆਵਾਂ ਦੁਆਰਾ ਪੈਦਾ ਕੀਤੀਆਂ ਹੋਣ, ਮਨੁੱਖ ਦੇ ਜੀਵਨ ਉੱਤੇ ਬਹੁਤ ਹੱਦ ਤੱਕ ਅਸਰ ਪਾਉਂਦੀਆਂ ਹਨ। ਭੂਚਾਲ ਅਤੇ ਜਵਾਲਾਮੁਖੀ ਵਰਗੀਆਂ ਆਫ਼ਤਾਂ ਬਹੁਤ ਥੋੜ੍ਹੇ ਸਮੇਂ ਲਈ

ਆਉਂਦੀਆਂ ਹਨ ਪਰ ਬਹੁਤ ਵੱਡੀ ਤਬਾਹੀ ਮਚਾ ਜਾਂਦੀਆਂ ਹਨ। ਥੋੜ੍ਹਾ ਸਮਾਂ ਪਹਿਲਾਂ ਆਈਆਂ ਸੁਨਾਮੀ ਲਹਿਰਾਂ ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ ਸੀ। ਹੜ੍ਹ ਅਤੇ ਚੱਕਰਵਾਤ ਵਰਗੀਆਂ ਕੁਦਰਤੀ ਮੁਸੀਬਤਾਂ ਵੀ ਜਾਨ ਅਤੇ ਮਾਲ ਦਾ ਬਹੁਤ ਨੁਕਸਾਨ ਕਰ ਜਾਂਦੀਆਂ ਹਨ। ਲੋਕ ਘਰੋਂ, ਬੇਘਰ ਹੋ ਜਾਂਦੇ ਹਨ। ਭੂਪਾਲ ਗੈਸ ਲੀਕ ਦਾ ਦੁਖਾਂਤ ਲੋਕਾਂ ਨੂੰ ਹਾਲੇ ਤੱਕ ਵੀ ਨਹੀਂ ਭੁਲਿਆ। ਅਮਰੀਕਾ ਵਿੱਚ ਹੋਏ ਬੰਬ ਧਮਾਕਿਆਂ ਨੇ ਵੱਡੇ-ਵੱਡੇ ਦੇਸ਼ਾਂ ਨੂੰ ਵੀ ਚਿੰਤਾ ਵਿੱਚ ਪਾ ਦਿੱਤਾ ਹੈ।

ਭਾਵੇਂ ਇਹਨਾਂ ਆਫ਼ਤਾਂ ਤੋਂ ਪੂਰੀ ਤਰ੍ਹਾਂ ਬਚਿਆ ਨਹੀਂ ਜਾ ਸਕਦਾ ਪਰ ਫਿਰ ਵੀ ਕਾਫ਼ੀ ਹੱਦ ਤੱਕ, ਇਹਨਾਂ ਤੋਂ ਹੋਣ ਵਾਲੇ ਨੁਕਸਾਨਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਲੋੜ ਹੈ ਤਾਂ ਇੱਕ ਪ੍ਰਬੰਧ ਦੀ, ਜਿਸਨੂੰ ਅਸੀਂ 'ਆਫ਼ਤ ਪ੍ਰਬੰਧਨ' (Disaster Management) ਦਾ ਨਾਂ ਦਿੰਦੇ ਹਾਂ। 'ਆਫ਼ਤ ਪ੍ਰਬੰਧਨ' ਦਾ ਵਿਸ਼ਾ ਕੁਦਰਤੀ ਅਤੇ ਮਨੁੱਖੀ ਆਫ਼ਤਾਂ ਤੋਂ ਬਚ-ਬਚਾਓ ਜਾਂ ਇਹਨਾਂ ਤੋਂ ਪੈਦਾ ਹੋਏ ਖਤਰਿਆਂ ਨੂੰ ਘੱਟ ਕਰਨ ਨਾਲ ਹੀ ਸਬੰਧ ਰੱਖਦਾ ਹੈ। ਇਸ ਵਿੱਚ ਆਫ਼ਤਾਂ ਦੇ ਨਾਲ ਜੂਝਣ ਦੇ ਲਈ, ਆਫ਼ਤ ਆਉਣ ਤੋਂ ਪਹਿਲਾਂ ਦੀ ਤਿਆਰੀ, ਆਫ਼ਤ ਸਮੇਂ ਬਚਾਅ ਅਤੇ ਆਫ਼ਤ ਤੋਂ ਬਾਅਦ ਸਮਾਜ ਨੂੰ ਮੁੜ ਪੈਰਾਂ ਤੇ ਖੜਾ ਕਰਨ ਲਈ ਪ੍ਰਬੰਧ ਕਰਨਾ ਸ਼ਾਮਲ ਹਨ। ਆਫ਼ਤ ਪ੍ਰਬੰਧਨ ਵਿੱਚ ਹਰੇਕ ਪੱਧਰ ਤੇ ਬਣਾਈਆਂ ਹੋਈਆਂ ਯੋਜਨਾਵਾਂ ਨੂੰ ਅਮਲ ਵਿੱਚ ਲਿਆਂਦਾ ਜਾਂਦਾ ਹੈ। ਨਿੱਜੀ ਪੱਧਰ ਤੇ, ਗਰੁੱਪ ਪੱਧਰ ਤੇ, ਜਾਤੀ ਪੱਧਰ ਤੇ, ਗ਼ੈਰ-ਸਰਕਾਰੀ ਅਤੇ ਸਰਕਾਰੀ ਸੰਸਥਾਵਾਂ ਦੇ ਪੱਧਰ ਤੇ ਸਾਰੇ ਹੀ ਇਸ ਵਿੱਚ ਆਪਣਾ-ਆਪਣਾ ਯੋਗਦਾਨ ਪਾਉਂਦੇ ਹਨ। ਹੁਣ ਤਾਂ ਆਫ਼ਤ ਪ੍ਰਬੰਧਨ ਦਾ ਵਿਸ਼ਾ ਸਕੂਲਾਂ ਵਿੱਚ ਵੀ ਪੜ੍ਹਾਇਆ ਜਾਣ ਲੱਗ ਪਿਆ ਹੈ ਤਾਂ ਕਿ ਵਿਦਿਆਰਥੀ ਵੀ ਆਪਣੇ ਪੱਧਰ ਤੇ ਅਜਿਹੀਆਂ ਮੁਸ਼ਕਲਾਂ ਨਾਲ਼ ਨਜਿੱਠਣ ਲਈ ਤਿਆਰ ਹੋ ਸਕਣ। ਇੱਕ ਅਨੁਮਾਨ ਦੇ ਅਨੁਸਾਰ ਪਿਛਲੇ 20 ਸਾਲਾਂ ਵਿੱਚ ਸੰਸਾਰ ਭਰ ਦੇ ਲਗਭਗ 30 ਲੱਖ ਲੋਕ ਕੁਦਰਤੀ ਜਾਂ ਮਨੁੱਖੀ ਆਫ਼ਤਾਂ ਕਰਕੇ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਇਸ ਕਰਕੇ ਇਸ ਵਿਸ਼ੇ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਬਾਰੇ ਵਧੇਰੇ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇੱਥੇ ਅਸੀਂ ਕੁੱਝ ਮਹੱਤਵਪੂਰਨ ਆਫ਼ਤਾਂ ਦੇ ਘਟਣ ਅਤੇ ਉਹਨਾਂ ਤੋਂ ਬਚ-ਬਚਾਅ ਦੇ ਬਾਰੇ ਵਿੱਚ ਪੜ੍ਹਾਂਗੇ :

### 1. ਭੂਚਾਲ (Earthquake)

ਧਰਤੀ ਦੇ ਹਿਲਣ (Shaking) ਨੂੰ ਅਸੀਂ ਭੂਚਾਲ ਦਾ ਨਾਂ ਦਿੰਦੇ ਹਾਂ। ਕਈ ਵਾਰ ਇਹ ਭੂਚਾਲ ਇੰਨੇ ਹਲਕੇ ਹੁੰਦੇ ਹਨ ਕਿ ਮਹਿਸੂਸ ਵੀ ਨਹੀਂ ਹੁੰਦੇ ਪਰੰਤੂ ਕਈ ਵਾਰ ਭੂਚਾਲ ਦੀ ਤੀਬਰਤਾ (Intensity) ਜ਼ਿਆਦਾ ਹੋਣ ਕਰਕੇ ਹਰ ਪਾਸੇ ਤਬਾਹੀ ਮਚ ਜਾਂਦੀ ਹੈ। ਭੂਚਾਲ ਦੀ ਤੀਬਰਤਾ ਨੂੰ ਦੋ ਪੈਮਾਨਿਆਂ ਰਿਕਟਰ ਪੈਮਾਨਾ (Richter Scale) ਅਤੇ ਮਰਕਾਲੀ ਪੈਮਾਨਾ (Marcalli Scale) ਤੇ ਮਾਪਿਆ ਜਾਂਦਾ ਹੈ।

(1) **ਰਿਕਟਰ ਪੈਮਾਨਾ (Richter Scale) :** ਇਹ ਭੂਚਾਲੀ ਤੀਬਰਤਾ ਨੂੰ ਮਾਪਣ ਦਾ ਖੁੱਲ੍ਹਾ ਪੈਮਾਨਾ ਹੈ। ਜਿਵੇਂ ਕਿ ਇਕ ਭੂਚਾਲ ਦਾ ਝਟਕਾ ਕਿੰਨਾ ਕੁ ਤੀਬਰ ਹੈ। ਇਸ ਤਰ੍ਹਾਂ 8 ਰਿਕਟਰ ਵਾਲਾ ਭੂਚਾਲ, 4 ਰਿਕਟਰ ਪੈਮਾਨੇ ਨਾਲੋਂ ਬਹੁਤ ਜ਼ਿਆਦਾ ਤੀਬਰ ਹੁੰਦਾ ਹੈ।

(2) **ਮਰਕਾਲੀ ਪੈਮਾਨਾ (Marcalli Scale):** ਭੂਚਾਲ ਤੇ ਕਿੰਨਾ ਨੁਕਸਾਨ ਹੋਇਆ ? ਇਸ ਨੂੰ (ਕੋਈ ਨੁਕਸਾਨ ਨਹੀਂ) 1 ਤੋਂ ਲੈ ਕੇ 12 ਵਰਗਾਂ (ਸਭ ਕੁਝ ਤਬਾਹ ਹੋ ਗਿਆ) ਵਿੱਚ ਵੰਡਿਆ ਗਿਆ ਹੈ।

ਭੂਚਾਲ ਧਰਤੀ ਦੀਆਂ ਅੰਦਰਲੀਆਂ ਹਿਲਜੁਲਾਂ ਕਰਕੇ ਆਉਂਦੇ ਹਨ। ਧਰਤੀ ਦੀਆਂ ਟੈਕਟੋਨਿਕ ਪਲੇਟਾਂ (Tectonic Plates) ਦੇ ਖਿਸਕਣ ਨਾਲ ਵੀ ਭੂਚਾਲ ਆਉਂਦੇ ਹਨ। ਪ੍ਰਿਥਵੀ ਦੇ ਅੰਦਰ ਜਿੱਥੇ ਭੂਚਾਲ ਤਰੰਗਾਂ ਉਠਦੀਆਂ ਹਨ, ਨੂੰ ਉਦਗਮ ਕੇਂਦਰ (Seismic focus) ਕਿਹਾ ਜਾਂਦਾ ਹੈ। ਉਦਗਮ ਕੇਂਦਰ ਤੋਂ ਲੰਬਾਤਮਕ (Vertical) ਦਿਸ਼ਾ ਵਿੱਚ ਧਰਾਤਲ ਦੇ ਉੱਪਰ ਸਥਿਤ ਬਿੰਦੂ ਨੂੰ ਅਧਿਕੇਂਦਰ (Epicentre) ਕਿਹਾ ਜਾਂਦਾ ਹੈ। ਇਹ ਅਧਿਕੇਂਦਰ ਅਤੇ ਇਸਦੇ ਆਸ-ਪਾਸ ਵਾਲਾ ਇਲਾਕਾ ਭੂਚਾਲ ਰਿਕਾਰਡ ਕਰਨ ਵਾਲੇ ਯੰਤਰ ਨੂੰ ਭੂਚਾਲ ਮਾਪੀ ਯੰਤਰ (Earthquake Measuring instrument) ਜਾਂ ਸਿਜਮੋਗ੍ਰਾਫ (Seismograph) ਕਿਹਾ ਜਾਂਦਾ ਹੈ।

ਸੰਸਾਰ ਦੇ 2/3 ਹਿੱਸਾ ਭੂਚਾਲ ਸ਼ਾਂਤ ਮਹਾਂਸਾਗਰ ਦੇ 'ਜਵਾਲਾ ਚੱਕਰ' (Ring of Fire) ਵਿੱਚ ਆਉਂਦੇ ਹਨ। ਸੰਸਾਰ ਦੇ ਮੁੱਖ ਪਰਬਤੀ ਖੇਤਰ ਜਿਵੇਂ ਹਿਮਾਲਿਆ ਅਤੇ ਐਲਪਸ ਵੀ ਭੂਚਾਲ ਗ੍ਰਸਤ (Earthquake Prone) ਇਲਾਕੇ ਮੰਨੇ ਜਾਂਦੇ ਹਨ। ਕਸ਼ਮੀਰ ਅਤੇ ਪੱਛਮੀ ਹਿਮਾਲਿਆ, ਮੱਧ ਹਿਮਾਲਿਆ, ਉੱਤਰ-ਪੂਰਬੀ ਭਾਰਤ, ਸਿੰਧ ਗੰਗਾ ਦੇ ਮੈਦਾਨ, ਰਾਜਸਥਾਨ ਅਤੇ ਗੁਜਰਾਤ ਦਾ ਇਲਾਕਾ, ਲਕਸ਼ਦੀਪ, ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਆਦਿ ਭਾਰਤ ਦੇ ਭੂਚਾਲ ਗ੍ਰਸਤ ਇਲਾਕੇ ਹਨ।

ਭੂਚਾਲ ਆਉਣ ਨਾਲ ਧਰਤੀ ਤੇ ਬਹੁਤ ਤਬਾਹੀ ਹੁੰਦੀ ਹੈ। ਧਰਤੀ ਵਿੱਚ ਦਰਾੜਾਂ ਪੈ ਜਾਣ ਨਾਲ਼ ਰੇਲ ਮਾਰਗ ਸੜਕਾਂ, ਘਰਾਂ, ਪੁਲਾਂ ਆਦਿ ਨੂੰ ਨੁਕਸਾਨ ਪਹੁੰਚਦਾ ਹੈ। ਪਾਣੀ, ਬਿਜਲੀ ਅਤੇ ਗੈਸ ਲਾਈਨਾਂ ਵੀ ਕਾਫ਼ੀ ਪ੍ਰਭਾਵਿਤ ਹੁੰਦੀਆਂ ਹਨ। ਜਾਨ ਅਤੇ ਮਾਲ ਦੀ ਕਾਫ਼ੀ ਹਾਨੀ ਹੁੰਦੀ ਹੈ।



*ਭੂਚਾਲ ਉਪਰੰਤ ਨੁਕਸਾਨੇ ਇਲਾਕੇ ਦਾ ਇਕ ਦ੍ਰਿਸ਼*

**ਭੂਚਾਲ ਅਤੇ ਬਚ-ਬਚਾਅ :** ਭੂਚਾਲ ਦੇ ਆਉਣ ਬਾਰੇ ਸਾਨੂੰ ਪਹਿਲਾਂ ਪਤਾ ਨਹੀਂ ਲਗ ਸਕਦਾ। ਇਹ ਅਚਨਚੇਤ ਅਤੇ ਇਕਦਮ ਹੀ ਆ ਜਾਂਦਾ ਹੈ। ਭੂਚਾਲ ਗ੍ਰਸਤ ਇਲਾਕਿਆਂ ਦੇ ਬਾਰੇ ਵਿੱਚ ਸਾਨੂੰ ਕੁੱਝ ਜਾਣਕਾਰੀ ਹੋਣ ਕਰਕੇ ਇਸਦੇ ਬੁਰੇ ਪ੍ਰਭਾਵਾਂ ਤੋਂ ਬਚਣ ਵਾਸਤੇ ਕੁਝ ਸਾਵਧਾਨੀਆਂ ਵਰਤੀਆਂ ਜਾ ਸਕਦੀਆਂ ਹਨ। ਭੂਚਾਲ ਆਫ਼ਤ ਪ੍ਰਬੰਧਨ ਲਈ ਸਾਨੂੰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ :

(i) ਭੂਚਾਲ ਗ੍ਰਸਤ ਇਲਾਕਿਆਂ ਵਿੱਚ ਇਮਾਰਤਾਂ ਦੇ ਨਕਸ਼ੇ ਅਤੇ ਬਣਾਵਟ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਭੂਚਾਲ ਆਉਣ ਤੇ ਇਹਨਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਜਾਪਾਨ ਵਰਗੇ ਦੇਸ਼ ਵਿੱਚ ਜਿੱਥੇ ਭੂਚਾਲਾਂ ਦਾ ਆਉਣਾ ਆਮ ਹੈ, ਭੂਚਾਲ ਪ੍ਰਭਾਵ ਰਹਿਤ ਇਮਾਰਤਾਂ ਦਾ ਨਿਰਮਾਣ ਹੋ ਰਿਹਾ ਹੈ। ਘਰਾਂ ਅਤੇ ਇਮਾਰਤਾਂ ਦਾ ਬੀਮਾ ਵੀ ਜ਼ਰੂਰੀ ਹੋਣਾ ਚਾਹੀਦਾ ਹੈ।

(ii) ਭੂਚਾਲ ਆਉਣ ਤੇ ਡਰ ਜਾਂ ਦਹਿਸ਼ਤ ਦਾ ਮਾਹੌਲ ਨਹੀਂ ਬਣਨ ਦੇਣਾ ਚਾਹੀਦਾ ਸਗੋਂ ਸ਼ਾਂਤ ਰਹਿ ਕੇ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਹੈ।

(iii) ਜੇਕਰ ਭੂਚਾਲ ਆਉਣ ਸਮੇਂ ਅੰਦਰ ਬੈਠੇ ਹੋਵੋ ਤਾਂ ਬਾਹਰ ਨੂੰ ਭੱਜਣ ਦੀ ਬਜਾਏ, ਕਿਸੇ ਸਖ਼ਤ ਚੀਜ਼ ਜਿਵੇਂ ਮੰਜੇ ਮੇਜ਼ ਜਾਂ ਦਰਵਾਜ਼ੇ ਦੇ ਪਿੱਛੇ ਹੋ ਜਾਣਾ ਚਾਹੀਦਾ ਹੈ।

(iv) ਜੇਕਰ ਭੂਚਾਲ ਸਮੇਂ ਬਾਹਰ ਹੋਵੋ ਤਾਂ ਖੁੱਲ੍ਹੀ ਜਗ੍ਹਾਂ ਵਿੱਚ ਚਲੇ ਜਾਣਾ ਚਾਹੀਦਾ ਹੈ। ਇਮਾਰਤਾਂ, ਦਰੱਖਤਾਂ, ਬਿਜਲੀ ਦੀਆਂ ਤਾਰਾਂ ਅਤੇ ਖੰਭਿਆਂ ਆਦਿ ਦੇ ਨੇੜੇ ਨਹੀਂ ਖੜਨਾ ਚਾਹੀਦਾ ਕਿਉਂਕਿ ਇਹਨਾਂ ਦੇ ਡਿੱਗਣ ਦਾ ਖਤਰਾ ਹੁੰਦਾ ਹੈ।

(v) ਸਾਨੂੰ ਸਾਰਿਆਂ ਨੂੰ ਮਿਲ ਕੇ ਭੂਚਾਲ ਤੋਂ ਪੀੜਤ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ। ਉਹਨਾਂ ਨੂੰ ਲੋੜੀਂਦੀ ਮੈਡੀਕਲ ਅਤੇ ਹੋਰ ਰਹਿਣ ਆਦਿ ਦੀ ਸਹੂਲਤ ਮੁਹੱਈਆ ਕਰਵਾਉਣੀ ਚਾਹੀਦੀ ਹੈ।

(vi) ਮਰੇ ਹੋਏ ਅਤੇ ਜਖ਼ਮੀ ਲੋਕਾਂ ਨੂੰ ਮਲਬੇ ਹੇਠੋਂ ਕੱਢਣ ਦਾ ਕੰਮ ਵੀ ਤੇਜ਼ੀ ਨਾਲ ਹੋਣਾ ਚਾਹੀਦਾ ਹੈ। ਜਖ਼ਮੀਆਂ ਨੂੰ ਇਲਾਜ ਵਾਸਤੇ ਹਸਪਤਾਲਾਂ ਜਾਂ ਇਸ ਮਕਸਦ ਲਈ ਬਣੇ ਕੈਂਪਾਂ ਵਿੱਚ ਫਟਾ ਫਟ ਲਿਜਾਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਮੈਡੀਕਲ ਸਹੂਲਤਾਂ ਦੇ ਕੇ ਉਹਨਾਂ ਨੂੰ ਬਚਾਇਆ ਜਾ ਸਕੇ।

(vii) ਭੂਚਾਲ ਨਾਲ ਪ੍ਰਭਾਵਿਤ ਆਵਾਜਾਈ, ਸੂਚਨਾ ਅਤੇ ਸੰਚਾਰ ਦੇ ਸਾਧਨਾਂ ਨੂੰ ਦੁਬਾਰਾ ਛੇਤੀ ਚਾਲੂ ਕੀਤਾ ਜਾਣਾ ਚਾਹੀਦਾ ਹੈ।

(viii) ਬੇ-ਘਰ ਹੋਏ ਲੋਕਾਂ ਨੂੰ ਘਰ ਅਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦਾ ਮੁੱਖ ਫਰਜ਼ ਬਣ ਜਾਂਦਾ ਹੈ।

(ix) ਚਲਦੇ ਹੋਏ ਵਾਹਨ (ਕਾਰ, ਸਕੂਟਰ, ਬਸ ਆਦਿ) ਰੋਕ ਲੈਣੇ ਚਾਹੀਦੇ ਹਨ ।

## 2. ਜਵਾਲਾਮੁਖੀ ਕਿਰਿਆ (Volcanic Activity)

ਧਰਤੀ ਦਾ ਅੰਦਰੂਨੀ ਹਿੱਸਾ ਹਾਲੇ ਵੀ ਬਹੁਤ ਗਰਮ ਹੈ। ਅੰਦਰ ਦਾ ਤਾਪਮਾਨ ਬਹੁਤ ਜ਼ਿਆਦਾ ਹੋਣ ਕਰਕੇ ਅੰਦਰਲੀਆਂ ਚਟਾਨਾਂ ਜੋ ਕਿ ਪਹਿਲਾਂ ਹੀ ਪਿਘਲੀ ਹੋਈ ਹਾਲਤ (Molten State) ਵਿੱਚ ਹਨ, ਧਰਤੀ ਦੇ ਕਮਜ਼ੋਰ ਹਿੱਸੇ ਤੋਂ ਲਾਵੇ ਦੇ ਰੂਪ ਵਿੱਚ ਬਾਹਰ ਆ ਜਾਂਦੀਆਂ ਹਨ। ਲਾਵਾ ਦੀ ਧਰਤੀ ਤੇ ਆਉਣ ਦੀ ਕਿਰਿਆ ਨੂੰ 'ਜਵਾਲਾਮੁਖੀ' ਦਾ ਨਾਮ ਦਿੱਤਾ ਜਾਂਦਾ ਹੈ। ਜਦੋਂ ਲਾਵਾ ਨਿਕਲਦਾ ਹੈ ਤਾਂ ਇਸਦੇ ਨਾਲ ਕਈ ਕਿਸਮਾਂ ਦੀਆਂ ਗੈਸਾਂ, ਭਾਫ਼ ਅਤੇ ਹੋਰ ਕਈ ਤਰ੍ਹਾਂ ਦੇ ਪਦਾਰਥ ਵੀ ਬਾਹਰ ਨਿਕਲਦੇ ਹਨ। ਪਤਲੀ ਕਿਸਮ ਦਾ ਲਾਵਾ ਕਾਫ਼ੀ ਦੂਰ ਤੱਕ ਫੈਲਦਾ ਹੈ ਜਦ ਕਿ ਸੰਘਣਾ ਲਾਵਾ ਨਿਕਾਸ ਨਲੀ (Vent) ਦੇ ਨੇੜੇ ਹੀ ਜੰਮਣਾ ਸ਼ੁਰੂ ਹੋ ਜਾਂਦਾ ਹੈ। ਕਈ ਜਵਾਲਾਮੁਖੀ ਸੈਂਕੜੇ ਮੀਲ ਤੱਕ ਮਾਰ ਕਰਦੇ ਹਨ ਅਤੇ ਆਸ-ਪਾਸ ਰਹਿਣ ਵਾਲੇ ਲੋਕਾਂ ਦੀ ਤਬਾਹੀ ਦਾ ਕਾਰਨ ਬਣਦੇ ਹਨ। ਜਵਾਲਾਮੁਖੀ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੇ ਹੁੰਦੇ ਹਨ :

(a) ਕਿਰਿਆਸ਼ੀਲ ਜਵਾਲਾਮੁਖੀ (Active Volcanoes)

(b) ਸੁੱਤੇ ਹੋਏ ਜਵਾਲਾਮੁਖੀ (Dormant Volcanoes)

(c) ਬੁੱਝੇ ਹੋਏ ਜਵਾਲਾਮੁਖੀ (Extinct Volcanoes)

ਕਿਰਿਆਸ਼ੀਲ ਜਵਾਲਾਮੁਖੀ ਵਿੱਚੋਂ ਕਦੇ-ਕਦੇ ਲਾਵਾ ਨਿਕਲਦਾ ਰਹਿੰਦਾ ਹੈ। ਸੁੱਤਾ ਹੋਇਆ ਜਵਾਲਾਮੁਖੀ ਕਾਫ਼ੀ ਦੇਰ ਤੋਂ ਅਰਾਮ ਕਰ ਰਿਹਾ ਹੁੰਦਾ ਹੈ। ਪਿਛਲੇ ਇਤਿਹਾਸ ਵਿੱਚ ਇਹਨਾਂ ਵਿੱਚੋਂ ਕਦੀ ਲਾਵਾ ਨਿਕਲਿਆ ਹੁੰਦਾ ਹੈ। ਬੁਝਿਆ ਹੋਇਆ ਜਵਾਲਾਮੁਖੀ ਉਸ ਨੂੰ ਕਹਿੰਦੇ ਹਨ ਜਿਸਦਾ ਨਿਸ਼ਾਨ ਤਾਂ ਦਿਖਾਈ ਦਿੰਦਾ ਹੈ ਪਰੰਤੂ ਉਸਦੇ ਫਟਣ ਬਾਰੇ ਇਤਿਹਾਸ ਦੇ ਵਿੱਚ ਕੋਈ ਰਿਕਾਰਡ ਨਹੀਂ ਮਿਲਦਾ। ਕਿਸੇ ਵੀ ਕਿਸਮ ਦਾ ਜਵਾਲਾਮੁਖੀ, ਕਦੇ ਵੀ ਫਟ

ਸਕਦਾ ਹੈ। ਸੰਸਾਰ ਦੇ ਜ਼ਿਆਦਾਤਰ ਜਵਾਲਾਮੁਖੀ ਸ਼ਾਂਤ ਮਹਾਂਸਾਗਰ ਦੇ 'ਅੱਗ ਦੇ ਚੱਕਰ' (Ring of fire) ਵਿੱਚ ਹੀ ਮਿਲਦੇ ਹਨ। ਕਈ ਜਵਾਲਾਮੁਖੀ ਤਾਂ ਬਹੁਤ ਤਬਾਹੀਕੁੰਨ ਹੁੰਦੇ ਹਨ। ਸੰਨ 1943 ਵਿੱਚ ਮੈਕਸੀਕੋ ਵਿੱਚ ਜਵਾਲਾਮੁਖੀ ਫਟਣ ਦੇ ਨਾਲ 750 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।


**ਜਵਾਲਾਮੁਖੀ ਅਤੇ ਬਚ-ਬਚਾਅ :** ਜਵਾਲਾਮੁਖੀ ਵਿਸਫੋਟ ਵਾਲੇ ਸਥਾਨ ਦੇ ਨੇੜੇ ਘਰ ਜਾਂ ਹੋਰ ਇਮਾਰਤਾਂ ਨਹੀਂ ਬਣਾਉਣੀਆਂ ਚਾਹੀਦੀਆਂ। ਜਵਾਲਾਮੁਖੀ ਫੱਟਣ ਤੋਂ ਕੁਝ ਦੇਰ ਪਹਿਲਾਂ ਕੁਝ ਨਿਸ਼ਾਨੀਆਂ ਦਿਖਣ ਤੇ ਹੀ ਇਸ ਸਥਾਨ ਤੋਂ ਬਹੁਤ ਦੂਰ ਤੱਕ ਚਲੇ ਜਾਣਾ ਚਾਹੀਦਾ ਹੈ। ਇਥੋਂ ਦੂਰ ਜਾਣ ਵਾਸਤੇ, ਤੇਜ ਗਤੀ ਵਾਲੇ ਸਾਧਨ ਇਸਤੇਮਾਲ ਕਰਨੇ ਚਾਹੀਦੇ ਹਨ। ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਹਾਲਤ ਵਿੱਚ ਸਰਕਾਰ ਨੂੰ ਲੋੜੀਂਦੀ ਮੈਡੀਕਲ ਜਾਂ ਹੋਰ ਕਿਸੇ ਕਿਸਮ ਦੀ ਮੱਦਦ ਲਈ ਤਿਆਰ ਰਹਿਣਾ ਚਾਹੀਦਾ ਹੈ।

## 3. ਸੁਨਾਮੀ (Tsunamis)

ਸੁਨਾਮੀ ਇੱਕ ਤਰ੍ਹਾਂ ਦੀ ਸਮੁੰਦਰੀ ਲਹਿਰ ਹੈ ਜਿਹੜੀ ਕਿ ਭੂਚਾਲ, ਜਵਾਲਾਮੁਖੀ, ਧਰਤੀ ਦੇ ਖਿਸਕਣ ਆਦਿ ਤੋਂ ਪੈਦਾ ਹੁੰਦੀ ਹੈ। ਸਮੁੰਦਰ ਦਾ ਧਰਾਤਲ ਹਿੱਲਣ ਕਰਕੇ ਪਾਣੀ ਦੀਆਂ ਉੱਚੀਆਂ ਲਹਿਰਾਂ ਪੈਦਾ ਹੋ ਜਾਂਦੀਆਂ ਹਨ ਅਤੇ ਸਮੁੰਦਰ ਜਾਂ ਇਸ ਤੋਂ ਬਾਹਰ ਵੀ ਨੁਕਸਾਨ ਪਹੁੰਚਾਉਂਦੀਆਂ ਹਨ। ਸੁਨਾਮੀ ਲਹਿਰਾਂ ਜੋ 26 ਦਸੰਬਰ 2004 ਨੂੰ ਆਈਆਂ, ਉਹਨਾਂ ਨੇ ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਅਤੇ ਪੂਰਬੀ-ਅਫਰੀਕਾ ਦੇ 11 ਦੇਸ਼ਾਂ ਨੂੰ ਨੁਕਸਾਨ ਪੁਚਾਇਆ। ਹਿੰਦ ਮਹਾਂਸਾਗਰ ਵਿੱਚ ਆਈਆਂ ਇਹਨਾਂ ਲਹਿਰਾਂ ਵਿੱਚ 105 ਲੱਖ ਤੋਂ ਵੀ ਵੱਧ ਲੋਕ ਮਾਰੇ ਗਏ ਅਤੇ ਬਹੁਤ ਸਾਰੇ ਹੋਰ ਬੇਘਰ ਹੋ ਗਏ। ਇਸਦੇ ਇਲਾਵਾ ਬਹੁਤ ਸਾਰਾ ਮਾਲੀ ਨੁਕਸਾਨ ਵੀ ਹੋਇਆ।



*ਸੁਨਾਮੀ ਨਾਲ ਹੋਇਆ ਨੁਕਸਾਨ*




*ਸੁਮਾਤਰਾ ਵਿੱਚ ਸਮੁੰਦਰੀ ਤਲ ਤੇ ਆਇਆ ਭੂਚਾਲ (2004)*

**ਸੁਨਾਮੀ ਅਤੇ ਬਚ-ਬਚਾਅ :** ਜਦੋਂ ਵੀ ਸੁਨਾਮੀ ਬਾਰੇ ਸੂਚਨਾ ਮਿਲੇ ਸਮੁੰਦਰ ਵੱਲ ਨੂੰ ਨਹੀਂ ਜਾਣਾ ਚਾਹੀਦਾ। ਸਮੁੰਦਰ ਵਿੱਚ ਚੱਲ ਰਹੇ ਸਮੁੰਦਰੀ ਜਹਾਜ਼ ਅਤੇ ਬੇੜਿਆਂ ਨੂੰ ਵਾਪਸ ਬੰਦਰਗਾਹ ਤੇ ਆ ਜਾਣਾ ਚਾਹੀਦਾ ਹੈ। ਮਛੇਰਿਆਂ ਨੂੰ ਵੀ ਚਾਹੀਦਾ ਹੈ ਕਿ ਜਦ ਤੱਕ ਇਹ ਲਹਿਰਾਂ ਸ਼ਾਂਤ ਨਾ ਹੋ ਜਾਣ ਤਦ ਤੱਕ ਸਮੁੰਦਰ ਵਿੱਚ ਨਾ ਜਾਇਆ ਜਾਵੇ। ਸੁਨਾਮੀ ਪੈਦਾ ਹੋਣ ਵਾਲੇ ਸਥਾਨ ਦੇ ਨੇੜੇ-ਤੇੜੇ ਧਰਤੀ ਤੇ ਵਸਦੇ ਲੋਕਾਂ ਨੂੰ ਅਜਿਹੀ ਮੁਸੀਬਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇਕਰ ਇਹ ਲਹਿਰਾਂ ਬਹੁਤ ਤੇਜ਼ੀ ਨਾਲ ਸਮੁੰਦਰੀ ਤੱਟ ਵੱਲ ਆ ਰਹੀਆਂ ਹੋਣ ਤਾਂ ਤੱਟੀ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੂੰ ਉਹ ਜਗ੍ਹਾਂ ਛੱਡ ਕੇ ਦੂਰ ਕਿਤੇ ਹੋਰ ਸੁਰੱਖਿਅਤ ਜਗ੍ਹਾਂ ਤੇ ਚੱਲੇ ਜਾਣਾ ਚਾਹੀਦਾ ਹੈ। ਸਰਕਾਰ ਨੂੰ ਅਜਿਹੀ ਆਫ਼ਤ ਨਾਲ ਨਿਪਟਣ ਲਈ ਹਰ ਤਰ੍ਹਾਂ ਦੇ ਪ੍ਰਬੰਧ

ਮੁਕੰਮਲ ਕਰਨੇ ਚਾਹੀਦੇ ਹਨ। ਮੁਸੀਬਤ ਵਿੱਚ ਫਸੇ ਲੋਕਾਂ ਦੀ ਸਾਨੂੰ ਸਾਰਿਆਂ ਨੂੰ ਮਿਲ ਕੇ ਮੱਦਦ ਕਰਨੀ ਚਾਹੀਦੀ ਹੈ।

## 4. ਹੜ੍ਹ (Floods)

ਜ਼ਿਆਦਾ ਬਾਰਸ਼ਾਂ ਕਰਕੇ ਦਰਿਆਵਾਂ ਅਤੇ ਨਦੀਆਂ ਵਿੱਚ ਇਹਨਾਂ ਦੀ ਸਮਰੱਥਾ ਤੋਂ ਜ਼ਿਆਦਾ ਪਾਣੀ ਆ ਜਾਂਦਾ ਹੈ। ਇਹ ਫਾਲਤੂ ਪਾਣੀ ਆਸ-ਪਾਸ ਦੇ ਇਲਾਕੇ ਨੂੰ ਮਾਰ ਕਰਦਾ ਹੈ। ਇਸ ਸਥਿਤੀ ਨੂੰ 'ਹੜ੍ਹ' ਆਖਦੇ ਹਨ। ਕਈ ਵਾਰ ਹੜ੍ਹ ਬਹੁਤ ਜ਼ਿਆਦਾ ਮਾਲੀ ਤੇ ਜਾਨੀ ਨੁਕਸਾਨ ਕਰ ਦਿੰਦੇ ਹਨ। ਇਹਨਾਂ ਹੜ੍ਹਾਂ ਦੇ ਆਉਣ ਦੇ ਮੁੱਖ ਕਾਰਨ ਹੇਠ ਲਿਖੇ ਹਨ:

(a) ਜ਼ਿਆਦਾ ਵਰਖਾ

(b) ਤੇਜ਼ ਚੱਕਰਵਾਤਾਂ ਦਾ ਆਉਣਾ

(c) ਬੱਦਲਾਂ ਦਾ ਫਟਣਾ

(d) ਪਾਣੀ ਦੇ ਨਿਕਾਸ ਦਾ ਪ੍ਰਬੰਧ ਠੀਕ ਨਾ ਹੋਣਾ।

(e) ਨਦੀਆਂ ਅਤੇ ਦਰਿਆਵਾਂ ਦੇ ਤਲ ਤੇ ਮਿੱਟੀ ਦਾ ਜਮਾਅ

(f) ਬੰਨ੍ਹਾਂ ਦਾ ਟੁੱਟ ਜਾਣਾ

(g) ਨਦੀਆਂ ਅਤੇ ਦਰਿਆਵਾਂ ਦੀ ਮਾਰ ਹੇਠ ਆਉਂਦੇ ਇਲਾਕਿਆਂ ਵਿੱਚ ਰਿਹਾਇਸ਼ੀ ਇਮਾਰਤਾਂ ਦਾ ਨਿਰਮਾਣ ਕਰਨਾ।

(h) ਪਹਾੜਾਂ ਦੀਆਂ ਢਲਾਣਾਂ ਤੋਂ ਦਰੱਖਤਾਂ ਦਾ ਕਟਿਆ ਜਾਣਾ ।

ਦੱਖਣੀ ਏਸ਼ੀਆ ਮਹਾਂਦੀਪ ਦੇ ਦੇਸ਼ ਮੁੱਖ ਤੌਰ ਤੇ ਹੜ੍ਹਾਂ ਦੀ ਮਾਰ ਹੇਠ ਆਉਂਦੇ ਹਨ। ਚੀਨ, ਬੰਗਲਾਦੇਸ਼ ਅਤੇ ਭਾਰਤ ਵਰਗੇ ਦੇਸ਼ਾਂ ਨੂੰ ਹੜ੍ਹਾਂ ਵਰਗੀ ਆਫ਼ਤ ਨਾਲ ਜੂਝਣਾ ਪੈਂਦਾ ਹੈ। ਹੜ੍ਹ ਸਿੱਧੇ ਤੌਰ ਤੇ ਜਾਨੀ ਅਤੇ ਮਾਲੀ ਨੁਕਸਾਨ ਤਾਂ ਕਰਦੇ ਹੀ ਹਨ, ਇਸ ਤੋਂ ਬਾਅਦ ਵੀ ਲੋਕ ਕਈ ਬੀਮਾਰੀਆਂ ਜਾਂ ਮਹਾਂਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

### ਹੜ੍ਹ ਅਤੇ ਬਚ-ਬਚਾਅ :

(i) ਜਿਹੜੇ ਇਲਾਕੇ ਹੜ੍ਹਾਂ ਦੀ ਮਾਰ ਹੇਠ ਜ਼ਿਆਦਾ ਆਉਂਦੇ ਹਨ, ਉੱਥੋਂ ਦੇ ਲੋਕਾਂ ਨੂੰ ਮੌਸਮ ਵਿਭਾਗ ਤੋਂ ਸਮੇਂ-ਸਮੇਂ ਸਿਰ ਜਾਣਕਾਰੀ ਪ੍ਰਾਪਤ ਕਰਨੀ ਬਹੁਤ ਲਾਭਕਾਰੀ ਹੋ ਸਕਦੀ ਹੈ। ਜੇਕਰ ਖ਼ਤਰਾ ਜ਼ਿਆਦਾ ਹੋਵੇ ਤਾਂ ਲੋਕਾਂ ਨੂੰ ਉਸ ਸਥਾਨ ਨੂੰ ਅਸਥਾਈ ਤੌਰ ਤੇ ਛੱਡ ਕੇ ਕਿਸੇ ਹੋਰ ਸੁਰੱਖਿਅਤ ਸਥਾਨ ਤੇ ਚੱਲੇ ਜਾਣਾ ਚਾਹੀਦਾ ਹੈ। ਜੇਕਰ ਸੰਭਵ ਹੋਵੇ ਤਾਂ ਪਸ਼ੂਆਂ ਨੂੰ ਵੀ ਨਾਲ਼ ਲੈ ਜਾਣਾ ਚਾਹੀਦਾ ਹੈ ਜਾਂ ਫਿਰ ਉਹਨਾਂ ਨੂੰ ਖੁੱਲ੍ਹੇ ਛੱਡ ਦੇਣਾ ਚਾਹੀਦਾ ਹੈ।

(ii) ਹੜ੍ਹਾਂ ਦੇ ਆਉਣ ਤੋਂ ਪਹਿਲਾਂ, ਜੇਕਰ ਸੰਭਵ ਹੋਵੇ ਤਾਂ ਆਪਣਾ ਸਮਾਨ ਕਿਸੇ ਉੱਚੀ ਜਗ੍ਹਾ ਜਾਂ ਫਿਰ ਛੱਤ ਤੇ ਢੱਕ ਕੇ ਰੱਖ ਦੇਣਾ ਚਾਹੀਦਾ ਹੈ।

(iii) ਹੜ੍ਹਾਂ ਦੀ ਹਾਲਤ ਵਿੱਚ ਪਾਣੀ ਨੂੰ ਉਬਾਲ ਕੇ ਹੀ ਪੀਣਾ ਚਾਹੀਦਾ ਹੈ।

(iv) ਹੜ੍ਹਾਂ ਵਿੱਚ ਫਸੇ ਲੋਕਾਂ ਨੂੰ ਫੌਜ ਅਤੇ ਹੈਲੀਕਾਪਟਰਾਂ ਦੀ ਮੱਦਦ ਦੇ ਨਾਲ਼ ਬਾਹਰ ਕੱਢਣਾ ਚਾਹੀਦਾ ਹੈ।

(v) ਹੜ੍ਹਾਂ ਨਾਲ ਪੀੜਤ ਲੋਕਾਂ ਵਾਸਤੇ ਦਵਾਈਆਂ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨਾ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ।

(vi) ਜਿਹੜੇ ਲੋਕਾਂ ਦੇ ਘਰ ਹੜ੍ਹਾਂ ਕਰਕੇ ਤਬਾਹ ਹੋ ਗਏ ਹਨ, ਉਹਨਾਂ ਨੂੰ ਰਹਿਣ ਲਈ ਜਗ੍ਹਾ ਦੇਣਾ ਸਰਕਾਰ

ਦਾ ਕੰਮ ਹੈ।

(vii) ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਬੀਮਾਰੀਆਂ ਅਤੇ ਮਹਾਂਮਾਰੀਆਂ ਨਾਲ ਨਜਿੱਠਣ ਲਈ ਮੈਡੀਕਲ ਸਹੂਲਤਾਂ ਦਾ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ।

(viii) ਹਰੇਕ ਨਾਗਰਿਕ ਦਾ ਇਨਸਾਨੀ ਫ਼ਰਜ਼ ਬਣਦਾ ਹੈ ਕਿ ਹੜ੍ਹ ਵਰਗੀ ਮੁਸੀਬਤ ਵਿੱਚ ਫਸੇ ਲੋਕਾਂ ਦੀ ਹਰ ਤਰੀਕੇ ਨਾਲ ਵੱਧ ਤੋਂ ਵੱਧ ਮੱਦਦ ਕਰੇ।

## 5. ਚੱਕਰਵਾਤ (Cyclones)

ਚੱਕਰਵਾਤ ਜਾਂ ਤੂਫਾਨ, ਤੇਜ਼ ਹਵਾਵਾਂ ਹੁੰਦੀਆਂ ਹਨ ਜਿਹਨਾਂ ਦੀ ਗਤੀ 63 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੁੰਦੀ ਹੈ। ਚੱਕਰਵਾਤ ਹਵਾ ਦੇ ਘੱਟ ਦਬਾਅ ਕਰਕੇ ਪੈਦਾ ਹੁੰਦੇ ਹਨ। ਜ਼ਿਆਦਾਤਰ ਚੱਕਰਵਾਤ ਭੂ-ਮੱਧ ਰੇਖਾ ਤੋਂ $5^0$-$20^0$ ਉੱਤਰ ਅਤੇ ਦੱਖਣ ਵਿੱਚ ਪੈਦਾ ਹੁੰਦੇ ਹਨ। ਇਹਨਾਂ ਚੱਕਰਵਾਤਾਂ ਨੂੰ ਊਸ਼ਣ ਚੱਕਰਵਾਤ (Tropical Cyclones) ਵੀ ਕਿਹਾ ਜਾਂਦਾ ਹੈ। ਜਦੋਂ ਇਹਨਾਂ ਚੱਕਰਵਾਤਾਂ ਦੀ ਰਫਤਾਰ 100 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਜਾਂਦੀ ਹੈ ਤਾਂ ਇਹ ਆਫ਼ਤ ਦਾ ਰੂਪ ਧਾਰ ਲੈਂਦੇ ਹਨ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਤਬਾਹੀ ਮਚਾ ਦਿੰਦੇ ਹਨ। ਬਿਜਲੀ ਅਤੇ ਟੈਲੀਫੋਨ ਦੀਆਂ ਤਾਰਾਂ ਦੇ ਖੰਭੇ ਉਖੜ ਕੇ ਡਿੱਗ ਜਾਂਦੇ ਹਨ। ਦਰੱਖਤ ਜੜ੍ਹਾਂ ਤੋਂ ਉਖੜ ਕੇ ਸੜਕਾਂ ਤੇ ਆਵਾਜਾਈ ਰੋਕ ਦਿੰਦੇ ਹਨ। ਕੱਚੇ ਮਕਾਨ, ਘਾਹ ਫੂਸ ਅਤੇ ਮਿੱਟੀ ਦੇ ਬਣੇ ਘਰ ਅਤੇ ਹੋਰ ਕਮਜ਼ੋਰ ਇਮਾਰਤਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ। ਸਮੁੰਦਰੀ ਜਹਾਜ਼ਾਂ ਅਤੇ ਕਿਸ਼ਤੀਆਂ ਨੂੰ ਵੀ ਭਾਰੀ ਨੁਕਸਾਨ ਹੁੰਦਾ ਹੈ। ਕਈ ਪਸ਼ੂ ਅਤੇ ਮਨੁੱਖ ਚੱਕਰਵਾਤਾਂ ਦੀ ਲਪੇਟ ਵਿੱਚ ਆ ਕੇ ਮਾਰੇ ਜਾਂਦੇ ਹਨ। ਖੇਤਾਂ ਵਿੱਚ ਖੜ੍ਹੀਆਂ ਫਸਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਦਾ ਹੈ ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਕਮਜ਼ੋਰ ਹੋ ਜਾਂਦੀ ਹੈ। ਸੰਸਾਰ ਵਿੱਚ ਇਹਨਾਂ ਚੱਕਰਵਾਤਾਂ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਉੱਤਰੀ ਅਮਰੀਕਾ ਵਿੱਚ ਇਹਨਾਂ ਨੂੰ ਹਰੀਕੇਨ (Hurricane), ਦੱਖਣ-ਪੂਰਬੀ ਏਸ਼ੀਆ ਵਿੱਚ ਤਾਇਫੂਨ (Typhoon), ਭਾਰਤ ਵਿੱਚ ਝੱਖੜ (Storms), ਤੂਫਾਨ ਜਾਂ ਵਾਵਰੋਲਾ ਕਿਹਾ ਜਾਂਦਾ ਹੈ।

### ਚੱਕਰਵਾਤ ਅਤੇ ਬਚ-ਬਚਾਅ :

(i) ਇਹਨਾਂ ਚੱਕਰਵਾਤਾਂ ਜਾਂ ਤੂਫਾਨਾਂ ਨੂੰ ਰੋਕਣਾ ਤਾਂ ਮਨੁੱਖ ਦੇ ਹੱਥ ਵਿੱਚ ਨਹੀਂ ਹੈ ਪਰੰਤੂ ਇਹਨਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ ਜਾਂ ਇਸਨੂੰ ਘੱਟ ਕੀਤਾ ਜਾ ਸਕਦਾ ਹੈ। ਸਮੁੰਦਰੀ ਤੱਟ ਦੇ ਨਜ਼ਦੀਕ ਕੱਚੇ ਘਰ ਜਾਂ ਝੌਂਪੜੀਆਂ ਆਦਿ ਨਹੀਂ ਬਣਨ ਦੇਣੀਆਂ ਚਾਹੀਦੀਆਂ।

(ii) ਚੱਕਰਵਾਤਾਂ ਤੋਂ ਪ੍ਰੀੜਤ ਲੋਕਾਂ ਨੂੰ ਸ਼ਰਣ ਦੇਣ ਲਈ ਵੱਡੇ-ਵੱਡੇ ਭਵਨ, ਸਕੂਲ ਜਾਂ ਹੋਰ ਇਮਾਰਤਾਂ ਨੂੰ ਵਰਤਿਆ ਜਾ ਸਕਦਾ ਹੈ।

(iii) ਜਦੋਂ ਚੱਕਰਵਾਤਾਂ ਦੇ ਆਉਣ ਦਾ ਖਤਰਾ ਬਣਿਆ ਹੋਵੇ ਤਾਂ ਜਹਾਜ਼ਾਂ, ਕਿਸ਼ਤੀਆਂ ਅਤੇ ਮਛੇਰਿਆਂ ਨੂੰ ਸਮੁੰਦਰ ਵਿੱਚ ਨਹੀਂ ਜਾਣਾ ਚਾਹੀਦਾ।

(iv) ਚੱਕਰਵਾਤ ਗ੍ਰਸਤ ਇਲਾਕਿਆਂ ਵਿੱਚ ਇਮਾਰਤਾਂ ਇਸ ਤਰ੍ਹਾਂ ਦੀਆਂ ਬਣਾਈਆਂ ਜਾਣ ਜੋ ਚੱਕਰਵਾਤਾਂ ਦੀ ਤੇਜ਼ ਰਫ਼ਤਾਰ ਨੂੰ ਝੱਲ ਸਕਣ।

(v) ਚੱਕਰਵਾਤਾਂ ਦੇ ਨਾਲ਼ ਆਉਣ ਵਾਲੇ ਹੜ੍ਹਾਂ ਤੋਂ ਬਚਣ ਲਈ ਹੜ੍ਹ-ਵਿਰੋਧੀ ਕਦਮ ਉਠਾਏ ਜਾਣ।

(vi) ਸਮੁੰਦਰ ਦੇ ਨਾਲ਼-ਨਾਲ਼ ਦਰੱਖ਼ਤਾਂ ਦੀਆਂ ਲਾਈਨਾਂ, ਚੱਕਰਵਾਤ ਦੀ ਉਲਟ ਦਿਸ਼ਾ ਵਿੱਚ ਲਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਇਹਨਾਂ ਚੱਕਰਵਾਤਾਂ ਦੀ ਰਫ਼ਤਾਰ ਨੂੰ ਘੱਟ ਕੀਤਾ ਜਾ ਸਕੇ।

(vii) ਚੱਕਰਵਾਤਾਂ ਦੇ ਆਉਣ ਬਾਰੇ ਅਲੱਗ-ਅਲੱਗ ਸਾਧਨਾਂ ਤੋਂ ਸੂਚਨਾ ਲਗਾਤਾਰ ਲੈਂਦੇ ਰਹਿਣਾ ਚਾਹੀਦਾ ਹੈ ਅਤੇ ਮਾਹਿਰਾਂ (experts) ਵੱਲੋਂ ਸਮੇਂ ਸਮੇਂ ਸਿਰ ਦੱਸੇ ਜਾ ਰਹੇ ਸੁਝਾਵਾਂ ਦਾ ਪਾਲਣ ਕਰਨਾ ਚਾਹੀਦਾ ਹੈ।

(viii) ਸਰਕਾਰ ਵੱਲੋਂ ਅਜਿਹੀ ਸਥਿਤੀ ਨਾਲ ਨਿਪਟਣ ਲਈ ਅਤੇ ਪੀੜਤ ਲੋਕਾਂ ਦੀ ਸਹਾਇਤਾ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ।

## 6. ਭੂਮੀ ਅਤੇ ਬਰਫ਼ ਦੇ ਤੋਦਿਆਂ ਦਾ ਖਿਸਕਣਾ

ਭੂਮੀ ਦੇ ਖਿਸਕਣ ਦਾ ਮਤਲਬ ਹੈ, ਚਟਾਨਾਂ, ਮਿੱਟੀ ਅਤੇ ਭੂਮੀ ਦਾ ਢਲਾਣ ਤੋਂ ਹੇਠਾਂ ਵੱਲ ਨੂੰ ਗਰੂਤਾ ਸ਼ਕਤੀ ਦੇ ਅਧੀਨ ਆਉਣਾ। ਇਸ ਵਿੱਚ ਭੂਮੀ ਇਕਦਮ ਅਤੇ ਤੇਜ਼ੀ ਨਾਲ ਹੇਠਾਂ ਨੂੰ ਖਿਸਕਦੀ ਹੈ। ਜਦੋਂ ਪਹਾੜ ਦੀ ਢਲਾਣ ਜ਼ਿਆਦਾ ਹੋਵੇ ਤਾਂ ਭੂਮੀ ਦਾ ਹੇਠਾਂ ਨੂੰ ਖਿਸਕਣਾ ਹੋਰ ਵੀ ਤੇਜ਼ ਹੋ ਜਾਂਦਾ ਹੈ। ਧਰਤੀ ਦੇ ਅੰਦਰਲੀ ਹਿਲਜੁਲ, ਤੇਜ਼ ਬਾਰਸ਼ ਦਾ ਹੋਣਾ, ਜਵਾਲਾਮੁਖੀ ਕਿਰਿਆ, ਭੂਚਾਲ ਜਾਂ ਖਾਣਾਂ (mines) ਦਾ ਪੁੱਟਣਾ ਆਦਿ ਭੂਮੀ ਦੇ ਖਿਸਕਣ ਦੇ ਮੁੱਖ ਕਾਰਨ ਹੋ ਸਕਦੇ ਹਨ। ਜੰਗਲਾਂ ਨੂੰ ਕੱਟਣ ਦੇ ਨਾਲ ਭੂਮੀ ਦਾ ਨੰਗਾ ਹੋ ਜਾਣਾ, ਭੂਮੀ ਖਿਸਕਣ ਵਿੱਚ ਹੋਰ ਮੱਦਦ ਕਰਦਾ ਹੈ। ਭੂਮੀ ਦੇ ਖਿਸਕਣ ਨਾਲ ਕਾਫ਼ੀ ਇਲਾਕਾ ਮਿੱਟੀ ਦੇ ਹੇਠਾਂ ਦੱਬਿਆ ਜਾਂਦਾ ਹੈ। ਸੜਕਾਂ ਅਤੇ ਬਨਸਪਤੀ ਦੀ ਤਬਾਹੀ ਹੁੰਦੀ ਹੈ। ਇਸ ਦੀ ਲਪੇਟ ਵਿੱਚ ਆਉਣ ਵਾਲੀਆਂ ਮੋਟਰ ਗੱਡੀਆਂ, ਪਸ਼ੂ ਅਤੇ ਮਨੁੱਖਾਂ ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ।

### ਭੂਮੀ ਖਿਸਕਣ ਅਤੇ ਬਚ-ਬਚਾਅ :

(i) ਜਿਹੜੇ ਇਲਾਕਿਆਂ ਵਿੱਚ ਭੂਮੀ ਖਿਸਕਣ ਜ਼ਿਆਦਾ ਹੁੰਦਾ ਹੈ ਉਹਨਾਂ ਦੀ ਪਛਾਣ ਕਰਕੇ ਉੱਥੇ ਘਰ ਜਾਂ ਇਮਾਰਤਾਂ ਨਾ ਉਸਾਰੀਆਂ ਜਾਣ।

(ii) ਨੰਗੀਆਂ ਢਲਾਣਾਂ ਤੇ ਭੂਮੀ ਖਿਸਕਣ ਜ਼ਿਆਦਾ ਹੁੰਦਾ ਹੈ, ਇਸ ਕਰਕੇ ਜੰਗਲਾਂ ਦੀ ਕਟਾਈ ਨਾ ਕੀਤੀ ਜਾਵੇ।

(iii) ਢਲਾਣਾਂ ਤੇ ਵਹਿਣ ਵਾਲਾ ਪਾਣੀ ਭੂਮੀ ਖਿਸਕਣ ਵਿੱਚ ਸਹਿਯੋਗੀ ਹੁੰਦਾ ਹੈ। ਇਸ ਕਰਕੇ ਇਸ ਪਾਣੀ ਦਾ ਸਹੀ ਨਿਕਾਸ ਕੀਤਾ ਜਾਵੇ।



*ਭੂਮੀ ਖਿਸਕਣ ਨਾਲ ਆਵਾਜਾਈ ਬੰਦ*

(iv) ਅਜਿਹੇ ਇਲਾਕਿਆਂ ਵਿੱਚ ਬਿਜਲੀ ਅਤੇ ਟੈਲੀਫੋਨ ਦੀਆਂ ਤਾਰਾਂ ਅਤੇ ਪਾਣੀ ਦੀਆਂ ਪਾਈਪਾਂ ਧਰਤੀ ਦੇ ਹੇਠਾਂ ਅਤੇ ਲਚਕਦਾਰ ਪਾਈਆਂ ਜਾਣ ਤਾਂ ਜੋ ਭੂਮੀ ਖਿਸਕਣ ਵਰਗੀ ਮੁਸੀਬਤ ਨਾਲ ਜਲਦੀ ਟੁੱਟ ਨਾ ਜਾਣ।

(v) ਭੂਮੀ ਖਿਸਕਣ ਨੂੰ ਰੋਕਣ ਵਾਸਤੇ, ਇਸ ਦੇ ਰਸਤੇ ਵਿੱਚ ਢਲਾਣਾਂ ਉੱਤੇ ਦਰੱਖਤਾਂ ਨੂੰ ਕਤਾਰਾਂ ਵਿੱਚ ਲਗਾਇਆ ਜਾਵੇ ਤਾਂ ਜੋ ਭੂਮੀ ਖਿਸਕਣ ਦੀ ਰਫ਼ਤਾਰ ਨੂੰ ਘੱਟ ਕੀਤਾ ਜਾ ਸਕੇ।

(vi) ਪਹਾੜਾਂ ਦੇ ਨਾਲ਼-ਨਾਲ਼ ਸੜਕਾਂ ਦੇ ਪਾਸਿਆਂ ਤੇ ਉੱਚੀਆਂ ਦੀਵਾਰਾਂ (Retaining Walls) ਬਣਾਈਆਂ ਜਾਣ ਤਾਂ ਜੋ ਖਿਸਕਦੀ ਮਿੱਟੀ ਜੋ ਸੜਕ ਤੇ ਆ ਕੇ ਨੁਕਸਾਨ ਕਰਦੀ ਹੈ, ਨੂੰ ਕੁਝ ਹੱਦ ਤੱਕ ਰੋਕਿਆ ਜਾ ਸਕੇ।

**ਬਰਫ਼ ਦੇ ਤੋਦਿਆਂ ਦਾ ਖਿਸਕਣਾ (Avalanches) :** ਪਹਾੜਾਂ ਦੀਆਂ ਢਲਾਣਾਂ ਤੋਂ ਬਰਫ਼ ਦਾ ਖਿਸਕਣਾ ਵੀ ਮਨੁੱਖ ਵਾਸਤੇ ਬਹੁਤ ਸਾਰੀਆਂ ਮੁਸ਼ਕਲਾਂ ਅਤੇ ਰੁਕਾਵਟਾਂ ਖੜੀਆਂ ਕਰ ਦਿੰਦਾ ਹੈ। ਇਸ ਨਾਲ, ਸੜਕਾਂ, ਇਮਾਰਤਾਂ ਅਤੇ ਮੋਟਰ ਗੱਡੀਆਂ ਆਦਿ ਨੂੰ ਕਾਫ਼ੀ ਨੁਕਸਾਨ ਪਹੁੰਚ ਸਕਦਾ ਹੈ। ਜੇਕਰ ਸਮੱਸਿਆ ਜ਼ਿਆਦਾ ਹੋ ਜਾਵੇ ਤਾਂ ਜਾਨੀ ਨੁਕਸਾਨ ਵੀ ਝੱਲਣਾ ਪੈਂਦਾ ਹੈ।

ਜਦੋਂ ਤਾਜ਼ੀ ਬਰਫ਼ਬਾਰੀ ਹੁੰਦੀ ਹੈ ਤਾਂ ਪਹਿਲੀ ਬਰਫ ਤੋਂ ਤਾਜ਼ੀ ਬਰਫ਼ ਖਿਸਕ ਕੇ ਹੇਠਾਂ ਨੂੰ ਆ ਜਾਂਦੀ ਹੈ। ਕਈ ਵਾਰ ਅੱਧ ਪਿਘਲੇ ਹੋਏ ਬਰਫ਼ ਦੇ ਤੋਦੇ ਅਤੇ ਗਲੇਸ਼ੀਅਰ ਵਿਚਕਾਰੋਂ ਟੁੱਟ ਕੇ ਹੇਠਾਂ ਨੂੰ ਖਿਸਕ ਆਉਂਦੇ ਹਨ।

**ਬਚਾਅ :**

(i) ਬਰਫ਼ ਦੇ ਖਿਸਕਣ ਬਾਰੇ ਸਬੰਧਤ ਲੋਕਾਂ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਜੇਕਰ ਜਾਣਕਾਰੀ ਹੋਵੇਗੀ ਤਾਂ ਹੀ ਉਹ ਆਪਣੇ ਆਪ ਨੂੰ ਬਚਾ ਸਕਣਗੇ।

(ii) ਅਜਿਹੇ ਇਲਾਕਿਆਂ ਵਿੱਚ ਵੱਧ ਤੋਂ ਵੱਧ ਦਰੱਖਤ ਅਤੇ ਜੰਗਲ ਉਗਾਣੇ ਚਾਹੀਦੇ ਹਨ। ਇਹ ਦਰੱਖਤ ਅਤੇ ਬਨਸਪਤੀ, ਬਰਫ਼ ਦੇ ਖਿਸਕਣ ਵਿੱਚ ਰੁਕਾਵਟ ਦਾ ਕੰਮ ਕਰਨਗੇ।

(iii) ਬਰਫ਼ ਦੇ ਖਿਸਕਣ ਵਾਲੀਆਂ ਢਲਾਣਾਂ ਤੇ ਰੁਕਾਵਟ ਪਾਉਣ ਲਈ ਕੁਝ ਅਜਿਹੀ ਕਿਸਮ ਦੀ ਉਸਾਰੀ ਕੀਤੀ ਜਾਵੇ, ਜਿਸ ਨਾਲ ਇਹਨਾਂ ਦੀ ਰਫ਼ਤਾਰ ਅਤੇ ਦਿਸ਼ਾ ਵਿੱਚ ਤਬਦੀਲੀ ਹੋ ਜਾਵੇ। ਇਸ ਤਰ੍ਹਾਂ ਕਰਨ ਨਾਲ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ।

(iv) ਜੇਕਰ ਬਰਫ਼ ਸੜਕਾਂ ਤੇ ਆ ਕੇ ਟਰੈਫਿਕ ਨੂੰ ਰੋਕ ਦਿੰਦੀ ਹੈ, ਤਾਂ ਇਸਨੂੰ ਹਲਕੇ ਜਿਹੇ ਧਮਾਕਿਆਂ ਨਾਲ ਪਾਸੇ ਹਟਾਇਆ ਜਾ ਸਕਦਾ ਹੈ ਜਾਂ ਫਿਰ ਬੁਲਡੋਜ਼ਰਾਂ ਦੀ ਮੱਦਦ ਵੀ ਲਈ ਜਾ ਸਕਦੀ ਹੈ।

(v) ਬਰਫ਼ ਦੇ ਖਿਸਕਣ ਤੋਂ ਨੁਕਸਾਨੇ ਹੋਏ ਲੋਕਾਂ ਲਈ ਲੋੜੀਂਦਾ ਅਸਰ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣੀਆਂ ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ।

## 7. ਸੋਕਾ (Drought)

ਸੋਕੇ ਦਾ ਅਰਥ, ਫ਼ਸਲਾਂ, ਪਸ਼ੂ ਅਤੇ ਮਨੁੱਖਾਂ ਲਈ ਲੋੜੀਂਦੇ ਪਾਣੀ ਸਾਧਨ ਦੀ ਘਾਟ ਹੋ ਜਾਣਾ ਹੈ। ਸੰਸਾਰ ਦੇ ਬਹੁਤ ਸਾਰੇ ਭਾਗ ਅਜਿਹੇ ਹਨ ਜਿੱਥੇ ਦਰਿਆਵਾਂ, ਨਦੀਆਂ ਅਤੇ ਜ਼ਮੀਨੀ ਪਾਣੀ ਦੀ ਕਿੱਲਤ ਹੈ। ਇਹ ਇਲਾਕੇ ਸਿਰਫ ਬਾਰਸ਼ ਤੇ ਹੀ ਨਿਰਭਰ ਹੁੰਦੇ ਹਨ। ਜੇਕਰ ਬਾਰਸ਼ਾਂ ਨਾ ਹੋਣ ਤਾਂ ਉਸ ਇਲਾਕੇ ਨੂੰ ਸੋਕੇ ਦਾ ਸਾਹਮਣਾ ਕਰਨਾ ਪੈਂਦਾ ਹੈ। ਧਰਤੀ ਵਿਚਲੀ ਨਮੀ ਖ਼ਤਮ ਹੋ ਜਾਣ ਕਰਕੇ ਫ਼ਸਲਾਂ ਦੀ ਪੈਦਾਵਾਰ ਵੀ ਨਹੀਂ ਹੁੰਦੀ। ਪਸ਼ੂ ਭੁੱਖੇ ਮਰਨ ਲਗਦੇ ਹਨ। ਕਈ ਵਾਰ ਕਿਸਾਨ ਵੀ ਅਜਿਹੀ ਆਫ਼ਤ ਤੋਂ ਦੁਖੀ ਹੋ ਕੇ ਆਤਮ ਹੱਤਿਆ ਦਾ ਰਾਹ ਫੜ ਲੈਂਦੇ ਹਨ।



*ਸੋਕੇ ਨਾਲ਼ ਗ੍ਰਸਤ ਧਰਤੀ ਦਾ ਚਿੱਤਰ*

## ਸੋਕਾ ਅਤੇ ਬਚ-ਬਚਾਅ :

(i) ਸੋਕੇ ਤੋਂ ਬਚਣ ਲਈ ਪਾਣੀ ਦੀ ਜ਼ਰੂਰਤ ਪੈਂਦੀ ਹੈ। ਜੇਕਰ ਅਸੀਂ ਪਾਣੀ ਨੂੰ ਸ਼ੁਰੂ ਤੋਂ ਹੀ ਬੜੀ ਸਾਂਭ-ਸੰਭਾਲ ਨਾਲ ਵਰਤਾਂਗੇ ਤਾਂ ਪਾਣੀ ਦੀ ਕਮੀ ਨਹੀਂ ਹੋਵੇਗੀ। ਕਹਿਣ ਦਾ ਭਾਵ ਇਹ ਹੈ ਕਿ ਪਾਣੀ ਨੂੰ ਅਜਾਈਂ ਨਾ ਜਾਣ ਦਿੱਤਾ ਜਾਵੇ।

(ii) ਸੋਕਾ ਗ੍ਰਸਤ ਇਲਾਕੇ ਵਿੱਚ ਦਰੱਖਤ ਜ਼ਿਆਦਾ ਲਗਾ ਕੇ ਭਵਿੱਖ ਵਿੱਚ ਨਮੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਦਰੱਖਤ ਬਾਰਸ਼ ਲਿਆਉਣ ਵਿੱਚ ਵੀ ਕਾਫ਼ੀ ਮੱਦਦਗਾਰ ਹੁੰਦੇ ਹਨ।

(iii) ਸੋਕਾ ਗ੍ਰਸਤ ਇਲਾਕੇ ਵਿੱਚ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਬਾਜਰਾ ਅਤੇ ਦਾਲਾਂ ਆਦਿ ਹੀ ਬੀਜੀਆਂ ਜਾਣ।

(iv) ਸਰਕਾਰ ਨੂੰ ਚਾਹੀਦਾ ਹੈ ਕਿ ਸੋਕਾ ਗ੍ਰਸਤ ਇਲਾਕਿਆਂ ਨੂੰ ਆਸ-ਪਾਸ ਦੇ ਜ਼ਿਆਦਾ ਪਾਣੀ ਵਾਲੇ ਇਲਾਕਿਆਂ ਤੋਂ ਸਪੈਸ਼ਲ ਪਾਈਪ ਲਾਈਨਾਂ ਬਣਵਾ ਕੇ ਪਾਣੀ ਦੀ ਲੋੜੀਂਦੀ ਸਪਲਾਈ ਕੀਤੀ ਜਾਵੇ ਤਾਂ ਜੋ ਪਸ਼ੂਆਂ ਅਤੇ ਮਨੁੱਖਾਂ ਦੇ ਜੀਵਨ ਨੂੰ ਬਚਾਇਆ ਜਾ ਸਕੇ।

(v) ਸੋਕਾ ਗ੍ਰਸਤ ਇਲਾਕਿਆਂ ਵਿੱਚ ਵਰਖਾ ਦੇ ਪਾਣੀ ਨੂੰ ਤਲਾਬਾਂ ਜਾਂ ਡੈਮਾਂ ਵਿੱਚ ਸਟੋਰ ਕਰਕੇ ਮੁਸੀਬਤ ਦੇ ਸਮੇਂ ਵਾਸਤੇ ਰੱਖਿਆ ਜਾ ਸਕਦਾ ਹੈ।

(vi) ਸੋਕਾ ਗ੍ਰਸਤ ਇਲਾਕੇ ਦੇ ਲੋਕਾਂ ਨੂੰ ਮੁਸੀਬਤ ਤੋਂ ਬਾਹਰ ਕੱਢਣ ਲਈ ਸਰਕਾਰ ਨੂੰ ਹਰੇਕ ਸੰਭਵ ਯਤਨ ਕਰਨੇ ਚਾਹੀਦੇ ਹਨ। ਸੋਕਾ ਗ੍ਰਸਤ ਇਲਾਕਿਆਂ ਵਿੱਚ ਖੇਤੀ ਨੂੰ ਛੱਡ ਕੇ ਹੋਰ ਆਰਥਿਕ ਧੰਦਿਆਂ ਨੂੰ ਵਿਕਸਤ ਕਰਨਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਕਮੀ ਵਰਗੀ ਮੁਸੀਬਤ ਤੋਂ ਬਚਿਆ ਜਾ ਸਕੇ।

## ਮਨੁੱਖੀ ਆਫ਼ਤਾਂ ਅਤੇ ਉਹਨਾਂ ਦਾ ਪ੍ਰਬੰਧਨ (Human Disasters and their Management):

ਆਫ਼ਤਾਂ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਮਨੁੱਖ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ, ਉਹਨਾਂ ਨੂੰ ਮਨੁੱਖੀ ਆਫ਼ਤਾਂ ਦਾ ਨਾਮ ਦਿੱਤਾ ਜਾਂਦਾ ਹੈ। ਮਨੁੱਖ ਜਾਣ ਬੁੱਝ ਕੇ ਜਾਂ ਅਣਜਾਣੇ ਵਿੱਚ ਇਹਨਾਂ ਮੁਸੀਬਤਾਂ ਨੂੰ ਪੈਦਾ

ਕਰਦਾ ਹੈ। ਜਦੋਂ ਇਹ ਕਿਸੇ ਹੱਦ ਤੋਂ ਬਾਹਰ ਹੋ ਜਾਂਦੀਆਂ ਹਨ ਤਾਂ ਇਹ ਵੱਡੀਆਂ ਆਫ਼ਤਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਹਨਾਂ ਆਫ਼ਤਾਂ ਬਾਰੇ ਜਾਣਕਾਰੀ ਅਤੇ ਬਚਾਅ ਪ੍ਰਬੰਧ ਹੇਠ ਲਿਖੇ ਅਨੁਸਾਰ ਹਨ :

1. **ਬੰਬ ਧਮਾਕੇ ਅਤੇ ਦਹਿਸ਼ਤੀ ਹਮਲੇ** : ਬੰਬਾਂ ਦਾ ਨਿਰਮਾਣ ਦੇਸ਼ ਦੀ ਬਾਹਰੀ ਹਮਲਿਆਂ ਤੋਂ ਰੱਖਿਆ ਕਰਨ ਵਾਸਤੇ ਕੀਤਾ ਗਿਆ ਸੀ। ਪਰ ਕੁਝ ਲੋਕ ਇਸਦੀ ਵਰਤੋਂ ਦੇਸ਼ ਦੇ ਅੰਦਰ ਤਬਾਹੀ ਮਚਾਉਣ ਵਾਸਤੇ ਕਰਦੇ ਹਨ। ਕਈ ਦਹਿਸ਼ਤੀ ਗੁੱਟ ਦੇਸ਼ ਦੀ ਅਸ਼ਾਂਤੀ ਭੰਗ ਕਰਨ ਵਾਸਤੇ ਤਬਾਹੀਕੁੰਨ ਕੰਮ ਕਰਦੇ ਹਨ। ਇਹਨਾਂ ਬੰਬ ਧਮਾਕਿਆਂ ਵਿੱਚ ਬਹੁਤ ਸਾਰੇ ਬੇਗੁਨਾਹਾਂ ਦੀ ਮੌਤ ਹੋ ਜਾਂਦੀ ਅਤੇ ਕਈ ਹੋਰ ਬੁਰੀ ਤਰ੍ਹਾਂ ਨਾਲ ਪੀੜਤ ਹੁੰਦੇ ਹਨ। ਬੰਬ ਧਮਾਕੇ ਜਾਂ ਦਹਿਸ਼ਤੀ ਹਮਲੇ ਦੇਸ਼ ਦੇ ਵਿਕਾਸ ਨੂੰ ਵੀ ਨੁਕਸਾਨ ਕਰਦੇ ਹਨ। 11 ਸਤੰਬਰ 2001 ਨੂੰ ਯੂ.ਐਸ.ਏ. ਦੇ ਸ਼ਹਿਰਾਂ ਨਿਊਯਾਰਕ ਅਤੇ ਵਸ਼ਿੰਗਟਨ ਵਿੱਚ ਹੋਏ ਘਾਤਕ ਦਹਿਸ਼ਤੀ ਹਮਲਿਆਂ ਵਿੱਚ ਅਨੇਕਾਂ ਲੋਕਾਂ ਦੀਆਂ ਜਾਨਾਂ ਗਈਆਂ ਅਤੇ ਬਹੁਤ ਸਾਰਾ ਮਾਲੀ ਨੁਕਸਾਨ ਵੀ ਹੋਇਆ।

### ਬੰਬ ਧਮਾਕੇ ਅਤੇ ਦਹਿਸ਼ਤੀ ਹਮਲੇ ਅਤੇ ਬਚ-ਬਚਾਅ :

(i) ਦਹਿਸ਼ਤੀ ਹਮਲੇ ਜਾਂ ਬੰਬ ਧਮਾਕਿਆਂ ਵਰਗੀਆਂ ਆਫ਼ਤਾਂ ਨਾਲ ਨਜਿੱਠਣ ਲਈ ਕੌਮੀ ਪੱਧਰ ਜਾਂ ਅੰਤਰ ਰਾਸ਼ਟਰੀ ਪੱਧਰ ਤੇ ਸਰਕਾਰਾਂ ਵੱਲੋਂ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਭਵਿੱਖ ਵੱਲ ਵੱਧਦੀ ਹੋਈ ਸਮੱਸਿਆ ਦਾ ਹੱਲ ਕੱਢਿਆ ਜਾ ਸਕੇ।

(ii) ਲਾਵਾਰਿਸ ਪਈਆਂ ਚੀਜ਼ਾਂ ਵਿੱਚ ਬੰਬ ਵੀ ਹੋ ਸਕਦਾ ਹੈ ਇਸ ਲਈ ਇਹਨਾਂ ਨੂੰ ਹੱਥ ਨਹੀਂ ਲਗਾਉਣਾ ਚਾਹੀਦਾ ਸਗੋਂ ਫਟਾਫਟ ਪੁਲਿਸ ਨੂੰ ਇਤਲਾਹ ਕਰਨੀ ਚਾਹੀਦੀ ਹੈ।

(iii) ਬੰਬ ਧਮਾਕਿਆਂ ਸਮੇਂ ਜਾਂ ਦਹਿਸ਼ਤੀ ਹਮਲਿਆਂ ਸਮੇਂ ਡਰ ਜਾਂ ਦਹਿਸ਼ਤ ਦੀ ਸਥਿਤੀ ਨਹੀਂ ਬਣਨ ਦੇਣੀ ਚਾਹੀਦੀ ਸਗੋਂ ਹੌਂਸਲੇ ਅਤੇ ਫੁਰਤੀ ਤੋਂ ਕੰਮ ਲੈਣਾ ਚਾਹੀਦਾ ਹੈ।

(iv) ਪੁਲਿਸ ਅਤੇ ਗੁਪਤਚਰ ਵਿਭਾਗ ਵੱਲੋਂ ਅਜਿਹੀਆਂ ਗਤੀਵਿਧੀਆਂ ਤੇ ਪੂਰੀ ਨਜ਼ਰ ਰੱਖਣੀ ਚਾਹੀਦੀ ਹੈ। ਭੀੜਭਾੜ ਵਾਲੇ ਇਲਾਕਿਆਂ ਵਿੱਚ ਚੌਕਸੀ ਵਧਾਉਣੀ ਚਾਹੀਦੀ ਹੈ। ਪਕੜੇ ਗਏ ਕਸੂਰਵਾਰ ਲੋਕਾਂ ਨੂੰ ਕਾਨੂੰਨ ਅਨੁਸਾਰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

(v) ਬੰਬ ਧਮਾਕੇ ਜਾਂ ਦਹਿਸ਼ਤੀ ਹਮਲੇ ਤੋਂ ਬਾਦ ਜਖ਼ਮੀ ਲੋਕਾਂ ਨੂੰ ਤੁਰੰਤ ਹਸਪਤਾਲ ਲਿਜਾਣਾ ਚਾਹੀਦਾ ਹੈ।

(vi) ਕਾਨੂੰਨ ਅਤੇ ਸੁਰੱਖਿਆ ਦੀ ਵਿਵਸਥਾ ਹਰ ਕੀਮਤ ਤੇ ਬਣਾਈ ਰੱਖਣੀ ਚਾਹੀਦੀ ਹੈ।

2. **ਡੈਮਾਂ ਦਾ ਟੁੱਟ ਜਾਣਾ ਅਤੇ ਬਚ-ਬਚਾਅ** (Breaking of Water Dams & Safety Measures) : ਇਹ ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਡੈਮਾਂ ਵਿੱਚ ਪਾਣੀ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਹਨਾਂ ਦੇ ਟੁੱਟਣ ਨਾਲ ਪਾਣੀ ਖੁੱਲ੍ਹੇ ਆਮ ਦੌੜਾ ਫਿਰਦਾ ਹੈ ਅਤੇ ਹੜ੍ਹ ਵਰਗੀ ਸਥਿਤੀ ਬਣ ਜਾਂਦੀ ਹੈ। ਜੇਕਰ ਡੈਮ ਬਹੁਤ ਵੱਡੇ ਹੋਣ ਤਾਂ ਇਹ ਆਫ਼ਤ ਹੋਰ ਵੀ ਵਿਨਾਸ਼ਕਾਰੀ ਹੋ ਜਾਂਦੀ ਹੈ। ਮਨੁੱਖੀ ਜ਼ਿੰਦਗੀ ਤਹਿਸ-ਨਹਿਸ ਹੋ ਜਾਂਦੀ ਹੈ। ਇਸ ਲਈ ਹੜ੍ਹਾਂ ਨਾਲ ਨਜਿੱਠਣ ਵਾਲੇ ਸਾਰੇ ਪ੍ਰਬੰਧ ਕਰਨੇ ਚਾਹੀਦੇ ਹੈ। ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਸਰਕਾਰ ਦਾ ਮੁੱਖ ਕੰਮ ਹੋਣੇ ਚਾਹੀਦੇ ਹਨ।

3. **ਜ਼ਹਿਰੀਲੇ ਪਦਾਰਥਾਂ ਦਾ ਰਿਸਾਵ ਜਾਂ ਹੋਰ ਉਦਯੋਗਿਕ ਘਟਨਾਵਾਂ ਅਤੇ ਉਹਨਾਂ ਤੋਂ ਬਚ-ਬਚਾਅ** : ਉਦਯੋਗਾਂ ਵਿੱਚ ਬਹੁਤ ਵੱਡੀਆਂ-ਵੱਡੀਆਂ ਮਸ਼ੀਨਾਂ, ਰਸਾਇਣਿਕ ਪਦਾਰਥਾਂ ਅਤੇ ਕਈ ਕਿਸਮ ਦੀਆਂ ਬਲਣਸ਼ੀਲ ਅਤੇ ਜ਼ਹਿਰੀਲੀਆਂ ਗੈਸਾਂ ਦਾ ਇਸਤੇਮਾਲ ਹੁੰਦਾ ਹੈ। ਇਹਨਾਂ ਚੀਜ਼ਾਂ ਦੀ ਵਰਤੋਂ ਕਰਦਿਆਂ ਕੁਝ ਬੁਰੀਆਂ ਘਟਨਾਵਾਂ ਵੀ ਵਾਪਰ ਸਕਦੀਆਂ ਹਨ। ਕਈ ਵਾਰ ਇਹ ਘਟਨਾਵਾਂ ਇੰਨੀਆਂ ਵੱਡੀਆਂ ਹੁੰਦੀਆਂ ਹਨ ਕਿ ਇਹਨਾਂ ਨੂੰ ਭੁੱਲ ਜਾਣਾ ਅਸਾਨ ਨਹੀਂ ਹੁੰਦਾ। ਭੁਪਾਲ ਗੈਸ ਲੀਕ ਦਾ ਦੁਖਾਂਤ ਹਾਲੇ ਵੀ ਸਾਡੇ ਮਨਾਂ ਵਿੱਚ ਤਾਜ਼ਾ ਹੈ। ਇਸ

ਨਾਲ ਹਜ਼ਾਰਾਂ ਹੀ ਲੋਕ ਮਾਰੇ ਗਏ ਸਨ। ਹੁਣ ਤੱਕ ਵੀ ਕੁਝ ਬੱਚੇ ਅਪੰਗ ਪੈਦਾ ਹੋ ਰਹੇ ਹਨ। ਕਈ ਵਾਰ ਉਦਯੋਗਾਂ ਵਿੱਚ ਗੈਸ ਸਿਲੰਡਰ ਫੱਟਣ ਨਾਲ ਅੱਗ ਵੀ ਲੱਗ ਜਾਂਦੀ ਹੈ ਜਾਂ ਹੋਰ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਲਈ ਇਸ ਤਰ੍ਹਾਂ ਦੀਆਂ ਆਫ਼ਤਾਂ ਨਾਲ ਨਜਿੱਠਣ ਲਈ ਹਰੇਕ ਉਦਯੋਗ ਵਿੱਚ ਲੋੜੀਂਦੇ ਪ੍ਰਬੰਧ ਹੋਣੇ ਚਾਹੀਦੇ ਹਨ। ਅੱਗ ਬੁਝਾਊ ਯੰਤਰ ਹਰ ਵੇਲੇ ਤਿਆਰ ਰਹਿਣੇ ਚਾਹੀਦੇ ਹਨ।



*ਅੱਗ ਲਗਣ ਨਾਲ਼ ਹੋਇਆ ਨੁਕਸਾਨ*

ਮੁਸੀਬਤਾਂ ਦੇ ਸਮੇਂ ਵਿੱਚ ਉਦਯੋਗਾਂ ਵਿੱਚੋਂ ਮਜ਼ਦੂਰਾਂ ਅਤੇ ਹੋਰ ਕਰਮਚਾਰੀਆਂ ਨੂੰ ਬਾਹਰ ਕੱਢਣ ਲਈ ਤੇਜ਼ ਰਫ਼ਤਾਰ ਵਾਲੇ ਵਾਹਨਾਂ ਆਦਿ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਦਹਿਸ਼ਤ ਦਾ ਮਾਹੌਲ ਨਹੀਂ ਬਣਨ ਦੇਣਾ ਚਾਹੀਦਾ ਸਗੋਂ ਸ਼ਾਂਤ ਮਾਹੌਲ ਵਿੱਚ ਰਹਿ ਕੇ ਬਚਾਅ ਦੇ ਕੰਮਾਂ ਨੂੰ ਸਿਰੇ ਚਾੜ੍ਹਨਾ ਚਾਹੀਦਾ ਹੈ। ਪੀੜਤ ਲੋਕਾਂ ਨੂੰ ਲੋੜੀਂਦੀ ਮੈਡੀਕਲ ਸਹਾਇਤਾ ਤੁਰੰਤ ਮਿਲਣੀ ਚਾਹੀਦੀ ਹੈ। ਉਦਯੋਗਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਬੀਮਾ ਸਹੂਲਤ ਵੀ ਹੋਣੀ ਚਾਹੀਦੀ ਹੈ। ਸਰਕਾਰ ਵੱਲੋਂ ਹਰ ਤਰ੍ਹਾਂ ਦਾ ਲੋੜੀਂਦਾ ਸਹਿਯੋਗ ਪੀੜਤ ਲੋਕਾਂ ਨੂੰ ਮਿਲਣਾ ਚਾਹੀਦਾ ਹੈ।

**4. ਮਹਾਂਮਾਰੀ ਅਤੇ ਬਚਾਅ ਪ੍ਰਬੰਧ (Epidemic and Protective Measures) :** ਜਦੋਂ ਇੱਕ ਬਿਮਾਰੀ ਫੈਲ ਕੇ ਬਹੁਤ ਵੱਡੇ ਪੱਧਰ ਤੇ ਲੋਕਾਂ ਉੱਤੇ ਮਾਰੂ ਹਮਲਾ ਕਰਦੀ ਹੈ ਤਾਂ ਇਸਨੂੰ ਮਹਾਂਮਾਰੀ (Epidemic) ਦਾ ਨਾਂ ਦਿੱਤਾ ਜਾਂਦਾ ਹੈ। ਹੈਜ਼ਾ (Cholera), ਡੇਂਗੂ ਬੁਖਾਰ (Dengue fever), ਪੀਲਾ ਬੁਖਾਰ (Yellow fever) ਜਾਂ ਦਸਤ (Diarrhorea) ਵਰਗੀਆਂ ਬਿਮਾਰੀਆਂ ਕਈ ਵਾਰੀ ਵੱਡੀ ਆਫ਼ਤ ਜਾਂ ਮਹਾਂਮਾਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਹਨਾਂ ਬੀਮਾਰੀਆਂ ਦੇ ਕੁੱਝ ਵੀ ਕਾਰਨ ਹੋ ਸਕਦੇ ਹਨ ਪਰੰਤੂ ਸਮੇਂ ਸਿਰ ਇਹਨਾਂ ਦਾ ਇਲਾਜ ਨਾ ਹੋਣ ਕਰਕੇ ਇਹ ਬਹੁਤ ਲੋਕਾਂ ਵਿੱਚ ਫੈਲ ਜਾਂਦੀਆਂ ਹਨ। ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਕਰਕੇ, ਮੱਛਰਾਂ ਅਤੇ ਹੋਰ ਕੀੜਿਆਂ ਆਦਿ ਦੇ ਕੱਟਣ ਤੋਂ ਇਹ ਬਿਮਾਰੀਆਂ ਹੋ ਸਕਦੀਆਂ ਹਨ। 'ਏਡਜ਼' ਨਾਂ ਦੀ ਨਾਮੁਰਾਦ ਬਿਮਾਰੀ ਅਫਰੀਕਾ ਦੇ ਬਾਂਦਰਾਂ ਤੋਂ ਪੈਦਾ ਹੋਈ ਅਤੇ ਅੱਜ ਸੰਸਾਰ ਦੇ ਲੱਖਾਂ ਲੋਕਾਂ ਨੂੰ ਪੀੜਤ ਕਰ ਰਹੀ ਹੈ।

**ਬਚਾਅ :** ਮਹਾਂਮਾਰੀ ਤੋਂ ਬਚਣ ਦਾ ਤਰੀਕਾ ਹੈ ਕਿ ਬਿਮਾਰੀਆਂ ਤੋਂ ਹੀ ਬਚਿਆ ਜਾਵੇ। ਸ਼ੁੱਧ ਹਵਾ, ਸਾਫ਼ ਪਾਣੀ ਅਤੇ ਸਾਫ਼ ਸੁਥਰਾ ਆਲਾ-ਦੁਆਲਾ ਸਾਨੂੰ ਬਹੁਤ ਬਿਮਾਰੀਆਂ ਤੋਂ ਬਚਾ ਸਕਦਾ ਹੈ। ਜੇਕਰ ਫਿਰ ਵੀ ਬਿਮਾਰੀ ਫੈਲਦੀ ਹੈ ਤਾਂ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਮਹਾਂਮਾਰੀ ਫੈਲਣ ਦੀ ਸੂਰਤ ਵਿੱਚ ਡਾਕਟਰੀ

ਟੀਮਾਂ ਅਤੇ ਹਸਪਤਾਲਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਸ਼ਹਿਰਾਂ ਦੇ ਆਲੇ-ਦੁਆਲੇ ਗੰਦੀਆਂ ਬਸਤੀਆਂ ਦੇ ਵਿਕਾਸ ਨੂੰ ਰੋਕਣਾ ਚਾਹੀਦਾ ਹੈ। ਪਿੰਡਾਂ, ਸ਼ਹਿਰਾਂ ਅਤੇ ਖਾਸ ਕਰਕੇ ਸਕੂਲਾਂ ਵਿੱਚ ਬਿਮਾਰੀਆਂ ਦੀ ਜਾਂਚ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ ਤਾਂ ਜੋ ਵੱਡੀਆਂ ਆਫ਼ਤਾਂ ਤੋਂ ਬਚਿਆ ਜਾ ਸਕੇ।

**ਭਾਰਤ ਵਿੱਚ ਆਫ਼ਤ ਪ੍ਰਬੰਧਨ ਅਥਾਰਟੀਜ਼ ਅਤੇ ਸੰਸਥਾਵਾਂ (Disaster Management Authorities and Institutions in India) :** ਭਾਰਤ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਆਫ਼ਤ ਪ੍ਰਬੰਧਨ ਦੇ ਛੋਟੇ ਤੋਂ ਲੈ ਕੇ ਇੰਜੀਨਰਿੰਗ ਤੱਕ ਦੇ ਕੋਰਸ ਕਰਵਾਉਂਦੀਆਂ ਹਨ ਅਤੇ ਆਫ਼ਤ ਪ੍ਰਬੰਧਨ ਬਾਰੇ ਜਾਣਕਾਰੀ ਵੀ ਉਪਲੱਬਧ ਕਰਵਾਉਂਦੀਆਂ ਹਨ। ਇਹਨਾਂ ਵਿੱਚੋਂ ਕੁੱਝ ਕੁ ਹੇਠ ਲਿਖੀਆਂ ਹਨ :


1. ਸੈਂਟਰਲ ਆਫ਼ਤ ਪ੍ਰਬੰਧਨ ਅਥਾਰਟੀ, ਨਵੀਂ ਦਿੱਲੀ (Central Disaster Management Authority, New Delhi)
2. ਆਫ਼ਤ ਪ੍ਰਬੰਧਨ ਨੈਸ਼ਨਲ ਕੇਂਦਰ, ਨਵੀਂ ਦਿੱਲੀ (National Centre for Disaster Management, New Delhi)
3. ਭੂਚਾਲ ਇੰਜੀਨੀਅਰਿੰਗ ਸੂਚਨਾ ਕੇਂਦਰ ਆਈ.ਆਈ.ਟੀ ਕਾਨਪੁਰ, ਉੱਤਰ ਪ੍ਰਦੇਸ਼ (Information centre of Earthquake Engineering I.I.T Kanpur U.P.)
4. ਆਫ਼ਤ ਪ੍ਰਬੰਧਨ ਸੰਸਥਾ, ਭੋਪਾਲ, ਮੱਧ ਪ੍ਰਦੇਸ਼ (Disaster Management Institute Bhopal, M.P.)
5. ਆਫ਼ਤ ਘਟਾਉਣ ਸੰਸਥਾ ਅਹਿਮਦਾਬਾਦ, ਗੁਜਰਾਤ (Disaster Mitigation Institution, Ahemdabad, Gujarat)
6. ਵਾਤਾਵਰਨ ਬਚਾਓ ਟਰੇਨਿੰਗ ਅਤੇ ਰਿਸਰਚ ਸੰਸਥਾ ਹੈਦਰਾਬਾਦ, ਆਂਧਰਾ ਪ੍ਰਦੇਸ਼ (Environment Protection Training and Research Institute Hydrabad, Andhara Pradesh)
7. ਸੰਯੁਕਤ ਸਹਾਇਤਾ ਕੇਂਦਰ ਗੁੜਗਾਉਂ, ਹਰਿਆਣਾ (Joint Assistance Centre Gurgaon, Haryana)
8. ਕੌਮੀ ਸਿਵਲ ਡਿਫ਼ੈਂਸ ਕਾਲਜ ਨਾਗਪੁਰ, ਮਹਾਂਰਾਸ਼ਟਰ (National Civil Defence College Nagpur, Maharashtra)
9. ਇੰਦਰਾ ਗਾਂਧੀ ਕੌਮੀ ਓਪਨ ਯੂਨੀਵਰਸਿਟੀ, ਨਵੀਂ ਦਿੱਲੀ (IGNOU New Delhi) ਵੀ ਆਫ਼ਤ ਪ੍ਰਬੰਧਨ ਦੇ ਕਈ ਕੋਰਸ ਕਰਵਾਉਂਦੀ ਹੈ।
10. ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਨਵੀਂ ਦਿੱਲੀ (Central Board of Secondary Education (CBSE) New Delhi) ਵੀ ਵੱਡੀਆਂ ਜਮਾਤਾਂ (Senior Classes) ਨੂੰ ਆਫ਼ਤ ਪ੍ਰਬੰਧਨ ਦੀ ਟਰੇਨਿੰਗ ਦੇਣ ਬਾਰੇ ਯੋਜਨਾ ਤਿਆਰ ਕਰ ਰਹੀ ਹੈ। ਇਸ ਨਾਲ ਵਿਦਿਆਰਥੀ ਸਕੂਲ ਤੋਂ ਹੀ ਅਜਿਹੀਆਂ ਆਫ਼ਤਾਂ ਨਾਲ ਨਿਪਟਣ ਲਈ ਤਿਆਰ ਹੋ ਸਕਣਗੇ।

# ਯਾਦ ਰੱਖਣ ਯੋਗ ਨੁਕਤੇ

## (POINTS TO REMEMBER)

**ਆਫ਼ਤ ਪ੍ਰਬੰਧਨ :** ਇਹ ਇੱਕ ਮਹੱਤਵਪੂਰਨ ਵਿਸ਼ਾ ਹੈ ਜੋ ਕੁਦਰਤੀ ਜਾਂ ਮਨੁੱਖੀ ਆਫ਼ਤਾਂ ਨਾਲ ਸਬੰਧ ਰੱਖਦਾ ਹੈ।

**ਆਫ਼ਤਾਂ :** ਖਤਰੇ ਜਦੋਂ ਘਾਤਕ ਘਟਨਾਵਾਂ ਦਾ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਆਫ਼ਤਾਂ ਕਿਹਾ ਜਾਂਦਾ ਹੈ।




**ਕੁਦਰਤੀ ਆਫ਼ਤਾਂ** ਅਤੇ ਉਹਨਾਂ ਤੋਂ **ਬਚ-ਬਚਾਅ**

**ਮਨੁੱਖੀ ਆਫ਼ਤਾਂ** ਅਤੇ ਉਹਨਾਂ ਤੋਂ **ਬਚ-ਬਚਾਅ**

ਭਾਰਤ ਵਿੱਚ ਆਫ਼ਤ ਪ੍ਰਬੰਧਨ ਅਥਾਰਟੀਜ਼ ਅਤੇ ਸੰਸਥਾਵਾਂ

1. ਸੈਂਟਰਲ ਆਫ਼ਤ ਪ੍ਰਬੰਧਨ ਅਥਾਰਟੀ, ਨਵੀਂ ਦਿੱਲੀ।
2. ਆਫ਼ਤ ਪ੍ਰਬੰਧਨ ਨੈਸ਼ਨਲ ਕੇਂਦਰ, ਨਵੀਂ ਦਿੱਲੀ ।
3. ਭੂਚਾਲ ਇੰਜੀਨੀਅਰਿੰਗ ਸੂਚਨਾ ਕੇਂਦਰ ਆਈ.ਆਈ.ਟੀ. ਕਾਨਪੁਰ, ਉੱਤਰ ਪ੍ਰਦੇਸ਼ ।
4. ਆਫ਼ਤ ਪ੍ਰਬੰਧਨ ਸੰਸਥਾ ਭੋਪਾਲ, ਮੱਧ ਪ੍ਰਦੇਸ਼ ।
5. ਆਫ਼ਤ ਘਟਾਉਣ ਸੰਸਥਾ ਅਹਿਮਦਾਬਾਦ, ਗੁਜਰਾਤ ।
6. ਵਾਤਾਵਰਨ ਬਚਾਓ ਟਰੇਨਿੰਗ ਅਤੇ ਰਿਸਰਚ ਸੰਸਥਾ ਹੈਦਰਾਬਾਦ, ਆਂਧਰਾ ਪ੍ਰਦੇਸ਼ ।
7. ਜੁਆਇੰਟ ਸਹਾਇਤਾ ਕੇਂਦਰ ਗੁੜਗਾਉਂ, ਹਰਿਆਣਾ ।
8. ਕੌਮੀ ਸਿਵਲ ਡਿਫ਼ੈਂਸ ਕਾਲਜ ਨਾਗਪੁਰ, ਮਹਾਂਰਾਸ਼ਟਰ ।
9. ਇੰਦਰਾ ਗਾਂਧੀ ਕੌਮੀ ਓਪਨ ਯੂਨੀਵਰਸਿਟੀ (IGNOU), ਨਵੀਂ ਦਿੱਲੀ ।
10. ਸੈਂਟਰਲ ਬੋਰਡ ਆਫ਼ ਸੈਕੇਂਡਰੀ ਐਜੂਕੇਸ਼ਨ (CBSE), ਨਵੀਂ ਦਿੱਲੀ ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ—**


1. ਆਫ਼ਤ ਕਿਸ ਨੂੰ ਕਿਹਾ ਜਾਂਦਾ ਹੈ ?
2. ਕੁਦਰਤੀ ਆਫ਼ਤਾਂ ਮੁੱਖ ਤੌਰ ਤੇ ਕਿਹੜੀਆਂ-ਕਿਹੜੀਆਂ ਹਨ ?
3. ਭੂਚਾਲ ਤੋਂ ਤੁਹਾਡਾ ਕੀ ਭਾਵ ਹੈ ? ਇਸਨੂੰ ਕਿਵੇਂ ਮਾਪਿਆ ਜਾਂਦਾ ਹੈ ?
4. ਜਵਾਲਾਮੁਖੀ ਕਿਸਨੂੰ ਆਖਦੇ ਹਨ ? ਇਸ ਦੀਆਂ ਕਿਸਮਾਂ ਦੇ ਨਾਂ ਲਿਖੋ।
5. ਸੁਨਾਮੀ ਕਿਵੇਂ ਪੈਦਾ ਹੁੰਦੀ ਹੈ ?
6. ਹੜ੍ਹਾਂ ਦੇ ਆਉਣ ਦੇ ਮੁੱਖ ਕਾਰਨ ਕਿਹੜੇ-ਕਿਹੜੇ ਹਨ ?
7. ਚੱਕਰਵਾਤ ਕੀ ਹੁੰਦਾ ਹੈ ? ਇਸਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ ?
8. ਮਨੁੱਖੀ ਆਫ਼ਤਾਂ ਕਿਸਨੂੰ ਕਹਿੰਦੇ ਹਨ ?
9. ਮਹਾਂਮਾਰੀ ਤੋਂ ਤੁਹਾਡਾ ਕੀ ਭਾਵ ਹੈ ?

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਆਫ਼ਤਾਂ ਮਨੁੱਖ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ ?
2. ਭੂਚਾਲ ਆਫ਼ਤ ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?
3. ਜਵਾਲਾਮੁਖੀ ਅਤੇ ਸੁਨਾਮੀ ਤੋਂ ਬਚਾਅ ਵਾਸਤੇ ਕੀ-ਕੀ ਪ੍ਰਬੰਧ ਕਰਨੇ ਚਾਹੀਦੇ ਹਨ ?
4. ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ ?
5. ਕਿਹੜੇ-ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫ਼ਤ ਤੋਂ ਬਚਾ ਸਕਦੇ ਹਨ ?

### ਕੁਝ ਕਰਨ ਲਈ

ਜੂਨ 2013 ਵਿੱਚ ਭਾਰਤ ਦੇ ਉਤਰਾਖੰਡ ਰਾਜ ਵਿੱਚ ਆਈ ਕੁਦਰਤੀ ਮੁਸੀਬਤ ਬਾਰੇ 3-4 ਸਫਿਆਂ ਦੀ ਇੱਕ ਰਿਪੋਰਟ ਤਿਆਰ ਕਰੋ। ਇੰਟਰਨੈੱਟ ਦੀ ਮੱਦਦ ਨਾਲ ਸੰਬੰਧਤ ਫੋਟੋਆਂ ਵੀ ਚਿਪਕਾਓ (ਜਾਂ) ਅਜਿਹੀ ਕੋਈ ਹੋਰ ਕੁਦਰਤੀ ਮੁਸੀਬਤ ਬਾਰੇ ਰਿਪੋਰਟ ਤਿਆਰ ਕਰੋ । ਲੋੜ ਅਨੁਸਾਰ ਅਧਿਆਪਕ ਦੀ ਮੱਦਦ ਵੀ ਲਈ ਜਾ ਸਕਦੀ ਹੈ ।


INDIA
OUTLINE AND ADJACENT COUNTRIES
ਭਾਰਤ ਅਤੇ ਗੁਆਂਢੀ ਦੇਸ਼
Tropic of Cancer
Kms. 0
250
500 Kms.
1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown of this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record / Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)
© Government of India Copyright, 2011

# ਇਤਿਹਾਸ

## ਸਾਡਾ ਅਤੀਤ-III

### ਭਾਗ - 2





# ਪਾਠ 7

# ਕਿੱਥੇ, ਕਦੋਂ ਅਤੇ ਕਿਵੇਂ

## ਆਧੁਨਿਕ ਕਾਲ ਤੇ ਇਕ ਝਾਤ

ਇਤਿਹਾਸ ਅਤੀਤ ਦਾ ਅਧਿਐਨ ਹੈ। ਇਤਿਹਾਸਕਾਰਾਂ ਨੇ ਸੰਸਾਰ ਦੇ ਇਤਿਹਾਸ ਨੂੰ ਤਿੰਨ ਕਾਲਾਂ— ਪ੍ਰਾਚੀਨ, ਮੱਧਕਾਲ ਅਤੇ ਆਧੁਨਿਕ ਕਾਲ ਵਿੱਚ ਵੰਡਿਆ ਹੈ। ਇਸ ਤਰ੍ਹਾਂ ਭਾਰਤੀ ਇਤਿਹਾਸ ਨੂੰ ਵੀ ਤਿੰਨ ਕਾਲਾਂ— ਪ੍ਰਾਚੀਨ, ਮੱਧਕਾਲ ਅਤੇ ਆਧੁਨਿਕ ਕਾਲ ਵਿੱਚ ਵੰਡਿਆ ਗਿਆ ਹੈ।

ਪਰੰਤੂ ਇਹਨਾਂ ਕਾਲਾਂ ਦੇ ਸ਼ੁਰੂ ਹੋਣ ਦਾ ਸਮਾਂ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਇੱਕੋ ਜਿਹਾ ਨਹੀਂ ਹੈ। ਉਦਾਹਰਨ ਦੇ ਤੌਰ ਤੇ ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ 16ਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ, ਪਰੰਤੂ ਭਾਰਤ ਵਿਚ 16ਵੀਂ ਸਦੀ ਵਿਚ ਜਦੋਂ ਬਾਬਰ, ਹੁਮਾਯੂੰ ਅਤੇ ਅਕਬਰ ਵਰਗੇ ਮੁਗਲ ਬਾਦਸ਼ਾਹਾਂ ਨੇ ਭਾਰਤ ਉੱਤੇ ਰਾਜ ਕੀਤਾ ਸੀ ਤਾਂ ਉਦੋਂ ਮੱਧਕਾਲੀਨ ਕਾਲ ਸੀ। ਸੰਸਾਰ ਦੇ ਜਿਹੜੇ ਦੇਸ਼ਾਂ ਨੇ ਬਹੁਤ ਤੇਜ਼ ਰਫ਼ਤਾਰ ਨਾਲ ਤਰੱਕੀ ਕੀਤੀ ਸੀ, ਉਹਨਾਂ ਨੇ ਘੱਟ ਰਫ਼ਤਾਰ ਨਾਲ ਤਰੱਕੀ ਕਰਨ ਵਾਲੇ ਦੇਸ਼ਾਂ ਨਾਲੋਂ ਪਹਿਲਾਂ ਆਧੁਨਿਕਤਾ ਦਾ ਆਰੰਭ ਵੇਖਿਆ।

ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ 18ਵੀਂ ਸਦੀ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਪਿੱਛੋਂ ਹੋਇਆ। ਇਸ ਸਮੇਂ ਦੌਰਾਨ ਬਹੁਤ ਸਾਰੀਆਂ ਪੁਰਾਣੀਆਂ ਸ਼ਕਤੀਆਂ ਕਮਜ਼ੋਰ ਹੋਣ ਲੱਗ ਪਈਆਂ ਅਤੇ ਉਹਨਾਂ ਦੀ ਥਾਂ ਬਹੁਤ ਸਾਰੀਆਂ ਨਵੀਆਂ ਸ਼ਕਤੀਆਂ ਜਿਵੇਂ ਕਿ ਮਰਾਠੇ, ਸਿੱਖ, ਰੁਹੇਲੇ, ਪਠਾਣ ਅਤੇ ਰਾਜਪੂਤ ਆਦਿ ਦਾ ਉਭਾਰ ਹੋਇਆ। ਇਹਨਾਂ ਦੇ ਆਪਸੀ ਝਗੜਿਆਂ ਨੇ ਬਹੁਤ ਸਾਰੀਆਂ ਵਿਦੇਸ਼ੀ ਸ਼ਕਤੀਆਂ ਪੁਰਤਗਾਲੀ, ਡੱਚ, ਅੰਗਰੇਜ਼ ਅਤੇ ਫਰਾਂਸੀਸੀਆਂ ਨੂੰ ਭਾਰਤ ਵਿੱਚ ਆਪਣੀ ਸਰਵਉੱਚਤਾ ਅਤੇ ਸਾਮਰਾਜ ਸਥਾਪਤ ਕਰਨ ਲਈ ਸੱਦਾ ਦਿੱਤਾ। ਭਾਰਤ ਵਿੱਚ ਇਹਨਾਂ ਯੂਰਪੀਨ ਸ਼ਕਤੀਆਂ ਦੇ ਆਉਣ ਨਾਲ ਆਧੁਨਿਕ ਕਾਲ ਦਾ ਆਰੰਭ ਹੋਇਆ।

ਇਸ ਲਈ ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ 16ਵੀਂ ਸਦੀ ਵਿੱਚ ਹੋਇਆ ਜਦੋਂ ਕਿ ਭਾਰਤ ਵਿੱਚ ਇਸ ਦਾ ਆਰੰਭ 18ਵੀਂ ਸਦੀ ਵਿੱਚ ਹੋਇਆ ਸੀ। ਉਸ ਸਮੇਂ ਵਿਦੇਸ਼ੀ ਸਮਾਜਾਂ ਨਾਲੋਂ ਭਾਰਤੀ ਸਮਾਜ ਵਿੱਚ ਬਹੁਤ ਸਾਰੀਆਂ ਬੁਰਾਈਆਂ ਪ੍ਰਚਲਿਤ ਸਨ, ਜਿਹਨਾਂ ਨੂੰ ਖਤਮ ਕਰਨ ਲਈ ਭਾਰਤੀ ਸਮਾਜ ਸੁਧਾਰਕਾਂ ਨੇ ਬਹੁਤ ਯਤਨ ਕੀਤੇ। ਉਸ ਸਮੇਂ ਆਰਥਿਕ ਖੇਤਰ ਵਿੱਚ ਵੀ ਬਹੁਤ ਸਾਰੀਆਂ ਕਮੀਆਂ ਸਨ। ਇਸ ਲਈ ਕਈ ਭਾਰਤੀ ਸ਼ਾਸਨ ਪ੍ਰਬੰਧਕਾਂ ਅਤੇ ਅਰਥਸ਼ਾਸਤਰੀਆਂ ਨੇ ਖੇਤੀ, ਵਪਾਰ ਅਤੇ ਉਦਯੋਗਾਂ ਵੱਲ ਵਿਸ਼ੇਸ਼ ਧਿਆਨ ਦਿੱਤਾ । ਉਸ ਸਮੇਂ ਭਾਰਤ ਵਿਚ ਬਹੁਤ ਸਾਰੇ ਸਕੂਲ ਅਤੇ ਕਾਲਜ ਸਥਾਪਿਤ ਕੀਤੇ ਗਏ, ਜਿੱਥੇ ਪੂਰਬੀ (ਭਾਰਤੀ) ਭਾਸ਼ਾਵਾਂ ਦੇ ਨਾਲ਼-ਨਾਲ਼ ਕਈ ਵਿਦੇਸ਼ੀ ਭਾਸ਼ਾਵਾਂ ਵੀ ਸਿਖਾਈਆਂ ਜਾਂਦੀਆਂ ਸਨ। ਪੱਛਮੀ ਸਿੱਖਿਆ ਅਤੇ ਸਾਹਿਤ ਦੇ ਨਾਲ਼-ਨਾਲ਼ ਪੱਛਮੀ ਵਿਚਾਰਾਂ ਨੇ ਵੀ ਭਾਰਤੀਆਂ ਨੂੰ ਜਾਗ੍ਰਿਤ ਕੀਤਾ। ਇਸ ਤਰ੍ਹਾਂ ਭਾਰਤ ਵਿੱਚ ਆਧੁਨਿਕ ਯੁਗ ਦਾ ਆਰੰਭ ਹੋਇਆ।

ਜਿਉਂ ਹੀ ਭਾਰਤ ਦੇ ਲੋਕਾਂ ਨੇ ਪੱਛਮੀ ਸਭਿਆਚਾਰ, ਇਤਿਹਾਸ ਅਤੇ ਦਰਸ਼ਨ ਸ਼ਾਸਤਰ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤਾਂ ਉਹਨਾਂ ਵਿੱਚ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਹੋਈ। ਹੁਣ ਭਾਰਤੀ ਲੋਕ

ਆਪਣੇ ਦੇਸ਼ ਵਿਚ ਅੰਗਰੇਜ਼ੀ ਰਾਜ ਅਤੇ ਆਪਣੀ ਮਾਤ ਭੂਮੀ ਦੇ ਸ਼ੋਸ਼ਣ ਨੂੰ ਕਿਵੇਂ ਸਹਿਣ ਕਰ ਸਕਦੇ ਸਨ। ਇਸ ਲਈ ਉਹਨਾਂ ਨੇ ਅੰਗਰੇਜ਼ੀ ਰਾਜ ਵਿਰੁੱਧ ਰਾਸ਼ਟਰੀ ਅੰਦੋਲਨ ਸ਼ੁਰੂ ਕਰ ਦਿੱਤਾ ਅਤੇ ਅਨੇਕਾਂ ਕੁਰਬਾਨੀਆਂ ਅਤੇ ਅਸਹਿ ਦੁੱਖ ਤਕਲੀਫ਼ਾਂ ਤੋਂ ਬਾਦ 1947 ਈ. ਵਿੱਚ ਭਾਰਤ ਨੇ ਆਜ਼ਾਦੀ ਪ੍ਰਾਪਤ ਕੀਤੀ।

ਭਾਰਤ ਦੇ ਆਜ਼ਾਦ ਹੋਣ ਮਗਰੋਂ ਇਸ ਦੇ ਪੁਨਰ ਸੰਗਠਨ ਅਤੇ ਇਸ ਦੀ ਅਰਥ ਵਿਵਸਥਾ ਮੁੜ ਸਥਾਪਿਤ ਕਰਨ ਦਾ ਕੰਮ ਸ਼ੁਰੂ ਹੋਇਆ। ਭਾਰਤ ਨੇ ਲਗਾਤਾਰ ਤਰੱਕੀ ਕਰਨ ਤੋਂ ਬਾਅਦ ਸੰਸਾਰ ਦੇ ਮਹਾਨ ਦੇਸ਼ਾਂ ਵਿੱਚ ਆਪਣਾ ਸਥਾਨ ਕਾਇਮ ਕੀਤਾ। ਇਸ ਤਰ੍ਹਾਂ ਭਾਰਤੀ ਆਧੁਨਿਕ-ਯੁੱਗ ਬਹੁਤ ਸਾਰੇ ਤਣਾਓ, ਦਬਾਓ, ਚੁਣੌਤੀਆਂ ਅਤੇ ਉਤਰਾਅ-ਚੜ੍ਹਾਅ ਨਾਲ ਅਸੀਂ ਭਾਰਤੀ ਲੋਕ ਉੱਨਤ ਅਤੇ ਖੁਸ਼ਹਾਲ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ।

## ਆਧੁਨਿਕ ਕਾਲ ਦੌਰਾਨ ਪ੍ਰਮੁੱਖ ਪ੍ਰਗਤੀਆਂ

ਭਾਰਤੀ ਇਤਿਹਾਸ ਵਿੱਚ 18ਵੀਂ ਸਦੀ ਦੇ ਕਾਲ ਨੂੰ ਹਨੇਰ ਯੁੱਗ ਸਮਝਿਆ ਜਾਂਦਾ ਹੈ ਕਿਉਂਕਿ ਇਸ ਕਾਲ ਵਿੱਚ ਮੁਗਲ ਸਾਮਰਾਜ ਦੇ ਪਤਨ ਤੋਂ ਬਾਅਦ ਨਾ ਕੇਵਲ ਸਥਾਨਕ ਤਾਕਤਾਂ ਦੁਆਰਾ ਸਗੋਂ ਸਥਾਨਕ ਅਤੇ ਵਿਦੇਸ਼ੀ ਤਾਕਤਾਂ ਵਿਚਕਾਰ ਵੀ ਆਪਣੀ ਸਰਵਉੱਚਤਾ ਸਥਾਪਤ ਕਰਨ ਲਈ ਆਪਸੀ ਸੰਘਰਸ਼ ਸ਼ੁਰੂ ਹੋ ਗਿਆ ਸੀ।

ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਮੁਗਲ ਸਾਮਰਾਜ ਦੀ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਬਹੁਤ ਸਾਰੀਆਂ ਰਿਆਸਤਾਂ ਆਜ਼ਾਦ ਹੋ ਗਈਆਂ ਸਨ। 1724 ਈ. ਵਿੱਚ ਸਭ ਤੋਂ ਪਹਿਲਾਂ ਨਿਜ਼ਾਮ-ਉਲ-ਮੁਲਕ ਨੇ ਹੈਦਰਾਬਾਦ ਸੁਤੰਤਰ ਰਾਜ ਦੀ ਨੀਂਹ ਰੱਖੀ। ਉਸ ਦੇ ਪਿੱਛੋਂ ਮੁਰਸ਼ਿਦ ਕੁਲੀ ਖਾਂ ਅਤੇ ਅਲੀ ਵਰਦੀ ਖਾਂ ਨੇ ਬੰਗਾਲ ਰਾਜ ਨੂੰ ਸੁਤੰਤਰ ਕੀਤਾ। 1739 ਈ. ਵਿੱਚ ਸਆਦਤ ਖਾਂ ਨੇ ਅਵਧ ਨੂੰ ਇੱਕ ਸੁਤੰਤਰ ਰਾਜ ਬਣਾਇਆ। ਦੱਖਣ ਵਿੱਚ ਮੈਸੂਰ ਸੁਤੰਤਰ ਰਾਜ ਦੀ ਸਥਾਪਨਾ ਹੋਈ, ਜਿਸ ਦਾ ਸ਼ਾਸਕ ਹੈਦਰ ਅਲੀ ਅਤੇ ਉਸ ਦਾ ਪੁੱਤਰ ਟੀਪੂ ਸੁਲਤਾਨ ਸੀ। ਮਰਾਠਿਆਂ ਨੇ ਵੀ ਪੇਸ਼ਵਿਆਂ ਦੀ ਅਗਵਾਈ ਹੇਠ ਮੁਗਲਾਂ ਦੇ ਇਲਾਕਿਆਂ ਤੇ ਹਮਲਾ ਕਰ ਦਿੱਤਾ।

ਯੂਰਪੀਨ ਸ਼ਕਤੀਆਂ ਪੁਰਤਗਾਲੀ, ਡੱਚ, ਫਰਾਂਸੀਸੀ ਅਤੇ ਅੰਗਰੇਜ਼ਾਂ ਨੇ ਵੀ ਭਾਰਤ ਵਿੱਚ ਆਪਣਾ-ਆਪਣਾ ਸਾਮਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਵਿਚਕਾਰ 1744 ਈ. ਤੋਂ 1763 ਈ. ਤੱਕ ਕਰਨਾਟਕ ਵਿੱਚ ਤਿੰਨ ਯੁੱਧ ਹੋਏ, ਜਿਨ੍ਹਾਂ ਵਿੱਚ ਅੰਗਰੇਜ਼ਾਂ ਨੂੰ ਜਿੱਤ ਪ੍ਰਾਪਤ ਹੋਈ।

ਮੁਗਲ ਸਾਮਰਾਜ ਦੇ ਪਤਨ ਤੋਂ ਬਾਅਦ ਭਾਰਤ ਵਿੱਚ ਅਸ਼ਾਂਤੀ ਅਤੇ ਅਵਿਵਸਥਾ ਦੇ ਕਾਰਨ ਦੇਸ਼ ਦੀ ਆਰਥਿਕ ਤਾਕਤ ਉੱਤੇ ਮਾੜਾ ਪ੍ਰਭਾਵ ਪਿਆ ਅੰਗਰੇਜ਼ਾਂ ਨੇ ਭਾਰਤੀ ਵਪਾਰ 'ਤੇ ਅਧਿਕਾਰ ਕਰ ਲਿਆ, ਜਿਸਦਾ ਪ੍ਰਭਾਵ ਭਾਰਤੀ ਕਲਾ ਅਤੇ ਹਸਤਕਲਾ 'ਤੇ ਪਿਆ, ਜਿਸਦੇ ਲਈ ਭਾਰਤ ਸੰਸਾਰ ਭਰ ਵਿੱਚ ਪ੍ਰਸਿੱਧ ਸੀ।

## ਆਧੁਨਿਕ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤ

ਇਤਿਹਾਸ ਤੱਥਾਂ ਉੱਤੇ ਅਧਾਰਤ ਹੈ। ਇਸ ਲਈ ਇਸ ਦੀ ਰਚਨਾ ਕਰਨ ਲਈ ਇਤਿਹਾਸਕਾਰਾਂ ਨੂੰ ਵੱਖ-ਵੱਖ ਇਤਿਹਾਸਕ ਸ੍ਰੋਤਾਂ ਤੇ ਨਿਰਭਰ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਆਧੁਨਿਕ ਭਾਰਤੀ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਸਾਰੇ ਸ੍ਰੋਤ ਹਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਸ੍ਰੋਤ ਹੇਠ ਲਿਖੇ ਹਨ :


1. **ਪੁਸਤਕਾਂ** : ਆਧੁਨਿਕ ਕਾਲ ਵਿੱਚ ਛਾਪੇਖਾਨੇ ਦੀ ਖੋਜ ਕਰਨ ਨਾਲ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਛਾਪੀਆਂ ਗਈਆਂ ਸਨ ਜਿਨ੍ਹਾਂ ਦਾ ਅਧਿਐਨ ਕਰਨ ਨਾਲ ਸਾਨੂੰ ਸਾਹਿਤ, ਕਲਾ, ਵਿਗਿਆਨ, ਇਤਿਹਾਸ ਅਤੇ ਸੰਗੀਤ ਆਦਿ ਖੇਤਰਾਂ ਵਿੱਚ ਕੀਤੀ ਤਰੱਕੀ ਬਾਰੇ ਜਾਣਕਾਰੀ ਮਿਲਦੀ ਹੈ।

2. **ਸਰਕਾਰੀ ਦਸਤਾਵੇਜ਼** : ਸਰਕਾਰੀ ਦਸਤਾਵੇਜ਼ ਵੀ ਭਾਰਤੀ ਆਧੁਨਿਕ ਕਾਲ ਦੇ ਇਤਿਹਾਸ ਦਾ ਇੱਕ ਹੋਰ ਮਹੱਤਵਪੂਰਨ ਸ੍ਰੋਤ ਹਨ, ਜਿਨ੍ਹਾਂ ਦਾ ਅਧਿਐਨ ਕਰਨ ਨਾਲ ਸਾਨੂੰ ਵੱਖ-ਵੱਖ ਭਾਰਤੀ ਤਾਕਤਾਂ ਅਤੇ ਵਿਦੇਸ਼ੀ

ਤਾਕਤਾਂ ਦੇ ਆਪਸੀ ਵਿਹਾਰ ਅਤੇ ਕਿਸ ਤਰ੍ਹਾਂ ਅੰਗਰੇਜ਼ਾਂ ਨੇ ਭਾਰਤੀ ਤਾਕਤਾਂ ਨੂੰ ਆਪਣੇ ਅਧੀਨ ਕੀਤਾ, ਬਾਰੇ ਜਾਣਕਾਰੀ ਮਿਲਦੀ ਹੈ। ਇਹਨਾਂ ਤੋਂ ਸਾਨੂੰ ਅੰਗਰੇਜ਼ਾਂ ਦੁਆਰਾ ਭਾਰਤੀ ਲੋਕਾਂ ਦੇ ਆਰਥਿਕ ਸ਼ੋਸ਼ਣ ਕਰਨ ਸਬੰਧੀ ਵੀ ਜਾਣਕਾਰੀ ਮਿਲਦੀ ਹੈ।

3. **ਅਖ਼ਬਾਰਾਂ, ਮੈਗਜ਼ੀਨ ਅਤੇ ਰਸਾਲੇ :** ਪੁਸਤਕਾਂ ਅਤੇ ਸਰਕਾਰੀ ਦਸਤਾਵੇਜ਼ ਵਾਂਗ ਵੱਖ-ਵੱਖ ਭਾਸ਼ਾਵਾਂ ਵਿਚ ਛਾਪੇ ਗਏ ਅਖ਼ਬਾਰਾਂ, ਮੈਗਜ਼ੀਨਾਂ ਅਤੇ ਰਸਾਲਿਆਂ ਆਦਿ ਤੋਂ ਵੀ ਸਾਨੂੰ ਭਾਰਤ ਦੇ ਆਧੁਨਿਕ ਕਾਲ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਹਨਾਂ ਵਿੱਚੋਂ ਕੁੱਝ ਅਖ਼ਬਾਰ ਜਿਵੇਂ ਕਿ ਦੀ ਟ੍ਰਿਬਊਨ, ਦੀ ਟਾਈਮਜ਼ ਆਫ਼ ਇੰਡੀਆ ਆਦਿ ਅੱਜ ਵੀ ਛਾਪੇ ਜਾਂਦੇ ਹਨ।

4. **ਇਤਿਹਾਸਕ ਇਮਾਰਤਾਂ :** ਇਤਿਹਾਸਕ ਇਮਾਰਤਾਂ ਵੀ ਆਧੁਨਿਕ ਭਾਰਤੀ ਇਤਿਹਾਸ ਦਾ ਮਹੱਤਵਪੂਰਨ ਸ੍ਰੋਤ ਹਨ। ਅਸੀਂ ਅੱਜ ਵੀ ਭਾਰਤ ਵਿੱਚ ਅਜਿਹੀਆਂ ਕਈ ਇਤਿਹਾਸਕ ਇਮਾਰਤਾਂ ਵੇਖ ਸਕਦੇ ਹਾਂ ਜਿਵੇਂ ਕਿ ਇੰਡੀਆ ਗੇਟ, ਕੇਂਦਰੀ ਸਕੱਤਰੇਤ, ਰਾਸ਼ਟਰਪਤੀ ਭਵਨ, ਸੰਸਦ ਭਵਨ, ਬਿਰਲਾ ਹਾਊਸ ਆਦਿ। ਇਹ ਸਾਰੇ ਸਾਨੂੰ ਭਾਰਤ ਦੀ ਭਵਨ ਉਸਾਰੀ ਕਲਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿੰਦੇ ਹਨ।




*ਚਿੱਤਰ 7.1 ਰਾਸ਼ਟਰਪਤੀ ਭਵਨ, ਦਿੱਲੀ*



*ਚਿੱਤਰ 7.2 ਸੰਸਦ ਭਵਨ, ਦਿੱਲੀ*

5. **ਚਿਤਰਕਾਰੀ ਅਤੇ ਬੁੱਤ ਕਲਾ :** ਬਹੁਤ ਸਾਰੇ ਬੁੱਤ ਅਤੇ ਚਿੱਤਰ ਵੀ ਮਹੱਤਵਪੂਰਨ ਇਤਿਹਾਸਕ ਸ੍ਰੋਤ ਹਨ। ਇਹ ਸਾਨੂੰ ਰਾਸ਼ਟਰੀ ਨੇਤਾਵਾਂ ਅਤੇ ਮਹਾਨ ਇਤਿਹਾਸਕ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦਿੰਦੇ ਹਨ।



*ਚਿੱਤਰ 7.3 ਇੰਡੀਆ ਗੇਟ, ਦਿੱਲੀ*

## ਯਾਦ ਰੱਖਣ ਯੋਗ ਨੁਕਤੇ

1. ਭਾਰਤੀ ਇਤਿਹਾਸ ਨੂੰ ਤਿੰਨ ਕਾਲਾਂ-ਪ੍ਰਾਚੀਨ, ਮੱਧਕਾਲੀਨ ਅਤੇ ਆਧੁਨਿਕ ਕਾਲ ਵਿੱਚ ਵੰਡਿਆ ਗਿਆ ਹੈ।
2. ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ 18ਵੀਂ ਸਦੀ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਪਿੱਛੋਂ ਹੋਇਆ।
3. ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ 16ਵੀਂ ਸਦੀ ਵਿੱਚ ਹੋਇਆ।
4. 1724 ਈ. ਵਿੱਚ ਨਿਜ਼ਾਮ-ਉੱਲ-ਮੁਲਕ ਨੇ ਹੈਦਰਾਬਾਦ ਸੁਤੰਤਰ ਰਾਜ ਦੀ ਨੀਂਹ ਰੱਖੀ।
5. 1739 ਈ. ਵਿੱਚ ਸ਼ਆਦਤ ਖਾਂ ਨੇ ਅਵਧ ਨੂੰ ਇੱਕ ਸੁਤੰਤਰ ਰਾਜ ਬਣਾਇਆ।
6. ਫਰਾਂਸੀਸੀਆਂ ਅਤੇ ਅੰਗਰੇਜ਼ਾਂ ਦੇ ਵਿਚਕਾਰ 1744 ਈ. ਤੋਂ 1763 ਈ. ਤੱਕ ਕਰਨਾਟਕ ਵਿੱਚ ਤਿੰਨ ਯੁੱਧ ਹੋਏ। ਅੰਗਰੇਜ਼ ਇਹਨਾਂ ਯੁੱਧਾਂ ਵਿੱਚ ਜੇਤੂ ਰਹੇ।
7. ਆਧੁਨਿਕ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤ ਪੁਸਤਕਾਂ, ਸਰਕਾਰੀ ਦਸਤਾਵੇਜ਼, ਅਖਬਾਰਾਂ, ਮੈਗਜ਼ੀਨ ਅਤੇ ਰਸਾਲੇ ਅਤੇ ਇਤਿਹਾਸਕ ਇਮਾਰਤਾਂ ਆਦਿ ਸਨ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ—**

1. ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿਹੜੇ ਤਿੰਨ ਕਾਲਾਂ ਵਿਚ ਵੰਡਿਆ ਹੈ ?
2. ਭਾਰਤ ਵਿਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ ?

3. ਆਧੁਨਿਕ ਕਾਲ ਦੌਰਾਨ ਭਾਰਤ ਵਿਚ ਆਈਆਂ ਯੂਰਪੀਨ ਸ਼ਕਤੀਆਂ ਦੇ ਨਾਂ ਲਿਖੋ।
4. ਕਦੋਂ ਅਤੇ ਕਿਸ ਨੇ ਅਵਧ ਰਾਜ ਨੂੰ ਸੁਤੰਤਰ ਰਾਜ ਘੋਸ਼ਿਤ ਕੀਤਾ ?
5. ਪੁਸਤਕਾਂ ਇਤਿਹਾਸਕ ਸ੍ਰੋਤ ਦੇ ਰੂਪ ਵਿਚ ਸਾਡੀ ਕਿਵੇਂ ਸਹਾਇਤਾ ਕਰਦੀਆਂ ਹਨ ?
6. ਇਤਿਹਾਸਕ ਇਮਾਰਤਾਂ ਬਾਰੇ ਸੰਖੇਪ ਜਾਣਕਾਰੀ ਲਿਖੋ।
7. ਅਖ਼ਬਾਰਾਂ, ਮੈਗਜ਼ੀਨ ਅਤੇ ਰਸਾਲੇ ਇਤਿਹਾਸ ਲਿਖਣ ਲਈ ਕਿਵੇਂ ਸਹਾਇਕ ਹੁੰਦੇ ਹਨ ?
8. ਸਰਕਾਰੀ ਦਸਤਾਵੇਜ਼ਾਂ ਤੇ ਨੋਟ ਲਿਖੋ।

**2. ਹੇਠ ਲਿਖੇ ਖਾਲੀ ਸਥਾਨ ਭਰੋ—**

1. ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ .............. ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ।
2. ਭਾਰਤ ਵਿੱਚ 16ਵੀਂ ਸਦੀ ਵਿੱਚ .............. ਕਾਲ ਸੀ।
3. 18ਵੀਂ ਸਦੀ ਵਿੱਚ ਭਾਰਤ ਵਿੱਚ .............., .............., .............. ਪਠਾਣ ਅਤੇ ਰਾਜਪੂਤ ਆਦਿ ਨਵੀਆਂ ਸ਼ਕਤੀਆਂ ਦਾ ਉਭਾਰ ਹੋਇਆ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ :**

1. 18ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਪ੍ਰਚਲਿਤ ਸਨ। ☐
2. ਪੱਛਮੀ ਸਿੱਖਿਆ ਅਤੇ ਸਾਹਿਤ ਦੇ ਨਾਲ਼-ਨਾਲ਼ ਪੱਛਮੀ ਵਿਚਾਰਾਂ ਨੇ ਵੀ ਭਾਰਤੀਆਂ ਨੂੰ ਜਾਗ੍ਰਿਤ ਕੀਤਾ। ☐
3. 18ਵੀਂ ਸਦੀ ਵਿੱਚ ਭਾਰਤ ਵਿੱਚ ਮੁਗਲਾਂ ਦਾ ਸਾਮਰਾਜ ਬਹੁਤ ਸ਼ਕਤੀਸ਼ਾਲੀ ਸੀ। ☐

## ਕੁਝ ਕਰਨ ਲਈ

ਇਕ ਚਾਰਟ 'ਤੇ ਆਧੁਨਿਕ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤ ਲਿਖ ਕੇ ਨਾਲ ਇੱਕ-ਇੱਕ ਤਸਵੀਰ ਵੀ ਲਗਾਓ ਅਤੇ ਇਸ ਚਾਰਟ ਨੂੰ ਆਪਣੀ ਕਲਾਸ ਦੇ ਕਮਰੇ ਵਿੱਚ ਲਗਾਓ।



# ਪਾਠ 8

# ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ

## ਵਪਾਰ

ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਯੂਰਪੀ ਦੇਸ਼ਾਂ ਨਾਲ ਵਪਾਰਕ ਸੰਬੰਧ ਸਥਾਪਤ ਸਨ। ਭਾਰਤ-ਯੂਰਪੀ ਵਪਾਰ ਦੇ ਤਿੰਨ ਮੁੱਖ ਰਸਤੇ ਸਨ। ਇਹ ਰਸਤੇ 15ਵੀਂ ਸਦੀ ਵਿੱਚ ਪੱਛਮੀ ਏਸ਼ੀਆ ਅਤੇ ਦੱਖਣ-ਪੂਰਬੀ ਯੂਰਪ ਦੇ ਪ੍ਰਦੇਸ਼ਾਂ ਵਿੱਚ ਤੁਰਕਾਂ ਦਾ ਸਾਮਰਾਜ ਸਥਾਪਤ ਹੋ ਜਾਣ ਕਰਕੇ ਬੰਦ ਹੋ ਗਏ। ਇਸ ਕਰਕੇ ਯੂਰਪੀ ਦੇਸ਼ਾਂ ਨੇ ਭਾਰਤ ਨਾਲ ਵਪਾਰ ਕਰਨ ਲਈ ਨਵੇਂ ਸਮੁੰਦਰੀ ਰਸਤੇ ਲੱਭਣੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਪੁਰਤਗਾਲੀ ਕਪਤਾਨ ਵਾਸਕੋ-ਡੇ-ਗਾਮਾ ਸਭ ਤੋਂ ਪਹਿਲਾਂ 27 ਮਈ, 1498 ਈ. ਨੂੰ ਭਾਰਤ ਵਿੱਚ ਕਾਲੀਕਟ ਵਿਖੇ ਪਹੁੰਚਿਆ। ਇਸ ਤੋਂ ਉਤਸ਼ਾਹਿਤ ਹੋ ਕੇ ਪੁਰਤਗਾਲੀਆਂ ਨੇ ਭਾਰਤ ਨਾਲ ਵਪਾਰ ਕਰਨਾ ਸ਼ੁਰੂ ਕਰ ਦਿੱਤਾ।



*ਚਿੱਤਰ—ਵਾਸਕੋ-ਡੇ-ਗਾਮਾ*

## ਵਪਾਰ ਯੁੱਧ

ਪੁਰਤਗਾਲੀਆਂ ਤੋਂ ਬਾਅਦ ਡੱਚ, ਅੰਗਰੇਜ਼ ਅਤੇ ਫਰਾਂਸੀਸੀਆਂ ਨੇ ਵੀ ਭਾਰਤ ਨਾਲ ਆਪਣੇ ਵਪਾਰਕ ਸਬੰਧ ਸਥਾਪਤ ਕਰ ਲਏ। ਉਹਨਾਂ ਦੁਆਰਾ ਭਾਰਤ ਨਾਲ ਵਪਾਰ ਕਰਨ ਕਾਰਨ ਉਹਨਾਂ ਵਿਚ ਆਪਸੀ ਯੁੱਧ ਸ਼ੁਰੂ ਹੋ ਗਏ। ਹੌਲ਼ੀ-ਹੌਲ਼ੀ ਉਨ੍ਹਾਂ ਨੇ ਭਾਰਤ ਵਿੱਚ ਆਪਣੀਆਂ-ਆਪਣੀਆਂ ਬਸਤੀਆਂ ਕਾਇਮ ਕਰ ਲਈਆਂ। ਪੁਰਤਗਾਲੀਆਂ ਦੀਆਂ ਪ੍ਰਮੁੱਖ ਬਸਤੀਆਂ-ਗੋਆ, ਦਮਨ, ਸਾਲਸੈੱਟ, ਬਾਸੀਨ, ਮੁੰਬਈ ਅਤੇ ਹੁਗਲੀ ਸਨ ਜਦ ਕਿ ਡੱਚਾਂ ਦੀਆਂ ਬਸਤੀਆਂ ਕੋਚੀਨ, ਸੂਰਤ, ਨਾਗਾਪਟਮ, ਪੁਲੀਕਟ ਅਤੇ ਚਿੰਨਸੁਰਾ ਸਨ। ਅੰਗਰੇਜ਼ਾਂ ਦੀਆਂ ਬਸਤੀਆਂ ਸੂਰਤ, ਅਹਿਮਦਾਬਾਦ, ਭਰੂਚ, ਆਗਰਾ, ਬੰਬਈ ਅਤੇ ਕਲਕੱਤਾ ਸਨ। ਫਰਾਂਸੀਸੀਆਂ ਦੀਆਂ ਬਸਤੀਆਂ ਪਾਂਡੀਚਰੀ, ਚੰਦਰ ਨਗਰ ਅਤੇ ਕਾਰੀਕਲ ਸਨ। ਸਮੇਂ ਦੇ ਬੀਤਨ ਨਾਲ ਇਹਨਾਂ ਬਸਤੀਆਂ ਉਪਰ ਅਧਿਕਾਰ ਕਰਨ ਲਈ ਇਹਨਾਂ ਚਾਰਾਂ ਯੂਰਪੀ ਸ਼ਕਤੀਆਂ ਵਿੱਚ ਆਪਸੀ ਸੰਘਰਸ਼ ਸ਼ੁਰੂ ਹੋ ਗਿਆ। 17ਵੀਂ ਸਦੀ ਤੱਕ ਪੁਰਤਗਾਲੀਆਂ ਅਤੇ ਡੱਚਾਂ ਦਾ ਭਾਰਤ ਵਿੱਚ ਪ੍ਰਭਾਵ ਘੱਟ ਹੋ ਗਿਆ ਸੀ। ਇਸ ਕਰਕੇ ਅੰਗਰੇਜ਼ ਅਤੇ ਫਰਾਂਸੀਸੀ ਸ਼ਕਤੀਆਂ ਵਿਚਕਾਰ ਭਾਰਤ ਵਿਚ ਯੂਰਪੀ ਵਪਾਰ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਸ਼ੁਰੂ ਹੋ ਗਿਆ। ਅੰਤ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ।

## ਬ੍ਰਿਟਿਸ਼ ਈਸਟ ਇੰਡੀਆ ਕੰਪਨੀ

ਇੰਗਲੈਂਡ ਦੇ ਵਪਾਰੀਆਂ ਦੇ ਮਰਚੈਂਟ ਐਡਵੇਂਚਰਸ ਨਾਮੀ ਗਰੁੱਪ ਨੇ ਭਾਰਤ ਨਾਲ ਵਪਾਰ ਕਰਨ ਲਈ 31 ਦਸੰਬਰ 1600 ਈ. ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕੀਤੀ। ਮਹਾਰਾਣੀ ਏਲਿਜ਼ਾਬੇਥ ਪਹਿਲੀ ਨੇ ਈਸਟ ਇੰਡੀਆ ਕੰਪਨੀ ਨੂੰ ਭਾਰਤ ਨਾਲ ਵਪਾਰ ਕਰਨ ਦਾ 15 ਸਾਲਾਂ ਲਈ ਏਕਾਧਿਕਾਰ ਦੇ ਦਿੱਤਾ। 1615 ਈ. ਵਿੱਚ ਕੰਪਨੀ ਦਾ ਪ੍ਰਤੀਨਿਧ ਸਰ ਥਾਮਸ ਰੋ ਜਹਾਂਗੀਰ ਤੋਂ ਵਪਾਰਕ ਸਹੂਲਤਾਂ ਲੈਣ ਵਿੱਚ ਸਫਲ ਹੋਇਆ।

ਅੰਗਰੇਜ਼ਾਂ ਨੇ ਆਪਣੀਆਂ ਵਪਾਰਕ ਬਸਤੀਆਂ ਸੂਰਤ, ਅਹਿਮਦਾਬਾਦ, ਬੜੋਚ ਅਤੇ ਆਗਰੇ ਵਿਖੇ ਸਥਾਪਤ ਕੀਤੀਆਂ। 1640 ਈ. ਵਿੱਚ ਅੰਗਰੇਜ਼ਾਂ ਨੇ ਮਦਰਾਸ (ਚੇਨੱਈ) ਵਿਖੇ ਇੱਕ ਬਸਤੀ ਸਥਾਪਤ ਕੀਤੀ। 1690 ਈ. ਵਿੱਚ ਅੰਗਰੇਜ਼ਾਂ ਨੇ ਕਲਕੱਤੇ (ਕੋਲਕਾਤਾ) ਵਿਖੇ ਬਸਤੀ ਸਥਾਪਤ ਕੀਤੀ ਅਤੇ ਉੱਥੇ ਫੋਰਟ ਵਿਲੀਅਮ ਨਾਂ ਦੇ ਕਿਲ੍ਹੇ ਦੀ ਉਸਾਰੀ ਕੀਤੀ। 1717 ਈ. ਵਿੱਚ ਈਸਟ ਇੰਡੀਆ ਕੰਪਨੀ ਨੂੰ ਮੁਗਲ ਸਮਰਾਟ ਫਰੁਖਸੀਅਰ ਤੋਂ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ 3000 ਰੁਪਏ ਸਲਾਨਾ ਕਰ ਦੇ ਬਦਲੇ ਬਿਨਾਂ ਚੁੰਗੀ ਕਰ ਦਿੱਤੇ ਵਪਾਰ ਕਰਨ ਦਾ ਅਧਿਕਾਰ ਮਿਲ ਗਿਆ। ਅੰਗਰੇਜ਼ ਭਾਰਤ ਵਿੱਚ ਪਾਰਾ, ਸਿੱਕਾ ਅਤੇ ਕੱਪੜਾ ਭੇਜਦੇ ਸਨ ਅਤੇ ਭਾਰਤ ਤੋਂ ਸੂਤੀ ਅਤੇ ਰੇਸ਼ਮੀ ਕੱਪੜਾ, ਗਰਮ ਮਸਾਲੇ, ਨੀਲ ਅਤੇ ਅਫੀਮ ਮੰਗਵਾਉਂਦੇ ਸਨ। ਹੌਲ਼ੀ-ਹੌਲ਼ੀ ਅੰਗਰੇਜ਼ਾਂ ਨੇ ਭਾਰਤ ਦੇ ਰਾਜਨੀਤਿਕ ਮਾਮਲਿਆਂ ਵਿੱਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਅਤੇ ਉਹ ਭਾਰਤ ਵਿੱਚ ਇੱਕ ਸਰਵ-ਉੱਚ ਸ਼ਕਤੀ ਬਣ ਗਏ।

## ਫਰਾਂਸੀਸੀ ਈਸਟ ਇੰਡੀਆ ਕੰਪਨੀ

ਭਾਰਤ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਤੋਂ ਪਿੱਛੋਂ 1664 ਈ. ਵਿੱਚ ਫਰਾਂਸੀਸੀਆਂ ਨੇ ਭਾਰਤ ਵਿੱਚ ਆਪਣੀ ਵਪਾਰਕ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕੀਤੀ। ਇਸ ਕੰਪਨੀ ਨੇ ਚੰਦਰ ਨਗਰ, ਮਾਹੀ ਅਤੇ ਕਾਰੀਕਲ ਵਿਖੇ ਆਪਣੀਆਂ ਬਸਤੀਆਂ ਸਥਾਪਤ ਕੀਤੀਆਂ। ਡੂਮਾ ਅਤੇ ਡੁਪਲੇ ਫਰਾਂਸੀਸੀ ਗਵਰਨਰਾਂ ਦੀ ਅਗਵਾਈ ਹੇਠ ਫਰਾਂਸੀਸੀ ਈਸਟ ਇੰਡੀਆ ਕੰਪਨੀ ਦੀ ਬੜੀ ਉੱਨਤੀ ਹੋਈ। ਫਰਾਂਸ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ ਅੰਗਰੇਜ਼ਾਂ ਨੇ ਫਰਾਂਸੀਸੀਆਂ ਨਾਲ ਸੰਘਰਸ਼ ਸ਼ੁਰੂ ਕਰ ਦਿੱਤਾ।



*ਡੁਪਲੇ*

## ਐਂਗਲੋ-ਫਰਾਂਸੀਸੀ ਦੁਸ਼ਮਣੀ

ਅੰਗਰੇਜ਼ਾਂ ਅਤੇ ਫਰਾਂਸੀਸੀਆਂ ਵਿਚਾਲੇ ਭਾਰਤ ਵਿੱਚ ਆਪਣੀ ਵਪਾਰਕ ਅਤੇ ਰਾਜਨੀਤਿਕ ਸਰਵ-ਉੱਚਤਾ ਕਾਇਮ ਕਰਨ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਸ ਸੰਘਰਸ਼ ਦੇ ਅਧੀਨ ਕਰਨਾਟਕ ਵਿੱਚ ਤਿੰਨ ਯੁੱਧ ਹੋਏ, ਜਿਨ੍ਹਾਂ ਵਿੱਚ ਅੰਗਰੇਜ਼ਾਂ ਨੂੰ ਜਿੱਤ ਪ੍ਰਾਪਤ ਹੋਈ। ਇਹਨਾਂ ਤਿੰਨ ਯੁੱਧਾਂ ਦਾ ਵਿਸਤਾਰਪੂਰਵਕ ਵਰਨਣ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ।

**ਕਰਨਾਟਕ ਦਾ ਪਹਿਲਾ ਯੁੱਧ 1746-48 ਈ:-** ਅੰਗਰੇਜ਼ੀ ਅਤੇ ਫਰਾਂਸੀਸੀ ਕੰਪਨੀਆਂ ਇਕ ਦੂਜੇ ਨੂੰ ਆਪਣੇ ਅਧੀਨ ਕਰਨਾ ਚਾਹੁੰਦੀਆਂ ਸਨ। ਇਸ ਕਰਕੇ 1740 ਈ. ਵਿੱਚ ਆਸਟਰੀਆ ਦੇ ਉਤਰਾਧਿਕਾਰੀ ਸੰਬੰਧੀ ਝਗੜੇ ਕਾਰਨ ਯੂਰਪ ਵਿੱਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਵਿਚਕਾਰ ਯੁੱਧ ਸ਼ੁਰੂ ਹੋ ਗਿਆ। ਇਸ ਯੁੱਧ ਦੇ ਸਿੱਟੇ ਵਜੋਂ ਭਾਰਤ ਵਿੱਚ ਵੀ ਇਹਨਾਂ ਦੋਹਾਂ ਸ਼ਕਤੀਆਂ ਵਿਚਕਾਰ ਪਹਿਲਾ ਕਰਨਾਟਕ ਯੁੱਧ ਸ਼ੁਰੂ ਹੋ ਗਿਆ।

1746 ਈ. ਵਿੱਚ ਫਰਾਂਸੀਸੀ ਗਵਰਨਰ ਡੁਪਲੇ ਨੇ ਮਦਰਾਸ ਵਿਖੇ ਅੰਗਰੇਜ਼ਾਂ ਦੀ ਬਸਤੀ ਉੱਤੇ ਅਧਿਕਾਰ ਕਰ ਲਿਆ ਜੋ ਕਿ ਅਜੋਕੇ ਕਰਨਾਟਕ ਰਾਜ ਵਿੱਚ ਸਥਿਤ ਸੀ। ਕਰਨਾਟਕ ਦੇ ਨਵਾਬ ਅਨਵਰੁੱਦੀਨ ਨੇ ਫਰਾਂਸੀਸੀਆਂ ਨੂੰ ਮਦਰਾਸ ਅੰਗਰੇਜ਼ਾਂ ਨੂੰ ਵਾਪਸ ਦੇਣ ਲਈ ਕਿਹਾ। ਪਰੰਤੂ ਜਦੋਂ ਉਹਨਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਅੰਗਰੇਜ਼ਾਂ ਨੇ ਬਦਲੇ ਵਿੱਚ ਪਾਂਡੀਚੇਰੀ ਉੱਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਅਸਫਲ ਰਹੇ। ਜਿਉਂ ਹੀ ਯੂਰਪ ਵਿੱਚ ਆਸਟਰੀਆ ਦਾ ਯੁੱਧ ਸਮਾਪਤ ਹੋਇਆ ਤਾਂ ਸਿੱਟੇ ਵਜੋਂ ਭਾਰਤ ਵਿੱਚ ਵੀ ਯੁੱਧ ਸਮਾਪਤ ਹੋ ਗਿਆ।

**ਕਰਨਾਟਕ ਦਾ ਦੂਜਾ ਯੁੱਧ :** ਕਰਨਾਟਕ ਦੇ ਪਹਿਲੇ ਯੁੱਧ ਤੋਂ ਬਾਅਦ ਕਰਨਾਟਕ ਅਤੇ ਹੈਦਰਾਬਾਦ ਵਿੱਚ ਰਾਜਗੱਦੀ

ਪ੍ਰਾਪਤ ਕਰਨ ਲਈ ਸ਼ੁਰੂ ਹੋਏ ਯੁੱਧ ਵਿੱਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੇ ਇੱਕ ਦੂਜੇ ਦੇ ਵਿਰੋਧੀਆਂ ਦੀ ਸਹਾਇਤਾ ਕੀਤੀ। ਇਸ ਕਾਰਨ ਫਰਾਂਸੀਸੀਆਂ ਅਤੇ ਅੰਗਰੇਜ਼ਾਂ ਵਿੱਚ ਕਰਨਾਟਕ ਦਾ ਦੂਜਾ ਯੁੱਧ ਸ਼ੁਰੂ ਹੋਇਆ।

1748 ਈ. ਵਿੱਚ ਹੈਦਰਾਬਾਦ ਦੇ ਨਿਜ਼ਾਮ ਆਸਿਫ ਸ਼ਾਹ ਦੀ ਮੌਤ ਹੋ ਗਈ। ਉਸ ਦੇ ਪੁੱਤਰ ਨਾਸਿਰ ਜੰਗ ਅਤੇ ਦੋਹਤੇ ਮੁਜੱਫਰ ਜੰਗ ਵਿੱਚ ਰਾਜਗੱਦੀ ਪ੍ਰਾਪਤ ਕਰਨ ਲਈ ਯੁੱਧ ਸ਼ੁਰੂ ਹੋ ਗਿਆ। ਇਸ ਯੁੱਧ ਵਿੱਚ ਅੰਗਰੇਜ਼ਾਂ ਨੇ ਨਾਸਿਰ ਜੰਗ ਅਤੇ ਫਰਾਂਸੀਸੀਆਂ ਨੇ ਮੁਜੱਫਰ ਜੰਗ ਦੀ ਸਹਾਇਤਾ ਕੀਤੀ।

ਇਸੇ ਤਰ੍ਹਾਂ ਚੰਦਾ ਸਾਹਿਬ ਫਰਾਂਸੀਸੀਆਂ ਦੀ ਸਹਾਇਤਾ ਨਾਲ ਨਵਾਬ ਅਨਵਰੁੱਦੀਨ ਨੂੰ ਹਟਾ ਕੇ ਕਰਨਾਟਕ ਦਾ ਨਵਾਬ ਬਣ ਗਿਆ। 1751 ਈ. ਵਿੱਚ ਜਦੋਂ ਮੁਜੱਫਰ ਜੰਗ ਦੀ ਮੌਤ ਹੋ ਗਈ ਤਾਂ ਫਰਾਂਸੀਸੀਆਂ ਨੇ ਸਲਾਬਤ ਜੰਗ ਨੂੰ ਹੈਦਰਾਬਾਦ ਦਾ ਨਵਾਬ ਬਣਾ ਦਿੱਤਾ। ਉਸ ਨੇ ਉੱਤਰੀ ਸਰਕਾਰ ਦੇ ਕੁੱਝ ਇਲਾਕੇ ਫਰਾਂਸੀਸੀਆਂ ਨੂੰ ਸੌਂਪ ਦਿੱਤੇ। ਇਸੇ ਦੌਰਾਨ ਇੱਕ ਅੰਗਰੇਜ਼ ਅਧਿਕਾਰੀ ਰਾਬਰਟ ਕਲਾਈਵ ਨੇ ਕਰਨਾਟਕ ਦੀ ਰਾਜਧਾਨੀ ਅਰਕਾਟ ਉੱਤੇ ਹਮਲਾ ਕਰ ਦਿੱਤਾ। ਚੰਦਾ ਸਾਹਿਬ ਨੂੰ ਮਾਰ ਦਿੱਤਾ ਗਿਆ ਅਤੇ ਮੁਹੰਮਦ ਅਲੀ ਨੂੰ ਕਰਨਾਟਕ ਦਾ ਨਵਾਬ ਬਣਾ ਦਿੱਤਾ ਗਿਆ। ਡੁਪਲੇ ਨੂੰ ਵਾਪਸ ਫਰਾਂਸ ਬੁਲਾ ਲਿਆ ਗਿਆ ਅਤੇ ਉਸ ਦੀ ਥਾਂ ਗੋਡੇਹਿਊ ਨੂੰ ਗਵਰਨਰ ਨਿਯੁਕਤ ਕੀਤਾ ਗਿਆ।


*ਰਾਬਰਟ ਕਲਾਈਵ*

**ਕਰਨਾਟਕ ਦਾ ਤੀਜਾ ਯੁੱਧ :** 1756 ਈ. ਵਿੱਚ ਯੂਰਪ ਵਿੱਚ ਇੰਗਲੈਂਡ ਅਤੇ ਫਰਾਂਸ ਵਿਚਕਾਰ ਸੱਤ ਸਾਲਾ ਯੁੱਧ ਸ਼ੁਰੂ ਹੋ ਗਿਆ ਸੀ। ਇਸ ਲਈ ਭਾਰਤ ਵਿੱਚ ਵੀ ਇਹਨਾਂ ਦੋਵਾਂ ਸ਼ਕਤੀਆਂ ਵਿਚਾਲੇ ਯੁੱਧ ਸ਼ੁਰੂ ਹੋ ਗਿਆ। ਫਰਾਂਸ ਦੀ ਸਰਕਾਰ ਨੇ ਭਾਰਤ ਵਿੱਚ ਅੰਗਰੇਜ਼ੀ ਸ਼ਕਤੀ ਨੂੰ ਖਤਮ ਕਰਨ ਲਈ 1758 ਈ. ਵਿੱਚ ਕਾਉਂਟ ਡੀ ਲਾਲੀ ਨੂੰ ਭਾਰਤ ਭੇਜਿਆ। ਪਰੰਤੂ ਉਹ ਅਸਫਲ ਰਿਹਾ। 1763 ਈ. ਵਿੱਚ ਯੂਰਪ ਵਿੱਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਵਿੱਚ ਪੈਰਿਸ ਦੀ ਸੰਧੀ ਹੋਈ ਅਤੇ ਇਸ ਨਾਲ ਯੁੱਧ ਦਾ ਅੰਤ ਹੋ ਗਿਆ। ਸਿੱਟੇ ਵਜੋਂ ਭਾਰਤ ਵਿੱਚ ਵੀ ਦੋਹਾਂ ਸ਼ਕਤੀਆਂ ਵਿੱਚ ਚਲ ਰਹੇ ਯੁੱਧ ਦੀ ਸਮਾਪਤੀ ਹੋ ਗਈ। ਇਸ ਸੰਧੀ ਅਨੁਸਾਰ ਪਾਂਡੀਚੇਰੀ ਅਤੇ ਮਾਹੀ ਆਦਿ ਬਸਤੀਆਂ ਫਰਾਂਸੀਸੀਆਂ ਨੂੰ ਵਾਪਸ ਕਰ ਦਿੱਤੀਆਂ ਗਈਆਂ। ਪਰੰਤੂ ਉਹਨਾਂ ਨੂੰ ਇਹਨਾਂ ਬਸਤੀਆਂ ਦੀ ਕਿਲ੍ਹੇਬੰਦੀ ਕਰਨ ਦੀ ਆਗਿਆ ਨਾ ਦਿੱਤੀ। ਹੁਣ ਉਹ ਭਾਰਤ ਵਿੱਚ ਕੇਵਲ ਵਪਾਰ ਹੀ ਕਰ ਸਕਦੇ ਸਨ। ਇਸ ਤਰ੍ਹਾਂ ਭਾਰਤ ਵਿੱਚ ਫਰਾਂਸੀਸੀਆਂ ਦਾ ਪ੍ਰਭਾਵ ਖ਼ਤਮ ਹੋ ਗਿਆ ਅਤੇ ਅੰਗਰੇਜ਼ੀ ਕੰਪਨੀ ਦੀ ਸਰਵ-ਉੱਚਤਾ ਕਾਇਮ ਹੋ ਗਈ।

## ਅੰਗਰੇਜ਼ਾਂ ਦੁਆਰਾ ਬੰਗਾਲ ਦੀ ਜਿੱਤ

ਅੰਗਰੇਜ਼ ਲੰਬੇ ਸਮੇਂ ਤੋਂ ਬੰਗਾਲ ਨਾਲ ਵਪਾਰ ਕਰ ਰਹੇ ਸਨ। 1717 ਈ. ਵਿੱਚ ਮੁਗਲ ਬਾਦਸ਼ਾਹ ਫਰੁਖਸੀਅਰ ਨੇ ਈਸਟ ਇੰਡੀਆ ਕੰਪਨੀ ਨੂੰ 3000 ਰੁਪਏ ਸਲਾਨਾ ਕਰ ਦੇਣ ਦੇ ਬਦਲੇ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਬਿਨ੍ਹਾਂ ਕਰ ਦਿੱਤੇ ਵਪਾਰ ਕਰਨ ਦੀ ਰਿਆਇਤ ਦੇ ਦਿੱਤੀ ਸੀ। ਪਰੰਤੂ ਉਹ ਆਪਣੇ ਨਿੱਜੀ ਵਪਾਰ ਤੇ ਵੀ ਕੋਈ ਕਰ ਨਹੀਂ ਦਿੰਦੇ ਸਨ। ਨਵਾਬ ਸਿਰਾਜ਼-ਉਦ-ਦੌਲਾ ਇਹ ਸਹਿਣ ਨਹੀਂ ਕਰ ਸਕਦਾ ਸੀ ਕਿਉਂਕਿ ਇਸ ਨਾਲ ਖਜ਼ਾਨੇ ਨੂੰ ਬਹੁਤ ਘਾਟਾ ਪੈ ਰਿਹਾ ਸੀ। 1756 ਈ. ਵਿੱਚ ਨਵਾਬ ਸਿਰਾਜ਼-ਉਦ-ਦੌਲਾ ਬੰਗਾਲ ਦਾ ਨਵਾਬ ਬਣਿਆ। ਬੰਗਾਲ ਦੀ ਵਪਾਰਕ ਪੱਖ ਤੋਂ ਬੜੀ ਮਹੱਤਤਾ ਸੀ। ਇਸ ਲਈ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੇ ਕਲਕੱਤੇ ਵਿੱਚ ਕਿਲ੍ਹੇਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ। ਪਰੰਤੂ ਨਵਾਬ ਸਿਰਾਜ਼-ਉਦ-ਦੌਲਾ ਇਸ ਨੂੰ ਸਹਿਣ ਨਾ

ਕਰ ਸਕਿਆ ਕਿਉਂਕਿ ਇਸ ਨਾਲ ਉਸ ਦੇ ਰਾਜ ਨੂੰ ਖਤਰਾ ਹੋ ਸਕਦਾ ਸੀ। ਇਸ ਲਈ ਉਸ ਨੇ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੂੰ ਕਿਲ੍ਹੇਬੰਦੀ ਕਰਨ ਤੋਂ ਰੋਕਿਆ।

ਫਰਾਂਸੀਸੀਆਂ ਨੇ ਸਿਰਾਜ਼-ਉਦ-ਦੌਲਾ ਦੀ ਗੱਲ ਮੰਨ ਲਈ ਜਦ ਕਿ ਅੰਗਰੇਜ਼ਾਂ ਨੇ ਨਾਂਹ ਕਰ ਦਿੱਤੀ। ਸਿਰਾਜ਼-ਉਦ-ਦੌਲਾ ਨੇ ਨਰਾਜ਼ ਹੋ ਕੇ ਕਲਕੱਤਾ (ਕੋਲਕਾਤਾ) ਵਿਖੇ ਅੰਗਰੇਜ਼ਾਂ ਦੀਆਂ ਬਸਤੀਆਂ ਤੇ ਅਧਿਕਾਰ ਕਰ ਲਿਆ। ਕੁੱਝ ਸਮੇਂ ਪਿੱਛੋਂ ਅੰਗਰੇਜ਼ਾਂ ਨੇ ਆਪਣੀਆਂ ਬਸਤੀਆਂ ਉੱਤੇ ਮੁੜ ਕਬਜ਼ਾ ਕਰ ਲਿਆ। ਇਸ ਕਰਕੇ ਸਿਰਾਜ਼-ਉਦ-ਦੌਲਾ ਨੂੰ ਬਹੁਤ ਗੁੱਸਾ ਚੜ੍ਹਿਆ ਅਤੇ ਉਹ ਅੰਗਰੇਜ਼ਾਂ ਨੂੰ ਕਲਕੱਤੇ ਵਿੱਚੋਂ ਕੱਢਣ ਲਈ ਕਲਕੱਤੇ ਵੱਲ ਚੱਲ ਪਿਆ। ਕਲਾਈਵ ਨੇ ਸਿਰਾਜ਼-ਉਦ-ਦੌਲਾ ਦੀ ਫੌਜ ਨੂੰ ਹਰਾ ਦਿੱਤਾ। ਇਸ ਕਰਕੇ ਸਿਰਾਜ਼-ਉਦ-ਦੌਲਾ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ, ਜੋ ਕਿ ਪਲਾਸੀ ਦੀ ਲੜਾਈ ਦਾ ਕਾਰਨ ਬਣੀ।

## ਪਲਾਸੀ ਦੀ ਲੜਾਈ (1757 ਈ:) :

ਪਲਾਸੀ ਨਾਮੀ ਸਥਾਨ ਉੱਤੇ 23 ਜੂਨ 1757 ਈ. ਨੂੰ ਸਿਰਾਜ਼-ਉਦ-ਦੌਲਾ ਅਤੇ ਰਾਬਰਟ ਕਲਾਈਵ ਦੀਆਂ ਸੈਨਾਵਾਂ ਵਿਚ ਲੜਾਈ ਹੋਈ। ਮੀਰ ਜਾਫ਼ਰ ਅਤੇ ਰਾਏ ਦੁਰਲਭ ਨੇ ਲੜਾਈ ਵਿੱਚ ਹਿੱਸਾ ਨਾ ਲਿਆ, ਕਿਉਂਕਿ ਇਹਨਾਂ ਦੇਸ਼ ਧਰੋਹੀਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਨਵਾਬ ਵਿਰੁੱਧ ਗੱਠਜੋੜ ਕੀਤਾ ਹੋਇਆ ਸੀ। ਨਵਾਬ ਲੜਾਈ ਵਿੱਚ ਹਾਰ ਗਿਆ। ਅੰਗਰੇਜ਼ਾਂ ਨੇ ਉਸ ਨੂੰ ਕੈਦੀ ਬਣਾ ਲਿਆ ਅਤੇ ਬਾਦ ਵਿੱਚ ਉਸ ਨੂੰ ਮਾਰ ਦਿੱਤਾ। ਇਸ ਕਰਕੇ ਕਲਾਈਵ ਨੇ ਮੀਰ ਜਾਫ਼ਰ ਨੂੰ ਬੰਗਾਲ ਦੀ ਰਾਜਗੱਦੀ ਉੱਤੇ ਬਿਠਾ ਦਿੱਤਾ। ਰਾਜ ਦੀ ਵਾਸਤਵਿਕ ਸ਼ਕਤੀ ਅੰਗਰੇਜ਼ੀ ਗਵਰਨਰ ਕਲਾਈਵ ਦੇ ਹੱਥ ਵਿੱਚ ਸੀ। ਉਸ ਨੇ ਨਵਾਬ ਮੀਰ ਜਾਫ਼ਰ ਨੂੰ ਗੱਦੀ ਤੋਂ ਉਤਾਰ ਦਿੱਤਾ ਅਤੇ ਉਸ ਦੇ ਜਵਾਈ ਨਵਾਬ ਮੀਰ ਕਾਸਿਮ ਨੂੰ ਗੱਦੀ ਉੱਤੇ ਬਿਠਾ ਦਿੱਤਾ।



*ਸਿਰਾਜ਼-ਉਦ-ਦੌਲਾ*

ਮੀਰ ਕਾਸਿਮ ਨੇ ਨਵਾਬ ਬਣਨ ਤੋਂ ਪਿੱਛੋਂ ਜਲਦੀ ਹੀ ਅੰਗਰੇਜ਼ਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕੀਤੀ। ਉਸ ਨੇ ਆਪਣੇ ਸੈਨਿਕਾਂ ਨੂੰ ਯੁੱਧ ਦੀ ਆਧੁਨਿਕ ਢੰਗ ਦੀ ਸਿਖਲਾਈ ਦੇਣ ਲਈ ਯੂਰਪੀਅਨ ਅਫ਼ਸਰਾਂ ਦੀ ਨਿਯੁਕਤੀ ਕੀਤੀ। ਮੀਰ ਕਾਸਿਮ ਨੇ ਭਾਰਤੀ ਵਪਾਰੀਆਂ ਦੇ ਮਾਲ ਉੱਤੇ ਲਏ ਜਾਣ ਵਾਲੇ ਕਰਾਂ ਨੂੰ ਘੱਟ ਕਰ ਦਿੱਤਾ ਤਾਂ ਕਿ ਅੰਗਰੇਜ਼ ਅਤੇ ਭਾਰਤੀ ਵਪਾਰੀ ਇੱਕੋ ਜਿਹੇ ਨਿਯਮਾਂ ਤਹਿਤ ਵਪਾਰ ਕਰ ਸਕਣ। ਇਸ ਨਾਲ ਅੰਗਰੇਜ਼ਾਂ ਨੂੰ ਬਹੁਤ ਹਾਨੀ ਹੋਈ ਅਤੇ ਉਹਨਾਂ ਨੇ ਮੀਰ ਕਾਸਿਮ ਦੇ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ। ਅੰਗਰੇਜ਼ਾਂ ਨੇ ਮੀਰ ਕਾਸਿਮ ਨੂੰ 1763 ਈ: ਵਿੱਚ ਕਟਵਾਹ, ਗਿਰੀਆ (Giria), ਸੂਤੀ ਅਤੇ ਉਦੇਨਾਲਾ ਦੇ ਸਥਾਨਾਂ ਤੇ ਹਰਾ ਦਿੱਤਾ ਸੀ। ਨਵਾਬ ਮੀਰ ਕਾਸਿਮ ਬੰਗਾਲ ਤੋਂ ਭੱਜ ਕੇ ਅਵਧ ਪਹੁੰਚ ਗਿਆ।

## ਬਕਸਰ ਦੀ ਲੜਾਈ 1764 ਈ:

ਮੀਰ ਕਾਸਿਮ ਨੇ ਅਵਧ ਦੇ ਨਵਾਬ ਸ਼ੁਜਾ-ਉਦ-ਦੌਲਾ ਤੋਂ ਅੰਗਰੇਜ਼ਾਂ ਵਿਰੁੱਧ ਸੈਨਿਕ ਸਹਾਇਤਾ ਮੰਗੀ। ਇਸ ਸਮੇਂ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਵੀ ਅਵਧ ਵਿੱਚ ਹੀ ਸੀ। ਮੀਰ ਕਾਸਿਮ, ਸ਼ੁਜਾ-ਉਦ-ਦੌਲਾ ਅਤੇ ਸ਼ਾਹ ਆਲਮ ਦੂਜੇ ਦੀਆਂ ਸੈਨਾਵਾਂ ਅੰਗਰੇਜ਼ਾਂ ਨਾਲ ਲੜਨ ਲਈ ਬਕਸਰ ਦੇ ਮੈਦਾਨ ਵਿੱਚ ਪਹੁੰਚ ਗਈਆਂ। ਦੂਜੇ ਪਾਸੇ ਮੇਜਰ ਮੁਨਰੋ ਵੀ ਆਪਣੀ ਸੈਨਾ ਨਾਲ ਬਕਸਰ ਵਿਖੇ ਪਹੁੰਚ ਗਿਆ। 23 ਅਕਤੂਬਰ, 1764 ਈ. ਨੂੰ ਦੋਹਾਂ ਸੈਨਾਵਾਂ ਵਿੱਚ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ। ਸ਼ੁਜਾ-ਉਦ-ਦੌਲਾ ਅਤੇ ਸ਼ਾਹ ਆਲਮ ਦੂਜੇ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ ਅਤੇ ਮੀਰ ਕਾਸਿਮ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ। ਅੰਗਰੇਜ਼ਾਂ, ਸ਼ੁਜਾ-ਉਦ-ਦੌਲਾ ਅਤੇ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜੇ ਵਿੱਚ 1765 ਈ. ਵਿੱਚ ਅਲਾਹਾਬਾਦ ਦੀ ਸੰਧੀ ਹੋਈ। ਇਸ ਸੰਧੀ ਅਨੁਸਾਰ ਸ਼ੁਜਾ-ਉਦ-ਦੌਲਾ ਨੂੰ 50 ਲੱਖ ਰੁਪਏ ਦੇ ਬਦਲੇ ਅਵਧ ਦਾ ਇਲਾਕਾ ਵਾਪਸ ਮੋੜ ਦਿੱਤਾ ਗਿਆ। ਈਸਟ ਇੰਡੀਆ ਕੰਪਨੀ ਨੂੰ ਅਵਧ ਵਿੱਚ ਬਿਨ੍ਹਾਂ ਕਰ ਵਪਾਰ ਕਰਨ ਦੀ ਪ੍ਰਵਾਨਗੀ ਮਿਲ ਗਈ। ਨਵਾਬ ਨੇ ਅਵਧ ਵਿੱਚ ਅੰਗਰੇਜ਼ੀ ਸੈਨਾ ਰੱਖਣੀ ਅਤੇ ਉਸ ਦਾ ਖਰਚਾ ਦੇਣਾ ਸਵੀਕਾਰ ਕਰ ਲਿਆ। ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ 26 ਲੱਖ ਰੁਪਏ ਸਲਾਨਾ ਪੈਨਸ਼ਨ ਦਿੱਤੀ ਗਈ। ਅਵਧ ਦੇ ਨਵਾਬ ਤੋਂ ਕੜਾ ਅਤੇ ਇਲਾਹਾਬਾਦ ਦੇ ਇਲਾਕੇ ਲੈ ਕੇ ਸ਼ਾਹ ਆਲਮ ਨੂੰ ਦਿੱਤੇ ਗਏ। ਸ਼ਾਹ ਆਲਮ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ (ਲਗਾਨ ਇਕੱਠਾ ਕਰਨ ਦਾ ਅਧਿਕਾਰ) ਅੰਗਰੇਜ਼ਾਂ ਨੂੰ ਦੇ ਦਿੱਤੀ। ਮੀਰ ਕਾਸਿਮ ਨੂੰ ਗੱਦੀ ਤੋਂ ਉਤਾਰ ਕੇ ਮੀਰ ਜਾਫ਼ਰ ਨੂੰ ਇੱਕ ਵਾਰੀ ਫਿਰ ਬੰਗਾਲ ਦਾ ਨਵਾਬ ਬਣਾ ਦਿੱਤਾ ਗਿਆ।

## ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ

ਪਲਾਸੀ ਅਤੇ ਬਕਸਰ ਦੀਆਂ ਜਿੱਤਾਂ ਪਿੱਛੋਂ ਸੈਨਿਕ ਅਤੇ ਮਾਲੀਆ ਸ਼ਾਸਨ ਪ੍ਰਬੰਧ ਵੀ ਕੰਪਨੀ ਦੇ ਅਧਿਕਾਰ ਹੇਠ ਆ ਗਿਆ। ਕੰਪਨੀ ਦੁਆਰਾ ਨਵਾਬ ਨੂੰ ਸਿਵਲ ਸ਼ਾਸਨ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ। ਉਨ੍ਹਾਂ ਨੇ ਮੁਹੰਮਦ ਰਜਾ ਖਾਂ ਅਤੇ ਸ਼ਿਤਬ ਰਾਏ ਨਾਮੀ ਦੋ ਡਿਪਟੀ ਨਵਾਬ ਨਿਯੁੱਕਤ ਕਰ ਦਿੱਤੇ। ਇਸ ਨੂੰ **ਦੋਹਰੀ ਸ਼ਾਸਨ ਪ੍ਰਣਾਲੀ** ਕਿਹਾ ਜਾਂਦਾ ਹੈ।

1772 ਈ. ਵਿੱਚ ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਖ਼ਤਮ ਕਰ ਦਿੱਤੀ ਗਈ। ਬੰਗਾਲ ਉੱਤੇ ਈਸਟ ਇੰਡੀਆ ਕੰਪਨੀ ਦਾ ਸਿੱਧਾ ਸ਼ਾਸਨ ਪ੍ਰਬੰਧ ਲਾਗੂ ਹੋ ਗਿਆ। ਸਿੱਟੇ ਵਜੋਂ ਨਵੇਂ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਨੇ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ।

## ਅੰਗਰੇਜ਼ੀ ਸਾਮਰਾਜ ਦਾ ਵਿਸਥਾਰ

ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਅਤੇ ਸੰਗਠਨ ਵਿੱਚ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਵਾਰਨ ਹੇਸਟਿੰਗਜ਼, ਲਾਰਡ ਵੈਲਜ਼ਲੀ, ਲਾਰਡ ਹੇਸਟਿੰਗਜ਼ ਅਤੇ ਲਾਰਡ ਡਲਹੌਜ਼ੀ ਨੇ ਮਹੱਤਵਪੂਰਨ ਯੋਗਦਾਨ ਪਾਇਆ।

1. **ਯੁੱਧ ਅਤੇ ਕੂਟਨੀਤੀ ਦੁਆਰਾ ਵਿਸਥਾਰ** : ਲਾਰਡ ਕਲਾਈਵ, ਵਾਰਨ ਹੇਸਟਿੰਗਜ਼, ਕਾਰਨਵਾਲਿਸ ਅਤੇ ਸਰ-ਜਾਨ ਸ਼ੋਰ ਦੇ ਅਧੀਨ ਤਾਂ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੀ ਸਥਾਪਨਾ ਅਤੇ ਅਰੰਭਕ ਵਿਕਾਸ ਹੀ ਹੋਇਆ ਸੀ। ਪਰੰਤੂ ਕੰਪਨੀ ਦੇ ਤਿੰਨ ਗਵਰਨਰ-ਜਨਰਲਾਂ-ਲਾਰਡ ਵੈਲਜ਼ਲੀ, ਲਾਰਡ ਹੇਸਟਿੰਗਜ਼ ਅਤੇ ਲਾਰਡ ਡਲਹੌਜ਼ੀ ਦੇ ਕਾਲ (1798 -1857 ਈ.) ਵਿੱਚ ਇਸ ਦਾ ਬਹੁਤ ਵਿਸਥਾਰ ਹੋਇਆ।

### ਸਹਾਇਕ ਸੰਧੀ ਦੁਆਰਾ ਵਿਸਥਾਰ :

ਲਾਰਡ ਵੈਲਜ਼ਲੀ ਨੇ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨ ਲਈ ਸਹਾਇਕ ਸੰਧੀ ਪ੍ਰਣਾਲੀ ਸ਼ੁਰੂ ਕੀਤੀ।

ਉਸਨੇ ਇਸ ਪ੍ਰਣਾਲੀ ਅਧੀਨ ਹੈਦਰਾਬਾਦ ਦੇ ਨਿਜ਼ਾਮ ਅਤੇ ਅਵਧ ਦੇ ਨਵਾਬ ਅਤੇ ਹੋਰ ਰਿਆਸਤਾਂ ਦੇ ਸ਼ਾਸਕਾਂ ਨਾਲ ਸੰਧੀ ਕੀਤੀ। ਅੰਗਰੇਜ਼ੀ ਸਰਕਾਰ ਇਹ ਸੰਧੀ ਕਰਨ ਵਾਲੇ ਰਾਜ ਦੀ ਉਸ ਵਿਚ ਹੋਣ ਵਾਲੇ ਵਿਦਰੋਹਾਂ ਅਤੇ ਬਾਹਰੀ ਹਮਲਿਆਂ ਤੋਂ ਰੱਖਿਆ ਕਰਦੀ ਸੀ। ਇਸ ਦੇ ਬਦਲੇ ਸੰਧੀ ਕਰਨ ਵਾਲੇ ਰਾਜ ਨੂੰ ਅੰਗਰੇਜ਼ੀ ਸਰਕਾਰ ਦੀਆਂ ਹੇਠ ਲਿਖੀਆਂ ਪ੍ਰਮੁੱਖ ਸ਼ਰਤਾਂ ਮੰਨਣੀਆਂ ਪੈਂਦੀਆਂ ਸਨ :–(1) ਉਸ ਰਾਜ ਦੇ ਵਿਦੇਸ਼ੀ ਮਾਮਲਿਆਂ ਉਤੇ ਅੰਗਰੇਜ਼ੀ ਸਰਕਾਰ ਦਾ ਅਧਿਕਾਰ ਹੁੰਦਾ ਸੀ। (2) ਉਸ ਰਾਜ ਦੇ ਸ਼ਾਸਕ ਨੂੰ ਆਪਣੇ ਰਾਜ ਵਿੱਚ ਇਕ ਬ੍ਰਿਟਿਸ਼ ਰੈਜ਼ੀਡੈਂਟ ਰੱਖਣਾ ਪੈਂਦਾ ਸੀ। (3) ਉਸ ਰਾਜ ਦਾ ਸ਼ਾਸਕ ਕਿਸੇ ਵਿਦੇਸ਼ੀ ਸ਼ਕਤੀ ਨਾਲ ਕੋਈ ਸਬੰਧ ਨਹੀ ਰੱਖ ਸਕਦਾ ਸੀ। (4) ਉਹ ਰਾਜ ਅੰਗਰੇਜ਼ਾਂ ਦੀ ਆਗਿਆ ਲਏ ਬਿਨ੍ਹਾਂ ਕਿਸੇ ਹੋਰ ਦੇਸ਼ ਨਾਲ ਯੁੱਧ ਨਹੀਂ ਕਰ ਸਕਦਾ ਸੀ।

## ਯੁੱਧਾਂ ਦੁਆਰਾ ਵਿਸਥਾਰ

**ਅੰਗਰੇਜ਼-ਮੈਸੂਰ ਯੁੱਧ (1766-99) :** 1761 ਈ. ਵਿੱਚ ਹੈਦਰ ਅਲੀ ਨੇ ਸੁਤੰਤਰ ਮੈਸੂਰ ਰਾਜ ਦੀ ਸਥਾਪਨਾ ਕੀਤੀ। ਇਸ ਕਰਕੇ ਅੰਗਰੇਜ਼ਾਂ ਨੇ ਹੈਦਰ ਅਲੀ ਦੀ ਸ਼ਕਤੀ ਨੂੰ ਕੁਚਲਣ ਲਈ ਹੈਦਰ ਅਲੀ ਦੇ ਦੁਸ਼ਮਣ – ਮਰਾਠਿਆਂ ਅਤੇ ਹੈਦਰਾਬਾਦ ਦੇ ਨਿਜ਼ਾਮ ਨਾਲ 1766 ਈ. ਵਿੱਚ ਗਠਜੋੜ ਕਰ ਲਿਆ। ਇਸ ਲਈ ਦੋਹਾਂ ਸ਼ਕਤੀਆਂ ਵਿਚਕਾਰ 1767 – 1769 ਈ. ਵਿੱਚ ਮੈਸੂਰ ਦੀ ਪਹਿਲੀ ਲੜਾਈ ਹੋਈ। ਇਸ ਲੜਾਈ ਵਿੱਚ ਹੈਦਰ ਅਲੀ ਦੀ ਜਿੱਤ ਹੋਈ। ਇਸ ਕਰਕੇ ਅੰਗਰੇਜ਼ਾਂ ਨੂੰ ਉਸ ਨਾਲ ਸੰਧੀ ਕਰਨੀ ਪਈ। ਇਸ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਹੈਦਰ ਅਲੀ ਨੂੰ ਮਰਾਠਿਆਂ ਦੇ ਵਿਰੁੱਧ ਸਹਾਇਤਾ ਦੇਣ ਦਾ ਵਚਨ ਦਿੱਤਾ। 1771 ਈ. ਵਿੱਚ ਜਦੋਂ ਮਰਾਠਿਆਂ ਨੇ ਹੈਦਰ ਅਲੀ ਤੇ ਹਮਲਾ ਕਰ ਦਿੱਤਾ ਤਾਂ ਅੰਗਰੇਜ਼ਾਂ ਨੇ ਉਸ ਦੀ ਕੋਈ ਸਹਾਇਤਾ ਨਾ ਕੀਤੀ। ਇਸ ਕਾਰਣ 1780 ਈ. ਵਿੱਚ ਦੋਹਾਂ ਵਿਚਕਾਰ ਮੈਸੂਰ ਦਾ ਦੂਜਾ ਯੁੱਧ ਸ਼ੁਰੂ ਹੋ ਗਿਆ। ਇਸ ਯੁੱਧ ਵਿਚ 1782 ਈ. ਵਿੱਚ ਹੈਦਰ ਅਲੀ ਦੀ ਮੌਤ ਹੋ ਗਈ।

**ਟੀਪੂ ਸੁਲਤਾਨ :** ਹੈਦਰ ਅਲੀ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਟੀਪੂ ਸੁਲਤਾਨ ਮੈਸੂਰ ਦਾ ਨਵਾਂ ਸੁਲਤਾਨ ਬਣਿਆ। ਉਸ ਸਮੇਂ ਅੰਗਰੇਜ਼ਾਂ ਦੀ ਮੈਸੂਰ ਨਾਲ ਦੂਜੀ ਲੜਾਈ ਚਲ ਰਹੀ ਸੀ। ਟੀਪੂ ਸੁਲਤਾਨ ਨੇ ਇਸ ਲੜਾਈ ਨੂੰ ਜਾਰੀ ਰੱਖਿਆ। ਅੰਗਰੇਜ਼ਾਂ ਨੂੰ ਮਜਬੂਰ ਹੋ ਕੇ ਉਸ ਨਾਲ 1784 ਈ. ਵਿੱਚ ਬੰਗਲੌਰ ਦੀ ਸੰਧੀ ਕਰਨੀ ਪਈ।


*ਟੀਪੂ ਸੁਲਤਾਨ*

ਇਸ ਤੋਂ ਪਿੱਛੋਂ ਅੰਗਰੇਜ਼ਾਂ ਨੇ 1799 ਈ. ਵਿੱਚ ਦੁਬਾਰਾ ਮੈਸੂਰ ਤੇ ਹਮਲਾ ਕਰ ਦਿੱਤਾ। ਟੀਪੂ ਸੁਲਤਾਨ ਸ੍ਰੀਰੰਗਾਪਟਮ ਦੇ ਸਥਾਨ ਤੇ ਅੰਗਰੇਜ਼ਾਂ ਨਾਲ ਲੜਦਾ ਹੋਇਆ ਮਾਰਿਆ ਗਿਆ। ਅੰਗਰੇਜ਼ਾਂ ਨੇ ਮੈਸੂਰ ਦੇ ਬਹੁਤ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਅਤੇ ਬਾਕੀ ਹਿੱਸੇ ਪੁਰਾਣੇ ਮੈਸੂਰ ਦੇ ਰਾਜਕੁਮਾਰ ਕੇਸ਼ਵ ਰਾਓ ਨੂੰ ਦੇ ਦਿੱਤੇ। ਉਸ ਨੇ ਲਾਰਡ ਵੈਲਜ਼ਲੀ ਦੀ ਸਹਾਇਕ ਸੰਧੀ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਲਿਆ।

**ਅੰਗਰੇਜ਼-ਮਰਾਠਾ ਯੁੱਧ (1775-1818 ਈ.) :** 1802 ਈ. ਵਿੱਚ ਲਾਰਡ ਵੈਲਜ਼ਲੀ ਨੇ ਪੇਸ਼ਵਾ ਬਾਜ਼ੀ ਰਾਓ ਦੂਜੇ ਨਾਲ ਬਾਸੀਨ ਵਿਖੇ ਸਹਾਇਕ ਸੰਧੀ ਕਰ ਲਈ। ਇਸ ਦੇ ਨਾਲ ਹੀ ਮਰਾਠਾ ਸ਼ਕਤੀ ਦਾ ਪਤਨ ਹੋ ਗਿਆ।

1802 ਈ. ਵਿੱਚ ਮਰਾਠਾ ਸਰਦਾਰ ਭੌਂਸਲੇ ਦੂਸਰਾ ਅੰਗਰੇਜ਼–ਮਰਾਠਾ ਯੁੱਧ ਵਿੱਚ ਹਾਰ ਗਿਆ। ਉਸ ਨੇ 1803 ਈ. ਵਿੱਚ ਅੰਗਰੇਜ਼ਾਂ ਨਾਲ ਦੇਵਗਾਓਂ ਦੀ ਸੰਧੀ ਕਰ ਲਈ ਅਤੇ ਉਹਨਾਂ ਨੂੰ ਕਟਕ ਅਤੇ ਬਲਾਸੌਰ ਦੇ ਪ੍ਰਦੇਸ਼ ਪ੍ਰਾਪਤ ਹੋਏ। ਇਸ ਲੜਾਈ ਵਿੱਚ ਅੰਗਰੇਜ਼ਾਂ ਨੇ ਹੋਰ ਮਰਾਠਾ ਸਰਦਾਰ ਸਿੰਧੀਆਂ ਨੂੰ ਹਰਾ ਕੇ ਉਸ ਨਾਲ ਸੁਰਜੀ ਅਰਜਨਗਾਓਂ ਦੀ ਸੰਧੀ ਕੀਤੀ। ਇਸ ਨਾਲ ਉਨ੍ਹਾਂ ਨੂੰ ਅਹਿਮਦਨਗਰ, ਭਰੂਚ, ਗੰਗਾ ਅਤੇ ਜਮਨਾ ਦੇ ਵਿਚਕਾਰਲਾ

ਇਲਾਕਾ ਪ੍ਰਾਪਤ ਹੋਇਆ। ਲਾਰਡ ਵੈਲਜ਼ਲੀ ਨੇ ਮਰਾਠਾ ਸਰਦਾਰ ਜਸਵੰਤ ਰਾਓ ਹੋਲਕਰ ਦੀ ਰਾਜਧਾਨੀ ਇੰਦੌਰ ਤੇ ਵੀ ਕਬਜ਼ਾ ਕਰ ਲਿਆ। 1805 ਈ. ਵਿੱਚ ਵੈਲਜ਼ਲੀ ਨੂੰ ਵਾਪਿਸ ਇੰਗਲੈਂਡ ਬੁਲਾ ਲਿਆ ਗਿਆ। ਉਸ ਤੋਂ ਬਾਅਦ ਲਾਰਡ ਕਾਰਨਵਾਲਿਸ ਨੇ ਮਰਾਠਾ ਸਰਦਾਰ-ਹੋਲਕਰ, ਸਿੰਧੀਆ ਅਤੇ ਭੌਂਸਲੇ ਆਦਿ ਨਾਲ ਸਹਾਇਕ ਸੰਧੀ ਕਰ ਲਈ।

**ਅੰਗਰੇਜ਼-ਗੋਰਖਾ ਯੁੱਧ (1814-1816 ਈ.) :** ਗੋਰਖਿਆਂ ਨੇ ਸਰਹੱਦੀ ਪ੍ਰਦੇਸ਼ਾਂ ਵਿੱਚ ਅੰਗਰੇਜ਼ਾਂ ਦੇ ਕੁਝ ਖੇਤਰਾਂ ਤੇ ਅਧਿਕਾਰ ਕਰ ਲਿਆ ਸੀ। ਇਸ ਲਈ ਹੇਸਟਿੰਗਜ਼ ਨੇ 1815 ਈ. ਵਿੱਚ ਡੇਵਿਡ ਆਕਟਰਲੋਨੀ ਦੀ ਅਗਵਾਈ ਹੇਠ ਗੋਰਖਿਆਂ ਦੇ ਵਿਰੁੱਧ ਇੱਕ ਵਿਸ਼ਾਲ ਸੈਨਾ ਭੇਜੀ। ਇਸ ਲੜਾਈ ਵਿੱਚ ਗੋਰਖਿਆਂ ਦੀ ਹਾਰ ਹੋਈ। ਗੋਰਖਿਆਂ ਨੂੰ ਆਪਣੇ ਬਹੁਤ ਸਾਰੇ ਇਲਾਕੇ ਅੰਗਰੇਜ਼ਾਂ ਨੂੰ ਦੇਣੇ ਪਏ ਅਤੇ ਨੇਪਾਲੀ ਸਰਕਾਰ ਨੇ ਕਾਠਮੰਡੂ ਵਿੱਚ ਇੱਕ ਬ੍ਰਿਟਿਸ਼ ਰੈਜੀਡੈਂਟ ਰੱਖਣਾ ਮੰਨ ਲਿਆ।

**ਹੋਰ ਰਾਜਾਂ ਨੂੰ ਅਧੀਨ ਕਰਨਾ :**

ਲਾਰਡ ਹੇਸਟਿੰਗਜ਼ ਦੇ ਸਮੇਂ ਰਾਜਸਥਾਨ ਦੀਆਂ 19 ਰਿਆਸਤਾਂ ਨੇ ਅੰਗਰੇਜ਼ਾਂ ਦੀ ਅਧੀਨਤਾ ਮੰਨ ਲਈ ਸੀ। ਇਨ੍ਹਾਂ ਵਿੱਚੋਂ ਮੁੱਖ ਸਨ-ਜੈਪੁਰ, ਜੋਧਪੁਰ, ਉਦੈਪੁਰ ਅਤੇ ਬੀਕਾਨੇਰ ਆਦਿ। ਇਸ ਤਰ੍ਹਾਂ ਲਾਰਡ ਹੇਸਟਿੰਗਜ਼ ਨੇ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕੀਤਾ।

### 1823-1848 ਈ. ਤੱਕ ਅੰਗਰੇਜ਼ੀ ਸਾਮਰਾਜ ਦਾ ਵਿਸਤਾਰ

**ਲਾਰਡ ਐਮਹਰਸਟ 1823-1828 ਈ:**

ਪਹਿਲਾ ਅੰਗਰੇਜ਼-ਬਰਮਾ ਯੁੱਧ (1824-26)

**ਲਾਰਡ ਵਿਲੀਅਮ ਬੈਂਟਿੰਕ 1828-1835 ਈ:**

1832 ਈ. ਵਿੱਚ ਸਿੰਧ ਦੇ ਅਮੀਰਾਂ ਨਾਲ ਸੰਧੀ

**ਲਾਰਡ ਆੱਕਲੈਂਡ 1836-42 ਈ:**

1839 ਈ. ਵਿੱਚ ਸਿੰਧ ਦੇ ਅਮੀਰਾਂ ਨਾਲ ਸਹਾਇਕ ਸੰਧੀ

**ਲਾਰਡ ਐਲਨਬਰੋ 1842-44 ਈ:**

1843 ਈ. ਵਿੱਚ ਚਾਰਲਸ ਨੇਪੀਅਰ ਦੁਆਰਾ ਸਿੰਧ ਉੱਪਰ ਅਧਿਕਾਰ

**ਲਾਰਡ ਹਾਰਡਿੰਗ 1844-48 ਈ:**

1845-46 ਈ. ਵਿਚ ਪਹਿਲੇ ਅੰਗਰੇਜ਼-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ

## ਲਾਰਡ-ਡਲਹੌਜ਼ੀ ਦੇ ਅਧੀਨ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ (1848-56 ਈ.)

ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਲਈ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਹੇਠ ਲਿਖੇ ਢੰਗ ਅਪਣਾਏ :

1. ਜਿੱਤਾਂ ਦੁਆਰਾ
2. ਲੈਪਸ ਦੀ ਨੀਤੀ ਦੁਆਰਾ
3. ਭੈੜੇ ਸ਼ਾਸਨ ਪ੍ਰਬੰਧ ਦੇ ਅਧਾਰ ਤੇ
4. ਖ਼ਿਤਾਬ ਅਤੇ ਪੈਨਸ਼ਨਾਂ ਬੰਦ ਕਰਕੇ

### (ੳ) ਯੁੱਧਾਂ ਦੁਆਰਾ ਵਿਸਥਾਰ :

ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ 1848 ਈ. ਵਿੱਚ ਮੂਲਰਾਜ ਅਤੇ ਚਤਰ ਸਿੰਘ ਦੇ ਵਿਰੋਧ ਦਾ ਲਾਭ ਉਠਾ ਕੇ ਲਾਹੌਰ ਦਰਬਾਰ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਯੁੱਧ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ। ਇਸ ਤਰ੍ਹਾਂ ਲਾਰਡ ਡਲਹੌਜ਼ੀ ਨੇ 29 ਮਾਰਚ 1849 ਈ. ਨੂੰ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ।

2. 1850 ਈ. ਵਿੱਚ ਲਾਰਡ ਡਲਹੌਜ਼ੀ ਨੇ ਸਿੱਕਮ ਤੇ ਹਮਲਾ ਕਰਕੇ ਇਸ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ।
3. 1852 ਈ. ਵਿੱਚ ਦੂਸਰੇ ਅੰਗਰੇਜ਼-ਬਰਮਾ ਯੁੱਧ ਤੋਂ ਬਾਦ ਲਾਰਡ ਡਲਹੌਜ਼ੀ ਨੇ ਪਰੋਮ ਅਤੇ ਪੀਗੂ ਦੇ ਇਲਾਕੇ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਏ।

### (ਅ) ਲੈਪਸ ਦੀ ਨੀਤੀ :

ਲਾਰਡ ਡਲਹੌਜ਼ੀ ਨੇ ਭਾਰਤੀ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾਉਣ ਲਈ ਲੈਪਸ ਦੀ ਨੀਤੀ ਅਪਣਾਈ। ਇਸ ਨੀਤੀ ਅਨੁਸਾਰ ਜਿਹੜੇ ਭਾਰਤੀ ਸ਼ਾਸਕਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ ਉਹਨਾਂ ਨੂੰ ਪੁੱਤਰ ਗੋਦ ਲੈਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। ਅਜਿਹੇ ਸ਼ਾਸਕ ਦੀ ਮੌਤ ਪਿੱਛੋਂ ਉਸ ਦੇ ਰਾਜ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ ਜਾਂਦਾ ਸੀ। ਲਾਰਡ ਡਲਹੌਜ਼ੀ ਨੇ ਇਸ ਨੀਤੀ ਅਧੀਨ ਸਤਾਰਾ, ਸੰਭਲਪੁਰ, ਬਘਾਟ, ਉਦੈਪੁਰ, ਝਾਂਸੀ ਆਦਿ ਕਈ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ।

### (ੲ) ਭੈੜੇ ਸ਼ਾਸਨ ਪ੍ਰਬੰਧ ਕਾਰਨ ਮਿਲਾਉਣਾ :

ਲਾਰਡ ਡਲਹੌਜ਼ੀ ਨੇ 1856 ਈ. ਵਿਚ ਅਵਧ ਦਾ ਸ਼ਾਸਨ ਪ੍ਰਬੰਧ ਭੈੜਾ ਹੋਣ ਦਾ ਦੋਸ਼ ਲਗਾ ਕੇ ਇਸ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ।

### (ਸ) ਖਿਤਾਬ ਅਤੇ ਪੈਨਸ਼ਨਾਂ ਬੰਦ ਕਰਕੇ ਮਿਲਾਉਣਾ :

ਲਾਰਡ ਡਲਹੌਜ਼ੀ ਨੇ ਕਰਨਾਟਕ, ਪੂਨਾ, ਤੰਜੌਰ ਅਤੇ ਸੂਰਤ ਦੀਆਂ ਰਿਆਸਤਾਂ ਦੇ ਸ਼ਾਸਕਾਂ ਦੀਆਂ ਪਦਵੀਆਂ ਅਤੇ ਪੈਨਸ਼ਨਾਂ ਖ਼ਤਮ ਕਰਕੇ ਇਹਨਾਂ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ।

## ਯਾਦ ਰੱਖਣ ਯੋਗ ਨੁਕਤੇ

1. ਨਵੇਂ ਸਮੁੰਦਰੀ ਰਸਤੇ ਦੀ ਖੋਜ ਦੇ ਸਿੱਟੇ ਵਜੋਂ ਪੁਰਤਗਾਲੀ ਕਪਤਾਨ ਵਾਸਕੋ-ਡੇ-ਗਾਮਾ ਸਭ ਤੋਂ ਪਹਿਲਾਂ 27 ਮਈ 1498 ਈ. ਨੂੰ ਭਾਰਤ ਵਿੱਚ ਕਾਲੀਕਟ ਵਿਖੇ ਪਹੁੰਚਿਆ।
2. (i) ਪੁਰਤਗਾਲੀਆਂ ਦੀਆਂ ਬਸਤੀਆਂ—ਗੋਆ, ਦਮਨ, ਸਾਲਸੈੱਟ, ਬਾਸੀਨ, ਮੁੰਬਈ ਅਤੇ ਹੁਗਲੀ ਸਨ।
   (ii) ਡੱਚਾਂ ਦੀਆਂ ਬਸਤੀਆਂ—ਕੋਚੀਨ, ਸੂਰਤ, ਨਾਗਾਪਟਮ, ਪੁਲੀਕਟ ਅਤੇ ਚਿੰਨਸੁਰਾ।
   (iii) ਫਰਾਂਸੀਸੀਆਂ ਦੀਆਂ ਬਸਤੀਆਂ—ਪਾਂਡੀਚੇਰੀ, ਚੰਦਰਨਗਰ ਅਤੇ ਕਾਰੀਕਲ।
   (iv) ਅੰਗਰੇਜ਼ਾਂ ਦੀਆਂ ਬਸਤੀਆਂ—ਸੂਰਤ, ਅਹਿਮਦਾਬਾਦ, ਭਰੂਚ, ਆਗਰਾ, ਬੰਬਈ ਅਤੇ ਕਲਕੱਤਾ।
3. ਅੰਗਰੇਜ਼ੀ ਈਸਟ-ਇੰਡੀਆ ਕੰਪਨੀ ਦੀ ਸਥਾਪਨਾ 31 ਦਸੰਬਰ 1600 ਈ. ਵਿੱਚ ਹੋਈ।
4. 1615 ਈ. ਵਿੱਚ ਸਰ ਥਾਮਸ ਰੋ ਜੋ ਕਿ ਕੰਪਨੀ ਦਾ ਪ੍ਰਤੀਨਿਧ ਸੀ, ਮੁਗਲ ਬਾਦਸ਼ਾਹ ਜਹਾਂਗੀਰ ਤੋਂ ਵਪਾਰਕ ਰਿਆਇਤਾਂ ਲੈਣ ਵਿੱਚ ਸਫ਼ਲ ਹੋ ਗਿਆ।
5. 1717 ਈ. ਵਿੱਚ ਕੰਪਨੀ ਨੂੰ ਮੁਗ਼ਲ ਬਾਦਸ਼ਾਹ ਫਰੁਖਸੀਅਰ ਤੋਂ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਬਿਨ੍ਹਾਂ ਚੁੰਗੀ ਕਰ ਦਿੱਤੇ ਵਪਾਰ ਕਰਨ ਦਾ ਅਧਿਕਾਰ ਮਿਲ ਗਿਆ।
6. ਪਲਾਸੀ ਦੀ ਲੜਾਈ ਅੰਗਰੇਜ਼ਾਂ ਅਤੇ ਬੰਗਾਲ ਦੇ ਨਵਾਬ ਸਿਰਾਜ਼-ਉਦ-ਦੌਲਾ ਵਿਚਕਾਰ 23 ਜੂਨ 1757 ਈ. ਨੂੰ ਲੜੀ ਗਈ।
7. ਬਕਸਰ ਦੀ ਲੜਾਈ 23 ਅਕਤੂਬਰ 1764 ਈ. ਨੂੰ ਅੰਗਰੇਜ਼ਾਂ ਅਤੇ ਮੀਰ ਕਾਸਿਮ, ਸ਼ੁਜਾ-ਉਦ-ਦੌਲਾ ਅਤੇ ਸ਼ਾਹ ਆਲਮ ਦੂਜੇ ਵਿਚਕਾਰ ਲੜੀ ਗਈ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

1. ਭਾਰਤ ਵਿੱਚ ਪਹੁੰਚਣ ਵਾਲਾ ਪਹਿਲਾ ਪੁਰਤਗਾਲੀ ਕੌਣ ਸੀ ?
2. ਭਾਰਤ ਵਿਚ ਪੁਰਤਗਾਲੀਆਂ ਦੀਆਂ ਚਾਰ ਬਸਤੀਆਂ ਦੇ ਨਾਂ ਲਿਖੋ।
3. ਡੱਚ ਲੋਕਾਂ ਨੇ ਭਾਰਤ ਵਿੱਚ ਕਿੱਥੇ-ਕਿੱਥੇ ਬਸਤੀਆਂ ਸਥਾਪਤ ਕੀਤੀਆਂ ?
4. ਅੰਗਰੇਜ਼ਾਂ ਨੂੰ ਬੰਗਾਲ ਵਿੱਚ ਬਿਨ੍ਹਾਂ ਚੁੰਗੀ-ਕਰ ਦੇ ਵਪਾਰ ਕਰਨ ਦੀ ਰਿਆਇਤ ਕਿਸ ਮੁਗਲ ਬਾਦਸ਼ਾਹ ਤੋਂ ਅਤੇ ਕਦੋਂ ਮਿਲੀ ?
5. ਕਰਨਾਟਕ ਦਾ ਪਹਿਲਾ ਯੁੱਧ ਕਿਹੜੀਆਂ ਦੋ ਯੂਰਪੀ ਕੰਪਨੀਆਂ ਵਿਚਕਾਰ ਹੋਇਆ ਅਤੇ ਇਸ ਯੁੱਧ ਵਿੱਚ ਕਿਸ ਦੀ ਜਿੱਤ ਹੋਈ ?
6. ਪਲਾਸੀ ਦੀ ਲੜਾਈ ਕਦੋਂ ਅਤੇ ਕਿਸ ਦੇ ਵਿਚਕਾਰ ਹੋਈ ?
7. ਬਕਸਰ ਦੀ ਲੜਾਈ ਕਦੋਂ ਅਤੇ ਕਿਸ ਦੇ ਵਿਚਕਾਰ ਹੋਈ ?

8. ਪਲਾਸੀ ਦੀ ਲੜਾਈ ਦਾ ਸੰਖੇਪ ਵਰਨਣ ਕਰੋ।

9. ਬੰਗਾਲ ਵਿਚ ਦੂਹਰੀ ਸ਼ਾਸਨ ਪ੍ਰਣਾਲੀ ਤੋਂ ਤੁਸੀਂ ਕੀ ਸਮਝਦੇ ਹੋ ?

10. ਲੈਪਸ ਦੀ ਨੀਤੀ ਕੀ ਸੀ ?

## 2. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਓ—

1. ਪੁਰਤਗਾਲੀ ਕਪਤਾਨ ਵਾਸਕੋ–ਡੇ–ਗਾਮਾ 27 ਮਈ 1498 ਈ. ਨੂੰ ਭਾਰਤ ਵਿੱਚ ਕਾਲੀਕਟ ਵਿਖੇ ਪਹੁੰਚਿਆ। [ ]
2. ਅੰਗਰੇਜ਼ਾਂ ਅਤੇ ਫਰਾਂਸੀਸੀਆਂ ਵਿਚਕਾਰ ਕਰਨਾਟਕ ਦੇ ਦੋ ਯੁੱਧ ਲੜੇ ਗਏ। [ ]
3. ਅੰਗਰੇਜ਼ਾਂ ਨਾਲ ਪਲਾਸੀ ਦੀ ਲੜਾਈ ਸਮੇਂ ਬੰਗਾਲ ਦਾ ਨਵਾਬ ਮੀਰ ਜਾਫ਼ਰ ਸੀ। [ ]

## 3. ਹੇਠ ਲਿਖੇ ਖਾਲੀ ਸਥਾਨ ਭਰੋ—


1. ਅੰਗਰੇਜ਼ਾਂ, ਸ਼ੁਜਾ–ਉਦ–ਦੌਲਾ ਅਤੇ ਮੁਗਲ ਬਾਦਸ਼ਾਹ ਵਿਚਕਾਰ .............. ਦੀ ਲੜਾਈ ਤੋਂ ਬਾਅਦ 1765 ਈ. ਵਿੱਚ ਅਲਾਹਬਾਦ ਦੀ ਸੰਧੀ ਹੋਈ।
2. 1722 ਈ. ਵਿੱਚ ਬੰਗਾਲ ਵਿੱਚ .............. ਪ੍ਰਣਾਲੀ ਖਤਮ ਕਰ ਦਿੱਤੀ ਗਈ।
3. ਲਾਰਡ ਵੈਲਜ਼ਲੀ ਨੇ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨ ਲਈ .............. ਪ੍ਰਣਾਲੀ ਸ਼ੁਰੂ ਕੀਤੀ।

## ਕੁਝ ਕਰਨ ਲਈ

1. ਇਕ ਚਾਰਟ ਉੱਪਰ ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਲਈ ਲਾਰਡ ਡਲਹੌਜ਼ੀ ਦੁਆਰਾ ਅਪਣਾਏ ਗਏ ਚਾਰ ਢੰਗਾਂ ਦੀ ਸੂਚੀ ਬਣਾਉ। ਇਨ੍ਹਾਂ ਚਾਰ ਢੰਗਾਂ ਦੁਆਰਾ ਕਿਹੜੇ–ਕਿਹੜੇ ਰਾਜਾਂ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕੀਤਾ ਗਿਆ ਸੀ।

## ਅਭਿਆਸ ਲਈ

ਭਾਰਤ ਵਿਚ ਯੂਰਪੀ ਬਸਤੀਆਂ





# ਪਾਠ 9
# ਪ੍ਰਸ਼ਾਸਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਿਲ ਪ੍ਰਸ਼ਾਸਨ ਦਾ ਵਿਕਾਸ

ਸ਼ੁਰੂ ਵਿੱਚ ਅੰਗਰੇਜ਼ ਭਾਰਤ ਵਿੱਚ ਵਪਾਰ ਕਰਨ ਲਈ ਆਏ ਸਨ। ਉਹਨਾਂ ਦਾ ਉਦੇਸ਼ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਸੀ। ਪਰੰਤੂ ਉਹਨਾਂ ਨੇ ਭਾਰਤ ਦੇ ਕਾਫ਼ੀ ਇਲਾਕਿਆਂ ਨੂੰ ਜਿੱਤ ਲਿਆ। ਉਹਨਾਂ ਨੇ ਇਹਨਾਂ ਇਲਾਕਿਆਂ ਦਾ ਸ਼ਾਸਨ ਪ੍ਰਬੰਧ ਚਲਾਉਣ ਲਈ ਨੀਤੀਆਂ ਤਿਆਰ ਕੀਤੀਆਂ, ਜਿਨ੍ਹਾਂ ਦਾ ਉਦੇਸ਼ ਭਾਰਤ ਵਿੱਚ ਅੰਗਰੇਜ਼ਾਂ ਦੇ ਹਿੱਤਾਂ ਦੀ ਰਾਖੀ ਕਰਨਾ ਸੀ।

**ਪ੍ਰਸ਼ਾਸਨਿਕ ਬਣਤਰ :** ਈਸਟ ਇੰਡੀਆ ਕੰਪਨੀ ਨੇ ਵਿਧਾਨਿਕ, ਪ੍ਰਸ਼ਾਸਨਿਕ ਢਾਂਚੇ ਅਤੇ ਅਫਸਰਸ਼ਾਹੀ ਦੇ ਸੰਗਠਨ ਦੀ ਵੀ ਜ਼ਰੂਰਤ ਮਹਿਸੂਸ ਕੀਤੀ। ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਨੂੰ ਕਾਇਮ ਰੱਖਣ ਲਈ ਸਿਵਿਲ ਸਰਵਿਸ, ਪੁਲਿਸ ਅਤੇ ਸੈਨਾ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਸੀ।

## ਸੰਵਿਧਾਨਿਕ ਪਰਿਵਰਤਨ

(1) **ਰੈਗੂਲੇਟਿੰਗ ਐਕਟ 1773 ਈ :** ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਲਈ 1773 ਈ. ਵਿੱਚ ਰੇਗੂਲੇਟਿੰਗ ਐਕਟ ਪਾਸ ਕੀਤਾ ਗਿਆ। ਇਸ ਐਕਟ ਦੇ ਅਨੁਸਾਰ ਬੰਗਾਲ ਵਿੱਚ ਗਵਰਨਰ-ਜਨਰਲ ਅਤੇ ਚਾਰ ਮੈਂਬਰਾਂ ਦੀ ਕੌਂਸਿਲ ਸਥਾਪਤ ਕੀਤੀ ਗਈ ਜਿਸ ਨੂੰ ਸ਼ਾਸਨ ਪ੍ਰਬੰਧ ਦੇ ਸਾਰੇ ਮਾਮਲਿਆਂ ਦੇ ਫੈਸਲੇ ਬਹੁ-ਸੰਮਤੀ ਨਾਲ ਕਰਨ ਦਾ ਅਧਿਕਾਰ ਪ੍ਰਾਪਤ ਸੀ। ਗਵਰਨਰ ਜਨਰਲ ਅਤੇ ਉਸ ਦੀ ਕੌਂਸਿਲ ਨੂੰ ਯੁੱਧ, ਸ਼ਾਂਤੀ, ਰਾਜਨੀਤਿਕ ਸੰਧੀਆਂ ਆਦਿ ਦੇ ਮਾਮਲਿਆਂ ਵਿੱਚ ਬੰਬਈ (ਮੁੰਬਈ) ਅਤੇ ਮਦਰਾਸ (ਚੇਨੱਈ) ਦੀਆਂ ਸਰਕਾਰਾਂ ਉੱਤੇ ਕੰਟਰੋਲ ਰੱਖਣ ਦਾ ਵੀ ਅਧਿਕਾਰ ਪ੍ਰਾਪਤ ਸੀ।

(2) **ਪਿਟਸ ਇੰਡੀਆ ਐਕਟ 1784 ਈ. :** 1784 ਈ. ਵਿੱਚ ਬ੍ਰਿਟਿਸ਼ ਸੰਸਦ ਨੇ ਪਿਟਸ ਇੰਡੀਆ ਐਕਟ ਪਾਸ ਕੀਤਾ। ਇਸ ਐਕਟ ਅਨੁਸਾਰ ਕੰਪਨੀ ਦੇ ਸਿਵਿਲ, ਸੈਨਿਕ ਅਤੇ ਆਰਥਿਕ ਕੰਮਾਂ ਉੱਤੇ ਕਾਬੂ ਪਾਉਣ ਲਈ ਇੰਗਲੈਂਡ ਵਿੱਚ ਬੋਰਡ ਆਫ਼ ਕੰਟਰੋਲ ਦੀ ਸਥਾਪਨਾ ਕੀਤੀ ਗਈ, ਜਿਸ ਦੇ 6 ਮੈਂਬਰ ਸਨ। ਇਸ ਐਕਟ ਅਨੁਸਾਰ ਵਪਾਰਕ ਪ੍ਰਬੰਧ ਨੂੰ ਰਾਜਨੀਤਿਕ ਪ੍ਰਬੰਧ ਨਾਲੋਂ ਅਲੱਗ ਕਰ ਦਿੱਤਾ ਗਿਆ। ਗਵਰਨਰ ਜਨਰਲ ਦੀ ਕੌਂਸਿਲ ਦੇ ਮੈਂਬਰਾਂ ਦੀ ਗਿਣਤੀ ਚਾਰ ਦੀ ਥਾਂ ਤਿੰਨ ਕਰ ਦਿੱਤੀ ਗਈ। ਬੰਬਈ ਅਤੇ ਮਦਰਾਸ ਦੇ ਗਵਰਨਰ ਪੂਰੀ ਤਰ੍ਹਾਂ ਨਾਲ ਗਵਰਨਰ-ਜਨਰਲ ਦੇ ਅਧੀਨ ਹੋ ਗਏ।


(3) **ਚਾਰਟਰ ਐਕਟ 1833 ਈ. :** ਇਸ ਐਕਟ ਦੁਆਰਾ ਕੰਪਨੀ ਨੂੰ ਵਪਾਰ ਦਾ ਸਾਰਾ ਕੰਮ ਛੱਡਣ ਨੂੰ ਕਿਹਾ ਗਿਆ ਤਾਂਕਿ ਉਹ ਆਪਣਾ ਸਾਰਾ ਧਿਆਨ ਸ਼ਾਸਨ ਪ੍ਰਬੰਧ ਵੱਲ ਲਗਾ ਸਕੇ। ਬੰਗਾਲ ਦੇ ਗਵਰਨਰ ਜਨਰਲ ਅਤੇ ਕੌਂਸਿਲ ਨੂੰ ਹੁਣ ਭਾਰਤ ਦਾ ਗਵਰਨਰ ਜਨਰਲ ਅਤੇ ਕੌਂਸਿਲ ਦਾ ਨਾਂ ਦਿੱਤਾ ਗਿਆ। ਦੇਸ਼ ਦੇ ਕਾਨੂੰਨ ਬਣਾਉਣ ਲਈ ਗਵਰਨਰ ਜਨਰਲ ਦੀ ਕੌਂਸਿਲ ਵਿੱਚ ਕਾਨੂੰਨ ਮੈਂਬਰ ਨੂੰ ਸ਼ਾਮਲ ਕੀਤਾ ਗਿਆ। ਇਸ ਤਰ੍ਹਾਂ ਪ੍ਰੈਜ਼ੀਡੈਂਸੀਆਂ ਦੀਆਂ ਸਰਕਾਰਾਂ ਨੂੰ ਕਾਨੂੰਨ ਬਣਾਉਣ ਦੇ ਅਧਿਕਾਰ ਤੋਂ ਵਾਂਝਿਆਂ ਕਰ ਦਿੱਤਾ। ਇਸ ਪ੍ਰਕਾਰ ਕੇਂਦਰੀ ਸਰਕਾਰ ਨੂੰ ਬਹੁਤ ਸ਼ਕਤੀਸ਼ਾਲੀ ਬਣਾ ਦਿੱਤਾ ਗਿਆ।

**ਚਾਰਟਰ ਐਕਟ 1853 ਈ :** 1853 ਈ. ਦੇ ਚਾਰਟਰ ਐਕਟ ਅਨੁਸਾਰ ਕਾਰਜਪਾਲਿਕਾ ਤੋਂ ਅਲੱਗ ਵਿਧਾਨਪਾਲਿਕਾ ਦੀ ਸਥਾਪਨਾ ਕੀਤੀ ਗਈ। ਇਸ ਦੇ ਕੁਲ 12 ਮੈਂਬਰ ਸਨ। ਇਸ ਐਕਟ ਅਨੁਸਾਰ ਕੰਪਨੀ ਦੇ ਪ੍ਰਬੰਧ ਵਿੱਚ ਕੇਂਦਰ ਸਰਕਾਰ ਦੀ ਦਖਲ-ਅੰਦਾਜ਼ੀ ਵੱਧ ਗਈ। ਹੁਣ ਉਹ ਕਦੀ ਵੀ ਕੰਪਨੀ ਤੋਂ ਭਾਰਤ ਦਾ ਸ਼ਾਸਨ ਆਪਣੇ ਹੱਥਾਂ ਵਿੱਚ ਲੈ ਸਕਦੀ ਸੀ।

**ਪ੍ਰਸ਼ਾਸਨਿਕ ਸੰਗਠਨ :** ਭਾਰਤ ਦਾ ਸ਼ਾਸਨ-ਪ੍ਰਬੰਧ ਹੇਠ ਲਿਖੀਆਂ ਚਾਰ ਸੰਸਥਾਵਾਂ ਦੁਆਰਾ ਚਲਾਇਆ ਜਾਂਦਾ ਸੀ।

1. ਸਿਵਿਲ ਸਰਵਿਸ 2. ਸੈਨਾ

3. ਪੁਲਿਸ 4. ਨਿਆਂ ਵਿਵਸਥਾ



*ਲਾਰਡ ਕਾਰਨਵਾਲਿਸ*

**1. ਸਿਵਿਲ ਸਰਵਿਸ :** ਭਾਰਤ ਵਿੱਚ ਸਿਵਿਲ ਸਰਵਿਸ ਦਾ ਮੋਢੀ ਲਾਰਡ ਕਾਰਨਵਾਲਿਸ ਨੂੰ ਮੰਨਿਆ ਜਾਂਦਾ ਹੈ। ਉਸਨੇ ਰਿਸ਼ਵਤਖੋਰੀ ਨੂੰ ਖ਼ਤਮ ਕਰਨ ਲਈ ਅਧਿਕਾਰੀਆਂ ਦੀਆਂ ਤਨਖਾਹਾਂ ਵਧਾ ਦਿੱਤੀਆਂ। ਉਹਨਾਂ ਨੂੰ ਨਿੱਜੀ ਵਪਾਰ ਕਰਨ ਅਤੇ ਭਾਰਤੀਆਂ ਤੋਂ ਭੇਟਾਂ ਲੈਣ ਤੋਂ ਮਨ੍ਹਾ ਕਰ ਦਿੱਤਾ। ਉਸ ਨੇ ਉੱਚੇ ਅਹੁਦਿਆਂ ਉੱਤੇ ਕੇਵਲ ਯੂਰਪੀਅਨਾਂ ਨੂੰ ਹੀ ਨਿਯੁੱਕਤ ਕੀਤਾ। 1806 ਈ. ਵਿਚ ਲਾਰਡ ਵਿਲੀਅਮ ਬੈਂਟਿੰਕ ਨੇ ਇੰਗਲੈਂਡ ਵਿੱਚ ਹੈਲੀਬਰੀ ਕਾਲਜ ਖੋਲ੍ਹਿਆ, ਜਿਸ ਵਿੱਚ ਕੰਪਨੀ ਦੇ ਨਵੇਂ ਨਿਯੁੱਕਤ ਕੀਤੇ ਗਏ ਸਿਵਿਲ ਸਰਵਿਸ ਦੇ ਅਧਿਕਾਰੀਆਂ ਨੂੰ ਭਾਰਤ ਭੇਜਣ ਤੋਂ ਪਹਿਲਾਂ ਸਿਖਲਾਈ ਦਿੱਤੀ ਜਾਂਦੀ ਸੀ। 1833 ਈ. ਦੇ ਚਾਰਟਰ ਐਕਟ ਅਨੁਸਾਰ ਕਿਹਾ ਗਿਆ ਕਿ ਭਾਰਤੀਆਂ ਨੂੰ ਧਰਮ, ਜਾਤੀ ਜਾਂ ਰੰਗ ਦੇ ਆਧਾਰ ਉੱਤੇ ਸਰਕਾਰੀ ਪਦਵੀਆਂ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ। ਪਰੰਤੂ ਫਿਰ ਵੀ ਭਾਰਤੀਆਂ ਨੂੰ ਉੱਚੇ ਅਹੁਦਿਆਂ ਉੱਤੇ ਨਿਯੁੱਕਤ ਨਹੀਂ ਕੀਤਾ ਗਿਆ ਸੀ।

1853 ਈ. ਵਿੱਚ ਸਿਵਿਲ ਸਰਵਿਸ ਵਿੱਚ ਨਿਯੁੱਕਤੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਆਧਾਰ ਉੱਤੇ ਕੀਤੀਆਂ ਜਾਣ ਲੱਗੀਆਂ। ਪ੍ਰੀਖਿਆ ਇੰਗਲੈਂਡ ਵਿੱਚ ਹੁੰਦੀ ਸੀ। ਇਸ ਪ੍ਰੀਖਿਆ ਦਾ ਮਾਧਿਅਮ ਅੰਗਰੇਜ਼ੀ ਹੁੰਦਾ ਸੀ। ਇਸ ਪ੍ਰੀਖਿਆ ਵਿੱਚ ਬੈਠਣ ਲਈ ਵੱਧ ਤੋਂ ਵੱਧ ਉਮਰ 22 ਸਾਲ ਨਿਸ਼ਚਿਤ ਕੀਤੀ ਗਈ ਸੀ ਜੋ 1864 ਈ. ਵਿੱਚ 21 ਸਾਲ ਅਤੇ 1876 ਈ. ਵਿੱਚ 19 ਸਾਲ ਕਰ ਦਿੱਤੀ ਗਈ। 1863 ਈ. ਵਿੱਚ ਸਤਿੰਦਰ ਨਾਥ ਟੈਗੋਰ ਨਾਮੀ ਪਹਿਲਾ ਭਾਰਤੀ ਸਿਵਿਲ ਸਰਵਿਸ ਦੀ ਪ੍ਰੀਖਿਆ ਵਿੱਚ ਸਫਲ ਹੋਇਆ। ਬਾਅਦ ਵਿੱਚ ਭਾਰਤੀਆਂ ਨੇ ਇਸ ਪ੍ਰੀਖਿਆ ਦੇ ਲਈ ਉਮਰ ਵਧਾਉਣ ਅਤੇ ਪ੍ਰੀਖਿਆ ਕੇਂਦਰ ਇੰਗਲੈਂਡ ਦੀ ਥਾਂ ਭਾਰਤ ਵਿੱਚ ਸਥਾਪਤ ਕਰਨ ਲਈ ਮੰਗ ਕੀਤੀ। ਭਾਰਤ ਦੇ ਵਾਇਸਰਾਏ ਲਾਰਡ ਰਿਪਨ ਨੇ ਇਸ ਮੰਗ ਦਾ ਸਮਰਥਨ ਕੀਤਾ। ਪਰੰਤੂ ਬ੍ਰਿਟਿਸ਼ ਸਰਕਾਰ ਨੇ ਇਸ ਮੰਗ ਨੂੰ ਸਵੀਕਾਰ ਨਾ ਕੀਤਾ।

1886 ਈ. ਵਿੱਚ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਨੇ 15 ਮੈਂਬਰਾਂ ਦਾ ਪਬਲਿਕ ਸਰਵਿਸ ਕਮਿਸ਼ਨ ਨਿੱਯੁਕਤ ਕੀਤਾ। ਇਸ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਸਿਵਿਲ ਸਰਵਿਸ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਵੇ ਜੋ ਕਿ ਹੇਠ ਲਿਖੇ ਅਨੁਸਾਰ ਸਨ :

(i) ਇਮਪੀਰੀਅਲ ਜਾਂ ਇੰਡੀਅਨ ਸਿਵਿਲ ਸਰਵਿਸ, ਜਿਸ ਲਈ ਪ੍ਰੀਖਿਆ ਇੰਗਲੈਂਡ ਵਿੱਚ ਹੋਵੇ।

(ii) ਪ੍ਰਾਂਤਿਕ ਸਰਵਿਸ, ਜਿਸ ਦੀਆਂ ਪ੍ਰੀਖਿਆਵਾਂ ਵੱਖ-ਵੱਖ ਪ੍ਰਾਂਤਾਂ ਵਿੱਚ ਹੋਣ।

(iii) ਪ੍ਰੋਫੈਸ਼ਨਲ ਸਰਵਿਸ ਜਿਸ ਦੇ ਕਮਿਸ਼ਨ ਨੇ ਭਾਰਤੀਆਂ ਲਈ ਪ੍ਰੀਖਿਆ ਵਿੱਚ ਬੈਠਣ ਦੀ ਉਮਰ 19 ਸਾਲ ਤੋਂ ਵਧਾ ਕੇ 23 ਸਾਲ ਨਿਸ਼ਚਿਤ ਕਰਨ ਦੀ ਸਿਫ਼ਾਰਸ਼ ਕੀਤੀ। 1892 ਈ. ਵਿੱਚ ਭਾਰਤ ਸਰਕਾਰ ਨੇ ਇਹਨਾਂ ਸਿਫ਼ਾਰਸ਼ਾਂ ਨੂੰ ਮੰਨ ਲਿਆ।

1918 ਈ. ਵਿੱਚ ਮੋਂਟੇਗੂ–ਚੈਮਸਫੋਰਡ ਰਿਪੋਰਟ ਦੁਆਰਾ ਸਿਫਾਰਸ਼ ਕੀਤੀ ਕਿ ਇੰਡੀਅਨ ਸਿਵਿਲ ਸਰਵਿਸ ਵਿੱਚ 33% ਭਾਰਤੀਆਂ ਨੂੰ ਨਿਯੁਕਤ ਕੀਤਾ ਜਾਵੇ ਅਤੇ ਹੌਲ਼ੀ–ਹੌਲ਼ੀ ਇਹਨਾਂ ਦੀ ਗਿਣਤੀ ਵਧਾਈ ਜਾਵੇ। ਇਸ ਰਿਪੋਰਟ ਨੂੰ ਭਾਰਤ ਸਰਕਾਰ ਐਕਟ, 1919 ਈ. ਦੁਆਰਾ ਲਾਗੂ ਕੀਤਾ ਗਿਆ।

1923 ਈ. ਦੇ ਲੀ ਕਮਿਸ਼ਨ ਨੇ ਕੇਂਦਰੀ ਲੋਕ ਸੇਵਾ ਕਮਿਸ਼ਨ ਅਤੇ ਪ੍ਰਾਂਤਾਂ ਵਿੱਚ ਵੀ ਅਜਿਹੇ ਕਮਿਸ਼ਨ ਸਥਾਪਤ ਕਰਨ ਦੀ ਸਿਫ਼ਾਰਸ਼ ਕੀਤੀ। ਇਸ ਲਈ 1926 ਈ. ਵਿੱਚ ਕੇਂਦਰੀ ਲੋਕ ਸੇਵਾ ਕਮਿਸ਼ਨ ਅਤੇ 1935 ਈ. ਵਿੱਚ ਸੰਘੀ ਲੋਕ ਸੇਵਾ ਕਮਿਸ਼ਨ ਅਤੇ ਕੁਝ ਪ੍ਰਾਂਤਿਕ ਲੋਕ ਸੇਵਾ ਕਮਿਸ਼ਨ ਸਥਾਪਤ ਕੀਤੇ ਗਏ।

ਭਾਵੇਂ ਅੰਗਰੇਜ਼ੀ ਰਾਜ ਵਿੱਚ ਇੰਡੀਅਨ ਸਿਵਿਲ ਸਰਵਿਸ ਵਿੱਚ ਕਾਫ਼ੀ ਗਿਣਤੀ ਵਿੱਚ ਭਾਰਤੀ ਨਿਯੁੱਕਤ ਕੀਤੇ ਗਏ ਸਨ, ਫਿਰ ਵੀ ਉੱਚੇ ਅਹੁਦਿਆਂ ਉੱਤੇ ਜ਼ਿਆਦਾਤਰ ਅੰਗਰੇਜ਼ ਹੀ ਨਿਯੁੱਕਤ ਕੀਤੇ ਜਾਂਦੇ ਸਨ। ਇਸ ਦਾ ਮੁੱਖ ਉਦੇਸ਼ ਭਾਰਤ ਵਿੱਚ ਅੰਗਰੇਜ਼ ਸਰਕਾਰ ਦੇ ਹਿੱਤਾਂ ਦੀ ਪਾਲਣਾ ਕਰਨਾ ਸੀ ਨਾ ਕਿ ਲੋਕਾਂ ਦੀ ਭਲਾਈ ਕਰਨਾ ਸੀ।

2. **ਸੈਨਾ :** ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੀ ਸਥਾਪਨਾ ਅਤੇ ਵਿਸਥਾਰ ਕਰਨ ਲਈ ਸੈਨਾ ਦਾ ਮਹੱਤਵਪੂਰਨ ਯੋਗਦਾਨ ਸੀ। 1856 ਈ. ਵਿੱਚ ਅੰਗਰੇਜ਼ੀ ਸੈਨਾ ਵਿੱਚ ਭਾਰਤੀਆਂ ਦੀ ਗਿਣਤੀ 2,33,000 ਅਤੇ ਯੂਰਪੀਅਨਾਂ ਦੀ ਕੇਵਲ 45,322 ਸੀ। ਭਾਰਤੀ ਸੈਨਿਕਾਂ ਨੂੰ ਅੰਗਰੇਜ਼ ਸੈਨਿਕਾਂ ਨਾਲੋਂ ਬਹੁਤ ਘੱਟ ਤਨਖਾਹਾਂ ਅਤੇ ਭੱਤੇ ਦਿੱਤੇ ਜਾਂਦੇ ਸਨ। ਉਹਨਾਂ ਦੀ ਤਰੱਕੀ ਵੱਧ ਤੋਂ ਵੱਧ ਸੂਬੇਦਾਰ ਦੀ ਪਦਵੀ ਤੱਕ ਹੋ ਸਕਦੀ ਸੀ। ਅੰਗਰੇਜ਼ ਅਧਿਕਾਰੀ ਭਾਰਤੀ ਸੈਨਿਕਾਂ ਨਾਲ ਬਹੁਤ ਬੁਰਾ ਵਿਵਹਾਰ ਕਰਦੇ ਸਨ। ਇਸ ਲਈ ਭਾਰਤੀ ਸੈਨਿਕਾਂ ਨੇ 1857 ਈ. ਵਿੱਚ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ।

1857 ਈ. ਦੇ ਵਿਦਰੋਹ ਪਿੱਛੋਂ 1858 ਈ. ਵਿੱਚ ਭਾਰਤੀ ਸੈਨਾ ਵਿੱਚ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ :

(i) ਅੰਗਰੇਜ਼ ਸੈਨਿਕਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ।

(ii) ਤੋਪਖਾਨੇ ਵਿੱਚ ਕੇਵਲ ਅੰਗਰੇਜ਼ਾਂ ਨੂੰ ਨਿਯੁੱਕਤ ਕੀਤਾ ਜਾਣ ਲੱਗਾ। ਯੂ.ਪੀ. ਦੇ ਬ੍ਰਾਹਮਣਾਂ ਦੀ ਬਜਾਏ ਸਿੱਖਾਂ ਅਤੇ ਗੋਰਖਿਆਂ ਨੂੰ ਸੈਨਾ ਵਿੱਚ ਭਰਤੀ ਕੀਤਾ ਜਾਣ ਲੱਗਾ। ਭਾਰਤੀ ਅਤੇ ਯੂਰਪੀਅਨ ਸੈਨਿਕਾਂ ਦੀ ਗਿਣਤੀ ਵਿੱਚ 2 : 1 ਦਾ ਅਨੁਪਾਤ ਕਰ ਦਿੱਤਾ ਗਿਆ। ਪ੍ਰਧਾਨ ਸੈਨਾਪਤੀ ਨੂੰ ਗਵਰਨਰ ਜਨਰਲ ਦੀ ਕੌਂਸਿਲ ਦਾ ਮੈਂਬਰ ਬਣਾ ਦਿੱਤਾ ਗਿਆ। ਧਰਮ ਅਤੇ ਜਾਤ ਦੇ ਆਧਾਰ ਤੇ ਸੈਨਿਕ ਟੁਕੜੀਆਂ ਸਥਾਪਤ ਕੀਤੀਆਂ ਗਈਆਂ ਤਾਂ ਕਿ ਸੈਨਿਕਾਂ ਵਿੱਚ ਏਕਤਾ ਉਤਪੰਨ ਨਾ ਹੋ ਸਕੇ ਅਤੇ ਵਿਦਰੋਹ ਦੀ ਸੰਭਾਵਨਾ ਘੱਟ ਹੋ ਜਾਵੇ।

3. **ਪੁਲਿਸ :** ਲਾਰਡ ਕਾਰਨਵਾਲਿਸ ਨੇ ਅੰਗਰੇਜ਼ੀ ਪ੍ਰਸ਼ਾਸਨ ਵਿੱਚ ਕਾਨੂੰਨ ਅਤੇ ਸ਼ਾਂਤੀ ਸਥਾਪਤ ਕਰਨ ਲਈ ਪੁਲਿਸ ਵਿਭਾਗ ਵਿੱਚ ਸੁਧਾਰ ਕੀਤਾ। ਉਸ ਨੇ ਜ਼ਿਲ੍ਹਿਆਂ ਦੀ ਦੇਖਭਾਲ ਕਰਨ ਲਈ ਅੰਗਰੇਜ਼ ਪੁਲਿਸ ਕਪਤਾਨ ਨਿਯੁੱਕਤ ਕੀਤੇ ਅਤੇ ਜ਼ਿਲ੍ਹਿਆਂ ਨੂੰ ਅੱਗੋਂ ਕਈ ਥਾਣਿਆਂ ਵਿੱਚ ਵੰਡਿਆ। ਹਰੇਕ ਥਾਣਾ ਇੱਕ ਦਰੋਗੇ ਦੇ ਅਧੀਨ ਹੁੰਦਾ ਸੀ। ਦਰੋਗਿਆਂ ਦੇ ਕੰਮ ਦੀ ਦੇਖਭਾਲ ਪੁਲਿਸ ਕਪਤਾਨ ਕਰਦੇ ਸਨ। ਪਿੰਡਾਂ ਦੀ ਦੇਖਭਾਲ ਕਰਨ ਲਈ ਚੌਕੀਦਾਰ ਨਿਯੁੱਕਤ ਕੀਤੇ ਜਾਂਦੇ ਸਨ। ਪੁਲਿਸ ਵਿਭਾਗ ਵਿੱਚ ਵੀ ਭਾਰਤੀਆਂ ਨੂੰ ਉੱਚੇ ਅਹੁਦਿਆਂ ਤੇ ਨਹੀਂ ਲਗਾਇਆ ਜਾਂਦਾ ਸੀ। ਉਹਨਾਂ ਦੀਆਂ ਤਨਖਾਹਾਂ ਵੀ ਅੰਗਰੇਜ਼ਾਂ ਦੀਆਂ ਤਨਖਾਹਾਂ ਨਾਲੋਂ ਬਹੁਤ ਘੱਟ ਹੁੰਦੀਆਂ ਸਨ। ਪੁਲਿਸ ਕਰਮਚਾਰੀਆਂ ਦਾ ਭਾਰਤੀਆਂ ਨਾਲ ਵਤੀਰਾ ਚੰਗਾ ਨਹੀਂ ਹੁੰਦਾ ਸੀ।

ਲਾਰਡ ਕਾਰਨਵਾਲਿਸ ਨੇ ਪੁਲਿਸ ਵਿਭਾਗ ਵਿੱਚ ਸੁਧਾਰ ਕਿਉਂ ਕੀਤੇ ਸਨ ?

4. **ਨਿਆਂ ਵਿਵਸਥਾ :** ਅੰਗਰੇਜ਼ਾਂ ਦੀ ਭਾਰਤ ਨੂੰ ਇੱਕ ਮਹੱਤਵਪੂਰਣ ਦੇਣ ਨਿਆਂ ਵਿਵਸਥਾ ਕਾਇਮ ਕਰਨਾ ਅਤੇ ਲਿਖਤੀ ਕਾਨੂੰਨ ਬਣਾਉਣਾ ਸੀ। ਵਾਰਨ ਹੇਸਟਿੰਗਜ਼ ਨੇ ਜ਼ਿਲ੍ਹਿਆਂ ਵਿੱਚ ਦੀਵਾਨੀ ਅਦਾਲਤ ਅਤੇ ਸਦਰ ਨਿਜ਼ਾਮਤ ਅਦਾਲਤ ਸਥਾਪਿਤ ਕੀਤੀ। 1773 ਈ. ਦੇ ਰੇਗੂਲੇਟਿੰਗ ਐਕਟ ਅਨੁਸਾਰ ਕਲਕੱਤੇ ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ ਜਿਸ ਦੇ ਨਿਆਂਧੀਸ਼ਾਂ ਦੇ ਮਾਰਗ ਦਰਸ਼ਨ ਲਈ ਲਾਰਡ ਕਾਰਨਵਾਲਿਸ ਨੇ 'ਕਾਰਨਵਾਲਿਸ ਕੋਡ' ਨਾਂ ਦੀ ਇੱਕ ਪੁਸਤਕ ਤਿਆਰ ਕਰਵਾਈ।

ਲਾਰਡ ਵਿਲੀਅਮ ਬੈਂਟਿੰਕ ਨੇ 1832 ਈ. ਵਿੱਚ ਬੰਗਾਲ ਵਿੱਚ ਜਿਊਰੀ ਪ੍ਰਣਾਲੀ (Jury System) ਦੀ ਸਥਾਪਨਾ ਕੀਤੀ। 1833 ਈ. ਦੇ ਚਾਰਟਰ ਐਕਟ ਅਧੀਨ ਕਾਨੂੰਨਾਂ ਦਾ ਸੰਗ੍ਰਹਿ ਕਰਨ ਲਈ ਇੰਡੀਅਨ ਲਾ-ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਗਵਰਨਰ ਜਨਰਲ ਨੂੰ ਸਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਗਿਆ। ਸਾਰੇ ਸਾਮਰਾਜ ਵਿੱਚ ਕਾਨੂੰਨ ਦਾ ਸ਼ਾਸਨ ਲਾਗੂ ਕਰ ਦਿੱਤਾ ਗਿਆ, ਜਿਸ ਅਨੁਸਾਰ ਸਾਰੇ ਭਾਰਤੀ ਲੋਕਾਂ ਨੂੰ ਬਿਨਾਂ ਧਰਮ ਜਾਂ ਜਾਤੀ ਦੇ ਭੇਦ-ਭਾਵ ਦੇ ਕਾਨੂੰਨ ਦੀ ਨਜ਼ਰ ਤੋਂ ਬਰਾਬਰ ਸਮਝਿਆ ਜਾਣ ਲੱਗਾ, ਪਰੰਤੂ ਦੂਜੀਆਂ ਸਿਵਿਲ ਸਰਵਿਸ ਵਾਂਗ ਭਾਰਤੀਆਂ ਨੂੰ ਯੂਰਪੀਅਨਾਂ ਦੇ ਸਮਾਨ ਨਾ ਸਮਝਿਆ ਗਿਆ ਅਤੇ ਉਨ੍ਹਾਂ ਨੂੰ ਕੁੱਝ ਵਿਸ਼ੇਸ਼ ਅਧਿਕਾਰਾਂ ਤੋਂ ਵਾਂਝਾ ਰੱਖਿਆ ਗਿਆ। ਉਦਾਹਰਨ ਵਜੋਂ ਭਾਰਤੀ ਜੱਜਾਂ ਨੂੰ ਯੂਰਪੀਅਨਾਂ ਦੇ ਮੁਕੱਦਮਿਆਂ ਦਾ ਫੈਸਲਾ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ ਸੀ। 1833 ਈ. ਵਿੱਚ ਲਾਰਡ ਰਿਪਨ ਦੀ ਸਰਕਾਰ ਨੇ ਇਲਬਰਟ ਬਿੱਲ ਰਾਹੀਂ ਭਾਰਤੀ ਜੱਜਾਂ ਨੂੰ ਅਜਿਹਾ ਅਧਿਕਾਰ ਦੇਣਾ ਚਾਹਿਆ ਪਰੰਤੂ ਅਸਫ਼ਲ ਰਿਹਾ।

## ਯਾਦ ਰੱਖਣ ਯੋਗ ਨੁਕਤੇ

1. ਰੇਗੂਲੇਟਿੰਗ ਐਕਟ 1773, ਪਿਟਸ ਇੰਡੀਆ ਐਕਟ 1784 ਅਤੇ 1833 ਅਤੇ 1853 ਈ. ਦੇ ਚਾਰਟਰ ਐਕਟਾਂ ਅਨੁਸਾਰ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਨੂੰ ਇੱਕ ਕੇਂਦਰੀ ਸ਼ਕਤੀ ਦੇ ਅਧੀਨ ਕਰ ਦਿੱਤਾ ਤਾਂਕਿ ਹੌਲੀ-ਹੌਲੀ ਅੰਗਰੇਜ਼ੀ ਸੰਸਦ ਕੰਪਨੀ ਤੋਂ ਭਾਰਤ ਦਾ ਸ਼ਾਸਨ ਆਪਣੇ ਹੱਥਾਂ ਵਿੱਚ ਲੈ ਸਕਦੀ ਸੀ।
2. ਗਵਰਨਰ ਜਨਰਲ ਦੀ ਕੌਂਸਿਲ ਭਾਰਤੀ ਪ੍ਰਸ਼ਾਸਨਿਕ ਸੰਗਠਨ ਨੂੰ ਸਿਵਿਲ ਸਰਵਿਸ, ਪੁਲਿਸ ਅਤੇ ਨਿਆਂ ਵਿਵਸਥਾ ਦੁਆਰਾ ਨਿਯੰਤਰਿਤ ਕਰਦੀ ਸੀ। ਲਾਰਡ ਕਾਰਨਵਾਲਿਸ ਨੂੰ ਭਾਰਤ ਵਿੱਚ ਸਿਵਿਲ-ਸਰਵਿਸ ਅਤੇ ਪੁਲਿਸ ਪ੍ਰਬੰਧ ਦਾ ਮੋਢੀ ਮੰਨਿਆ ਜਾਂਦਾ ਹੈ। ਭਾਰਤ ਵਿੱਚ ਸਾਰੀਆਂ ਉੱਚੀਆਂ ਨੌਕਰੀਆਂ ਸਿਰਫ਼ ਯੂਰਪੀਨਾਂ ਨੂੰ ਹੀ ਦਿੱਤੀਆਂ ਜਾਂਦੀਆਂ ਸਨ।
3. ਲਾਰਡ ਕਾਰਨਵਾਲਿਸ ਨੇ 'ਕਾਰਨਵਾਲਿਸ ਕੋਡ' ਨਾਂ ਦੀ ਇੱਕ ਪੁਸਤਕ ਤਿਆਰ ਕੀਤੀ। 1773 ਈ. ਵਿੱਚ ਕਲਕੱਤੇ ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ।

# ਅਭਿਆਸ

## 1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ—

1. ਈਸਟ ਇੰਡੀਆ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਲਈ ਕਦੋਂ ਅਤੇ ਕਿਹੜਾ ਐਕਟ ਪਾਸ ਕੀਤਾ ਗਿਆ ?
2. ਬੋਰਡ ਆਫ਼ ਕੰਟਰੋਲ ਕਦੋਂ ਅਤੇ ਕਿਸ ਐਕਟ ਅਧੀਨ ਬਣਿਆ ?
3. ਭਾਰਤ ਵਿਚ ਸਿਵਲ ਸਰਵਿਸ ਦਾ ਮੋਢੀ ਕੌਣ ਸੀ ?
4. ਕਦੋਂ ਅਤੇ ਕਿਹੜਾ ਪਹਿਲਾ ਭਾਰਤੀ ਸਿਵਲ ਸਰਵਿਸ ਦੀ ਪ੍ਰੀਖਿਆ ਪਾਸ ਕਰ ਸਕਿਆ ਸੀ ?
5. ਸੈਨਾ ਵਿਚ ਭਾਰਤੀ ਸੈਨਿਕਾਂ ਨੂੰ ਦਿੱਤੀ ਜਾਣ ਵਾਲੀ ਸਭ ਤੋਂ ਵੱਡੀ ਪਦਵੀ ਕਿਹੜੀ ਸੀ ?
6. ਕਿਹੜੇ ਗਵਰਨਰ-ਜਨਰਲ ਨੇ ਪੁਲਿਸ ਵਿਭਾਗ ਵਿਚ ਸੁਧਾਰ ਕੀਤੇ ਅਤੇ ਕਿਉਂ ?
7. ਰੈਗੂਲੇਟਿੰਗ ਐਕਟ ਤੋਂ ਕੀ ਭਾਵ ਹੈ ?
8. ਪਿਟਸ ਇੰਡੀਆ ਐਕਟ ਤੇ ਨੋਟ ਲਿਖੋ।
9. 1858 ਈ. ਤੋਂ ਬਾਅਦ ਸੈਨਾ ਵਿਚ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ?
10. ਨਿਆਂ ਵਿਵਸਥਾ ਤੇ ਨੋਟ ਲਿਖੋ।

## 2. ਹੇਠ ਲਿਖੇ ਖਾਲੀ ਸਥਾਨ ਭਰੋ—

1. 1886 ਈ. ਵਿੱਚ ਲਾਰਡ …………… ਨੇ 15 ਮੈਂਬਰਾਂ ਦਾ ਪਬਲਿਕ ਸਰਵਿਸ ਕਮਿਸ਼ਨ ਨਿਯੁੱਕਤ ਕੀਤਾ।
2. ਭਾਰਤੀ ਅਤੇ ਯੂਰਪੀਅਨਾਂ ਦੀ ਗਿਣਤੀ ਵਿੱਚ 2 : 1 ਦਾ ਅਨੁਪਾਤ …………… ਈ. ਦੇ ਵਿਦਰੋਹ ਪਿੱਛੋਂ ਕੀਤਾ ਗਿਆ।
3. 1773 ਈ. ਦੇ ਰੇਗੂਲੇਟਿੰਗ ਐਕਟ ਅਨੁਸਾਰ …………… ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ।

## 3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ—

1. ਅੰਗਰੇਜ਼ਾਂ ਦੀਆਂ ਭਾਰਤ ਵਿੱਚ ਨਵੀਆਂ ਨੀਤੀਆਂ ਦਾ ਉਦੇਸ਼ ਭਾਰਤ ਵਿੱਚ ਸਿਰਫ਼ ਅੰਗਰੇਜ਼ਾਂ ਦੇ ਹਿੱਤਾਂ ਦੀ ਰਾਖੀ ਕਰਨਾ ਸੀ। ☐
2. ਲਾਰਡ ਕਾਰਨਵਾਲਿਸ ਦੇ ਸਮੇਂ ਭਾਰਤ ਵਿੱਚ ਹਰੇਕ ਥਾਣਾ ਦਰੋਗੇ ਦੇ ਅਧੀਨ ਹੁੰਦਾ ਸੀ। ☐
3. 1773 ਈ. ਦੇ ਰੇਗੂਲੇਟਿੰਗ ਐਕਟ ਅਨੁਸਾਰ ਕਲਕੱਤੇ ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ। ☐



# ਪਾਠ 10 ਪੇਂਡੂ ਜੀਵਨ ਅਤੇ ਸਮਾਜ

ਅੰਗਰੇਜ਼ੀ ਸਾਮਰਾਜ ਸਮੇਂ ਭਾਰਤ ਵਿੱਚ ਬਹੁਤ ਸਾਰੀਆਂ ਆਰਥਿਕ ਤਬਦੀਲੀਆਂ ਹੋਈਆਂ। ਅੰਗਰੇਜ਼ਾਂ ਦੁਆਰਾ ਅਪਣਾਈਆਂ ਗਈਆਂ ਆਰਥਿਕ ਨੀਤੀਆਂ ਕਾਰਨ ਭਾਰਤੀ ਉਦਯੋਗ ਤਬਾਹ ਹੋ ਗਏ ਸਨ। ਕਿਉਂਕਿ ਅੰਗਰੇਜ਼ਾਂ ਨੇ ਭਾਰਤ ਵਿੱਚ ਕੁੱਝ ਨਵੇਂ ਉਦਯੋਗਾਂ ਦੀ ਸਥਾਪਨਾ ਕੀਤੀ, ਜਿਨ੍ਹਾਂ ਦਾ ਉਦੇਸ਼ ਅੰਗਰੇਜ਼ਾਂ ਦੇ ਸੁਆਰਥ ਨੂੰ ਪੂਰਾ ਕਰਨਾ ਸੀ। ਅੰਗਰੇਜ਼ਾਂ ਨੇ ਭਾਰਤ ਵਿੱਚ ਲਗਾਨ ਇਕੱਠਾ ਕਰਨ ਦੇ ਸਥਾਈ ਬੰਦੋਬਸਤ, ਰੱਈਅਤਵਾੜੀ ਪ੍ਰਬੰਧ ਅਤੇ ਮਹਿਲਵਾੜੀ ਪ੍ਰਬੰਧ ਲਾਗੂ ਕੀਤੇ।

## ਅੰਗਰੇਜ਼ਾਂ ਦੀਆਂ ਖੇਤੀਬਾੜੀ ਸਬੰਧੀ ਨੀਤੀਆਂ

ਭਾਰਤ ਵਿੱਚ ਅੰਗਰੇਜ਼ਾਂ ਦੀਆਂ ਖੇਤੀਬਾੜੀ ਸਬੰਧੀ ਨੀਤੀਆਂ ਦਾ ਮੁੱਖ ਉਦੇਸ਼ ਭਾਰਤ ਵਿੱਚੋਂ ਵੱਧ ਤੋਂ ਵੱਧ ਧਨ ਇਕੱਠਾ ਕਰਨਾ ਸੀ। ਅੰਗਰੇਜ਼ਾਂ ਨੇ ਇਸ ਉਦੇਸ਼ ਨੂੰ ਮੁੱਖ ਰੱਖਦੇ ਹੋਏ ਭਾਰਤ ਵਿੱਚ ਵੱਖ-ਵੱਖ ਲਗਾਨ ਪ੍ਰਣਾਲੀਆਂ ਲਾਗੂ ਕੀਤੀਆਂ ਸਨ। 1765 ਈ. ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸਾ ਪ੍ਰਾਂਤਾਂ ਦੀ ਦੀਵਾਨੀ ਪ੍ਰਾਪਤ ਕਰ ਲਈ ਪਰੰਤੂ ਭੂਮੀ ਲਗਾਨ ਇਕੱਠਾ ਕਰਨ ਦਾ ਕੰਮ ਆਮਿਲਾਂ ਨੂੰ ਸੌਂਪ ਦਿੱਤਾ।

(1) **ਠੇਕੇ ਤੇ ਭੂਮੀ ਦੇਣ ਦਾ ਪ੍ਰਬੰਧ ਜਾਂ ਇਜ਼ਾਰੇਦਾਰੀ** : ਵਾਰਨ ਹੇਸਟਿੰਗਜ਼ ਨੇ ਲਗਾਨ ਇਕੱਠਾ ਕਰਨ ਲਈ ਪੰਜ ਸਾਲਾ ਠੇਕੇ ਦਾ ਪ੍ਰਬੰਧ ਕੀਤਾ। ਇਸ ਅਨੁਸਾਰ ਸਭ ਤੋਂ ਵੱਧ ਬੋਲੀ ਦੇਣ ਵਾਲਿਆਂ ਨੂੰ ਪੰਜ ਸਾਲਾਂ ਲਈ ਭੂਮੀ ਕਰ ਇਕੱਠਾ ਕਰਨ ਦਾ ਅਧਿਕਾਰ ਦਿੱਤਾ ਗਿਆ। ਪਰੰਤੂ 1777 ਈ. ਵਿੱਚ ਉਸ ਨੇ ਪੰਜ ਸਾਲਾ ਠੇਕੇ ਦੀ ਥਾਂ ਇੱਕ ਸਾਲ ਠੇਕੇ ਦਾ ਪ੍ਰਬੰਧ ਸ਼ੁਰੂ ਕੀਤਾ। ਇਸ ਅਨੁਸਾਰ ਠੇਕੇਦਾਰ ਕਿਸਾਨਾਂ ਨੂੰ ਵੱਧ ਤੋਂ ਵੱਧ ਲੁੱਟਦੇ ਸਨ। ਇਸ ਕਾਰਨ ਕਿਸਾਨਾਂ ਦੀ ਆਰਥਿਕ ਹਾਲਤ ਖ਼ਰਾਬ ਹੋ ਗਈ। ਇਸ ਕਰਕੇ ਲਾਰਡ ਕਾਰਨਵਾਲਿਸ ਨੇ 1793 ਈ. ਵਿੱਚ ਬੰਗਾਲ ਅਤੇ ਬਿਹਾਰ ਦੇ ਪ੍ਰਾਂਤਾਂ ਵਿੱਚ ਸਥਾਈ ਬੰਦੋਬਸਤ ਪ੍ਰਬੰਧ ਸ਼ੁਰੂ ਕੀਤਾ।

(2) **ਸਥਾਈ ਬੰਦੋਬਸਤ** : 1793 ਈ. ਵਿੱਚ ਲਾਰਡ ਕਾਰਨਵਾਲਿਸ ਨੇ ਬੰਗਾਲ ਵਿੱਚ ਸਥਾਈ ਬੰਦੋਬਸਤ ਭੂਮੀ ਲਗਾਨ ਪ੍ਰਬੰਧ ਸ਼ੁਰੂ ਕੀਤਾ ਗਿਆ। ਬਾਅਦ ਵਿੱਚ ਇਹ ਸਥਾਈ ਬੰਦੋਬਸਤ ਪ੍ਰਬੰਧ ਬਿਹਾਰ, ਉੜੀਸਾ, ਬਨਾਰਸ ਅਤੇ ਉੱਤਰੀ ਭਾਰਤ ਵਿੱਚ ਵੀ ਲਾਗੂ ਕੀਤਾ ਗਿਆ । ਇਸ ਪ੍ਰਬੰਧ ਅਨੁਸਾਰ ਜ਼ਿੰਮੀਂਦਾਰਾਂ ਨੂੰ ਹਮੇਸ਼ਾ ਲਈ ਭੂਮੀ ਦੇ ਮਾਲਕ ਬਣਾ ਦਿੱਤਾ ਗਿਆ। ਉਹਨਾਂ ਦੁਆਰਾ ਸਰਕਾਰ ਨੂੰ ਦਿੱਤਾ ਜਾਣ ਵਾਲਾ ਲਗਾਨ ਨਿਸ਼ਚਿਤ ਕਰ ਦਿੱਤਾ, ਜੋ ਜ਼ਿੰਮੀਦਾਰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ ਸਨ। ਜੇਕਰ ਉਹ ਕਿਸੇ ਕਾਰਨ ਕਰਕੇ ਅਜਿਹਾ ਨਹੀਂ ਕਰਦੇ ਸਨ ਤਾਂ ਸਰਕਾਰ ਉਹਨਾਂ ਦੀ ਜ਼ਮੀਨ ਦਾ ਕੁਝ ਹਿੱਸਾ ਵੇਚ ਕੇ ਲਗਾਨ ਦੀ ਰਕਮ ਪੂਰੀ ਕਰ ਲੈਂਦੀ ਸੀ। ਜ਼ਿੰਮੀਦਾਰਾਂ ਨੂੰ ਇਹ ਅਧਿਕਾਰ ਸੀ ਕਿ ਉਹ ਕਿਸਾਨਾਂ ਤੋਂ ਆਪਣੀ ਮਰਜ਼ੀ ਅਨੁਸਾਰ ਲਗਾਨ ਇਕੱਠਾ ਕਰਨ।

**ਸਥਾਈ ਬੰਦੋਬਸਤ ਦੇ ਦੋਸ਼** : ਇਸ ਵਿਵਸਥਾ ਵਿੱਚ ਹੇਠ ਲਿਖੇ ਬਹੁਤ ਸਾਰੇ ਦੋਸ਼ ਵੀ ਸਨ-

1. ਜ਼ਿੰਮੀਦਾਰ ਕਿਸਾਨਾਂ ਉੱਤੇ ਬਹੁਤ ਅੱਤਿਆਚਾਰ ਕਰਦੇ ਸਨ।

2. ਸਰਕਾਰ ਨੂੰ ਇਸ ਨਾਲ ਆਰਥਿਕ ਹਾਨੀ ਹੋਈ ਕਿਉਂਕਿ ਉਸ ਦੀ ਆਮਦਨ (ਭੂਮੀਕਰ) ਤਾਂ ਨਿਸ਼ਚਿਤ ਸੀ ਪਰੰਤੂ ਉਸ ਦਾ ਖ਼ਰਚ ਵੱਧ ਰਿਹਾ ਸੀ।
3. ਕਰਾਂ ਦਾ ਬੋਝ ਖੇਤੀ-ਬਾੜੀ ਨਾ ਕਰਨ ਵਾਲੇ ਹੋਰ ਧੰਦੇ ਦੇ ਲੋਕਾਂ ਉੱਤੇ ਪੈਣ ਲੱਗਾ।
4. ਸਰਕਾਰ ਦਾ ਕਿਸਾਨਾਂ ਨਾਲ ਕੋਈ ਸਿੱਧਾ ਸੰਪਰਕ ਨਹੀਂ ਸੀ।
5. ਸਥਾਈ ਬੰਦੋਬਸਤ ਨੇ ਬਹੁਤ ਸਾਰੇ ਜ਼ਿੰਮੀਦਾਰਾਂ ਨੂੰ ਆਲਸੀ ਅਤੇ ਐਸ਼-ਪਸੰਦ ਬਣਾ ਦਿੱਤਾ।

(3) **ਰੱਈਅਤਵਾੜੀ ਪ੍ਰਬੰਧ :** ਸਥਾਈ ਬੰਦੋਬਸਤ ਦੇ ਦੋਸ਼ ਦੂਰ ਕਰਨ ਲਈ 1820 ਈ. ਵਿੱਚ ਇੱਕ ਅੰਗਰੇਜ਼ ਅਫ਼ਸਰ ਥਾਮਸ ਮੁਨਰੋ ਨੇ ਮਦਰਾਸ ਅਤੇ ਮੁੰਬਈ ਵਿੱਚ ਰੱਈਅਤਵਾੜੀ ਪ੍ਰਬੰਧ ਲਾਗੂ ਕੀਤਾ। ਇਸ ਪ੍ਰਬੰਧ ਦੇ ਅਨੁਸਾਰ ਸਰਕਾਰ ਨੇ ਕਿਸਾਨਾਂ ਤੋਂ ਸਿੱਧਾ ਭੂਮੀ ਲਗਾਨ ਲੈਣ ਦਾ ਫੈਸਲਾ ਕੀਤਾ। ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਗਿਆ।

**ਰੱਈਅਤਵਾੜੀ ਪ੍ਰਬੰਧ ਦੇ ਦੋਸ਼ :** ਰੱਈਅਤਵਾੜੀ ਪ੍ਰਬੰਧ ਅਧੀਨ ਜ਼ਿੰਮੀਦਾਰਾਂ ਦੀ ਬਜਾਏ ਸਰਕਾਰ ਕਿਸਾਨਾਂ ਦਾ ਸ਼ੋਸ਼ਣ ਕਰਦੀ ਸੀ। ਕਿਸਾਨਾਂ ਤੋਂ ਉਪਜ ਦਾ ਕਾਫ਼ੀ ਹਿੱਸਾ ਲਗਾਨ ਦੇ ਰੂਪ ਵਿੱਚ ਲੈ ਲਿਆ ਜਾਂਦਾ ਸੀ। ਕਈ ਗਰੀਬ ਕਿਸਾਨਾਂ ਨੂੰ ਲਗਾਨ ਦੀ ਰਕਮ ਅਦਾ ਕਰਨ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਣ ਬਦਲੇ ਆਪਣੀਆਂ ਜ਼ਮੀਨਾਂ ਗਹਿਣੇ ਰੱਖਣੀਆਂ ਪੈਂਦੀਆਂ ਸਨ।

(4) **ਮਹਿਲਵਾੜੀ ਪ੍ਰਬੰਧ :** ਰੱਈਅਤਵਾੜੀ ਲਗਾਨ ਪ੍ਰਬੰਧ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਉੱਤਰ ਪ੍ਰਦੇਸ਼, ਪੰਜਾਬ ਅਤੇ ਮੱਧ ਭਾਰਤ ਦੇ ਕੁੱਝ ਇਲਾਕਿਆਂ ਵਿੱਚ ਮਹਿਲਵਾੜੀ ਲਗਾਨ ਪ੍ਰਬੰਧ ਲਾਗੂ ਕੀਤਾ ਗਿਆ। ਇਹ ਪ੍ਰਬੰਧ ਪਿੰਡ ਦੇ ਸਮੁੱਚੇ ਭਾਈਚਾਰੇ ਨਾਲ ਕੀਤਾ ਜਾਂਦਾ ਸੀ। ਇਸ ਪ੍ਰਬੰਧ ਅਨੁਸਾਰ ਸਰਕਾਰ ਨੂੰ ਲਗਾਨ ਦੇਣ ਦੀ ਜ਼ਿੰਮੇਵਾਰੀ ਸਾਰੇ ਭਾਈਚਾਰੇ ਦੀ ਹੁੰਦੀ ਸੀ। ਇਹ ਪ੍ਰਬੰਧ ਲੰਬੇ ਸਮੇਂ ਲਈ ਕੀਤਾ ਜਾਂਦਾ ਸੀ। ਇਸ ਪ੍ਰਬੰਧ ਨੂੰ ਸਭ ਤੋਂ ਚੰਗਾ ਮੰਨਿਆ ਜਾਂਦਾ ਸੀ ਕਿਉਂਕਿ ਇਸ ਵਿੱਚ ਪਹਿਲੇ ਦੋਨਾਂ ਸਥਾਈ ਬੰਦੋਬਸਤ ਅਤੇ ਰੱਈਅਤਵਾੜੀ ਪ੍ਰਬੰਧਾਂ ਦੇ ਗੁਣ ਸ਼ਾਮਲ ਸਨ। ਇਸ ਪ੍ਰਬੰਧ ਦਾ ਮੁੱਖ ਦੋਸ਼ ਇਹ ਸੀ ਕਿ ਇਸ ਅਨੁਸਾਰ ਲੋਕਾਂ ਨੂੰ ਬਹੁਤ ਜ਼ਿਆਦਾ ਭੂਮੀ ਲਗਾਨ ਦੇਣਾ ਪੈਂਦਾ ਸੀ।

## ਅੰਗਰੇਜ਼ਾਂ ਦੀਆਂ ਖੇਤੀ ਬਾੜੀ ਸਬੰਧੀ ਨੀਤੀਆਂ ਦਾ ਪ੍ਰਭਾਵ

ਭਾਰਤ ਵਿੱਚ ਅੰਗਰੇਜ਼ਾਂ ਦੁਆਰਾ ਪ੍ਰਚਲਿਤ ਕੀਤੀ ਗਈ ਲਗਾਨ ਵਿਵਸਥਾ ਕਾਰਨ ਕਿਸਾਨਾਂ ਉੱਤੇ ਜ਼ੁਲਮ ਹੋਣ ਲੱਗੇ। ਜ਼ਿੰਮੀਦਾਰੀ ਖੇਤਰਾਂ ਵਿੱਚ, ਜਿੱਥੇ ਸਥਾਈ ਜਾਂ ਅਸਥਾਈ ਬੰਦੋਬਸਤ ਲਾਗੂ ਕੀਤੇ ਗਏ, ਉੱਥੇ ਜ਼ਿੰਮੀਦਾਰ ਕਿਸਾਨਾਂ ਦਾ ਸ਼ੋਸ਼ਣ ਕਰਦੇ ਸਨ। ਉਹ ਸਰਕਾਰ ਨੂੰ ਲਗਾਨ ਦੀ ਨਿਸ਼ਚਿਤ ਰਕਮ ਦੇ ਦਿੰਦੇ ਸਨ ਅਤੇ ਭੂਮੀ ਦੇ ਮਾਲਕ ਬਣ ਗਏ ਸਨ। ਪਰੰਤੂ ਉਹ ਕਿਸਾਨਾਂ ਤੋਂ ਆਪਣੀ ਇੱਛਾ ਅਨੁਸਾਰ ਲਗਾਨ ਉਗਰਾਉਂਦੇ ਸਨ। ਸਰਕਾਰ ਜ਼ਿੰਮੀਦਾਰਾਂ ਨੂੰ ਕਿਸਾਨਾਂ ਅਤੇ ਕਾਸ਼ਤਕਾਰਾਂ ਉੱਤੇ ਅੱਤਿਆਚਾਰ ਕਰਨ ਤੋਂ ਨਹੀਂ ਰੋਕਦੀ ਸੀ। ਜਿਹੜੇ ਖੇਤਰਾਂ ਵਿੱਚ ਰੱਈਅਤਵਾੜੀ ਅਤੇ ਮਹਿਲਵਾੜੀ ਪ੍ਰਬੰਧ ਲਾਗੂ ਕੀਤੇ ਗਏ ਸਨ, ਉੱਥੇ ਜ਼ਿੰਮੀਦਾਰਾਂ ਦੀ ਬਜਾਏ ਸਰਕਾਰ ਆਪ ਕਿਸਾਨਾਂ ਦਾ ਸ਼ੋਸ਼ਣ ਕਰਦੀ ਸੀ। ਇਹਨਾਂ ਖੇਤਰਾਂ ਵਿੱਚ ਭੂਮੀ ਲਗਾਨ ਫ਼ਸਲ ਦੀ ਉਪਜ ਦਾ 1/3 ਤੋਂ 1/2 ਭਾਗ ਤੱਕ ਲਿਆ ਜਾਂਦਾ ਸੀ ਅਤੇ ਅੱਗੋਂ ਹਰੇਕ ਸਾਲ ਲਗਾਨ ਦੀ ਦਰ ਵੱਧਦੀ ਜਾਂਦੀ ਸੀ, ਜਿਸ ਕਾਰਨ ਕਿਸਾਨ ਬਹੁਤ ਗਰੀਬ ਹੋ ਗਏ। ਇਸ ਦੇ ਇਲਾਵਾ ਜ਼ਮੀਨ ਦੇ ਨਿੱਜੀ ਸੰਪਤੀ ਬਣ ਜਾਣ ਕਾਰਨ ਜ਼ਮੀਨ ਦੀ ਹੌਲ਼ੀ-ਹੌਲ਼ੀ ਪਰਿਵਾਰ ਦੇ ਮੈਂਬਰਾਂ ਵਿੱਚ ਵੰਡ ਹੁੰਦੀ ਗਈ। ਅੰਗਰੇਜ਼ਾਂ ਦੁਆਰਾ ਪ੍ਰਚਲਿਤ ਲਗਾਨ ਵਿਵਸਥਾ ਅਨੁਸਾਰ ਕਿਸਾਨਾਂ ਨੂੰ ਨਿਸ਼ਚਿਤ ਮਿਤੀ ਉੱਤੇ ਲਗਾਨ ਦੀ ਨਿਸ਼ਚਿਤ ਰਕਮ ਨਕਦੀ ਰੂਪ ਵਿੱਚ ਹਰ ਸਾਲ ਜਮ੍ਹਾਂ ਕਰਾਉਣੀ ਪੈਂਦੀ ਸੀ। ਭਾਵੇਂ ਕਿਸੇ ਸਾਲ ਅਕਾਲ, ਹੜ੍ਹ ਜਾਂ ਸੋਕਾ ਪੈ ਜਾਣ ਅਤੇ ਹੋਰ ਕਾਰਨਾਂ ਕਰਕੇ ਫਸਲਾਂ ਨਸ਼ਟ ਹੋ ਗਈਆਂ ਹੋਣ।

ਅਜਿਹੀ ਹਾਲਤ ਵਿੱਚ ਕਿਸਾਨਾਂ ਨੂੰ ਆਪਣੀ ਜ਼ਮੀਨ ਸ਼ਾਹੂਕਾਰ ਪਾਸ ਗਹਿਣੇ ਰੱਖ ਕੇ ਕਰਜ਼ਾ ਲੈਣਾ ਪੈਂਦਾ ਸੀ, ਜਿਸ ਕਾਰਨ ਉਹਨਾਂ ਦੀ ਆਰਥਿਕ ਹਾਲਤ ਬਹੁਤ ਖਰਾਬ ਹੋ ਗਈ ਸੀ।

## ਕ੍ਰਿਸ਼ੀ ਵਣਜੀਕਰਣ

ਭਾਰਤ ਵਿੱਚ ਅੰਗਰੇਜ਼ੀ ਸ਼ਾਸਨ ਦੀ ਸਥਾਪਨਾ ਤੋਂ ਪਹਿਲਾਂ ਭਾਰਤੀ ਲੋਕਾਂ ਦਾ ਮੁੱਖ ਕਿੱਤਾ ਖੇਤੀ-ਬਾੜੀ ਕਰਨਾ ਸੀ। ਖੇਤੀ-ਬਾੜੀ ਪਿੰਡ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਸੀ। ਕਿਸਾਨਾਂ ਤੋਂ ਇਲਾਵਾ ਹਰੇਕ ਪਿੰਡ ਵਿੱਚ ਘੁਮਿਆਰ, ਜੁਲਾਹੇ, ਮੋਚੀ, ਤਰਖਾਣ, ਲੁਹਾਰ, ਭੰਗੀ, ਨਾਈ, ਧੋਬੀ ਆਦਿ ਹੁੰਦੇ ਸਨ। ਇਹ ਸਾਰੇ ਲੋਕ ਮਿਲ ਕੇ ਪਿੰਡ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਲੈਂਦੇ ਸਨ। ਪਰੰਤੂ ਭਾਰਤ ਵਿੱਚ ਅੰਗਰੇਜ਼ੀ ਰਾਜ ਹੋ ਜਾਣ ਨਾਲ ਪਿੰਡਾਂ ਦੀ ਆਤਮ-ਨਿਰਭਰ ਅਰਥ ਵਿਵਸਥਾ ਨੂੰ ਬਹੁਤ ਨੁਕਸਾਨ ਹੋਇਆ। ਅੰਗਰੇਜ਼ਾਂ ਦੁਆਰਾ ਲਾਗੂ ਕੀਤੀ ਗਈ ਭੂਮੀ ਲਗਾਨ ਪ੍ਰਣਾਲੀ ਅਨੁਸਾਰ ਕਿਸਾਨਾਂ ਨੂੰ ਲਗਾਨ ਦੇ ਤੌਰ ਤੇ ਨਿਸ਼ਚਿਤ ਰਕਮ ਸਮੇਂ ਸਿਰ ਸਰਕਾਰ ਨੂੰ ਦੇਣੀ ਪੈਂਦੀ ਸੀ। ਇਸ ਲਈ ਕਿਸਾਨ ਹੁਣ ਫ਼ਸਲ ਪਿੰਡ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਨਹੀਂ ਸਗੋਂ ਮੰਡੀ ਵਿੱਚ ਵੇਚਣ ਲਈ ਪੈਦਾ ਕਰਦੇ ਸਨ। ਉਹਨਾਂ ਦਾ ਉਦੇਸ਼ ਫ਼ਸਲਾਂ ਤੋਂ ਵੱਧ ਤੋਂ ਵੱਧ ਧਨ ਕਮਾਉਣਾ ਹੋ ਗਿਆ ਸੀ ਤਾਂ ਕਿ ਉਹ ਸਰਕਾਰ ਨੂੰ ਨਿਸ਼ਚਿਤ ਸਮੇਂ ਤੇ ਭੂਮੀ ਲਗਾਨ ਦੀ ਰਕਮ ਦੇ ਸਕਦੇ ਅਤੇ ਸ਼ਾਹੂਕਾਰਾਂ ਦਾ ਕਰਜ਼ਾ ਵੀ ਮੋੜਿਆ ਜਾ ਸਕਦਾ। ਇਸ ਤਰ੍ਹਾਂ ਪਿੰਡਾਂ ਵਿੱਚ ਕ੍ਰਿਸ਼ੀ ਦਾ ਵਣਜੀਕਰਣ ਸ਼ੁਰੂ ਹੋਇਆ।

ਕਿਸਾਨ ਹੁਣ ਕਣਕ, ਕਪਾਹ, ਤੇਲ ਦੇ ਬੀਜ, ਗੰਨਾ ਅਤੇ ਪਟਸਨ ਆਦਿ ਫ਼ਸਲਾਂ ਪੈਦਾ ਕਰਨ ਲੱਗੇ ਕਿਉਂਕਿ ਇਹਨਾਂ ਦੀ ਮੰਡੀਆਂ ਵਿਚ ਬਹੁਤ ਮੰਗ ਸੀ। ਇਹਨਾਂ ਫ਼ਸਲਾਂ ਨੂੰ ਵੇਚਣ ਨਾਲ ਕਿਸਾਨਾਂ ਨੂੰ ਵੱਧ ਆਮਦਨ ਹੋਣ ਲੱਗ ਪਈ ਸੀ। ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਉਣ ਕਾਰਨ ਉੱਥੇ ਸਥਾਪਤ ਕੀਤੇ ਗਏ ਕਾਰਖਾਨਿਆਂ ਲਈ ਕੱਚੇ ਮਾਲ ਦੀ ਬਹੁਤ ਲੋੜ ਸੀ। ਇਸ ਕਰਕੇ ਅੰਗਰੇਜ਼ੀ ਸਰਕਾਰ ਨੇ ਖੇਤੀ-ਬਾੜੀ ਭਾਵ ਕ੍ਰਿਸ਼ੀ ਦਾ ਵਣਜੀਕਰਣ ਸ਼ੁਰੂ ਕਰ ਦਿੱਤਾ, ਜੋ ਪੰਜਾਬ, ਬੰਗਾਲ, ਗੁਜਰਾਤ ਅਤੇ ਬਿਹਾਰ ਆਦਿ ਖੇਤਰਾਂ ਵਿਚ ਸਭ ਤੋ ਵੱਧ ਹੋਇਆ ਸੀ।

## ਕ੍ਰਿਸ਼ੀ ਵਣਜੀਕਰਣ ਦੇ ਪ੍ਰਭਾਵ

**ਲਾਭ :** ਕ੍ਰਿਸ਼ੀ ਵਣਜੀਕਰਣ ਦੇ ਕਾਰਨ ਹੀ ਕਈ ਕਿਸਮ ਦੀਆਂ ਫਸਲਾਂ ਉਗਾਈਆਂ ਜਾ ਸਕੀਆਂ ਅਤੇ ਪੈਦਾਵਾਰ ਵਿੱਚ ਵਾਧਾ ਹੋਇਆ। ਸਿੱਟੇ ਵਜੋਂ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋਇਆ ਜਿਸ ਕਰਕੇ ਕਿਸਾਨਾਂ ਲਈ ਸ਼ਹਿਰਾਂ ਦੀਆਂ ਮੰਡੀਆਂ ਵਿੱਚ ਜਾਣਾ ਆਸਾਨ ਹੋ ਗਿਆ। ਉਹ ਸ਼ਹਿਰਾਂ ਤੋਂ ਕੱਪੜੇ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਸਸਤੇ ਮੁੱਲ ਤੇ ਖਰੀਦ ਕੇ ਲਿਆ ਸਕਦੇ ਸਨ। ਕਿਸਾਨਾਂ ਦਾ ਸ਼ਹਿਰਾਂ ਨਾਲ ਸੰਪਰਕ ਹੋ ਜਾਣ ਕਾਰਨ ਉਹਨਾਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ। ਸਿੱਟੇ ਵਜੋਂ ਕਿਸਾਨਾਂ ਵਿੱਚ ਹੌਲੀ-ਹੌਲੀ ਰਾਸ਼ਟਰੀ ਜਾਗ੍ਰਿਤੀ ਉਤਪੰਨ ਹੋਣੀ ਸ਼ੁਰੂ ਹੋਈ।

**ਹਾਨੀਆਂ :** ਕਿਸਾਨਾਂ ਨੂੰ ਜਿੱਥੇ ਕ੍ਰਿਸ਼ੀ ਵਣਜੀਕਰਣ ਦੇ ਲਾਭ ਹੋਏ ਉਥੇ ਇਸ ਦੀਆਂ ਹਾਨੀਆਂ ਵੀ ਕਾਫ਼ੀ ਹੋਈਆਂ। ਕਿਸਾਨ ਪੁਰਾਣੇ ਢੰਗਾਂ ਨਾਲ ਖੇਤੀ ਕਰਦੇ ਸਨ ਅਤੇ ਮੰਡੀਆਂ ਵਿੱਚ ਉਹਨਾਂ ਦੀਆਂ ਫ਼ਸਲਾਂ ਦਾ ਮੁਕਾਬਲਾ ਅਮਰੀਕਾ, ਆਸਟਰੇਲੀਆ ਅਤੇ ਯੂਰਪ ਆਦਿ ਦੀਆਂ ਫ਼ਸਲਾਂ ਨਾਲ ਹੁੰਦਾ ਸੀ ਜੋ ਕਿ ਮਸ਼ੀਨਾਂ ਨਾਲ ਉਗਾਈਆਂ ਜਾਂਦੀਆਂ ਸਨ। ਇਸ ਕਰਕੇ ਕਿਸਾਨਾਂ ਨੂੰ ਜ਼ਿਆਦਾ ਲਾਭ ਨਹੀਂ ਹੋ ਸਕਦਾ ਸੀ। ਇਸ ਦੇ ਇਲਾਵਾ ਕਿਸਾਨ ਨੂੰ ਆਪਣੀ ਫ਼ਸਲ ਮੰਡੀ ਵਿੱਚ ਆੜ੍ਹਤੀਏ ਦੀ ਸਹਾਇਤਾ ਨਾਲ ਵੇਚਣੀ ਪੈਂਦੀ ਸੀ ਜਿਹੜਾ ਕਿ ਜ਼ਿਆਦਾ ਮੁਨਾਫ਼ਾ ਆਪ ਲੈ ਜਾਂਦਾ ਸੀ ਅਤੇ ਕਿਸਾਨ ਨੂੰ ਉਸ ਦੀ ਫ਼ਸਲ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ ਸੀ।

## ਕਿਸਾਨਾਂ ਦੁਆਰਾ ਵਿਦਰੋਹ

ਅੰਗਰੇਜ਼ਾਂ ਨੇ ਭਾਰਤ ਦੇ ਜਿੱਤੇ ਹੋਏ ਪ੍ਰਦੇਸ਼ਾਂ ਵਿੱਚ ਵੱਖ-ਵੱਖ ਲਗਾਨ ਪ੍ਰਣਾਲੀਆਂ ਲਾਗੂ ਕੀਤੀਆਂ ਜਿਨ੍ਹਾਂ ਅਨੁਸਾਰ ਕਿਸਾਨਾਂ ਨੂੰ ਬਹੁਤ ਜ਼ਿਆਦਾ ਲਗਾਨ ਦੇਣਾ ਪੈਂਦਾ ਸੀ। ਇਸ ਕਰਕੇ ਉਹ ਸ਼ਾਹੂਕਾਰਾਂ ਦੇ ਕਰਜ਼ਾਈ ਹੋ ਜਾਂਦੇ ਸਨ। ਬੰਗਾਲ ਦੇ ਸਥਾਈ ਬੰਦੋਬਸਤ ਅਨੁਸਾਰ ਅੰਗਰੇਜ਼ਾਂ ਨੇ ਵਿੱਕਰੀ ਕਾਨੂੰਨ ਲਾਗੂ ਕੀਤਾ। ਇਸ ਕਾਨੂੰਨ ਅਨੁਸਾਰ ਜਿਹੜਾ ਜ਼ਿੰਮੀਦਾਰ ਹਰੇਕ ਸਾਲ 31 ਮਾਰਚ ਨੂੰ ਭੂਮੀਕਰ ਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਨਹੀਂ ਕਰਾਉਂਦਾ ਸੀ, ਉਸ ਦੀ ਭੂਮੀ ਕਿਸੇ ਹੋਰ ਜ਼ਿੰਮੀਂਦਾਰ ਨੂੰ ਵੇਚ ਦਿੱਤੀ ਜਾਂਦੀ ਸੀ। ਇਸ ਦੇ ਇਲਾਵਾ ਅੰਗਰੇਜ਼ਾਂ ਨੇ ਬਹੁਤ ਸਾਰੀਆਂ ਜ਼ਮੀਨਾਂ ਨੂੰ ਜ਼ਬਤ ਕਰ ਲਿਆ। ਉਹਨਾਂ ਨੇ ਕਰਮੁਕਤ ਜ਼ਮੀਨਾਂ ਤੇ ਜਿਹੜੀਆਂ ਕਿ ਬਾਦਸ਼ਾਹ ਵਲੋਂ ਰਾਜ ਦੇ ਜਾਗੀਰਦਾਰਾਂ ਨੂੰ ਇਨਾਮ ਵਜੋਂ ਦਿੱਤੀਆਂ ਗਈਆਂ ਸਨ, ਉਹਨਾਂ ਤੇ ਮੁੜ ਕਰ ਲਗਾ ਦਿੱਤਾ। ਲਗਾਨ ਦਰ ਵੀ ਪਹਿਲਾਂ ਨਾਲੋਂ ਵਧਾ ਦਿੱਤੀ ਗਈ। ਸਰਕਾਰ ਲਗਾਨ ਇਕੱਠਾ ਕਰਨ ਸਮੇਂ ਬੜੀ ਸਖ਼ਤੀ ਕਰਦੀ ਸੀ। ਇਹਨਾਂ ਕਾਰਨਾਂ ਕਰਕੇ ਕਿਸਾਨਾਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਸਿੱਟੇ ਵਜੋਂ ਉਹਨਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ।

1849 ਈ. ਵਿੱਚ ਪੰਜਾਬ ਦੇ ਵੱਖ-ਵੱਖ ਭਾਗਾਂ ਜਿਵੇਂ ਕਿ ਪਟਿਆਲਾ ਅਤੇ ਰਾਵਲਪਿੰਡੀ (ਪਾਕਿਸਤਾਨ) ਆਦਿ ਵਿੱਚ ਕਿਸਾਨ ਵਿਦਰੋਹ ਹੋਏ।

ਕਿਸਾਨਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਿਉਂ ਕੀਤਾ ਸੀ ?

**ਨੀਲ ਵਿਦਰੋਹ** : ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੇ ਵੀ ਨੀਲ ਉਤਪਾਦਨ ਤੇ ਵੱਧ ਲਗਾਨ ਲਗਾਉਣ ਵਿਰੁੱਧ ਵਿਦਰੋਹ ਕੀਤੇ। 1858 ਈ. ਤੋਂ 1860 ਈ. ਤੱਕ ਬੰਗਾਲ ਅਤੇ ਬਿਹਾਰ ਦੇ ਬਹੁਤ ਵੱਡੇ ਇਲਾਕੇ ਵਿੱਚ ਇਹ ਵਿਦਰੋਹ ਫੈਲ ਗਿਆ ਸੀ। ਨੀਲ ਦੇ ਬਗੀਚੇ ਲਾਉਣ ਵਾਲਿਆਂ ਨੇ ਸ਼ਕਤੀ ਦੁਆਰਾ ਅਤੇ ਸਰਕਾਰ ਨੇ ਵੀ ਨੀਲ ਬੀਜਣ ਤੋਂ ਨਾਂਹ ਕਰਨ ਵਾਲਿਆਂ ਕਿਸਾਨਾਂ ਨੂੰ ਧਮਕੀ ਦੇ ਕੇ ਇਸ ਅੰਦੋਲਨ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਕਿਸਾਨ ਅੜੇ ਰਹੇ। ਜਦੋਂ ਉਹਨਾਂ ਨੂੰ ਨੀਲ ਦੀ ਖੇਤੀ ਕਰਨ ਲਈ ਮਜ਼ਬੂਰ ਕੀਤਾ ਗਿਆ ਤਾਂ ਉਹਨਾਂ ਨੇ ਅੰਗਰੇਜ਼ ਕਾਸ਼ਤਕਾਰਾਂ ਦੀਆਂ ਫੈਕਟਰੀਆਂ ਤੇ ਹਮਲਾ ਕਰ ਦਿੱਤਾ ਅਤੇ ਲੁੱਟ-ਮਾਰ ਕੀਤੀ। ਸਰਕਾਰ ਦੁਆਰਾ ਕਿਸਾਨਾਂ ਨੂੰ ਰੋਕਣ ਦੇ ਸਾਰੇ ਯਤਨ ਅਸਫ਼ਲ ਰਹੇ। 1866-68 ਈ. ਵਿੱਚ ਨੀਲ ਦੀ ਖੇਤੀ ਵਿਰੁੱਧ ਚੰਪਾਰਨ (ਬਿਹਾਰ) ਵਿੱਚ ਵਿਦਰੋਹ ਹੋਇਆ। ਨੀਲ ਸੰਕਟ ਉਦੋਂ ਤੱਕ ਜਾਰੀ ਰਿਹਾ ਜਦੋਂ 20ਵੀਂ ਸਦੀ ਦੇ ਆਰੰਭ ਵਿੱਚ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਨੀਲ ਕਿਸਾਨਾਂ ਦੇ ਪੱਖ ਵਿੱਚ ਸਮਰਥਨ ਨਹੀਂ ਦਿੱਤਾ।

ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੇ ਵਿਦਰੋਹ ਕਿਉਂ ਕੀਤਾ ਸੀ ?

## ਯਾਦ ਰੱਖਣ ਯੋਗ ਨੁਕਤੇ

1. ਸਥਾਈ ਬੰਦੋਬਸਤ 1793 ਈ., ਰੱਈਅਤਵਾੜੀ ਪ੍ਰਬੰਧ 1820 ਈ. ਅਤੇ ਮਹਿਲਵਾੜੀ ਪ੍ਰਬੰਧ, ਇਨ੍ਹਾਂ ਸਾਰਿਆਂ ਦੇ ਇੱਕੋ ਜਿਹੇ ਅਤੇ ਲੰਬੇ ਸਮੇਂ ਤੱਕ ਪ੍ਰਭਾਵ ਪਏ। ਲਗਾਨ ਦੀ ਦਰ ਜ਼ਿਆਦਾ ਅਤੇ ਆਫਤਾਂ ਸਮੇਂ ਲਗਾਨ ਮੁਆਫ ਨਾ ਕਰਨ ਕਰਕੇ ਕਿਸਾਨ ਕਰਜ਼ਾਈ ਅਤੇ ਜ਼ਮੀਨ ਤੋਂ ਵਾਂਝੇ ਹੋ ਗਏ।
2. ਕ੍ਰਿਸ਼ੀ ਵਣਜੀਕਰਣ ਹੋਣ ਕਾਰਨ ਕਿਸਾਨ ਕਣਕ, ਕਪਾਹ, ਤੇਲ ਦੇ ਬੀਜ, ਗੰਨਾ ਅਤੇ ਪਟਸਨ ਆਦਿ ਫ਼ਸਲਾਂ ਪੈਦਾ ਕਰਨ ਲੱਗੇ। ਇੰਗਲੈਂਡ ਦੇ ਉਦਯੋਗਾਂ ਵਿੱਚ ਇਨ੍ਹਾਂ ਫਸਲਾਂ ਨੂੰ ਕੱਚੇ ਮਾਲ ਦੇ ਤੌਰ ਤੇ ਵਰਤਿਆ ਗਿਆ ਅਤੇ ਭਾਰਤੀ ਕਿਸਾਨਾਂ ਤੋਂ ਬਹੁਤ ਘੱਟ ਕੀਮਤ ਤੇ ਇਨ੍ਹਾਂ ਫਸਲਾਂ ਨੂੰ ਅੰਗਰੇਜ਼ਾਂ ਵੱਲੋਂ ਖ੍ਰੀਦਿਆ ਗਿਆ।

3. ਕਿਸਾਨਾਂ ਵਲੋਂ ਵੱਖ-ਵੱਖ ਥਾਵਾਂ ਤੇ ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਵਿਦਰੋਹ ਕੀਤੇ ਗਏ।

4. 1858-1860 ਈ. ਦੌਰਾਨ ਬੰਗਾਲ ਅਤੇ ਬਿਹਾਰ ਦੇ ਨੀਲ ਉਤਪਾਦਕਾਂ ਵਲੋਂ ਵੀ ਅੰਗਰੇਜ਼ੀ ਸਰਕਾਰ ਵਿਰੁੱਧ ਵੱਖ-ਵੱਖ ਥਾਵਾਂ 'ਤੇ ਵਿਦਰੋਹ ਕਰ ਦਿੱਤੇ ਗਏ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—

1. ਸਥਾਈ ਬੰਦੋਬਸਤ ਕਿਸ ਨੇ, ਕਦੋਂ ਅਤੇ ਕਿਥੇ ਸ਼ੁਰੂ ਕੀਤਾ ਸੀ ?
2. ਰੱਈਅਤਵਾੜੀ ਪ੍ਰਬੰਧ ਕਿਸ ਨੇ, ਕਦੋਂ ਅਤੇ ਕਿੱਥੇ-ਕਿੱਥੇ ਸ਼ੁਰੂ ਕੀਤਾ ?
3. ਮਹਿਲਵਾੜੀ ਪ੍ਰਬੰਧ ਕਿਹੜੇ ਤਿੰਨ ਖੇਤਰਾਂ ਵਿੱਚ ਲਾਗੂ ਕੀਤਾ ਗਿਆ ?
4. ਕ੍ਰਿਸ਼ੀ ਦਾ ਵਣਜੀਕਰਣ ਕਿਵੇਂ ਹੋਇਆ ?
5. ਵਣਜੀਕਰਣ ਦੀਆਂ ਮੁੱਖ ਫ਼ਸਲਾਂ ਕਿਹੜੀਆਂ ਸਨ ?
6. ਕ੍ਰਿਸ਼ੀ ਵਣਜੀਕਰਣ ਦੇ ਦੋ ਮੁੱਖ ਲਾਭ ਦੱਸੋ।
7. ਕ੍ਰਿਸ਼ੀ ਵਣਜੀਕਰਣ ਦੀਆਂ ਦੋ ਮੁੱਖ ਹਾਨੀਆਂ ਦੱਸੋ।
8. ਸਥਾਈ ਬੰਦੋਬਸਤ ਕੀ ਸੀ ਅਤੇ ਉਸ ਦੇ ਕੀ ਆਰਥਿਕ ਪ੍ਰਭਾਵ ਪਏ ?
9. ਨੀਲ ਵਿਦਰੋਹ ਤੋਂ ਤੁਸੀਂ ਕੀ ਜਾਣਦੇ ਹੋ ?

### 2. ਹੇਠ ਲਿਖੇ ਖਾਲੀ ਸਥਾਨ ਭਰੋ—

1. ਠੇਕੇਦਾਰ ਕਿਸਾਨਾਂ ਨੂੰ ਵੱਧ ਤੋਂ ਵੱਧ ............... ਸਨ।
2. ਸਥਾਈ ਬੰਦੋਬਸਤ ਕਾਰਨ ............... ਭੂਮੀ ਦੇ ਮਾਲਕ ਬਣ ਗਏ।
3. ਜ਼ਿੰਮੀਦਾਰ ਕਿਸਾਨਾਂ ਉੱਤੇ ਬਹੁਤ ............... ਕਰਦੇ ਸਨ।
4. ਭਾਰਤ ਵਿੱਚ ਅੰਗਰੇਜ਼ੀ ਸ਼ਾਸਨ ਦੀ ਸਥਾਪਨਾ ਤੋਂ ਪਹਿਲਾਂ ਭਾਰਤੀ ਲੋਕਾਂ ਦਾ ਮੁੱਖ ਕਿੱਤਾ ............... ਕਰਨਾ ਸੀ।

### 3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ—

1. ਭਾਰਤ ਵਿੱਚ ਅੰਗਰੇਜ਼ੀ ਰਾਜ ਹੋ ਜਾਣ ਨਾਲ ਪਿੰਡਾਂ ਦੀ ਆਤਮ-ਨਿਰਭਰ ਅਰਥ-ਵਿਵਸਥਾ ਨੂੰ ਬਹੁਤ ਲਾਭ ਹੋਇਆ। ☐
2. ਮਹਿਲਵਾੜੀ ਪ੍ਰਬੰਧ ਪਿੰਡ ਦੇ ਸਮੁੱਚੇ ਭਾਈਚਾਰੇ ਨਾਲ ਕੀਤਾ ਜਾਂਦਾ ਸੀ। ☐
3. ਬੰਗਾਲ ਦੇ ਸਥਾਈ ਬੰਦੋਬਸਤ ਅਨੁਸਾਰ ਅੰਗਰੇਜ਼ਾਂ ਨੇ ਵਿਕਰੀ ਕਾਨੂੰਨ ਲਾਗੂ ਕੀਤਾ। ☐

**4. ਹੇਠ ਲਿਖਿਆਂ ਦੇ ਠੀਕ ਜੋੜੇ ਬਣਾਓ—**

| (ੳ) | (ਅ) |
|---|---|
| 1. ਵਾਰਨ ਹੇਸਟਿੰਗਜ਼ | 1. ਸਥਾਈ ਬੰਦੋਬਸਤ |
| 2. ਲਾਰਡ ਕਾਰਨਵਾਲਿਸ | 2. ਰੱਈਅਤਵਾੜੀ ਪ੍ਰਬੰਧ |
| 3. ਥਾਮਸ ਮੁਨਰੋ | 3. ਸਥਾਈ ਬੰਦੋਬਸਤ |



# ਪਾਠ 11 ਬਸਤੀਵਾਦ ਅਤੇ ਕਬਾਇਲੀ ਸਮਾਜ

**ਕਬਾਇਲੀ ਸਮਾਜ :** ਕਬਾਇਲੀ ਸਮਾਜ ਜਾਂ ਆਦਿਵਾਸੀ ਲੋਕ ਭਾਰਤ ਦੀ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਹਨ। 2011 ਈ. ਦੀ ਜਨਗਣਨਾ ਅਨੁਸਾਰ ਇਨ੍ਹਾਂ ਦੀ ਆਬਾਦੀ ਲਗਪਗ 10,42,81,034 ਤੱਕ ਸੀ। ਇਨ੍ਹਾਂ ਕਬੀਲਿਆਂ ਦਾ ਸਭ ਤੋਂ ਵੱਡਾ ਹਿੱਸਾ ਕਈ ਰਾਜਾਂ ਜਿਵੇਂ ਰਾਜਸਥਾਨ, ਗੁਜਰਾਤ, ਬਿਹਾਰ, ਉੜੀਸਾ ਅਤੇ ਮੱਧ ਪ੍ਰਦੇਸ਼ ਵਿੱਚ ਰਹਿੰਦਾ ਸੀ। ਇਨ੍ਹਾਂ ਰਾਜਾਂ ਤੋਂ ਇਲਾਵਾ ਆਦਿਵਾਸੀ ਕਈ ਛੋਟੇ ਰਾਜਾਂ ਵਿੱਚ ਵੀ ਰਹਿੰਦੇ ਹਨ ਜਿਵੇਂ ਕਿ ਸਿੱਕਮ, ਗੋਆ, ਮਿਜ਼ੋਰਮ, ਦਾਦਰਾ ਅਤੇ ਨਗਰ ਹਵੇਲੀ ਅਤੇ ਲਕਸ਼ਦੀਪ ਆਦਿ। ਇਨ੍ਹਾਂ ਆਦਿਵਾਸੀ ਲੋਕਾਂ ਵਿੱਚੋਂ ਜ਼ਿਆਦਾਤਰ ਲੋਕ ਜਿਵੇਂ ਗੋਂਡ, ਭੀਲ, ਸੰਥਾਲ, ਮਿਜ਼ੋ ਆਦਿ ਕਬੀਲਿਆਂ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਵਿੱਚੋਂ ਗੋਂਡ ਦੀ ਗਿਣਤੀ ਸਭ ਤੋਂ ਵਧੇਰੇ ਹੈ। ਇਨ੍ਹਾਂ ਕਬੀਲਿਆਂ ਤੋਂ ਇਲਾਵਾ ਹੋਰ ਵੀ ਕਈ ਘੱਟ ਜਨ- ਸੰਖਿਆ ਵਾਲੇ ਕਬੀਲੇ ਹਨ।

ਬਰਤਾਨਵੀ ਰਾਜ ਸਮੇਂ ਬਹੁਤ ਸਾਰੇ ਯੂਰਪੀਅਨ ਅਤੇ ਭਾਰਤੀ ਲੇਖਕਾਂ ਨੇ ਇਨ੍ਹਾਂ ਆਦਿਵਾਸੀ ਲੋਕਾਂ ਦੇ ਜੀਵਨ, ਆਰਥਿਕ ਵਿਵਸਥਾ ਅਤੇ ਸਮਾਜ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਆਦਿਵਾਸੀ ਲੋਕਾਂ



*ਕਬਾਇਲੀ ਲੋਕ*

ਵਿੱਚੋਂ 63% ਲੋਕ ਪਹਾੜੀ ਅਤੇ ਜੰਗਲੀ ਖੇਤਰ ਵਿੱਚ, 2.2% ਲੋਕ ਟਾਪੂਆਂ ਵਿੱਚ ਅਤੇ 1.6% ਲੋਕ ਅਰਧ-ਖੰਡ ਠੰਡੇ ਇਲਾਕਿਆਂ ਵਿੱਚ ਰਹਿੰਦੇ ਹਨ। ਬਾਕੀ ਲੋਕ ਹੋਰਨਾਂ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਰਹਿੰਦੇ ਹਨ। ਇਹ ਲੋਕ ਇੱਕ ਜਾਂ ਦੋ ਕਮਰਿਆਂ ਵਾਲੀਆਂ ਝੌਂਪੜੀਆਂ ਵਿੱਚ ਰਹਿੰਦੇ ਹਨ, ਜਿਹੜੀਆਂ ਕਿ ਅਕਸਰ ਬੇਤਰਤੀਬ ਢੰਗ ਨਾਲ ਬਣੀਆਂ ਹੁੰਦੀਆਂ ਹਨ। ਇਹ ਝੌਂਪੜੀਆਂ ਦੋ ਜਾਂ ਚਾਰ ਲਾਈਨਾਂ ਵਿੱਚ ਇੱਕ ਦੂਜੀ ਦੇ ਸਾਹਮਣੇ ਹੁੰਦੀਆਂ ਹਨ। ਇਨ੍ਹਾਂ ਦੇ ਆਲੇ-ਦੁਆਲੇ ਦਰੱਖਤਾਂ ਦੇ ਝੁੰਡ ਹੁੰਦੇ ਹਨ। ਇਹ ਲੋਕ ਭੇਡਾਂ, ਬੱਕਰੀਆਂ ਆਦਿ ਪਾਲਤੂ ਪਸ਼ੂ ਰੱਖਦੇ

ਹਨ। ਇਹ ਆਦਿਵਾਸੀ ਲੋਕ ਸਥਾਨਕ ਕੁਦਰਤੀ ਅਤੇ ਭੌਤਿਕ ਸਾਧਨਾਂ ਉੱਪਰ ਨਿਰਭਰ ਕਰਦੇ ਹਨ। ਕਈ ਪ੍ਰਕਾਰ ਦੇ ਹੋਰ ਆਰਥਿਕ ਧੰਦੇ ਜਿਵੇਂ ਸ਼ਿਕਾਰ ਕਰਨਾ, ਭੋਜਨ ਇਕੱਠਾ ਕਰਨਾ, ਮੱਛੀਆਂ ਫੜਨਾ, ਬਲਦਾਂ ਰਾਹੀਂ ਹਲ ਵਾਹੁਣਾ ਆਦਿ ਵੀ ਪ੍ਰਚਲਿਤ ਹਨ।

ਕਬਾਇਲੀ ਸਮਾਜ ਦੇ ਲੋਕਾਂ ਦੀ ਸਭ ਤੋਂ ਮੁੱਢਲੀ ਸਮਾਜਿਕ ਇਕਾਈ ਪਰਿਵਾਰ ਹੈ, ਜਿੱਥੇ ਇਸਤਰੀਆਂ ਘਰੇਲੂ, ਆਰਥਿਕ, ਸਭਿਆਚਾਰਕ ਕੰਮ-ਕਾਜ ਵਿੱਚ ਮਹੱਤਵਪੂਰਨ ਯੋਗਦਾਨ ਦਿੰਦੀਆਂ ਹਨ। ਔਰਤਾਂ ਦੇ ਮੁੱਖ ਕੰਮ ਖਾਣਾ ਬਣਾਉਣਾ, ਲੱਕੜੀਆਂ ਇਕੱਠੀਆਂ ਕਰਨਾ, ਸਫ਼ਾਈ ਕਰਨਾ ਅਤੇ ਕੱਪੜੇ ਧੋਣਾ ਆਦਿ ਹਨ। ਉਹ ਖੇਤੀ ਦੇ ਕੰਮਾਂ ਜਿਵੇਂ ਕਿ ਜ਼ਮੀਨ ਪੱਧਰੀ ਕਰਨਾ, ਫਸਲਾਂ ਬੀਜਣਾ, ਨਦੀਨ ਕੱਢਣੇ, ਫਸਲਾਂ ਕੱਟਣੀਆਂ ਆਦਿ ਵਿੱਚ ਵੀ ਮਰਦਾਂ ਦੀ ਸਹਾਇਤਾ ਕਰਦੀਆਂ ਹਨ। ਮਰਦਾਂ ਦੇ ਮੁੱਖ ਕੰਮ ਜੰਗਲਾਂ ਦੀ ਕਟਾਈ ਕਰਨਾ, ਜ਼ਮੀਨ ਪੱਧਰੀ ਕਰਨਾ ਅਤੇ ਹਲ ਵਾਹੁਣਾ ਆਦਿ ਹਨ। ਕਿਉਂਕਿ ਆਦਿਵਾਸੀ ਔਰਤਾਂ ਆਰਥਿਕ ਕੰਮ-ਕਾਜ ਵਿੱਚ ਮਰਦਾਂ ਦੀ ਸਹਾਇਤਾ ਕਰਦੀਆਂ ਹਨ, ਇਸ ਕਰਕੇ ਮਰਦ ਇੱਕ ਤੋਂ ਵਧੇਰੇ ਪਤਨੀਆਂ ਰੱਖਦੇ ਹਨ। ਇਸੇ ਕਾਰਨ ਕਬਾਇਲੀ ਸਮਾਜ ਵਿੱਚ ਬਹੁ-ਵਿਆਹ ਪ੍ਰਚਲਿਤ ਹੈ।

## 19ਵੀਂ ਸਦੀ ਵਿੱਚ ਕਬਾਇਲੀ ਸਮਾਜ ਅਤੇ ਉਸ ਦੀ ਆਰਥਿਕ ਦਸ਼ਾ ਵਿੱਚ ਤਬਦੀਲੀਆਂ

19ਵੀਂ ਸਦੀ ਵਿੱਚ ਬਰਤਾਨਵੀ ਰਾਜ ਸਮੇਂ ਕਬਾਇਲੀ ਸਮਾਜ ਦੇ ਲੋਕ ਸਭ ਤੋਂ ਵੱਧ ਗਰੀਬ ਸਨ। ਅੰਗਰੇਜ਼ੀ ਸਾਮਰਾਜ ਦੇ ਤੇਜ਼ੀ ਨਾਲ ਹੋ ਰਹੇ ਪ੍ਰਸਾਰ ਨੇ ਕਬਾਇਲੀ ਸਮਾਜ ਦੀ ਜੀਵਨ ਸ਼ੈਲੀ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ। ਬਰਤਾਨਵੀ ਰਾਜ ਸਮੇਂ ਪੁਰਾਣੇ ਸਮਾਜਿਕ ਅਤੇ ਆਰਥਿਕ ਢਾਂਚੇ ਨੂੰ ਬਦਲ ਦਿੱਤਾ ਗਿਆ। ਇਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਕਬਾਇਲੀ ਸਮਾਜ ਅਤੇ ਉਸ ਦੀ ਆਰਥਿਕ ਦਸ਼ਾ ਉੱਪਰ ਪਿਆ। ਬਰਤਾਨਵੀ ਸਰਕਾਰ ਨੇ ਆਪਣੇ ਆਰਥਿਕ ਹਿੱਤਾਂ ਕਾਰਨ ਫਸਲਾਂ ਦਾ ਵਣਜੀਕਰਣ ਕਰ ਦਿੱਤਾ। ਬਰਤਾਨਵੀ ਸ਼ਾਸਕਾਂ ਨੇ ਅਫੀਮ ਅਤੇ ਨੀਲ ਦੀ ਖੇਤੀ ਕਰਨ ਲਈ ਕਬਾਇਲੀ ਖੇਤਰਾਂ ਦੀ ਜ਼ਮੀਨ ਉਤੇ ਕਬਜ਼ਾ ਕਰ ਲਿਆ, ਜਿਸ ਕਰਕੇ ਕਬਾਇਲੀ ਲੋਕ ਮਜ਼ਦੂਰੀ ਕਰਨ ਲੱਗੇ। ਉਹਨਾਂ ਨੂੰ ਬਹੁਤ ਘੱਟ ਮਜ਼ਦੂਰੀ ਦਿੱਤੀ ਜਾਂਦੀ ਸੀ। ਹੌਲੀ-ਹੌਲੀ ਉਹਨਾਂ ਨੇ ਗੁਜ਼ਾਰਾ ਕਰਨ ਲਈ ਪੈਸਾ ਉਧਾਰ ਲੈਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਉਹ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਗਏ।

ਕਬਾਇਲੀ ਲੋਕ ਇਨ੍ਹਾਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਨੂੰ ਸਵੀਕਾਰ ਨਹੀਂ ਕਰਦੇ ਸਨ। ਉਹ ਪੂਰੀ ਤਰ੍ਹਾਂ ਨਾਲ ਬਰਤਾਨਵੀ ਹਕੂਮਤ ਦੇ ਇਸ ਨਵੇਂ ਪ੍ਰਬੰਧ ਦੇ ਵਿਰੁੱਧ ਸਨ।

ਕਬਾਇਲੀ ਲੋਕ ਆਰਥਿਕ ਮੰਦੀ ਦੇ ਸ਼ਿਕਾਰ ਕਿਉਂ ਹੋ ਗਏ ਸਨ ?

## ਕਬਾਇਲੀ ਲੋਕਾਂ ਦੁਆਰਾ ਵਿਦਰੋਹ

ਉਪਰੋਕਤ ਕਾਰਨਾਂ ਕਰਕੇ ਕਬਾਇਲੀ ਸਮਾਜ ਦੇ ਲੋਕਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅੰਗਰੇਜ਼ੀ ਸਰਕਾਰ ਵਿਰੁੱਧ ਵਿਦਰੋਹ ਕਰ ਦਿੱਤਾ। ਮੱਧ ਪ੍ਰਦੇਸ਼ ਵਿੱਚ ਭੀਲ ਲੋਕਾਂ ਨੇ, ਬਿਹਾਰ ਵਿੱਚ ਮੁੰਡਾ ਲੋਕਾਂ ਨੇ, ਉੜੀਸਾ ਵਿੱਚ ਗੋਂਡ ਲੋਕਾਂ ਨੇ, ਮੇਘਾਲਿਆ ਵਿੱਚ ਖਾਸੀ ਲੋਕਾਂ ਨੇ ਅਤੇ ਬਿਹਾਰ-ਬੰਗਾਲ ਵਿੱਚ ਸੰਥਾਲ ਲੋਕਾਂ ਨੇ ਭਾਰੀ ਵਿਦਰੋਹ ਕੀਤਾ।

**ਉੱਤਰ-ਪੂਰਬੀ ਖੇਤਰ ਵਿੱਚ ਕਬਾਇਲੀ ਲੋਕਾਂ ਦੁਆਰਾ ਵਿਦਰੋਹ :** ਉੱਤਰ-ਪੂਰਬੀ ਖੇਤਰ ਵਿੱਚ ਸਭ ਤੋਂ ਪਹਿਲਾਂ ਖਾਸੀ ਕਬੀਲੇ ਦੁਆਰਾ ਵਿਦਰੋਹ ਕੀਤਾ ਗਿਆ। ਪੂਰਬ ਵਿੱਚ ਜੈਂਤੀਆਂ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ

ਪਹਾੜੀਆਂ ਤੱਕ ਦੇ ਖੇਤਰ ਵਿੱਚ ਖਾਸੀ ਕਬੀਲੇ ਦਾ ਅਧਿਕਾਰ ਸੀ। ਤੀਰੁਤ ਸਿੰਘ ਇਸ ਕਬੀਲੇ ਦਾ ਮੋਢੀ ਸੀ। ਉਸ ਦੀ ਅਗਵਾਈ ਹੇਠ ਖਾਸੀ ਲੋਕ ਆਪਣੇ ਇਲਾਕਿਆਂ ਵਿੱਚੋਂ ਬਾਹਰੀ ਲੋਕਾਂ ਨੂੰ ਭਜਾਉਣਾ ਚਾਹੁੰਦੇ ਸਨ। 5 ਮਈ 1829 ਈ. ਨੂੰ ਖਾਸੀ ਕਬੀਲੇ ਦੇ ਲੋਕਾਂ ਨੇ ਗਾਰੋ ਕਬੀਲੇ ਦੀ ਸਹਾਇਤਾ ਨਾਲ ਬਹੁਤ ਸਾਰੇ ਯੂਰਪੀਅਨਾਂ ਅਤੇ ਬੰਗਾਲੀਆਂ ਨੂੰ ਮਾਰ ਦਿੱਤਾ। ਯੂਰਪੀਅਨ ਕਲੋਨੀਆਂ ਨੂੰ ਅੱਗ ਲਗਾ ਦਿੱਤੀ। ਤੀਰੁਤ ਸਿੰਘ ਹੋਰ ਪਹਾੜੀ ਕਬੀਲਿਆਂ ਜਿਵੇਂ ਭੋਟ, ਸਿੰਗਫੋ ਆਦਿ ਨੂੰ ਵੀ ਵਿਦੇਸ਼ੀ ਪ੍ਰਸ਼ਾਸਨ ਤੋਂ ਮੁਕਤ ਕਰਾਉਣਾ ਚਾਹੁੰਦਾ ਸੀ। ਇਸ ਕਰਕੇ ਉਸ ਨੇ 10000 ਸਾਥੀਆਂ ਦੀ ਸਹਾਇਤਾ ਨਾਲ ਬਰਤਾਨਵੀ ਹਕੂਮਤ ਲਈ ਮੁਸ਼ਕਿਲ ਪੈਦਾ ਕਰ ਦਿੱਤੀ ਸੀ। ਦੂਜੇ ਪਾਸੇ ਬਰਤਾਨਵੀ ਸੈਨਿਕਾਂ ਨੇ ਖਾਸੀ ਪਿੰਡਾਂ ਨੂੰ ਇੱਕ-ਇੱਕ ਕਰਕੇ ਅੱਗ ਲਗਾ ਦਿੱਤੀ। ਅੰਤ ਵਿੱਚ 1833 ਈ: ਵਿੱਚ ਤੀਰੁਤ ਸਿੰਘ ਨੇ ਬਰਤਾਨਵੀ ਸੈਨਾ ਅੱਗੇ ਹਥਿਆਰ ਸੁੱਟ ਦਿੱਤੇ।

ਜਿਹੜੇ ਕਬੀਲਿਆਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ ਸੀ, ਉਨ੍ਹਾਂ ਦੀ ਸੂਚੀ ਬਣਾਉ।

ਜਦੋਂ ਬਰਤਾਨਵੀ ਸੈਨਿਕ ਖਾਸੀ ਕਬੀਲੇ ਦੇ ਵਿਦਰੋਹ ਦਾ ਸਾਹਮਣਾ ਕਰ ਰਹੇ ਸਨ ਤਾਂ ਉਸੇ ਸਮੇਂ ਹੀ ਇੱਕ ਹੋਰ ਪਹਾੜੀ ਕਬੀਲੇ ਸਿੰਗਫੋ ਨੇ ਬਗਾਵਤ ਕਰ ਦਿੱਤੀ। ਹੁਣ ਖਾਸੀ ਅਤੇ ਸਿੰਗਫੋ ਕਬੀਲੇ ਦੇ ਲੋਕਾਂ ਨੇ ਮਿਲ ਕੇ ਹੋਰ ਕਬੀਲਿਆਂ ਜਿਵੇਂ ਖਾਮਤੀ, ਗਾਰੋ, ਨਾਗਾ ਆਦਿ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ। ਉਹਨਾਂ ਨੇ ਅਸਾਮ ਵਿੱਚ ਬਰਤਾਨਵੀ ਸੈਨਾ ਉੱਪਰ ਹਮਲਾ ਕਰ ਦਿੱਤਾ ਅਤੇ ਕਈ ਅੰਗਰੇਜ਼ਾਂ ਨੂੰ ਮਾਰ ਦਿੱਤਾ ਗਿਆ। ਪਰ ਅਖ਼ੀਰ ਉਹ ਬਰਤਾਨਵੀਂ ਸੈਨਾ ਦੇ ਆਧੁਨਿਕ ਹਥਿਆਰਾਂ ਦਾ ਮੁਕਾਬਲਾ ਨਾ ਕਰ ਸਕੇ ਅਤੇ ਉਹਨਾਂ ਨੂੰ ਹਥਿਆਰ ਸੁੱਟਣੇ ਪਏ।

1839 ਈ: ਵਿੱਚ ਸਿੰਗਫੋ ਕਬੀਲੇ ਦੇ ਲੋਕਾਂ ਨੇ ਦੁਬਾਰਾ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਉਨਾਂ ਨੇ ਅੰਗਰੇਜ਼ਾਂ ਦੇ ਰਾਜਨੀਤਿਕ ਦੂਤ ਕਰਨਲ ਵਾਈਟ ਅਤੇ ਹੋਰ ਕਈ ਅੰਗਰੇਜ਼ਾਂ ਦੀ ਹੱਤਿਆ ਕਰ ਦਿੱਤੀ। 1844 ਈ: ਵਿੱਚ ਇੱਕ ਹੋਰ ਉੱਤਰ-ਪੂਰਬੀ ਨਾਗਾ ਕਬੀਲੇ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਇਹ ਵਿਦਰੋਹ 2-3 ਸਾਲ ਤੱਕ ਜਾਰੀ ਰਿਹਾ। ਮਨੀਪੁਰ ਦੇ ਪਹਾੜੀ ਇਲਾਕਿਆਂ ਵਿੱਚ ਰਹਿੰਦੇ ਕੁਕੀ ਕਬੀਲੇ ਦੇ ਲੋਕਾਂ ਨੇ ਵੀ ਅੰਗਰੇਜ਼ਾਂ ਵਿਰੁੱਧ 1826, 1844 ਅਤੇ 1849 ਈ: ਵਿੱਚ ਵਿਦਰੋਹ ਕੀਤਾ। ਉਹਨਾਂ ਨੇ ਕਈ ਬਰਤਾਨਵੀ ਅਧਿਕਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੁਕੀ ਕਬੀਲੇ ਦੇ ਲੋਕਾਂ ਦੀ ਗਿਣਤੀ 7000 ਦੇ ਲਗਭਗ ਸੀ। ਅਖ਼ੀਰ ਬਰਤਾਨਵੀਂ ਹਕੂਮਤ ਨੇ ਕੁਕੀ ਕਬੀਲੇ ਦੇ ਲੋਕਾਂ ਨੂੰ 1850 ਈ: ਵਿੱਚ ਹਰਾ ਕੇ ਵਿਦਰੋਹ ਨੂੰ ਸ਼ਾਂਤ ਕਰ ਦਿੱਤਾ।

ਉੱਤਰ-ਪੂਰਬੀ ਖੇਤਰ ਵਿੱਚ ਕਬਾਇਲੀ ਲੋਕਾਂ ਨੇ ਵਿਦਰੋਹ ਕਿਉਂ ਕੀਤਾ ਸੀ ?

## ਛੋਟਾ ਨਾਗਪੁਰ ਖੇਤਰ ਵਿੱਚ ਕਬੀਲਿਆਂ ਦੇ ਵਿਦਰੋਹ, ਅਤੇ ਬਿਰਸਾ ਮੁੰਡਾ ਦੀ ਬਹਾਦਰੀ

1820 ਈ: ਵਿੱਚ ਛੋਟਾ ਨਾਗਪੁਰ ਇਲਾਕੇ ਵਿੱਚ ਸਭ ਤੋਂ ਪਹਿਲਾਂ ਕੋਲ ਕਬੀਲੇ ਦੇ ਲੋਕਾਂ ਦੁਆਰਾ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ ਗਿਆ ਕਿਉਂਕਿ ਉਹ ਆਪਣੇ ਇਲਾਕੇ ਵਿੱਚ ਅੰਗਰੇਜ਼ੀ ਰਾਜ ਦਾ ਵਿਸਥਾਰ ਸਹਿਣ ਨਹੀਂ ਕਰ ਸਕਦੇ ਸਨ। ਇਸ ਵਿਦਰੋਹ ਦੌਰਾਨ ਉਹਨਾਂ ਦੇ ਕਈ ਪਿੰਡ ਸਾੜ ਦਿੱਤੇ ਗਏ ਅਤੇ ਕਾਫੀ ਗਿਣਤੀ ਵਿੱਚ ਲੋਕ ਵੀ ਮਾਰੇ ਗਏ। ਇਸ ਕਰਕੇ ਉਹਨਾਂ ਨੇ 1827 ਈ: ਵਿੱਚ ਅੰਗਰੇਜ਼ਾਂ ਅੱਗੇ ਹਥਿਆਰ ਸੁੱਟ ਦਿੱਤੇ।

ਫਿਰ 1830-31 ਈ: ਵਿੱਚ ਛੋਟਾ ਨਾਗਪੁਰ ਦੇ ਮੁੰਡਾ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਕੋਲ ਕਬੀਲੇ ਦੇ ਲੋਕ ਵੀ ਮੁੰਡਾ ਕਬੀਲੇ ਦੇ ਵਿਦਰੋਹ ਵਿੱਚ ਸ਼ਾਮਲ ਹੋ ਗਏ। ਇਹ ਵਿਦਰੋਹ ਜਲਦੀ ਹੀ ਰਾਂਚੀ, ਹਜ਼ਾਰੀ ਬਾਗ, ਪਾਲਮੂ ਅਤੇ ਮਨਭੂਮ ਇਲਾਕਿਆਂ ਤੱਕ ਫੈਲ ਗਿਆ। ਸੈਨਾ ਦੁਆਰਾ ਲਗਭਗ 1000 ਵਿਦਰੋਹੀਆਂ ਨੂੰ ਮਾਰ ਦਿੱਤਾ ਗਿਆ। ਪਰੰਤੂ ਸੈਨਾ ਵਿਦਰੋਹ ਤੇ ਕਾਬੂ ਨਾ ਪਾ ਸਕੀ। ਅਖੀਰ ਕਾਫ਼ੀ ਸੈਨਿਕ

ਕਾਰਵਾਈਆਂ ਕਰਨ ਉਪਰੰਤ 1832 ਈ: ਵਿੱਚ ਇਸ ਵਿਦਰੋਹ ਨੂੰ ਕੁਚਲ ਦਿੱਤਾ ਗਿਆ। ਪਰੰਤੂ ਕੋਲ ਅਤੇ ਮੁੰਡਾ ਕਬੀਲੇ ਦੇ ਲੋਕਾਂ ਦੀਆਂ ਸਰਕਾਰ ਵਿਰੋਧੀ ਗਤੀਵਿਧੀਆਂ ਜਾਰੀ ਰਹੀਆਂ ਸਨ।

1846 ਈ: ਵਿੱਚ ਛੋਟਾ ਨਾਗਪੁਰ ਇਲਾਕੇ ਦੇ ਖੋਂਡ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਉਹਨਾਂ ਨੇ ਕੈਪਟਨ ਮੈਕਫਰਸਨ ਦੇ ਕੈਂਪ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ 170 ਆਦਮੀਆਂ ਸਮੇਤ ਹੱਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ। ਹੋਰ ਗੁਆਂਢੀ ਕਬੀਲਿਆਂ ਦੇ ਲੋਕ ਵੀ ਇਸ ਵਿਦਰੋਹ ਵਿੱਚ ਸ਼ਾਮਲ ਹੋ ਗਏ। ਇਹ ਵਿਦਰੋਹ 1846 ਈ: ਵਿਚ ਅੰਗਰੇਜ਼ਾਂ ਦੁਆਰਾ ਕੁਚਲ ਦਿੱਤਾ ਗਿਆ। ਪਰੰਤੂ ਅੰਗਰੇਜ਼ਾਂ ਨੇ ਦੇਸ਼ ਨਿਕਾਲਾ ਦਿੱਤੇ ਗਏ ਕਬੀਲੇ ਦੇ ਇਕ ਆਦਮੀ ਨੂੰ ਵਾਪਸ ਦੇਸ਼ ਵਿੱਚ ਬੁਲਾਇਆ ਅਤੇ ਉਸ ਨੂੰ ਖੋਂਡ ਕਬੀਲੇ ਦੇ ਲੋਕਾਂ ਦਾ ਮੁਖੀਆ ਬਣਾ ਦਿੱਤਾ। ਇਸ ਨਾਲ ਖੋਂਡ ਕਬੀਲੇ ਦੇ ਲੋਕ ਸ਼ਾਂਤ ਹੋ ਗਏ।

ਫਿਰ 1855 ਈ: ਵਿਚ ਨਾਗਪੁਰ ਇਲਾਕੇ ਵਿੱਚ ਸੰਥਾਲ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ। ਉਹ ਦੋ ਭਰਾਵਾਂ ਸਿੱਧੂ ਅਤੇ ਕਨਹੂ ਦੀ ਅਗਵਾਈ ਹੇਠ ਲਗਭਗ 10000 ਲੋਕਾਂ ਦੀ ਗਿਣਤੀ ਵਿੱਚ ਇਕੱਠੇ ਹੋਏ। ਉਹਨਾਂ ਲੋਕਾਂ ਨੇ ਭਾਗਲਪੁਰ ਅਤੇ ਰਾਜ ਮਹਿਲ ਇਲਾਕਿਆਂ ਵਿਚਕਾਰ ਡਾਕ ਅਤੇ ਰੇਲ ਸੇਵਾਵਾਂ ਤਬਾਹ ਕਰ ਦਿੱਤੀਆਂ। ਉਹਨਾਂ ਨੇ ਤਲਵਾਰਾਂ ਅਤੇ ਜ਼ਹਿਰੀਲੇ ਤੀਰਾਂ ਨਾਲ ਯੂਰਪੀ ਬੰਗਲਿਆਂ ਤੇ ਹਮਲਾ ਕੀਤਾ। ਕਈ ਰੇਲਵੇ ਅਤੇ ਪੁਲਿਸ ਅੰਗਰੇਜ਼ ਕਰਮਚਾਰੀਆਂ ਨੂੰ ਮਾਰ ਦਿੱਤਾ। ਜਦੋਂ ਅੰਗਰੇਜ਼ੀ ਸਰਕਾਰ ਨੇ ਉਹਨਾਂ ਦਾ ਪਿੱਛਾ ਕੀਤਾ ਤਾਂ ਉਹ ਜੰਗਲਾਂ ਵਿੱਚ ਲੁੱਕ ਗਏ। 1856 ਈ: ਤਕ ਉਹਨਾਂ ਨੇ ਅੰਗਰੇਜ਼ੀ ਸੈਨਾ ਦਾ ਮੁਕਾਬਲਾ ਕੀਤਾ। ਉਹਨਾਂ ਦੇ ਵਿਰੁੱਧ ਸੈਨਿਕ ਕਾਰਵਾਈ ਜਾਰੀ ਰੱਖੀ ਗਈ। ਵਿਦਰੋਹੀਆਂ ਦੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਹਨਾਂ ਨੂੰ ਤਸੀਹੇ ਦਿੱਤੇ ਗਏ।

ਅੰਗਰੇਜ਼ੀ ਰਾਜ ਵਿਰੁੱਧ ਹੋਏ ਸੰਥਾਲ ਵਿਦਰੋਹਾਂ ਵਾਂਗ ਮੁੰਡਾ ਜਾਤੀ ਦਾ ਵਿਦਰੋਹ ਵੀ ਬਹੁਤ ਮਹੱਤਵਪੂਰਨ ਸੀ। ਮੁੰਡਾ ਜਾਤੀ ਦੇ ਲੋਕ ਬਿਹਾਰ ਇਲਾਕੇ ਦਾ ਇਕ ਪ੍ਰਸਿੱਧ ਕਬੀਲਾ ਸੀ। ਅੰਗਰੇਜ਼ੀ ਰਾਜ ਸਮੇਂ ਬਹੁਤ ਸਾਰੇ ਗ਼ੈਰ-ਕਬਾਇਲੀ ਲੋਕ ਕਬਾਇਲੀ ਇਲਾਕਿਆਂ ਵਿੱਚ ਆ ਕੇ ਰਹਿਣ ਲੱਗ ਪਏ ਸਨ ਅਤੇ ਉਹਨਾਂ ਨੇ ਕਬਾਇਲੀ ਸਮਾਜ ਦੇ ਲੋਕਾਂ ਦੀ ਜ਼ਮੀਨ ਖੋ ਲਈ ਸੀ। ਇਸ ਸਮੇਂ ਦੌਰਾਨ ਕਬੀਲੇ ਦੇ ਲੋਕਾਂ ਨੂੰ ਗੈਰ-ਕਬਾਇਲੀ ਲੋਕਾਂ ਦੇ ਅਧੀਨ ਮਜ਼ਦੂਰਾਂ ਵਜੋਂ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਮੁੰਡਾ ਜਾਤੀ ਦੇ ਆਗੂ ਜਿਸ ਨੂੰ ਬਿਰਸਾ ਮੁੰਡਾ ਕਿਹਾ ਜਾਂਦਾ ਸੀ, ਦੀ ਅਗਵਾਈ ਹੇਠ ਮੁੰਡਾ ਕਬੀਲੇ ਦੇ ਲੋਕਾਂ ਦੁਆਰਾ ਵਿਦਰੋਹ ਕੀਤਾ ਗਿਆ। 1899-1900 ਈ. ਵਿੱਚ ਇਹ ਪ੍ਰਮੁੱਖ ਵਿਦਰੋਹ ਰਾਂਚੀ ਦੇ ਦੱਖਣੀ ਇਲਾਕੇ ਵਿੱਚ ਸ਼ੁਰੂ ਹੋਇਆ। ਇਸ ਵਿਦਰੋਹ ਦਾ ਪ੍ਰਮੁੱਖ ਉਦੇਸ਼ ਅੰਗਰੇਜ਼ਾਂ ਨੂੰ ਭਜਾ ਕੇ ਇਸ ਇਲਾਕੇ ਵਿੱਚ ਮੁੰਡਾ ਰਾਜ ਸਥਾਪਤ ਕਰਨਾ ਸੀ।

**ਬਿਰਸਾ ਮੁੰਡਾ :** ਬਿਰਸਾ ਮੁੰਡਾ ਇੱਕ ਸ਼ਕਤੀਸ਼ਾਲੀ ਆਦਮੀ ਸੀ। ਅਜਿਹਾ ਮੰਨਿਆ ਜਾਂਦਾ ਸੀ ਕਿ ਉਸ ਕੋਲ ਦੈਵੀ ਸ਼ਕਤੀਆਂ ਸਨ। ਸਥਾਨਕ ਲੋਕ ਉਸ ਨੂੰ ਪ੍ਰਮਾਤਮਾ ਦਾ ਦੂਤ ਮੰਨਦੇ ਸਨ। ਬਿਰਸਾ ਮੁੰਡਾ ਨੇ ਗ਼ੈਰ-ਕਬਾਇਲੀ ਲੋਕਾਂ ਦੇ ਵਿਰੁੱਧ ਧਰਨਾ ਦਿੱਤਾ ਜਿਨ੍ਹਾਂ ਨੇ ਕਬੀਲੇ ਦੇ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕੀਤਾ ਹੋਇਆ ਸੀ। ਉਹ ਸ਼ਾਹੂਕਾਰਾਂ ਅਤੇ ਜ਼ਿਮੀਦਾਰਾਂ ਨੂੰ ਨਫ਼ਰਤ ਕਰਦਾ ਸੀ ਜਿਹੜੇ ਮੁੰਡਾ ਜਾਤੀ ਦੇ ਲੋਕਾਂ ਨਾਲ਼ ਬੁਰਾ ਵਰਤਾਓ ਕਰਦੇ ਸਨ। ਉਸ ਨੇ ਮੁੰਡਾ ਜਾਤੀ ਨਾਲ ਸਬੰਧਤ ਕਿਸਾਨਾਂ ਨੂੰ ਕਿਹਾ ਕਿ ਉਹ ਜ਼ਿੰਮੀਦਾਰਾਂ ਨੂੰ ਕਿਰਾਇਆ ਨਾ ਦੇਣ।


*ਬਿਰਸਾ ਮੁੰਡਾ*

ਬਿਰਸਾ ਮੁੰਡਾ ਨੇ ਛੋਟਾ ਨਾਗਪੁਰ ਦੇ ਇਲਾਕੇ ਵਿੱਚ ਵਿਦਰੋਹ ਸ਼ੁਰੂ ਕੀਤਾ। ਮੁੰਡਾ ਸਮਾਜ ਦੇ ਲੋਕ ਉਸ ਦੀ ਅਗਵਾਈ ਹੇਠ ਇਕੱਠੇ ਹੋ ਗਏ ਸਨ। ਉਹਨਾਂ ਨੇ ਅੰਗਰੇਜ਼ੀ ਅਫ਼ਸਰਾਂ, ਮਿਸ਼ਨਰੀਆਂ ਅਤੇ ਪੁਲਿਸ ਸਟੇਸ਼ਨਾਂ ਤੇ ਹਮਲਾ ਕਰ ਦਿੱਤਾ

ਸੀ। ਪਰੰਤੂ ਅੰਗਰੇਜ਼ਾਂ ਨੇ ਬਿਰਸਾ ਮੁੰਡਾ ਨੂੰ ਫੜ ਲਿਆ ਅਤੇ ਵਿਦਰੋਹ ਨੂੰ ਦਬਾਅ ਦਿੱਤਾ।

## ਮੁੰਡਾ ਵਿਦਰੋਹ ਦੇ ਨਤੀਜੇ :

**ਮੁੰਡਾ ਵਿਦਰੋਹ ਇੱਕ ਸ਼ਕਤੀਸ਼ਾਲੀ ਵਿਦਰੋਹ ਸੀ। ਇਸ ਵਿਦਰੋਹ ਦੇ ਹੇਠ ਲਿਖੇ ਪ੍ਰਭਾਵ ਪਏ :**

1. ਬਰਤਾਨਵੀ ਹਕੂਮਤ ਨੇ ਛੋਟਾ ਨਾਗਪੁਰ ਦਾ ਐਕਟ 1908 ਪਾਸ ਕਰ ਦਿੱਤਾ। ਇਸ ਐਕਟ ਕਾਰਨ ਛੋਟੇ ਕਿਸਾਨਾਂ ਨੂੰ ਜ਼ਮੀਨਾਂ ਦੇ ਹੱਕ ਮਿਲ ਗਏ।
2. ਛੋਟਾ ਨਾਗਪੁਰ ਖੇਤਰ ਦੇ ਲੋਕ ਸਮਾਜਿਕ-ਧਾਰਮਿਕ ਪੱਖ ਤੋਂ ਵਧੇਰੇ ਜਾਗਰੂਕ ਹੋ ਗਏ। ਅਨੇਕਾਂ ਲੋਕ ਬਿਰਸਾ ਮੁੰਡਾ ਦੀ ਪੂਜਾ ਕਰਨ ਲੱਗ ਪਏ।
3. ਅਨੇਕਾਂ ਸਮਾਜਿਕ-ਧਾਰਮਿਕ ਅੰਦੋਲਨਾਂ ਦੀ ਸ਼ੁਰੂਆਤ ਹੋ ਗਈ। ਕਬਾਇਲੀ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲੱਗੇ।

## ਹੋਰ ਬਗਾਵਤਾਂ

ਹੋਰ ਵੀ ਕਈ ਕਬੀਲਿਆਂ ਦੇ ਲੋਕਾਂ ਨੇ ਬਰਤਾਨਵੀ ਸ਼ਾਸਨ ਵਿਰੁੱਧ ਬਗਾਵਤਾਂ ਕੀਤੀਆਂ। ਇਹ ਬਗਾਵਤਾਂ ਸਮਾਜਿਕ ਤੇ ਆਰਥਿਕ ਸੁਧਾਰਾਂ ਲਈ ਹੀ ਕੀਤੀਆਂ ਗਈਆਂ ਕਿਉਂਕਿ ਕਬਾਇਲੀ ਲੋਕ ਬਰਤਾਨਵੀ ਹਕੂਮਤ ਦੀਆਂ ਲਗਾਨ ਨੀਤੀਆਂ ਦੇ ਵਿਰੋਧੀ ਸਨ।

## ਯਾਦ ਰੱਖਣ ਯੋਗ ਨੁਕਤੇ

1. **ਕਬਾਇਲੀ ਸਮਾਜ** :— ਆਦਿਵਾਸੀ ਲੋਕ ਜੋ ਕਬੀਲਿਆਂ ਵਿੱਚ ਰਹਿੰਦੇ ਸਨ, ਨੂੰ ਕਬਾਇਲੀ ਸਮਾਜ ਕਿਹਾ ਜਾਂਦਾ ਸੀ। ਇਨ੍ਹਾਂ ਦਾ ਵੱਡਾ ਹਿੱਸਾ ਰਾਜਸਥਾਨ, ਗੁਜਰਾਤ, ਬਿਹਾਰ, ਉੜੀਸਾ ਅਤੇ ਮੱਧ-ਪ੍ਰਦੇਸ਼ ਵਿੱਚ ਰਹਿੰਦਾ ਸੀ।
2. ਅੰਗਰੇਜ਼ੀ ਸਾਮਰਾਜ ਦੀਆਂ ਆਰਥਿਕ ਅਤੇ ਸਮਾਜਿਕ ਤਬਦੀਲੀਆਂ ਦਾ ਜ਼ਿਆਦਾ ਪ੍ਰਭਾਵ ਕਬਾਇਲੀ ਸਮਾਜ ਦੀ ਆਰਥਿਕ ਦਸ਼ਾ ਉੱਪਰ ਪਿਆ।
3. ਕਬਾਇਲੀ ਸਮਾਜ ਦੇ ਖਾਸੀ, ਸਿੰਗਫੋ, ਨਾਗਾ ਅਤੇ ਕੁਕੀ ਕਬੀਲਿਆਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤੇ। ਪਰ ਬਰਤਾਨਵੀ ਹਕੂਮਤ ਨੇ ਇਨ੍ਹਾਂ ਨੂੰ ਆਪਣੀ ਸ਼ਕਤੀ ਨਾਲ ਦਬਾ ਦਿੱਤਾ।
4. ਛੋਟਾ ਨਾਗਪੁਰ ਵਿੱਚ ਮੁੰਡਾ ਕਬੀਲੇ ਵੱਲੋਂ ਵਿਦਰੋਹ ਕੀਤਾ ਗਿਆ ਅਤੇ ਕੋਲ ਕਬੀਲਾ ਵੀ ਇਸ ਵਿੱਚ ਸ਼ਾਮਿਲ ਹੋ ਗਿਆ। 1846 ਈ. ਵਿੱਚ ਖੋਂਡ ਕਬੀਲੇ ਵੱਲੋਂ ਵਿਦਰੋਹ ਕੀਤਾ ਗਿਆ।
5. ਬਿਰਸਾ ਮੁੰਡਾ ਵਿਦਰੋਹ ਦੇ ਪ੍ਰਭਾਵ ਹੇਠ ਅੰਗਰੇਜ਼ੀ ਸਰਕਾਰ ਨੇ ਛੋਟੇ ਕਿਸਾਨਾਂ ਨੂੰ ਜ਼ਮੀਨਾਂ ਦੇਣ ਦੇ ਹੱਕ ਵਿੱਚ ਛੋਟਾ ਨਾਗਪੁਰ ਐਕਟ 1908 ਈ. ਵਿੱਚ ਪਾਸ ਕਰ ਦਿੱਤਾ। ਲੋਕ ਬਿਰਸਾ ਮੁੰਡਾ ਦੀ ਪੂਜਾ ਕਰਨ ਲੱਗ ਪਏ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—**

1. ਕਬਾਇਲੀ ਸਮਾਜ ਦੇ ਲੋਕ ਵਧ ਗਿਣਤੀ ਵਿੱਚ ਕਿਹੜੇ ਰਾਜਾਂ ਵਿੱਚ ਰਹਿੰਦੇ ਹਨ ?
2. ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਹਨ ?
3. ਕਬਾਇਲੀ ਸਮਾਜ ਦੇ ਲੋਕਾਂ ਨੇ ਕਿਹੜੇ-ਕਿਹੜੇ ਰਾਜਾਂ ਵਿੱਚ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤੇ ?
4. ਖਾਸੀ ਕਬੀਲੇ ਦਾ ਮੋਢੀ ਕੌਣ ਸੀ ?
5. ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ ?
6. ਕਬਾਇਲੀ ਸਮਾਜ ਤੇ ਨੋਟ ਲਿਖੋ।
7. ਬਿਰਸਾ ਮੁੰਡਾ ਬਾਰੇ ਤੁਸੀਂ ਕੀ ਜਾਣਦੇ ਹੋ ?
8. ਮੁੰਡਾ ਕਬੀਲੇ ਦੁਆਰਾ ਕੀਤੇ ਗਏ ਵਿਦਰੋਹ ਦੇ ਪ੍ਰਭਾਵ ਲਿਖੋ।

**2. ਹੇਠ ਲਿਖੇ ਖਾਲੀ ਸਥਾਨ ਭਰੋ—**

1. ਕਬਾਇਲੀ ਸਮਾਜ ਭਾਰਤ ਦੀ ਆਬਾਦੀ ਦਾ ਇੱਕ ............... ਹਿੱਸਾ ਹਨ।
2. ਕਬਾਇਲੀ ਲੋਕ ............... ਜਾਂ ............... ਕਮਰਿਆਂ ਵਾਲੀਆਂ ਝੌਂਪੜੀਆਂ ਵਿੱਚ ਰਹਿੰਦੇ ਸਨ।
3. ਪੂਰਬ ਵਿੱਚ ਜੈਂਤੀਆ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ ਪਹਾੜੀਆਂ ਤੱਕ ਦੇ ਖੇਤਰ ਵਿੱਚ ............... ਕਬੀਲੇ ਦਾ ਰਾਜ ਸੀ।
4. ਜਦੋਂ ਬਰਤਾਨਵੀ ਸੈਨਿਕ ਖਾਸੀ ਕਬੀਲੇ ਦੇ ਵਿਦਰੋਹ ਦਾ ਸਾਹਮਣਾ ਕਰ ਰਹੇ ਸਨ ਤਾਂ ਉਸ ਸਮੇਂ ਹੀ ਇੱਕ ਹੋਰ ਪਹਾੜੀ ਕਬੀਲੇ ............... ਨੇ ਬਗਾਵਤ ਕਰ ਦਿੱਤੀ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ :**

1. ਆਦਿਵਾਸੀ ਕਬੀਲਿਆਂ ਵਿੱਚੋਂ ਗੋਂਡ ਕਬੀਲੇ ਦੀ ਗਿਣਤੀ ਸਭ ਤੋਂ ਘੱਟ ਹੈ। ☐
2. ਕਬਾਇਲੀ ਸਮਾਜ ਦੇ ਲੋਕਾਂ ਦੀ ਸਭ ਤੋਂ ਮੁੱਢਲੀ ਸਮਾਜਿਕ ਇਕਾਈ ਪਰਿਵਾਰ ਹੈ। ☐
3. ਬਰਤਾਨਵੀ ਸ਼ਾਸਕਾਂ ਨੇ ਅਫ਼ੀਮ ਅਤੇ ਨੀਲ ਦੀ ਖੇਤੀ ਕਰਨ ਲਈ ਕਬਾਇਲੀ ਖੇਤਰਾਂ ਦੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ। ☐
4. ਬਿਰਸਾ ਮੁੰਡਾ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਜ਼ਿੰਮੀਦਾਰਾਂ ਨੂੰ ਟੈਕਸ ਦੇ ਦੇਣ। ☐



# ਪਾਠ 12
# ਦਸਤਕਾਰੀ ਅਤੇ ਉਦਯੋਗ

**19ਵੀਂ ਸਦੀ ਵਿੱਚ ਛੋਟੇ ਉਦਯੋਗਾਂ ਦਾ ਪਤਨ :** ਅੰਗਰੇਜ਼ੀ ਰਾਜ ਸਥਾਪਤ ਹੋਣ ਤੋਂ ਪਹਿਲਾਂ ਭਾਰਤ ਦੇ ਪਿੰਡਾਂ ਦੇ ਲੋਕ ਜਿਵੇਂ ਲੁਹਾਰ, ਜੁਲਾਹੇ, ਕਿਸਾਨ, ਤਰਖ਼ਾਣ, ਮੋਚੀ, ਘੁਮਿਆਰ ਆਦਿ ਮਿਲ ਕੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਨ ਲਈ ਚੀਜ਼ਾਂ ਤਿਆਰ ਕਰ ਲੈਂਦੇ ਸਨ। ਉਹਨਾਂ ਦੀਆਂ ਦਸਤਕਾਰੀਆਂ ਜਾਂ ਲਘੂ ਉਦਯੋਗ ਉਹਨਾਂ ਦੀ ਆਮਦਨੀ ਦਾ ਸਾਧਨ ਹੁੰਦੀਆਂ ਸਨ। ਪਰੰਤੂ ਅੰਗਰੇਜ਼ੀ ਰਾਜ ਦੀ ਸਥਾਪਨਾ ਹੋਣ ਕਰਕੇ ਪਿੰਡਾਂ ਦੇ ਲੋਕ ਵੀ ਅੰਗਰੇਜ਼ੀ ਕਾਰਖਾਨਿਆਂ ਵਿੱਚ ਤਿਆਰ ਕੀਤੀਆਂ ਗਈਆਂ ਵਸਤਾਂ ਦੀ ਵਰਤੋਂ ਕਰਨ ਲੱਗ ਪਏ ਕਿਉਂਕਿ ਉਹ ਵਧੀਆ ਅਤੇ ਸਸਤੀਆਂ ਹੁੰਦੀਆਂ ਸਨ। ਇਸ ਕਰਕੇ ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ-ਛੋਟੇ ਉਦਯੋਗਾਂ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਅਤੇ ਕਾਰੀਗਰ ਬੇਕਾਰ ਹੋ ਗਏ।

## ਲਘੂ ਉਦਯੋਗਾਂ ਦੇ ਪਤਨ ਦੇ ਕਾਰਨ

1. **ਦੇਸੀ ਰਿਆਸਤਾਂ ਦੀ ਸਮਾਪਤੀ :** ਅੰਗਰੇਜ਼ਾਂ ਨੇ ਬਹੁਤ ਸਾਰੀਆਂ ਭਾਰਤੀ ਰਿਆਸਤਾਂ ਨੂੰ ਖ਼ਤਮ ਕਰ ਦਿੱਤਾ ਸੀ। ਇਸ ਕਰਕੇ ਲਘੂ ਉਦਯੋਗਾਂ ਨੂੰ ਬਹੁਤ ਨੁਕਸਾਨ ਹੋਇਆ ਕਿਉਂਕਿ ਇਹਨਾਂ ਰਿਆਸਤਾਂ ਦੇ ਰਾਜੇ-ਮਹਾਰਾਜੇ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਵਰਤੋਂ ਕਰਦੇ ਸਨ।

2. **ਭਾਰਤੀ ਲਘੂ ਉਦਯੋਗਾਂ ਦੁਆਰਾ ਤਿਆਰ ਵਸਤਾਂ ਦਾ ਵੱਧ ਮੁੱਲ ਹੋਣਾ :** ਭਾਰਤੀ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਵੱਧ ਹੁੰਦੀ ਸੀ। ਕਿਉਂਕਿ ਉਹਨਾਂ ਨੂੰ ਤਿਆਰ ਕਰਨ ਲਈ ਵੱਧ ਮਿਹਨਤ ਕਰਨੀ ਪੈਂਦੀ ਸੀ। ਦੂਜੇ ਪਾਸੇ ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਘੱਟ ਹੁੰਦੀ ਸੀ। ਇਸ ਲਈ ਲੋਕ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਨੂੰ ਨਹੀਂ ਖਰੀਦਦੇ ਸਨ। ਇਸ ਕਰਕੇ ਭਾਰਤੀ ਲਘੂ ਉਦਯੋਗਾਂ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਸੀ।

3. **ਮਸ਼ੀਨੀ ਵਸਤਾਂ ਦੀ ਸਫ਼ਾਈ ਵੱਧ ਹੋਣਾ :** ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਗਈਆਂ ਵਸਤਾਂ ਭਾਰਤੀ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਨਾਲੋਂ ਜ਼ਿਆਦਾ ਸਾਫ਼ ਹੁੰਦੀਆਂ ਸਨ। ਇਸ ਕਰਕੇ ਭਾਰਤੀ ਲੋਕ ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਨੂੰ ਜ਼ਿਆਦਾ ਪਸੰਦ ਕਰਦੇ ਸਨ, ਜਿਸ ਕਰਕੇ ਲਘੂ ਉਦਯੋਗਾਂ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਸੀ।

4. **ਨਵੀਂ ਪੀੜ੍ਹੀ ਦੇ ਲੋਕ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੇ ਗਏ ਮਾਲ ਨੂੰ ਪਸੰਦ ਨਹੀਂ ਕਰਦੇ ਸਨ :** ਨਵੀਂ ਪੀੜ੍ਹੀ ਦੇ ਲੋਕਾਂ ਉੱਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਪੈ ਰਿਹਾ ਸੀ। ਦੂਜਾ, ਕਾਰਖ਼ਾਨਿਆਂ ਵਿੱਚ ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਬਹੁਤ ਸਾਫ਼ ਅਤੇ ਸੁੰਦਰ ਸਨ। ਇਸ ਲਈ ਨਵੀਂ ਪੀੜ੍ਹੀ ਦੇ ਲੋਕ ਲਘੂ ਉਦਯੋਗਾਂ ਵਿੱਚ ਤਿਆਰ ਕੀਤੀਆਂ ਵਸਤਾਂ ਨੂੰ ਪਸੰਦ ਨਹੀਂ ਕਰਦੇ ਸਨ।

5. **ਭਾਰਤ ਤੋਂ ਕੱਚਾ ਮਾਲ ਇੰਗਲੈਂਡ ਭੇਜਣਾ :** 18ਵੀਂ ਸਦੀ ਵਿੱਚ ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਈ। ਇਸ ਕਰਕੇ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਬਹੁਤ ਵੱਡੇ ਕਾਰਖਾਨੇ ਸਥਾਪਤ ਕੀਤੇ ਗਏ। ਉਹਨਾਂ

ਕਾਰਖ਼ਾਨਿਆਂ ਵਿੱਚ ਮਾਲ ਤਿਆਰ ਕਰਨ ਲਈ ਕੱਚੇ ਮਾਲ ਦੀ ਬਹੁਤ ਜ਼ਰੂਰਤ ਸੀ, ਜਿਸ ਨੂੰ ਇੰਗਲੈਂਡ ਦਾ ਕੱਚਾ ਮਾਲ ਪੂਰਾ ਨਾ ਕਰ ਸਕਿਆ। ਇਸ ਕਰਕੇ ਭਾਰਤ ਵਿੱਚੋਂ ਕੱਚਾ ਮਾਲ ਇੰਗਲੈਂਡ ਜਾਣਾ ਸ਼ੁਰੂ ਹੋ ਗਿਆ। ਦੂਜੇ ਪਾਸੇ ਭਾਰਤੀ ਕਾਰਖ਼ਾਨਿਆਂ ਲਈ ਕੱਚੇ ਮਾਲ ਦੀ ਘਾਟ ਹੋ ਜਾਣ ਕਾਰਨ ਭਾਰਤ ਦਾ ਉਦਯੋਗਿਕ ਵਿਕਾਸ ਰੁਕ ਗਿਆ।

## ਆਧੁਨਿਕ ਭਾਰਤੀ ਉਦਯੋਗ

ਅੰਗਰੇਜ਼ੀ ਸ਼ਾਸਨ ਸਮੇਂ ਭਾਰਤ ਵਿੱਚ ਬਹੁਤ ਸਾਰੇ ਨਵੇਂ ਉਦਯੋਗਾਂ ਦੀ ਸਥਾਪਨਾ ਹੋਈ, ਜਿਨ੍ਹਾਂ ਵਿੱਚੋਂ ਪ੍ਰਮੁੱਖ ਉਦਯੋਗ ਹੇਠ ਲਿਖੇ ਸਨ :

1. **ਸੂਤੀ ਕੱਪੜਾ ਉਦਯੋਗ :** ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਕਾਰਖਾਨਾ 1853 ਈ. ਵਿੱਚ (ਮੁੰਬਈ) ਬੰਬਈ ਵਿੱਚ ਲਗਾਇਆ ਗਿਆ। ਇਸ ਤੋਂ ਬਾਅਦ 1877 ਈ. ਵਿੱਚ ਕਪਾਹ ਦੀ ਉਪਜ ਦੇ ਬਹੁਤ ਸਾਰੇ ਖੇਤਰ ਜਿਵੇਂ ਕਿ ਅਹਿਮਦਾਬਾਦ, ਨਾਗਪੁਰ ਆਦਿ ਵਿੱਚ ਬਹੁਤ ਸਾਰੀਆਂ ਕੱਪੜਾ ਮਿਲਾਂ ਸਥਾਪਤ ਕੀਤੀਆਂ ਗਈਆਂ। 1879 ਈ. ਵਿੱਚ ਲਗਪਗ 59 ਸੂਤੀ ਕੱਪੜਾ ਮਿਲਾਂ ਭਾਰਤ ਵਿੱਚ ਸਥਾਪਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਲਗਭਗ 43000 ਲੋਕ ਕੰਮ ਕਰਦੇ ਸਨ। 1905 ਈ. ਵਿੱਚ ਕੱਪੜਾ ਮਿਲਾਂ ਦੀ ਗਿਣਤੀ 206 ਹੋ ਗਈ ਸੀ ਅਤੇ ਇਹਨਾਂ ਵਿੱਚ ਲਗਭਗ 1,96,000 ਮਜ਼ਦੂਰ ਕੰਮ ਕਰਦੇ ਸਨ।

2. **ਪਟਸਨ ਦਾ ਉਦਯੋਗ :** ਪਟਸਨ ਦਾ ਉਦਯੋਗ ਬੋਰੀਆਂ ਅਤੇ ਟਾਟ ਬਣਾਉਣ ਦਾ ਕੰਮ ਕਰਦਾ ਸੀ। ਇਸ ਉਦਯੋਗ ਉੱਤੇ ਯੂਰਪੀਨ ਲੋਕਾਂ ਦਾ ਕਬਜ਼ਾ ਸੀ। ਇਸ ਉਦਯੋਗ ਦਾ ਪਹਿਲਾ ਕਾਰਖ਼ਾਨਾ 1854 ਈ. ਵਿੱਚ ਸੈਰਮਪੁਰ (ਬੰਗਾਲ) ਵਿੱਚ ਖੋਲਿਆ ਗਿਆ। ਪਟਸਨ ਉਦਯੋਗ ਦੇ ਸਭ ਤੋਂ ਜ਼ਿਆਦਾ ਕਾਰਖ਼ਾਨੇ ਬੰਗਾਲ ਪ੍ਰਾਂਤ ਵਿੱਚ ਖੋਲੇ ਗਏ ਸਨ। 20ਵੀਂ ਸਦੀ ਦੇ ਆਰੰਭ ਵਿੱਚ ਇਹਨਾਂ ਕਾਰਖ਼ਾਨਿਆਂ ਦੀ ਗਿਣਤੀ 36 ਹੋ ਗਈ ਸੀ।

3. **ਕੋਲੇ ਦੀਆਂ ਖਾਣਾਂ :** ਸਾਰੇ ਨਵੇਂ ਕਾਰਖ਼ਾਨੇ ਕੋਲੇ ਨਾਲ ਚਲਦੇ ਸਨ। ਰੇਲਾਂ ਲਈ ਵੀ ਕੋਲਾ ਚਾਹੀਦਾ ਸੀ। ਇਸ ਲਈ ਕੋਲੇ ਦੀਆਂ ਖਾਣਾਂ ਵਿੱਚੋਂ ਕੋਲਾ ਕੱਢਣ ਵੱਲ ਖਾਸ ਧਿਆਨ ਦਿੱਤਾ ਗਿਆ। 1854 ਈ. ਵਿੱਚ ਰਾਣੀਗੰਜ ਵਿੱਚ ਕੋਲੇ ਦੀਆਂ 2 ਖਾਣਾਂ ਸਨ। 1880 ਈ. ਤੱਕ ਇਹਨਾਂ ਦੀ ਗਿਣਤੀ 56 ਹੋ ਗਈ ਸੀ ਅਤੇ 1885 ਈ. ਵਿੱਚ 123 ਹੋ ਗਈ ਸੀ।

4. **ਨੀਲ ਉਦਯੋਗ :** 18ਵੀਂ ਸਦੀ ਦੇ ਅੰਤ ਵਿੱਚ ਨੀਲ ਦੀ ਪੈਦਾਵਾਰ ਬਿਹਾਰ ਅਤੇ ਬੰਗਾਲ ਵਿੱਚ ਸ਼ੁਰੂ ਹੋਈ। ਯੂਰਪੀਨਾਂ ਨੇ ਨੀਲ ਦੇ ਵੱਡੇ-ਵੱਡੇ ਬਾਗ ਲਗਾਏ, ਜਿਨ੍ਹਾਂ ਵਿੱਚ ਭਾਰਤੀ ਲੋਕਾਂ ਨੂੰ ਕੰਮ ਕਰਨ ਤੇ ਲਗਾਇਆ ਗਿਆ। 1825 ਈ. ਵਿੱਚ ਨੀਲ ਦੀ ਖੇਤੀ ਅਧੀਨ 35 ਲੱਖ ਵਿੱਘੇ ਜ਼ਮੀਨ ਸੀ। 1879 ਈ. ਵਿੱਚ ਬਨਾਵਟੀ ਨੀਲ ਤਿਆਰ ਹੋਣ ਕਰਕੇ 1915 ਈ. ਵਿੱਚ ਨੀਲ ਦੀ ਖੇਤੀ ਅਧੀਨ ਕੇਵਲ 3-4 ਲੱਖ ਵਿੱਘਾ ਜ਼ਮੀਨ ਰਹਿ ਗਈ ਸੀ।

| **ਵਿੱਘਾ** : ਜ਼ਮੀਨ ਦਾ ਇਕ ਮਾਪ |
|---|

**ਚਾਹ :** 1834 ਈ: ਵਿੱਚ ਆਸਾਮ ਵਿੱਚ ਟੀ ਕੰਪਨੀ ਦੀ ਸਥਾਪਨਾ ਕੀਤੀ ਗਈ। 1852 ਈ. ਵਿੱਚ ਅੰਗਰੇਜ਼ਾਂ ਨੇ ਆਸਾਮ ਵਿੱਚ ਪਹਿਲਾ ਚਾਹ ਦਾ ਬਾਗ਼ ਲਗਾਇਆ। 1920 ਈ. ਤੱਕ ਚਾਹ ਦੀ ਖੇਤੀ ਲਗਭਗ 7 ਲੱਖ ਏਕੜ ਜ਼ਮੀਨ ਵਿੱਚ ਹੋਣ ਲੱਗੀ। ਉਸ ਸਮੇਂ 34 ਕਰੋੜ ਪਾਉਂਡ ਮੁੱਲ ਦੀ ਚਾਹ ਭਾਰਤ ਵਿੱਚੋਂ ਬਾਹਰਲੇ ਦੇਸ਼ਾਂ ਵਿੱਚ ਭੇਜੀ ਜਾਂਦੀ ਸੀ। ਬਾਅਦ ਵਿੱਚ ਕਾਂਗੜਾ ਅਤੇ ਨੀਲਗਿਰੀ ਦੀਆਂ ਪਹਾੜੀਆਂ ਵਿੱਚ ਵੀ ਚਾਹ ਦੇ ਬਾਗ ਲਗਾਏ ਗਏ।


**ਕੌਫ਼ੀ :** 1840 ਈ. ਵਿੱਚ ਕੌਫ਼ੀ ਦਾ ਪਹਿਲਾ ਬਾਗ ਦੱਖਣੀ ਭਾਰਤ ਵਿੱਚ ਲਗਾਇਆ ਗਿਆ। ਬਾਅਦ ਵਿੱਚ ਕੌਫ਼ੀ

ਦੇ ਬਾਗ ਮੈਸੂਰ, ਕੁਰਗ, ਨੀਲਗਿਰੀ ਅਤੇ ਮਾਲਾਬਾਰ ਖੇਤਰਾਂ ਵਿੱਚ ਲਗਾਏ ਗਏ। ਬਰਾਜ਼ੀਲ ਦੀ ਕੌਫ਼ੀ ਨਾਲ ਇਸ ਦਾ ਮੁਕਾਬਲਾ ਹੋਣ ਕਰਕੇ ਇਸ ਉਦਯੋਗ ਨੂੰ ਬਹੁਤ ਨੁਕਸਾਨ ਹੋਇਆ।

**ਹੋਰ ਉਦਯੋਗ :** 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਨਵੇਂ ਕਾਰਖ਼ਾਨੇ ਸਥਾਪਤ ਕੀਤੇ ਗਏ ਜਿਨ੍ਹਾਂ ਵਿੱਚੋਂ ਲੋਹਾ-ਇਸਪਾਤ, ਖੰਡ, ਕਾਗਜ਼, (ਮਾਚਿਸ) ਅਤੇ ਚਮੜਾ ਰੰਗਣ ਦੇ ਕਾਰਖਾਨੇ ਪ੍ਰਸਿੱਧ ਸਨ।

## ਆਧੁਨਿਕ ਉਦਯੋਗਿਕ ਵਿਕਾਸ ਦੀ ਮਹੱਤਤਾ

ਭਾਰਤ ਵਿੱਚ ਉਦਯੋਗਿਕ ਵਿਕਾਸ ਦੇ ਆਰਥਿਕ ਅਤੇ ਸਮਾਜਿਕ ਜੀਵਨ ਉੱਤੇ ਮਹੱਤਵਪੂਰਨ ਪ੍ਰਭਾਵ ਪਏ। ਇਸ ਦੇ ਸਿੱਟੇ ਵਜੋਂ ਸਮਾਜ ਵਿੱਚ ਪੂੰਜੀਪਤੀ ਅਤੇ ਮਜ਼ਦੂਰ ਦੋ ਸ਼੍ਰੇਣੀਆਂ ਦਾ ਜਨਮ ਹੋਇਆ। ਪੂੰਜੀਪਤੀ ਮਜ਼ਦੂਰਾਂ ਦਾ ਵੱਧ ਤੋਂ ਵੱਧ ਸ਼ੋਸ਼ਣ ਕਰਨ ਲੱਗ ਪਏ। ਉਹਨਾਂ ਪਾਸੋਂ ਵੱਧ ਤੋਂ ਵੱਧ ਕੰਮ ਕਰਾ ਕੇ ਘੱਟ ਤੋਂ ਘੱਟ ਪੈਸੇ ਦਿੰਦੇ ਸਨ। ਇਸ ਲਈ ਸਰਕਾਰ ਨੇ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਫੈਕਟਰੀ ਐਕਟ ਪਾਸ ਕੀਤਾ। ਉਦਯੋਗਿਕ ਵਿਕਾਸ ਹੋਣ ਕਰਕੇ ਕਈ ਨਵੇਂ-ਨਵੇਂ ਸ਼ਹਿਰਾਂ ਦਾ ਨਿਰਮਾਣ ਹੋਇਆ। ਸ਼ਹਿਰ ਆਧੁਨਿਕ ਜੀਵਨ ਅਤੇ ਸਭਿਆਚਾਰ ਦੇ ਕੇਂਦਰ ਬਣੇ।


*ਸਿਲਕ ਦੀ ਸਾੜੀ*

**ਵਿਸ਼ਾ-ਅਧਿਐਨ; ਕੱਪੜੇ :** ਬਹੁਤ ਹੀ ਸੁੰਦਰ ਪੁਸ਼ਾਕਾਂ-ਕਮੀਜ਼, ਦੁਪੱਟਾ, ਪੈਂਟ, ਸਾੜੀਆਂ ਆਦਿ ਜੋ ਤੁਸੀਂ ਪਹਿਨਦੇ ਹੋ, ਉਹ ਕੱਪੜੇ ਦੀਆਂ ਬਣੀਆਂ ਹੁੰਦੀਆਂ ਹਨ। ਪਰੰਤੂ ਅਸੀਂ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਸਭ ਕਿਵੇਂ ਅਤੇ ਕਿੱਥੋਂ ਆਉਂਦਾ ਹੈ। ਆਓ ਅਸੀਂ ਪਿਛਲੇ ਇਤਿਹਾਸ ਵੱਲ ਝਾਤ ਮਾਰੀਏ। ਆਦਿ ਮਨੁੱਖ ਆਪਣੇ-ਆਪ ਨੂੰ ਗਰਮ ਰੱਖਣ ਲਈ ਪਸ਼ੂਆਂ ਦੀ ਖੱਲ ਦੇ ਕੱਪੜੇ ਪਹਿਨਦਾ ਸੀ ਕਿਉਂਕਿ ਕੱਤਣ ਅਤੇ ਬੁਣਨ ਦੀ ਖੋਜ ਇਸ ਤੋਂ ਬਹੁਤ ਚਿਰ ਪਿੱਛੋਂ ਹੋਈ ਸੀ।


ਇਹ ਮੰਨਿਆ ਗਿਆ ਹੈ ਕਿ ਭਾਰਤ ਵਿੱਚ ਜੁਲਾਹਿਆਂ ਨੇ ਕੱਪੜਾ ਤਿਆਰ ਕਰਨ ਲਈ ਪਹਿਲਾਂ ਘਾਹ ਦੇ ਰੇਸ਼ਿਆਂ ਦੀ ਵਰਤੋਂ ਕੀਤੀ ਸੀ। ਬਾਅਦ ਵਿੱਚ ਉਹਨਾਂ ਨੇ ਇਸ ਉੱਤੇ ਨਮੂਨੇ ਬਣਾਉਣੇ ਅਤੇ ਖੱਡੀ ਤੇ ਧਾਗਿਆਂ ਦੀ ਵਰਤੋਂ ਕਰਨ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ।

ਸਮਾਂ ਬੀਤਣ ਨਾਲ ਰੇਸ਼ੇ ਅਤੇ ਨਮੂਨਿਆਂ ਵਿੱਚ ਹੋਰ ਵੀ ਜ਼ਿਆਦਾ ਸੁਧਾਰ ਹੋਇਆ। ਪ੍ਰਾਚੀਨ ਕਾਲ ਤੋਂ ਹੀ ਜੁਲਾਹਿਆਂ ਨੇ ਭਾਰਤ ਵਿੱਚ ਸਨਮਾਨ ਯੋਗ ਸਥਾਨ ਪ੍ਰਾਪਤ ਕੀਤਾ ਹੋਇਆ ਸੀ। ਪੁਰਾਣੀਆਂ ਵਸਤਾਂ ਦਾ ਅਧਿਐਨ ਕਰਨ ਵਾਲੇ ਵਿਗਿਆਨੀਆਂ ਨੂੰ ਮੋਹਨਜੋਦੜੋ ਅਤੇ ਹੜੱਪਾ ਸਥਾਨਾਂ ਦੀਆਂ ਖੁਦਾਈਆਂ ਤੋਂ ਅਟਾਰਨੇ ਅਤੇ ਰੰਗਦਾਰ ਸੂਤੀ ਕੱਪੜੇ ਦੇ ਅਵਸ਼ੇਸ਼ ਮਿਲੇ ਹਨ। ਇਸ ਦੇ ਇਲਾਵਾ ਕਸ਼ਮੀਰ ਵਿੱਚ ਕਈ ਸਥਾਨਾਂ ਦੀ ਖੁਦਾਈ ਕਰਨ ਤੇ ਚਰਖੇ, ਦਰੀਆਂ ਆਦਿ ਪ੍ਰਾਪਤ ਹੋਏ ਹਨ। ਇਹਨਾਂ ਤੋਂ ਸੰਕੇਤ ਮਿਲਦਾ ਹੈ ਕਿ ਲਗਭਗ 4000 ਸਾਲ ਪਹਿਲਾਂ ਲੋਕ ਕੱਪੜਾ ਬੁਣਨਾ ਵੀ ਜਾਣਦੇ ਸਨ।

ਭਾਰਤੀ ਕੱਪੜੇ ਸੰਸਾਰ ਭਰ ਵਿੱਚ ਪ੍ਰਸਿੱਧ ਹਨ। ਯੂਰਪੀਨ ਵਪਾਰੀ ਕੱਪੜੇ ਅਤੇ ਮਸਾਲਿਆਂ ਦੇ ਵਪਾਰ ਕਰਨ ਲਈ ਹੀ ਭਾਰਤ ਵਿੱਚ ਆਏ ਸਨ। ਉਦਯੋਗਿਕ ਕ੍ਰਾਂਤੀ ਦੇ ਆਉਣ ਨਾਲ ਭਾਰਤ ਵਿੱਚ ਵੱਡੇ-ਵੱਡੇ ਕੱਪੜਾ

ਉਦਯੋਗ ਲਗਾਏ ਗਏ ਸਨ। ਇਹਨਾਂ ਉਦਯੋਗਾਂ ਵਿੱਚ ਸਧਾਰਨ ਖੱਡੀਆਂ ਨਾਲੋਂ ਵੱਧ ਕੱਪੜੇ ਦਾ ਉਤਪਾਦਨ ਕੀਤਾ ਜਾਂਦਾ ਸੀ। ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਉਣ ਕਾਰਨ ਭਾਰਤ ਵਿੱਚ ਕੱਪੜਾ ਵਪਾਰ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਸੀ।

ਫਿਰ ਵੀ 20ਵੀਂ ਸਦੀ ਵਿੱਚ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਭਾਰਤ ਵਿੱਚ ਹੱਥ ਨਾਲ ਬੁਣੇ ਸੂਤੀ ਅਤੇ ਰੇਸ਼ਮੀ ਕੱਪੜੇ ਤਿਆਰ ਕੀਤੇ ਜਾਣ ਲੱਗੇ, ਜਿਸ ਨਾਲ ਭਾਰਤੀ ਕੱਪੜਾ ਉਦਯੋਗ ਮੁੜ ਹੋਂਦ ਵਿੱਚ ਆਇਆ।



*ਮਹਾਤਮਾ ਗਾਂਧੀ ਜੀ ਚਰਖਾ ਕੱਤਦੇ ਹੋਏ*

## ਯਾਦ ਰੱਖਣ ਯੋਗ ਨੁਕਤੇ

1. 19ਵੀਂ ਸਦੀ ਵਿੱਚ ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ-ਛੋਟੇ ਉਦਯੋਗਾਂ ਦਾ ਪਤਨ ਹੋਣ ਕਰਕੇ ਭਾਰਤੀ ਕਾਰੀਗਰ ਬੇਕਾਰ ਹੋ ਗਏ।
2. **ਲਘੂ ਉਦਯੋਗਾਂ ਦੇ ਪਤਨ ਦੇ ਕਾਰਨ** :
   (ੳ) ਦੇਸੀ ਰਿਆਸਤਾਂ ਦੀ ਸਮਾਪਤੀ
   (ਅ) ਲਘੂ ਉਦਯੋਗਾਂ ਦੁਆਰਾ ਤਿਆਰ ਵਸਤਾਂ ਦਾ ਮੁੱਲ ਵੱਧ ਹੋਣਾ।
   (ੲ) ਮਸ਼ੀਨੀ ਵਸਤਾਂ ਦੀ ਸਫਾਈ ਵੱਧ ਹੋਣਾ।
   (ਸ) ਨਵੀਂ ਪੀੜ੍ਹੀ ਦੇ ਲੋਕਾਂ ਦੀ ਨਵੀਂ ਪਸੰਦ।
   (ਹ) ਭਾਰਤ ਤੋਂ ਕੱਚਾ ਮਾਲ ਇੰਗਲੈਂਡ ਭੇਜਣਾ।
3. ਆਧੁਨਿਕ ਉਦਯੋਗਿਕ ਵਿਕਾਸ ਦੇ ਸਿੱਟੇ ਵਜੋਂ ਸਮਾਜ ਵਿੱਚ ਪੂੰਜੀਪਤੀ ਅਤੇ ਮਜ਼ਦੂਰ ਦੋ ਸ਼੍ਰੇਣੀਆਂ ਦਾ ਉਭਾਰ ਹੋਇਆ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—

1. ਭਾਰਤ ਦੇ ਲਘੂ (ਛੋਟੇ) ਉਦਯੋਗਾਂ ਦੇ ਪਤਨ ਦੇ ਦੋ ਕਾਰਣ ਲਿਖੋ।
2. ਭਾਰਤ ਦੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਕਿਉਂ ਵੱਧ ਹੁੰਦੀ ਸੀ ?
3. ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ ਕਦੋਂ ਅਤੇ ਕਿੱਥੇ ਲਗਾਇਆ ਗਿਆ ?
4. ਭਾਰਤ ਵਿੱਚ ਪਟਸਨ ਉਦਯੋਗ ਦਾ ਪਹਿਲਾ ਕਾਰਖ਼ਾਨਾ ਕਦੋਂ ਅਤੇ ਕਿੱਥੇ ਲਗਾਇਆ ਗਿਆ ?
5. ਭਾਰਤ ਵਿੱਚ ਕੌਫ਼ੀ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ ?

6. ਚਾਹ ਦਾ ਪਹਿਲਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ?
7. 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ।
8. ਨੀਲ ਉਦਯੋਗ ਦਾ ਵਰਨਣ ਕਰੋ।

**2. ਹੇਠ ਲਿਖੇ ਖਾਲੀ ਸਥਾਨ ਭਰੋ—**

1. ਦੇਸੀ ਰਿਆਸਤਾਂ ਦੇ ਰਾਜੇ-ਮਹਾਰਾਜੇ .............. ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਵਰਤੋਂ ਕਰਦੇ ਸਨ।
2. ਨਵੀਂ ਪੀੜ੍ਹੀ ਦੇ ਲੋਕ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੇ ਮਾਲ ਨੂੰ .............. ਨਹੀਂ ਕਰਦੇ ਸਨ।
3. ਸਾਰੇ ਨਵੇਂ ਕਾਰਖਾਨੇ .............. ਨਾਲ ਚਲਦੇ ਸਨ।

**3. ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (X) ਦਾ ਚਿੰਨ੍ਹ ਲਗਾਉ—**

1. ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ ਉਦਯੋਗਾਂ ਦੇ ਪਤਨ ਨਾਲ ਕਾਰੀਗਰ ਬੇਕਾਰ ਹੋ ਗਏ। ☐
2. ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ 19ਵੀਂ ਸਦੀ ਵਿੱਚ ਆਈ। ☐
3. ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਵੱਧ ਹੁੰਦੀ ਸੀ। ☐
4. 18ਵੀਂ ਸਦੀ ਵਿੱਚ ਭਾਰਤ ਦਾ ਕੱਚਾ ਮਾਲ ਇੰਗਲੈਂਡ ਜਾਣ ਲੱਗਾ। ☐

**4. ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ—**

| ੳ | ਅ |
|---|---|
| 1. ਅਸਾਮ | ਸੈਰਮਪੁਰ (ਬੰਗਾਲ) |
| 2. ਪਟਸਨ ਉਦਯੋਗ | ਰਾਣੀਗੰਜ |
| 3. ਕੋਲੇ ਦੀਆਂ ਖਾਣਾਂ | ਟੀ ਕੰਪਨੀ |

ਪਾਠ 13

# 1857 ਈ. ਦਾ ਵਿਦਰੋਹ

ਪਿਛਲੇ ਪਾਠਾਂ ਵਿੱਚ ਅਸੀਂ ਈਸਟ ਇੰਡੀਆ ਕੰਪਨੀ ਦੀਆਂ ਨੀਤੀਆਂ ਅਤੇ ਉਹਨਾਂ ਦੇ ਪ੍ਰਭਾਵ ਬਾਰੇ ਅਧਿਐਨ ਕੀਤਾ ਹੈ। ਇਸੇ ਤਰ੍ਹਾਂ 1857 ਈ. ਵਿੱਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਅੰਗਰੇਜ਼ਾਂ ਦੇ ਵਿਰੁੱਧ ਇੱਕ ਭਿਆਨਕ ਵਿਦਰੋਹ ਹੋਇਆ, ਜਿਸ ਨੂੰ ਕੁਝ ਇਤਿਹਾਸਕਾਰ "ਸੈਨਿਕ ਵਿਦਰੋਹ" ਕਹਿੰਦੇ ਹਨ ਜਦੋਂ ਕਿ ਕੁਝ ਇਤਿਹਾਸਕਾਰ ਇਸ ਨੂੰ ਸੁਤੰਤਰਤਾ ਦੀ ਪਹਿਲੀ ਲੜਾਈ ਕਹਿੰਦੇ ਹਨ। ਭਾਵੇਂ ਅੰਗਰੇਜ਼ ਇਸ ਵਿਦਰੋਹ ਨੂੰ ਦਬਾਉਣ ਵਿੱਚ ਸਫ਼ਲ ਹੋ ਗਏ। ਪਰੰਤੂ ਫਿਰ ਵੀ ਇਸ ਨੂੰ ਭਾਰਤ ਦੇ ਇਤਿਹਾਸ ਵਿੱਚ ਇੱਕ ਯੁੱਗ ਪਲਟਾਊ ਘਟਨਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਦਰੋਹ ਨੇ ਆਜ਼ਾਦੀ ਲਈ ਸੰਘਰਸ਼ ਨੂੰ ਉਤਸ਼ਾਹਿਤ ਕੀਤਾ।



*1857 ਈ. ਦਾ ਵਿਦਰੋਹ*

**ਸੈਨਿਕ ਵਿਦਰੋਹ :** ਜਦੋਂ ਸੈਨਿਕ ਇਕੱਠੇ ਹੋ ਕੇ ਸੈਨਿਕ ਅਫ਼ਸਰਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ।

## 1857 ਈ. ਦੇ ਵਿਦਰੋਹ ਦੇ ਕਾਰਨ

ਇਸ ਵਿਦਰੋਹ ਦੇ ਅਨੇਕਾਂ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸੈਨਿਕ ਕਾਰਨ ਸਨ, ਜਿਨ੍ਹਾਂ ਦਾ ਸੰਖੇਪ ਵਰਨਣ ਅੱਗੇ ਲਿਖੇ ਅਨੁਸਾਰ ਹੈ।

## (ੳ) ਰਾਜਨੀਤਿਕ ਕਾਰਨ

1. **ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰਨਾ :** 1857 ਈ. ਵਿੱਚ ਪੇਸ਼ਵਾ ਬਾਜੀ ਰਾਵ ਦੂਸਰੇ ਦੀ ਮੌਤ ਹੋ ਗਈ ਸੀ। ਪਰੰਤੂ ਉਸ ਦੀ ਮੌਤ ਤੋਂ ਬਾਅਦ ਜਦ ਨਾਨਾ ਸਾਹਿਬ ਉਸ ਦੇ ਉਤਰਾਧਿਕਾਰੀ ਬਣੇ ਤਾਂ ਲਾਰਡ ਡਲਹੌਜ਼ੀ ਨੇ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ। ਇਸ ਕਰਕੇ ਨਾਨਾ ਸਾਹਿਬ ਅੰਗਰੇਜ਼ਾਂ ਦੇ ਵਿਰੁੱਧ ਹੋ ਗਿਆ।
2. **ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਬੁਰਾ ਵਿਵਹਾਰ ਕਰਨਾ :** ਅੰਗਰੇਜ਼ਾਂ ਨੇ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਜ਼ਫ਼ਰ ਨੂੰ ਕਹਿ ਦਿੱਤਾ ਸੀ ਕਿ ਉਸ ਦੀ ਮੌਤ ਤੋਂ ਪਿੱਛੋਂ ਲਾਲ ਕਿਲ੍ਹੇ ਤੇ ਕਬਜ਼ਾ ਕਰ ਲਿਆ ਜਾਵੇਗਾ। ਬਹਾਦੁਰ ਸ਼ਾਹ ਜ਼ਫ਼ਰ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ ਅਤੇ ਅੰਗਰੇਜ਼ੀ ਰਾਜ ਨੂੰ ਭਾਰਤ ਵਿੱਚੋਂ ਖ਼ਤਮ ਕਰਨ ਦਾ ਪ੍ਰਣ ਕਰ ਲਿਆ।
3. **ਲਾਰਡ ਡਲਹੌਜ਼ੀ ਦੁਆਰਾ ਲੈਪਸ ਦੀ ਨੀਤੀ ਅਪਨਾਉਣਾ :** ਲਾਰਡ ਡਲਹੌਜ਼ੀ ਦੀ ਲੈਪਸ ਦੀ ਨੀਤੀ ਅਨੁਸਾਰ ਜੇਕਰ ਕਿਸੇ ਦੇਸੀ ਰਾਜ ਦਾ ਸ਼ਾਸਕ ਸੰਤਾਨਹੀਣ ਮਰ ਜਾਂਦਾ ਸੀ ਤਾਂ ਉਸ ਦੁਆਰਾ ਗੋਦ ਲਏ ਗਏ ਪੁੱਤਰ ਨੂੰ ਰਾਜ ਦਾ ਉਤਰਾਧਿਕਾਰੀ ਨਹੀਂ ਮੰਨਿਆ ਜਾਂਦਾ ਸੀ। ਲਾਰਡ ਡਲਹੌਜ਼ੀ ਨੇ ਲੈਪਸ ਦੀ ਨੀਤੀ ਅਨੁਸਾਰ ਸੰਭਲਪੁਰ, ਝਾਂਸੀ, ਨਾਗਪੁਰ, ਉਦੈਪੁਰ ਆਦਿ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ ਸੀ। ਸਿੱਟੇ ਵਜੋਂ ਇਨ੍ਹਾਂ ਰਿਆਸਤਾਂ ਨੇ ਵੀ ਅੰਗਰੇਜ਼ੀ ਰਾਜ ਵਿਰੁੱਧ ਵਿਦਰੋਹ ਵਿੱਚ ਭਾਗ ਲਿਆ ਸੀ।
4. **ਅਵਧ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾਉਣਾ :** ਅਵਧ ਦੀ ਰਿਆਸਤ ਬਹੁਤ ਖੁਸ਼ਹਾਲ ਸੀ, ਇਸ ਕਰਕੇ ਲਾਰਡ ਡਲਹੌਜ਼ੀ ਨੇ ਅਵਧ ਵਿੱਚ ਭੈੜੇ ਸ਼ਾਸਨ ਪ੍ਰਬੰਧ ਦਾ ਦੋਸ਼ ਲਗਾ ਕੇ ਇਸ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਿਆ ਸੀ। ਇਸ ਕਰਕੇ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਨੇ ਅੰਗਰੇਜ਼ਾਂ ਦੇ ਵਿਰੁੱਧ ਵਿਦਰੋਹ ਕਰ ਦਿੱਤਾ।

## (ਅ) ਸਮਾਜਿਕ ਤੇ ਧਾਰਮਿਕ ਕਾਰਨ

1. **ਸਮਾਜਿਕ ਤੇ ਧਾਰਮਿਕ ਰਸਮਾਂ ਵਿੱਚ ਦਖਲ-ਅੰਦਾਜ਼ੀ :** ਅੰਗਰੇਜ਼ੀ ਗਵਰਨਰ ਜਨਰਲਾਂ-ਲਾਰਡ ਵਿਲੀਅਮ ਬੈਂਟਿੰਕ ਅਤੇ ਲਾਰਡ ਡਲਹੌਜ਼ੀ ਨੇ ਭਾਰਤੀ ਸਮਾਜ ਵਿੱਚ ਵੀ ਸੁਧਾਰ ਕੀਤੇ। ਉਹਨਾਂ ਨੇ ਸਤੀ ਪ੍ਰਥਾ ਅਤੇ ਕੰਨਿਆ ਹੱਤਿਆ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ। ਉਹਨਾਂ ਨੇ ਵਿਧਵਾ-ਪੁਨਰ ਵਿਆਹ ਦੀ ਆਗਿਆ ਦੇ ਦਿੱਤੀ। ਉਹਨਾਂ ਨੇ ਜਾਤ-ਪਾਤ ਅਤੇ ਛੂਆ-ਛੂਤ ਦੀ ਮਨਾਹੀ ਕੀਤੀ। ਪਰੰਤੂ ਇਨ੍ਹਾਂ ਸੁਧਾਰਾਂ ਦਾ ਭਾਰਤੀ ਲੋਕਾਂ ਉੱਤੇ ਉਲਟ ਅਸਰ ਹੋਇਆ ਕਿਉਂਕਿ ਲੋਕ ਇਸ ਨੂੰ ਆਪਣੇ ਧਰਮ ਵਿੱਚ ਅੰਗਰੇਜ਼ਾਂ ਦੀ ਦਖਲ-ਅੰਦਾਜ਼ੀ ਸਮਝਣ ਲੱਗੇ। ਇਸ ਕਰਕੇ ਭਾਰਤੀ ਲੋਕਾਂ ਨੇ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਵਿਦਰੋਹ ਕਰ ਦਿੱਤਾ।
2. **ਈਸਾਈ ਧਰਮ ਦਾ ਪ੍ਰਚਾਰ :** ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਸਮੇਂ ਕਾਫ਼ੀ ਗਿਣਤੀ ਵਿੱਚ ਈਸਾਈ ਪਾਦਰੀ ਭਾਰਤ ਵਿੱਚ ਆਏ। ਉਹ ਲੋਕਾਂ ਨੂੰ ਵੱਡੀਆਂ-ਵੱਡੀਆਂ ਜਾਇਦਾਦਾਂ, ਇਨਾਮ, ਉੱਚੀਆਂ ਨੌਕਰੀਆਂ ਦਾ ਲਾਲਚ ਦੇ ਕੇ ਈਸਾਈ ਧਰਮ ਅਪਨਾਉਣ ਲਈ ਪ੍ਰਚਾਰ ਕਰਦੇ ਸਨ। ਇਸ ਦੇ ਇਲਾਵਾ ਉਹ ਹਿੰਦੂ ਅਤੇ ਇਸਲਾਮ ਧਰਮ ਦਾ ਅਪਮਾਨ ਵੀ ਕਰਦੇ ਸਨ। ਇਸ ਲਈ ਭਾਰਤੀਆਂ ਨੇ ਆਪਣੇ ਧਰਮ ਦੀ ਰੱਖਿਆ ਕਰਨ ਲਈ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ।
3. **ਭਾਰਤੀ ਲੋਕਾਂ ਨਾਲ ਭੈੜਾ ਵਰਤਾਓ :** ਅੰਗਰੇਜ਼ ਭਾਰਤੀ ਲੋਕਾਂ ਨਾਲ ਬੁਰਾ ਵਰਤਾਓ ਕਰਦੇ ਸਨ। ਉਹਨਾਂ ਨੇ ਭਾਰਤੀ ਲੋਕਾਂ ਤੇ ਕਈ ਪਾਬੰਦੀਆਂ ਲਗਾਈਆਂ ਹੋਈਆਂ ਸਨ। ਹੋਟਲਾਂ, ਸਿਨੇਮਾ-ਘਰਾਂ ਅਤੇ ਜਨਤਕ ਥਾਵਾਂ ਉੱਤੇ ਭਾਰਤੀਆਂ ਨਾਲ ਭੇਦ-ਭਾਵ ਕੀਤਾ ਜਾਂਦਾ ਸੀ। ਇਸ ਕਰਕੇ ਭਾਰਤੀਆਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ।

## (ੲ) ਆਰਥਿਕ ਕਾਰਨ

1. **ਭਾਰਤੀ ਉਦਯੋਗ ਅਤੇ ਵਪਾਰ ਦਾ ਖ਼ਾਤਮਾ :** ਅੰਗਰੇਜ਼ ਭਾਰਤ ਵਿੱਚ ਵਪਾਰ ਕਰਨ ਲਈ ਆਏ ਸਨ। ਉਹ ਭਾਰਤ ਵਿੱਚੋਂ ਕੱਚਾ ਮਾਲ ਕਪਾਹ, ਪਟਸਨ ਆਦਿ ਸਸਤੇ ਭਾਅ ਖਰੀਦ ਕੇ ਇੰਗਲੈਂਡ ਲੈ ਜਾਂਦੇ ਸਨ ਅਤੇ ਉੱਥੇ ਕਾਰਖ਼ਾਨਿਆਂ ਵਿੱਚ ਤਿਆਰ ਹੋਇਆ ਮਾਲ ਭਾਰਤ ਲਿਆ ਕੇ ਮਹਿੰਗਾ ਵੇਚਣ ਲੱਗੇ। ਇਸ ਤਰ੍ਹਾਂ ਭਾਰਤ ਦਾ ਸਾਰਾ ਪੈਸਾ ਇੰਗਲੈਂਡ ਵਿੱਚ ਜਾਣ ਲੱਗਾ। ਅੰਗਰੇਜ਼ਾਂ ਨੇ ਭਾਰਤੀ ਉਦਯੋਗ ਉੱਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ, ਜਿਸ ਨਾਲ ਭਾਰਤੀ ਉਦਯੋਗ ਅਤੇ ਵਪਾਰ ਹੌਲੀ-ਹੌਲੀ ਨਸ਼ਟ ਹੋਣਾ ਸ਼ੁਰੂ ਹੋ ਗਿਆ। ਇਸ ਕਰਕੇ ਭਾਰਤੀ ਲੋਕ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ।
2. **ਨੌਕਰੀਆਂ ਵਿੱਚ ਅਸਮਾਨਤਾ :** ਅੰਗਰੇਜ਼ੀ ਰਾਜ ਸਮੇਂ ਪੜ੍ਹੇ-ਲਿਖੇ ਭਾਰਤੀਆਂ ਨੂੰ ਉੱਚ ਅਹੁਦਿਆਂ ਤੇ ਨਹੀਂ ਲਗਾਇਆ ਜਾਂਦਾ ਸੀ। ਉਹਨਾਂ ਨੂੰ ਕੇਵਲ ਛੋਟੇ ਅਹੁਦਿਆਂ ਤੇ ਹੀ ਨਿਯੁੱਕਤ ਕੀਤਾ ਜਾਂਦਾ ਸੀ। ਭਾਰਤੀ ਕਰਮਚਾਰੀਆਂ ਨੂੰ ਅੰਗਰੇਜ਼ ਕਰਮਚਾਰੀਆਂ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਸੀ। ਇਸ ਲਈ ਭਾਰਤੀ ਲੋਕ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰਨ ਲਈ ਤਿਆਰ ਹੋ ਗਏ।
3. **ਜ਼ਿੰਮੀਦਾਰਾਂ ਦੀ ਬੁਰੀ ਹਾਲਤ :** ਲਾਰਡ ਵਿਲੀਅਮ ਬੈਂਟਿੰਕ ਨੇ ਕਰ ਮੁਕਤ ਜ਼ਮੀਨਾਂ ਤੇ ਮੁੜ ਕਰ ਲਗਾ ਦਿੱਤਾ, ਜਿਹੜੀਆਂ ਕਿ ਬਾਦਸ਼ਾਹ ਦੁਆਰਾ ਰਾਜ ਦੇ ਜਾਗੀਰਦਾਰਾਂ ਨੂੰ ਇਨਾਮ ਵਜੋਂ ਦਿੱਤੀਆਂ ਗਈਆਂ ਸਨ। ਲਗਾਨ ਦੀ ਦਰ ਵਿੱਚ ਵੀ ਪਹਿਲਾਂ ਨਾਲੋਂ ਵਾਧਾ ਕੀਤਾ ਗਿਆ। ਸਰਕਾਰੀ ਕਰਮਚਾਰੀ ਭੂਮੀ ਲਗਾਨ ਇਕੱਠਾ ਕਰਨ ਸਮੇਂ ਜ਼ਿੰਮੀਦਾਰਾਂ ਦਾ ਕਈ ਤਰ੍ਹਾਂ ਨਾਲ ਸ਼ੋਸ਼ਣ ਕਰਦੇ ਸਨ। ਇਸ ਲਈ ਜ਼ਿੰਮੀਦਾਰਾਂ ਨੇ 1857 ਈ. ਦੇ ਵਿਦਰੋਹ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।

## (ਸ) ਸੈਨਿਕ ਕਾਰਨ

ਭਾਰਤੀ ਸੈਨਿਕਾਂ ਨੂੰ ਅੰਗਰੇਜ਼ੀ ਸੈਨਿਕਾਂ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਸੀ। ਭਾਰਤੀ ਸੈਨਿਕ ਵੱਧ ਤੋਂ ਵੱਧ ਸੂਬੇਦਾਰ ਦੇ ਅਹੁਦੇ ਤੱਕ ਹੀ ਤਰੱਕੀ ਕਰ ਸਕਦਾ ਸੀ। 1856 ਈ. ਵਿੱਚ ਲਾਰਡ ਕੈਨਿੰਗ ਨੇ ਇੱਕ ਐਕਟ ਪਾਸ ਕੀਤਾ, ਜਿਸ ਅਨੁਸਾਰ ਭਾਰਤੀ ਸੈਨਿਕਾਂ ਨੂੰ ਯੁੱਧ ਵਿੱਚ ਭਾਗ ਲੈਣ ਲਈ ਸਮੁੰਦਰ ਪਾਰ ਕਿਸੇ ਵੀ ਸਥਾਨ ਉੱਤੇ ਭੇਜਿਆ ਜਾ ਸਕਦਾ ਸੀ। ਪਰੰਤੂ ਪੁਰਾਣੇ ਵਿਚਾਰਾਂ ਦੇ ਭਾਰਤੀ ਸੈਨਿਕ ਸਮੁੰਦਰੋਂ ਪਾਰ ਜਾਣ ਨੂੰ ਆਪਣੇ ਧਰਮ ਦੇ ਵਿਰੁੱਧ ਮੰਨਦੇ ਸਨ। ਉਹ ਦੂਸਰੇ ਦੇਸ਼ਾਂ ਦੇ ਮੌਸਮ ਅਤੇ ਕਠਨਾਈਆਂ ਤੋਂ ਡਰਦੇ ਸਨ। ਉਹ ਡਰਦੇ ਸਨ ਕਿ ਅੰਗਰੇਜ਼ ਉਹਨਾਂ ਨੂੰ ਈਸਾਈ ਨਾ ਬਣਾ ਲੈਣ।

> ਮੰਨ ਲਓ ਕਿ ਤੁਸੀਂ ਈਸਟ ਇੰਡੀਆ ਕੰਪਨੀ ਦੀ ਸੈਨਾ ਦੇ ਸਿਪਾਹੀ ਹੋ। ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਕੋਈ ਨਜ਼ਦੀਕ ਦਾ ਰਿਸ਼ਤੇਦਾਰ ਕੰਪਨੀ ਦੀ ਸੈਨਾ ਵਿਚ ਭਰਤੀ ਨਾ ਹੋਵੇ। ਤੁਸੀਂ ਉਸ ਨੂੰ ਇਸ ਦਾ ਕੀ ਕਾਰਨ ਦੱਸੋਗੇ ?

## (ਹ) ਤਤਕਾਲੀਨ ਕਾਰਨ

**ਚਰਬੀ ਵਾਲੇ ਕਾਰਤੂਸ :** 1857 ਈ. ਵਿੱਚ ਅੰਗਰੇਜ਼ੀ ਸਰਕਾਰ ਨੇ ਰਾਈਫਲਾਂ ਵਿੱਚ ਨਵੀਂ ਕਿਸਮ ਦੇ ਕਾਰਤੂਸਾਂ ਦੀ ਵਰਤੋਂ ਸ਼ੁਰੂ ਕੀਤੀ, ਜਿਹਨਾਂ ਨੂੰ ਚਲਾਉਣ ਤੋਂ ਪਹਿਲਾਂ ਮੂੰਹ ਨਾਲ ਖੋਲਣਾ ਪੈਂਦਾ ਸੀ। ਇਹਨਾਂ ਕਾਰਤੂਸਾਂ ਤੇ ਗਾਂ ਅਤੇ ਸੂਰ ਦੀ ਚਰਬੀ ਲੱਗੀ ਹੁੰਦੀ ਸੀ। ਹਿੰਦੂ ਅਤੇ ਮੁਸਲਮਾਨ ਇਹਨਾਂ ਕਾਰਤੂਸਾਂ ਨੂੰ ਚਲਾਉਣਾ ਨਹੀਂ ਚਾਹੁੰਦੇ ਸਨ, ਕਿਉਂਕਿ ਅਜਿਹਾ ਕਰਨ ਨਾਲ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਸੀ। ਇਸ ਤਰ੍ਹਾਂ ਦੇ ਕਾਰਤੂਸਾਂ ਨੂੰ ਚਲਾਉਣ ਤੋਂ ਇਨਕਾਰ ਕਰਨ ਵਾਲਾ ਪਹਿਲਾ ਸੈਨਿਕ ਮੰਗਲ ਪਾਂਡੇ ਸੀ। ਉਸਨੇ 29 ਮਾਰਚ 1857 ਈ. ਨੂੰ ਇਹਨਾਂ ਕਾਰਤੂਸਾਂ ਦੀ ਵਰਤੋਂ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਇੱਕ ਅੰਗਰੇਜ਼ ਅਫ਼ਸਰ ਦੀ ਹੱਤਿਆ ਕਰ ਦਿੱਤੀ। ਇਸ ਤਰ੍ਹਾਂ 1857 ਈ. ਦੀ ਬਗਾਵਤ ਦਾ ਆਰੰਭ ਹੋਇਆ।

ਹਿੰਦੂ ਅਤੇ ਮੁਸਲਮਾਨ ਸੈਨਿਕ ਕਾਰਤੂਸ ਚਲਾਉਣਾ ਪਸੰਦ ਕਿਉਂ ਨਹੀਂ ਕਰਦੇ ਸਨ ?

## ਵਿਦਰੋਹ ਦੀਆਂ ਮੁੱਖ ਘਟਨਾਵਾਂ




*ਮੰਗਲ ਪਾਂਡੇ*

**ਬੈਰਕਪੁਰ :** 1857 ਈ. ਦਾ ਵਿਦਰੋਹ ਬੈਰਕਪੁਰ ਤੋਂ ਸ਼ੁਰੂ ਹੋਇਆ ਸੀ। ਇਸ ਵਿਦਰੋਹ ਦੀ ਅਗਵਾਈ ਮੰਗਲ ਪਾਂਡੇ ਨਾਮਕ ਸੈਨਿਕ ਨੇ ਕੀਤੀ ਸੀ। ਮੰਗਲ ਪਾਂਡੇ ਨੇ ਚਰਬੀ ਵਾਲੇ ਕਾਰਤੂਸਾਂ ਨੂੰ ਚਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਹੋਰ ਸੈਨਿਕਾਂ ਨੂੰ ਵੀ ਅਜਿਹਾ ਕਰਨ ਲਈ ਕਿਹਾ। ਸਰਕਾਰ ਨੇ ਮੰਗਲ ਪਾਂਡੇ ਨੂੰ ਬੰਦੀ ਬਣਾਉਣ ਦਾ ਹੁਕਮ ਦਿੱਤਾ, ਤਾਂ ਉਸਨੇ ਇੱਕ ਅੰਗਰੇਜ਼ ਅਫ਼ਸਰ ਹਸਨ ਨੂੰ ਗੋਲੀ ਮਾਰ ਦਿੱਤੀ, ਜਿਸ ਕਰਕੇ ਉਸ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ। ਇਸ ਤਰ੍ਹਾਂ 1857 ਈ. ਦੇ ਵਿਦਰੋਹ ਦਾ ਪਹਿਲਾ ਸ਼ਹੀਦ ਮੰਗਲ ਪਾਂਡੇ ਸੀ। ਇਸ ਘਟਨਾ ਦੀ ਖ਼ਬਰ ਸੁਣ ਕੇ ਸਾਰੇ ਭਾਰਤ ਵਿੱਚ ਵਿਦਰੋਹ ਦੀ ਭਾਵਨਾ ਭੜਕ ਉੱਠੀ।

**ਮੇਰਠ ਦੀ ਘਟਨਾ :** ਮੇਰਠ ਵਿੱਚ ਲਗਭਗ 85 ਭਾਰਤੀ ਸੈਨਿਕਾਂ ਨੇ ਚਰਬੀ ਵਾਲੇ ਕਾਰਤੂਸਾਂ ਨੂੰ ਚਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਕਰਕੇ ਉਹਨਾਂ ਨੂੰ ਕੈਦ ਕਰ ਲਿਆ ਗਿਆ। ਇਸ ਨਾਲ ਭਾਰਤੀ ਸੈਨਿਕ ਭੜਕ ਉੱਠੇ। ਉਹਨਾਂ ਨੇ 31 ਮਈ ਜੋ ਕਿ ਸਾਰੇ ਭਾਰਤ ਵਿੱਚ ਵਿਦਰੋਹ ਕਰਨ ਦੀ ਨਿਸ਼ਚਿਤ ਮਿਤੀ ਸੀ, ਦਾ ਇੰਤਜ਼ਾਰ ਕੀਤੇ ਬਿਨਾਂ ਹੀ 10 ਮਈ 1857 ਈ. ਨੂੰ ਜੇਲ੍ਹ ਤੋੜ ਕੇ ਆਪਣੇ ਸਾਥੀਆਂ ਨੂੰ ਰਿਹਾਅ ਕਰਵਾ ਲਿਆ। ਉਹਨਾਂ ਨੇ ਅੰਗਰੇਜ਼ ਅਫ਼ਸਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਕਤਲ ਕਰ ਦਿੱਤਾ। ਉਹਨਾਂ ਦੇ ਘਰਾਂ ਨੂੰ ਸਾੜ ਦਿੱਤਾ ਅਤੇ ਉਹ ਦਿੱਲੀ ਵੱਲ ਚਲ ਪਏ।



*ਮੇਰਠ ਦੀ ਘਟਨਾ*





**ਦਿੱਲੀ ਦੀ ਘਟਨਾ :** ਮੇਰਠ ਦੀ ਘਟਨਾ ਤੋਂ ਬਾਅਦ 11 ਮਈ 1857 ਈ. ਨੂੰ ਭਾਰਤੀ ਸੈਨਿਕ ਦਿੱਲੀ ਪੁੱਜੇ। ਦਿੱਲੀ ਦੇ ਅੰਗਰੇਜ਼ ਕਮਾਂਡਰ ਰਿਪਲੇ ਨੇ ਉਹਨਾਂ ਨੂੰ ਰੋਕਣ ਦਾ ਯਤਨ ਕੀਤਾ। ਪਰ ਉਹ ਸਫਲ ਨਾ ਹੋ ਸਕਿਆ। ਕਰਨਲ ਅਤੇ ਹੋਰ ਅੰਗਰੇਜ਼ ਅਫਸਰਾਂ ਦਾ ਕਤਲ ਕਰ ਦਿੱਤਾ ਗਿਆ। ਭਾਰਤੀ ਸੈਨਿਕਾਂ ਨੇ ਦਿੱਲੀ ਦੇ ਲਾਲ ਕਿਲ੍ਹੇ ਤੇ ਕਬਜ਼ਾ ਕਰ ਲਿਆ। ਉਹਨਾਂ ਨੇ ਬਹਾਦੁਰ ਸ਼ਾਹ ਜ਼ਫ਼ਰ ਨੂੰ ਆਪਣਾ ਬਾਦਸ਼ਾਹ ਐਲਾਨ ਕੀਤਾ। ਇਹ ਲਹਿਰ ਬੜੀ ਜਲਦੀ ਅਲੀਗੜ੍ਹ, ਇਟਾਵਾ, ਮੈਨਪੁਰੀ ਅਤੇ ਬੁੰਦੇਲਖੰਡ ਵਿੱਚ ਫੈਲ ਗਈ। ਫਿਰ ਇਹ ਵਿਦਰੋਹ ਕਾਨ੍ਹਪੁਰ, ਲਖਨਊ, ਝਾਂਸੀ ਅਤੇ ਬਿਹਾਰ ਵਿੱਚ ਫੈਲ ਗਿਆ। ਇਸ ਉਪਰੰਤ ਪੰਜਾਬ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਵੀ ਇਸ ਲਹਿਰ ਦਾ ਡੂੰਘਾ ਪ੍ਰਭਾਵ ਪਿਆ।




*ਬਹਾਦਰ ਸ਼ਾਹ ਜ਼ਫ਼ਰ*

ਜਨਰਲ ਨਿਕਲਸਨ ਨੇ ਕੁੱਝ ਅਨਿੱਮਿਤ ਭਾਰਤੀ ਫੌਜ ਦੀ ਮੱਦਦ ਨਾਲ 14 ਸਤੰਬਰ ਨੂੰ ਦਿੱਲੀ ਤੇ ਦੁਬਾਰਾ ਕਬਜ਼ਾ ਕਰ ਲਿਆ। ਬਹਾਦਰ ਸ਼ਾਹ ਜ਼ਫ਼ਰ ਨੂੰ ਕੈਦੀ ਬਣਾ ਕੇ ਰੰਗੂਨ ਭੇਜ ਦਿੱਤਾ ਗਿਆ। ਉਸ ਦੇ ਦੋ ਪੁੱਤਰਾਂ ਨੂੰ ਗੋਲੀ ਮਾਰ ਦਿੱਤੀ ਗਈ। ਬਹਾਦਰ ਸ਼ਾਹ ਦੀ ਕੁਝ ਸਮੇਂ ਬਾਅਦ ਮੌਤ ਹੋ ਗਈ ਅਤੇ ਮੁਗ਼ਲ ਸਮਰਾਟ ਦੀ ਪਦਵੀ ਵੀ ਖ਼ਤਮ ਹੋ ਗਈ।

**ਕਾਨ੍ਹਪੁਰ ਦੀ ਘਟਨਾ :** ਨਾਨਾ ਸਾਹਿਬ ਨੇ ਆਪਣੇ ਪ੍ਰਸਿੱਧ ਜਨਰਲ ਤਾਂਤੀਆ ਟੋਪੇ ਦੀ ਸਹਾਇਤਾ ਨਾਲ ਕਾਨ੍ਹਪੁਰ ਤੇ ਕਬਜ਼ਾ ਕਰ ਲਿਆ ਅਤੇ ਕਈ ਅੰਗਰੇਜ਼ ਅਫ਼ਸਰਾਂ ਦਾ ਕਤਲ ਕਰ ਦਿੱਤਾ। 17 ਜੁਲਾਈ 1857 ਈ. ਨੂੰ ਜਨਰਲ ਹੈਵਲਾਕ ਨੇ ਤਾਂਤੀਆ ਟੋਪੇ ਨੂੰ ਹਰਾ ਕੇ ਦੁਬਾਰਾ ਕਾਨ੍ਹਪੁਰ ਤੇ ਕਬਜ਼ਾ ਕਰ ਲਿਆ। ਨਾਨਾ ਸਾਹਿਬ ਨੇ ਜਾ ਕੇ ਨੇਪਾਲ ਸ਼ਰਨ ਲਈ ਅਤੇ ਤਾਂਤੀਆ ਟੋਪੇ ਉੱਥੋਂ ਭੱਜ ਕੇ ਝਾਂਸੀ ਦੀ ਰਾਣੀ ਪਾਸ ਚਲਾ ਗਿਆ।


*ਨਾਨਾ ਸਾਹਿਬ*


*ਤਾਂਤੀਆ ਟੋਪੇ*

**ਲਖਨਊ ਦੀ ਘਟਨਾ :** ਲਖਨਊ ਅਵਧ ਦੀ ਰਾਜਧਾਨੀ ਸੀ। ਅਵਧ ਦੇ ਲੋਕਾਂ ਨੇ ਇਸ ਵਿਦਰੋਹ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਇਹਨਾਂ ਵਿਦਰੋਹੀਆਂ ਨੇ ਬਹੁਤ ਸਾਰੇ ਅੰਗਰੇਜ਼ਾਂ ਨੂੰ ਮਾਰ ਦਿੱਤਾ। ਜਦੋਂ ਜਨਰਲ ਹੈਵਲਾਕ ਅੰਗਰੇਜ਼ਾਂ ਦੀ ਸਹਾਇਤਾ ਕਰਨ ਲਈ ਲਖਨਊ ਪਹੁੰਚਿਆ ਤਾਂ ਵਿਦਰੋਹੀਆਂ ਨੇ ਉਸ ਦਾ ਵੀ ਕਤਲ ਕਰ ਦਿੱਤਾ। ਅੰਤ ਵਿੱਚ ਅੰਗਰੇਜ਼ਾਂ ਨੇ ਲਖਨਊ ਉੱਤੇ ਕਬਜ਼ਾ ਕਰ ਲਿਆ।

**ਝਾਂਸੀ :** ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੇ ਦਿਲ ਵਿੱਚ ਅੰਗਰੇਜ਼ਾਂ ਪ੍ਰਤੀ ਬੜਾ ਰੋਸ ਸੀ ਕਿਉਂਕਿ ਅੰਗਰੇਜ਼ਾਂ ਨੇ ਰਾਣੀ ਦੇ ਗੋਦ ਲਏ ਪੁੱਤਰ ਨੂੰ ਵਾਰਸ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਉਸ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ। ਅੰਗਰੇਜ਼ਾਂ ਨੇ ਝਾਂਸੀ ਤੇ ਹਮਲਾ ਕਰ ਦਿੱਤਾ। ਝਾਂਸੀ ਦੀ ਰਾਣੀ ਅੰਗਰੇਜ਼ਾਂ ਵਿਰੁੱਧ ਬੜੀ ਬਹਾਦਰੀ ਨਾਲ ਲੜੀ। ਤਾਂਤੀਆ ਟੋਪੇ ਨੇ ਉਸ ਦੀ ਸਹਾਇਤਾ ਕੀਤੀ। ਪਰੰਤੂ ਉਹ ਬਹਾਦਰੀ ਨਾਲ ਲੜਦੀ ਹੋਈ ਵੈਰੀਆਂ ਹੱਥੋਂ ਸ਼ਹੀਦੀ ਪ੍ਰਾਪਤ ਕਰ ਗਈ। ਕੁਝ ਸਮੇਂ ਬਾਅਦ ਤਾਂਤੀਆ ਟੋਪੇ ਵੀ ਫੜਿਆ ਗਿਆ ਅਤੇ ਉਸ ਨੂੰ 1859 ਈ. ਵਿੱਚ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ।


*ਰਾਣੀ ਲਕਸ਼ਮੀ ਬਾਈ*

**ਪੰਜਾਬ :** ਭਾਵੇਂ ਪੰਜਾਬ ਦੀਆਂ ਰਿਆਸਤਾਂ ਦੇ ਸ਼ਾਸਕਾਂ ਨੇ 1857 ਈ. ਦੇ ਵਿਦਰੋਹ ਵਿੱਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਪਰੰਤੂ ਪੰਜਾਬ ਵਿੱਚ ਅਨੇਕਾਂ ਸਥਾਨਾਂ ਤੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਵੀ ਕੀਤੇ ਗਏ ਸਨ। ਫਿਰੋਜ਼ਪੁਰ, ਪੇਸ਼ਾਵਰ, ਹੋਤੀ-ਮਰਦਾਨ, ਜਲੰਧਰ ਆਦਿ ਸਥਾਨਾਂ ਉੱਤੇ ਸੈਨਿਕਾਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ। ਅੰਗਰੇਜ਼ਾਂ ਨੇ ਇਹਨਾਂ ਵਿਦਰੋਹਾਂ ਨੂੰ ਦਬਾਅ ਦਿੱਤਾ ਅਤੇ ਬਹੁ-ਗਿਣਤੀ ਵਿੱਚ ਸੈਨਿਕਾਂ ਨੂੰ ਮਾਰ ਦਿੱਤਾ।

ਆਧੁਨਿਕ ਹਰਿਆਣਾ ਰਾਜ ਦੇ ਰਿਵਾੜੀ, ਭਿਵਾਨੀ, ਬੱਲਭਗੜ੍ਹ, ਹਾਂਸੀ ਆਦਿ ਸਥਾਨਾਂ ਦੇ ਨੇਤਾਵਾਂ ਨੇ 1857 ਈ. ਦੇ ਵਿਦਰੋਹ ਵਿੱਚ ਅੰਗਰੇਜ਼ਾਂ ਦਾ ਟਾਕਰਾ ਕੀਤਾ।

| |
|---|
| 1857 ਈ. ਦਾ ਵਿਦਰੋਹ ਜਿਹੜੇ ਸਥਾਨਾਂ ਤੇ ਹੋਇਆ, ਉਹਨਾਂ ਦੀ ਸੂਚੀ ਤਿਆਰ ਕਰੋ। |

ਉਪਰੋਕਤ ਸਥਾਨਾਂ ਦੇ ਇਲਾਵਾ ਬਨਾਰਸ, ਇਲਾਹਾਬਾਦ, ਬਰੇਲੀ ਆਦਿ ਸਥਾਨਾਂ ਉੱਤੇ ਵੀ ਅੰਗਰੇਜ਼ਾਂ ਵਿਰੁੱਧ ਵਿਦਰੋਹ ਹੋਏ ਪਰੰਤੂ ਅੰਗਰੇਜ਼ਾਂ ਨੇ ਉਹਨਾਂ ਦਾ ਦਮਨ ਕਰ ਦਿੱਤਾ।

## 1857 ਈ. ਦੇ ਵਿਦਰੋਹ ਵਿੱਚ ਪੰਜਾਬੀਆਂ ਦਾ ਯੋਗਦਾਨ

1. **ਸੈਨਿਕਾਂ ਦੀ ਬਗਾਵਤ :** 1857 ਈ. ਦਾ ਵਿਦਰੋਹ 10 ਮਈ 1857 ਈ. ਨੂੰ ਮੇਰਠ ਤੋਂ ਸ਼ੁਰੂ ਹੋਇਆ। ਜਦੋਂ 12 ਮਈ 1857 ਈ. ਨੂੰ ਇਸ ਵਿਦਰੋਹ ਦੀ ਖ਼ਵਾਰ ਲਾਹੋਰ ਪੁੱਜੀ ਤਾਂ ਪੰਜਾਬ ਵਿੱਚ ਬਗਾਵਤ ਦੇ ਡਰ ਤੋਂ ਮੀਆਂ ਮੀਰ ਦੀ ਛਾਉਣੀ ਲਾਹੌਰ, ਪਿਸ਼ਾਵਰ, ਨਵਾਂ ਸ਼ਹਿਰ, ਰਾਵਲਪਿੰਡੀ, ਅੰਬਾਲਾ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਦੇ ਪੰਜਾਬੀਆਂ ਅਤੇ ਭਾਰਤੀ ਸੈਨਿਕਾਂ ਨੂੰ ਬੇਹਥਿਆਰ ਕਰ ਦਿੱਤਾ ਗਿਆ। ਫਿਰ ਵੀ ਜਲੰਧਰ, ਫਿਲੌਰ, ਸਿਆਲਕੋਟ ਅਤੇ ਜਿਹਲਮ ਵਿਖੇ ਵੀ ਸੈਨਿਕ ਬਗਾਵਤਾਂ ਹੋਈਆਂ।
2. **ਲੋਕਾਂ ਦੀ ਬਗਾਵਤ :** ਲੁਧਿਆਣਾ ਅਤੇ ਫਿਰੋਜ਼ਪੁਰ ਦੇ ਲੋਕਾਂ ਨੇ ਕਈ ਥਾਵਾਂ ਤੇ ਬਗਾਵਤਾਂ ਕੀਤੀਆਂ। ਸਰਸਾ, ਮਿੰਟਗੁਮਰੀ, ਮੁਲਤਾਨ, ਬਹਾਵਲਪੁਰ, ਫਾਜ਼ਿਲਕਾ ਆਦਿ ਦੇ ਮੁਸਲਮਾਨ ਲੋਕ ਵੀ ਅੰਗਰੇਜ਼ਾਂ ਦੇ ਖਿਲਾਫ਼ ਖੜੇ ਹੋਏ। ਦਿੱਲੀ, ਰੋਹੇਲਖੰਡ, ਰੋਹਤਕ ਅਤੇ ਰਿਵਾੜੀ ਨੇੜੇ ਵੀ ਕਈ ਸਥਾਨਾਂ ਤੇ ਪੰਜਾਬੀਆਂ ਨੇ ਬਗਾਵਤਾਂ ਕੀਤੀਆਂ। ਕਰਨਾਲ ਵਿਚਲੇ ਕਈ ਜਾਟ ਪਿੰਡਾਂ ਨੇ ਸਰਕਾਰ ਨੂੰ ਜ਼ਮੀਨ ਦਾ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ।
3. **ਸਰਦਾਰ ਅਹਿਮਦ ਖਾਂ ਖਰਲ ਦੀ ਬਗਾਵਤ :** ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇਣ ਕਰਕੇ ਖਰਲ ਕਬੀਲੇ ਦੇ ਸਰਦਾਰ ਅਹਿਮਦ ਖਾਂ ਖਰਲ ਨੇ ਬਗਾਵਤ ਕੀਤੀ। ਰਾਵੀ ਦਰਿਆ ਤੇ ਵਸਦੇ ਕਈ ਕਬੀਲਿਆਂ ਨੇ ਉਸ ਦਾ ਸਾਥ ਦਿੱਤਾ। ਉਸ ਨੇ ਇੱਕ ਅੰਗਰੇਜ਼ ਅਫ਼ਸਰ ਅਤੇ ਕਈ ਅੰਗਰੇਜ਼ ਫੌਜੀਆਂ ਦਾ ਕਤਲ ਕਰ ਦਿੱਤਾ। ਅੰਤ ਵਿੱਚ ਉਹ ਆਪਣੇ ਵੀਹ ਘੋੜਸਵਾਰਾਂ ਸਮੇਤ ਅੰਗਰੇਜ਼ਾਂ ਦਾ ਵਿਰੋਧ ਕਰਦਾ ਹੋਇਆ ਪਾਕਪਟਨ ਵਿਖੇ ਸ਼ਹੀਦ ਹੋ ਗਿਆ।

ਪੰਜਾਬ ਵਿੱਚ 1857 ਈ. ਦੀ ਬਗਾਵਤ ਇਸ ਕਰਕੇ ਨਾ-ਕਾਮਯਾਬ ਹੋ ਸਕੀ ਕਿਉਂਕਿ ਪੰਜਾਬੀ ਬਾਗੀਆਂ ਕੋਲ ਕੋਈ ਵੀ ਉੱਚ ਕੋਟੀ ਦਾ ਨੇਤਾ ਨਹੀਂ ਸੀ। ਪੰਜਾਬ ਦੇ ਰਾਜਿਆਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਨ ਦੀ ਥਾਂ ਸਗੋਂ ਉਹਨਾਂ ਦਾ ਸਾਥ ਦਿੱਤਾ। ਇਸ ਲਈ ਪੰਜਾਬੀਆਂ ਦਾ ਆਜ਼ਾਦੀ ਲਈ ਪਹਿਲਾ ਸੰਘਰਸ਼ ਸਫਲ ਨਾ ਹੋ ਸਕਿਆ।

## 1857 ਈ. ਦੇ ਵਿਦਰੋਹ ਵਿੱਚ ਅਸਫਲਤਾ ਦੇ ਕਾਰਨ

1. ਇਸ ਵਿਦਰੋਹ ਨੂੰ ਸ਼ੁਰੂ ਕਰਨ ਦੀ ਮਿਤੀ 31 ਮਈ 1857 ਈ. ਨਿਸ਼ਚਿਤ ਕੀਤੀ ਗਈ ਸੀ। ਪਰੰਤੂ ਇਹ 29 ਮਾਰਚ 1857 ਈ. ਨੂੰ ਹੀ ਸ਼ੁਰੂ ਹੋ ਗਿਆ ਸੀ ਜਦ ਕਿ ਵਿਦਰੋਹੀਆਂ ਦੀ ਪੂਰੀ ਤਿਆਰੀ ਨਹੀਂ ਹੋ ਸਕੀ ਸੀ।
2. ਵਿਦਰੋਹੀਆਂ ਵਿੱਚ ਏਕਤਾ ਦੀ ਕਮੀ ਸੀ।
3. ਅੰਗਰੇਜ਼ਾਂ ਨਾਲੋਂ ਵਿਦਰੋਹੀਆਂ ਕੋਲ ਸਾਧਨ ਬਹੁਤ ਘੱਟ ਸਨ।
4. ਇਹ ਵਿਦਰੋਹ ਸਾਰੇ ਭਾਰਤ ਵਿੱਚ ਨਾ ਫੈਲ ਸਕਿਆ।
5. ਕੁੱਝ ਦੇਸੀ ਰਿਆਸਤਾਂ – ਹੈਦਰਾਬਾਦ, ਗਵਾਲੀਅਰ, ਪਟਿਆਲਾ, ਨਾਭਾ, ਜੀਂਦ ਅਤੇ ਕਪੂਰਥਲਾ ਦੇ ਸ਼ਾਸਕਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ।
6. ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਤੇ ਅੰਗਰੇਜ਼ਾਂ ਦਾ ਅਧਿਕਾਰ ਸੀ।
7. ਅੰਗਰੇਜ਼ਾਂ ਨੇ ਆਪਣੀ ਸਾਰੀ ਸ਼ਕਤੀ ਨਾਲ ਇਸ ਵਿਦਰੋਹ ਦਾ ਖ਼ਤਮ ਕਰ ਦਿੱਤਾ।

8. ਅੰਗਰੇਜ਼ਾਂ ਦੀ ਗੁਪਤਚਰ ਪ੍ਰਣਾਲੀ ਬਹੁਤ ਵਧੀਆ ਸੀ।
9. ਵਿਦਰੋਹੀਆਂ ਪਾਸ ਚੰਗੇ ਸੈਨਾਪਤੀ ਨਹੀਂ ਸਨ।
10. ਵਿਦਰੋਹੀਆਂ ਵਿੱਚ ਸਾਂਝੇ ਉਦੇਸ਼ ਦੀ ਘਾਟ ਸੀ।

## 1857 ਈ. ਦੇ ਵਿਦਰੋਹ ਦੇ ਨਤੀਜੇ

**ਰਾਜਨੀਤਿਕ ਨਤੀਜੇ:** ਭਾਰਤ ਵਿਚੋਂ ਈਸਟ ਇੰਡਿਆ ਕੰਪਨੀ ਦਾ ਸ਼ਾਸਨ ਖ਼ਤਮ ਕਰਕੇ ਇੰਗਲੈਂਡ ਦੀ ਸਰਕਾਰ ਦਾ ਸਿੱਧਾ ਸ਼ਾਸਨ ਸਥਾਪਿਤ ਕੀਤਾ ਗਿਆ। ਭਾਰਤ ਦੇ ਗਵਰਨਰ-ਜਨਰਲ ਨੂੰ ਵਾਇਸਰਾਏ ਦੀ ਨਵੀਂ ਉਪਾਧੀ ਦਿੱਤੀ ਗਈ। ਭਾਰਤ ਵਿੱਚੋਂ ਮੁਗਲ ਵੰਸ਼ ਦੀ ਸਮਾਪਤੀ ਹੋ ਗਈ। ਭਾਰਤੀ ਰਾਜਿਆਂ ਨੂੰ ਪੁੱਤਰ ਗੋਦ ਲੈਣ ਦੀ ਆਗਿਆ ਦਿੱਤੀ ਗਈ। ਅੰਗਰਾਜ਼ਾ ਨੇ ਕਿਸੇ ਵੀ ਦੇਸੀ ਰਿਆਸਤ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰਨ ਦੀ ਨੀਤੀ ਦਾ ਤਿਆਗ ਕਰ ਦਿੱਤਾ।

**ਸਮਾਜਿਕ ਨਤੀਜੇ:** 1857 ਈ. ਦੇ ਵਿਦਰੋਹ ਦਾ ਇੱਕ ਮਹੱਤਵਪੂਰਨ ਨਤੀਜਾ ਇਹ ਸੀ ਕਿ 1 ਨਵੰਬਰ 1858 ਈ. ਨੂੰ ਇੰਗਲੈਂਡ ਦੀ ਰਾਣੀ ਵਿਕਟੋਰੀਆ ਨੇ ਇਹ ਐਲਾਨ ਕੀਤਾ ਕਿ ਭਾਰਤ ਵਿੱਚ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਅਪਣਾਈ ਜਾਵੇਗੀ। ਭਾਰਤੀਆਂ ਨੂੰ ਸਰਕਾਰੀ ਨੌਕਰੀ ਯੋਗਤਾ ਦੇ ਅਧਾਰ ਤੇ ਦਿੱਤੀ ਜਾਵੇਗੀ। ਭਾਰਤੀਆਂ ਨੂੰ ਵੀ ਉੱਚ ਅਹੁਦੇ ਦਿੱਤੇ ਜਾਣਗੇ। 1857 ਈ. ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਨੇ "ਫੁੱਟ ਪਾਉ, ਰਾਜ ਕਰੋ" ਦੀ ਨੀਤੀ ਅਪਣਾਈ। ਇਸ ਨੀਤੀ ਅਨੁਸਾਰ ਅੰਗਰੇਜ਼ਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਸ ਵਿੱਚ ਲੜਾਉਣਾ ਸ਼ੁਰੂ ਕਰ ਦਿੱਤਾ ਤਾਂ ਕਿ ਉਹ ਭਾਰਤ ਉੱਤੇ ਆਪਣਾ ਰਾਜ ਸਥਾਪਤ ਕਰ ਸਕਣ।

**ਸੈਨਿਕ ਨਤੀਜੇ:** 1857 ਈ. ਦੇ ਵਿਦਰੋਹ ਪਿੱਛੋਂ ਸੈਨਾ ਵਿੱਚ ਭਾਰਤੀ ਸੈਨਿਕਾਂ ਦੀ ਗਿਣਤੀ ਘਟਾ ਕੇ ਯੂਰਪੀਅਨ ਸੈਨਿਕਾਂ ਦੀ ਗਿਣਤੀ ਵਧਾ ਦਿੱਤੀ ਤਾਂ ਜੋ ਸੈਨਿਕਾਂ ਵਿੱਚ ਵਿਦਰੋਹ ਦੇ ਖਤਰੇ ਨੂੰ ਟਾਲਿਆ ਜਾ ਸਕੇ। ਤੋਪਖਾਨੇ ਵਿੱਚ ਕੇਵਲ ਯੂਰਪੀਅਨ ਸੈਨਿਕਾਂ ਨੂੰ ਹੀ ਨਿਯੁਕਤ ਕੀਤਾ ਗਿਆ। ਧਰਮ ਅਤੇ ਜਾਤੀ ਦੇ ਆਧਾਰ ਤੇ ਸੈਨਿਕਾਂ ਦੀਆਂ ਵੱਖ-ਵੱਖ ਟੁਕੜੀਆਂ ਬਣਾਈਆਂ ਗਈਆਂ ਤਾਂ ਜੋ ਉਹ ਇਕੱਠੇ ਹੋ ਕੇ ਅੰਗਰੇਜ਼ੀ ਸਰਕਾਰ ਖਿਲਾਫ਼ ਵਿਦਰੋਹ ਨਾ ਕਰ ਸਕਣ।

**ਆਰਥਿਕ ਨਤੀਜੇ:** 1857 ਈ. ਦੇ ਵਿਦਰੋਹ ਪਿੱਛੋਂ ਭਾਰਤ ਦਾ ਸ਼ਾਸਨ ਪ੍ਰਬੰਧ ਇੰਗਲੈਂਡ ਦੀ ਸਰਕਾਰ ਨੂੰ ਸੌਂਪਿਆ ਗਿਆ। ਸਰਕਾਰ ਨੇ ਭਾਰਤੀਆਂ ਉੱਤੇ ਕਈ ਤਰ੍ਹਾਂ ਦੀਆਂ ਵਪਾਰਕ ਬੰਦਸ਼ਾਂ ਲਗਾ ਦਿੱਤੀਆਂ। ਸਿੱਟੇ ਵਜੋਂ ਭਾਰਤੀ ਵਪਾਰ ਨੂੰ ਕਾਫ਼ੀ ਨੁਕਸਾਨ ਹੋਇਆ।

**ਭਾਰਤੀ ਸੈਨਾ ਦਾ ਪੁਰਨਗਠਨ:** ਭਾਰਤੀ ਸੈਨਾ ਦਾ ਪੁਨਰਗਠਨ ਕੀਤਾ ਗਿਆ। ਭਾਰਤੀ ਸੈਨਾ ਨੂੰ ਘੱਟ ਮਹੱਤਵਪੂਰਨ ਜਿੰਮੇਵਾਰੀਆਂ ਦਿੱਤੀਆਂ ਗਈਆਂ। ਯੂਰਪੀਅਨ ਫੌਜ਼ੀਆਂ ਦੀ ਗਿਣਤੀ ਵਧਾ ਦਿੱਤੀ ਗਈ। ਉਹਨਾਂ ਨੂੰ ਉੱਚੇ ਅਹੁਦਿਆਂ ਤੇ ਮਹੱਤਵਪੂਰਨ ਸਥਾਨਾਂ ਤੇ ਨਿਯੁਕਤ ਕੀਤਾ ਗਿਆ। ਕੁੱਝ ਇਸ ਤਰ੍ਹਾਂ ਦੀ ਵਿਵਸਥਾ ਵੀ ਕੀਤੀ ਗਈ ਕਿ ਯੂਰਪੀ ਫੌਜ਼ ਹਰ ਪੱਧਰ ਤੇ ਭਾਰਤੀ ਸੈਨਿਕਾਂ ਅਤੇ ਅਫ਼ਸਰਾਂ ਦੀ ਨਿਗਰਾਨੀ ਕਰ ਸਕੇ। ਯੂਰਪੀ ਫੌਜ਼ ਦਾ ਖਰਚਾ ਵੀ ਭਾਰਤੀ ਜਨਤਾ ਤੇ ਹੀ ਪਾ ਦਿੱਤਾ ਗਿਆ।

**ਪ੍ਰਦੇਸ਼ਿਕ ਫੌਕਸ : ਅਵਧ :-** ਅਵਧ ਰਿਆਸਤ ਬੜੀ ਅਮੀਰ ਸੀ। ਅੰਗਰੇਜ਼ਾਂ ਨੇ ਇਸ ਤੇ ਕਬਜ਼ਾ ਕਰਨ ਲਈ ਅਣਉਚਿੱਤ ਢੰਗ ਅਪਣਾਏ। ਅਵਧ ਦਾ ਨਵਾਬ ਵਾਜੀਦ ਅਲੀ ਸ਼ਾਹ ਹਮੇਸ਼ਾਂ ਅੰਗਰੇਜ਼ਾਂ ਦਾ ਵਫਾਦਾਰ ਰਿਹਾ ਸੀ। ਪਰੰਤੂ ਫਿਰ ਵੀ ਅੰਗਰੇਜ਼ਾਂ ਨੇ ਉਸ ਦੇ ਰਾਜ ਵਿੱਚ ਦਖਲ-ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਸੀ ਜਿਵੇਂ ਕਿ ਅੰਗਰੇਜ਼ਾਂ ਨੇ ਨਵਾਬ ਨੂੰ ਆਪਣੇ ਰਾਜ ਵਿੱਚ ਅੰਗਰੇਜ਼ੀ ਸੈਨਾ ਰੱਖਣ ਲਈ ਮਜਬੂਰ ਕੀਤਾ। ਕੁੱਝ ਸਮੇਂ ਪਿੱਛੋਂ ਸਾਰੀ ਦੇਸੀ ਸੈਨਾ ਨੂੰ ਹਟਾ ਕੇ ਅੰਗਰੇਜ਼ੀ ਸੈਨਾ ਰੱਖੀ ਗਈ। ਇਸ ਕਾਰਨ ਨਵਾਬ ਉੱਤੇ ਖਰਚੇ ਦਾ ਬਹੁਤ ਸਾਰਾ ਬੋਝ ਪੈ ਗਿਆ। ਸੈਨਾ ਵਿੱਚੋਂ ਬਰਖਾਸਤ ਕੀਤੇ ਗਏ ਭਾਰਤੀ ਸੈਨਿਕ ਬੇਕਾਰ ਹੋ ਗਏ। 1856 ਈ. ਵਿੱਚ ਅੰਗਰੇਜ਼ਾਂ ਨੇ ਅਵਧ ਦੇ ਨਵਾਬ ਵਾਜੀਦ ਅਲੀ ਸ਼ਾਹ ਤੇ ਭੈੜੇ ਸ਼ਾਸਨ ਦਾ ਦੋਸ਼ ਲਗਾ ਕੇ ਉਸ ਦੀ ਰਿਆਸਤ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰ ਲਿਆ। ਸਿੱਟੇ ਵਜੋਂ ਵੱਡੀ ਸੰਖਿਆ ਵਿੱਚ ਅਵਧ ਰਿਆਸਤ ਦੇ ਸੈਨਿਕਾਂ, ਕਿਸਾਨਾਂ ਅਤੇ ਤਾਲੁੱਕਦਾਰਾਂ ਨੇ 1857

ਈ. ਦੇ ਵਿਦਰੋਹ ਵਿੱਚ ਭਾਗ ਲਿਆ।

## ਯਾਦ ਰੱਖਣ ਯੋਗ ਨੁਕਤੇ

1. 1857 ਈ. ਦੇ ਵਿਦਰੋਹ ਨੂੰ 'ਸੈਨਿਕ ਵਿਦਰੋਹ' ਅਤੇ ਭਾਰਤੀ ਸੁਤੰਤਰਤਾ ਦਾ ਸੰਗਰਾਮ ਦਾ ਨਾਂ ਦਿੱਤਾ ਗਿਆ।
2. ਇਸ ਵਿਦਰੋਹ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ, ਸੈਨਿਕ ਅਤੇ ਤਤਕਾਲੀ ਕਾਰਨ ਸਨ।
3. ਮੰਗਲ ਪਾਂਡੇ 1857 ਈ. ਦੇ ਵਿਦਰੋਹ ਦਾ ਪਹਿਲਾ ਸ਼ਹੀਦ ਸੀ।
4. 1857 ਈ. ਦਾ ਵਿਦਰੋਹ ਦੇਸ਼ ਦੇ ਵੱਖ-ਵੱਖ ਥਾਵਾਂ ਤੇ ਫੈਲ ਗਿਆ।
5. ਅੰਗਰੇਜ਼ਾਂ ਨੇ ਭਾਰਤੀ ਰਾਜਿਆਂ ਦੀ ਮਦਦ ਨਾਲ ਅਤੇ ਆਪਣੀ ਸ਼ਕਤੀ ਨਾਲ ਇਸ ਵਿਦਰੋਹ ਨੂੰ ਦਬਾ ਦਿੱਤਾ।
6. ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਹੋ ਗਿਆ ਅਤੇ ਇੰਗਲੈਂਡ ਦੀ ਸਰਕਾਰ ਦਾ ਸਿੱਧਾ ਸ਼ਾਸਨ ਹੋ ਗਿਆ।
7. ਗਵਰਨਰ ਜਨਰਲ ਨੂੰ ਵਾਇਸਰਾਇ ਦੀ ਉਪਾਧੀ ਦਿੱਤੀ ਗਈ।
8. ਅੰਗਰੇਜ਼ ਸਰਕਾਰ ਨੇ ਭਾਰਤੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਾ ਕਰਨ ਦਾ ਵਿਸ਼ਵਾਸ ਦਿੱਤਾ।
9. ਭਾਰਤੀਆਂ ਤੇ ਵਪਾਰਕ ਬੰਦਸ਼ਾਂ ਲੱਗ ਗਈਆਂ।
10. ਹੁਣ ਅੰਗਰੇਜ਼ਾਂ ਨੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ।
11. ਭਾਵੇਂ ਇਹ ਵਿਦਰੋਹ ਸਫਲ ਨਾ ਹੋਇਆ ਪਰ ਦੇਸ਼ ਦੀ ਆਜ਼ਾਦੀ ਲਈ ਸਹਾਇਕ ਸਿੱਧ ਹੋਇਆ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—**

1. 1857 ਈ. ਦੇ ਵਿਦਰੋਹ ਦੇ ਕਿਹੜੇ ਦੋ ਰਾਜਨੀਤਿਕ ਕਾਰਨ ਸਨ?
2. ਬਹਾਦਰ ਸ਼ਾਹ ਜ਼ਫ਼ਰ ਨੂੰ ਕੀ ਸਜ਼ਾ ਦਿੱਤੀ ਗਈ?
3. 1857 ਈ. ਦੇ ਵਿਦਰੋਹ ਦੀ ਅਸਫਲਤਾ ਦੇ ਕਾਰਣ ਦੱਸੋ।

**2. ਹੇਠ ਲਿਖੇ ਖਾਲੀ ਸਥਾਨ ਭਰੋ—**

1. ਕਾਰਤੂਸਾਂ ਤੇ ਗਊ ਅਤੇ ............... ਦੇ ਮਾਸ ਦੀ ਚਰਬੀ ਲੱਗੀ ਹੁੰਦੀ ਸੀ।
2. ਲਾਰਡ ............... ਦੀ ਲੈਪਸ ਦੀ ਨੀਤੀ ਅਨੁਸਾਰ ਬਹੁਤ ਸਾਰੇ ਭਾਰਤੀ ਰਾਜ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਲ ਕਰ ਲਏ ਗਏ।
3. ਸਭ ਤੋਂ ਪਹਿਲਾਂ 1857 ਈ. ਦਾ ਵਿਦਰੋਹ ............... ਤੋਂ ਸ਼ੁਰੂ ਹੋਇਆ।

4. ਨਾਨਾ ਸਾਹਿਬ ਦਾ ਪ੍ਰਸਿੱਧ ਜਰਨੈਲ .............. ਸੀ।

5. ਭਾਰਤੀ ਸੈਨਿਕਾਂ ਨੇ ਮੁਗਲ ਬਾਦਸ਼ਾਹ .............. ਨੂੰ ਆਪਣਾ ਬਾਦਸ਼ਾਹ ਐਲਾਨ ਕਰ ਦਿੱਤਾ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ :**


1. ਭਾਰਤੀਆਂ ਨੂੰ ਉੱਚੇ ਅਹੁਦਿਆਂ ਤੇ ਲਗਾਇਆ ਜਾਂਦਾ ਸੀ। ☐
2. ਭਾਰਤੀਆਂ ਨਾਲ ਵਧੀਆ ਸਲੂਕ ਕੀਤਾ ਜਾਂਦਾ ਸੀ। ☐
3. ਅੰਗਰੇਜ਼ਾਂ ਨੇ ਬਹੁਤ ਸਾਰੇ ਸਮਾਜਿਕ ਸੁਧਾਰ ਕੀਤੇ। ☐
4. ਭਾਰਤੀ ਉਦਯੋਗ ਤੇ ਵਪਾਰ ਹੌਲੀ-ਹੌਲੀ ਨਸ਼ਟ ਹੋਣਾ ਸ਼ੁਰੂ ਹੋ ਗਿਆ। ☐
5. ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ। ☐

## ਕੁਝ ਕਰਨ ਲਈ

1. ਝਾਂਸੀ ਦੀ ਰਾਣੀ ਲਕਸ਼ਮੀ ਬਾਈ ਬਾਰੇ ਹੋਰ ਜਾਣਕਾਰੀ ਇਕੱਠੀ ਕਰੋ ।
2. ਆਜ਼ਾਦੀ ਦੇ ਸੰਘਰਸ਼ ਵਿੱਚ ਭਾਗ ਲੈਣ ਵਾਲੇ ਪ੍ਰਮੁੱਖ ਨੇਤਾਵਾਂ ਦੇ ਚਿੱਤਰ ਇੱਕਠੇ ਕਰਕੇ ਨੋਟ ਬੁੱਕ ਵਿੱਚ ਲਗਾਏ ਜਾਣ।

## ਅਭਿਆਸ ਲਈ

1857 ਈ. ਭਾਰਤੀ ਵਿਦਰੋਹ





# ਪਾਠ 14 ਸਿੱਖਿਆ ਅਤੇ ਅੰਗਰੇਜ਼ੀ ਰਾਜ

ਪ੍ਰਾਚੀਨ ਕਾਲ ਵਿੱਚ ਸਿੱਖਿਆ ਦਾ ਬਹੁਤ ਚੰਗਾ ਪ੍ਰਬੰਧ ਸੀ। ਇਸਤਰੀਆਂ ਅਤੇ ਪੁਰਸ਼ ਦੋਵੇਂ ਹੀ ਸਿੱਖਿਆ ਪ੍ਰਾਪਤ ਕਰਦੇ ਸਨ।

## (ੳ) ਆਧੁਨਿਕ ਸਿੱਖਿਆ ਦਾ ਇਤਿਹਾਸ

ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਤੋਂ ਪਹਿਲਾਂ ਇੱਥੇ ਆਸ਼ਰਮਾਂ, ਪਾਠਸ਼ਾਲਾਵਾਂ, ਮਦਰੱਸਿਆਂ, ਮੰਦਰਾਂ ਅਤੇ ਮਸਜਿਦਾਂ ਵਿੱਚ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਸੀ। ਮਸਜਿਦਾਂ ਦੇ ਸਕੂਲਾਂ ਨੂੰ ਮਕਤਬ ਕਿਹਾ ਜਾਂਦਾ ਸੀ, ਜਿੱਥੇ ਕੁਰਾਨ ਸ਼ਰੀਫ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕੀਤਾ ਜਾਂਦਾ ਸੀ। ਮੰਦਰਾਂ ਅਤੇ ਗੁਰਦਵਾਰਿਆਂ ਦੇ ਸਕੂਲਾਂ ਨੂੰ 'ਪਾਠਸ਼ਾਲਾ' ਕਿਹਾ ਜਾਂਦਾ ਸੀ। ਇਹਨਾਂ ਸਕੂਲਾਂ ਵਿੱਚ ਆਪਣੇ-ਆਪਣੇ ਧਰਮ ਦੀਆਂ ਪੁਸਤਕਾਂ ਆਪਣੀ-ਆਪਣੀ ਭਾਸ਼ਾ ਵਿੱਚ ਪੜ੍ਹਾਈਆਂ ਜਾਂਦੀਆਂ ਸਨ ਉਦਾਹਰਨ ਦੇ ਤੌਰ ਤੇ ਮਕਤਬ ਵਿੱਚ ਉਰਦੂ, ਫ਼ਾਰਸੀ ਅਤੇ ਅਰਬੀ ਭਾਸ਼ਾ ਵਿੱਚ, ਗੁਰਦੁਆਰੇ ਵਿੱਚ ਗੁਰਮੁੱਖੀ ਅੱਖਰਾਂ ਵਿੱਚ ਪੰਜਾਬੀ ਭਾਸ਼ਾ ਅਤੇ ਮੰਦਰ ਦੀ ਪਾਠਸ਼ਾਲਾ ਵਿੱਚ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਵਿੱਚ ਸਿੱਖਿਆ ਦਿੱਤੀ ਜਾਂਦੀ ਸੀ। ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਵੀ ਧਾਰਮਿਕ ਆਗੂ ਹੁੰਦੇ ਸਨ ਜਿਵੇਂ ਕਿ ਮੌਲਵੀ, ਭਾਈ ਅਤੇ ਪੰਡਤ ਆਦਿ। ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵੱਡੇ ਸਕੂਲ ਹੁੰਦੇ ਸਨ ਜਿੱਥੇ ਸਾਰੇ ਧਰਮਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ। ਹਿੰਦੀ ਅਤੇ ਸੰਸਕ੍ਰਿਤ ਦੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਬਨਾਰਸ ਵਰਗੇ ਵੱਡੇ ਸ਼ਹਿਰਾਂ ਵਿੱਚ ਸਕੂਲ ਅਤੇ ਕਾਲਜ ਖੋਲ੍ਹੇ ਗਏ ਸਨ। ਵਪਾਰ ਅਤੇ ਦਸਤਕਾਰੀ ਦੀ ਸਿਖਲਾਈ ਲਈ ਵੀ ਸਕੂਲ ਖੋਲ੍ਹੇ ਗਏ ਸਨ ਜਿਨ੍ਹਾਂ ਨੂੰ "ਮਹਾਜਨੀ ਸਕੂਲ" ਕਿਹਾ ਜਾਂਦਾ ਸੀ।

**ਮਦਰਸਾ :** ਸਿੱਖਿਆ ਪ੍ਰਾਪਤ ਕਰਨ ਦੇ ਸਥਾਨ ਨੂੰ ਅਰਬੀ ਭਾਸ਼ਾ ਵਿਚ 'ਮਦਰਸਾ' ਕਿਹਾ ਜਾਂਦਾ ਹੈ।

ਅੰਗਰੇਜ਼ਾਂ ਨੇ ਭਾਰਤ ਵਿਚ ਨਵੀਂ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਜਿਸ ਦਾ ਮੰਤਵ ਵਿਦਿਆਰਥੀ ਵਿਚ ਖੁਦ ਸੋਚਣ ਦੀ ਆਦਤ ਪੈਦਾ ਕਰਨਾ ਸੀ। ਇਸ ਪ੍ਰਣਾਲੀ ਅਧੀਨ ਭਾਰਤੀ ਭਾਸ਼ਾਵਾਂ ਦੀ ਥਾਂ ਅੰਗਰੇਜ਼ੀ ਭਾਸ਼ਾ ਅਤੇ ਪੱਛਮੀ ਭਾਸ਼ਾ ਅਤੇ ਪੱਛਮੀ ਸਾਹਿਤ ਦਾ ਵਿਕਾਸ ਕਰਨ ਲਈ ਨਵੇਂ ਸਕੂਲ, ਕਾਲਜ ਅਤੇ ਵਿਸ਼ਵ ਵਿਦਿਆਲੇ ਖੋਲ੍ਹੇ ਗਏ। ਨਿਸ਼ਚਿਤ ਪਾਠਕ੍ਰਮ ਤਿਆਰ ਕੀਤਾ ਗਿਆ। ਇਸ ਤੋਂ ਪਿੱਛੋਂ ਤਕਨੀਕੀ ਸਿਖਲਾਈ ਦੇਣ ਵੱਲ ਧਿਆਨ ਦਿੱਤਾ ਗਿਆ।

## (ਅ) ਆਧੁਨਿਕ ਸਿੱਖਿਆ ਸ਼ੁਰੂ ਕਰਨ ਦੇ ਉਦੇਸ਼

ਅੰਗਰੇਜ਼ਾਂ ਨੂੰ ਭਾਰਤ ਵਿੱਚ ਆਪਣਾ ਸ਼ਾਸਨ ਪ੍ਰਬੰਧ ਚਲਾਉਣ ਲਈ ਪੜ੍ਹੇ-ਲਿਖੇ ਲੋਕਾਂ ਦੀ ਜ਼ਰੂਰਤ ਸੀ। ਉਹਨਾਂ ਨੂੰ ਭਾਰਤੀ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਅਜਿਹੇ ਲੋਕਾਂ ਦੀ ਜ਼ਰੂਰਤ ਸੀ ਜਿਹੜੇ ਅੰਗਰੇਜ਼ੀ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ। ਅੰਗਰੇਜ਼ਾਂ ਦਾ ਵਿਚਾਰ ਸੀ ਕਿ ਅੰਗਰੇਜ਼ੀ ਭਾਸ਼ਾ ਸਿੱਖੇ ਭਾਰਤੀ ਲੋਕਾਂ ਨੂੰ ਆਸਾਨੀ ਨਾਲ ਈਸਾਈ ਧਰਮ ਅਪਣਾਉਣ ਲਈ ਰਜ਼ਾਮੰਦ ਕੀਤਾ ਜਾ ਸਕਦਾ ਸੀ।

## (ੲ) ਆਧੁਨਿਕ ਸਿੱਖਿਆ ਦਾ ਵਿਕਾਸ

ਭਾਰਤ ਵਿੱਚ ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਆਧੁਨਿਕ ਸਿੱਖਿਆ ਪ੍ਰਣਾਲੀ ਸਥਾਪਤ ਹੋਈ ਸੀ। 1641 ਈ. ਵਿੱਚ ਈਸਟ ਇੰਡੀਆ ਕੰਪਨੀ ਨੇ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਭਾਰਤੀ ਲੋਕਾਂ ਨੂੰ ਸਿੱਖਿਆ ਦੇਣੀ ਸ਼ੁਰੂ ਕੀਤੀ। 1715 ਈ. ਵਿੱਚ ਕੰਪਨੀ ਨੇ ਮਦਰਾਸ ਵਿੱਚ ਸੇਂਟ ਮੇਰੀ ਚੈਰਿਟੀ ਸਕੂਲ ਖੋਲ੍ਹਿਆ। ਇੱਥੇ ਹੀ ਵਾਰਨ ਹੇਸਟਿੰਗਜ਼, ਜੋਨਾਥਨ ਡੰਕਨ ਨੇ ਇੱਕ ਸੰਸਕ੍ਰਿਤ ਕਾਲਜ ਖੋਲ੍ਹਿਆ।

1. **1813 ਈ. ਤੋਂ 1854 ਈ. ਤੱਕ ਸਿੱਖਿਆ ਦਾ ਵਿਕਾਸ :** ਸਰਕਾਰ ਨੇ 1813 ਈ. ਦੇ ਚਾਰਟਰ ਐਕਟ ਅਨੁਸਾਰ ਭਾਰਤ ਵਿੱਚ ਸਿੱਖਿਆ ਦਾ ਵਿਕਾਸ ਕਰਨ ਲਈ ਹਰੇਕ ਸਾਲ ਇੱਕ ਲੱਖ ਰੁਪਏ ਖਰਚ ਕਰਨ ਦੀ ਯੋਜਨਾ ਬਣਾਈ। ਪਰੰਤੂ ਸਰਕਾਰ ਦੀ ਸਿੱਖਿਆ ਬਾਰੇ ਕੋਈ ਨਿਸ਼ਚਿਤ ਨੀਤੀ ਨਾ ਹੋਣ ਕਰਕੇ ਇਸ ਧਨ ਨੂੰ ਖਰਚ ਨਾ ਕੀਤਾ ਜਾ ਸਕਿਆ। 1823 ਈ. ਵਿੱਚ ਸਿੱਖਿਆ ਨੀਤੀ ਉੱਤੇ ਵਿਚਾਰ ਕਰਨ ਲਈ ਕਮੇਟੀ ਬਣਾਈ ਗਈ। ਪਰੰਤੂ ਇਸ ਦੇ ਮੈਂਬਰਾਂ ਵਿਚਕਾਰ ਮਤਭੇਦ ਪੈਦਾ ਹੋ ਗਿਆ। ਕੁੱਝ ਮੈਂਬਰ ਇਸ ਧਨ ਨੂੰ ਪੱਛਮੀ ਸਿੱਖਿਆ ਅੰਗਰੇਜ਼ੀ ਮਾਧਿਅਮ ਵਿੱਚ ਦੇਣ ਤੇ ਖਰਚ ਕਰਨ ਦੇ ਪੱਖ ਵਿੱਚ ਸਨ, ਜਦ ਕਿ ਦੂਜੇ ਮੈਂਬਰ ਚਾਹੁੰਦੇ ਸਨ ਕਿ ਸਿੱਖਿਆ ਦਾ ਮਾਧਿਅਮ ਪ੍ਰਦੇਸ਼ਿਕ ਭਾਸ਼ਾਵਾਂ-ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਹੋਣੀਆਂ ਚਾਹੀਦੀਆਂ ਹਨ। ਲਾਰਡ ਮੈਕਾਲੇ 1835 ਈ. ਵਿੱਚ ਸਿੱਖਿਆ ਕਮੇਟੀ ਦਾ ਪ੍ਰਧਾਨ ਬਣਿਆ। ਉਸ ਨੇ ਪੱਛਮੀ ਸਿੱਖਿਆ ਦੇ ਪੱਖ ਵਿੱਚ ਆਪਣਾ ਫੈਸਲਾ ਦਿੱਤਾ। ਰਾਜਾ ਰਾਮ ਮੋਹਨ ਰਾਏ ਨੇ ਵੀ ਪੱਛਮੀ ਸਿੱਖਿਆ ਪੱਧਤੀ ਨੂੰ ਅਪਨਾਉਣ ਤੇ ਜ਼ੋਰ ਦਿੱਤਾ।

1854 ਈ. ਵਿੱਚ ਬੋਰਡ ਆਫ਼ ਕੰਟਰੋਲ ਦੇ ਪ੍ਰਧਾਨ ਚਾਰਲਸ ਵੁੱਡ ਨੇ ਸਿੱਖਿਆ ਦੇ ਵਿਕਾਸ ਲਈ ਕੁਝ ਮਹੱਤਵਪੂਰਨ ਸਿਫ਼ਾਰਸ਼ਾਂ ਕੀਤੀਆਂ ਜਿਨ੍ਹਾਂ ਨੂੰ 'ਵੁੱਡ ਡਿਸਪੈਚ (WOOD'S DISPATCH)' ਕਿਹਾ ਜਾਂਦਾ ਹੈ ।

2. **1882 ਈ. ਵਿੱਚ ਹੰਟਰ ਕਮਿਸ਼ਨ ਦੀ ਸਥਾਪਨਾ :** 1882 ਈ. ਵਿੱਚ ਸਰਕਾਰ ਨੇ ਸਿੱਖਿਆ ਦਾ ਵਿਕਾਸ ਕਰਨ ਲਈ ਹੰਟਰ ਕਮਿਸ਼ਨ ਨਿਯੁਕਤ ਕੀਤਾ। ਇਸ ਕਮਿਸ਼ਨ ਨੇ ਸਰਕਾਰ ਨੂੰ ਹੇਠ ਲਿਖੀਆਂ ਸਿਫ਼ਾਰਸ਼ਾਂ ਕੀਤੀਆਂ—

   (1) ਪ੍ਰਾਈਵੇਟ ਸਕੂਲਾਂ ਨੂੰ ਬਹੁਤ ਸਾਰੀਆਂ ਗਰਾਂਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

   (2) ਸੈਕੰਡਰੀ ਸਕੂਲਾਂ ਵਿੱਚ ਸੁਧਾਰ ਕੀਤੇ ਜਾਣ।

   (3) ਇਸਤਰੀਆਂ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

   (4) ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ।

   ਸਰਕਾਰ ਨੇ ਹੰਟਰ ਕਮਿਸ਼ਨ ਦੀਆਂ ਸਾਰੀਆਂ ਸਿਫ਼ਾਰਸ਼ਾਂ ਨੂੰ ਮੰਨ ਲਿਆ ਸੀ, ਜੋ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਮੁੱਖ ਆਧਾਰ ਬਣੀਆਂ।

3. **ਭਾਰਤੀ ਯੂਨੀਵਰਸਿਟੀ ਕਾਨੂੰਨ 1904 ਈ. :** 1904 ਈ. ਵਿੱਚ ਲਾਰਡ ਕਰਜ਼ਨ ਨੇ ਭਾਰਤੀ ਯੂਨੀਵਰਸਿਟੀ ਐਕਟ ਪਾਸ ਕੀਤਾ। ਇਸ ਐਕਟ ਅਨੁਸਾਰ ਯੂਨੀਵਰਸਿਟੀਆਂ ਉੱਤੇ ਸਰਕਾਰ ਦੀ ਦਖਲ-ਅੰਦਾਜ਼ੀ ਕਾਫ਼ੀ ਵੱਧ ਗਈ ਸੀ। ਰਾਸ਼ਟਰਵਾਦੀਆਂ ਨੇ ਇਸ ਐਕਟ ਦਾ ਵਿਰੋਧ ਕੀਤਾ।

4. **ਸੈਡਲਰ ਕਮੇਟੀ 1917 ਈ. :** ਸਿੱਖਿਆ ਦਾ ਵਿਕਾਸ ਕਰਨ ਲਈ ਸਰਕਾਰ ਨੇ 1917 ਈ. ਵਿੱਚ ਸੈਡਲਰ ਕਮੇਟੀ ਨਿਯੁੱਕਤ ਕੀਤੀ ਜਿਸ ਨੇ ਸਿਫ਼ਾਰਸ਼ਾਂ ਪੇਸ਼ ਕੀਤੀਆਂ। (1) ਸਕੂਲ ਪੱਧਰ ਤੇ ਸਿੱਖਿਆ ਦਾ ਮਾਧਿਅਮ ਪਹਿਲਾਂ ਭਾਰਤੀ ਭਾਸ਼ਾ ਅਤੇ ਬਾਅਦ ਵਿੱਚ ਅੰਗਰੇਜ਼ੀ ਭਾਸ਼ਾ ਹੋਵੇ। (2) ਇਮਤਿਹਾਨ ਦੇ ਢੰਗ ਵਿੱਚ ਸੁਧਾਰ ਕੀਤੇ ਜਾਣ। (3) ਤਕਨੀਕੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। (4) ਯੂਨੀਵਰਸਿਟੀਆਂ ਤੇ ਸਰਕਾਰੀ ਨਿਯੰਤਰਣ ਘਟਾਇਆ ਜਾਵੇ। (5) ਹਰੇਕ ਯੂਨੀਵਰਸਿਟੀ ਵਿੱਚ ਵਾਇਸ ਚਾਂਸਲਰ ਨਿਯੁੱਕਤ ਕੀਤਾ ਜਾਵੇ।

5. **ਹਰਟੋਗ ਕਮੇਟੀ 1928 ਈ. :** 1928 ਈ. ਵਿੱਚ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਹਰਟੋਗ ਕਮੇਟੀ ਦੀ ਸਥਾਪਨਾ ਕੀਤੀ ਜਿਸਨੇ ਸਿਫ਼ਾਰਸ਼ਾਂ ਪੇਸ਼ ਕੀਤੀਆਂ। (1) ਕਿ ਪ੍ਰਾਇਮਰੀ ਸਿੱਖਿਆ ਲਾਜ਼ਮੀ ਕਰ ਦਿੱਤੀ ਜਾਵੇ। (2) ਅਧਿਆਪਕਾਂ ਨੂੰ ਵੱਧ ਤਨਖਾਹ ਦਿੱਤੀ ਜਾਵੇ। (3) ਸਿੱਖਿਆ ਤੇ ਫਜ਼ੂਲ ਖਰਚਾ ਨਾ ਕੀਤਾ ਜਾਵੇ।


6. **ਬੇਸਿਕ ਸਿੱਖਿਆ 1937 ਈ. :** 1937 ਈ. ਵਿੱਚ ਮਹਾਤਮਾ ਗਾਂਧੀ ਜੀ ਨੇ ਬੇਸਿਕ ਸਿੱਖਿਆ ਪ੍ਰਣਾਲੀ ਲਾਗੂ ਕਰਨ ਦਾ ਸੁਝਾਅ ਪੇਸ਼ ਕੀਤਾ। ਉਹਨਾਂ ਦੇ ਸੁਝਾਅ ਅਨੁਸਾਰ 14 ਸਾਲ ਦੇ ਬੱਚਿਆਂ ਤੱਕ ਸਿੱਖਿਆ ਮੁਫ਼ਤ ਅਤੇ ਲਾਜ਼ਮੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਦਸਤਕਾਰੀ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

7. **ਸਾਰਜੈਂਟ ਸਕੀਮ 1943 ਈ. :** ਸਾਰਜੈਂਟ ਨੇ ਸਿੱਖਿਆ ਦੇ ਵਿਕਾਸ ਲਈ ਸਰਕਾਰ ਨੂੰ 1943 ਈ. ਵਿੱਚ ਕੁੱਝ ਸਿਫਾਰਸ਼ਾਂ ਕੀਤੀਆਂ। (1) ਕਿ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਦੇਣ ਤੋਂ ਪਹਿਲਾਂ ਨਰਸਰੀ ਸਕੂਲਾਂ ਵਿੱਚ ਸਿੱਖਿਆ ਦਿੱਤੀ ਜਾਵੇ। (2) 6 ਸਾਲ ਤੋਂ 15 ਸਾਲ ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦਿੱਤੀ ਜਾਵੇ। (3) ਬਾਲਗ-ਸਿੱਖਿਆ ਦਿੱਤੀ ਜਾਵੇ। (4) ਕਾਲਜਾਂ ਵਿੱਚ ਸੀਮਿਤ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

## ਸਿੱਖਿਆ ਅਤੇ ਭਾਰਤੀ ਸੁਧਾਰਕ

ਭਾਰਤ ਵਿੱਚ ਅੰਗਰੇਜ਼ਾਂ ਦੀ ਪੱਛਮੀ ਸਿੱਖਿਆ ਪ੍ਰਣਾਲੀ ਦੀਆਂ ਨੀਤੀਆਂ ਬਾਰੇ ਹੋ ਰਹੀ ਬਹਿਸ ਵਿੱਚ ਬਹੁਤ ਸਾਰੇ ਭਾਰਤੀ ਵਿਦਵਾਨਾਂ ਨੇ ਹਿੱਸਾ ਲਿਆ। ਉਹਨਾਂ ਵਿੱਚੋਂ ਬਹੁਤ ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਸਨ ਕਿ ਪੱਛਮੀ ਸਿੱਖਿਆ ਭਾਰਤੀਆਂ ਵਿੱਚ ਰਾਸ਼ਟਰੀ ਭਾਵਨਾ ਪੈਦਾ ਕਰੇਗੀ ਜੋ ਭਾਰਤੀ ਸਭਿਆਚਾਰ ਨੂੰ ਕਾਇਮ ਰੱਖਣ ਲਈ ਜ਼ਰੂਰੀ ਸੀ। ਹੁਣ ਅਸੀਂ ਭਾਰਤੀ ਸੁਧਾਰਕਾਂ ਦੁਆਰਾ ਸਿੱਖਿਆ ਸੰਬੰਧੀ ਕੀਤੇ ਗਏ ਯਤਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।

1. **ਰਾਜਾ ਰਾਮ ਮੋਹਨ ਰਾਏ :** ਰਾਜਾ ਰਾਮ ਮੋਹਨ ਰਾਏ ਨੇ ਭਾਰਤੀ ਲੋਕਾਂ ਵਿੱਚ ਪ੍ਰਚਲਿਤ ਅੰਧ-ਵਿਸ਼ਵਾਸਾਂ ਅਤੇ ਝੂਠੇ ਰੀਤੀ-ਰਿਵਾਜਾਂ ਨੂੰ ਖ਼ਤਮ ਕਰਨ ਲਈ ਸਿੱਖਿਆ ਦੇ ਵਿਕਾਸ ਲਈ ਕਈ ਯਤਨ ਕੀਤੇ। ਉਹ ਭਾਰਤੀਆਂ ਨੂੰ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਸਨ। ਉਹ ਆਪ ਬੰਗਾਲੀ, ਫ਼ਾਰਸੀ, ਸੰਸਕ੍ਰਿਤ, ਉਰਦੂ, ਅੰਗਰੇਜ਼ੀ ਅਤੇ ਗ੍ਰੀਕ ਭਾਸ਼ਾਵਾਂ ਦੇ ਵਿਦਵਾਨ ਸਨ। ਉਹਨਾਂ ਨੇ ਦੋ ਸਮਾਚਾਰ ਪੱਤਰ ਕੱਢੇ ਅਤੇ ਵਿਆਕਰਣ, ਭੂਗੋਲ, ਖਗੋਲ-ਵਿਗਿਆਨ, ਬੀਜ-ਗਣਿਤ ਆਦਿ ਵਿਸ਼ਿਆਂ ਦੀਆਂ ਬੰਗਾਲੀ ਭਾਸ਼ਾ ਵਿੱਚ ਪੁਸਤਕਾਂ ਲਿਖੀਆਂ।



*ਰਾਜਾ ਰਾਮ ਮੋਹਨ ਰਾਏ*


ਉਹਨਾਂ ਨੇ ਸਿੱਖਿਆ ਦਾ ਵਿਕਾਸ ਕਰਨ ਲਈ ਸਿੱਖਿਆ ਸੰਸਥਾਵਾਂ ਖੋਲ੍ਹੀਆਂ। ਉਹਨਾਂ ਨੇ ਆਪ ਖਰਚ ਕਰਕੇ ਕਲਕੱਤਾ ਵਿਖੇ ਇੱਕ ਅੰਗਰੇਜ਼ੀ ਸਕੂਲ ਅਤੇ ਵੇਦਾਂਤ ਕਾਲਜ ਸਥਾਪਤ ਕੀਤਾ।

ਕੀ ਤੁਹਾਨੂੰ ਇਸ ਦਾ ਕਾਰਨ ਪਤਾ ਹੈ ਕਿ ਰਾਜਾ ਰਾਮ ਮੋਹਨ ਰਾਏ ਭਾਰਤੀ ਲੋਕਾਂ ਨੂੰ ਪੱਛਮੀ ਸਿੱਖਿਆ ਦੇਣ ਦੇ ਹੱਕ ਵਿਚ ਕਿਉਂ ਸਨ ?



*ਸਵਾਮੀ ਦਯਾਨੰਦ ਸਰਸਵਤੀ*

2. **ਸਵਾਮੀ ਦਯਾਨੰਦ ਸਰਸਵਤੀ :** ਸਿੱਖਿਆ ਦਾ ਵਿਕਾਸ ਕਰਨ ਲਈ ਸਵਾਮੀ ਦਯਾਨੰਦ ਸਰਸਵਤੀ ਜੀ ਸੰਸਕ੍ਰਿਤ, ਵੈਦਿਕ ਸਿੱਖਿਆ ਦੇਣ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਵੀ ਸਨ। ਉਹਨਾਂ ਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਬਹੁਤ ਸਾਰੇ ਸਕੂਲਾਂ, ਕਾਲਜਾਂ ਅਤੇ ਗੁਰੂਕੁਲਾਂ ਦੀ ਸਥਾਪਨਾ ਕੀਤੀ। 1886 ਈ. ਵਿੱਚ ਦਯਾਨੰਦ ਸਰਸਵਤੀ ਦੀ ਮੌਤ ਪਿੱਛੋਂ ਉਹਨਾਂ ਦੀ ਯਾਦ ਵਿੱਚ ਲਾਹੌਰ ਵਿਖੇ ਦਯਾਨੰਦ ਐਂਗਲੋ ਸਕੂਲ ਖੋਲ੍ਹਿਆ ਗਿਆ। ਇਸ ਤੋਂ ਬਾਅਦ 1889 ਈ. ਵਿੱਚ ਇਸ ਸਕੂਲ ਦੇ ਨਾਲ ਦਯਾਨੰਦ ਐਂਗਲੋ-ਵੈਦਿਕ ਕਾਲਜ ਵੀ ਖੋਲ੍ਹਿਆ ਗਿਆ। ਇਸ ਕਾਲਜ ਵਿੱਚ ਕਾਲਜ ਵਿਦਿਆਰਥੀਆਂ ਨੂੰ ਹਿੰਦੂ ਸਾਹਿਤ, ਸੰਸਕ੍ਰਿਤ ਅਤੇ ਵੇਦਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਬਾਅਦ ਵਿੱਚ ਹੁਸ਼ਿਆਰਪੁਰ, ਜਲੰਧਰ ਅਤੇ ਕਾਨ੍ਹਪੁਰ ਸ਼ਹਿਰਾਂ ਵਿੱਚ ਵੀ ਡੀ.ਏ.ਵੀ. ਸਕੂਲ ਖੋਲ੍ਹੇ ਗਏ। ਸਵਾਮੀ ਦਯਾਨੰਦ ਸਰਸਵਤੀ ਜੀ ਦੇ ਸਮੇਂ ਮੇਰਠ ਵਿੱਚ ਕੰਨਿਆ ਮਹਾਂਵਿਦਿਆਲਾ ਸਥਾਪਤ ਕੀਤਾ ਗਿਆ ਸੀ।

3. **ਸਵਾਮੀ ਵਿਵੇਕਾਨੰਦ :** ਸਵਾਮੀ ਵਿਵੇਕਾਨੰਦ ਜੀ ਨੇ ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ ਸੀ। ਉਹਨਾਂ ਅਨੁਸਾਰ ਧਰਮ ਦੁਆਰਾ ਹੀ ਸਮਾਜ ਦਾ ਸੁਧਾਰ ਹੋ ਸਕਦਾ ਹੈ। ਉਹਨਾਂ ਨੇ ਭਾਰਤੀ ਸੰਸਕ੍ਰਿਤੀ ਦਾ ਅਮਰੀਕਾ ਅਤੇ ਯੂਰਪ ਵਿੱਚ ਪ੍ਰਚਾਰ ਕੀਤਾ। ਇਸ ਮਿਸ਼ਨ ਨੇ ਸਮਾਜ ਦਾ ਸੁਧਾਰ ਕਰਨ ਲਈ ਅਨੇਕਾਂ ਸਕੂਲ, ਕਾਲਜ, ਲਾਇਬਰੇਰੀਆਂ, ਹਸਪਤਾਲ ਅਤੇ ਯਤੀਮਖਾਨੇ ਸਥਾਪਤ ਕੀਤੇ।


*ਸਵਾਮੀ ਵਿਵੇਕਾਨੰਦ*

4. **ਈਸ਼ਵਰ ਚੰਦਰ ਵਿਦਿਆ ਸਾਗਰ :** ਈਸ਼ਵਰ ਚੰਦਰ ਵਿਦਿਆ ਸਾਗਰ ਇੱਕ ਹੋਰ ਪ੍ਰਸਿੱਧ ਵਿਦਵਾਨ ਸੀ। ਉਸ ਨੇ ਬੰਗਾਲੀ ਭਾਸ਼ਾ ਵਿੱਚ "ਪ੍ਰੀਮੀਅਰ ਵਰਨਾ ਪ੍ਰੀਚਿਆ" ਨਾਂ ਦੀ ਪੁਸਤਕ ਲਿਖੀ ਜਿਸ ਵਿੱਚ ਭਾਸ਼ਾ ਸਿੱਖਣਾ ਆਸਾਨ ਬਣਾਇਆ ਗਿਆ, ਜੋ ਕਿ ਅੱਜਕਲ੍ਹ ਵੀ ਪ੍ਰਚਲਿਤ ਹੈ। ਉਸ ਨੇ ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਸੀ।



*ਸ਼੍ਰੀ ਮਤੀ ਐਨੀ ਬੇਸੈਂਟ*

5. **ਸ਼੍ਰੀ ਮਤੀ ਐਨੀ ਬੇਸੈਂਟ ਅਤੇ ਥੀਓਸੋਫੀਕਲ ਸੋਸਾਇਟੀ :** ਸ਼੍ਰੀ ਮਤੀ ਐਨੀ ਬੇਸੈਂਟ ਨੇ ਸਿੱਖਿਆ ਦਾ ਵਿਕਾਸ ਕਰਨ ਲਈ ਭਾਰਤ ਵਿੱਚ ਕਈ ਸਥਾਨਾਂ ਤੇ ਲੜਕੇ ਅਤੇ ਲੜਕੀਆਂ ਲਈ ਸਕੂਲ ਅਤੇ ਕਾਲਜ ਸਥਾਪਤ ਕੀਤੇ ਸਨ। ਉਸ ਨੇ ਬਨਾਰਸ ਵਿੱਚ ਕੇਂਦਰੀ ਹਾਈ ਸਕੂਲ ਸਥਾਪਤ ਕੀਤਾ ਜੋ ਬਾਅਦ ਵਿੱਚ ਹਿੰਦੂ ਵਿਸ਼ਵ ਵਿਦਿਆਲਾ ਬਣ ਗਿਆ ਸੀ।

ਬਹੁਤ ਸਾਰੇ ਭਾਰਤੀ ਲੋਕ ਪੱਛਮੀ ਸਿੱਖਿਆ ਦੇ ਵਿਰੋਧੀ ਸਨ। ਮਹਾਤਮਾ ਗਾਂਧੀ ਅਤੇ ਰਵਿੰਦਰ ਨਾਥ ਟੈਗੋਰ ਇਸੇ ਤਰ੍ਹਾਂ ਦੇ ਲੋਕਾਂ ਵਿੱਚੋਂ ਸਨ।

## ਮਹਾਤਮਾ ਗਾਂਧੀ ਜੀ ਦੇ ਪੱਛਮੀ ਸਿੱਖਿਆ ਬਾਰੇ ਵਿਚਾਰ

ਮਹਾਤਮਾ ਗਾਂਧੀ ਜੀ ਦੇ ਸਿੱਖਿਆ ਸੰਬੰਧੀ ਵਿਚਾਰ ਅਨੁਸਾਰ "ਅੰਗਰੇਜ਼ੀ ਸਿੱਖਿਆ ਨੇ ਸਾਨੂੰ ਗੁਲਾਮ ਬਣਾ ਦਿੱਤਾ ਹੈ"। ਮਹਾਤਮਾ ਗਾਂਧੀ ਜੀ ਅਨੁਸਾਰ ਪੱਛਮੀ ਸਿੱਖਿਆ ਦੇ ਪ੍ਰਭਾਵ ਹੇਠ ਆ ਕੇ ਭਾਰਤੀਆਂ ਨੇ ਪੱਛਮੀ ਸਭਿਅਤਾ ਨੂੰ ਉੱਤਮ ਮੰਨਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਸੰਸਥਾਵਾਂ ਵਿੱਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀ ਹਰੇਕ ਚੀਜ਼ ਜੋ ਪੱਛਮ ਤੋਂ ਆਉਂਦੀ ਸੀ, ਦੀ ਪ੍ਰਸ਼ੰਸਾ ਕਰਦੇ ਸਨ। ਇਥੋਂ ਤੱਕ ਬ੍ਰਿਟਿਸ਼ ਸ਼ਾਸਨ ਦੀ ਵੀ ਪ੍ਰਸ਼ੰਸਾ ਕਰਨ ਲੱਗੇ।



*ਮਹਾਤਮਾ ਗਾਂਧੀ ਜੀ*

ਰਾਸ਼ਟਰੀ ਅੰਦੋਲਨ ਦੇ ਦੌਰਾਨ ਵਿਦਿਆਰਥੀਆਂ ਨੂੰ ਇਹੋ ਜਿਹੀਆਂ ਸਿੱਖਿਆ ਸੰਸਥਾਵਾਂ ਛੱਡਣ ਲਈ ਕਿਹਾ ਅਤੇ ਅੰਗਰੇਜ਼ਾਂ ਨੂੰ ਦੱਸਣ ਕਿ ਉਹ ਹੋਰ ਗੁਲਾਮ ਬਣੇ ਰਹਿਣ ਲਈ ਤਿਆਰ ਨਹੀਂ ਹਨ। ਵਿਦੇਸ਼ੀ ਭਾਸ਼ਾ ਬੋਲਣ ਵਾਲੇ ਭਾਰਤੀ ਆਪਣੀ ਜਨਤਾ ਨਾਲ ਜੁੜੇ ਰਹਿਣ ਦੇ ਤੌਰ-ਤਰੀਕੇ ਭੁੱਲ ਚੁੱਕੇ ਸਨ। ਉਨ੍ਹਾਂ ਨੂੰ ਆਪਣੀ ਹੀ ਭੂਮੀ ਤੇ ਅਜਨਬੀ ਬਣਾ ਦਿੱਤਾ ਹੈ।

ਮਹਾਤਮਾ ਗਾਂਧੀ ਜੀ ਅਨੁਸਾਰ ਸਿੱਖਿਆ ਕੇਵਲ ਭਾਰਤੀ ਭਾਸ਼ਾਵਾਂ 'ਚ ਦਿੱਤੀ ਜਾਣੀ ਚਾਹੀਦੀ ਹੈ। ਜਿਹੜੇ ਭਾਰਤੀ ਅੰਗਰੇਜ਼ੀ ਪੜ੍ਹਦੇ ਸਨ ਉਨ੍ਹਾਂ ਨੂੰ ਨਾ ਤਾਂ ਅੰਗਰੇਜ਼ੀ ਅਤੇ ਨਾ ਹੀ ਆਪਣੀ ਭਾਸ਼ਾ ਚੰਗੀ ਤਰ੍ਹਾਂ ਆਉਂਦੀ ਸੀ। ਉਹ ਘਰ ਦੇ ਕੰਮ ਤੋਂ ਵੀ ਨਕਾਰੇ ਹੋਣ ਲੱਗੇ ਕਿਉਂਕਿ ਉਹ ਕੰਮ ਕਰਨਾ ਆਪਣੀ ਸ਼ਾਨ ਦੇ ਖਿਲਾਫ਼ ਸਮਝਦੇ ਸਨ। ਸਿੱਟੇ ਵਜੋਂ ਬੇਰੁਜ਼ਗਾਰੀ ਨੇ ਭਿਆਨਕ ਰੂਪ ਧਾਰਨ ਕਰ ਲਿਆ। ਗਾਂਧੀ ਜੀ ਅਨੁਸਾਰ ਪੱਛਮੀ ਸਿੱਖਿਆ ਵਿੱਚ ਕੇਵਲ ਪੜ੍ਹਨ-ਲਿਖਣ ਅਤੇ ਪਾਠ-ਪੁਸਤਕਾਂ ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਜੀਵਨ ਅਨੁਭਵਾਂ ਅਤੇ ਵਿਵਹਾਰਕ ਗਿਆਨ ਤੇ ਨਹੀਂ। ਉਨ੍ਹਾਂ ਅਨੁਸਾਰ ਪੜ੍ਹ ਰਹੇ ਵਿਦਿਆਰਥੀ ਦਾ ਦਿਮਾਗ ਅਤੇ ਆਤਮਾ ਵਿਕਸਤ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਆਪਣੇ ਕੰਮ ਆਪ ਕਰਨੇ ਅਤੇ ਹੁਨਰ ਵਿਕਸਤ ਕਰਨੇ ਚਾਹੀਦੇ ਹਨ। ਹੱਥਾਂ ਨਾਲ ਕੰਮ ਕਰਨੇ ਪੈਂਦੇ ਹਨ, ਹੁਨਰ ਸਿੱਖਣਾ ਪੈਂਦਾ ਹੈ, ਵੱਖ-ਵੱਖ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ ਆਦਿ ਨਾਲ ਦਿਮਾਗ ਅਤੇ ਸਮਰੱਥਾ ਵਿਕਸਿਤ ਹੁੰਦੀ ਹੈ। ਇਨ੍ਹਾਂ ਕਾਰਣਾਂ ਕਰਕੇ ਗਾਂਧੀ ਜੀ ਨੇ ਬੁਨਿਆਦੀ ਸਿੱਖਿਆ ਦਾ ਪ੍ਰੋਗਰਾਮ ਬਣਾਇਆ ਤਾਂ ਜੋ ਛੋਟੇ ਬੱਚੇ ਨੂੰ ਸਕੂਲ ਰਾਹੀਂ ਕੰਮਕਾਰ ਦੀ ਸਿੱਖਿਆ ਦਿੱਤੀ ਜਾ ਸਕੇ।

## ਰਵਿੰਦਰ ਨਾਥ ਟੈਗੋਰ ਦਾ ਸ਼ਾਂਤੀ ਨਿਕੇਤਨ

ਵਿਦਿਆਰਥੀਓ, ਤੁਸੀਂ ਸ਼ਾਂਤੀ ਨਿਕੇਤਨ ਬਾਰੇ ਜ਼ਰੂਰ ਸੁਣਿਆ ਹੋਵੇਗਾ। ਕੀ ਤੁਸੀਂ ਜਾਣਦੇ ਹੋ ਕਿ ਇਸ ਦੀ ਸਥਾਪਨਾ ਕਿਸ ਨੇ ਅਤੇ ਕਿਉਂ ਕੀਤੀ ਸੀ ?

ਰਵਿੰਦਰ ਨਾਥ ਟੈਗੋਰ ਨੇ 1901 ਈ. ਵਿੱਚ ਇਹ ਸੰਸਥਾ ਸ਼ੁਰੂ ਕੀਤੀ। ਜਦੋਂ ਉਹ ਬੱਚੇ ਸਨ ਤਾਂ ਉਨ੍ਹਾਂ ਨੂੰ ਸਕੂਲ ਜਾਣਾ ਜੇਲ੍ਹ ਵਾਂਗ ਲੱਗਦਾ ਸੀ ਅਤੇ ਉੱਥੇ ਉਨ੍ਹਾਂ ਦਾ ਦਮ ਘੁਟਦਾ ਸੀ। ਜਦ ਦੂਸਰੇ ਬੱਚੇ ਅਧਿਆਪਕ ਨੂੰ ਸੁਣ ਰਹੇ ਹੁੰਦੇ ਸਨ ਤਾਂ ਟੈਗੋਰ ਦਾ ਦਿਮਾਗ਼ ਕਿਤੇ ਹੋਰ ਭਟਕ ਰਿਹਾ ਹੁੰਦਾ ਸੀ। ਵੱਡੇ ਹੋ ਕੇ ਉਨ੍ਹਾਂ ਨੇ ਇੱਕ ਅਜਿਹਾ ਸਕੂਲ ਖੋਲਣ ਬਾਰੇ ਸੋਚਿਆ, ਜਿੱਥੇ ਬੱਚੇ ਖੁਸ਼ ਰਹਿ ਸਕਣ, ਆਜ਼ਾਦ ਹੋਣ ਅਤੇ ਆਪਣੇ ਵਿਚਾਰਾਂ ਨੂੰ ਸਮਝ ਸਕਣ। ਇਹ ਸਕੂਲ ਅੰਗਰੇਜ਼ਾਂ ਦੁਆਰਾ ਸਥਾਪਤ ਕੀਤੀ ਗਈ ਸਿੱਖਿਆ ਵਿਵਸਥਾ ਦੇ ਸਖਤ ਅਤੇ ਬੰਧਨਕਾਰੀ ਅਨੁਸ਼ਾਸਨ ਤੋਂ ਮੁਕਤ ਹੋਣਾ ਚਾਹੀਦਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਸਮਝੇ, ਉਨ੍ਹਾਂ ਵਿੱਚ ਉਤਸੁਕਤਾ ਅਤੇ ਜਾਨਣ ਦੀ ਇੱਛਾ ਵਿਕਸਤ ਕਰਨ ਵਿੱਚ ਮਦਦ ਕਰੇ।



*ਚਿੱਤਰ : ਸ਼ਾਂਤੀ ਨਿਕੇਤਨ*

ਇਹੋ ਜਿਹੀ ਸਿਰਜਣਾਤਮਕ ਸਿੱਖਿਆ ਕੁਦਰਤੀ ਮਾਹੌਲ ਵਿੱਚ ਹੀ ਦਿੱਤੀ ਜਾ ਸਕਦੀ ਹੈ। ਇਸ ਲਈ ਉਹਨਾਂ ਨੇ ਕਲਕੱਤੇ ਤੋਂ 100 ਕਿਲੋਮੀਟਰ ਦੂਰ ਪੇਂਡੂ ਖੇਤਰ ਵਿੱਚ ਇਕ ਸਕੂਲ ਖੋਲ੍ਹਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੂੰ ਇਹ ਥਾਂ ਸ਼ਾਂਤੀਪੂਰਨ ਲੱਗੀ ਜਿਥੇ ਬੱਚੇ ਪ੍ਰਕਿਰਤੀ ਦੇ ਨਾਲ-ਨਾਲ ਆਪਣਾ ਵਿਕਾਸ ਕਰ ਸਕਣ।

ਮਹਾਤਮਾ ਗਾਂਧੀ ਅਤੇ ਰਵਿੰਦਰ ਨਾਥ ਟੈਗੋਰ ਦੇ ਭਾਵੇਂ ਇੱਕੋ ਜਿਹੇ ਵਿਚਾਰ ਸਨ ਪਰੰਤੂ ਮਹਾਤਮਾ ਗਾਂਧੀ ਜੀ ਪੱਛਮੀ ਸਭਿਅਤਾ ਦੇ ਕੱਟੜ ਅਲੋਚਕ ਸਨ। ਟੈਗੋਰ ਪੱਛਮੀ ਸੱਭਿਅਤਾ ਅਤੇ ਭਾਰਤੀ ਪਰੰਪਰਾ ਦੇ ਉੱਤਮ ਤੱਤਾਂ ਦਾ ਮਿਸ਼ਰਣ ਚਾਹੁੰਦੇ ਸਨ। ਸ਼ਾਂਤੀ ਨਿਕੇਤਨ ਵਿਖੇ ਕਲਾ, ਸੰਗੀਤ ਅਤੇ ਨਾਚ ਦੇ ਨਾਲ ਵਿਗਿਆਨ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਸੀ।

## ਵਿਸ਼ਾ ਅਧਿਐਨ : ਬੜੌਦਾ ਵਿਸ਼ਵਵਿਦਿਆਲਾ

ਬੜੌਦਾ ਗੁਜਰਾਤ ਰਾਜ ਦਾ ਮਹੱਤਵਪੂਰਨ ਸ਼ਹਿਰ ਹੈ। ਇਹ ਸ਼ਹਿਰ ਮਹਾਰਾਜਾ ਸਿਆਜੀ ਰਾਓ ਵਿਸ਼ਵ ਵਿਦਿਆਲੇ ਕਰਕੇ ਮਸ਼ਹੂਰ ਹੈ। ਇਸ ਵਿਸ਼ਵ ਵਿਦਿਆਲੇ ਦੀ ਸਥਾਪਨਾ 1948 ਈ. ਵਿੱਚ ਮਹਾਰਾਜਾ ਸਿਆਜੀ ਰਾਓ ਤੀਜੇ ਦੁਆਰਾ ਕੀਤੀ ਗਈ ਸੀ।




*ਮਹਾਰਾਜਾ ਸਿਆਜੀ ਰਾਓ*

ਮਹਾਰਾਜਾ ਸਿਆਜੀ ਰਾਓ ਇਕ ਪ੍ਰਸਿੱਧ ਵਿਦਵਾਨ ਸਨ। ਉਹਨਾਂ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਸੁਧਾਰ ਕੀਤੇ। ਉਨ੍ਹਾਂ ਨੇ ਆਪਣੇ ਰਾਜ ਦੀ ਸਹਾਇਤਾ ਨਾਲ ਬਹੁਤ ਸਾਰੇ ਸਕੂਲ, ਲਾਇਬਰੇਰੀਆਂ ਅਤੇ ਹਸਪਤਾਲ ਖੋਲ੍ਹੇ। ਉਹਨਾਂ ਨੇ 1881 ਈ. ਵਿੱਚ ਬੜੌਦਾ ਵਿੱਚ ਇਕ ਕਾਲਜ ਖੋਲ੍ਹਿਆ, ਜੋ ਕਿ ਬਾਅਦ ਵਿੱਚ ਇਕ ਵਿਸ਼ਵਵਿਦਿਆਲਾ ਬਣਾ ਦਿੱਤਾ ਗਿਆ।

ਬੜੌਦਾ ਵਿਖੇ ਮਹਾਰਾਜਾ ਸਿਆਜੀ ਰਾਓ ਵਿਸ਼ਵ ਵਿਦਿਆਲੇ ਨਾਲ ਸਬੰਧਤ 20 ਪਬਲਿਕ ਸਕੂਲ ਅਤੇ 100 ਤੋਂ ਵੱਧ ਪ੍ਰਾਈਵੇਟ ਸਕੂਲ ਹਨ। ਗੁਜਰਾਤ ਰਾਜ ਦੇ ਇਸ ਵਿਸ਼ਵ ਵਿਦਿਆਲੇ ਵਿਚ ਕੇਵਲ ਅੰਗਰੇਜ਼ੀ ਮਾਧਿਅਮ ਵਿਚ ਸਿੱਖਿਆ ਦਿੱਤੀ ਜਾਂਦੀ ਹੈ। ਇਸ ਵਿਚ ਦੇਸ਼-ਵਿਦੇਸ਼ ਦੇ ਲਗਭਗ 3000 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

## ਵਿਸ਼ਾ ਅਧਿਐਨ : ਸਰ ਸੱਯਦ ਅਹਿਮਦ ਖਾਂ ਅਤੇ ਅਲੀਗੜ੍ਹ ਅੰਦੋਲਨ


ਸਰ ਸੱਯਦ ਅਹਿਮਦ ਖਾਂ

ਸਰ ਸੱਯਦ ਅਹਿਮਦ ਖਾਂ ਪਹਿਲਾ ਮੁਸਲਮਾਨ ਸਮਾਜ ਸੁਧਾਰਕ ਸੀ। ਉਸ ਨੇ 19ਵੀਂ ਸਦੀ ਵਿੱਚ ਇਸਲਾਮੀ ਸਮਾਜ ਅਤੇ ਧਰਮ ਦਾ ਸੁਧਾਰ ਕਰਨ ਲਈ ਅਲੀਗੜ੍ਹ ਅੰਦੋਲਨ ਦੀ ਨੀਂਹ ਰੱਖੀ ਸੀ। ਉਸ ਨੇ ਭਾਰਤੀ ਮੁਸਲਮਾਨਾਂ ਵਿੱਚ ਪ੍ਰਚਲਿਤ ਅੰਧ-ਵਿਸ਼ਵਾਸ ਅਤੇ ਝੂਠੇ ਰੀਤੀ-ਰਿਵਾਜਾਂ ਨੂੰ ਖ਼ਤਮ ਕਰਨ ਲਈ ਇਸਲਾਮ ਧਰਮ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ। ਉਸ ਨੇ ਪੱਛਮੀ ਸਿੱਖਿਆ ਪ੍ਰਾਪਤ ਕਰਨ ਅਤੇ ਪੱਛਮੀ ਸਾਹਿਤ ਦਾ ਅਧਿਐਨ ਕਰਨ ਲਈ ਜ਼ੋਰ ਦਿੱਤਾ। ਉਸ ਨੇ 1875 ਈ. ਵਿੱਚ ਅਲੀਗੜ੍ਹ ਮੁਸਲਿਮ ਐਂਗਲੋ ਓਰੀਐਂਟਲ ਕਾਲਜ ਦੀ ਸਥਾਪਨਾ ਕੀਤੀ। ਬਾਅਦ ਵਿੱਚ ਇਹ ਕਾਲਜ ਅਲੀਗੜ੍ਹ ਅੰਦੋਲਨ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ। 1920 ਈ. ਵਿੱਚ ਇਸ ਕਾਲਜ ਦੇ ਸਥਾਨ ਤੇ ਅਲੀਗੜ੍ਹ ਮੁਸਲਿਮ ਵਿਸ਼ਵ ਵਿਦਿਆਲਾ ਸਥਾਪਤ ਕੀਤਾ। ਇਸ ਕਾਲਜ ਦਾ ਪਹਿਲਾ ਪ੍ਰਿੰਸੀਪਲ ਮਿ. ਬੈੱਕ ਸੀ। ਉਸ ਨੇ ਮੁਸਲਮਾਨ ਲੋਕਾਂ ਨੂੰ ਅੰਗਰੇਜ਼ੀ ਸਰਕਾਰ ਦੇ ਨੇੜੇ ਲਿਆਉਣ ਲਈ ਸਰ ਸੱਯਦ ਅਹਿਮਦ ਖਾਂ ਨੂੰ ਬਹੁਤ ਸਹਿਯੋਗ ਦਿੱਤਾ। 1878 ਈ. ਵਿੱਚ ਸਰ ਸੱਯਦ ਅਹਿਮਦ ਖਾਂ ਨੂੰ ਲੋਕ ਸੇਵਾ ਆਯੋਗ ਦਾ ਮੈਂਬਰ ਬਣਾ ਦਿੱਤਾ ਗਿਆ। 1882 ਈ. ਵਿੱਚ ਉਸ ਨੂੰ ਵਾਇਸ ਰਾਏ ਦੀ ਪ੍ਰੀਸ਼ਦ ਦਾ ਮੈਂਬਰ ਨਿਯੁੱਕਤ ਕੀਤਾ ਗਿਆ। 1888 ਈ. ਵਿੱਚ ਉਸ ਨੂੰ 'ਸਰ' ਦੀ ਉਪਾਧੀ ਦਿੱਤੀ ਗਈ। 1898 ਈ. ਵਿੱਚ ਉਸ ਦੀ ਮੌਤ ਹੋ ਗਈ।

**ਅਲੀਗੜ੍ਹ ਅੰਦੋਲਨ :** ਅਲੀਗੜ੍ਹ ਅੰਦੋਲਨ ਇੱਕ ਮੁਸਲਿਮ ਅੰਦੋਲਨ ਸੀ ਜਿਹੜਾ ਸਰ ਸੱਯਦ ਅਹਿਮਦ ਖਾਂ ਨੇ ਮੁਸਲਮਾਨਾਂ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਸ਼ੁਰੂ ਕੀਤਾ ਸੀ। ਇਸ ਅੰਦੋਲਨ ਦਾ ਕੇਂਦਰ ਅਲੀਗੜ੍ਹ ਵਿਖੇ ਸੀ, ਇਸ ਲਈ ਇਸ ਨੂੰ 'ਅਲੀਗੜ੍ਹ ਅੰਦੋਲਨ' ਕਿਹਾ ਜਾਂਦਾ ਹੈ। ਇਸ ਅੰਦੋਲਨ ਦੇ ਨੇਤਾਵਾਂ ਨੇ ਮੁਸਲਮਾਨਾਂ ਨੂੰ ਕੁਰਾਨ ਦੇ ਸਿਧਾਂਤ ਅਪਨਾਉਣ, ਝੂਠੇ ਰੀਤੀ-ਰਿਵਾਜ ਆਦਿ ਤਿਆਗਣ ਅਤੇ ਪੱਛਮੀ ਸਿੱਖਿਆ ਦਾ ਗਿਆਨ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ। ਇਸ ਅੰਦੋਲਨ ਦਾ ਸੰਸਥਾਪਕ ਸਰ ਸੱਯਦ ਅਹਿਮਦ ਖਾਂ ਅੰਗਰੇਜ਼ੀ ਸਾਮਰਾਜ ਦੇ ਹੱਕ ਵਿੱਚ ਸੀ ਤਾਂ ਕਿ ਅੰਗਰੇਜ਼ਾਂ ਤੋਂ ਰਿਆਇਤਾਂ ਲੈ ਕੇ ਮੁਸਲਮਾਨਾਂ ਦੇ ਹਿੱਤਾਂ ਦੀ ਰੱਖਿਆ ਕਰ ਸਕੇ।

## ਵਿਸ਼ਾ ਅਧਿਐਨ : ਅਲੀਗੜ੍ਹ ਮੁਸਲਿਮ ਵਿਸ਼ਵਵਿਦਿਆਲਾ


ਅਲੀਗੜ੍ਹ ਯੂਨੀਵਰਸਿਟੀ

ਅਲੀਗੜ੍ਹ ਉੱਤਰ ਪ੍ਰਦੇਸ਼ ਰਾਜ ਦਾ ਪ੍ਰਸਿੱਧ ਸ਼ਹਿਰ ਹੈ। ਇਥੇ 1920 ਈ. ਵਿੱਚ ਅਲੀਗੜ੍ਹ ਮੁਸਲਿਮ ਵਿਸ਼ਵਵਿਦਿਆਲੇ ਦੀ ਸਥਾਪਨਾ ਕੀਤੀ ਗਈ। ਹਿਦਾਇਤਉੱਲਾ ਖਾਂ, ਸਰ ਸੱਯਦ ਅਹਿਮਦ ਖਾਂ ਆਦਿ ਮੁਸਲਿਮ ਨੇਤਾਵਾਂ ਨੇ ਸੋਚਿਆ ਕਿ ਮੁਸਲਮਾਨ ਲੋਕਾਂ ਦੇ ਸਰਬ-ਪੱਖੀ ਵਿਕਾਸ ਕਰਨ ਲਈ ਅੰਗਰੇਜ਼ੀ ਭਾਸ਼ਾ

ਅਤੇ ਪੱਛਮੀ ਸਾਹਿਤ ਦੀ ਸਿੱਖਿਆ ਦੇਣੀ ਜ਼ਰੂਰੀ ਹੈ। ਇਸ ਕਰਕੇ ਸਰ ਸੱਯਦ ਅਹਿਮਦ ਖਾਂ ਦੀ ਅਗਵਾਈ ਹੇਠ ਹਿਦਾਇਤਉੱਲਾ ਖਾਂ ਨੇ 1875 ਈ. ਵਿੱਚ ਅਲੀਗੜ੍ਹ ਸ਼ਹਿਰ ਵਿੱਚ **ਮੁਸਲਿਮ ਐਂਗਲੋ-ਓਰੀਐਂਟਲ** ਕਾਲਜ ਦੀ ਸਥਾਪਨਾ ਕੀਤੀ। 1920 ਈ. ਵਿੱਚ ਇਹ ਕਾਲਜ ਅਲੀਗੜ੍ਹ ਮੁਸਲਿਮ ਵਿਸ਼ਵ ਵਿਦਿਆਲਾ ਬਣ ਗਿਆ। ਇਸ ਦੀ ਪਹਿਲੀ ਚਾਂਸਲਰ **ਸੁਲਤਾਨ ਜਹਾਂ ਬੇਗਮ** ਸੀ। ਹੌਲ਼ੀ-ਹੌਲ਼ੀ ਇਸ ਵਿਸ਼ਵ ਵਿਦਿਆਲਾ ਨੇ ਬਹੁਤ ਉੱਨਤੀ ਕੀਤੀ। ਇਸ ਨੇ ਬਹੁਤ ਸਾਰੇ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਸਥਾਪਤ ਕੀਤੇ। ਅੱਜਕਲ੍ਹ ਇਸ ਵਿਸ਼ਵ ਵਿਦਿਆਲੇ ਵਿੱਚ ਲਗਭਗ 30,000 ਵਿੱਦਿਆਰਥੀ ਹਨ ਅਤੇ ਇਸ ਵਿੱਚ ਲਗਭਗ 80 ਵਿੱਦਿਅਕ ਵਿਭਾਗ ਹਨ।

### ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ :

(1) ਪੱਛਮੀ ਸਿੱਖਿਆ ਪ੍ਰਣਾਲੀ ਨਾਲ ਭਾਰਤ ਵਿੱਚ ਕਲਰਕੀ ਸਭਿਆਚਾਰ ਉਤਪੰਨ ਹੋਇਆ।

(2) ਪੱਛਮੀ ਸਿੱਖਿਆ ਮਹਿੰਗੀ ਹੋਣ ਕਰਕੇ ਜ਼ਿਆਦਾਤਰ ਲੋਕ ਅਨਪੜ੍ਹ ਰਹੇ।

(3) ਭਾਰਤੀ ਭਾਸ਼ਾਵਾਂ ਦਾ ਵਿਸ਼ੇਸ਼ ਵਿਕਾਸ ਨਾ ਹੋਇਆ।

(4) ਪੱਛਮੀ ਸਿੱਖਿਆ ਨਾਲ ਭਾਰਤ ਵਿੱਚ ਪ੍ਰਚਲਿਤ ਕਈ ਅੰਧ-ਵਿਸ਼ਵਾਸਾਂ ਨੂੰ ਖਤਮ ਕੀਤਾ ਜਾ ਸਕਿਆ।

(5) ਪੱਛਮੀ ਸਿੱਖਿਆ ਕਾਰਨ ਹੀ ਭਾਰਤੀਆਂ ਨੇ ਦੂਜੇ ਦੇਸ਼ਾਂ ਦਾ ਇਤਿਹਾਸ ਪੜ੍ਹਿਆ ਅਤੇ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਯੋਗਦਾਨ ਪਾਇਆ।

## ਯਾਦ ਰੱਖਣ ਯੋਗ ਨੁਕਤੇ

1. ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਸਿੱਖਿਆ ਆਸ਼ਰਮਾਂ, ਪਾਠਸ਼ਾਲਾਵਾਂ, ਮਦਰਸਿਆਂ, ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਦਿੱਤੀ ਜਾਂਦੀ ਸੀ।
2. ਅੰਗਰੇਜ਼ਾਂ ਦੀ ਨਵੀਂ ਸਿੱਖਿਆ ਪ੍ਰਣਾਲੀ ਦਾ ਮੰਤਵ ਭਾਰਤੀ ਭਾਸ਼ਾਵਾਂ ਦੀ ਥਾਂ ਅੰਗਰੇਜ਼ੀ ਭਾਸ਼ਾ ਅਤੇ ਪੱਛਮੀ ਸਭਿਆਚਾਰ ਦਾ ਪ੍ਰਚਾਰ ਕਰਨਾ ਸੀ।
3. ਨਵੇਂ ਸਕੂਲ, ਕਾਲਜ ਅਤੇ ਵਿਸ਼ਵ ਵਿਦਿਆਲੇ ਖੋਲ੍ਹੇ ਗਏ।
4. ਵਪਾਰ ਅਤੇ ਦਸਤਕਾਰੀ ਦੀ ਸਿਖਲਾਈ ਲਈ ਖੋਲ੍ਹੇ ਗਏ ਸਕੂਲਾਂ ਨੂੰ 'ਮਹਾਜਨੀ ਸਕੂਲ' ਕਿਹਾ ਜਾਂਦਾ ਸੀ।
5. ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਸਵਾਮੀ ਦਯਾ ਨੰਦ ਸਰਸਵਤੀ, ਈਸ਼ਵਰ ਚੰਦਰ ਵਿਦਿਆਸਾਗਰ, ਸ਼੍ਰੀ ਮਤੀ ਐਨੀ ਬੇਸੈਂਟ ਆਦਿ ਬਹੁਤ ਸਾਰੇ ਭਾਰਤੀ ਸੁਧਾਰਕਾਂ ਵੱਲੋਂ ਸਿੱਖਿਆ ਸੰਬੰਧੀ ਯਤਨ ਕੀਤੇ ਗਏ।
6. 1920 ਈ. ਵਿੱਚ ਅਲੀਗੜ੍ਹ ਮੁਸਲਿਮ ਵਿਸ਼ਵਵਿਦਿਆਲਾ ਸਥਾਪਤ ਕੀਤਾ ਗਿਆ।
7. ਮਹਾਤਮਾ ਗਾਂਧੀ ਜੀ ਨੇ ਸਕੂਲਾਂ ਦੇ ਵਿੱਚ ਕੰਮ ਕਾਰ ਰਾਹੀਂ ਸਿੱਖਿਆ ਦੇਣ ਤੇ ਜ਼ੋਰ ਦਿੱਤਾ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—**

1. ਭਾਰਤ ਵਿਚ ਨਵੀਂ ਸਿੱਖਿਆ ਪ੍ਰਣਾਲੀ ਕਿਸ ਨੇ ਸ਼ੁਰੂ ਕੀਤੀ ?
2. ਵੁੱਡ ਡਿਸਪੈਚ ਕਿਸ ਨੇ ਸ਼ੁਰੂ ਕੀਤਾ ?
3. ਮੁਸਲਿਮ ਐਂਗਲੋ ਓਰੀਐਂਟਲ ਕਾਲਜ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ ?
4. ਸਰ ਸੱਯਦ ਅਹਿਮਦ ਖਾਂ ਨੂੰ 'ਸਰ' ਦੀ ਉਪਾਧੀ ਕਦੋਂ ਮਿਲੀ ਅਤੇ ਉਹਨਾਂ ਦਾ ਦੇਹਾਂਤ ਕਦੋਂ ਹੋਇਆ ?
5. ਰਾਜਾ ਰਾਮ ਮੋਹਨ ਰਾਏ ਕਿਹੜੀਆਂ ਭਾਸ਼ਾਵਾਂ ਦੇ ਵਿਦਵਾਨ ਸਨ ?
6. ਈਸ਼ਵਰ ਚੰਦਰ ਵਿਦਿਆ ਸਾਗਰ ਨੇ ਕਿਹੜੀ ਪੁਸਤਕ ਲਿਖੀ ?
7. ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ।
8. ਆਧੁਨਿਕ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਹੇਠ ਲਿਖੇ ਵਿਦਵਾਨਾਂ ਦੇ ਯੋਗਦਾਨ ਬਾਰੇ ਲਿਖੋ ।
   (ੳ) ਰਾਜਾ ਰਾਮ ਮੋਹਨ ਰਾਏ (ਅ) ਸਵਾਮੀ ਦਯਾਨੰਦ ਸਰਸਵਤੀ
   (ੲ) ਸਵਾਮੀ ਵਿਵੇਕਾਨੰਦ (ਸ) ਈਸ਼ਵਰ ਚੰਦਰ ਵਿਦਿਆਸਾਗਰ।

**2. ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ—**

| | |
|---|---|
| 1. ਰਾਜਾ ਰਾਮ ਮੋਹਨ ਰਾਏ | (ੳ) ਨੇ ਬੰਗਾਲੀ ਭਾਸ਼ਾ ਵਿੱਚ "ਪ੍ਰੀਮਰ ਵਰਨਾ ਪ੍ਰੀਚਿਆ" ਨਾਮੀ ਕਿਤਾਬ ਲਿਖੀ। |
| 2. ਈਸ਼ਵਰ ਚੰਦਰ ਵਿਦਿਆਸਾਗਰ | (ਅ) ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ। |
| 3. ਸਵਾਮੀ ਵਿਵੇਕਾਨੰਦ ਨੇ | (ੲ) ਬੰਗਾਲੀ, ਫ਼ਾਰਸੀ, ਸੰਸਕ੍ਰਿਤ, ਉਰਦੂ, ਅੰਗਰੇਜ਼ੀ ਅਤੇ ਗਰੀਸ ਭਾਸ਼ਾਵਾਂ ਦੇ ਵਿਦਵਾਨ ਸਨ। |

**3. ਹੇਠ ਲਿਖੇ ਖਾਲੀ ਸਥਾਨ ਭਰੋ —**

1. ਸਰ ਸੱਯਦ ਅਹਿਮਦ ਖਾਂ ਨੇ ਅਲੀਗੜ੍ਹ ਵਿੱਚ ਮੁਹੰਮਡਨ ਐਂਗਲੋ ਉਰੀਐਂਟਲ .............. ਦੀ ਸਥਾਪਨਾ ਕੀਤੀ।
2. 1888 ਈ. ਵਿੱਚ ਸੱਯਦ ਅਹਿਮਦ ਖਾਂ ਨੂੰ .............. ਦੀ ਉਪਾਧੀ ਦਿੱਤੀ ਗਈ।
3. ਸਵਾਮੀ ਦਯਾਨੰਦ ਸਰਸਵਤੀ ਸਮੇਂ .............. ਵਿੱਚ ਕੰਨਿਆ ਮਹਾਂਵਿਦਿਆਲਾ ਸਥਾਪਤ ਕੀਤਾ ਗਿਆ।

**ਕੁਝ ਕਰਨ ਲਈ**

1. ਵਿਦਿਆਰਥੀ ਮਹਾਤਮਾ ਗਾਂਧੀ ਜੀ ਅਤੇ ਰਵਿੰਦਰ ਨਾਥ ਟੈਗੋਰ ਬਾਰੇ ਹੋਰ ਜਾਣਕਾਰੀ ਇਕੱਠਾ ਕਰਨ।



# ਪਾਠ 15 ਇਸਤਰੀਆਂ ਅਤੇ ਸੁਧਾਰ

19ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਸੀ। ਉਸ ਸਮੇਂ ਭਾਰਤ ਵਿੱਚ ਸਤੀ ਪ੍ਰਥਾ, ਲੜਕੀਆਂ ਦੀ ਹੱਤਿਆ ਕਰਨਾ, ਗੁਲਾਮੀ, ਪਰਦਾ ਪ੍ਰਥਾ, ਵਿਧਵਾ-ਵਿਆਹ ਦੀ ਮਨਾਹੀ ਤੇ ਬਹੁ-ਵਿਆਹ ਆਦਿ ਕੁਰੀਤੀਆਂ ਪ੍ਰਚਲਿਤ ਸਨ, ਜਿਨ੍ਹਾਂ ਨੂੰ ਖ਼ਤਮ ਕਰਨ ਲਈ 19ਵੀਂ ਸਦੀ ਵਿੱਚ ਧਾਰਮਿਕ-ਸਮਾਜਿਕ ਅੰਦੋਲਨ ਸ਼ੁਰੂ ਕੀਤੇ ਗਏ।

## ਇਸਤਰੀਆਂ ਦਾ ਸੁਧਾਰ ਕਰਨ ਲਈ ਅੰਦੋਲਨਾਂ ਦੀ ਲੋੜ

1. **ਲੜਕੀਆਂ ਦੀ ਹੱਤਿਆ ਕਰਨਾ :** ਉਸ ਸਮੇਂ ਲੜਕੀ ਦੇ ਜਨਮ ਨੂੰ ਬਦਸ਼ਗਨੀ ਸਮਝਿਆ ਜਾਂਦਾ ਸੀ ਕਿਉਂਕਿ ਲੜਕੀਆਂ ਦੀ ਸ਼ਾਦੀ ਕਰਨ ਲਈ ਬਹੁਤ ਜ਼ਿਆਦਾ ਧਨ ਖਰਚ ਕਰਨਾ ਪੈਂਦਾ ਸੀ ਜੋ ਕਿ ਆਮ ਆਦਮੀ ਨਹੀਂ ਕਰ ਸਕਦਾ ਸੀ। ਲੜਕੀਆਂ ਦੇ ਮਾਤਾ-ਪਿਤਾ ਨੂੰ ਆਪਣੀਆਂ ਲੜਕੀਆਂ ਲਈ ਯੋਗ ਵਰ ਲੱਭਣਾ ਮੁਸ਼ਕਲ ਹੋ ਜਾਂਦਾ ਸੀ। ਇਸ ਕਰਕੇ ਕਈ ਲੋਕ ਲੜਕੀਆਂ ਨੂੰ ਜਨਮ ਲੈਣ ਸਮੇਂ ਹੀ ਮਾਰ ਦਿੰਦੇ ਸਨ।
2. **ਬਾਲ ਵਿਆਹ :** ਛੋਟੀ ਉਮਰ ਵਿੱਚ ਹੀ ਲੜਕੇ ਅਤੇ ਲੜਕੀਆਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ, ਜਿਸ ਕਰਕੇ ਆਮ ਤੌਰ ਤੇ ਲੜਕੀਆਂ ਅਨਪੜ੍ਹ ਹੀ ਰਹਿ ਜਾਂਦੀਆਂ ਸਨ।
3. **ਸਤੀ ਪ੍ਰਥਾ :** ਜੇਕਰ ਕਿਸੇ ਇਸਤਰੀ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਨੂੰ ਜ਼ਬਰਦਸਤੀ ਉਸ ਦੇ ਪਤੀ ਦੀ ਚਿਤਾ ਦੇ ਨਾਲ ਜਿਉਂਦੀ ਨੂੰ ਹੀ ਜਲਾ ਦਿੱਤਾ ਜਾਂਦਾ ਸੀ।
4. **ਵਿਧਵਾ-ਵਿਆਹ ਦੀ ਮਨਾਹੀ :** ਸਮਾਜ ਵਲੋਂ ਵਿਧਵਾ-ਵਿਆਹ ਤੇ ਸਖ਼ਤ ਪਾਬੰਦੀ ਲਗਾਈ ਗਈ ਸੀ। ਵਿਧਵਾ ਔਰਤਾਂ ਦਾ ਸਮਾਜ ਵਿੱਚ ਨਿਰਾਦਰ ਕੀਤਾ ਜਾਂਦਾ ਸੀ। ਉਹਨਾਂ ਦੇ ਵਾਲ ਕੱਟ ਦਿੱਤੇ ਜਾਂਦੇ ਸਨ।
5. **ਪਰਦਾ ਪ੍ਰਥਾ :** ਪਰਦਾ ਪ੍ਰਥਾ ਅਨੁਸਾਰ ਇਸਤਰੀਆਂ ਹਮੇਸ਼ਾ ਪਰਦਾ ਕਰਕੇ ਰੱਖਦੀਆਂ ਸਨ। ਇਸ ਨਾਲ ਇਸਤਰੀਆਂ ਦੀ ਸਿਹਤ ਅਤੇ ਵਿਕਾਸ ਤੇ ਬੁਰਾ ਅਸਰ ਪੈਂਦਾ ਸੀ।
6. **ਦਹੇਜ਼ ਪ੍ਰਥਾ :** ਦਹੇਜ਼ ਪ੍ਰਥਾ ਅਨੁਸਾਰ ਵਿਆਹ ਸਮੇਂ ਲੜਕੀ ਨੂੰ ਦਹੇਜ਼ ਦਿੱਤਾ ਜਾਂਦਾ ਸੀ। ਗਰੀਬ ਲੋਕਾਂ ਨੂੰ ਆਪਣੀ ਲੜਕੀ ਨੂੰ ਦਹੇਜ਼ ਦੇਣ ਲਈ ਸ਼ਾਹੂਕਾਰਾਂ ਪਾਸੋਂ ਕਰਜ਼ਾ ਲੈਣਾ ਪੈਂਦਾ ਸੀ। ਇਸ ਕਰਕੇ ਕਈ ਵਾਰ ਲੜਕੀਆਂ ਆਤਮ-ਹੱਤਿਆ ਕਰ ਲੈਂਦੀਆਂ ਸਨ।
7. **ਇਸਤਰੀਆਂ ਨੂੰ ਅਨਪੜ੍ਹ ਰੱਖਣਾ :** ਲੜਕੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ ਸੀ। ਉਹਨਾਂ ਨੂੰ ਪੜ੍ਹਾਉਣਾ ਫ਼ਜ਼ੂਲ ਸਮਝਿਆ ਜਾਂਦਾ ਸੀ ਕਿਉਂਕਿ ਅਜਿਹਾ ਕਰਨਾ ਉਹਨਾਂ ਨੂੰ ਲੋੜ ਤੋਂ ਵੱਧ ਆਜ਼ਾਦੀ ਦੇਣਾ ਸੀ। ਲੜਕੀਆਂ ਨੂੰ ਪੜ੍ਹਾਉਣਾ ਸਮਾਜ ਲਈ ਵੀ ਹਾਨੀਕਾਰਕ ਸਮਝਿਆ ਜਾਂਦਾ ਸੀ।

8. **ਹਿੰਦੂ ਸਮਾਜ ਵਿੱਚ ਇਸਤਰੀਆਂ ਨੂੰ ਜਾਇਦਾਦ ਦਾ ਅਧਿਕਾਰ ਨਾ ਦੇਣਾ :** ਹਿੰਦੂ ਸਮਾਜ ਵਿੱਚ ਇਸਤਰੀਆਂ ਨੂੰ ਆਪਣੀ ਜੱਦੀ ਜਾਇਦਾਦ ਲੈਣ ਦਾ ਅਧਿਕਾਰ ਨਹੀਂ ਸੀ।


## ਬਹੁਤ ਸਾਰੇ ਸਮਾਜ ਸੁਧਾਰਕਾਂ ਨੇ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਹੇਠ ਲਿਖੇ ਕਾਰਨਾਂ ਕਰਕੇ ਵਿਸ਼ੇਸ਼ ਧਿਆਨ ਦਿੱਤਾ :

1. ਇਸਤਰੀ ਜ਼ਨਨੀ ਹੈ, ਕੋਈ ਵੀ ਸਮਾਜ ਨਾਰੀ ਦੀ ਉੱਨਤੀ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦਾ।
2. ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਇਸਤਰੀ ਨੂੰ ਸਿੱਖਿਆ ਦੇਣੀ ਜ਼ਰੂਰੀ ਹੈ।
3. ਸਮਾਜ ਵਿੱਚ ਫੈਲੀਆਂ ਬੁਰਾਈਆਂ ਤਾਂ ਹੀ ਦੂਰ ਹੋ ਸਕਦੀਆਂ ਹਨ ਜੇ ਇਸਤਰੀ ਦੀ ਦਸ਼ਾ ਸੁਧਾਰਨ ਲਈ ਠੋਸ ਕਦਮ ਚੁੱਕੇ ਜਾਣ।
4. ਇੱਕ ਵਿਕਸਤ ਦੇਸ਼ ਅਤੇ ਸਮਾਜ ਲਈ ਇਸਤਰੀਆਂ ਨੂੰ ਸਮਾਨਤਾ ਦਾ ਅਧਿਕਾਰ ਦੇਣਾ ਜ਼ਰੂਰੀ ਹੈ।
5. ਸਮਾਜ ਸੁਧਾਰਕ ਜਾਣਦੇ ਸਨ ਕਿ ਦੇਸ਼ ਵਿੱਚ ਇਸਤਰੀਆਂ ਦੀ ਜਨਸੰਖਿਆ ਕਾਫ਼ੀ ਹੋਣ ਕਰਕੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਘਰ ਅਤੇ ਸਮਾਜ ਵਿੱਚ ਇਸਤਰੀ ਨੂੰ ਬਣਦੇ ਹੱਕ ਅਤੇ ਸੁਤੰਤਰਤਾ ਦਿੱਤੀ ਜਾਵੇ।

ਸ਼ੁਰੂ ਵਿੱਚ ਸੰਚਾਰ ਦੇ ਸਾਧਨ ਸੀਮਤ ਹੋਣ ਕਾਰਣ ਆਮ ਲੋਕਾਂ ਤੱਕ ਸਮਾਜ ਸੁਧਾਰਕਾਂ ਦੇ ਵਿਚਾਰ ਨਹੀਂ ਪਹੁੰਚਦੇ ਸਨ। ਆਧੁਨਿਕ ਕਾਲ ਵਿੱਚ ਛਾਪੇਖਾਨੇ ਦੀ ਖੋਜ ਨਾਲ ਕਿਤਾਬਾਂ, ਅਖਬਾਰ, ਰਸਾਲੇ ਆਦਿ ਛਪਣੇ ਸ਼ੁਰੂ ਹੋ ਗਏ ਜੋ ਕਿ ਸਸਤੇ ਵੀ ਸਨ। ਇਨ੍ਹਾਂ ਰਾਹੀਂ ਆਮ ਭਾਸ਼ਾ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਦੂਸਰੇ ਦੇ ਵਿਚਾਰ ਸਮਝਣ ਦਾ ਮੌਕਾ ਮਿਲਿਆ। ਇਸ ਤਰ੍ਹਾਂ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ ਸੀ। ਸਮਾਜ ਸੁਧਾਰਕਾਂ ਵਲੋਂ, ਇਨ੍ਹਾਂ ਰਾਹੀਂ ਇਸਤਰੀ ਜਾਤੀ ਦੇ ਸੁਧਾਰ ਲਈ ਕੀਤੇ ਜਾ ਰਹੇ ਪ੍ਰਚਾਰ ਨੇ ਵੀ ਆਮ ਲੋਕਾਂ ਨੂੰ ਜਾਗਰੂਕ ਕੀਤਾ।

ਸਮਾਜ ਵਿੱਚ ਇਸਤਰੀਆਂ ਦਾ ਸੁਧਾਰ ਕਰਨ ਲਈ ਯੋਗਦਾਨ ਦੇਣ ਵਾਲੇ ਪ੍ਰਮੁੱਖ ਸੁਧਾਰਕਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ :

1. **ਰਾਜਾ ਰਾਮ ਮੋਹਨ ਰਾਏ (1772-1833) ਅਤੇ ਬ੍ਰਹਮੋ ਸਮਾਜ :** ਰਾਜਾ ਰਾਮ ਮੋਹਨ ਰਾਏ 19ਵੀਂ ਸਦੀ ਦੇ ਮਹਾਨ ਸਮਾਜ ਸੁਧਾਰਕ ਸਨ। ਉਹਨਾਂ ਅਨੁਸਾਰ ਸਮਾਜ ਉਦੋਂ ਤੱਕ ਉੱਨਤੀ ਨਹੀਂ ਕਰ ਸਕਦਾ ਜਦੋਂ ਤੱਕ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾਂਦੇ। ਉਨ੍ਹਾਂ ਦੇ ਭਰਾ ਜਗਮੋਹਨ ਦੀ ਮੌਤ ਪਿੱਛੋ ਉਸ ਦੀ ਪਤਨੀ ਨੂੰ ਜਬਰਦਸਤੀ ਸਤੀ ਕਰ ਦਿੱਤਾ। ਇਸ ਘਟਨਾ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਨਵਾਂ ਮੋੜ ਲਿਆਂਦਾ। ਉਹਨਾਂ ਨੇ ਸਮਾਜ ਵਿੱਚੋਂ ਸਤੀ ਪ੍ਰਥਾ ਖ਼ਤਮ ਕਰਨ ਲਈ ਪ੍ਰਚਾਰ ਕੀਤਾ। ਉਹਨਾਂ ਦੀਆਂ ਦਲੀਲਾਂ ਅਤੇ ਯਤਨਾਂ ਦੇ ਸਿੱਟੇ ਵਜੋਂ ਸਰਕਾਰ ਨੇ 1829 ਈ. ਵਿੱਚ ਸਤੀ ਪ੍ਰਥਾ ਤੇ ਕਾਨੂੰਨ ਰਾਹੀਂ ਪਾਬੰਦੀ ਲਗਾ ਦਿੱਤੀ। ਤਾਂ ਉਹਨਾਂ ਨੇ ਇਸਤਰੀਆਂ ਦੀ



*ਰਾਜਾ ਰਾਮ ਮੋਹਨ ਰਾਏ*

ਭਲਾਈ ਕਰਨ ਲਈ ਲੇਖ ਲਿਖੇ। ਉਹਨਾਂ ਨੇ ਬਾਲ-ਵਿਆਹ, ਬਹੁ-ਵਿਆਹ, ਪਰਦਾ-ਪ੍ਰਥਾ ਦੀ ਨਿਖੇਧੀ ਕੀਤੀ। ਉਹਨਾਂ ਨੇ ਕੁੜੀਆਂ ਦੀ ਹੱਤਿਆ ਕਰਨ ਦਾ ਵਿਰੋਧ ਕੀਤਾ। ਉਹ ਵਿਧਵਾ-ਵਿਆਹ ਦੇ ਹੱਕ ਵਿੱਚ ਸਨ। ਉਹਨਾਂ ਨੇ ਇਸਤਰੀਆਂ ਨੂੰ ਜੱਦੀ ਜਾਇਦਾਦ ਵਿੱਚੋਂ ਹਿੱਸਾ ਦੇਣ ਬਾਰੇ ਵੀ ਪ੍ਰਚਾਰ ਕੀਤਾ। ਉਹ ਅੰਗਰੇਜ਼ੀ ਭਾਸ਼ਾ ਵਿੱਚ ਸਿੱਖਿਆ ਦੇਣ ਦੇ ਵੀ ਹੱਕ ਵਿੱਚ ਸਨ।

**ਈਸ਼ਵਰ ਚੰਦਰ ਵਿਦਿਆ ਸਾਗਰ :** ਈਸ਼ਵਰ ਚੰਦਰ ਵਿਦਿਆ ਸਾਗਰ ਇੱਕ ਹੋਰ ਸਮਾਜ ਸੁਧਾਰਕ ਸੀ। ਉਹਨਾਂ ਨੇ ਲੜਕੀਆਂ ਨੂੰ ਪੜ੍ਹਾਉਣ ਲਈ ਆਪਣੇ ਖਰਚੇ ਤੇ ਬੰਗਾਲ ਵਿੱਚ ਲਗਭਗ 25 ਸਕੂਲ ਸਥਾਪਤ ਕੀਤੇ। ਉਹਨਾਂ ਨੇ ਵਿਧਵਾ-ਵਿਆਹ ਸਬੰਧੀ ਸੰਘਰਸ਼ ਸ਼ੁਰੂ ਕੀਤਾ। ਉਹਨਾਂ ਨੇ 1855-60 ਈ. ਦੌਰਾਨ ਲਗਭਗ 25 ਵਿਧਵਾ-ਵਿਆਹ ਕਰਵਾਏ। ਉਹਨਾਂ ਨੇ ਬਾਲ-ਵਿਆਹ ਦਾ ਖੰਡਨ ਕੀਤਾ। ਉਹਨਾਂ ਦੇ ਯਤਨਾਂ ਸਦਕਾ 1856 ਈ. ਵਿੱਚ ਹਿੰਦੂ ਵਿਧਵਾ-ਵਿਆਹ ਕਾਨੂੰਨ ਪਾਸ ਕੀਤਾ ਗਿਆ।

**ਆਰੀਆ ਸਮਾਜ ਅਤੇ ਸਵਾਮੀ ਦਯਾਨੰਦ ਸਰਸਵਤੀ ਜੀ ਦੁਆਰਾ ਕੀਤੇ ਗਏ ਕਾਰਜ :** ਸਵਾਮੀ ਦਯਾਨੰਦ ਸਰਸਵਤੀ ਜੀ ਨੇ **ਬਾਲ-ਵਿਆਹ** ਦਾ ਵਿਰੋਧ ਕੀਤਾ। ਉਹ ਵਿਧਵਾ-ਵਿਆਹ ਦੇ ਹੱਕ ਵਿੱਚ ਸਨ। ਉਹਨਾਂ ਨੇ ਵਿਧਵਾ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਵਿਧਵਾ ਆਸ਼ਰਮ ਸਥਾਪਿਤ ਕੀਤੇ। ਆਰੀਆ ਸਮਾਜ ਨੇ ਸਤੀ ਪ੍ਰਥਾ ਅਤੇ ਦਹੇਜ਼ ਪ੍ਰਥਾ ਦਾ ਖੰਡਨ ਕੀਤਾ। ਬੇਸਹਾਰਾ ਲੜਕੀਆਂ ਨੂੰ ਸਿਲਾਈ-ਕਢਾਈ ਦੇ ਕੰਮ ਦੀ ਸਿਖਲਾਈ ਦੇਣ ਲਈ ਬਹੁਤ ਸਾਰੇ ਕੇਂਦਰ ਸਥਾਪਤ ਕੀਤੇ। ਉਹਨਾਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਲੜਕੀਆਂ ਦੀ ਸਿੱਖਿਆ ਲਈ ਸਕੂਲ ਸਥਾਪਤ ਕੀਤੇ ਗਏ।



*ਸਵਾਮੀ ਦਯਾਨੰਦ ਸਰਸਵਤੀ*

**ਸਰ ਸੱਯਦ ਅਹਿਮਦ ਖਾਂ ਦੇ ਕਾਰਜ :**



*ਸਰ ਸੱਯਦ ਅਹਿਮਦ ਖਾਂ*

ਸਰ ਸੱਯਦ ਅਹਿਮਦ ਖਾਂ ਮੁਸਲਿਮ ਸਮਾਜ ਦਾ ਸੁਧਾਰ ਕਰਨਾ ਚਾਹੁੰਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਸਮਾਜ ਖੁਸ਼ਹਾਲ ਤਾਂ ਹੀ ਬਣ ਸਕਦਾ ਸੀ ਜੇਕਰ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਸਮਝਿਆ ਜਾਵੇ। ਉਹਨਾਂ ਨੇ ਤਲਾਕ ਪ੍ਰਥਾ, ਬਾਲ-ਵਿਆਹ, ਪਰਦਾ ਪ੍ਰਥਾ ਦਾ ਵੀ ਖੰਡਨ ਕੀਤਾ। ਉਹ ਸਮਾਜ ਵਿੱਚ ਪ੍ਰਚਲਿਤ ਗ਼ੁਲਾਮੀ ਦੀ ਪ੍ਰਥਾ ਨੂੰ ਚੰਗਾ ਨਹੀਂ ਸਮਝਦੇ ਸਨ। ਉਹਨਾਂ ਨੇ ਸਮਾਜ ਵਿੱਚਲੀਆਂ ਬੁਰਾਈਆਂ ਨੂੰ ਖ਼ਤਮ ਕਰਨ ਲਈ **ਤਹਿਜ਼ੀਬ-ਉਲ-ਅਖਲਾਕ** ਨਾਂ ਦਾ ਅਖ਼ਬਾਰ ਕੱਢਿਆ। ਸਰ ਸੱਯਦ ਅਹਿਮਦ ਖਾਂ ਧਾਰਮਿਕ ਸਿੱਖਿਆ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਸਨ। 1862 ਈ. ਵਿੱਚ ਉਹਨਾਂ ਨੇ ਵਿਗਿਆਨ ਦੇ ਗ੍ਰੰਥ ਦਾ ਉਰਦੂ ਵਿੱਚ ਅਨੁਵਾਦ ਕਰਨ ਲਈ ਸਾਈਂਟੀਫਿਕ ਸੋਸਾਇਟੀ ਦੀ ਅਲੀਗੜ੍ਹ ਵਿਖੇ ਸਥਾਪਨਾ ਕਰਵਾਈ। 1874 ਈ. ਵਿੱਚ ਸਰ ਸੱਯਦ ਅਹਿਮਦ ਖਾਂ ਨੇ ਅਲੀਗੜ੍ਹ ਵਿਖੇ **ਮੁਸਲਿਮ-ਐਂਗਲੋ-ਓਰੀਐਂਟਲ** ਸਕੂਲ ਸਥਾਪਤ ਕੀਤਾ ਅਤੇ 1878 ਈ. ਵਿੱਚ **ਮੁਸਲਿਮ ਐਂਗਲੋ-ਓਰੀਐਂਟਲ ਕਾਲਜ** ਵੀ ਖੋਲ੍ਹ ਦਿੱਤਾ। 1920 ਈ. ਵਿੱਚ ਇਹ ਕਾਲਜ **ਅਲੀਗੜ੍ਹ ਮੁਸਲਿਮ ਯੂਨੀਵਰਸਿਟੀ** ਬਣਾ ਦਿੱਤਾ ਗਿਆ।

**ਸਵਾਮੀ ਵਿਵੇਕਾਨੰਦ ਅਤੇ ਰਾਮਾ ਕ੍ਰਿਸ਼ਨ ਮਿਸ਼ਨ :** 1897 ਈ. ਵਿੱਚ ਸਵਾਮੀ ਵਿਵੇਕਾਨੰਦ ਨੇ ਆਪਣੇ ਗੁਰੂ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਦੀ ਯਾਦ ਵਿੱਚ ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ ਸੀ। ਉਹ ਔਰਤਾਂ ਨੂੰ

ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਜਾਣ ਦੇ ਪੱਖ ਵਿੱਚ ਸਨ। ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਜਿਵੇਂ ਕਿ ਲੜਕੀਆਂ ਦੀ ਹੱਤਿਆ ਕਰਨਾ, ਬਾਲ ਵਿਆਹ, ਦਹੇਜ਼ ਪ੍ਰਥਾ ਆਦਿ ਦਾ ਵਿਰੋਧ ਕੀਤਾ। ਉਹ ਵਿਧਵਾ-ਵਿਆਹ ਦੇ ਪੱਖ ਵਿੱਚ ਸਨ। ਉਹਨਾਂ ਨੇ ਇਸਤਰੀ-ਸਿੱਖਿਆ ਦਾ ਪ੍ਰਚਾਰ ਕੀਤਾ ਅਤੇ ਕਈ ਸਕੂਲ ਅਤੇ ਲਾਇਬ੍ਰੇਰੀਆਂ ਸਥਾਪਤ ਕੀਤੀਆਂ।



*ਸਵਾਮੀ ਵਿਵੇਕਾਨੰਦ*

**ਕੇਸ਼ਵ ਚੰਦਰ ਸੇਨ ਦਾ ਯੋਗਦਾਨ :** ਕੇਸ਼ਵ ਚੰਦਰ ਸੇਨ ਬ੍ਰਹਮੋ ਸਮਾਜ ਦੇ ਇੱਕ ਹੋਰ ਪ੍ਰਸਿੱਧ ਆਗੂ ਸਨ। ਉਹ 1857 ਈ. ਵਿੱਚ ਬ੍ਰਹਮੋ ਸਮਾਜ ਵਿੱਚ ਸ਼ਾਮਲ ਹੋਏ ਸਨ। 1860 ਈ. ਵਿੱਚ ਉਹਨਾਂ ਨੇ ਸੰਗਤ ਸਭਾ ਸਥਾਪਤ ਕੀਤੀ ਜਿਸ ਵਿੱਚ ਧਰਮ ਸੰਬੰਧੀ ਮਾਮਲਿਆਂ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ। ਕੇਸ਼ਵ ਚੰਦਰ ਸੇਨ ਨੇ ਇਸਤਰੀ-ਸਿੱਖਿਆ ਅਤੇ ਵਿਧਵਾ ਪੁਨਰ-ਵਿਆਹ ਦੇ ਹੱਕ ਵਿੱਚ ਪ੍ਰਚਾਰ ਕੀਤਾ। ਉਹਨਾਂ ਨੇ ਬਾਲ-ਵਿਆਹ ਅਤੇ ਬਹੁ-ਵਿਆਹ ਆਦਿ ਪ੍ਰਥਾਵਾਂ ਦੀ ਸਖ਼ਤ ਨਿੰਦਿਆ ਕੀਤੀ। ਕੇਸ਼ਵ ਚੰਦਰ ਸੇਨ ਦੀ ਕੋਸ਼ਿਸ਼ ਕਾਰਨ 1872 ਈ. ਵਿੱਚ ਸਰਕਾਰ ਨੇ ਕਾਨੂੰਨ ਪਾਸ ਕਰਕੇ ਦੂਸਰੇ ਵਿਆਹ ਤੇ ਪਾਬੰਦੀ ਲਗਾ ਦਿੱਤੀ।

**ਸ਼੍ਰੀ ਮਤੀ ਐਨੀ ਬੇਸੈਂਟ ਅਤੇ ਥਿਓਸੋਫੀਕਲ ਸੋਸਾਇਟੀ ਦੀ ਦੇਣ :** ਸ਼੍ਰੀ ਮਤੀ ਐਨੀ ਬੇਸੈਂਟ 1886 ਈ. ਵਿੱਚ ਇੰਗਲੈਂਡ ਵਿੱਚ ਥਿਓਸੋਫੀਕਲ ਸੋਸਾਇਟੀ ਵਿੱਚ ਸ਼ਾਮਲ ਹੋਈ। ਉਹ 1893 ਈ. ਵਿੱਚ ਭਾਰਤ ਆਈ। ਥਿਓਸੋਫੀਕਲ ਸੋਸਾਇਟੀ ਨੇ ਅਨੇਕਾਂ ਸਮਾਜਿਕ ਸੁਧਾਰ ਵੀ ਕੀਤੇ। ਬਾਲ ਵਿਆਹ ਅਤੇ ਜਾਤੀ ਪ੍ਰਥਾ ਦਾ ਵਿਰੋਧ ਕੀਤਾ। ਇਸ ਨੇ ਨੀਵੀਂ ਜਾਤੀ ਦੇ ਲੋਕਾਂ ਅਤੇ ਵਿਧਵਾ ਇਸਤਰੀਆਂ ਦੀ ਭਲਾਈ ਲਈ ਯਤਨ ਕੀਤੇ। ਸੋਸਾਇਟੀ ਨੇ ਸਿੱਖਿਆ ਦਾ ਵਿਕਾਸ ਕਰਨ ਲਈ ਥਾਂ-ਥਾਂ ਤੇ ਲੜਕੇ ਅਤੇ ਲੜਕੀਆਂ ਲਈ ਸਕੂਲ ਖੋਲ੍ਹੇ। 1898 ਈ. ਵਿੱਚ ਬਨਾਰਸ ਵਿਖੇ ਸੈਂਟਰਲ ਹਿੰਦੂ ਕਾਲਜ ਸਥਾਪਤ ਕੀਤਾ ਗਿਆ, ਜਿੱਥੇ ਹਿੰਦੂ ਧਰਮ ਦੀ ਸਿੱਖਿਆ ਦੇ ਨਾਲ-ਨਾਲ ਦੂਜੇ ਧਰਮਾਂ ਦੀ ਵੀ ਸਿੱਖਿਆ ਦਿੱਤੀ ਜਾਂਦੀ ਸੀ।



*ਸ਼੍ਰੀ ਮਤੀ ਐਨੀ ਬੇਸੈਂਟ*

**ਪੰਜਾਬ ਵਿਚ ਸੁਧਾਰ ਲਹਿਰ :** ਭਾਰਤ ਦੇ ਹੋਰ ਭਾਗਾਂ ਦੀ ਤਰ੍ਹਾਂ ਪੰਜਾਬ ਵਿੱਚ ਵੀ ਬਹੁਤ ਸਾਰੀਆਂ ਬੁਰਾਈਆਂ ਪ੍ਰਚਲਿਤ ਸਨ। ਪੰਜਾਬ ਵਿਚ ਇਹਨਾਂ ਬੁਰਾਈਆਂ ਨੂੰ ਦੂਰ ਕਰਨ ਲਈ ਨਿਰੰਕਾਰੀ, ਨਾਮਧਾਰੀ ਅਤੇ ਸਿੰਘ ਸਭਾ ਲਹਿਰਾਂ ਸ਼ੁਰੂ ਹੋਈਆਂ।

1. **ਨਿਰੰਕਾਰੀ ਅੰਦੋਲਨ ਅਤੇ ਬਾਬਾ ਦਿਆਲ ਜੀ :** ਨਿਰੰਕਾਰੀ ਅੰਦੋਲਨ ਦੇ ਸੰਸਥਾਪਕ ਬਾਬਾ ਦਿਆਲ ਜੀ ਸਨ । ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਬਾਲ-ਵਿਆਹ, ਦਹੇਜ਼ ਪ੍ਰਥਾ ਅਤੇ ਸਤੀ ਪ੍ਰਥਾ ਆਦਿ ਬੁਰਾਈਆਂ ਦਾ ਵਿਰੋਧ ਕੀਤਾ । ਉਹ ਵਿਧਵਾ-ਵਿਆਹ ਦੇ ਹੱਕ ਵਿਚ ਸਨ ।



*ਸ੍ਰੀ ਸਤਿਗੁਰੂ ਰਾਮ ਸਿੰਘ ਜੀ*

2. **ਨਾਮਧਾਰੀ ਅੰਦੋਲਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ :** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ (ਲੁਧਿਆਣਾ) ਵਿਖੇ **ਨਾਮਧਾਰੀ ਲਹਿਰ** ਦੀ ਸਥਾਪਨਾ ਕੀਤੀ। ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਬਾਲ-ਵਿਆਹ, ਕੰਨਿਆ ਹੱਤਿਆ, ਦਹੇਜ਼ ਪ੍ਰਥਾ ਅਤੇ ਜਾਤੀ ਭੇਦਭਾਵ ਆਦਿ ਬੁਰਾਈਆਂ ਦਾ ਜ਼ੋਰਦਾਰ ਵਿਰੋਧ ਕੀਤਾ।

ਉਹਨਾਂ ਨੇ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਉਹਨਾਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਦੇਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਵਿਆਹ ਸਮੇਂ ਕੀਤੇ ਜਾਂਦੇ ਫਜ਼ੂਲ ਖ਼ਰਚੇ ਅਤੇ ਦਹੇਜ਼ ਪ੍ਰਥਾ ਦਾ ਖੰਡਨ ਕੀਤਾ। 3 ਜੂਨ 1863 ਈ. ਨੂੰ ਉਹਨਾਂ ਨੇ ਵਿਆਹ ਦੀ ਇੱਕ ਪ੍ਰਣਾਲੀ ਚਲਾਈ ਜਿਸ ਨੂੰ **ਆਨੰਦ ਵਿਆਹ** ਦਾ ਨਾਂ ਦਿੱਤਾ ਗਿਆ। ਇਸ ਪ੍ਰਣਾਲੀ ਅਨੁਸਾਰ ਸਿਰਫ ਸਵਾ ਰੁਪਏ ਵਿੱਚ ਵਿਆਹ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਹੈ।

3. **ਸਿੰਘ ਸਭਾ ਅੰਦੋਲਨ** : ਸਿੱਖ ਧਰਮ ਅਤੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਖ਼ਤਮ ਕਰਨ ਲਈ ਅਕਤੂਬਰ 1873 ਈ. ਨੂੰ ਮੰਜੀ ਸਾਹਿਬ (ਅੰਮ੍ਰਿਤਸਰ) ਵਿਖੇ ਸਿੰਘ ਸਭਾ ਲਹਿਰ ਦੀ ਨੀਂਹ ਰੱਖੀ ਗਈ। **ਸਰਦਾਰ ਠਾਕੁਰ ਸਿੰਘ ਸੰਧਾਵਾਲੀਆ** ਨੂੰ ਇਸ ਦਾ ਪ੍ਰਧਾਨ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿਣ ਵਾਲੇ ਸਿੱਖ ਸਿੰਘ ਸਭਾ ਦੇ ਮੈਂਬਰ ਬਣ ਸਕਦੇ ਸਨ। 1879 ਈ. ਵਿੱਚ ਲਾਹੌਰ ਵਿਖੇ ਸਿੰਘ ਸਭਾ ਲਹਿਰ ਦੀ ਇੱਕ ਹੋਰ ਸ਼ਾਖਾ ਸਥਾਪਿਤ ਕੀਤੀ ਗਈ। ਇਸ ਦਾ ਪ੍ਰਧਾਨ ਪ੍ਰੋ: ਗੁਰਮੁੱਖ ਸਿੰਘ ਨੂੰ ਬਣਾਇਆ ਗਿਆ। ਹੌਲੀ-ਹੌਲੀ ਪੰਜਾਬ ਵਿੱਚ ਬਹੁਤ ਸਾਰੀਆਂ ਸਿੰਘ ਸਭਾਵਾਂ ਸਥਾਪਤ ਹੋ ਗਈਆਂ।

ਸਿੰਘ ਸਭਾ ਲਹਿਰ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਦੇਣ ਲਈ ਜ਼ੋਰਦਾਰ ਪ੍ਰਚਾਰ ਕੀਤਾ। ਇਸ ਲਹਿਰ ਨੇ ਸਮਾਜ ਵਿੱਚ ਪ੍ਰਚਲਿਤ ਪਰਦਾ ਪ੍ਰਥਾ, ਬਾਲ-ਵਿਆਹ, ਬਹੁ-ਵਿਆਹ ਅਤੇ ਵਿਧਵਾ-ਵਿਆਹ ਦੀ ਮਨਾਹੀ ਆਦਿ ਬੁਰਾਈਆਂ ਦੀ ਨਿੰਦਾ ਕੀਤੀ। ਸਿੰਘ ਸਭਾ ਨੇ ਵਿਧਵਾ ਇਸਤਰੀਆਂ ਦੀ ਦੇਖ-ਭਾਲ ਲਈ ਵਿਧਵਾ ਆਸ਼ਰਮ ਸਥਾਪਤ ਕੀਤੇ।

ਸਿੰਘ ਸਭਾ ਨੇ ਇਸਤਰੀ-ਸਿੱਖਿਆ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਸਿੱਖ ਕੰਨਿਆ ਮਹਾਂਵਿਦਿਆਲਾ, ਫਿਰੋਜ਼ਪੁਰ, ਖਾਲਸਾ ਭੁਜੰਗ ਸਕੂਲ ਕੈਰੋਂ ਅਤੇ ਵਿਦਿਆ ਭੰਡਾਰ ਭਸੌੜ ਆਦਿ ਪ੍ਰਸਿੱਧ ਕੰਨਿਆ ਵਿਦਿਆਲੇ ਸਨ, ਜੋ ਸਭ ਤੋਂ ਪਹਿਲਾਂ ਸਿੰਘ ਸਭਾ ਅਧੀਨ ਸਥਾਪਤ ਹੋਏ।

4. **ਅਹਿਮਦੀਆ ਲਹਿਰ** : 1853 ਈ. ਵਿੱਚ ਮਿਰਜ਼ਾ ਗੁਲਾਮ ਅਹਿਮਦ ਨੇ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਅਹਿਮਦੀਆ ਲਹਿਰ ਦੀ ਨੀਂਹ ਰੱਖੀ। ਉਹਨਾਂ ਨੇ ਇਸਲਾਮ ਧਰਮ ਦੇ ਝੂਠੇ ਰੀਤੀ-ਰਿਵਾਜ਼, ਅੰਧ-ਵਿਸ਼ਵਾਸ ਅਤੇ ਕਰਮਕਾਂਡਾਂ ਦਾ ਤਿਆਗ ਕਰਨ ਦਾ ਪ੍ਰਚਾਰ ਕੀਤਾ। ਉਹਨਾਂ ਨੇ ਧਾਰਮਿਕ ਸਿੱਖਿਆ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦਾ ਸਮਰਥਨ ਕੀਤਾ। ਉਹਨਾਂ ਨੇ ਕਈ ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਕੀਤੀ।

## ਮਹਾਂਰਾਸ਼ਟਰ ਦੀ ਇਸਤਰੀਆਂ ਦੀ ਦਸ਼ਾ ਸੁਧਾਰਨ ਸੰਬੰਧੀ ਦੇਣ

(1) **ਪਰਮਹੰਸ ਸਭਾ** : 19ਵੀਂ ਸਦੀ ਵਿੱਚ ਮਹਾਂਰਾਸ਼ਟਰ ਦੇ ਸਮਾਜ ਸੁਧਾਰਕਾਂ ਨੇ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਲਈ ਅੰਦੋਲਨ ਸ਼ੁਰੂ ਕੀਤੇ। 1849 ਈ. ਵਿੱਚ **ਪਰਮਹੰਸ ਮੰਡਲੀ** ਦੀ ਸਥਾਪਨਾ ਕੀਤੀ ਗਈ। ਇਸ ਨੇ ਬੰਬਈ (ਮੁੰਬਈ) ਵਿੱਚ ਧਾਰਮਿਕ-ਸਮਾਜਿਕ ਸੁਧਾਰ ਅੰਦੋਲਨ ਸ਼ੁਰੂ ਕੀਤੇ। ਇਸ ਦਾ ਮੁੱਖ ਉਦੇਸ਼ ਮੂਰਤੀ-ਪੂਜਾ ਅਤੇ ਜਾਤੀ-ਪ੍ਰਥਾ ਦਾ ਵਿਰੋਧ ਕਰਨਾ ਸੀ। ਇਸ ਸਭਾ ਨੇ ਇਸਤਰੀ-ਸਿੱਖਿਆ ਦੇ ਲਈ ਕਈ ਸਕੂਲਾਂ ਦੀ ਸਥਾਪਨਾ ਕੀਤੀ। ਇਸ ਨੇ ਰਾਤ ਨੂੰ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਦੀ ਵੀ ਸਥਾਪਨਾ ਕੀਤੀ। ਜੋਤੀਬਾ ਫੂਲੇ ਨੇ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਨੀਵੀਂ ਜਾਤੀ ਦੀਆਂ ਲੜਕੀਆਂ ਲਈ ਪੂਨੇ ਵਿਖੇ ਇੱਕ ਸਕੂਲ ਖੋਲਿਆ। ਉਹਨਾਂ ਨੇ ਵਿਧਵਾ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੋਸ਼ਿਸ਼ ਕੀਤੀ। 1856 ਈ. ਵਿੱਚ ਸਰਕਾਰ ਨੇ ਵਿਧਵਾ ਪੁਨਰ-ਵਿਆਹ ਐਕਟ ਪਾਸ ਕਰ ਦਿੱਤਾ ਸੀ। ਉਹਨਾਂ ਨੇ ਵਿਧਵਾ ਇਸਤਰੀਆਂ ਦੇ ਬੱਚਿਆਂ ਲਈ ਇੱਕ ਯਤੀਮ ਖਾਨਾ ਖੋਲਿਆ ਸੀ। ਮਹਾਂਰਾਸ਼ਟਰ ਦੇ ਇੱਕ ਹੋਰ ਪ੍ਰਸਿੱਧ ਸਮਾਜ ਸੁਧਾਰਕ **ਗੋਪਾਲ ਹਰੀ ਦੇਸ਼ਮੁੱਖ** ਸਨ ਜਿਹੜੇ ਕਿ **ਲੋਕ ਹਿਤਕਾਰੀ** ਦੇ ਨਾਮ ਨਾਲ ਪ੍ਰਸਿੱਧ

ਸਨ। ਉਹਨਾਂ ਨੇ ਸਮਾਜਿਕ ਬੁਰਾਈਆਂ ਦਾ ਖੰਡਨ ਕਰਕੇ, ਸੁਧਾਰਾਂ ਦਾ ਪ੍ਰਚਾਰ ਕੀਤਾ।

(2) **ਪ੍ਰਾਰਥਨਾ ਸਮਾਜ :** 1867 ਈ. ਵਿੱਚ ਮਹਾਂਰਾਸ਼ਟਰ ਵਿੱਚ **ਪ੍ਰਾਰਥਨਾ ਸਮਾਜ** ਦੀ ਸਥਾਪਨਾ ਕੀਤੀ ਗਈ। ਮਹਾਂਦੇਵ ਗੋਬਿੰਦ ਰਾਨਾਡੇ ਅਤੇ ਰਾਮ ਕ੍ਰਿਸ਼ਨ ਗੋਪਾਲ ਭੰਡਾਰਕਰ ਇਸ ਸਮਾਜ ਦੇ ਪ੍ਰਸਿੱਧ ਆਗੂ ਸਨ। ਉਹਨਾਂ ਨੇ ਜਾਤੀ ਪ੍ਰਥਾ, ਬਾਲ-ਵਿਆਹ ਦਾ ਵਿਰੋਧ ਕੀਤਾ। ਉਹ ਵਿਧਵਾ ਪੁਨਰ-ਵਿਆਹ ਦੇ ਪੱਖ ਵਿੱਚ ਸਨ ਅਤੇ ਉਹਨਾਂ ਨੇ ਵਿਧਵਾ ਵਿਆਹ ਸੰਘ ਦੀ ਸਥਾਪਨਾ ਕੀਤੀ। ਉਹਨਾਂ ਨੇ ਹੋਰ ਸਥਾਨਾਂ ਤੇ ਸਿੱਖਿਆ ਸੰਸਥਾਵਾਂ ਅਤੇ ਅਨਾਥ ਆਸ਼ਰਮ ਖੋਲ੍ਹੇ। ਉਹਨਾਂ ਦੇ ਯਤਨਾਂ ਕਰਕੇ 1884 ਈ. ਵਿੱਚ ਦੱਕਨ ਸਿੱਖਿਆ ਸੋਸਾਇਟੀ ਦੀ ਸਥਾਪਨਾ ਕੀਤੀ ਗਈ, ਜਿਸ ਨੇ ਪੂਨਾ ਵਿਖੇ ਦੱਕਨ ਕਾਲਜ ਦੀ ਸਥਾਪਨਾ ਕੀਤੀ।

## ਸੁਧਾਰ ਅੰਦੋਲਨਾਂ ਦਾ ਪ੍ਰਭਾਵ

ਭਾਰਤੀ ਸੁਧਾਰਕਾਂ ਦੇ ਯਤਨਾਂ ਕਾਰਨ ਸਰਕਾਰ ਨੇ ਸਮਾਜਿਕ ਬੁਰਾਈਆਂ ਤੇ ਕਾਨੂੰਨੀ ਤੌਰ 'ਤੇ ਪਾਬੰਦੀ ਲਗਾ ਦਿੱਤੀ। ਇਸਤਰੀਆਂ ਦੀ ਦਸ਼ਾ ਸੁਧਾਰਨ ਵਿੱਚ ਇਹਨਾਂ ਨੇ ਵਿਸ਼ੇਸ਼ ਯੋਗਦਾਨ ਦਿੱਤਾ।

1. 1795 ਈ. ਅਤੇ 1804 ਈ. ਵਿੱਚ ਕਾਨੂੰਨ ਪਾਸ ਕਰਕੇ ਕੰਨਿਆ ਦੀ ਹੱਤਿਆ ਕਰਨ ਤੇ ਪਾਬੰਦੀ ਲਗਾ ਦਿੱਤੀ।
2. 1829 ਈ. ਵਿੱਚ ਲਾਰਡ ਵਿਲੀਅਮ ਬੈਂਟਿੰਕ ਨੇ ਕਾਨੂੰਨ ਰਾਹੀਂ ਸਤੀ-ਪ੍ਰਥਾ ਤੇ ਪਾਬੰਦੀ ਲਗਾ ਦਿੱਤੀ।
3. ਸਰਕਾਰ ਨੇ 1843 ਈ. ਵਿੱਚ ਇੱਕ ਕਾਨੂੰਨ ਪਾਸ ਕਰਕੇ ਭਾਰਤ ਵਿੱਚ ਦਾਜ ਪ੍ਰਥਾ ਖ਼ਤਮ ਕਰ ਦਿੱਤੀ।
4. ਬੰਗਾਲ ਦੇ ਮਹਾਨ ਸਮਾਜ ਸੁਧਾਰਕ ਈਸ਼ਵਰ ਚੰਦਰ ਵਿਦਿਆ ਸਾਗਰ ਦੇ ਯਤਨਾਂ ਨਾਲ 1856 ਈ. ਵਿੱਚ ਵਿਧਵਾ ਪੁਨਰ-ਵਿਆਹ ਨੂੰ ਕਾਨੂੰਨ ਦੁਆਰਾ ਮਾਨਤਾ ਦੇ ਦਿੱਤੀ ਗਈ।
5. ਸਰਕਾਰ ਨੇ 1860 ਈ. ਵਿੱਚ ਇੱਕ ਕਾਨੂੰਨ ਪਾਸ ਕਰਕੇ ਲੜਕੀਆਂ ਲਈ ਵਿਆਹ ਦੀ ਉਮਰ ਘੱਟ ਤੋਂ ਘੱਟ 10 ਸਾਲ ਨਿਸ਼ਚਿਤ ਕੀਤੀ। 1929 ਈ. ਵਿੱਚ ਸ਼ਾਰਦਾ ਐਕਟ ਅਨੁਸਾਰ ਲੜਕਿਆਂ ਦੇ ਵਿਆਹ ਕਰਨ ਲਈ ਘੱਟੋ-ਘੱਟ 16 ਸਾਲ ਅਤੇ ਲੜਕੀਆਂ ਦੀ 14 ਸਾਲ ਉਮਰ ਨਿਸ਼ਚਿਤ ਕੀਤੀ ਗਈ।
6. 1872 ਈ. ਵਿੱਚ ਸਰਕਾਰ ਨੇ ਇੱਕ ਕਾਨੂੰਨ ਪਾਸ ਕਰਕੇ ਅੰਤਰਜਾਤੀ ਵਿਆਹ ਕਰਾਉਣ ਦੀ ਪ੍ਰਵਾਨਗੀ ਦੇ ਦਿੱਤੀ।
7. 1854 ਈ. ਦੇ ਵੁੱਡ'ਜ਼ ਡਿਸਪੈਚ ਵਿੱਚ ਇਸਤਰੀਆਂ ਦੀ ਸਿੱਖਿਆ ਤੇ ਜ਼ੋਰ ਦਿੱਤਾ ਗਿਆ।

## ਯਾਦ ਰੱਖਣ ਯੋਗ ਨੁਕਤੇ

1. 19ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਸੀ।
2. ਸਤੀ ਪ੍ਰਥਾ, ਲੜਕੀਆਂ ਦੀ ਹੱਤਿਆ ਕਰਨੀ, ਪਰਦਾ ਪ੍ਰਥਾ, ਬਾਲ ਵਿਆਹ ਅਤੇ ਬਹੁ ਵਿਆਹ ਆਦਿ ਵਰਗੀਆਂ ਸਮਾਜਿਕ ਬੁਰਾਈਆਂ ਪ੍ਰਚਲਿਤ ਸਨ।
3. ਭਾਰਤੀ ਸਮਾਜ ਸੁਧਾਰਕਾਂ ਨੇ ਇਸਤਰੀ ਨੂੰ ਸਿੱਖਿਆ ਦੇਣ ਅਤੇ ਪ੍ਰਚਲਿਤ ਬੁਰਾਈਆਂ ਦੂਰ ਕਰਨ ਲਈ ਬਹੁਤ ਯੋਗਦਾਨ ਪਾਇਆ।
4. ਰਾਜਾ ਰਾਮ ਮੋਹਨ ਰਾਇ ਦੇ ਯਤਨਾਂ ਸਦਕਾ ਵਿਲੀਅਮ ਬੈਂਟਿੰਕ ਨੇ 1829 ਈ. ਵਿੱਚ ਸਤੀ ਪ੍ਰਥਾ ਤੇ ਕਾਨੂੰਨ ਰਾਹੀਂ ਪਾਬੰਦੀ ਲਗਾ ਦਿੱਤੀ।

5. 1872 ਈ. ਵਿੱਚ ਕੇਸ਼ਵ ਚੰਦਰ ਸੇਨ ਦੇ ਯਤਨਾਂ ਸਦਕਾ ਸਰਕਾਰ ਨੇ ਦੂਜੇ ਵਿਆਹ ਤੇ ਪਾਬੰਦੀ ਲਗਾ ਦਿੱਤੀ।
6. 1843 ਈ. ਵਿੱਚ ਕਾਨੂੰਨ ਪਾਸ ਕਰਕੇ ਦਹੇਜ਼ ਪ੍ਰਥਾ ਖਤਮ ਕੀਤੀ ਗਈ।
7. 1854 ਈ. ਵਿੱਚ ਵੁੱਡ'ਜ ਡਿਸਪੈਚ ਨੇ ਇਸਤਰੀ-ਸਿੱਖਿਆ ਤੇ ਜ਼ੋਰ ਦਿੱਤਾ।
8. ਸਿੰਘ ਸੰਭਾ ਦੇ ਪ੍ਰਚਾਰਕਾਂ ਨੇ ਵੀ ਇਸਤਰੀ ਜਾਤੀ ਨੂੰ ਉੱਚਾ ਚੁੱਕਣ ਅਤੇ ਪ੍ਰਚਲਿਤ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਯੋਗਦਾਨ ਪਾਇਆ।
9. ਸ੍ਰੀ ਸਤਿਗੁਰੂ ਰਾਮ ਸਿੰਘ ਨੇ ਵੀ ਵਿਆਹ ਸਮੇਂ ਕੀਤੇ ਜਾਂਦੇ ਫਜ਼ੂਲ ਖਰਚੇ ਅਤੇ ਦਹੇਜ਼ ਪ੍ਰਥਾ ਦਾ ਖੰਡਨ ਕੀਤਾ। ਸਵਾ ਰੁਪਏ ਵਿੱਚ ਵਿਆਹ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਹੈ।
10. ਸਵਾਮੀ ਦਯਾਨੰਦ ਸਰਸਵਤੀ, ਸਰ ਸੱਯਦ ਅਹਿਮਦ ਖਾਂ, ਸਵਾਮੀ ਵਿਵੇਕਾਨੰਦ, ਕੇਸ਼ਵ ਚੰਦਰ ਸੇਨ ਅਤੇ ਸ੍ਰੀ ਮਤੀ ਐਨੀ ਬੇਸੈਂਟ ਆਦਿ ਸਮਾਜ ਸੁਧਾਰਕਾਂ ਨੇ ਇਸਤਰੀ ਦੀ ਦਸ਼ਾ ਸੁਧਾਰਨ ਵਿੱਚ ਮਹੱਤਵਪੂਰਨ ਭੂਮਿਕਾ ਰਹੀ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਲਿਖੋ :**

(1) ਸਤੀ-ਪ੍ਰਥਾ ਨੂੰ ਕਦੋਂ, ਕਿਸ ਨੇ ਅਤੇ ਕਿਸ ਦੇ ਯਤਨਾਂ ਸਦਕਾ ਗ਼ੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ ?

(2) ਕਿਸ ਸਾਲ ਵਿੱਚ ਵਿਧਵਾ-ਵਿਆਹ ਕਰਾਉਣ ਦੀ ਕਾਨੂੰਨੀ ਤੌਰ 'ਤੇ ਆਗਿਆ ਦਿੱਤੀ ਗਈ ?

(3) ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ ?

(4) ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ ?

(5) ਸਿੰਘ ਸਭਾ ਨੇ ਇਸਤਰੀ-ਸਿੱਖਿਆ ਲਈ ਕਿੱਥੇ-ਕਿੱਥੇ ਵਿੱਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ ?

(6) ਰਾਜਾ ਰਾਮ ਮੋਹਨ ਰਾਏ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਸੰਖੇਪ ਵਰਨਣ ਕਰੋ।

(7) ਈਸ਼ਵਰ ਚੰਦਰ ਵਿਦਿਆ ਸਾਗਰ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਸਬੰਧੀ ਕੀ ਯੋਗਦਾਨ ਦਿੱਤਾ ਗਿਆ ?

(8) ਸਰ ਸੱਯਦ ਅਹਿਮਦ ਖਾਂ ਦੁਆਰਾ ਇਸਤਰੀਆਂ ਦੀ ਹਾਲਤ ਸੁਧਾਰਨ ਸਬੰਧੀ ਕਿਹੜੇ ਯਤਨ ਕੀਤੇ ਗਏ ?

(9) ਸਵਾਮੀ ਦਇਆਨੰਦ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਯੋਗਦਾਨ ਦਿੱਤਾ ਗਿਆ ?

(10) 19ਵੀਂ ਸਦੀ ਵਿੱਚ ਇਸਤਰੀਆਂ ਦੀ ਦਸ਼ਾ ਦਾ ਵਰਨਣ ਕਰੋ।

**2. ਹੇਠ ਲਿਖੇ ਖਾਲੀ ਸਥਾਨ ਭਰੋ :**

1. ਹਿੰਦੂ ਸਮਾਜ ਵਿੱਚ ਇਸਤਰੀਆਂ ਨੂੰ ............... ਜਾਇਦਾਦ ਲੈਣ ਦਾ ਅਧਿਕਾਰ ਨਹੀਂ ਸੀ।
2. ਆਪਣੇ ਭਰਾ ਦੀ ਪਤਨੀ ਦੇ ਸਤੀ ਹੋਣ ਪਿੱਛੋਂ ............... ਦੀ ਜ਼ਿੰਦਗੀ ਵਿੱਚ ਨਵਾਂ ਮੋੜ ਆਇਆ।
3. 1872 ਈ. ਵਿੱਚ ਕੇਸ਼ਵ ਚੰਦਰ ਸੇਨ ਦੁਆਰਾ ............... ਤੇ ਪਾਬੰਦੀ ਲਗਾਈ ਗਈ।
4. ਤਲਾਕ ਪ੍ਰਥਾ ਦਾ ............... ਨੇ ਵਿਰੋਧ ਕੀਤਾ।
5. ............... 1886 ਈ. ਵਿੱਚ ਇੰਗਲੈਂਡ ਵਿੱਚ ਥਿਓਸੋਫ਼ੀਕਲ ਸੁਸਾਇਟੀ ਵਿੱਚ ਸ਼ਾਮਲ ਹੋਈ।

**3. ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ—**

| | |
|---|---|
| 1. ਸਵਾਮੀ ਵਿਵੇਕਾਨੰਦ | 1. ਨਾਮਧਾਰੀ ਲਹਿਰ |
| 2. ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2. ਰਾਮਾ ਕ੍ਰਿਸ਼ਨ ਮਿਸ਼ਨ |
| 3. ਸਿੰਘ ਸਭਾ ਲਹਿਰ | 3. ਅਲੀਗੜ੍ਹ ਮੁਸਲਿਮ ਯੂਨੀਵਰਸਿਟੀ |
| 4. ਸਰ ਸੱਯਦ ਅਹਿਮਦ ਖਾਂ | 4. ਮੰਜੀ ਸਾਹਿਬ (ਅੰਮ੍ਰਿਤਸਰ) |



# ਪਾਠ 16
# ਜਾਤੀ-ਪ੍ਰਥਾ ਨੂੰ ਚਣੌਤੀ

ਰਿਗਵੈਦਿਕ ਕਾਲ ਸਮੇਂ ਸਮਾਜ ਵਿੱਚ ਜਾਤੀ-ਪ੍ਰਥਾ ਪ੍ਰਚਲਿਤ ਨਹੀਂ ਸੀ। ਸਮਾਜ ਵੱਖ-ਵੱਖ ਧੰਦਿਆਂ ਦੇ ਅਧਾਰ ਤੇ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ। ਇਹਨਾਂ ਚਾਰ ਵਰਗਾਂ ਦੇ ਨਾਂ ਸਨ- ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ। ਪਰੰਤੂ ਰਾਜਪੂਤ ਕਾਲ ਸਮੇਂ ਸਮਾਜ ਵਿੱਚ ਜਾਤੀ-ਪ੍ਰਥਾ ਬਹੁਤ ਕਠੋਰ ਹੋ ਗਈ ਸੀ। ਉਸ ਸਮੇਂ ਸਮਾਜ ਨਾ ਕੇਵਲ ਚਾਰ ਮੁੱਖ ਵਰਗਾਂ-ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਸਗੋਂ ਕਈ ਹੋਰ ਜਾਤਾਂ ਅਤੇ ਉਪਜਾਤਾਂ ਵਿੱਚ ਵੀ ਵੰਡਿਆ ਹੋਇਆ ਸੀ।

> 19ਵੀਂ ਸਦੀ ਵਿਚ ਈਸਾਈ ਧਰਮ ਦੇ ਪ੍ਰਚਾਰਕਾਂ ਨੇ ਆਦਿ ਵਾਸੀਆਂ ਅਤੇ ਨੀਵੀਂ ਜਾਤੀ ਦੇ ਲੋਕਾਂ ਦੇ ਬੱਚਿਆਂ ਲਈ ਸਕੂਲ ਸਥਾਪਿਤ ਕੀਤੇ, ਜਿਸ ਨਾਲ ਉਨ੍ਹਾਂ ਨੂੰ ਬਦਲਦੀ ਦੁਨੀਆਂ ਵਿਚ, ਆਪਣਾ ਰਸਤਾ ਲੱਭਣ ਦੇ ਨਵੇਂ ਸਾਧਨ ਪ੍ਰਾਪਤ ਹੋਣ ਲੱਗੇ।

ਸਮਾਜ ਵਿੱਚ ਬ੍ਰਾਹਮਣਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਜਦੋਂ ਕਿ ਸ਼ੂਦਰਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਉਹ ਉੱਚੀ ਜਾਤੀ ਦੇ ਲੋਕਾਂ ਨਾਲ ਮੇਲ-ਜੋਲ ਨਹੀਂ ਕਰ ਸਕਦੇ ਸਨ। ਉਹਨਾਂ ਨੂੰ ਆਮ ਲੋਕਾਂ ਦੁਆਰਾ ਵਰਤੇ ਜਾਂਦੇ ਖੂਹਾਂ ਅਤੇ ਤਲਾਬਾਂ ਵਿੱਚੋਂ ਪਾਣੀ ਨਹੀਂ ਭਰਨ ਦਿੱਤਾ ਜਾਂਦਾ ਸੀ। ਉਹਨਾਂ ਨੂੰ ਮੰਦਰਾਂ ਵਿੱਚ ਜਾਣ ਅਤੇ ਵੇਦ ਪੜ੍ਹਨ ਤੋਂ ਮਨ੍ਹਾ ਕੀਤਾ ਜਾਂਦਾ ਸੀ। ਜੇਕਰ ਕਦੀ ਨੀਵੀਂ ਜਾਤੀ ਦੇ ਕਿਸੇ ਮਨੁੱਖ ਦਾ ਪਰਛਾਵਾਂ ਵੀ ਕਿਸੇ ਉੱਚ ਜਾਤੀ ਦੇ ਮਨੁੱਖ ਤੇ ਪੈ ਜਾਂਦਾ ਸੀ ਤਾਂ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਸੀ। ਇਸ ਲਈ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ 'ਅਛੂਤ' ਸਮਝਿਆ ਜਾਂਦਾ ਸੀ। ਉਹਨਾਂ ਲੋਕਾਂ ਨੂੰ ਝਾੜੂ ਲਗਾ ਕੇ ਸਫ਼ਾਈ ਕਰਨ, ਜੁੱਤੀਆਂ ਬਣਾਉਣ, ਮਰੇ ਹੋਏ ਪਸ਼ੂਆਂ ਨੂੰ ਚੁੱਕਣ ਅਤੇ ਉਹਨਾਂ ਦੀ ਖੱਲ ਉਤਾਰਨ, ਚਮੜਾ ਬਣਾਉਣ ਆਦਿ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਅਜਿਹੇ ਉੱਚੀਆਂ ਜਾਤੀਆਂ ਦੇ ਲੋਕਾਂ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਉੱਤੇ ਕੀਤੇ ਜਾ ਰਹੇ ਅੱਤਿਆਚਾਰਾਂ ਨੂੰ ਖ਼ਤਮ ਕਰਨ ਲਈ ਅਨੇਕਾਂ ਜਾਤੀ ਸੁਧਾਰ ਅੰਦੋਲਨ ਸ਼ੁਰੂ ਹੋਏ। ਉਹਨਾਂ ਵਿੱਚੋਂ ਪ੍ਰਮੁੱਖ ਅੰਦੋਲਨਾਂ ਦੀ ਅਗਵਾਈ ਜੋਤਿਬਾ ਫੂਲੇ, ਵੀਰ ਸਲਿੰਗਮ, ਸ਼੍ਰੀ ਨਰਾਇਣ ਗੁਰੂ, ਪਰੀਆਰ ਰਾਮਾ ਸਵਾਮੀ, ਡਾਕਟਰ ਭੀਮਰਾਓ ਅੰਬੇਦਕਰ ਅਤੇ ਮਹਾਤਮਾ ਗਾਂਧੀ ਆਦਿ ਮਹਾਨ ਆਗੂਆਂ ਦੁਆਰਾ ਕੀਤੀ ਗਈ।


ਜੋਤਿਬਾ ਫੂਲੇ

**ਜੋਤਿਬਾ ਫੂਲੇ :** ਜੋਤਿਬਾ ਫੂਲੇ ਮਹਾਂਰਾਸ਼ਟਰ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ। ਉਹਨਾਂ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਸੁਧਾਰ ਕਰਨ ਲਈ ਸਭ ਤੋਂ ਪਹਿਲਾਂ ਨੀਵੀਂ ਜਾਤੀ ਦੀਆਂ ਲੜਕੀਆਂ ਦੀ ਪੜ੍ਹਾਈ ਲਈ ਪੂਨੇ ਵਿੱਚ ਤਿੰਨ ਸਕੂਲ ਖੋਲੇ। ਇਹਨਾਂ ਸਕੂਲਾਂ ਵਿੱਚ **ਜੋਤਿਬਾ ਫੂਲੇ** ਅਤੇ ਉਸ ਦੀ ਪਤਨੀ **ਸਾਵਿਤਰੀ ਬਾਈ** ਆਪ ਪੜ੍ਹਾਉਂਦੇ ਸਨ। ਉਹਨਾਂ ਨੇ ਆਪਣੇ ਭਾਸ਼ਣਾਂ ਅਤੇ

ਪ੍ਰਕਾਸ਼ਿਤ ਕੀਤੀਆਂ ਦੋ ਪੁਸਤਕਾਂ ਦੁਆਰਾ ਬ੍ਰਾਹਮਣਾਂ ਅਤੇ ਪ੍ਰੋਹਤਾਂ ਵਲੋਂ ਕਈ ਤਰ੍ਹਾਂ ਦੇ ਰੀਤੀ-ਰਿਵਾਜ਼ਾਂ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਤੇ ਹੋ ਰਹੇ ਆਰਥਿਕ ਸ਼ੋਸ਼ਣ ਦੀ ਨਿੰਦਾ ਕੀਤੀ। ਉਹਨਾਂ ਨੇ ਨੀਵੀਂ ਜਾਤੀ ਦੇ ਲੋਕਾਂ ਨੂੰ ਬ੍ਰਾਹਮਣਾਂ ਅਤੇ ਪ੍ਰੋਹਤਾਂ ਤੋਂ ਬਿਨਾਂ ਵਿਆਹ ਦੀ ਰਸਮ ਕਰਨ ਦੀ ਸਲਾਹ ਦਿੱਤੀ।


ਜੋਤਿਬਾ ਫੂਲੇ ਨੇ 24 ਸਤੰਬਰ 1873 ਈ. ਨੂੰ **ਸੱਤਿਆ ਸ਼ੋਧਕ** ਸਮਾਜ ਨਾਂ ਦੀ ਸੰਸਥਾ ਸਥਾਪਿਤ ਕੀਤੀ। ਇਸ ਸੰਸਥਾ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਸਮਾਜਿਕ ਗ਼ੁਲਾਮੀ ਦੀ ਨਿੰਦਾ ਕੀਤੀ । ਉਹਨਾਂ ਨੇ ਨੀਵੀਂ ਜਾਤੀ ਦੇ ਗਰੀਬ ਕਿਸਾਨਾਂ ਅਤੇ ਕਾਸ਼ਤਕਾਰਾਂ ਦੀ ਹਾਲਤ ਸੁਧਾਰਨ ਦੇ ਲਈ ਸਰਕਾਰ ਨੂੰ ਅਪੀਲ ਕੀਤੀ ਕਿ ਉਹਨਾਂ ਤੋਂ ਜਾਇਜ਼ ਭੂਮੀ-ਕਰ ਲਿਆ ਜਾਵੇ। ਜੋਤਿਬਾ ਫੂਲੇ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਸਬੰਧੀ ਕੀਤੇ ਗਏ ਅਨੇਕਾਂ ਕਾਰਜਾਂ ਲਈ ਉਹਨਾਂ ਨੂੰ '**ਮਹਾਤਮਾ**' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

**ਵੀਰ ਸਲਿੰਗਮ :** ਕੰਦੂਕਰੀ ਵੀਰ ਸਲਿੰਗਮ ਇੱਕ ਹੋਰ ਸਮਾਜ ਸੁਧਾਰਕ ਅਤੇ ਇੱਕ ਮਹਾਨ ਵਿਦਵਾਨ ਵੀ ਸਨ। ਉਹਨਾਂ ਨੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਸਮੇਂ ਹੀ ਸਮਾਜ ਵਿੱਚ ਪ੍ਰਚਲਿਤ ਖੋਖਲੇ ਰੀਤੀ-ਰਿਵਾਜਾਂ ਅਤੇ ਧਾਰਮਿਕ ਵਿਸ਼ਵਾਸਾਂ ਦੀ ਨਿੰਦਾ ਕੀਤੀ। ਜਦੋਂ ਉਹ ਇੱਕ ਸਕੂਲ ਵਿੱਚ ਅਧਿਆਪਕ ਸਨ ਤਾਂ ਉਹਨਾਂ ਨੇ ਇਸਤਰੀਆਂ ਨੂੰ ਪੁਰਸ਼ਾਂ ਬਰਾਬਰ ਅਧਿਕਾਰ ਦੇਣ ਸਬੰਧੀ ਸੰਘਰਸ਼ ਸ਼ੁਰੂ ਕੀਤਾ। ਉਹ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਸਨ। ਉਹਨਾਂ ਨੇ ਜਾਤੀ ਪ੍ਰਥਾ ਦੀ ਨਿੰਦਾ ਕੀਤੀ। ਉਹਨਾਂ ਨੇ ਛੂਤ - ਛਾਤ ਖ਼ਤਮ ਕਰਨ ਲਈ ਪ੍ਰਚਾਰ ਕੀਤਾ।


*ਵੀਰ ਸਲਿੰਗਮ*

ਵੀਰ ਸਲਿੰਗਮ ਨੇ ਆਪਣੇ ਲੇਖਾਂ ਅਤੇ ਨਾਟਕਾਂ ਰਾਹੀਂ ਜਾਤੀ-ਪ੍ਰਥਾ ਖ਼ਤਮ ਕਰਨ ਲਈ ਪ੍ਰਚਾਰ ਕੀਤਾ। ਉਹ ਨੀਵੀਂ ਜਾਤੀ ਅਤੇ ਗਰੀਬ ਲੋਕਾਂ ਦੀ ਹਮੇਸ਼ਾਂ ਸਹਾਇਤਾ ਕਰਦੇ ਸਨ। ਉਹਨਾਂ ਨੇ ਬਾਲ ਵਿਆਹ ਪ੍ਰਥਾ ਵਿਰੁੱਧ ਸੰਘਰਸ਼ ਕੀਤਾ। ਉਹਨਾਂ ਵਿਧਵਾ ਪੁਨਰ-ਵਿਆਹ ਨੂੰ ਕਾਨੂੰਨੀ ਤੌਰ ਤੇ ਮਾਨਤਾ ਦਿਵਾਉਣ ਲਈ ਅਨੇਕਾਂ ਯਤਨ ਕੀਤੇ।


ਵੀਰ ਸਲਿੰਗਮ ਨੇ ਸਾਰੀ ਉਮਰ ਸਮਾਜ ਸੇਵਾ, ਸਮਾਜ ਸੁਧਾਰ ਅਤੇ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਸਬੰਧੀ ਮਹਾਨ ਯੋਗਦਾਨ ਪਾਇਆ। ਇਸ ਕਰਕੇ ਉਹਨਾਂ ਨੂੰ ਵਰਤਮਾਨ ਆਂਧਰਾ ਪ੍ਰਦੇਸ਼ ਰਾਜ ਦੇ ਸਮਾਜ ਦੇ **ਪੈਗੰਬਰ** ਕਿਹਾ ਜਾਂਦਾ ਹੈ।


*ਸ਼੍ਰੀ ਨਰਾਇਣ ਗੁਰੂ*

**ਸ਼੍ਰੀ ਨਰਾਇਣ ਗੁਰੂ :** ਸ਼੍ਰੀ ਨਰਾਇਣ ਗੁਰੂ ਕੇਰਲਾ ਰਾਜ ਦੇ ਮਹਾਨ ਸਮਾਜ ਸੁਧਾਰਕ ਸਨ। 1856 ਈ. ਵਿੱਚ ਉਹਨਾਂ ਦਾ ਜਨਮ ਇਜਹੇਵਜ਼ ਜਾਤੀ ਵਿੱਚ ਕੇਰਲਾ ਵਿਖੇ ਹੋਇਆ ਸੀ। ਉੱਚੀਆਂ ਜਾਤੀਆਂ ਦੇ ਲੋਕ ਇਸ ਜਾਤੀ ਦੇ ਲੋਕਾਂ ਨੂੰ 'ਅਛੂਤ' ਸਮਝਦੇ ਸਨ। ਇਸ ਲਈ ਸ਼੍ਰੀ ਨਰਾਇਣ ਗੁਰੂ ਜੀ ਨੇ ਇਜਹੇਵਜ਼ ਜਾਤੀ ਅਤੇ ਹੋਰ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ 1903 ਈ. ਵਿੱਚ **ਸ਼੍ਰੀ ਨਰਾਇਣ ਧਰਮ ਪਰੀਪਾਲਨ ਯੋਗਮ** ਦੀ ਸਥਾਪਨਾ ਕੀਤੀ। ਉਹਨਾਂ ਨੇ ਜਾਤੀ ਅਤੇ ਧਰਮ ਦੇ ਅਧਾਰ ਤੇ ਕੀਤੇ ਜਾਂਦੇ ਭੇਦ-ਭਾਵ ਦਾ ਵਿਰੋਧ ਕੀਤਾ।

**ਪਰੀਆਰ ਰਾਮਾ ਸਵਾਮੀ :** ਪਰੀਆਰ ਰਾਮਾ ਸਵਾਮੀ ਤਾਮਿਲਨਾਡੂ ਦੇ ਮਹਾਨ ਸਮਾਜ ਸੁਧਾਰਕ ਸਨ। ਉਹਨਾਂ ਦਾ ਜਨਮ 17 ਸਤੰਬਰ, 1879 ਈ.

ਨੂੰ ਮਦਰਾਸ (ਚੇੱਨਈ) ਵਿੱਚ ਹੋਇਆ ਸੀ। ਪਰੀਆਰ ਰਾਮਾ ਸਵਾਮੀ ਮੱਧਵਰਗੀ ਪਰਿਵਾਰ ਵਿੱਚੋਂ ਸਨ। ਪਹਿਲਾਂ ਉਹ ਸੰਨਿਆਸੀ ਸਨ। ਬਾਅਦ ਵਿੱਚ ਕਾਂਗਰਸ ਦੇ ਮੈਂਬਰ ਬਣ ਗਏ। ਪਰ ਜਦੋਂ ਉਨ੍ਹਾਂ ਨੇ ਰਾਸ਼ਟਰਵਾਦੀਆਂ ਦੁਆਰਾ ਆਯੋਜਿਤ ਦਾਵਤ ਵਿੱਚ ਵੇਖਿਆ ਕਿ ਉਥੇ ਬੈਠਣ ਲਈ ਜਾਤੀਆਂ ਦੇ ਹਿਸਾਬ ਨਾਲ ਨੀਵੀਆਂ ਅਤੇ ਉਚੀਆਂ ਜਾਤੀਆਂ ਲਈ ਅਲੱਗ-ਅਲੱਗ ਪ੍ਰਬੰਧ ਕੀਤੇ ਹੋਏ ਸਨ ਤਾਂ ਦੁਖੀ ਹੋ ਕੇ ਉਨ੍ਹਾਂ ਨੇ ਪਾਰਟੀ ਛੱਡ ਦਿੱਤੀ। ਹੁਣ ਪਰੀਆਰ ਨੂੰ ਸਮਝ ਆ ਗਈ ਕਿ 'ਅਛੂਤਾਂ' ਨੂੰ ਆਪਣੇ ਹੱਕਾਂ ਲਈ ਖੁਦ ਲੜਨਾ ਹੋਵੇਗਾ। ਉਹਨਾਂ ਨੇ ਮਹਿਸੂਸ ਕੀਤਾ ਕਿ ਸਮਾਜ ਵਿੱਚ ਨੀਵੀਂ ਜਾਤੀ ਦੇ ਲੋਕਾਂ ਨੂੰ ਅਛੂਤ ਸਮਝਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਲੋਕਾਂ ਨੂੰ ਸਮਾਜਿਕ ਰੀਤੀ-ਰਿਵਾਜਾਂ ਵਿੱਚ ਭਾਗ ਲੈਣ, ਦੂਜੀਆਂ ਜਾਤੀਆਂ ਦੇ ਲੋਕਾਂ ਨਾਲ ਮੇਲ-ਜੋਲ ਕਰਨ ਅਤੇ ਸਿੱਖਿਆ ਪ੍ਰਾਪਤ ਕਰਨ ਤੋਂ ਮਨ੍ਹਾ ਕੀਤਾ ਜਾਂਦਾ ਸੀ। ਇਸ ਲਈ ਉਹਨਾਂ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਕਰਨ ਲਈ ਦ੍ਰਾਵਿੜ ਕਾਜ਼ਗਾਮ ਨਾਂ ਦੀ ਸੰਸਥਾ ਸਥਾਪਤ ਕੀਤੀ।


*ਪਰੀਆਰ ਰਾਮਾ ਸਵਾਮੀ*

ਇਸ ਸੰਸਥਾ ਨੇ ਨੀਵੀਂ ਜਾਤੀ ਦੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦਿਵਾਉਣ ਲਈ ਭਾਰਤੀ ਸੰਵਿਧਾਨ ਵਿੱਚ ਪਹਿਲੀ ਸੋਧ ਕਰਵਾਈ। ਉਹਨਾਂ ਨੇ ਅਛੂਤ ਪ੍ਰਥਾ ਨੂੰ ਖ਼ਤਮ ਕਰਨ ਲਈ ਸਤਿਆਗ੍ਰਹਿ ਸ਼ੁਰੂ ਕੀਤਾ। ਇਸ ਅੰਦੋਲਨ ਵਿੱਚ ਮਹਾਤਮਾ ਗਾਂਧੀ, ਸੀ. ਰਾਜਗੋਪਾਲਾਚਾਰੀ, ਆਚਾਰੀਆ ਵਿਨੋਭਾ ਭਾਵੇ ਆਦਿ ਰਾਸ਼ਟਰੀ ਨੇਤਾਵਾਂ ਨੇ ਵੀ ਹਿੱਸਾ ਲਿਆ।


**ਡਾ. ਭੀਮ ਰਾਓ ਅੰਬੇਦਕਰ :** ਡਾ. ਭੀਮ ਰਾਓ ਅੰਬੇਦਕਰ ਇੱਕ ਮਹਾਰ ਪਰਿਵਾਰ ਵਿੱਚ ਪੈਦਾ ਹੋਏ। ਬਚਪਨ ਵਿੱਚ ਹੀ ਉਨ੍ਹਾਂ ਨੂੰ ਜਾਤੀ ਭੇਦ-ਭਾਵ ਬਾਰੇ ਪਤਾ ਲੱਗ ਚੁੱਕਿਆ ਸੀ। ਸਕੂਲ ਵਿੱਚ ਉਨ੍ਹਾਂ ਨੂੰ ਜ਼ਮੀਨ ਤੇ ਬੈਠਣਾ ਪੈਂਦਾ ਸੀ। ਉਨ੍ਹਾਂ ਨੂੰ ਉੱਚ ਜਾਤੀ ਬੱਚਿਆਂ ਦੇ ਲਈ ਵਰਤੇ ਜਾਣ ਵਾਲੇ ਨਲਕੇ ਤੋਂ ਪਾਣੀ ਪੀਣ ਦੀ ਇਜ਼ਾਜਤ ਨਹੀਂ ਸੀ। ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਪਿੱਛੋਂ ਉਹ ਉੱਚ ਵਿਦਿਆ ਲਈ ਅਮਰੀਕਾ ਚਲੇ ਗਏ। ਫਿਰ ਉਹ 1919 ਈ. ਵਿੱਚ ਭਾਰਤ ਵਾਪਿਸ ਆਏ। 1927 ਈ. ਵਿੱਚ ਡਾ. ਭੀਮ ਰਾਓ ਅੰਬੇਦਕਰ ਨੇ ਮੰਦਰ ਪ੍ਰਵੇਸ਼ ਅੰਦੋਲਨ ਸ਼ੁਰੂ ਕੀਤਾ। ਇਸ ਵਿੱਚ ਮਹਾਰ ਜਾਤੀ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਬ੍ਰਾਹਮਣ ਪੁਜਾਰੀ ਇਸ ਗੱਲ ਤੇ ਅੱਗ ਬਬੂਲਾ ਹੋ ਗਏ ਕਿ ਦਲਿਤ ਵੀ ਮੰਦਰ ਚੋਂ ਪੀਣ ਵਾਲਾ ਪਾਣੀ ਇਸਤੇਮਾਲ ਕਰ ਰਹੇ ਹਨ। 1927 ਤੋਂ 1935 ਈ. ਦੇ ਵਿੱਚ ਡਾ. ਭੀਮ ਰਾਓ ਅੰਬੇਦਕਰ ਨੇ ਮੰਦਰਾਂ ਵਿੱਚ ਪ੍ਰਵੇਸ਼ ਕਰਨ ਲਈ ਤਿੰਨ ਅੰਦੋਲਨ ਚਲਾਏ। ਡਾ. ਭੀਮ ਰਾਓ ਅੰਬੇਦਕਰ ਨੇ ਸਮਾਜ ਅਤੇ ਸਰਕਾਰ ਤੋਂ ਨੀਵੀਂ ਜਾਤੀ ਦੇ ਲੋਕਾਂ ਨੂੰ ਜਾਇਜ਼ ਸਮਾਜਿਕ ਅਧਿਕਾਰ ਦਿਵਾਉਣ ਲਈ ਸਤਿਆਗ੍ਰਹਿ ਅਤੇ ਮੁਜਾਹਰੇ ਕੀਤੇ। 1918 ਈ. ਵਿੱਚ ਉਹਨਾਂ ਨੇ ਸਾਊਥਬੋਰੋ ਰਿਫਾਰਮਜ਼ ਕਮੇਟੀ ਤੋਂ ਮੰਗ ਕੀਤੀ ਕਿ ਇਹਨਾਂ ਲੋਕਾਂ ਲਈ ਜਨਸੰਖਿਆ ਦੇ ਅਨੁਪਾਤ ਦੇ ਆਧਾਰ ਤੇ ਭਾਰਤ ਦੇ ਸਾਰੇ ਪ੍ਰਾਂਤਾਂ ਦੀਆਂ ਲੇਜਿਸਲੇਟਿਵ ਕੌਂਸਿਲਾਂ ਅਤੇ ਕੇਂਦਰੀ ਲੇਜਿਸਲੇਟਿਵ ਕੌਂਸਿਲਾਂ ਵਿੱਚ ਸੀਟਾਂ ਰਾਖਵੀਆਂ ਰੱਖੀਆਂ ਜਾਣ ਅਤੇ ਉਹਨਾਂ ਲਈ ਅਲੱਗ ਚੋਣ ਖੇਤਰ ਨਿਸ਼ਚਿਤ ਕੀਤੇ ਜਾਣ। ਪਰੰਤੂ ਕਮੇਟੀ ਨੇ ਅਜਿਹਾ ਨਹੀਂ ਕੀਤਾ।


*ਡਾ. ਭੀਮ ਰਾਓ ਅੰਬੇਦਕਰ*

1931 ਈ. ਵਿੱਚ ਡਾ. ਭੀਮ ਰਾਓ ਅੰਬੇਦਕਰ ਨੇ ਦੂਜੀ ਗੋਲਮੇਜ਼ ਕਾਨਫ਼ਰੰਸ ਵਿੱਚ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਦੇਣ ਦੀ ਸਿਫ਼ਾਰਸ਼ ਕੀਤੀ, ਜਿਸ ਨੂੰ 16 ਅਗਸਤ, 1932 ਈ. ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਦੁਆਰਾ ਜਾਰੀ ਕੀਤੇ ਗਏ ਕਮਿਊਨਲ ਅਵਾਰਡ ਵਿੱਚ ਕਾਫ਼ੀ ਹੱਦ ਤੱਕ ਪ੍ਰਵਾਨ ਕਰ ਲਿਆ

ਗਿਆ। ਡਾ. ਭੀਮ ਰਾਓ ਅੰਬੇਦਕਰ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਦੁਆਰਾ ਜਾਇਜ਼ ਸਮਾਜਿਕ ਅਤੇ ਰਾਜਨੀਤਿਕ ਅਧਿਕਾਰ ਪ੍ਰਾਪਤ ਕਰਨ ਲਈ ਨਾਗਪੁਰ, ਕੋਹਲਾਪੁਰ ਆਦਿ ਸਥਾਨਾਂ ਤੇ ਕੀਤੀਆਂ ਗਈਆਂ ਕਾਨਫਰੰਸਾਂ ਵਿੱਚ ਹਿੱਸਾ ਲਿਆ। ਉਹਨਾਂ ਨੇ ਇਹਨਾਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਸਬੰਧੀ ਪ੍ਰਚਾਰ ਕਰਨ ਲਈ **ਬਹਿਸ਼ਕ੍ਰਿਤ ਹਿਤਕਾਰਨੀ ਸਭਾ** ਅਤੇ **ਸਮਾਜ ਸਮਤ ਸੰਘ** ਦੀ ਸਥਾਪਨਾ ਕੀਤੀ ਅਤੇ **ਮੂਕਨਾਇਕ, ਬਹਿਸ਼ਕ੍ਰਿਤ ਭਾਰਤ, ਜਨਤਾ** ਆਦਿ ਸਮਾਚਾਰ ਪੱਤਰ ਪ੍ਰਕਾਸ਼ਿਤ ਕਰਨੇ ਆਰੰਭ ਕੀਤੇ। ਉਹਨਾਂ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਪਬਲਿਕ ਖੂਹਾਂ ਤੋਂ ਪਾਣੀ ਭਰਨ ਅਤੇ ਮੰਦਰਾਂ ਵਿੱਚ ਜਾਣ ਦਾ ਅਧਿਕਾਰ ਦਿਵਾਉਣ ਲਈ ਇੱਕ ਸਤਿਆਗ੍ਰਹਿ ਸ਼ੁਰੂ ਕੀਤਾ। ਉਹਨਾਂ ਨੇ ਅਕਤੂਬਰ, 1936 ਈ. ਵਿੱਚ **ਇੰਡੀਪੈਂਡੇਂਟ ਲੇਬਰ ਪਾਰਟੀ ਆਫ਼ ਇੰਡੀਆ** ਦੀ ਸਥਾਪਨਾ ਕੀਤੀ, ਜਿਸ ਨੇ 1937 ਈ. ਵਿੱਚ ਪ੍ਰੈਜ਼ੀਡੈਂਸੀ ਦੀ ਲੇਜਿਸਲੇਟਿਵ ਅਸੈਂਬਲੀ ਦੀਆਂ ਹੋਈਆਂ ਚੋਣਾਂ ਵਿੱਚ ਨੀਵੀਆਂ ਜਾਤੀਆਂ ਲਈ ਰਾਖਵੀਆਂ ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਉਹਨਾਂ ਨੇ ਲੇਬਰ ਪਾਰਟੀ ਅਤੇ ਸ਼ੇਡਿਊਲਡ ਕਾਸਟ ਫੈਡਰੇਸ਼ਨ ਰਾਜਨੀਤਿਕ ਦਲਾਂ ਦਾ ਸੰਗਠਨ ਕੀਤਾ। ਉਹਨਾਂ ਦੇ ਜ਼ੋਰ ਦੇਣ ਤੇ ਭਾਰਤ ਦੇ ਸੰਵਿਧਾਨ ਵਿੱਚ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਲੋਕਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਗਿਆ। ਉਹਨਾਂ ਦੇ ਯਤਨਾਂ ਸਦਕਾ ਸਰਕਾਰ ਨੇ ਛੂਤ-ਛਾਤ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ।

**ਮਹਾਤਮਾ ਗਾਂਧੀ ਜੀ :** ਮਹਾਤਮਾ ਗਾਂਧੀ ਜੀ ਛੂਤ-ਛਾਤ ਨੂੰ ਇੱਕ ਪਾਪ ਸਮਝਦੇ ਸਨ। 1920 ਈ. ਵਿੱਚ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਬ੍ਰਿਟਿਸ਼ ਸਰਕਾਰ ਵਿਰੁੱਧ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕੀਤਾ ਗਿਆ। ਇਸ ਅੰਦੋਲਨ ਦੇ ਪ੍ਰੋਗਰਾਮ ਦੀ ਰੂਪ ਰੇਖਾ ਵਿੱਚ ਸਮਾਜ ਵਿੱਚ ਛੂਤ-ਛਾਤ ਖ਼ਤਮ ਕਰਨਾ ਵੀ ਸ਼ਾਮਲ ਸੀ। 1920 ਈ. ਵਿੱਚ ਨਾਗਪੁਰ ਵਿਖੇ ਹੋਈ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਕਾਨਫ਼ਰੰਸ ਵਿੱਚ ਮਹਾਤਮਾ ਗਾਂਧੀ ਜੀ ਨੇ ਛੂਤ-ਛਾਤ ਦੀ ਨਿੰਦਾ ਕੀਤੀ। ਪਰੰਤੂ ਮਹਾਤਮਾ ਗਾਂਧੀ ਜੀ ਨੂੰ ਬਹੁਤ ਦੁੱਖ ਹੋਇਆ ਕਿ ਨਾ-ਮਿਲਵਰਤਨ ਅੰਦੋਲਨ ਵਿੱਚ ਕਾਂਗਰਸ ਨੇ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਲਈ ਲੋੜੀਂਦੇ ਯਤਨ ਨਾ ਕੀਤੇ। ਇਸ ਕਰਕੇ ਹੀ ਨੀਵੀਂਆਂ ਜਾਤੀਆਂ ਦੇ ਲੋਕਾਂ ਨੇ ਨਾ-ਮਿਲਵਰਤਨ ਅੰਦੋਲਨ ਵਿੱਚ ਕਾਂਗਰਸ ਦਾ ਸਾਥ ਨਹੀਂ ਦਿੱਤਾ ਅਤੇ ਉਹ ਹਿੰਦੂ ਸਵਰਾਜ ਨਾਲੋਂ ਬ੍ਰਿਟਿਸ਼ ਰਾਜ ਨੂੰ ਹੀ ਚੰਗਾ ਸਮਝਦੇ ਸਨ।



*ਮਹਾਤਮਾ ਗਾਂਧੀ ਜੀ*

ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਮੁਲਤਵੀ ਹੋ ਜਾਣ ਪਿੱਛੋਂ ਕਾਂਗਰਸੀ ਸੰਸਥਾਵਾਂ ਨੂੰ ਆਦੇਸ਼ ਦਿੱਤਾ ਕਿ ਉਹ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਉਹਨਾਂ ਨੂੰ ਸੰਗਠਿਤ ਕਰਨ। ਉਹਨਾਂ ਦੀ ਸਮਾਜਿਕ, ਮਾਨਸਿਕ ਅਤੇ ਨੈਤਿਕ ਹਾਲਤ ਸੁਧਾਰਨ ਲਈ ਯਤਨ ਕਰਨ। ਉਹਨਾਂ ਨੂੰ ਉਹ ਸਾਰੀਆਂ ਸਹੂਲਤਾਂ ਦੇਣ ਜੋ ਦੂਜੇ ਨਾਗਰਿਕਾਂ ਨੂੰ ਪ੍ਰਾਪਤ ਹਨ।

1921 ਈ. ਤੋਂ 1923 ਈ. ਦੌਰਾਨ ਕਾਂਗਰਸ ਨੇ ਉਸਾਰੂ ਪ੍ਰੋਗਰਾਮ ਤੇ ਖਰਚ ਕੀਤੀ 49.5 ਲੱਖ ਰੁਪਏ ਦੀ ਰਕਮ ਵਿੱਚੋਂ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕੇਵਲ 43,381 ਰੁਪਏ ਖਰਚ ਕੀਤੇ ਸਨ।

ਮਹਾਤਮਾ ਗਾਂਧੀ ਜੀ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਲਈ ਵਰਤੇ ਜਾਂਦੇ 'ਅਛੂਤ', ਪੰਜਮਾ, ਪਰੀਹਾਂ ਆਦਿ ਸ਼ਬਦਾਂ ਦੀ ਥਾਂ "ਹਰੀਜਨ ਸ਼ਬਦ" ਦੀ ਵਰਤੋਂ ਕਰਨੀ ਸ਼ੁਰੂ ਕੀਤੀ ਜਿਸ ਦਾ ਭਾਵ ਅਰਥ ਹੈ **'ਈਸ਼ਵਰ ਦੇ ਬੱਚੇ'**। ਗਾਂਧੀ ਜੀ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ 11 ਫਰਵਰੀ 1933 ਈ. ਨੂੰ ਸਪਤਾਹਕ ਸਮਾਚਾਰ-ਪੱਤਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ। 7 ਨਵੰਬਰ 1933 ਈ. ਨੂੰ ਉਹਨਾਂ ਨੇ ਵਾਰਧਾ ਸਥਾਨ ਤੋਂ ਹਰੀਜਨਾਂ ਦੀ ਭਲਾਈ ਲਈ ਦੌਰਾ ਕਰਨਾ ਸ਼ੁਰੂ ਕੀਤਾ। ਉਹਨਾਂ ਨੇ ਜਿਹੜੇ ਸਥਾਨਾਂ ਦਾ ਦੌਰਾ ਕੀਤਾ ਉੱਥੇ ਕਿਹਾ ਕਿ ਸਕੂਲ, ਸੜਕਾਂ ਅਤੇ ਖੂਹ ਅਛੂਤਾਂ ਲਈ ਖੋਲ੍ਹੇ ਜਾਣ ਅਤੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਦਾ ਪ੍ਰਚਾਰ ਕੀਤਾ ਹੈ। ਕਈ ਸਥਾਨਾਂ ਤੇ ਕੁੱਝ ਸਨਾਤਨੀ ਹਿੰਦੂ ਲੋਕਾਂ ਨੇ ਮਹਾਤਮਾ ਗਾਂਧੀ ਜੀ ਦੇ ਭਾਸ਼ਣ ਦਾ ਵਿਰੋਧ ਕੀਤਾ ਅਤੇ ਪੂਨਾ ਵਿਖੇ ਉਹਨਾਂ ਉੱਤੇ ਬੰਬ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਅਸਫ਼ਲ ਰਹੀ। ਉਹਨਾਂ ਨੇ ਆਪਣੇ ਦੌਰੇ ਸਮੇਂ ਹਰੀਜਨ ਫੰਡ ਵੀ ਇਕੱਠਾ ਕੀਤਾ।

## ਭਾਰਤੀ ਸਮਾਜ ਸੁਧਾਰਕਾਂ ਦੀਆਂ ਸਰਗਰਮੀਆਂ ਦੇ ਪ੍ਰਭਾਵ

ਭਾਰਤੀ ਸਮਾਜ ਸੁਧਾਰਕਾਂ ਨੇ ਭਾਰਤੀ ਸਮਾਜ ਵਿੱਚ ਪ੍ਰਚਲਿਤ ਸਮਾਜਿਕ ਅਤੇ ਧਾਰਮਿਕ ਬੁਰਾਈਆਂ ਨੂੰ ਦੂਰ ਕਰਨ ਲਈ ਅਨੇਕਾਂ ਯਤਨ ਕੀਤੇ, ਜਿਨ੍ਹਾਂ ਦੇ ਸਿੱਟੇ ਹੇਠ ਲਿਖੇ ਅਨੁਸਾਰ ਹਨ :

1. 19ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਦੇ ਆਰੰਭ ਤੱਕ ਸਮਾਜ ਵਿੱਚ ਸਤੀ-ਪ੍ਰਥਾ, ਲੜਕੀਆਂ ਦੀ ਹੱਤਿਆ, ਜਾਤੀ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਅਤੇ ਵਿਧਵਾ ਪੁਨਰ-ਵਿਆਹ ਦੀ ਮਨਾਹੀ ਆਦਿ ਬੁਰਾਈਆਂ ਪ੍ਰਚਲਿਤ ਸਨ। ਇਹਨਾਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਬ੍ਰਹਮੋ ਸਮਾਜ, ਆਰੀਆ ਸਮਾਜ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਰਾਮਾ ਕ੍ਰਿਸ਼ਨ ਮਿਸ਼ਨ, ਅਲੀਗੜ੍ਹ ਅੰਦੋਲਨ ਆਦਿ ਨੇ ਮਹੱਤਵਪੂਰਨ ਯੋਗਦਾਨ ਪਾਇਆ।
2. ਭਾਰਤੀ ਸਮਾਜ ਸੁਧਾਰਕਾਂ ਦੁਆਰਾ ਜ਼ੋਰ ਦੇਣ ਤੇ ਬ੍ਰਿਟਿਸ਼ ਸਰਕਾਰ ਨੇ 1829 ਈ. ਵਿੱਚ ਲਾਰਡ ਵਿਲੀਅਮ ਦੇ ਸਮੇਂ ਸਤੀ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ। ਉਸ ਨੇ ਆਪਣੇ ਸ਼ਾਸਨ ਕਾਲ ਦੌਰਾਨ ਲੜਕੀਆਂ ਦੀ ਹੱਤਿਆ ਕਰਨਾ ਅਤੇ ਮਨੁੱਖ ਦੀ ਬਲੀ ਦੇਣ ਵਿਰੁੱਧ ਕਾਨੂੰਨ ਪਾਸ ਕੀਤੇ। 1891 ਈ. ਵਿੱਚ ਬਾਲ-ਵਿਆਹ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ।
3. ਭਾਰਤੀ ਲੋਕਾਂ ਵਿੱਚ ਰਾਸ਼ਟਰਵਾਦ ਦੀ ਭਾਵਨਾ ਪੈਦਾ ਹੋਈ ਅਤੇ ਨਵੇਂ ਭਾਰਤ ਦਾ ਨਿਰਮਾਣ ਕਰਨਾ ਸੰਭਵ ਹੋਇਆ।

## ਯਾਦ ਰੱਖਣ ਯੋਗ ਨੁਕਤੇ

1. ਰਿਗਵੈਦਿਕ ਕਾਲ ਵਿੱਚ ਸ਼ੁਰੂ ਹੋਈ ਜਾਤੀ ਪ੍ਰਥਾ ਨੇ ਰਾਜਪੂਤ ਕਾਲ ਵਿੱਚ ਕਠੋਰ ਰੂਪ ਧਾਰਨ ਕਰ ਲਿਆ ਸੀ। ਸਮਾਜ ਵਿੱਚ ਨੀਵੀਂ ਜਾਤੀ ਦੇ ਲੋਕਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ।

2. ਉੱਚੀਆਂ ਜਾਤੀਆਂ ਦੇ ਲੋਕਾਂ ਦੁਆਰਾ ਨੀਵੀਆਂ ਜਾਤੀਆਂ ਦੇ ਲੋਕਾਂ ਉੱਤੇ ਕੀਤੇ ਜਾ ਰਹੇ ਅੱਤਿਆਚਾਰਾਂ ਨੂੰ ਖਤਮ ਕਰਨ ਲਈ ਅਨੇਕਾਂ ਜਾਤੀ ਸੁਧਾਰ ਅੰਦੋਲਨ ਸ਼ੁਰੂ ਹੋਏ।

3. ਮਹਾਂਰਾਸ਼ਟਰ ਦੇ ਮਹਾਨ ਸਮਾਜ ਸੁਧਾਰਕ ਜੋਤਿਬਾ ਫੂਲੇ ਨੇ ਸੱਤਿਆ ਸ਼ੋਧਕ ਸਮਾਜ ਨਾਂ ਦੀ ਸੰਸਥਾ ਸਥਾਪਤ ਕੀਤੀ। ਨੀਵੀਂ ਜਾਤੀ ਦੀਆਂ ਲੜਕੀਆਂ ਦੀ ਪੜ੍ਹਾਈ ਲਈ ਤਿੰਨ ਸਕੂਲ ਖੋਲ੍ਹੇ। ਗਰੀਬ ਕਿਸਾਨਾਂ ਅਤੇ ਕਾਸ਼ਤਕਾਰਾਂ ਦੀ ਹਾਲਤ ਸੁਧਾਰਨ ਦੇ ਯਤਨ ਕੀਤੇ।

4. ਵੀਰ ਸਲਿੰਗਮ ਸਮਾਜ ਸੁਧਾਰਕ ਨੂੰ ਆਂਧਰਾ ਪ੍ਰਦੇਸ਼ ਦਾ ਪੈਗੰਬਰ ਕਿਹਾ ਜਾਂਦਾ ਹੈ। ਇਨ੍ਹਾਂ ਨੇ ਇਸਤਰੀਆਂ ਨੂੰ ਪੁਰਸ਼ਾਂ ਬਰਾਬਰ ਅਧਿਕਾਰ ਦੇਣ, ਵਿਧਵਾ ਪੁਨਰ ਵਿਆਹ ਅਤੇ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਪ੍ਰਚਾਰ ਕੀਤਾ। ਉਨ੍ਹਾਂ ਨੇ ਜਾਤੀ ਪ੍ਰਥਾ ਅਤੇ ਛੂਤ-ਛਾਤ ਖਤਮ ਕਰਨ ਲਈ ਪ੍ਰਚਾਰ ਕੀਤਾ।

5. ਸ਼੍ਰੀ ਨਾਰਾਇਣ ਗੁਰੂ ਨੇ ਇਜਹੇਵਜ ਜਾਤੀ ਅਤੇ ਹੋਰ ਨੀਵੀਆਂ ਜਾਤੀਆਂ ਦੇ ਲੋਕਾਂ ਹੀ ਹਾਲਤ ਸੁਧਾਰਨ ਲਈ ਯਤਨ ਕੀਤੇ। 1903 ਈ. ਵਿੱਚ ਸ਼੍ਰੀ ਨਰਾਇਣ ਧਰਮ ਪਰੀਪਾਲਣ ਯੋਗਮ ਦੀ ਸਥਾਪਨਾ ਕੀਤੀ।

6. ਤਾਮਿਲਨਾਡੂ ਦੇ ਮਹਾਨ ਸਮਾਜ ਸੁਧਾਰਕ ਪਰੀਆਰ ਰਾਮਾ ਸਵਾਮੀ ਨੇ ਸਮਾਜ ਵਿੱਚ ਫੈਲੀ ਅਛੂਤ ਪ੍ਰਥਾ ਨੂੰ ਖਤਮ ਕਰਨ ਲਈ ਸੱਤਿਆਗ੍ਰਹਿ ਸ਼ੁਰੂ ਕੀਤਾ। ਇਸ ਅੰਦੋਲਨ ਵਿੱਚ ਮਹਾਤਮਾ ਗਾਂਧੀ, ਸੀ. ਰਾਜਗੋਪਾਲਾਚਾਰੀ, ਆਚਾਰੀਆ ਵਿਨੋਭਾ ਭਾਵੇ ਆਦਿ ਰਾਸ਼ਟਰੀ ਨੇਤਾਵਾਂ ਨੇ ਹਿੱਸਾ ਲਿਆ।

7. ਡਾ. ਭੀਮ ਰਾਓ ਅੰਬੇਦਕਰ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ 'ਬਹਿਸ਼ਕ੍ਰਿਤ ਹਿਤਕਾਰਨੀ ਸਭਾ' ਅਤੇ 'ਸਮਾਜ ਸਮਤ ਸੰਘ' ਦੀ ਸਥਾਪਨਾ ਕੀਤੀ ਅਤੇ ਮੂਕਨਾਇਕ, 'ਬਹਿਸ਼ਕ੍ਰਿਤ ਭਾਰਤ, ਜਨਤਾ ਆਦਿ ਸਮਾਚਾਰ ਪੱਤਰ ਕੱਢੇ।

8. ਮਹਾਤਮਾ ਗਾਂਧੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ 'ਹਰੀਜਨ' ਸ਼ਬਦ ਦੀ ਵਰਤੋਂ ਕੀਤੀ, ਜਿਸ ਦਾ ਅਰਥ ਸੀ-ਈਸ਼ਵਰ ਦੇ ਬੱਚੇ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—

1. ਜੋਤਿਬਾ ਫੂਲੇ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕਿਹੜੇ ਕਾਰਜ ਕੀਤੇ ?
2. ਸਮਾਜ ਸੁਧਾਰਕਾਂ ਨੇ ਜਾਤੀ-ਪ੍ਰਥਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ?
3. ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦੇ ਪੈਗੰਬਰ ਕਿਉਂ ਕਿਹਾ ਜਾਂਦਾ ਹੈ ?
4. ਸ਼੍ਰੀ ਨਰਾਇਣ ਗੁਰੂ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕੀ ਯੋਗਦਾਨ ਪਾਇਆ ?
5. ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਅਤੇ ਉਸ ਦਾ

ਭਾਵ ਅਰਥ ਕੀ ਸੀ ?

6. ਮਹਾਤਮਾ ਗਾਂਧੀ ਜੀ ਦੁਆਰਾ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੇ ਗਏ ਕਾਰਜਾਂ ਦਾ ਵਰਣਨ ਕਰੋ।

## 2. ਹੇਠ ਲਿਖੇ ਖਾਲੀ ਸਥਾਨ ਭਰੋ—

1. ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ ਬ੍ਰਾਹਮਣ, ਕਸ਼ੱਤਰੀ ............... ਅਤੇ ਸ਼ੂਦਰ।
2. ਜੋਤਿਬਾ ਫੂਲੇ ਨੂੰ ............... ਦੀ ਉਪਾਧੀ ਨਾਲ ਸਨਮਾਨਿਤ ਕੀਤੀ ਗਿਆ।
3. ਡਾ. ਭੀਮ ਰਾਓ ਅੰਬੇਦਕਰ ਨੇ ............... ਈ. ਵਿੱਚ ਇੰਡੀਪੈਂਡੈਂਟ ਲੇਬਰ ਪਾਰਟੀ ਆਫ ਇੰਡੀਆ ਦੀ ਸਥਾਪਨਾ ਕੀਤੀ।
4. ਮਹਾਤਮਾ ਗਾਂਧੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਹਰੀਜ਼ਨ ਸ਼ਬਦ ਦੀ ਵਰਤੋਂ ਕੀਤੀ, ਜਿਸ ਦਾ ਭਾਵ ਅਰਥ ਸੀ ............... ।

## 3. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ—

| | | |
|---|---|---|
| 1. | ਜੋਤਿਬਾ ਫੂਲੇ | ਸ਼੍ਰੀ ਨਰਾਇਣ ਧਰਮ ਪਰੀਪਾਲਣ ਯੋਗਮ ਦੀ ਸਥਾਪਨਾ |
| 2. | ਪਰੀਆਰ ਰਾਮਾਸਵਾਮੀ | ਆਂਧਰਾ ਪ੍ਰਦੇਸ਼ ਰਾਜ ਦੇ ਪੈਗੰਬਰ |
| 3. | ਵੀਰ ਸਲਿੰਗਮ | ਤਾਮਿਲਨਾਡੂ ਦੇ ਮਹਾਨ ਸਮਾਜ ਸੁਧਾਰਕ |
| 4. | ਸ਼੍ਰੀ ਨਰਾਇਣ ਗੁਰੂ | ਸੱਤਿਆ ਸ਼ੋਧਕ ਸਮਾਜ ਨਾਂ ਦੀ ਸੰਸਥਾ |

## ਕੁਝ ਕਰਨ ਲਈ

1. ਜਾਤੀ ਪ੍ਰਥਾ ਬਾਰੇ ਆਪਣੇ ਅਧਿਆਪਕ ਸਾਹਿਬਾਨ ਅਤੇ ਹੋਰ ਵਿਦਿਆਰਥੀਆਂ ਨਾਲ ਚਰਚਾ ਕਰੋ ।



# ਪਾਠ 17 ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

## ਬਸਤੀਵਾਦ

ਬਸਤੀਵਾਦ ਦਾ ਭਾਵ-ਅਰਥ ਹੈ ਕਿਸੇ ਦੇਸ਼ ਉੱਤੇ ਦੂਜੇ ਦੇਸ਼ ਜਾਂ ਦੇਸ਼ਾਂ ਦੁਆਰਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਅਧਿਕਾਰ ਕਰਨਾ।

ਸ਼ਹਿਰੀ ਪਰਿਵਰਤਨ ਤੋਂ ਭਾਵ ਹੈ ਕਿਸੇ ਦੇਸ਼ ਦੀ ਰਾਜਨੀਤਿਕ ਦਸ਼ਾ ਵਿੱਚ ਪਰਿਵਰਤਨ ਹੋਣ ਨਾਲ਼ ਕਸਬਿਆਂ ਅਤੇ ਸ਼ਹਿਰਾਂ ਦੀ ਸਥਿਤੀ ਅਤੇ ਮਹੱਤਤਾ ਵਿੱਚ ਪਰਿਵਰਤਨ ਹੋਣਾ।

## ਨਵੇਂ ਸ਼ਹਿਰਾਂ ਅਤੇ ਕਸਬਿਆਂ ਦਾ ਉਥਾਨ

ਨਵੇਂ ਸ਼ਹਿਰਾਂ ਅਤੇ ਕਸਬਿਆਂ ਦਾ ਉਥਾਨ ਤਦ ਹੁੰਦਾ ਹੈ, ਜੇਕਰ ਉਹ ਰਾਜਨੀਤਿਕ ਸ਼ਕਤੀ ਦਾ ਕੇਂਦਰ ਜਾਂ ਆਰਥਿਕ ਗਤੀਵਿਧੀਆਂ ਦਾ ਧੁਰਾ ਜਾਂ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਹੁੰਦਾ ਹੈ। ਜੇਕਰ ਕਿਸੇ ਦੇਸ਼ ਦੀ ਰਾਜਸੀ ਸ਼ਕਤੀ ਵਿੱਚ ਪਰਿਵਰਤਨ ਹੋਣ ਨਾਲ਼ ਸੰਬੰਧਿਤ ਸ਼ਾਸਕ ਆਪਣੀਆਂ ਰਾਜਧਾਨੀਆਂ ਬਦਲਦੇ ਹਨ ਤਾਂ ਉਦੋਂ ਕਈ ਕਸਬੇ ਆਪਣੀ ਮਹੱਤਤਾ ਖੋ ਬੈਠਦੇ ਹਨ ਅਤੇ ਨਵੇਂ ਕਸਬੇ ਉਹਨਾਂ ਦੀ ਥਾਂ ਲੈ ਲੈਂਦੇ ਹਨ।

ਪ੍ਰਾਚੀਨ ਕਾਲ ਵਿੱਚ ਹੜੱਪਾ ਅਤੇ ਮਹਿੰਜੋਦੜੋ ਦੋ ਉੱਨਤ ਸ਼ਹਿਰ ਸਨ। ਪਰੰਤੂ ਹੁਣ ਉਹ ਦੋਵੇਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। ਇਸੇ ਤਰ੍ਹਾਂ ਫਤਿਹਪੁਰ ਸੀਕਰੀ ਕਦੀ ਮਹਾਨ ਅਕਬਰ ਮੁਗ਼ਲ ਬਾਦਸ਼ਾਹ ਦੀ ਰਾਜਧਾਨੀ ਸੀ। ਪਰੰਤੂ ਹੁਣ ਇਹ ਇਕ ਇਤਿਹਾਸਕ ਸਥਾਨ ਹੀ ਹੈ। ਇਸ ਤਰ੍ਹਾਂ ਸੈਂਕੜੇ ਸ਼ਹਿਰ ਅਤੇ ਕਸਬੇ ਸਥਾਪਤ ਹੁੰਦੇ ਹਨ ਪਰੰਤੂ ਰਾਜਸੀ ਸਰਪ੍ਰਸਤੀ ਨਾ ਮਿਲਣ ਕਾਰਨ ਆਪਣੀ ਮਹੱਤਤਾ ਗੁਆ ਬੈਠਦੇ ਸਨ।

ਇਸੇ ਤਰ੍ਹਾਂ 18ਵੀਂ ਅਤੇ 19ਵੀਂ ਸਦੀ ਵਿੱਚ ਮੁਗ਼ਲ ਸੈਨਾਪਤੀਆਂ ਅਤੇ ਮਰਾਠਾ ਸਰਦਾਰਾਂ ਦੇ ਅਸਥਾਨ ਰਾਜਸੀ ਸਰਪ੍ਰਸਤੀ ਨਾ ਮਿਲਣ ਕਾਰਨ ਆਪਣੀ ਮਹੱਤਤਾ ਗੁਆ ਬੈਠੇ ਸਨ। ਭਾਰਤ ਵਿੱਚ ਅੰਗਰੇਜ਼ੀ ਰਾਜ ਸਮੇਂ ਜਦੋਂ ਮਦਰਾਸ, ਬੰਬਈ ਅਤੇ ਕਲਕੱਤਾ ਹੋਂਦ ਵਿੱਚ ਆਏ ਤਾਂ ਬਹੁਤ ਸਾਰੇ ਲੋਕ ਇਹਨਾਂ ਸ਼ਹਿਰਾਂ ਵਿੱਚ ਰਹਿਣ ਲੱਗੇ ਕਿਉਂਕਿ ਇਥੇ ਉਹਨਾਂ ਨੂੰ ਤਰੱਕੀ ਦੇ ਚੰਗੇ ਮੌਕੇ ਪ੍ਰਾਪਤ ਹੋ ਸਕਦੇ ਸਨ। ਸੂਰਤ ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਪੱਛਮੀ ਤੱਟ ਤੇ ਸਥਿਤ ਵਪਾਰੀਆਂ ਦਾ ਇਕ ਕੇਂਦਰ ਸੀ ਪਰੰਤੂ ਜਦੋਂ ਤੋਂ ਬੰਬਈ ਇੱਕ ਬੰਦਰਗਾਹ ਬਣ ਗਈ ਅਤੇ ਨਾਲ ਹੀ ਈਸਟ ਇੰਡੀਆ ਕੰਪਨੀ ਦੀ ਰਾਜਨੀਤਿਕ ਸ਼ਕਤੀ ਦਾ ਕੇਂਦਰ ਬਣ ਗਈ ਤਾਂ ਵਪਾਰੀ ਲੋਕਾਂ ਨੇ ਇਥੇ ਰਹਿਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਹਨਾਂ ਨੂੰ ਇਥੇ ਤਰੱਕੀ ਕਰਨ ਦੇ ਚੰਗੇ ਮੌਕੇ ਪ੍ਰਾਪਤ ਹੋ ਸਕਦੇ ਸਨ।

ਇਸੇ ਤਰ੍ਹਾਂ 1757 ਈ. ਵਿੱਚ ਪਲਾਸੀ ਦੀ ਅਤੇ 1764 ਈ. ਵਿੱਚ ਬਕਸਰ ਦੀ ਲੜਾਈ ਵਿੱਚ ਬੰਗਾਲ ਦੇ ਨਵਾਬਾਂ ਦੀ ਹਾਰ ਹੋ ਜਾਣ ਕਾਰਨ ਮੁਰਸ਼ਦਾਬਾਦ ਰਾਜਧਾਨੀ ਦੀ ਮਹੱਤਤਾ ਘੱਟ ਗਈ ਸੀ ਅਤੇ ਈਸਟ ਇੰਡੀਆ ਕੰਪਨੀ ਦੀ ਰਾਜਧਾਨੀ ਕਲਕੱਤਾ ਦੀ ਮਹੱਤਤਾ ਵਧ ਗਈ ਸੀ। ਇਸੇ ਤਰ੍ਹਾਂ ਭਾਰਤ ਵਿੱਚ ਅੰਗਰੇਜ਼ੀ ਰਾਜਨੀਤਿਕ ਸ਼ਕਤੀ ਦਾ ਵਿਸਥਾਰ ਹੋਣ ਨਾਲ਼ ਉਹਨਾਂ ਦੇ ਨਵੇਂ ਪ੍ਰਸ਼ਾਸਨਿਕ ਕੇਂਦਰ ਪ੍ਰਸਿੱਧ ਸ਼ਹਿਰੀ ਅਸਥਾਨਾਂ ਵਿੱਚ ਵਿਕਸਿਤ ਹੋਣ ਨਾਲ਼ ਉਹਨਾਂ ਦੀ ਮਹੱਤਤਾ ਵੱਧ ਗਈ। ਜਦਕਿ ਭਾਰਤੀ ਸ਼ਾਸਕਾਂ ਦੇ ਕੇਂਦਰਾਂ ਦੀ ਮਹੱਤਤਾ ਉਸ ਸਮੇਂ ਖ਼ਤਮ ਹੋ ਗਈ ਜਦੋਂ ਭਾਰਤੀ ਸ਼ਾਸਕ ਆਪਣੇ ਰਾਜ ਗੁਆ ਬੈਠੇ ਸਨ।

# ਨਵੇਂ ਕਸਬਿਆਂ ਦਾ ਉਥਾਨ

ਭਾਰਤ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੇ ਇੱਕ ਰਾਜਸੀ ਸ਼ਕਤੀ ਬਣਨ ਨਾਲ਼ ਬੰਬਈ, ਕਲਕੱਤਾ ਅਤੇ ਮਦਰਾਸ ਆਦਿ ਨਵੇਂ ਕਸਬੇ ਹੋਂਦ ਵਿੱਚ ਆਏ ।

## ਮਦਰਾਸ

ਮਦਰਾਸ ਨਗਰ ਭਾਰਤ ਦੇ ਪੂਰਬੀ ਤੱਟ ਉੱਤੇ ਸਥਿਤ ਹੈ। ਇਸ ਦਾ ਵਰਤਮਾਨ ਨਾਂ ਚੇਨੱਈ ਹੈ। ਇਹ ਤਾਮਿਲਨਾਡੂ ਰਾਜ ਦੀ ਰਾਜਧਾਨੀ ਹੈ। ਮਦਰਾਸ ਭਾਰਤ ਵਿੱਚ ਵਿਕਸਿਤ ਹੋਣ ਵਾਲੀ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਤਿੰਨ ਮੁੱਖ ਕੇਂਦਰ- ਕਲਕੱਤਾ, ਬੰਬਈ ਅਤੇ ਮਦਰਾਸ ਵਿੱਚੋਂ ਇੱਕ ਸੀ। ਇਥੇ ਵੀ ਈਸਟ ਇੰਡੀਆ ਕੰਪਨੀ ਦੀ ਪ੍ਰੈਜ਼ੀਡੈਂਸੀ ਦਾ ਇਕ ਕੇਂਦਰ ਸੀ। 1639 ਈ. ਵਿੱਚ ਅੰਗਰੇਜ਼ਾਂ ਨੂੰ ਸਰਕਾਰ ਦਾ ਪੱਟਾ ਪ੍ਰਾਪਤ ਹੋ ਗਿਆ ਸੀ। ਕੰਪਨੀ ਦੇ ਇਸ ਕੇਂਦਰ ਦੀ ਸਥਾਪਨਾ 1639 ਈ. ਵਿੱਚ ਫ਼ਰਾਂਸਿਸ ਡੇ ਨੇ ਕੀਤੀ ਸੀ। ਫਰਾਂਸੀਸੀ ਸੈਨਾਪਤੀ ਲਾ-ਬੋਰੋਦੇਨੇ ਨੇ ਪਹਿਲੇ ਕਰਨਾਟਕ ਯੁੱਧ (1746-1748) ਸਮੇਂ ਮਦਰਾਸ ਅੰਗਰੇਜ਼ਾਂ ਤੋਂ ਖੋਹ ਲਿਆ ਸੀ। ਇਸ ਯੁੱਧ ਦੇ ਸਮਾਪਤ ਹੋਣ ਪਿੱਛੋਂ 1748 ਈ. ਵਿੱਚ ਮਦਰਾਸ ਅੰਗਰੇਜ਼ਾਂ ਨੂੰ ਵਾਪਸ ਦੇ ਦਿੱਤਾ ਗਿਆ ਸੀ। ਕਰਨਾਟਕ ਦੇ ਤਿੰਨ ਯੁੱਧਾਂ ਵਿੱਚ ਅੰਗਰੇਜ਼ਾਂ ਨੂੰ ਜਿੱਤ ਪ੍ਰਾਪਤ ਹੋਣ ਕਾਰਨ ਮਦਰਾਸ ਇੱਕ ਮਹੱਤਵਪੂਰਨ ਅਤੇ ਖੁਸ਼ਹਾਲ ਨਗਰ ਬਣ ਗਿਆ।




*ਮਦਰਾਸ ਹਾਈ ਕੋਰਟ*

**ਪ੍ਰੈਜ਼ੀਡੈਂਸੀ** : ਉਪਨਿਵੇਸ਼ਕ ਭਾਰਤ ਨੂੰ ਸ਼ਾਸਨ ਪ੍ਰਬੰਧ ਦੇ ਉਦੇਸ਼ ਨਾਲ਼ ਬੰਬਈ, ਮਦਰਾਸ ਅਤੇ ਬੰਗਾਲ ਪ੍ਰੈਜ਼ੀਡੈਂਸੀਆਂ ਵਿੱਚ ਵੰਡਿਆ ਗਿਆ।

ਜਲਦੀ ਹੀ ਮਦਰਾਸ ਇਕ ਬੰਦਰਗਾਹ ਨਗਰ ਅਤੇ ਪ੍ਰਸਿੱਧ ਉਦਯੋਗਿਕ ਕੇਂਦਰ ਵਜੋਂ ਵਿਕਸਿਤ ਹੋਇਆ। ਇੱਥੇ ਅਨੇਕਾਂ ਵੇਖਣ ਯੋਗ ਅਸਥਾਨ ਗਿਰਜਾ-ਘਰ, ਭਵਨ, ਸਮਾਰਕ, ਸੁੰਦਰ ਮੰਦਰ, ਮਦਰਾਸ ਹਾਈ ਕੋਰਟ ਅਤੇ ਸਮੁੰਦਰੀ ਤੱਟ ਇਸ ਨਗਰ ਦੀ ਸ਼ਾਨ ਵਿੱਚ ਵਾਧਾ ਕਰਦੇ ਹਨ।

## ਬੰਬਈ

ਬੰਬਈ ਨਗਰ ਮਹਾਂਰਾਸ਼ਟਰ ਵਿੱਚ ਅਰਬ ਸਾਗਰ ਦੇ ਪੂਰਬੀ ਤੱਟ ਉੱਤੇ ਸਥਿਤ ਹੈ। ਅੱਜਕਲ ਇਸ ਦਾ ਨਾਂ ਮੁੰਬਈ ਹੈ। ਇਹ ਇਕ ਪ੍ਰਸਿੱਧ ਵਪਾਰਕ ਕੇਂਦਰ ਹੋਣ ਦੇ ਨਾਲ਼-ਨਾਲ਼ ਉਦਯੋਗਿਕ ਅਤੇ ਸਭਿਆਚਾਰ ਦਾ ਕੇਂਦਰ ਵੀ ਹੈ। 1661 ਈ. ਵਿੱਚ ਪੁਰਤਗਾਲੀ **ਰਾਜਕੁਮਾਰੀ ਕੈਥਰੀਨ** ਦਾ ਇੰਗਲੈਂਡ ਦੇ ਸ਼ਾਸਕ **ਚਾਰਲਸ ਦੂਜੇ** ਨਾਲ ਵਿਆਹ ਹੋਣ ਸਮੇਂ ਇਹ ਨਗਰ ਪੁਰਤਗਾਲੀਆਂ ਨੇ ਦਾਜ ਦੇ ਰੂਪ ਵਿੱਚ ਇੰਗਲੈਂਡ ਨੂੰ ਦਿੱਤਾ ਸੀ। ਉਸ ਨੇ ਅੱਗੇ ਈਸਟ ਇੰਡੀਆ ਕੰਪਨੀ ਨੂੰ ਕਿਰਾਏ ਤੇ ਦੇ ਦਿੱਤਾ। ਹੌਲ਼ੀ-ਹੌਲ਼ੀ ਬੰਬਈ ਅੰਗਰੇਜ਼ਾਂ ਦੀ ਪ੍ਰੈਜ਼ੀਡੈਂਸੀ ਬਣ ਗਿਆ। ਇਸ ਨਗਰ ਦੇ ਪ੍ਰਸਿੱਧ ਸਥਾਨ ਜੂਹੂ ਬੀਚ, ਚੌਪਾਟੀ, ਕੋਲਾਬਾ, ਮਾਲਾਬਾਰ ਹਿਲ, ਜਹਾਂਗੀਰੀ ਆਰਟ ਗੈਲਰੀ, ਅਜਾਇਬ ਘਰ, ਬੰਬਈ ਯੂਨੀਵਰਸਿਟੀ, ਮਹਾਂਲਕਸ਼ਮੀ ਮੰਦਰ, ਵਿਕਟੋਰੀਆ ਬਾਗ਼, ਕਮਲਾ ਨਹਿਰੂ ਪਾਰਕ ਆਦਿ ਬੰਬਈ ਦੀ ਸ਼ਾਨ ਵਧਾਉਂਦੇ ਹਨ।



*ਕਮਲਾ ਨਹਿਰੂ ਪਾਰਕ*

## ਕਲਕੱਤਾ

ਕਲਕੱਤਾ ਪੱਛਮੀ ਬੰਗਾਲ ਦੀ ਰਾਜਧਾਨੀ ਹੈ। ਅੱਜਕਲ੍ਹ ਇਸ ਦਾ ਨਾਂ ਕੋਲਕਾਤਾ ਹੈ। ਇਹ ਭਾਰਤ ਵਿੱਚ ਅੰਗਰੇਜ਼ੀ ਰਾਜ ਸਮੇਂ ਇੱਕ ਪ੍ਰਸਿੱਧ ਵਪਾਰਕ ਬਸਤੀ ਸੀ। 1695 ਈ. ਵਿੱਚ ਅੰਗਰੇਜ਼ਾਂ ਨੇ ਇਥੇ ਆਪਣੀ ਪਹਿਲੀ ਵਪਾਰਕ ਫੈਕਟਰੀ ਸਥਾਪਤ ਕੀਤੀ ਅਤੇ ਉਸ ਦੀ ਕਿਲ੍ਹੇਬੰਦੀ ਕੀਤੀ। 1757 ਈ. ਤੱਕ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਨੇ ਆਪਣਾ ਸਾਰਾ ਸਮਾਂ ਵਪਾਰਕ ਮਾਮਲਿਆਂ ਤੇ ਲਗਾਇਆ। ਜਦੋਂ ਬੰਗਾਲ ਦੇ ਨਵਾਬ ਸਿਰਾਜ਼-ਉਦ-ਦੌਲਾ ਅਤੇ ਈਸਟ ਇੰਡੀਆ ਕੰਪਨੀ ਵਿਚਕਾਰ ਯੁੱਧ ਸ਼ੁਰੂ ਹੋ ਗਿਆ ਤਾਂ ਭਾਰਤ ਦੀਆਂ ਵੱਖ-ਵੱਖ ਬਸਤੀਆਂ-ਮਦਰਾਸ, ਬੰਬਈ ਅਤੇ ਕਲਕੱਤਾ ਆਦਿ ਵਿਕਸਿਤ ਸ਼ਹਿਰ ਬਣ ਗਏ। ਭਾਰਤ ਦੇ ਬਹੁ-ਗਿਣਤੀ ਵਿੱਚ ਵਪਾਰੀ ਲੋਕ ਇਹਨਾਂ ਸ਼ਹਿਰਾਂ ਵਿੱਚ ਰਹਿਣ ਲੱਗੇ ਕਿਉਂਕਿ ਇੱਥੇ ਉਹਨਾਂ ਨੂੰ ਬਹੁਤ ਜ਼ਿਆਦਾ ਵਪਾਰਕ ਸਹੂਲਤਾਂ ਪ੍ਰਾਪਤ ਹੋ ਸਕਦੀਆਂ ਸਨ। 1757 ਈ. ਵਿੱਚ ਪਲਾਸੀ ਅਤੇ 1764 ਈ. ਵਿੱਚ ਬਕਸਰ ਦੀ ਲੜਾਈ ਵਿੱਚ ਬੰਗਾਲ ਦੇ ਨਵਾਬਾਂ ਦੀ ਹਾਰ ਹੋ ਜਾਣ ਕਾਰਨ ਕਲਕੱਤਾ ਸ਼ਹਿਰ ਦੀ ਮਹੱਤਤਾ ਵੱਧ ਗਈ।

ਅੱਜਕਲ੍ਹ ਇੱਥੇ ਅਨੇਕ ਵੇਖਣਯੋਗ ਅਸਥਾਨ ਜਿਵੇਂ ਕਿ ਹਾਵੜਾ ਪੁਲ, ਵਿਕਟੋਰੀਆ ਮੈਮੋਰੀਅਲ, ਬੋਟਨੀਕਲ ਗਾਰਡਨ, ਭਾਰਤੀ ਅਜਾਇਬ ਘਰ, ਅਲੀਪੁਰ ਚਿੜੀਆ ਘਰ, ਵੈਲੂਰ ਮੱਠ, ਰਾਸ਼ਟਰੀ ਪੁਸਤਕਾਲਿਆ ਆਦਿ ਹਨ ਜੋ ਇਸ ਦੀ ਮਹੱਤਤਾ ਨੂੰ ਵਧਾਉਂਦੇ ਹਨ।

## ਵਿਸ਼ਾ ਅਧਿਐਨ-ਦਿੱਲੀ


ਅੱਜਕਲ੍ਹ ਭਾਰਤ ਦੀ ਰਾਜਧਾਨੀ ਦਿੱਲੀ ਹੈ। ਇਹ ਜਮੁਨਾ ਨਦੀ ਦੇ ਕੰਢੇ ਉੱਤੇ ਸਥਿਤ ਹੈ। ਇਹ ਭਾਰਤ ਦਾ ਪ੍ਰਸਿੱਧ ਨਗਰ ਹੈ। ਮਹਾਂਕਾਵਿ ਕਾਲ ਵਿੱਚ ਦਿੱਲੀ ਨੂੰ ਇੰਦਰਪਰਸਥ ਨਾਂ ਨਾਲ ਜਾਣਿਆ ਜਾਂਦਾ ਸੀ। ਬਾਅਦ ਵਿੱਚ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਇਸ ਨੂੰ ਸ਼ਾਹਜਹਾਂਨਾਬਾਦ ਦਾ ਨਾਂ ਦਿੱਤਾ। 1911 ਈ. ਵਿੱਚ ਅੰਗਰੇਜ਼ਾਂ ਨੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਤਾਂ ਉਹਨਾਂ ਨੇ ਇਸ ਨੂੰ ਦਿੱਲੀ ਦਾ ਨਾਂ ਦਿੱਤਾ। ਦਿੱਲੀ ਸ਼ੁਰੂ ਤੋਂ ਹੀ ਭਾਰਤ ਦਾ



*ਪਾਰਲੀਮੈਂਟ ਹਾਊਸ, ਦਿੱਲੀ*



*ਰਾਸ਼ਟਰਪਤੀ ਭਵਨ, ਦਿੱਲੀ*



*ਇੰਡੀਆ ਗੇਟ, ਦਿੱਲੀ*

ਰਾਜਨੀਤਿਕ, ਵਪਾਰਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਮੱਧਕਾਲ ਵਿੱਚ ਇਹ ਬਹੁਤ ਪ੍ਰਸਿੱਧ ਹੋ ਗਿਆ ਸੀ ਕਿਉਂਕਿ ਇਲਤੁਤਮਿਸ਼ ਨੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ। ਇਸ ਤੋਂ, ਪਿੱਛੋਂ ਦਿੱਲੀ ਸਾਰੇ ਸੁਲਤਾਨਾਂ ਦੀ ਰਾਜਧਾਨੀ ਬਣਿਆ ਰਿਹਾ। ਮਹਾਨ ਮੁਗ਼ਲ ਬਾਦਸ਼ਾਹ ਅਕਬਰ ਸਮੇਂ ਕੁਝ ਦੇਰ ਲਈ ਆਗਰਾ ਅਤੇ ਫਤਿਹਪੁਰ ਸੀਕਰੀ ਮੁਗ਼ਲਾਂ ਦੀ ਰਾਜਧਾਨੀ ਬਣੇ ਰਹੇ। ਇਸ ਤੋਂ ਇਲਾਵਾ ਬਾਕੀ ਸਾਰੇ ਮੁਗ਼ਲ ਸ਼ਾਸਕਾਂ ਨੇ ਦਿੱਲੀ ਨੂੰ ਹੀ ਆਪਣੀ ਰਾਜਧਾਨੀ ਬਣਾਇਆ ਸੀ। ਇਸ ਕਰਕੇ ਦਿੱਲੀ ਨਗਰ ਦੀ ਮਹੱਤਤਾ ਬਹੁਤ ਵਧ ਗਈ ਸੀ।

1911 ਈ. ਵਿੱਚ ਅੰਗਰੇਜ਼ਾਂ ਨੇ ਆਪਣੇ ਭਾਰਤੀ ਸਾਮਰਾਜ ਦੀ ਰਾਜਧਾਨੀ ਕਲਕੱਤਾ ਦੀ ਥਾਂ ਦਿੱਲੀ ਨੂੰ ਬਣਾਇਆ। ਇਥੇ ਵੇਖਣਯੋਗ ਪ੍ਰਸਿੱਧ ਅਸਥਾਨ ਲਾਲ ਕਿਲ੍ਹਾ, ਚਿੜੀਆ ਘਰ, ਅੱਪੂ ਘਰ, ਇੰਡੀਆ ਗੇਟ, ਕਿਲ੍ਹਾ ਰਾਏ ਪਿਥੌਰ, ਫਤਿਹਪੁਰੀ ਮਸਜ਼ਿਦ, ਨਿਜਾਮੁਦੀਨ ਔਲੀਆ ਦੀ ਦਰਗਾਹ, ਜੰਤਰ-ਮੰਤਰ, ਬਹਿਲੋਲ ਲੋਧੀ ਅਤੇ ਸਿਕੰਦਰ ਲੋਧੀ ਦੇ ਮਕਬਰੇ, ਕੁਤੁਬਦੀਨ ਬਖਤਿਆਰ ਕਾਕੀ ਦੀ ਦਰਗਾਹ, ਪਾਰਲੀਮੈਂਟ ਹਾਊਸ, ਰਾਸ਼ਟਰਪਤੀ ਭਵਨ, ਅਜਾਇਬ ਘਰ, ਰਾਜਘਾਟ, ਤੀਨ ਮੂਰਤੀ ਭਵਨ, ਸ਼ਕਤੀ ਸਥਲ, ਸ਼ਾਂਤੀਵਨ, ਦਿੱਲੀ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਬਿਰਲਾ ਮੰਦਰ, ਗੁਰਦੁਆਰਾ ਸੀਸ ਗੰਜ਼, ਗੁਰਦੁਆਰਾ ਬੰਗਲਾ ਸਾਹਿਬ ਆਦਿ ਹਨ।



*ਕੁਤਬਦੀਨ ਬਖ਼ਤਿਆਰ ਕਾਕੀ ਦੀ ਦਰਗਾਹ*

**ਦਰਗਾਹ** : ਸੂਫੀ ਸੰਤ ਦਾ ਮਕਬਰਾ

## ਬਸਤੀਵਾਦੀ ਸੰਸਥਾਵਾਂ ਅਤੇ ਨੀਤੀਆਂ ਲਾਗੂ ਕਰਨਾ

1857 ਈ. ਦੇ ਵਿਦਰੋਹ ਬਾਅਦ ਅੰਗਰੇਜ਼ੀ ਸਰਕਾਰ ਨੇ ਭਾਰਤੀ ਸਾਮਰਾਜ ਨੂੰ ਸੰਗਠਿਤ ਕਰਨ ਲਈ ਨਗਰਪਾਲਿਕਾਵਾਂ, ਲੋਕ ਨਿਰਮਾਨ ਵਿਭਾਗ, ਯੋਜਨਾ, ਰੇਲ-ਮਾਰਗ ਦਾ ਜਾਲ ਵਿਛਾਉਣਾ ਆਦਿ ਵਲ ਧਿਆਨ ਦਿੱਤਾ। ਉਹਨਾਂ ਵਿੱਚੋਂ ਕਈ ਸੰਸਥਾਵਾਂ ਅੱਜ ਵੀ ਥੋੜ੍ਹੇ ਬਹੁਤ ਸੁਧਾਰਾਂ ਦੇ ਨਾਲ ਮੌਜੂਦ ਹਨ।

**ਨਗਰਪਾਲਿਕਾਵਾਂ :** ਸਭ ਤੋਂ ਪਹਿਲਾਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ 1687-88 ਈ. ਵਿੱਚ ਮਦਰਾਸ ਵਿੱਚ ਨਗਰਪਾਲਿਕਾ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ। ਇਸ ਦੇ ਮੈਂਬਰ ਨਾਮਜ਼ਦ ਕੀਤੇ ਜਾਂਦੇ ਸਨ। ਕੁਝ ਸਮੇਂ ਬਾਅਦ ਬੰਬਈ ਅਤੇ ਕਲਕੱਤਾ ਵਿੱਚ ਵੀ ਨਗਰਪਾਲਿਕਾ ਕਾਰਪੋਰੇਸ਼ਨਾਂ ਸਥਾਪਿਤ ਕੀਤੀਆਂ ਗਈਆਂ। ਹੌਲੀ-ਹੌਲੀ ਵੱਖ-ਵੱਖ ਪ੍ਰਾਂਤਾਂ ਦੇ ਨਗਰਾਂ ਅਤੇ ਪਿੰਡਾਂ ਦੇ ਲਈ ਨਗਰਪਾਲਿਕਾਵਾਂ ਅਤੇ ਜ਼ਿਲ੍ਹਾ ਬੋਰਡ ਕਾਇਮ ਕੀਤੇ ਗਏ। ਇਹਨਾਂ ਸੰਸਥਾਵਾਂ ਰਾਹੀਂ ਕਾਫ਼ੀ ਸੰਖਿਆ ਵਿੱਚ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਖੋਲ੍ਹੇ ਗਏ। ਨਗਰਾਂ ਦੀ ਸਫ਼ਾਈ ਅਤੇ ਇਥੇ ਰਾਤ ਨੂੰ ਰੋਸ਼ਨੀ ਦਾ ਪ੍ਰਬੰਧ ਕੀਤਾ ਜਾਂਦਾ ਸੀ। ਲੋਕਾਂ ਨੂੰ ਪਾਣੀ ਦੀਆਂ ਸਹੂਲਤਾਂ ਮਿਲਣ ਲੱਗੀਆਂ। ਵੱਖ-ਵੱਖ ਨਗਰਾਂ ਵਿੱਚ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਜਿਨ੍ਹਾਂ ਵਿੱਚ ਬਿਮਾਰੀਆਂ ਦੀ ਰੋਕਥਾਮ ਕਰਨ ਲਈ ਮੁਫ਼ਤ ਦਵਾਈਆਂ ਅਤੇ ਟੀਕੇ ਲਗਾਉਣ ਦਾ ਪ੍ਰਬੰਧ ਕੀਤਾ ਜਾਂਦਾ ਸੀ।

**ਸਰਵਜਨਕ ਕੰਮ :** ਭਾਰਤ ਵਿੱਚ ਅੰਗਰੇਜ਼ੀ ਰਾਜ ਕਾਲ ਵਿੱਚ ਸਭ ਤੋਂ ਪਹਿਲਾਂ ਲਾਰਡ ਡਲਹੌਜ਼ੀ ਨੇ ਜਨਤਾ ਦੀ ਭਲਾਈ ਦਾ ਕੰਮ ਕਰਨ ਲਈ ਲੋਕ ਨਿਰਮਾਣ ਵਿਭਾਗ ਦੀ ਸਥਾਪਨਾ ਕੀਤੀ। ਇਸ ਵਿਭਾਗ ਨੇ ਸੜਕਾਂ, ਨਹਿਰਾਂ ਅਤੇ ਪੁਲ ਆਦਿ ਤਿਆਰ ਕਰਵਾਏ। ਇਸ ਵਿਭਾਗ ਨੇ ਕਲਕੱਤਾ ਤੋਂ ਪਿਸ਼ਾਵਰ ਤੱਕ ਜੀ.ਟੀ. ਰੋਡ ਤਿਆਰ ਕਰਵਾਈ। 8 ਅਪ੍ਰੈਲ, 1853 ਈ. ਨੂੰ ਗੰਗਾ ਨਹਿਰ (Ganga Canal)। ਤਿਆਰ ਕਰਵਾ ਕੇ ਉਸ ਵਿੱਚ ਪਾਣੀ ਛੱਡ ਦਿੱਤਾ। ਰੁੜਕੀ ਵਿਖੇ ਇਕ ਇੰਜਨੀਅਰਿੰਗ ਕਾਲਜ ਸਥਾਪਿਤ ਕੀਤਾ। ਇਸ ਵਿਭਾਗ ਨੇ ਹੋਰ ਕਈ ਪਰਜਾ ਦੀ ਭਲਾਈ ਦੇ ਕਾਰਜ ਕੀਤੇ।

**ਯੋਜਨਾ** : ਅੰਗਰੇਜ਼ੀ ਰਾਜ ਸਮੇਂ ਭਾਰਤ ਦੇ ਕਈ ਪ੍ਰਮੁੱਖ ਸ਼ਹਿਰਾਂ ਵਿੱਚ ਜਲ-ਸੁਵਿਧਾਵਾਂ ਵਿੱਚ ਸੁਧਾਰ ਹੋਇਆ। ਭਾਰਤ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਪਾਇਪ ਰਾਹੀਂ ਪਾਣੀ ਦੀ ਸਪਲਾਈ, ਗਲੀਆਂ ਵਿੱਚ ਰੋਸ਼ਨੀ, ਘਰਾਂ ਵਿੱਚ ਬਿਜਲੀ ਦੀ ਸਪਲਾਈ, ਸੀਵਰੇਜ਼, ਆਧੁਨਿਕ ਬਾਜ਼ਾਰ, ਪਾਰਕਾਂ ਅਤੇ ਖੇਡ ਦੇ ਮੈਦਾਨ ਤਿਆਰ ਕਰਵਾਏ ਗਏ ਸਨ।

**ਰੇਲਵੇ ਲਾਈਨਾਂ** – ਲਾਰਡ ਡਲਹੌਜ਼ੀ ਦੇ ਸਮੇਂ 1853 ਈ. ਵਿੱਚ ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਸ਼ਹਿਰ ਤੱਕ ਬਣਾਈ ਗਈ। 1854 ਈ. ਵਿੱਚ ਕਲਕੱਤਾ ਤੋਂ ਰਾਣੀਗੰਜ਼ ਤੱਕ ਦੀ ਰੇਲਵੇ ਲਾਈਨ ਦਾ ਨਿਰਮਾਣ ਕੀਤਾ ਗਿਆ। ਭਾਰਤ ਵਿੱਚ ਅੰਗਰੇਜ਼ ਸ਼ਾਸਕਾਂ ਦੁਆਰਾ ਰੇਲਵੇ ਲਾਈਨਾਂ ਦਾ ਨਿਰਮਾਣ ਕਰਨ ਦੇ ਕਈ ਕਾਰਣ ਸਨ। ਉਹਨਾਂ ਵਿੱਚੋਂ ਪ੍ਰਮੁੱਖ ਕਾਰਣ ਹੇਠ ਲਿਖੇ ਅਨੁਸਾਰ ਹਨ —

(1) ਅੰਗਰੇਜ਼ੀ ਸਰਕਾਰ ਆਪਣੇ ਸਾਮਰਾਜ ਦੀ ਰੱਖਿਆ ਕਰਨ ਅਤੇ ਸੈਨਾ ਦੀ ਆਵਾਜਾਈ ਲਈ ਰੇਲਵੇ ਲਾਈਨਾਂ ਸਥਾਪਿਤ ਕਰਨੀਆਂ ਜ਼ਰੂਰੀ ਸਮਝਦੀ ਸੀ।

(2) ਇੰਗਲੈਂਡ ਦੀਆਂ ਮਿੱਲਾਂ ਵਿੱਚ ਤਿਆਰ ਕੀਤੀਆਂ ਗਈਆਂ ਵਸਤਾਂ ਰੇਲ ਦੁਆਰਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਭੇਜੀਆਂ ਜਾ ਸਕਦੀਆਂ ਸਨ।

(3) ਅੰਗਰੇਜ਼ੀ ਕੰਪਨੀਆਂ ਅਤੇ ਅੰਗਰੇਜ਼ ਪੂੰਜੀਪਤੀਆਂ ਨੂੰ ਆਪਣਾ ਵਾਧੂ ਧਨ ਰੇਲਾਂ ਬਣਾਉਣ ਵਿੱਚ ਖ਼ਰਚ ਕਰਕੇ ਕਾਫ਼ੀ ਮੁਨਾਫ਼ਾ ਹੋ ਸਕਦਾ ਸੀ।

**ਪੁਲਿਸ** – ਅੰਗਰੇਜ਼ਾਂ ਦੇ ਸ਼ਾਸਨ ਅਧੀਨ ਲਾਰਡ ਕਾਰਨਵਾਲਿਸ ਨੇ ਦੇਸ਼ ਵਿੱਚ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਪੁਲਿਸ ਵਿਭਾਗ ਦੀ ਸਥਾਪਨਾ ਕੀਤੀ। ਉਸ ਨੇ ਜ਼ਿੰਮੀਦਾਰਾਂ ਤੋਂ ਪੁਲਿਸ ਅਧਿਕਾਰ ਖੋਹ ਲਏ। 1792 ਈ. ਵਿੱਚ ਉਸ ਨੇ ਬੰਗਾਲ ਦੇ ਜ਼ਿਲ੍ਹਿਆਂ ਨੂੰ ਥਾਣਿਆਂ ਵਿੱਚ ਵੰਡ ਦਿੱਤਾ। ਹਰੇਕ ਥਾਣੇ ਦਾ ਮੁਖੀ ਦਾਰੋਗਾ ਨਾਂ ਦੇ ਪੁਲਿਸ ਅਧਿਕਾਰੀ ਨੂੰ ਨਿਯੁੱਕਤ ਕਰ ਦਿੱਤਾ। ਦਾਰੋਗਾ ਜ਼ਿਲ੍ਹਾ-ਮੈਜਿਸਟਰੇਟ ਦੇ ਅਧੀਨ ਕੰਮ ਕਰਦਾ ਸੀ। 1860 ਈ. ਵਿੱਚ ਭਾਰਤੀ ਅੰਗਰੇਜ਼ ਸਰਕਾਰ ਨੇ ਦੇਸ਼ ਦੇ ਸਾਰੇ ਪ੍ਰਾਂਤਾਂ ਵਿੱਚ ਇੱਕੋ ਜਿਹਾ ਪੁਲਿਸ ਪ੍ਰਬੰਧ ਸਥਾਪਤ ਕਰਨ ਲਈ ਇਕ ਪੁਲਿਸ ਕਮਿਸ਼ਨ ਨਿਯੁੱਕਤ ਕੀਤਾ। ਉਸ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਹਰੇਕ ਜ਼ਿਲ੍ਹੇ ਵਿੱਚ ਸਿਵਿਲ ਪੁਲਿਸ, ਇੰਸਪੈਕਟਰ ਜਨਰਲ ਪੁਲਿਸ ਪੁਲਿਸ ਸੁਪਰਡੰਟ ਅਤੇ ਅਸਿਸਟੈਂਟ ਪੁਲਿਸ ਸੁਪਰਡੰਟ ਦੀਆਂ ਅਸਾਮੀਆਂ ਦੀ ਸਥਾਪਨਾ ਕੀਤੀ ਗਈ। ਪੁਲਿਸ ਸੁਪਰਡੰਟ ਦੇ ਅਧੀਨ ਪੁਲਿਸ ਇੰਸਪੈਕਟਰ, ਹੈੱਡ ਕਾਂਸਟੇਬਲ ਆਦਿ ਅਧਿਕਾਰੀ ਕੰਮ ਕਰਦੇ ਸਨ। ਇਹਨਾਂ ਅਹੁਦਿਆਂ ਤੇ ਜ਼ਿਆਦਾਤਰ ਅੰਗਰੇਜ਼ ਅਧਿਕਾਰੀਆਂ ਦੀਆਂ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਸਨ। ਪੁਲਿਸ ਵਿਭਾਗ ਦਾ ਇਹ ਢਾਂਚਾ ਕੁਝ ਤਬਦੀਲੀਆਂ ਕਰਨ ਉਪਰੰਤ ਅੱਜ ਵੀ ਚਲ ਰਿਹਾ ਹੈ।

## ਯਾਦ ਰੱਖਣ ਯੋਗ ਨੁਕਤੇ

1. ਭਾਰਤ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੇ ਇੱਕ ਰਾਜਸੀ ਸ਼ਕਤੀ ਬਣਨ ਨਾਲ ਬੰਬਈ, ਕਲਕੱਤਾ ਅਤੇ ਮਦਰਾਸ ਹੋਂਦ ਵਿੱਚ ਆਏ।
2. ਮਦਰਾਸ ਨਗਰ ਭਾਰਤ ਦੇ ਪੂਰਬੀ ਤੱਟ ਉੱਤੇ ਸਥਿਤ ਹੈ।
3. ਮਦਰਾਸ ਇੱਕ ਬੰਦਰਗਾਹ, ਨਗਰ ਅਤੇ ਪ੍ਰਸਿੱਧ ਉਦਯੋਗਿਕ ਕੇਂਦਰ ਵਜੋਂ ਵਿਕਸਿਤ ਹੋਇਆ।
4. ਬੰਬਈ ਦਾ ਅੱਜਕਲ੍ਹ ਨਾਂ ਮੁੰਬਈ ਹੈ। ਬੰਬਈ ਮਹਾਂਰਾਸ਼ਟਰ ਵਿੱਚ ਹੈ। ਇਸ ਨਗਰ ਵਿੱਚ ਬਹੁਤ ਸਾਰੇ ਵੇਖਣ ਯੋਗ ਸਥਾਨ ਹਨ।

5. ਕਲਕੱਤਾ ਪੱਛਮੀ ਬੰਗਾਲ ਦੀ ਰਾਜਧਾਨੀ ਹੈ। ਅੱਜਕਲ੍ਹ ਇਸ ਨੂੰ ਕੋਲਕਾਤਾ ਕਿਹਾ ਜਾਂਦਾ ਹੈ। ਇੱਥੇ ਵੀ ਅਨੇਕਾਂ ਵੇਖਣ-ਯੋਗ ਸਥਾਨ ਹਨ।

6. ਦਿੱਲੀ ਭਾਰਤ ਦੀ ਰਾਜਧਾਨੀ ਹੈ। ਇੱਥੇ ਵੀ ਬਹੁਤ ਸਾਰੇ ਵੇਖਣ ਯੋਗ ਸਥਾਨ ਹਨ। ਰਾਸ਼ਟਰਪਤੀ ਭਵਨ ਅਤੇ ਸੰਸਦ ਭਵਨ ਦਿੱਲੀ ਵਿਖੇ ਹਨ।

7. ਅੰਗਰੇਜ਼ੀ ਰਾਜ ਸਮੇਂ ਕਲਕੱਤਾ ਤੋਂ ਪਿਸ਼ਾਵਰ ਤੱਕ ਜੀ.ਟੀ. ਰੋਡ ਬਣਾਈ ਗਈ।

8. ਲਾਰਡ ਡਲਹੌਜ਼ੀ ਦੇ ਸਮੇਂ 1853 ਈ. ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਸ਼ਹਿਰ ਤੱਕ ਬਣਵਾਈ ਗਈ।

## ਅਭਿਆਸ

### 1. ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਲਿਖੋ—

1. ਬਸਤੀਵਾਦ ਤੋਂ ਕੀ ਭਾਵ ਹੈ ?
2. ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਣ ਨਾਲ ਕਿਹੜੇ ਨਵੇਂ ਕਸਬੇ ਹੋਂਦ ਵਿੱਚ ਆਏ ?
3. ਮਦਰਾਸ ਸ਼ਹਿਰ ਵਿੱਚ ਵੇਖਣ ਯੋਗ ਅਸਥਾਨ ਕਿਹੜੇ ਹਨ ?
4. ਬੰਬਈ (ਮੁੰਬਈ) ਸ਼ਹਿਰ ਵਿੱਚ ਵੇਖਣ ਯੋਗ ਸਥਾਨਾਂ ਦੇ ਨਾਂ ਲਿਖੋ।
5. ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੀ ਪਹਿਲੀ ਵਪਾਰਕ ਫ਼ੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ ?
6. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਸਭ ਤੋਂ ਪਹਿਲਾਂ ਕਿਹੜੇ ਤਿੰਨ ਸ਼ਹਿਰਾਂ ਵਿੱਚ ਨਗਰਪਾਲਿਕਾਵਾਂ ਸਥਾਪਿਤ ਕੀਤੀਆਂ ਗਈਆਂ ?
7. ਭਾਰਤ ਵਿੱਚ ਸਰਵਜਨਕ ਕਾਰਜ ਨਿਰਮਾਣ ਦੀ ਸਥਾਪਨਾ ਕਿਸ ਅੰਗਰੇਜ਼ ਅਫ਼ਸਰ ਨੇ ਕੀਤੀ ਸੀ ?
8. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ ਜਨਰਲ ਨੇ ਸ਼ੁਰੂ ਕੀਤਾ ਸੀ ?
9. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ, ਕਦੋਂ ਅਤੇ ਕਿੱਥੇ ਤੋਂ ਕਿੱਥੇ ਤੱਕ ਬਣਾਈ ਗਈ ?

### 2. ਹੇਠ ਲਿਖੇ ਖਾਲੀ ਸਥਾਨ ਭਰੋ—

1. ਪ੍ਰਾਚੀਨ ਕਾਲ ਵਿੱਚ .............. ਅਤੇ ਮੋਹਿੰਜੋਦੜੋ ਦੋ ਉੱਨਤ ਸ਼ਹਿਰ ਸਨ।
2. .............. ਮੁਗਲ ਬਾਦਸ਼ਾਹ ਅਕਬਰ ਦੀ ਰਾਜਧਾਨੀ ਸੀ।
3. .............. ਦਾ ਵਰਤਮਾਨ ਨਾਂ ਚੇਨੱਈ ਹੈ।
4. ਲਾਰਡ .............. ਨੇ ਦੇਸ਼ ਵਿੱਚ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਪੁਲਿਸ ਵਿਭਾਗ ਦੀ ਸਥਾਪਨਾ ਕੀਤੀ।

**3. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ—**

| | | | |
|---|---|---|---|
| 1. | ਸ਼ਾਹਜਹਾਂ ਸਮੇਂ ਦਿੱਲੀ | (ੳ) | ਇੰਦਰਪ੍ਰਸਥ |
| 2. | ਇੰਜੀਨੀਅਰਿੰਗ ਕਾਲਜ | (ਅ) | ਕੋਲਕਾਤਾ |
| 3. | ਪੱਛਮੀ ਬੰਗਾਲ ਦੀ ਰਾਜਧਾਨੀ | (ੲ) | ਰੁੜਕੀ |
| 4. | ਮਹਾਂਕਾਵਿ ਕਾਲ ਵਿੱਚ ਦਿੱਲੀ | (ਸ) | ਸ਼ਾਹਜਹਾਂਨਾਬਾਦ |

ਪਾਠ 18

# ਕਲਾਵਾਂ : ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ


ਭਾਰਤ ਵਿੱਚ ਚਿੱਤਰਕਾਰੀ, ਸਾਹਿਤ, ਭਵਨ ਉਸਾਰੀ ਕਲਾ, ਸੰਗੀਤ, ਨਾਚ ਅਤੇ ਸਿਨੇਮਾ ਆਦਿ ਕਲਾਵਾਂ ਦਾ ਸ਼ਾਨਦਾਰ ਪ੍ਰਾਚੀਨ ਇਤਿਹਾਸ ਹੈ। 19ਵੀਂ ਸਦੀ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਭਾਰਤ ਦੀ ਰਾਜਸੀ ਸ਼ਕਤੀ ਵਿੱਚ ਪਰਿਵਰਤਨ ਹੋਣ ਕਰਕੇ ਵਿਸ਼ੇਸ਼ ਤੌਰ ਤੇ ਸਾਹਿਤ, ਚਿੱਤਰਕਾਰੀ ਅਤੇ ਭਵਨ ਨਿਰਮਾਣ ਕਲਾ ਦੇ ਖੇਤਰ ਵਿੱਚ ਕਾਫ਼ੀ ਪਰਿਵਰਤਨ ਹੋਇਆ।

**19ਵੀਂ ਸਦੀ ਵਿੱਚ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਸਾਹਿਤ ਦਾ ਵਿਕਾਸ** – 19ਵੀਂ ਸਦੀ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਆਧੁਨਿਕ ਭਾਰਤੀ ਸਾਹਿਤ ਨਾਵਲ, ਕਹਾਣੀ, ਕਥਾ-ਸਾਹਿਤ, ਲਘੂ-ਵਾਰਤਾ, ਕਾਵਿ-ਰਚਨਾ, ਨਾਟਕ ਅਤੇ ਸਿਨੇਮਾ ਆਦਿ ਦਾ ਬਹੁਤ ਵਿਕਾਸ ਹੋਇਆ।

## ਨਾਵਲ, ਕਹਾਣੀ ਆਦਿ ਕਥਾ ਸਾਹਿਤ

19ਵੀਂ ਸਦੀ ਵਿੱਚ ਬੰਗਾਲੀ ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ। ਆਧੁਨਿਕ ਕਾਲ ਵਿੱਚ ਬੰਕਿਮ ਚੰਦਰ ਚੈਟਰਜੀ, ਮਾਈਕਲ ਮਧੂਸੂਦਨ ਦੱਤਾ, ਸ਼ਰਤ ਚੰਦਰ ਚੈਟਰਜੀ ਬੰਗਾਲੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਸਨ। ਬੰਕਿਮ ਚੰਦਰ ਚੈਟਰਜੀ ਨੇ ਇਕ ਪ੍ਰਸਿੱਧ ਨਾਵਲ **'ਆਨੰਦ ਮੱਠ'** ਲਿਖਿਆ। ਇਸ ਵਿੱਚ ਰਾਸ਼ਟਰੀ ਗੀਤ ਦਰਜ ਹਨ ਜਿਵੇਂ ਕਿ 'ਬੰਦੇ ਮਾਤਰਮ' ਰਾਸ਼ਟਰੀ ਗੀਤ ਸ਼ਾਮਿਲ।

ਮਧੂਸੂਦਨ ਦੱਤਾ ਨੇ **ਮੇਘਨਾਦ ਵਧ** ਕਾਵਿ-ਰਚਨਾ ਲਿਖੀ ਸੀ। ਮੁਨਸ਼ੀ ਪ੍ਰੇਮ ਚੰਦ ਨੇ ਉਰਦੂ ਅਤੇ ਹਿੰਦੀ ਭਾਸ਼ਾ ਵਿੱਚ ਕਈ ਨਾਵਲ ਲਿਖੇ। ਉਸ ਨੇ **'ਗੋਦਾਨ' ਅਤੇ 'ਰੰਗ ਭੂਮੀ'** ਨਾਵਲਾਂ ਦੀ ਰਚਨਾ ਕੀਤੀ। ਹੇਮ ਚੰਦਰ ਬੈਨਰਜ਼ੀ, ਦੀਨ ਬੰਧੂ ਮਿੱਤਰ, ਰੰਗ ਲਾਲ, ਕੇਸ਼ਵ ਚੰਦਰ ਸੇਨ, ਰਵਿੰਦਰ ਨਾਥ ਟੈਗੋਰ ਆਦਿ ਵਿਦਵਾਨਾਂ ਦੀਆਂ ਰਚਨਾਵਾਂ ਨੇ ਵੀ ਲੋਕਾਂ ਦੇ ਦਿਲਾਂ ਵਿੱਚ ਦੇਸ਼-ਪ੍ਰੇਮ ਦੀਆਂ ਭਾਵਨਾਵਾਂ ਕੁੱਟ-ਕੁੱਟ ਕੇ ਭਰ ਦਿੱਤੀਆਂ ਸਨ।




*ਮੁਨਸ਼ੀ ਪ੍ਰੇਮ ਚੰਦ*

**ਲਘੂ-ਵਾਰਤਾ** : ਰਵਿੰਦਰ ਨਾਥ ਟੈਗੋਰ, ਪ੍ਰੇਮ ਚੰਦ, ਯਸ਼ਪਾਲ, ਜਤਿੰਦਰ ਕੁਮਾਰ, ਕ੍ਰਿਸ਼ਨ ਚੰਦਰ ਆਦਿ ਭਾਰਤ ਦੇ ਪ੍ਰਸਿੱਧ ਲਘੂ-ਵਾਰਤਾ ਲੇਖਕ ਸਨ।

**ਕਾਵਿ-ਰਚਨਾ** : ਭਾਰਤ ਦੇ ਪ੍ਰਸਿੱਧ ਕਵੀ- ਰਵਿੰਦਰ ਨਾਥ ਟੈਗੋਰ (ਬੰਗਾਲੀ), ਇਕਬਾਲ (ਉਰਦੂ), ਕਾਜ਼ੀ ਨਜ਼ਰੂਲ ਇਸਲਾਮ (ਬੰਗਾਲੀ), ਕੇਸ਼ਵਸੁਤ (ਮਰਾਠੀ), ਸੁਬਰਾਮਨੀਅਮ ਭਾਰਤੀ (ਤਾਮਿਲ) ਆਦਿ ਹਨ। 1936 ਈ. ਤੋਂ ਫੈਜ਼ ਅਤੇ ਮੇਜ਼ਾਜ਼ (ਉਰਦੂ), ਜੀਵਨ ਨੰਦ ਦਾਸ (ਬੰਗਾਲੀ), ਆਗਿਆ ਅਤੇ ਮੁਕਤੀਬੋਧ (ਹਿੰਦੀ) ਆਦਿ ਕਵੀਆਂ ਨੇ ਨਵੀਂ ਕਾਵਿ-ਰਚਨਾ ਪੇਸ਼ ਕੀਤੀ। ਆਜ਼ਾਦੀ ਪ੍ਰਾਪਤੀ ਪਿੱਛੋਂ ਨਵੀਂ ਕਾਵਿ-ਰਚਨਾ ਰਘਬੀਰ ਸਹਾਏ, ਕਿਦਾਰਨਾਥ ਸਿੰਘ (ਹਿੰਦੀ), ਸ਼ਕਤੀ ਚਟੋਪਾਧਿਆ (ਬੰਗਾਲੀ) ਆਦਿ ਕਵੀਆਂ ਦੁਆਰਾ ਕੀਤੀ ਗਈ।

**ਨਾਟਕ ਅਤੇ ਸਿਨੇਮਾ :** ਭਾਰਤੀ ਕਲਾਕਾਰਾਂ ਅਤੇ ਨਾਟਕਕਾਰਾਂ ਨੇ ਨਾਟਕ ਪੇਸ਼ਕਸ਼ ਵਿੱਚ ਪੱਛਮੀ ਅਤੇ ਪੂਰਬੀ ਸ਼ੈਲੀ ਨੂੰ ਇਕੱਠਾ ਕਰਨ ਦਾ ਯਤਨ ਕੀਤਾ। ਸਿਨੇਮਾ ਸੰਗਠਨ ਨੇ ਨਾਟਕ ਅਤੇ ਸਿਨੇਮਾ ਵਿੱਚ ਰੁਚੀ ਪੈਦਾ ਕਰਨ ਲਈ ਮਹੱਤਵਪੂਰਨ ਯੋਗਦਾਨ ਪਾਇਆ। ਗਿਰੀਸ਼ ਕਰਨਾਡ (ਕੰਨੜ), ਵਿਜੈ ਤੇਂਦੁਲਕਰ (ਮਰਾਠੀ) ਆਦਿ ਪ੍ਰਸਿੱਧ ਨਾਟਕਕਾਰ ਹਨ। ਮੁਲਕ ਰਾਜ ਅਨੰਦ, ਰਾਜਾ ਰਾਉ, ਆਰ.ਕੇ. ਨਰਾਇਣ ਨੇ ਅੰਗਰੇਜ਼ੀ ਭਾਸ਼ਾ ਵਿੱਚ ਨਾਟਕ ਲਿਖੇ।

ਰਵਿੰਦਰ ਨਾਥ ਟੈਗੋਰ ਇਸ ਸਮੇਂ ਦਾ ਪ੍ਰਸਿੱਧ ਨਾਟਕਕਾਰ ਸੀ। ਉਸ ਦੀਆਂ ਰਚਨਾਵਾਂ ਵਿੱਚ ਪ੍ਰਾਚੀਨ ਭਾਰਤੀ ਰਿਵਾਇਤਾਂ ਅਤੇ ਯੂਰਪ ਵਿੱਚ ਨਵੀਂ ਜਾਗ੍ਰਿਤੀ ਦਾ ਸੁਮੇਲ ਸੀ। ਉਸ ਨੇ ਆਪਣੀਆਂ ਰਚਨਾਵਾਂ ਦੁਆਰਾ ਰਾਸ਼ਟਰੀ ਜਾਗ੍ਰਿਤੀ ਅਤੇ ਅੰਤਰ ਰਾਸ਼ਟਰੀ ਮਾਨਵਵਾਦ ਪੈਦਾ ਕਰਨ ਤੇ ਜ਼ੋਰ ਦਿੱਤਾ।


*ਰਵਿੰਦਰ ਨਾਥ ਟੈਗੋਰ*

**ਪ੍ਰੈਸ ਦਾ ਵਿਕਾਸ :** ਅੰਗਰੇਜ਼ੀ ਰਾਜ ਤੋਂ ਪਹਿਲਾਂ ਭਾਰਤ ਵਿੱਚ ਕੋਈ ਛਾਪਾਖਾਨਾ ਨਹੀਂ ਸੀ। ਮੁਗ਼ਲਾਂ ਦੇ ਸ਼ਾਸਨ ਕਾਲ ਵਿੱਚ ਹੱਥ ਨਾਲ ਅਖਬਾਰ ਲਿਖੇ ਹੋਏ ਹੁੰਦੇ ਸਨ। ਸਭ ਤੋਂ ਪਹਿਲਾਂ ਭਾਰਤ ਵਿੱਚ ਛਾਪਾਖਾਨਾ ਪੁਰਤਗਾਲੀਆਂ ਨੇ 1557 ਈ. ਵਿੱਚ ਲਿਆਂਦਾ।

ਲਾਰਡ ਹੇਸਟਿੰਗਜ਼ ਦੀ ਪ੍ਰੈਸ ਸਬੰਧੀ ਉਦਾਰ ਨੀਤੀ ਕਰਕੇ ਕਲਕੱਤਾ ਅਤੇ ਦੂਜੇ ਨਗਰਾਂ ਵਿੱਚ ਕਈ ਨਵੇਂ ਸਮਾਚਾਰ ਪੱਤਰ ਛਪਣ ਲੱਗੇ। ਇਕ ਪ੍ਰਸਿੱਧ ਪੱਤਰਕਾਰ ਜੇਮਜ ਸਿਲਕ ਨੇ 1818 ਈ. ਵਿੱਚ '**ਕਲਕੱਤਾ ਜਨਰਲ**' ਨਾਂ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ। ਇਸ ਸਮੇਂ ਹੀ ਸੇਰਮਪੁਰ ਵਿਖੇ ਜੀ. ਸੀ. ਮਾਰਸ਼ਮੈਨ ਨੇ '**ਦਰਪਨ**' ਅਤੇ '**ਦਿਗ ਦਰਸ਼ਨ**' ਨਾਂ ਦੇ ਅਖਬਾਰ ਛਾਪਣੇ ਸ਼ੁਰੂ ਕੀਤੇ। 1821 ਈ. ਵਿੱਚ ਰਾਜਾ ਰਾਮ ਮੋਹਨ ਰਾਏ ਨੇ ਬੰਗਾਲੀ ਭਾਸ਼ਾ ਵਿੱਚ '**ਸੰਵਾਦ-ਕੌਮੁਦੀ**' ਅਤੇ 1822 ਈ. ਵਿੱਚ ਫ਼ਾਰਸੀ ਭਾਸ਼ਾ ਵਿੱਚ '**ਮਿਰਤ-ਉਲ-ਅਖਬਾਰ**' ਨਾਂ ਦੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ। ਇਸੇ ਸਮੇਂ ਫਰਦੂਨਜ਼ੀ ਮੁਰਜ਼ਬਾਨ ਨੇ '**ਬੰਬੇ ਸਮਾਚਾਰ**' ਨਾਂ ਦਾ ਗੁਜ਼ਰਾਤੀ ਭਾਸ਼ਾ ਵਿੱਚ ਅਖ਼ਬਾਰ ਛਾਪਣਾ ਸ਼ੁਰੂ ਕੀਤਾ।

1881-1907 ਈ. ਵਿੱਚ ਪ੍ਰੈਸ ਦਾ ਬਹੁਤ ਵਿਕਾਸ ਹੋਇਆ। ਉਦਾਹਰਨ ਵਜੋਂ ਬਾਲ ਗੰਗਾਧਰ ਤਿਲਕ ਨੇ ਮਰਾਠੀ ਭਾਸ਼ਾ ਵਿੱਚ '**ਕੇਸਰੀ**' ਅਤੇ ਅੰਗਰੇਜ਼ੀ ਭਾਸ਼ਾ ਵਿੱਚ '**ਮਰਾਠਾ**' ਨਾਂ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ। ਬੰਗਾਲ ਵਿੱਚ ਘੋਸ਼ ਭਰਾਵਾਂ ਦੇ ਯਤਨਾਂ ਸਦਕਾ '**ਯੁਗਾਂਤਰ**' ਅਤੇ '**ਬੰਦੇ ਮਾਤਰਮ**' ਨਾਂ ਦੇ ਸਮਾਚਾਰ ਪੱਤਰ ਛਪਣੇ ਸ਼ੁਰੂ ਹੋਏ ਜੋ ਅੰਗਰੇਜ਼ੀ ਰਾਜ ਦਾ ਵਿਰੋਧ ਕਰਨ ਲੱਗੇ। ਇਸ ਕਾਲ ਵਿੱਚ ਕਈ ਮਾਸਿਕ ਰਸਾਲੇ ਵੀ ਛਪਣੇ ਸ਼ੁਰੂ ਹੋਏ ਜਿਵੇਂ ਕਿ 1899 ਈ. ਤੋਂ '**ਦੀ ਹਿੰਦੁਸਤਾਨ ਰੀਵਿਊ**', 1900 ਈ. ਤੋਂ '**ਦੀ ਇੰਡੀਅਨ ਰੀਵਿਊ**' ਅਤੇ 1907 ਈ. ਤੋਂ ਦੀ '**ਮਾਡਰਨ ਰੀਵਿਊ**' ਆਦਿ।

## 19ਵੀਂ ਸਦੀ ਵਿੱਚ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਚਿੱਤਰਕਾਰੀ ਕਲਾ ਦਾ ਵਿਕਾਸ

19ਵੀਂ ਸਦੀ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਕਲਾ ਸਕੂਲਾਂ ਅਤੇ ਕਲਾ ਗਰੁੱਪਾਂ ਦੁਆਰਾ ਭਾਰਤੀ ਚਿੱਤਰਕਲਾ ਦੇ ਖੇਤਰ ਵਿੱਚ ਕਈ ਪਰਿਵਰਤਨ ਆਏ। ਇਹਨਾਂ ਬਾਰੇ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ-

1. **ਰਾਜਾ ਰਵੀ ਵਰਮਾ :** ਰਾਜਾ ਰਵੀ ਵਰਮਾ ਚਿੱਤਰਕਾਰੀ ਅਤੇ ਬੁੱਤ-ਤਰਾਸ਼ੀ ਵਿੱਚ ਵੀ ਮਾਹਿਰ ਸੀ। ਉਸ ਨੇ ਯੂਰਪੀਨ ਪ੍ਰਾਕ੍ਰਿਤੀਵਾਦ ਨੂੰ ਭਾਰਤੀ ਪੁਰਾਣ-ਕਥਾ ਅਤੇ ਕਿੱਸਿਆਂ ਨਾਲ਼ ਮਿਲਾ ਕੇ ਚਿੱਤਰਤ ਕੀਤਾ। ਉਸ ਦੁਆਰਾ ਬਣਾਏ ਗਏ ਚਿੱਤਰ ਭਾਰਤੀ ਮਹਾਂਕਾਵਿ ਅਤੇ ਸੰਸਕ੍ਰਿਤ ਸਾਹਿਤ ਨਾਲ਼ ਸੰਬੰਧਤ ਹਨ। ਉਸ ਨੇ ਭਾਰਤ ਦੇ ਬੀਤੇ ਸਮੇਂ ਨੂੰ ਤਸਵੀਰਾਂ ਦੁਆਰਾ ਪ੍ਰਗਟ ਕੀਤਾ।

2. **ਬੰਗਾਲ ਦਾ ਕਲਾ ਸਕੂਲ :** ਰਵਿੰਦਰ ਨਾਥ ਟੈਗੋਰ, ਹਾਵੈੱਲ ਕੁਮਾਰ ਸੁਆਮੀ ਨੇ ਬੰਗਾਲ ਕਲਾ ਸਕੂਲ ਨੂੰ ਪ੍ਰਫੁਲਿਤ ਕੀਤਾ। ਇਸ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਨੇ ਭਾਰਤੀ ਪੁਰਾਣ ਕਥਾਵਾਂ, ਮਹਾਂਕਾਵਿ ਅਤੇ ਪੁਰਾਤਨ ਸਾਹਿਤ ਉੱਤੇ ਅਧਾਰਤ ਚਿੱਤਰ ਬਣਾਏ। ਉਹਨਾਂ ਨੇ ਪਾਣੀ ਵਾਲੇ ਰੰਗਾਂ ਨਾਲ਼ ਛੋਟੇ ਚਿੱਤਰ ਬਣਾਏ। ਰਵਿੰਦਰ ਨਾਥ ਟੈਗੋਰ ਨੇ ਜਾਪਾਨੀ ਤਕਨੀਕ ਵਿੱਚ ਪਾਣੀ ਰੰਗਾਂ ਦੀ ਵਰਤੋਂ ਕੀਤੀ। ਉਹਨਾਂ ਨੇ ਸ਼ਾਂਤੀ ਨਿਕੇਤਨ ਵਿਖੇ **'ਕਲਾ-ਭਵਨ'** ਦੀ ਸਥਾਪਨਾ ਕੀਤੀ।
3. **ਅੰਮ੍ਰਿਤਾ ਸ਼ੇਰ ਗਿੱਲ ਅਤੇ ਜਾਰਜ ਕੀਟ :** ਅੰਮ੍ਰਿਤਾ ਸ਼ੇਰ ਗਿੱਲ ਅਤੇ ਜਾਰਜ ਕੀਟ ਵੀ ਪ੍ਰਸਿੱਧ ਭਾਰਤੀ ਚਿੱਤਰਕਾਰ ਸਨ। ਉਹਨਾਂ ਨੂੰ ਆਧੁਨਿਕ ਯੂਰਪੀਨ ਕਲਾ, ਆਧੁਨਿਕ ਕਲਾ ਅਤੇ ਉਸਦੇ ਪ੍ਰਗਟਾਵੇ ਬਾਰੇ ਬਹੁਤ ਜਾਣਕਾਰੀ ਸੀ। ਅੰਮ੍ਰਿਤਾ ਸ਼ੇਰ ਗਿੱਲ ਦੇ ਤੇਲ ਚਿੱਤਰ ਵੱਖ-ਵੱਖ ਸਿਰਲੇਖਾਂ ਅਧੀਨ ਬਣਾਏ ਗਏ ਸਨ ਅਤੇ ਰੰਗ ਸਕੀਮ ਸ਼ੈਲੀ ਪ੍ਰਭਾਵਸ਼ਾਲੀ ਸੀ। ਉਹਨਾਂ ਨੇ ਖਾਸ ਤੌਰ ਤੇ ਭਾਰਤੀ ਇਸਤਰੀਆਂ ਦੀਆਂ ਪੇਂਟਿੰਗਜ਼ ਬਣਾਈਆਂ ਜਾਰਜ ਕੀਟ ਦੁਆਰਾਂ ਚਿੱਤਰਾਂ ਵਿੱਚ ਪ੍ਰਯੋਗ ਕੀਤੀ ਰੰਗ ਸ਼ੈਲੀ ਵੀ ਬਹੁਤ ਪ੍ਰਭਾਵਸ਼ਾਲੀ ਸੀ।
4. **ਰਵਿੰਦਰ ਨਾਥ ਟੈਗੋਰ :** ਰਵਿੰਦਰ ਨਾਥ ਟੈਗੋਰ ਦੇ ਚਿੱਤਰ ਉਸ ਦੇ ਆਪਣੇ ਅਨੁਭਵ ਤੇ ਅਧਾਰਤ ਸਨ। ਉਸ ਨੇ ਪਾਣੀ ਵਾਲੇ ਰੰਗਾਂ, ਰੰਗਦਾਰ ਚਾਕ ਨਾਲ ਉਲੀਕੇ ਹੋਏ ਬਹੁਤ ਸਾਰੇ ਚਿੱਤਰ ਬਣਾਏ।
5. **ਬੰਬਈ ਦੇ ਪ੍ਰਸਿੱਧ ਕਲਾਕਾਰ :** ਫਰਾਂਸਿਸ ਨਿਊਟਨ ਸੁਜ਼ਾ ਇਸ ਸਕੂਲ ਦਾ ਇੱਕ ਪ੍ਰਸਿੱਧ ਕਲਾਕਾਰ ਸੀ। ਉਸ ਨੇ ਪ੍ਰਭਾਵਸ਼ਾਲੀ ਰੰਗਾਂ ਅਤੇ ਨਮੂਨਿਆਂ ਦੇ ਚਿੱਤਰ ਬਣਾਏ। ਕੇ.ਐਚ.ਅਰਾ ਦੁਆਰਾ ਬਣਾਏ ਗਏ ਫੁੱਲਾਂ, ਇਸਤਰੀਆਂ ਦੇ ਚਿੱਤਰ ਆਪਣੇ ਰੰਗਾਂ ਅਤੇ ਵਿਲੱਖਣਤਾ ਕਾਰਨ ਪ੍ਰਸਿੱਧ ਹਨ। ਐਸ.ਕੇ. ਬੇਕਰੇ ਅਤੇ ਐਮ.ਐਫ਼. ਹੁਸੈਨ ਆਦਿ ਬੰਬਈ ਦੇ ਹੋਰ ਪ੍ਰਸਿੱਧ ਚਿੱਤਰਕਾਰ ਸਨ।
6. **ਬੜੌਦਾ ਯੂਨੀਵਰਸਿਟੀ ਦਾ ਆਰਟ ਸਕੂਲ :** ਜੀ.ਆਰ. ਸੰਤੋਸ਼, ਗੁਲਾਮ ਸ਼ੇਖ, ਸ਼ਾਂਤੀ ਦੇਵ ਆਦਿ ਇਸ ਸਕੂਲ ਦੇ ਪ੍ਰਸਿੱਧ ਚਿੱਤਰਕਾਰ ਸਨ। ਹਰੇਕ ਵਿਦਿਆਰਥੀ ਦਾ ਚਿੱਤਰ ਬਣਾਉਣ ਦਾ ਆਪਣਾ ਹੀ ਢੰਗ ਹੈ। ਪਰੰਤੂ ਹਰੇਕ ਕਲਾਕਾਰ ਦੇ ਕੰਮ ਵਿੱਚ ਆਧੁਨਿਕਤਾ ਵੇਖਣ ਨੂੰ ਮਿਲਦੀ ਹੈ।
7. **ਮਦਰਾਸ ਦਾ ਕਲਾ ਸਕੂਲ :** ਇਹ ਸਕੂਲ ਆਜ਼ਾਦੀ ਤੋਂ ਬਾਅਦ ਡੀ.ਆਰ. ਚੌਧਰੀ ਅਤੇ ਕੇ.ਸੀ.ਐਸ. ਪਾਨੀਕਰ ਦੀ ਅਗਵਾਈ ਹੇਠ ਪ੍ਰਫੁਲਤ ਹੋਇਆ। ਇਸ ਸਕੂਲ ਦੇ ਹੋਰ ਪ੍ਰਸਿੱਧ ਕਲਾਕਾਰ ਸਤੀਸ਼ ਗੁਜਰਾਲ, ਰਾਮ ਕੁਮਾਰ, ਕੇ.ਜੀ. ਸੁਬਰਾਮਨੀਅਮ ਦੇ ਨਾਂ ਪ੍ਰਸਿੱਧ ਹਨ।

ਉਪਰੋਕਤ ਦੇ ਇਲਾਵਾ ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟ ਵਿੱਚ ਆਧੁਨਿਕ ਕਲਾ ਦੇ ਨਮੂਨੇ ਵੇਖਣ ਨੂੰ ਮਿਲਦੇ ਹਨ। ਕਲਾ ਅਕੈਡਮੀ ਨੇ ਵੱਖ-ਵੱਖ ਕਲਾਕਾਰਾਂ ਨੂੰ ਵਜ਼ੀਫੇ, ਗ੍ਰਾਂਟਾਂ ਆਦਿ ਪ੍ਰਦਾਨ ਕਰਕੇ ਕਲਾਕਾਰਾਂ ਨੂੰ ਉਤਸ਼ਾਹਿਤ ਕੀਤਾ ਹੈ।

## ਕਲਾਵਾਂ ਵਿੱਚ ਪਰਿਵਰਤਨ

ਕਲਾਵਾਂ ਵਿਸ਼ੇਸ਼ ਤੌਰ ਤੇ ਸੰਗੀਤ, ਨਾਚ ਅਤੇ ਨਾਟਕ ਆਦਿ ਸ਼ਾਮਲ ਹਨ। ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਤੋਂ ਪਹਿਲਾਂ ਇਹਨਾਂ ਖੇਤਰਾਂ ਵਿੱਚ ਭਾਰਤ ਦਾ ਵਿਰਸਾ ਬਹੁਤ ਅਮੀਰ ਸੀ।

ਸਾਡੇ ਦੇਸ਼ ਦਾ ਪੁਰਾਤਨ ਸੰਗੀਤ, (ਦੋਵੇਂ ਹਿੰਦੁਸਤਾਨੀ ਅਤੇ ਕਰਨਾਟਕ ਸੰਗੀਤ ਸਕੂਲ) ਭਾਰਤ ਦੇ ਇਸ ਅਮੀਰ ਵਿਰਸੇ ਦੀ ਉਦਾਹਰਣ ਹਨ।

ਸਾਡੇ ਦੇਸ਼ ਦੇ ਲੋਕ ਗੀਤ ਅਤੇ ਲੋਕ ਨਾਚ ਹਰੇਕ ਇਨਸਾਨ ਵਿੱਚ ਜੋਸ਼ ਭਰ ਦਿੰਦੇ ਹਨ। ਉਦਾਹਰਣ ਵਜੋਂ ਸਾਡਾ ਪੁਰਾਤਨ ਭਾਰਤੀ ਨਾਚ, ਕੱਥਕਕਲੀ, ਕੁੱਚੀਪੁੜੀ, ਕੱਥਕ ਆਦਿ।

ਸਟੇਜ਼ ਉੱਤੇ ਖੇਡੇ ਜਾਂਦੇ ਨਾਟਕ ਅਤੇ ਪੁਤਲੀਆਂ ਦੇ ਨਾਚ ਸਾਡੇ ਸੱਭਿਆਚਾਰਕ ਵਿਰਸੇ ਦਾ ਮਹੱਤਵਪੂਰਨ ਹਿੱਸਾ ਹਨ। ਭਾਰਤ ਵਿੱਚ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਸਾਜ ਜਿਵੇਂ ਕਿ ਸਿਤਾਰ, ਢੋਲ, ਤੂੰਬੀ, ਸਾਰੰਗੀ, ਤਬਲਾ ਆਦਿ ਹਨ। ਉਹਨਾਂ ਵਿਚੋਂ ਬੰਸਰੀ, ਸ਼ਹਿਨਾਈ, ਅਲਗੋਜ਼ੇ ਆਦਿ ਹਵਾ ਵਾਲੇ ਸਾਜ਼ ਹਨ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਲਾਵਾਂ (ਨਾਟਕ, ਸੰਗੀਤ ਅਤੇ ਉਤਸਵ ਆਦਿ) ਸ਼ਾਨਦਾਰ, ਅਨੋਖੀਆਂ ਅਤੇ ਭਿੰਨ ਹਨ। ਇਹ ਸਾਰੀਆਂ ਆਮ ਆਦਮੀ ਦੇ ਆਨੰਦ ਦਾ ਸਾਧਨ ਹਨ।

ਭਾਰਤ ਦੇ ਮਹਾਨ ਕਲਾਕਾਰ ਜਿਵੇਂ ਕੁਮਾਰ ਗੰਧਰਵ, ਰਵੀ ਸ਼ੰਕਰ, ਰੁਕਮਣੀ ਦੇਵੀ, ਰਾਗਿਨੀ ਦੇਵੀ, ਉਦੈਸ਼ੰਕਰ ਅਤੇ ਰਵਿੰਦਰ ਨਾਥ ਟੈਗੋਰ ਨੇ ਭਾਰਤੀ ਸੰਗੀਤ ਅਤੇ ਨਾਚ ਦੇ ਖੇਤਰ ਵਿੱਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।

## ਵਿਸ਼ਾ ਅਧਿਐਨ — ਮੁੰਬਈ ਅਤੇ ਚੇਨੱਈ

ਬੰਬਈ ਨੂੰ ਅੱਜਕਲ੍ਹ ਮੁੰਬਈ ਅਤੇ ਮਦਰਾਸ ਨੂੰ ਚੇਨੱਈ ਕਿਹਾ ਜਾਂਦਾ ਹੈ। ਇਹ ਦੋਵੇਂ ਨਗਰ ਅੰਗਰੇਜ਼ੀ ਸ਼ਾਸਨ ਕਾਲ ਵਿੱਚ ਪ੍ਰਮੁੱਖ ਪ੍ਰੈਜ਼ੀਡੈਂਸੀਆਂ ਬਣ ਗਈਆਂ ਸਨ। ਇਹ ਦੋਵੇਂ ਨਗਰ ਜਲਦੀ ਹੀ ਰਾਜਨੀਤਿਕ, ਵਪਾਰਕ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਕੇਂਦਰ ਬਣ ਗਏ ਸਨ। ਇਹਨਾਂ ਦੋਵਾਂ ਨਗਰਾਂ ਨੇ ਕਲਾਵਾਂ (ਸੰਗੀਤ ਅਤੇ ਨਾਚ ਆਦਿ) ਦੀ ਪੇਸ਼ਕਸ਼ ਵਿੱਚ ਬਹੁਤ ਉੱਨਤੀ ਕੀਤੀ।

**ਮੁੰਬਈ–** ਬੰਬਈ 1668 ਈ. ਵਿੱਚ ਈਸਟ ਇੰਡੀਆ ਕੰਪਨੀ ਦੇ ਅਧੀਨ ਰਾਜਨੀਤਿਕ, ਵਪਾਰਕ ਗਤੀਵਿਧੀਆਂ ਦੀ ਬਜਾਏ ਸਭਿਆਚਾਰਕ ਗਤੀਵਿਧੀਆਂ ਦਾ ਵੀ ਕੇਂਦਰ ਬਣ ਗਿਆ ਸੀ। ਇਸ ਨਗਰ ਨੂੰ ਸ਼ਾਹੀ ਸਰਪ੍ਰਸਤੀ ਮਿਲਣ ਕਰਕੇ ਇੱਥੇ ਕਈ ਨਵੇਂ ਸਕੂਲ ਅਤੇ ਕਾਲਜਾਂ ਦੁਆਰਾ ਵਧੀਆ ਵਿਦਿਅਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਸਾਰੀਆਂ ਕਲਾਵਾਂ-ਨਾਚ, ਸੰਗੀਤ ਅਤੇ ਨਾਟਕ ਦਾ ਸਰਬਪੱਖੀ ਵਿਕਾਸ ਹੋਇਆ। ਨਵੀਂ ਲਿਖਣ ਕਲਾ ਦਾ ਵਿਕਾਸ ਹੋਣ ਕਰਕੇ ਸਾਹਿਤ ਦੇ ਖੇਤਰ ਵਿੱਚ ਤੇਜ਼ੀ ਨਾਲ ਵਿਕਾਸ ਹੋਇਆ। ਇਸ ਤੋਂ ਇਲਾਵਾ ਸਾਹਿਤ, ਚਿੱਤਰਕਾਰੀ ਅਤੇ ਭਵਨ ਉਸਾਰੀ ਕਲਾ ਦੀਆਂ ਨਵੀਆਂ ਕਿਸਮਾਂ ਵਿਕਸਿਤ ਹੋਈਆਂ।

ਮੁੰਬਈ ਦੇ ਵੱਖ-ਵੱਖ ਭਵਨ ਨਿਰਮਾਣ ਕਲਾ ਦੇ ਨਮੂਨੇ ਅੱਜ ਵੀ ਸਾਨੂੰ ਬਸਤੀਵਾਦੀ ਸ਼ਾਸਕਾਂ ਦੇ ਪੁਰਾਣੇ ਦਿਨਾਂ ਦੀ ਯਾਦ ਦਿਵਾਉਂਦੇ ਹਨ। ਇਹ ਸਾਰੀਆਂ ਇਮਾਰਤਾਂ ਭਾਰਤੀ-ਯੂਰਪੀਨ ਸ਼ੈਲੀ ਦੀਆਂ ਬਣੀਆਂ ਹੋਈਆਂ ਹਨ।

**ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ :** ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ ਨੂੰ ਅੱਜਕਲ੍ਹ **'ਛਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਿਹਾਲਯ'** ਕਿਹਾ ਜਾਂਦਾ ਹੈ। ਇਹ ਗੇਟਵੇ ਆਫ਼ ਇੰਡੀਆ ਦੇ ਨੇੜੇ ਦੱਖਣੀ ਮੁੰਬਈ ਵਿੱਚ ਸਥਿਤ ਹੈ। ਇਸ ਨੂੰ 20ਵੀਂ ਸਦੀ ਦੇ ਆਰੰਭ ਵਿੱਚ ਪ੍ਰਿੰਸ ਆਫ਼ ਵੇਲਜ਼ ਅਤੇ ਬਰਤਾਨੀਆਂ ਦੇ ਸ਼ਾਸਕ ਐਡਵਰਡ ਸੱਤਵੇਂ ਦੀ ਭਾਰਤ ਯਾਤਰਾ ਦੀ ਯਾਦ ਵਿੱਚ ਬਣਾਇਆ ਗਿਆ ਸੀ। ਜਾਰਜ਼ ਵਿਟੇਟ ਜੋ ਪ੍ਰਸਿੱਧ ਸ਼ਿਲਪਕਾਰ ਅਤੇ ਇੰਜੀਨੀਅਰ ਸੀ ਉਸਨੂੰ 1909 ਈ. ਵਿੱਚ ਇਸ ਇਮਾਰਤ ਦਾ ਨਿਰਮਾਣ ਕਰਨ ਲਈ ਨਿਯੁੱਕਤ ਕੀਤਾ ਗਿਆ ਸੀ। ਉਸ ਨੇ ਇਹ ਇਮਾਰਤ 1915 ਈ. ਵਿੱਚ ਤਿਆਰ ਕਰ ਦਿੱਤੀ ਸੀ। ਇਸ ਅਜ਼ਾਇਬ ਘਰ ਦੀ ਨਿਰਮਾਣ ਕਲਾ ਕਈ ਭਵਨ-ਨਿਰਮਾਣ ਸੰਬੰਧੀ ਤੱਤਾਂ ਦਾ ਸੁਮੇਲ ਹੈ। ਇਸ ਪ੍ਰਮੁੱਖ ਇਮਾਰਤ ਦੀਆਂ ਤਿੰਨ ਮੰਜ਼ਲਾਂ ਹਨ ਅਤੇ ਉਪਰ ਗੁੰਬਦ ਬਣਿਆ ਹੋਇਆ ਹੈ। ਇਸ ਦੀਆਂ ਬਾਹਰ ਨਿਕਲੀਆਂ ਬਾਲਕੋਨੀਆਂ ਅਤੇ ਜੁੜੇ ਹੋਏ ਫਰਸ਼ ਮੁਗਲਾਂ ਦੇ ਮਹੱਲਾਂ ਨਾਲ ਮੇਲ ਖਾਂਦੇ ਹਨ।

**ਗੇਟਵੇ ਆਫ਼ ਇੰਡੀਆ :** ਗੇਟਵੇ ਆਫ਼ ਇੰਡੀਆ ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ ਦੇ ਨੇੜੇ ਅਰਬ ਸਾਗਰ ਦੇ ਕੰਢੇ ਤੇ ਸਥਿਤ ਹੈ। ਇਸ ਨੂੰ ਜਾਰਜ ਵਿਟੇਟ ਅਤੇ ਜੋਹਨ ਬੈਗ ਨੇ ਤਿਆਰ ਕੀਤਾ ਸੀ। ਇਹ 1911 ਈ. ਵਿੱਚ ਜਾਰਜ ਪੰਜਵਾਂ ਅਤੇ ਰਾਣੀ ਮੈਰੀ ਦੀ ਭਾਰਤ ਵਿੱਚ ਦਿੱਲੀ ਦਰਬਾਰ ਦੀ ਯਾਤਰਾ ਦੀ ਯਾਦ ਵਿੱਚ ਬਣਾਇਆ ਗਿਆ ਸੀ।

**ਵਿਕਟੋਰੀਆ ਟਰਮੀਨਸ :** ਇਹ ਵਿਕਟੋਰੀਆ ਟਰਮੀਨਸ ਮਾਰਚ, 1996 ਈ. ਤੋਂ ਛਤਰਪਤੀ ਸ਼ਿਵਾਜੀ ਟਰਮੀਨਸ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ ਜਿਹੜਾ ਕਿ 1888 ਈ. ਵਿੱਚ ਤਿਆਰ ਕੀਤਾ ਗਿਆ ਸੀ। ਇਸ ਦਾ ਨਾਂ ਬਰਤਾਨੀਆਂ ਦੀ ਸ਼ਾਸਕ ਰਾਣੀ ਵਿਕਟੋਰੀਆ ਦੇ ਨਾਂ ਤੇ ਰੱਖਿਆ ਗਿਆ ਸੀ। ਇਸ ਦਾ ਡਿਜ਼ਾਇਨ ਪ੍ਰਸਿੱਧ ਅੰਗਰੇਜ਼ ਸ਼ਿਲਪਕਾਰ ਐਫ਼. ਡਬਲਿਯੂ. ਸਟਰੌਸ ਦੁਆਰਾ ਤਿਆਰ ਕੀਤਾ ਗਿਆ ਸੀ। ਇਸ ਨੂੰ ਤਿਆਰ ਕਰਨ ਲਈ ਲਗਭਗ 10 ਸਾਲ ਦਾ ਸਮਾਂ ਲੱਗਾ ਸੀ। ਮਾਰਚ 1996 ਈ. ਵਿੱਚ ਇਸਦਾ ਨਾਮ 'ਛਤਰਪਤੀ ਸ਼ਿਵਾਜੀ ਟਰਨੀਨਲ' ਕਰ ਦਿੱਤਾ ਗਿਆ। ਜੁਲਾਈ, 2004 ਈ. ਨੂੰ ਇਸ ਨੂੰ ਯੂਨੈਸਕੋ ਦੇ ਵਿਸ਼ਵ ਵਿਰਾਸਤ ਵਿੱਚ ਸ਼ਾਮਲ ਕਰ ਦਿੱਤਾ ਗਿਆ।

**ਬੰਬਈ ਦੀਆਂ ਹੋਰ ਇਮਾਰਤਾਂ :** ਉਪਰੋਕਤ ਇਮਾਰਤਾਂ ਦੇ ਬਿਨਾਂ ਬੰਬਈ ਵਿੱਚ ਹੋਰ ਮਹੱਤਵਪੂਰਨ ਇਮਾਰਤਾਂ— ਜਨਰਲ ਪੋਸਟ ਆਫਿਸ, ਮਿਊਂਸੀਪਲ ਕਾਰਪੋਰੇਸ਼ਨ, ਰਾਜਾਭਾਈ ਟਾਵਰ, ਬੰਬਈ ਯੂਨੀਵਰਸਿਟੀ, ਐਲਫਾਇਨਸਟੋਨ ਕਾਲਜ ਆਦਿ ਹਨ। ਇਹ ਸਾਰੀਆਂ ਇਮਾਰਤਾਂ 19ਵੀਂ ਸਦੀ ਵਿੱਚ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਬਣਾਈਆਂ ਗਈਆਂ ਸਨ।

## ਚੇਨੱਈ

ਪਿਛਲੇ ਪਾਠ ਵਿੱਚ ਦੱਸਿਆ ਗਿਆ ਹੈ ਕਿ ਮਦਰਾਸ (ਚੇਨੱਈ) 1639 ਈ. ਵਿੱਚ ਸਥਾਨਕ ਰਾਜੇ ਤੋਂ ਜ਼ਮੀਨ ਲੈ ਕੇ ਉਸਾਰਿਆ ਗਿਆ ਸੀ। 1658 ਈ. ਵਿੱਚ ਇਹ ਇੱਕ ਮਹਾਂਨਗਰ ਵਜੋਂ ਪ੍ਰਫੁਲਤ ਹੋਇਆ ਅਤੇ ਇਹ ਇੱਕ ਪ੍ਰੈਜੀਡੈਂਸੀ ਬਣ ਗਿਆ।

ਚੇਨੱਈ ਨਗਰ ਇਕ ਮਹਾਂਨਗਰ ਬਣ ਗਿਆ ਅਤੇ ਇਹ ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਦੱਖਣੀ ਭਾਰਤ ਦੀਆਂ ਸਾਰੇ ਤਰ੍ਹਾਂ ਦੀਆਂ ਕਲਾ ਕਿਸਮਾਂ ਜਿਵੇਂ ਕਿ ਸੰਗੀਤ ਅਤੇ ਨਾਚ ਆਦਿ ਇਸ ਨਗਰ ਵਿੱਚ ਵਿਕਸਿਤ ਹੋਈਆਂ। ਇਸ ਨਗਰ ਵਿੱਚ 19ਵੀਂ ਸਦੀ ਵਿੱਚ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਬਹੁਤ ਸਾਰੀਆਂ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ। ਇਸ ਵਿੱਚ ਸਥਿਤ ਵੇਖਣਯੋਗ ਪ੍ਰਮੁੱਖ ਸਥਾਨ ਹੇਠ ਲਿਖੇ ਹਨ :–

**ਚੇਨੱਈ ਵਿਖੇ ਸਮੁੰਦਰੀ ਕਿਨਾਰੇ :** ਚੇਨੱਈ ਵਿੱਚ ਸਮੁੰਦਰੀ ਕਿਨਾਰੇ ਬਹੁਤ ਪ੍ਰਸਿੱਧ ਹਨ। ਇਹਨਾਂ ਵਿੱਚੋਂ ਮੈਰੀਨਾ ਬੀਚ (ਸਮੁੰਦਰੀ ਕਿਨਾਰਾ) ਬਹੁਤ ਪ੍ਰਸਿੱਧ ਹੈ। ਇਹ ਲੱਗਭਗ 6 ਕਿਲੋਮੀਟਰ ਲੰਬਾ ਹੈ। ਇਸ ਦੇ ਸਾਹਮਣੇ ਕਈ ਪ੍ਰਮੁੱਖ ਇਮਾਰਤਾਂ ਸਥਿਤ ਹਨ। ਵੀ.ਜੀ.ਬੀ. ਗੋਲਡਨ ਬੀਚ ਇਕ ਹੋਰ ਪ੍ਰਸਿੱਧ ਬੀਚ ਹੈ। ਇੱਥੇ ਖਿਡੌਣਾ ਰੇਲਗੱਡੀ ਹੋਣ ਕਰਕੇ ਅਕਸਰ ਬੱਚਿਆਂ ਦੀ ਭੀੜ ਲੱਗੀ ਰਹਿੰਦੀ ਹੈ।

**ਫੋਰਟ ਸੇਂਟ ਜਾਰਜ :** ਫੋਰਟ ਸੇਂਟ ਜਾਰਜ ਭਾਰਤ ਵਿੱਚ ਪਹਿਲਾ ਅੰਗਰੇਜ਼ੀ ਕਿਲ੍ਹਾ ਸੀ। ਇਹ 1639 ਈ. ਵਿੱਚ ਉਸਾਰਿਆ ਗਿਆ ਸੀ ਅਤੇ ਇਸ ਦਾ ਨਾਂ ਸੇਂਟ ਜਾਰਜ ਦੇ ਨਾਂ ਤੇ ਰੱਖਿਆ ਗਿਆ। ਇਹ ਜਲਦੀ ਹੀ ਅੰਗਰੇਜ਼ਾਂ ਦੀਆਂ ਵਪਾਰਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਇਹ ਅੰਗਰੇਜ਼ਾਂ ਦਾ ਕਰਨਾਟਕ ਖੇਤਰ ਵਿੱਚ ਪ੍ਰਭਾਵ ਕਾਇਮ ਕਰਨ ਲਈ ਸਹਾਇਕ ਸਿੱਧ ਹੋਇਆ। ਅੱਜਕਲ੍ਹ ਇਸ ਇਮਾਰਤ ਵਿੱਚ ਤਾਮਿਲਨਾਡੂ ਰਾਜ ਦੀ ਵਿਧਾਨ ਸਭਾ ਅਤੇ ਸਕੱਤਰੇਤ ਦੇ ਦਫ਼ਤਰ ਮੌਜੂਦ ਹਨ। ਟੀਪੂ ਸੁਲਤਾਨ ਦੀਆਂ ਤਸਵੀਰਾਂ ਇਸ ਕਿਲ੍ਹੇ ਦੀ ਚਾਰ ਦੀਵਾਰੀ ਨੂੰ ਸਜਾਉਂਦੀਆਂ ਹਨ।

**ਵਾਰ ਮੈਮੋਰੀਅਲ :** ਇਹ ਵਾਰ ਮੈਮੋਰੀਅਲ ਦੀ ਸੁੰਦਰ ਇਮਾਰਤ ਫੋਰਟ ਸੇਂਟ ਜਾਰਜ ਦੇ ਦੱਖਣ ਵਿੱਚ ਸਥਿਤ ਹੈ। ਇਹ 1939 ਈ: ਵਿੱਚ ਚੇਨੱਈ ਵਿੱਚ ਬਣਾਈ ਗਈ ਸੀ। ਇਹ ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ

ਦੀ ਯਾਦ ਵਿੱਚ ਬਣਾਈ ਗਈ ਸੀ।

**ਹਾਈਕੋਰਟ :** 1892 ਈ. ਵਿੱਚ ਚੇਨੱਈ ਵਿਖੇ ਹਾਈਕੋਰਟ ਦੀ ਇਮਾਰਤ ਬਣਾਈ ਗਈ ਸੀ। ਇਹ ਦੁਨੀਆਂ ਦਾ ਦੂਜਾ ਪ੍ਰਸਿੱਧ ਨਿਆਂਇਕ ਕੰਪਲੈਕਸ ਹੈ। ਇਸ ਦੇ ਗੁੰਬਦ ਅਤੇ ਬਰਾਂਡੇ ਭਾਰਤੀ-ਯੂਰਪੀਨ ਇਮਾਰਤ ਸਾਜ਼ੀ ਦਾ ਉੱਤਮ ਨਮੂਨਾ ਹਨ।

**ਬ੍ਰਿਟਿਸ਼ ਕਾਲ ਦੀਆਂ ਹੋਰ ਪ੍ਰਸਿੱਧ ਇਮਾਰਤਾਂ :** ਬ੍ਰਿਟਿਸ਼ ਕਾਲ ਦੀਆਂ ਹੋਰ ਪ੍ਰਸਿੱਧ ਇਮਾਰਤਾਂ - ਜਾਰਜ ਟਾਵਰ, ਸੇਂਟ ਥੋਮਸ ਕੈਥੇਡਰਿਲ-ਬੈਸੀਲਿਕਾ, ਪ੍ਰੈਜ਼ੀਡੈਂਸੀ ਕਾਲਜ, ਰਿਪਨ ਬਿਲਡਿੰਗ, ਚੇਨੱਈ ਸੈਂਟਰਲ ਸਟੇਸ਼ਨ, ਦੱਖਣੀ ਰੇਲਵੇ ਹੈਡਕੁਆਟਰਜ਼ ਆਦਿ ਹਨ।



*ਮਦਰਾਸ ਹਾਈ ਕੋਰਟ*

## ਯਾਦ ਰੱਖਣ ਯੋਗ ਨੁਕਤੇ

1. ਭਾਰਤ ਵਿੱਚ ਚਿੱਤਰਕਾਰੀ, ਸਾਹਿਤ, ਭਵਨ ਉਸਾਰੀ ਕਲਾ, ਸੰਗੀਤ, ਨਾਚ ਅਤੇ ਸਿਨੇਮਾ ਆਦਿ ਕਲਾਵਾਂ ਦਾ ਸ਼ਾਨਦਾਰ ਪ੍ਰਾਚੀਨ ਇਤਿਹਾਸ ਹੈ।
2. 19ਵੀਂ ਸਦੀ ਵਿੱਚ ਬੰਗਾਲੀ ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ।
3. ਬੰਕਿਮ ਚੰਦਰ ਚੈਟਰਜ਼ੀ ਨਾਵਲਕਾਰ ਨੇ ਬੰਗਾਲੀ ਭਾਸ਼ਾ ਵਿੱਚ 'ਆਨੰਦ ਮੱਠ' ਲਿਖਿਆ। 'ਆਨੰਦ ਮੱਠ' ਅਤੇ ਉਸ ਵਿਚਲਾ ਲਿਖਿਆ ਗੀਤ 'ਬੰਦੇ ਮਾਤਰਮ' ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋਇਆ।
4. ਭਾਰਤ ਵਿੱਚ ਸਭ ਤੋਂ ਪਹਿਲਾਂ ਛਾਪਾਖਾਨਾ ਪੁਰਤਗਾਲੀਆਂ ਨੇ ਈਸਾਈ ਸਾਹਿਤ ਛਾਪਣ ਲਈ ਲਿਆਂਦਾ।
5. ਪ੍ਰੈਸ ਦਾ ਵਿਕਾਸ ਹੋਣ ਨਾਲ ਬਹੁਤ ਸਾਰੇ ਸਮਾਚਾਰ ਪੱਤਰ ਅਤੇ ਮਾਸਿਕ ਰਸਾਲੇ ਛਪਣੇ ਸ਼ੁਰੂ ਹੋ ਗਏ।
6. 19ਵੀਂ ਸਦੀ ਤੇ 20ਵੀਂ ਸਦੀ ਵਿੱਚ ਆਧੁਨਿਕ ਭਾਰਤੀ ਸਾਹਿਤ ਜਿਵੇਂ ਨਾਵਲ, ਕਹਾਣੀ, ਕਥਾ-ਸਾਹਿਤ, ਲਘੂ ਵਾਰਤਾ, ਕਾਵਿ-ਰਚਨਾ, ਨਾਟਕ ਅਤੇ ਸਿਨੇਮਾ ਆਦਿ ਦਾ ਬਹੁਤ ਵਿਕਾਸ ਹੋਇਆ।
7. ਰਵਿੰਦਰ ਨਾਥ ਟੈਗੋਰ ਨੇ ਸ਼ਾਂਤੀ ਨਿਕੇਤਨ ਵਿਖੇ 'ਕਲਾ-ਭਵਨ' ਦੀ ਸਥਾਪਨਾ ਕੀਤੀ।
8. ਲੋਕ ਗੀਤ ਅਤੇ ਲੋਕ ਨਾਚ ਹਰੇਕ ਇਨਸਾਨ ਵਿੱਚ ਜੋਸ਼ ਭਰਦੇ ਹਨ।
9. ਵਿਕਟੋਰੀਆ ਟਰਮੀਨਸ ਛਤਰਪਤੀ ਸ਼ਿਵਾ ਜੀ ਟਰਮੀਨਸ 2004 ਵਿੱਚ ਯੂਨੇਸਕੋ ਵਿਸ਼ਵ ਵਿਰਾਸਤ ਵਿੱਚ ਸ਼ਾਮਲ ਕਰ ਦਿੱਤਾ ਗਿਆ।
10. ਫੋਰਟ ਸੇਂਟ ਜਾਰਜ਼ ਭਾਰਤ ਵਿੱਚ ਪਹਿਲਾ ਅੰਗਰੇਜ਼ੀ ਕਿਲ੍ਹਾ ਸੀ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—**

1. ਆਨੰਦ ਮੱਠ ਨਾਵਲ ਕਿਸ ਨੇ ਲਿਖਿਆ ਸੀ ?
2. ਭਾਰਤ ਵਿੱਚ ਸਭ ਤੋਂ ਪਹਿਲਾ ਛਾਪਾਖਾਨਾ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ ?
3. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖ਼ਬਾਰ ਛਾਪਣੇ ਸ਼ੁਰੂ ਕੀਤੇ ਸਨ ?
4. ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਦੇ ਨਾਂ ਲਿਖੋ।
5. ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰ ਦੇ ਨਾਂ ਲਿਖੋ।
6. 19ਵੀਂ ਸਦੀ ਅਤੇ 20ਵੀਂ ਸਦੀ ਦੇ ਆਰੰਭ ਵਿੱਚ ਸਾਹਿਤ ਦਾ ਕੀ ਵਿਕਾਸ ਹੋਇਆ ?

**2. ਹੇਠ ਲਿਖੇ ਖ਼ਾਲੀ ਸਥਾਨ ਭਰੋ—**

1. 19ਵੀਂ ਸਦੀ ਵਿੱਚ .............. ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ।
2. 'ਬੰਦੇ ਮਾਤਰਮ' ਰਾਸ਼ਟਰੀ ਗੀਤ .............. ਨੇ ਲਿਖਿਆ।
3. ਮੁਨਸ਼ੀ ਪ੍ਰੇਮ ਚੰਦ ਨੇ .............. ਅਤੇ .............. ਭਾਸ਼ਾ ਵਿੱਚ ਕਈ ਨਾਵਲ ਲਿਖੇ।
4. ਅੰਮ੍ਰਿਤਾ ਸ਼ੇਰ ਗਿੱਲ ਅਤੇ .............. ਪ੍ਰਸਿੱਧ ਭਾਰਤੀ ਚਿੱਤਰਕਾਰ ਸਨ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ—**

1. ਪ੍ਰਿੰਸ ਆਫ ਵੇਲਜ਼ ਮਿਊਜ਼ੀਅਮ ਨੂੰ ਅੱਜਕਲ੍ਹ 'ਛਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਹਾਲਯ' ਵੀ ਕਿਹਾ ਜਾਂਦਾ ਹੈ। ☐
2. ਮੈਰੀਨਾ ਬੀਚ (ਸਮੁੰਦਰੀ ਕਿਨਾਰਾ) 10 ਕਿਲੋਮੀਟਰ ਲੰਬਾ ਹੈ। ☐
3. ਵਾਰ ਮੈਮੋਰੀਅਲ ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਬਣਾਈ ਗਈ। ☐
4. ਅੱਜਕਲ੍ਹ ਫੋਰਟ ਸੇਂਟ ਜਾਰਜ ਇਮਾਰਤ ਵਿੱਚ ਤਾਮਿਲਨਾਡੂ ਰਾਜ ਦੀ ਵਿਧਾਨ ਸਭਾ ਅਤੇ ਸਕੱਤਰੇਤ ਦੇ ਦਫ਼ਤਰ ਹਨ। ☐

## ਕੁਝ ਕਰਨ ਲਈ

1. 'ਬੰਦੇ ਮਾਤਰਮ ਰਾਸ਼ਟਰੀ ਗੀਤ ਚਾਰਟ ਤੇ ਲਿਖੋ ਅਤੇ ਉਸ ਨੂੰ ਗਾਓ।
2. ਰਾਸ਼ਟਰੀ ਗਾਨ 'ਜਨ ਗਣ ਮਨ' ਦਾ ਵੀ ਚਾਰਟ ਤਿਆਰ ਕਰੋ।
3. ਪੰਜਾਬ ਦੇ ਪ੍ਰਸਿੱਧ ਲੋਕ ਨਾਚ ਭੰਗੜੇ ਅਤੇ ਗਿੱਧੇ ਬਾਰੇ ਜਾਣਕਾਰੀ ਪ੍ਰਾਪਤ ਕਰੋ।



# ਪਾਠ 19 ਰਾਸ਼ਟਰੀ ਅੰਦੋਲਨ, 1885-1919 ਈ:

1857 ਈ. ਵਿੱਚ ਅੰਗਰੇਜ਼ੀ ਰਾਜ ਵਿਰੁੱਧ ਕੀਤੇ ਗਏ ਵਿਦਰੋਹ ਪਿੱਛੋਂ ਭਾਰਤ ਵਿੱਚ ਵੱਖ-ਵੱਖ ਸਥਾਨਾਂ ਤੇ ਬਹੁਤ ਸਾਰੀਆਂ ਰਾਜਨੀਤਿਕ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ ਪ੍ਰਮੁੱਖ ਬੰਗਾਲ ਬ੍ਰਿਟਿਸ਼ ਇੰਡੀਅਨ ਸੋਸਾਇਟੀ, ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ, ਇੰਡੀਅਨ ਐਸੋਸੀਏਸ਼ਨ, ਬੰਬੇ ਪ੍ਰੈਜ਼ੀਡੈਂਸੀ ਐਸੋਸੀਏਸ਼ਨ ਆਦਿ ਸਨ। ਇਹਨਾਂ ਸੰਸਥਾਵਾਂ ਦਾ ਉਦੇਸ਼ ਸਰਕਾਰ ਕੋਲੋਂ ਭਾਰਤੀ ਰਾਜ ਪ੍ਰਬੰਧ ਵਿੱਚ ਸੁਧਾਰ ਕਰਨ ਦੀ ਮੰਗ ਕਰਨਾ ਅਤੇ ਭਾਰਤੀ ਲੋਕਾਂ ਲਈ ਰਾਜਨੀਤਿਕ ਅਧਿਕਾਰ ਪ੍ਰਾਪਤ ਕਰਨਾ ਸੀ। ਪ੍ਰੰਤੂ ਇਹ ਸੰਸਥਾਵਾਂ ਆਪਣੇ ਉਦੇਸ਼ ਵਿੱਚ ਅਸਫ਼ਲ ਰਹੀਆਂ ਇਹਨਾਂ ਸੰਸਥਾਵਾਂ ਤੋਂ ਪਿੱਛੋਂ 1885 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕੀਤੀ ਗਈ ਸੀ, ਜਿਸ ਨੇ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਕਰਨ ਲਈ ਸਭ ਤੋਂ ਵੱਧ ਮਹੱਤਵਪੂਰਨ ਰੋਲ ਅਦਾ ਕੀਤਾ ।

## ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਪ੍ਰਮੁੱਖ ਕਾਰਣ

19ਵੀਂ ਸਦੀ ਦੇ ਦੂਜੇ ਮੱਧ ਵਿੱਚ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਕਈ ਕਾਰਨ ਸਨ, ਜਿਨ੍ਹਾਂ ਵਿੱਚੋਂ ਮੁੱਖ ਕਾਰਣ ਹੇਠ ਲਿਖੇ ਹਨ :-

> **ਰਾਸ਼ਟਰੀ ਚੇਤਨਾ**—ਰਾਸ਼ਟਰੀ ਚੇਤਨਾ ਤੋਂ ਭਾਵ ਹੈ ਕਿਸੇ ਰਾਸ਼ਟਰ ਦੇ ਨਾਗਰਿਕਾਂ ਵਿਚ ਪਾਈ ਜਾਣ ਵਾਲੀ ਉਹ ਭਾਵਨਾ, ਜਿਸ ਤੋਂ ਉਹਨਾਂ ਨੂੰ ਇਹ ਅਨੁਭਵ ਹੋਵੇ ਕਿ ਉਹ ਸਾਰੇ ਇਕ ਰਾਸ਼ਟਰ ਨਾਲ ਸਬੰਧ ਰੱਖਦੇ ਹਨ।

1. **1857 ਈ. ਦਾ ਮਹਾਨ ਵਿਦਰੋਹ :** ਭਾਰਤੀ ਲੋਕਾਂ ਨੇ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ 1857 ਈ. ਵਿੱਚ ਅੰਗਰੇਜ਼ੀ ਸ਼ਾਸਨ ਵਿਰੁੱਧ ਵਿਦਰੋਹ ਸ਼ੁਰੂ ਕੀਤਾ। ਜਿਸ ਨੂੰ ਅੰਗਰੇਜ਼ਾਂ ਨੇ ਸਖਤੀ ਨਾਲ ਦਬਾਅ ਦਿੱਤਾ ਅਤੇ ਉਹ ਭਾਰਤੀ ਲੋਕਾਂ ਤੇ ਅੱਤਿਆਚਾਰ ਕਰਨ ਲੱਗੇ। ਇਸ ਕਰਕੇ ਭਾਰਤੀ ਲੋਕਾਂ ਵਿੱਚ ਆਪਣੇ ਦੇਸ਼ ਨੂੰ ਅੰਗਰੇਜ਼ੀ ਰਾਜ ਤੋਂ ਮੁਕਤ ਕਰਾਉਣ ਲਈ ਰਾਸ਼ਟਰੀ ਚੇਤਨਾ ਪੈਦਾ ਹੋਈ।
2. **ਪ੍ਰਸ਼ਾਸਨਿਕ ਏਕਤਾ :** ਅੰਗਰੇਜ਼ੀ ਸਰਕਾਰ ਨੇ ਸਾਰੇ ਭਾਰਤ ਵਿੱਚ ਇੱਕੋ ਜਿਹੀ ਸ਼ਾਸਨ ਪ੍ਰਣਾਲੀ ਅਤੇ ਕਾਨੂੰਨ ਵਿਵਸਥਾ ਲਾਗੂ ਕੀਤੀ। ਇਸ ਨਾਲ ਭਾਰਤ ਦੇ ਲੋਕ ਆਪਣੇ ਆਪ ਨੂੰ ਇਕ ਦੇਸ਼ ਦੇ ਨਾਗਰਿਕ ਸਮਝਣ ਲੱਗੇ ਅਤੇ ਇਸ ਤਰ੍ਹਾਂ ਉਨਾਂ ਅੰਦਰ ਰਾਸ਼ਟਰੀ ਜਾਗ੍ਰਿਤੀ ਦੀ ਭਾਵਤਾ ਪੈਦਾ ਹੋਈ ਸੀ।
3. **ਸਮਾਜਿਕ-ਧਾਰਮਿਕ ਸੁਧਾਰ ਲਹਿਰਾਂ :** 19ਵੀਂ ਸਦੀ ਵਿੱਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ ਕਈ ਸਮਾਜਿਕ-ਧਾਰਮਿਕ ਸੁਧਾਰ ਲਹਿਰਾਂ ਸ਼ੁਰੂ ਹੋਈਆਂ। ਇਹਨਾਂ ਵਿੱਚੋਂ ਕੁਝ ਪ੍ਰਮੁੱਖ ਲਹਿਰਾਂ ਦੇ ਸਮਰਥਕਾਂ ਜਿਵੇਂ ਰਾਜਾ ਰਾਮ ਮੋਹਨ ਰਾਇ (ਬ੍ਰਹਮੋ ਸਮਾਜ), ਸਵਾਮੀ ਦਯਾਨੰਦ (ਆਰੀਆ ਸਮਾਜ), ਸਤਿਗੁਰੂ ਰਾਮ ਸਿੰਘ (ਨਾਮਧਾਰੀ ਲਹਿਰ) ਆਦਿ ਸਮਰਥਕਾਂ ਨੇ ਭਾਰਤੀ ਸਮਾਜ ਵਿੱਚ ਪ੍ਰਚਲਿਤ ਇਹਨਾਂ ਬੁਰਾਈਆਂ ਨੂੰ ਖਤਮ ਕਰਨ ਲਈ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ, ਜਿਸ ਨੇ ਰਾਸ਼ਟਰਵਾਦੀ ਭਾਵਨਾ ਨੂੰ ਜਨਮ

ਦਿੱਤਾ।

4. **ਪੱਛਮੀ ਸਿੱਖਿਆ ਅਤੇ ਸਾਹਿਤ :** ਵਿਦੇਸ਼ੀ ਲੇਖਕ ਮਿਲਟਨ, ਮਿਲ, ਬਰਨ, ਰੂਸੋ, ਵਾਲਟੇਅਰ ਅਤੇ ਮੈਕਾਲੇ ਆਦਿ ਵਿਦੇਸ਼ੀ ਵਿਦਵਾਨਾਂ ਦੇ ਵਿਚਾਰਾਂ ਨੇ ਭਾਰਤੀ ਲੋਕਾਂ ਵਿੱਚ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਅਤੇ ਰਾਸ਼ਟਰੀ ਚੇਤਨਾ ਪੈਦਾ ਕੀਤੀ।
5. **ਭਾਰਤੀ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਕਰਨਾ :** ਅੰਗਰੇਜ਼ ਵਪਾਰੀ ਵੱਧ ਤੋਂ ਵੱਧ ਧਨ ਕਮਾਉਣ ਲਈ ਭਾਰਤੀ ਲੋਕਾਂ ਕੋਲੋਂ ਸਸਤੇ ਮੁੱਲ ਉੱਤੇ ਕੱਚਾ ਮਾਲ ਖਰੀਦ ਕੇ ਇੰਗਲੈਂਡ ਭੇਜਦੇ ਸਨ ਅਤੇ ਉੱਥੇ ਦੇ ਕਾਰਖਾਨਿਆਂ ਵਿੱਚ ਤਿਆਰ ਕੀਤਾ ਗਿਆ ਮਾਲ ਭਾਰਤ ਵਿੱਚ ਲਿਆਕੇ ਮਹਿੰਗੇ ਮੁੱਲ ਤੇ ਵੇਚਦੇ ਸਨ। ਸਿੱਟੇ ਵਜੋਂ ਭਾਰਤ ਦਾ ਧਨ ਇੰਗਲੈਂਡ ਨੂੰ ਜਾਣ ਲੱਗਾ ਅਤੇ ਭਾਰਤ ਦੇ ਲੋਕ ਗਰੀਬ ਹੋ ਗਏ। ਉਹ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ।
6. **ਭਾਰਤੀਆਂ ਨੂੰ ਉੱਚੀਆਂ ਨੌਕਰੀਆਂ ਤੇ ਨਿਯੁੱਕਤ ਨਾ ਕਰਨਾ :** ਅੰਗਰੇਜ਼ੀ ਸਰਕਾਰ ਭਾਰਤੀਆਂ ਨੂੰ ਯੋਗਤਾ ਅਨੁਸਾਰ ਉੱਚੀਆਂ ਨੌਕਰੀਆਂ ਉੱਤੇ ਨਿਯੁੱਕਤ ਨਹੀਂ ਕਰਦੀ ਸੀ। ਇਸ ਦੇ ਇਲਾਵਾ ਇੱਕੋ ਜਿਹੀ ਨੌਕਰੀ ਕਰਨ ਵਾਲੇ ਅੰਗਰੇਜ਼ ਕਰਮਚਾਰੀਆਂ ਨਾਲੋਂ ਭਾਰਤੀ ਕਰਮਚਾਰੀਆਂ ਨੂੰ ਘੱਟ ਤਨਖ਼ਾਹ ਅਤੇ ਭੱਤੇ ਦਿੱਤੇ ਜਾਂਦੇ ਹਨ। ਉਹਨਾਂ ਲੋਕਾਂ ਨੇ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਕਰਨ ਦੇ ਯਤਨ ਕੀਤੇ।
7. **ਭਾਰਤੀ ਸਮਾਚਾਰਾਂ ਅਤੇ ਸਾਹਿਤ ਦਾ ਪ੍ਰਭਾਵ :** ਭਾਰਤ ਵਿੱਚ ਕਈ ਤਰ੍ਹਾਂ ਦੇ ਸਮਾਚਾਰ ਪੱਤਰ, ਬੰਬੇ ਸਮਾਚਾਰ, ਅੰਮ੍ਰਿਤ ਬਾਜ਼ਾਰ ਪਤ੍ਰਿਕਾ, ਦੀ ਟ੍ਰਿਬਿਊਨ, ਕੇਸਰੀ ਆਦਿ ਰਸਾਲੇ ਅਤੇ ਪੁਸਤਕਾਂ ਛਪਣ ਨਾਲ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਈ।
8. **ਇਲਬਰਟ ਬਿੱਲ ਦਾ ਵਿਰੋਧ :** ਗਵਰਨਰ ਜਨਰਲ ਲਾਰਡ ਰਿਪਨ ਤੇ ਭਾਰਤੀ ਲੋਕਾਂ ਨੂੰ ਅੰਗਰੇਜ਼ਾਂ ਦੇ ਬਰਾਬਰ ਦਾ ਦਰਜਾ ਦੇਣ ਲਈ ਇਲਬਰਟ ਬਿੱਲ ਪਾਸ ਕਰਾਉਣਾ ਚਾਹਿਆ। ਪਰੰਤੂ ਅੰਗਰੇਜ਼ਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ। ਇਸ ਨਾਲ ਭਾਰਤੀ ਲੋਕ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ।

## ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ

ਮਿਸਟਰ ਏ.ਓ. ਹਿਊਮ ਨੇ 28 ਦਸੰਬਰ, 1885 ਈ. ਵਿੱਚ ਬੰਬਈ (ਮੁੰਬਈ) ਵਿਖੇ ਗੋਕਲ ਦਾਸ ਤੇਜ਼ਪਾਲ ਸੰਸਕ੍ਰਿਤ ਕਾਲਜ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕੀਤੀ। ਉਹ ਇਕ ਸੇਵਾ ਮੁਕਤ ਅੰਗਰੇਜ਼ ਆਈ.ਸੀ. ਐਸ. ਅਧਿਕਾਰੀ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾ ਸਮਾਗਮ 29 ਦਸੰਬਰ ਤੋਂ 30 ਦਸੰਬਰ 1885 ਈ. ਤੱਕ ਮੁੰਬਈ ਵਿਚ ਗੋਕਲ ਦਾਸ ਤੇਜ਼ਪਾਲ ਸੰਸਕ੍ਰਿਤ ਕਾਲਜ ਵਿੱਚ ਹੋਇਆ। ਇਸ ਦੇ ਸਭਾਪਤੀ ਵੋਮੇਸ਼ ਚੰਦਰ ਬੈਨਰਜੀ ਸਨ। ਇਸ ਸਮਾਗਮ ਵਿੱਚ ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਤੋਂ ਆਏ 72 ਪ੍ਰਤੀਨਿਧੀਆਂ ਨੇ ਹਿੱਸਾ ਲਿਆ।


*ਏ.ਓ. ਹਿਊਮ*


## ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਮੁੱਖ ਉਦੇਸ਼

1. ਦੇਸ਼ ਨੂੰ ਵੱਖ-ਵੱਖ ਭਾਗਾਂ ਵਿੱਚ ਦੇਸ਼ ਭਲਾਈ ਦੇ ਕੰਮ ਕਰਨ ਵਾਲੇ ਲੋਕਾਂ ਨਾਲ ਸੰਪਰਕ ਅਤੇ ਮਿੱਤਰਤਾ ਕਾਇਮ ਕਰਨਾ।
2. ਭਾਰਤੀ ਲੋਕਾਂ ਵਿੱਚੋਂ ਜਾਤੀਵਾਦ, ਪ੍ਰਾਂਤਵਾਦ ਅਤੇ ਧਾਰਮਿਕ ਭੇਦਭਾਵ ਨੂੰ ਖਤਮ ਕਰਕੇ ਰਾਸ਼ਟਰੀ ਏਕਤਾ ਦੀ ਭਾਵਨਾ ਪੈਦਾ ਕਰਨਾ।

3. ਲੋਕਾਂ ਦੀ ਭਲਾਈ ਕਰਨ ਲਈ ਸਰਕਾਰ ਅੱਗੇ ਮੰਗ ਪੱਤਰ ਅਤੇ ਪ੍ਰਾਰਥਨਾ ਪੱਤਰ ਪੇਸ਼ ਕਰਨੇ।
4. ਦੇਸ਼ ਵਿੱਚ ਸਮਾਜਿਕ ਅਤੇ ਆਰਥਿਕ ਸੁਧਾਰ ਕਰਨ ਲਈ ਸੁਝਾਅ ਇਕੱਠੇ ਕਰਨਾ।
5. ਆਉਣ ਵਾਲੇ 12 ਮਹੀਨਿਆਂ ਲਈ, ਰਾਸ਼ਟਰਵਾਦੀਆਂ ਦੁਆਰਾ ਦੇਸ਼ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ ਕਾਰਜਾਂ ਦੀ ਰੂਪ ਰੇਖਾ ਤਿਆਰ ਕਰਨਾ।

## ਉਦਾਰਵਾਦੀ ਯੁੱਗ, 1885-1905ਈ.

1885 ਈ. ਤੋਂ ਲੈ ਕੇ 1905 ਈ. ਤੱਕ ਰਾਸ਼ਟਰਵਾਦੀ ਅੰਦੋਲਨ ਨੂੰ ਉਦਾਰਵਾਦੀ ਯੁੱਗ ਕਿਹਾ ਜਾਂਦਾ ਹੈ ਕਿਉਂਕਿ ਇੰਡੀਅਨ ਨੈਸ਼ਨਲ ਕਾਂਗਰਸ ਪੂਰੀ ਤਰ੍ਹਾਂ ਨਾਲ ਉਦਾਰਵਾਦੀ ਨੇਤਾਵਾਂ ਫਿਰੋਜ਼ਸ਼ਾਹ ਮਹਿਤਾ, ਦਾਦਾ ਭਾਈ ਨਾਰੋਜ਼ੀ, ਸੁਰਿੰਦਰ ਨਾਥ ਬੈਨਰਜ਼ੀ, ਗੋਪਾਲ ਕ੍ਰਿਸ਼ਨ ਗੋਖਲੇ, ਮਦਨ ਮੋਹਨ ਮਾਲਵੀਆ ਆਦਿ ਅਧੀਨ ਕਾਰਜ ਕਰਦੀ ਰਹੀ।



*ਦਾਦਾ ਭਾਈ ਨਾਰੋਜੀ*

## ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਪ੍ਰਮੁੱਖ ਮੰਗਾਂ

1. ਕੇਂਦਰੀ ਅਤੇ ਪ੍ਰਾਂਤੀ ਵਿਧਾਨ ਸਭਾਵਾਂ ਵਿੱਚ ਭਾਰਤੀ ਲੋਕਾਂ ਨੂੰ ਆਪਣੇ ਪ੍ਰਤੀਨਿਧ ਚੁਣਨ ਦਾ ਅਧਿਕਾਰ ਦਿੱਤਾ ਜਾਵੇ।
2. ਭਾਰਤੀ ਲੋਕਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਉੱਚੀਆਂ ਨੌਕਰੀਆਂ ਤੇ ਨਿਯੁਕਤ ਕੀਤਾ ਜਾਵੇ।
3. ਦੇਸ਼ ਵਿੱਚ ਸਿੱਖਿਆ ਦਾ ਪ੍ਰਸਾਰ ਕੀਤਾ ਜਾਵੇ।
4. ਪ੍ਰੈਸ ਉੱਤੇ ਲਗਾਈਆਂ ਨਾਜ਼ਾਇਜ਼ ਬੰਦਸ਼ਾਂ ਨੂੰ ਹਟਾਇਆ ਜਾਵੇ।
5. ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਨੂੰ ਇਕ ਦੂਜੇ ਤੋਂ ਵੱਖ ਕੀਤਾ ਜਾਵੇ।
6. ਸਥਾਨਕ ਸੰਸਥਾਵਾਂ ਦਾ ਵਿਕਾਸ ਕੀਤਾ ਜਾਵੇ ਅਤੇ ਉਹਨਾਂ ਨੂੰ ਪਹਿਲਾਂ ਨਾਲੋਂ ਵੱਧ ਸ਼ਕਤੀਆਂ ਦਿੱਤੀਆਂ ਜਾਣ।
7. ਭਾਰਤ ਵਿੱਚ ਵੀ ਇੰਗਲੈਂਡ ਦੀ ਤਰ੍ਹਾਂ ਆਈ.ਸੀ.ਐਸ. ਦੀ ਪ੍ਰੀਖਿਆ ਲੈਣ ਦਾ ਪ੍ਰਬੰਧ ਕੀਤਾ ਜਾਵੇ।
8. ਸੈਨਾ ਉੱਤੇ ਕੀਤੇ ਜਾਂਦੇ ਖਰਚੇ ਨੂੰ ਘੱਟ ਕੀਤਾ ਜਾਵੇ।
9. ਕਿਸਾਨਾਂ ਤੋਂ ਵਸੂਲ ਕੀਤੇ ਜਾਂਦੇ ਭੂਮੀ ਕਰ ਦੀ ਰਾਸ਼ੀ ਘਟਾਈ ਜਾਵੇ।
10. ਸਿੰਚਾਈ ਦੀ ਉਚਿਤ ਵਿਵਸਥਾ ਕੀਤੀ ਜਾਵੇ।

## ਇੰਡੀਅਨ ਨੈਸ਼ਨਲ ਕਾਂਗਰਸ ਦਾ ਕਾਰਜਕ੍ਰਮ

ਇੰਡੀਅਨ ਨੈਸ਼ਨਲ ਕਾਂਗਰਸ ਦੇ ਉਦਾਰਵਾਦੀ ਨੇਤਾ ਸਰਕਾਰ ਕੋਲ ਆਪਣੀਆਂ ਮੰਗਾਂ ਭਾਸ਼ਣਾਂ, ਮਤਿਆਂ, ਪ੍ਰਸਤਾਵਾਂ ਅਤੇ ਪ੍ਰਾਰਥਨਾਂ ਪੱਤਰਾਂ ਦੁਆਰਾ ਰੱਖਦੇ ਸਨ। ਉਹ ਕਾਂਗਰਸ ਦੇ ਹਰੇਕ ਸਮਾਗਮ ਉੱਤੇ ਮਤਾ ਪਾਸ ਕਰਕੇ ਸਰਕਾਰ ਨੂੰ ਭੇਜ ਦਿੰਦੇ ਸਨ।

## ਰਾਸ਼ਟਰੀ ਅੰਦੋਲਨ, 1905-1918 ਈ.

**ਬੰਗਾਲ ਦੀ ਵੰਡ** : 1905 ਈ. ਵਿੱਚ ਲਾਰਡ ਕਰਜ਼ਨ ਨੇ ਬੰਗਾਲ ਦੀ ਵੰਡ ਕਰ ਦਿੱਤੀ। ਇਹ ਵੰਡ ਕਰਨ ਦਾ ਅਸਲੀ ਉਦੇਸ਼ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣੀ ਅਤੇ ਰਾਸ਼ਟਰੀ ਸ਼ਕਤੀ ਨੂੰ ਕਮਜ਼ੋਰ ਕਰਨਾ ਸੀ। ਸਰਕਾਰ ਨੇ ਜਦੋਂ ਬੰਗਾਲ ਦੀ ਵੰਡ ਕਰਨ ਦਾ ਐਲਾਨ ਕੀਤਾ ਤਾਂ ਲੋਕਾਂ ਥਾਂ-ਥਾਂ ਤੇ ਜਲਸੇ, ਜਲੂਸ ਅਤੇ ਹੜਤਾਲਾਂ ਕੀਤੀਆਂ। ਬੰਗਾਲ ਦੀ ਵੰਡ ਦੇ ਵਿਰੋਧ ਵਿੱਚ ਸਵਦੇਸ਼ੀ ਅੰਦੋਲਨ ਸ਼ੁਰੂ ਕੀਤਾ ਗਿਆ। ਬੰਗਾਲ ਦੀ ਵੰਡ ਹੋਣ ਨਾਲ ਕਾਂਗਰਸ ਵਿਚ ਗਰਮ ਦਲ ਅਤੇ ਨਰਮ ਦਲ ਦੋ ਸ਼ਕਤੀਸ਼ਾਲੀ ਦਲ ਸਥਾਪਤ ਹੋਏ।

ਸੁਰਿੰਦਰ ਨਾਥ ਬੈਨਰਜੀ ਦੇ ਸ਼ਬਦਾਂ ਵਿਚ "ਬੰਗਾਲ ਦੀ ਵੰਡ ਦੇ ਐਲਾਨ ਤੇ ਸਾਨੂੰ ਅਜਿਹਾ ਪ੍ਰਤੀਤ ਹੋਇਆ, ਜਿਸ ਤਰ੍ਹਾਂ ਸਾਡੇ ਉੱਤੇ ਬਿਜਲੀ ਡਿੱਗ ਪਈ ਹੋਵੇ। ਅਸੀਂ ਅਨੁਭਵ ਕੀਤਾ ਕਿ ਸਾਡਾ ਅਪਮਾਨ ਹੋਇਆ ਹੈ, ਸਾਨੂੰ ਖੁਆਰ ਕੀਤਾ ਗਿਆ ਹੈ ਅਤੇ ਸਾਡੇ ਨਾਲ ਧੋਖਾ ਹੋਇਆ ਹੈ।"

### ਸਵਦੇਸ਼ੀ ਅਤੇ ਬਾਈਕਾਟ ਅੰਦੋਲਨ

1905 ਈ. ਵਿੱਚ ਲਾਰਡ ਕਰਜ਼ਨ ਦੁਆਰਾ ਬੰਗਾਲ ਦੀ ਵੰਡ ਕਰਨ ਨਾਲ ਬੰਗਾਲ ਵਿੱਚ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਸ਼ੁਰੂ ਹੋਇਆ, ਜਿਸ ਦੀ ਅਗਵਾਈ ਸੁਰਿੰਦਰ ਨਾਥ ਬੈਨਰਜੀ, ਵਿਪਨ ਚੰਦਰ ਪਾਲ ਅਤੇ ਬਾਲ ਗੰਗਾਧਰ ਤਿਲਕ ਆਦਿ ਮੁੱਖ ਨੇਤਾਵਾਂ ਨੇ ਕੀਤੀ ਸੀ। ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਦਾ ਉਦੇਸ਼ ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨਾ, ਸਵਦੇਸ਼ੀ ਵਸਤਾਂ ਦੀ ਵਰਤੋਂ ਕਰਨਾ ਸੀ। ਭਾਰਤ ਵਿੱਚ ਕਈ ਸਥਾਨਾਂ ਤੇ ਵਿਦੇਸ਼ੀ ਕੱਪੜੇ ਸਾੜ ਦਿੱਤੇ ਗਏ।

### ਗਰਮ ਖਿਆਲੀਆਂ ਦਾ ਉਥਾਨ

1905 ਈ. ਤੋਂ 1919 ਈ. ਤਕ ਰਾਸ਼ਟਰੀ ਅੰਦੋਲਨ ਦੀ ਅਗਵਾਈ ਗਰਮ ਖਿਆਲੀ ਨੇਤਾਵਾਂ ਦੇ ਹੱਥਾਂ ਵਿੱਚ ਹੀ ਰਹੀ। ਕਿਉਂਕਿ ਕਾਂਗਰਸ ਦੇ ਉਦਾਰਵਾਦੀ ਨੇਤਾ ਸਰਕਾਰ ਤੋਂ ਆਪਣੀਆਂ ਮੰਗਾਂ ਪੂਰੀਆਂ ਕਰਾਉਣ ਵਿਚ ਅਸਫ਼ਲ ਰਹੇ। ਇਸ ਕਰਕੇ ਨੌਜਵਾਨ ਮੈਂਬਰਾਂ ਨੇ ਹਿੰਸਾਤਮਕ ਸਾਧਨ ਅਪਣਾਉਣ ਦੀ ਮੰਗ ਕੀਤੀ।

1. 19ਵੀਂ ਸਦੀ ਵਿੱਚ ਅੰਗਰੇਜ਼ਾਂ ਦੁਆਰਾ ਭਾਰਤ ਵਿੱਚ ਅਪਨਾਈ ਗਈ ਆਰਥਿਕ ਨੀਤੀ ਵੀ ਗਰਮਖਿਆਲੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਕ ਹੋਈ।
2. ਇੰਗਲੈਂਡ ਅਤੇ ਦੱਖਣੀ ਅਫਰੀਕਾ ਆਦਿ ਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਲੋਕਾਂ ਨਾਲ ਚੰਗਾ ਵਰਤਾਵ ਨਹੀਂ ਕੀਤਾ ਜਾਂਦਾ ਸੀ। ਇਸ ਲਈ ਭਾਰਤ ਦੇ ਰਾਸ਼ਟਰਵਾਦੀਆਂ ਨੇ ਭਾਰਤ ਨੂੰ ਅੰਗਰੇਜ਼ੀ ਸ਼ਾਸਨ ਤੋਂ ਆਜ਼ਾਦ ਕਰਾਉਣ ਲਈ ਗਰਮ ਖਿਆਲੀ ਅੰਦੋਲਨ ਚਲਾਇਆ।
3. ਫਰਾਂਸ ਦੀ ਕ੍ਰਾਂਤੀ, ਅਮਰੀਕਾ ਦੇ ਸੁਤੰਤਰਤਾ ਦੇ ਯੁੱਧ, ਇਟਲੀ ਦੇ ਏਕੀਕਰਣ ਅੰਦੋਲਨ ਆਦਿ ਬਾਰੇ ਅਧਿਐਨ ਕਰਨ ਤੋਂ ਭਾਰਤੀ ਲੋਕਾਂ ਨੂੰ ਆਪਣਾ ਦੇਸ਼ ਆਜ਼ਾਦ ਕਰਾਉਣ ਦੀ ਪ੍ਰੇਰਨਾ ਮਿਲੀ। ਇਸ ਕਰਕੇ ਉਹਨਾਂ ਨੇ ਗਰਮਖਿਆਲੀ ਵਿਚਾਰਧਾਰਾ ਵਾਲਾ ਅੰਦੋਲਨ ਚਲਾਇਆ।
4. ਲਾਲਾ ਲਾਜਪਤ ਰਾਏ, ਬਾਲ ਗੰਗਾਧਰ ਤਿਲਕ ਅਤੇ ਵਿਪਨ ਚੰਦਰ ਪਾਲ ਨੇਤਾਵਾਂ ਨੇ ਗਰਮ ਖਿਆਲੀ ਅੰਦੋਲਨ ਸ਼ੁਰੂ ਕੀਤਾ। ਉਹਨਾਂ ਨੇ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਭਾਵਨਾ ਪੈਦਾ ਕਰਨ ਲਈ ਥਾਂ-ਥਾਂ ਜਲਸੇ ਕੀਤੇ ਅਤੇ ਭਾਸ਼ਣ ਦਿੱਤੇ। ਬਾਲ ਗੰਗਾਧਰ ਤਿਲਕ ਨੇ ਕਿਹਾ ਸੀ "ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ ਅਤੇ ਮੈਂ ਇਸ ਨੂੰ ਪ੍ਰਾਪਤ ਕਰਕੇ ਰਹਾਂਗਾ"।



ਲਾਲਾ ਲਾਜਪਤ ਰਾਏ



ਬਾਲ ਗੰਗਾਧਰ ਤਿਲਕ



ਵਿਪਨ ਚੰਦਰ ਪਾਲ

ਵਿਪਨ ਚੰਦਰ ਪਾਲ ਦਾ ਕਹਿਣਾ ਸੀ **"ਅਸੀਂ ਅੰਗਰੇਜ਼ਾਂ ਨਾਲ ਕੋਈ ਸਬੰਧ ਨਹੀਂ ਰੱਖਣਾ ਚਾਹੁੰਦੇ ਹਾਂ। ਅਸੀਂ ਭਾਰਤ ਵਿਚ ਆਪਣੀ ਸਰਕਾਰ ਚਾਹੁੰਦੇ ਹਾਂ।"**

### ਆਲ ਇੰਡੀਆ ਮੁਸਲਿਸ ਲੀਗ ਦੀ ਸਥਾਪਨਾ

30 ਦਸੰਬਰ 1906 ਈ. ਵਿੱਚ ਮੁਸਲਿਮ ਨੇਤਾਵਾਂ ਨੇ ਆਲ ਇੰਡੀਆ ਮੁਸਲਿਮ ਲੀਗ ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ, ਜਿਸ ਦੀ ਪ੍ਰਮੁੱਖ ਮੰਗ ਸੀ ਕਿ ਮੁਸਲਮਾਨਾਂ ਲਈ ਵੱਖਰਾ ਚੋਣ ਮੰਡਲ ਸਥਾਪਿਤ ਕੀਤਾ ਜਾਵੇ। 1909 ਈ. ਵਿਚ ਸਰਕਾਰ ਨੇ ਮੁਸਲਮਾਨਾਂ ਦੀ ਇਹ ਮੰਗ ਮੰਨ ਲਈ।

## ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਫੁੱਟ, 1907 ਈ.


1907 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਸੂਰਤ ਵਿਖੇ ਸਮਾਗਮ ਹੋਇਆ। ਇਸ ਵਿੱਚ ਨਰਮ ਦਲ ਦੇ ਨੇਤਾਵਾਂ ਨੇ ਸਵਦੇਸ਼ੀ ਅਤੇ ਬਾਈਕਾਟ ਪ੍ਰਸਤਾਵਾਂ ਦੀ ਨਿੰਦਾ ਕੀਤੀ। ਗਰਮ ਦਲ ਦੇ ਨੇਤਾਵਾਂ ਨੂੰ ਨਰਮ ਦਲ ਦੇ ਉਦੇਸ਼ ਅਤੇ ਨੀਤੀ ਪਸੰਦ ਨਹੀਂ ਸੀ। ਇਸ ਲਈ ਉਹਨਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਅਲੱਗ ਹੋ ਕੇ ਕਾਰਜ ਕਰਨਾ ਸ਼ੁਰੂ ਕੀਤਾ। ਪਰੰਤੂ 1916 ਈ. ਵਿੱਚ ਕਾਂਗਰਸ ਦੇ ਦੋਹਾਂ ਦਲਾਂ ਵਿਚਕਾਰ ਦੁਬਾਰਾ ਸਮਝੌਤਾ ਹੋ ਗਿਆ।

## ਕ੍ਰਾਂਤੀਕਾਰੀ ਅੰਦੋਲਨ

ਗਰਮ ਦਲ ਦੇ ਨੇਤਾਵਾਂ ਦੇ ਭਾਸ਼ਣਾਂ ਅਤੇ ਸਰਗਰਮੀਆਂ ਕਾਰਣ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਦੇ ਮੁੱਖ ਕੇਂਦਰ ਮਹਾਂਰਾਸ਼ਟਰ, ਬੰਗਾਲ ਅਤੇ ਪੰਜਾਬ ਆਦਿ ਵਿਚ ਸਨ।

ਪੰਜਾਬ ਵਿੱਚ ਕ੍ਰਾਂਤੀਕਾਰੀ ਅੰਦੋਲਨ ਦੇ ਮੁੱਖ ਨੇਤਾ ਸਰਦਾਰ ਅਜੀਤ ਸਿੰਘ, ਪਿੰਡੀ ਦਾਸ, ਸੂਫ਼ੀ ਅੰਬਾ ਪ੍ਰਸਾਦ ਅਤੇ ਲਾਲ ਚੰਦ ਫਲਕ ਆਦਿ ਸਨ। ਇਹਨਾਂ ਦੀ ਅਗਵਾਈ ਹੇਠ ਕਈ ਨਗਰਾਂ ਵਿੱਚ ਹਿੰਸਕ ਕਾਰਵਾਈਆਂ ਕੀਤੀਆਂ ਗਈਆਂ। ਭਾਰਤ ਦੇ ਇਲਾਵਾ ਵਿਦੇਸ਼ਾਂ ਵਿੱਚ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਆਦਿ ਵਿੱਚ ਵੀ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਕੀਤੇ ਗਏ। ਸਿੱਟੇ ਵਜੋਂ ਇੰਗਲੈਂਡ ਵਿੱਚ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਇੰਡੀਅਨ ਹੋਮਰੂਲ ਸੋਸਾਇਟੀ ਦੀ ਸਥਾਪਨਾ ਕੀਤੀ। ਇਹ ਸੋਸਾਇਟੀ ਕ੍ਰਾਂਤੀਕਾਰੀਆਂ ਦੇ ਕਾਰਜਾਂ ਅਤੇ ਗਤੀਵਿਧੀਆਂ ਦਾ ਕੇਂਦਰ ਬਣੀ। ਅਮਰੀਕਾ ਵਿੱਚ ਲਾਲਾ ਹਰਦਿਆਲ ਨੇ ਗਦਰ ਪਾਰਟੀ ਦੀ ਸਥਾਪਨਾ ਕੀਤੀ।

## ਗਦਰ ਪਾਰਟੀ ਦਾ ਅੰਦੋਲਨ



*ਸੋਹਣ ਸਿੰਘ ਭਕਨਾ*

ਬਹੁਤ ਸਾਰੇ ਭਾਰਤੀ ਲੋਕ ਅਮਰੀਕਾ ਅਤੇ ਕੈਨੇਡਾ ਆਦਿ ਵਿਦੇਸ਼ੀ ਦੇਸ਼ਾਂ ਵਿਚ ਗਏ ਹੋਏ ਸਨ। ਪਰੰਤੂ ਇਥੇ ਉਹਨਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਇਸ ਲਈ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਜਦੋਂ ਤਕ ਉਹ ਆਪਣੇ ਦੇਸ਼ ਨੂੰ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦ ਨਹੀਂ ਕਰਵਾ ਲੈਂਦੇ ਉਦੋਂ ਤਕ ਉਹਨਾਂ ਨੂੰ ਵਿਦੇਸ਼ਾਂ ਵਿੱਚ ਮਾਣ ਪ੍ਰਾਪਤ ਨਹੀਂ ਹੋ ਸਕਦਾ ਹੈ। ਇਸ ਲਈ ਉਹਨਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ 1913 ਈ. ਵਿੱਚ ਅਮਰੀਕਾ ਅਤੇ ਕੈਨੇਡਾ ਵਿੱਚ ਰਹਿੰਦੇ ਭਾਰਤੀ ਲੋਕਾਂ ਨੂੰ ਇਕੱਠੇ ਹੋ ਕੇ ਸਾਨਫ਼ਰਾਂਸਿਸਕੋ (ਅਮਰੀਕਾ) ਵਿੱਚ ਗਦਰ ਪਾਰਟੀ ਦੀ ਸਥਾਪਨਾ ਕੀਤੀ। ਸੋਹਣ ਸਿੰਘ ਭਕਨਾ ਨੂੰ ਇਸ ਸੰਸਥਾ ਦਾ ਪ੍ਰਧਾਨ ਬਣਾਇਆ ਗਿਆ। ਲਾਲਾ ਹਰਦਿਆਲ ਨੂੰ ਇਸ ਸੰਸਥਾ ਦਾ ਸਕੱਤਰ ਚੁਣਿਆ ਗਿਆ।

ਗਦਰ ਪਾਰਟੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ 'ਗਦਰ' ਨਾਂ ਦਾ ਸਮਾਚਾਰ ਪੱਤਰ ਛਾਪਣਾ ਸ਼ੁਰੂ ਕੀਤਾ। ਇਸ ਵਿਚ ਅੰਗਰੇਜ਼ਾਂ ਦੇ ਪਿੱਠੂਆਂ ਨੂੰ ਮਾਰਨਾ, ਸਰਕਾਰੀ ਖਜ਼ਾਨੇ ਲੁੱਟਣ, ਬੰਬ ਬਣਾਉਣ, ਰੇਲਵੇ ਲਾਇਨਾਂ ਤੋੜਨ ਅਤੇ ਟੈਲੀਫੋਨ ਦੀਆਂ ਤਾਰਾਂ ਕੱਟਣ ਅਤੇ ਸੈਨਿਕਾਂ ਨੂੰ ਵਿਦਰੋਹ ਕਰਨ ਲਈ ਉਤਸ਼ਾਹਤ ਕਰਨ ਬਾਰੇ ਸਮੱਗਰੀ ਛਾਪੀ ਜਾਂਦੀ ਸੀ।

## ਯਾਦ ਰੱਖਣ ਯੋਗ ਨੁਕਤੇ

1. 19ਵੀਂ ਸਦੀ ਵਿੱਚ ਭਾਰਤੀ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਪ੍ਰਬਲ ਹੋ ਗਈ ਸੀ।
2. ਮਿਸਟਰ ਏ.ਓ. ਹਿਊਮ ਨੇ 28 ਦਸੰਬਰ 1885 ਈ. ਵਿੱਚ ਬੰਬਈ (ਮੁੰਬਈ) ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕੀਤੀ।
3. 1885 ਈ. ਤੋਂ 1905 ਈ. ਤੱਕ ਰਾਸ਼ਟਰਵਾਦੀ ਅੰਦੋਲਨ ਨੂੰ ਉਦਾਰਵਾਦੀ ਯੁੱਗ ਕਿਹਾ ਜਾਂਦਾ ਹੈ।
4. 1905 ਈ. ਵਿੱਚ ਲਾਰਡ ਕਰਜਨ ਨੇ ਬੰਗਾਲ ਦੀ ਵੰਡ ਕਰ ਦਿੱਤੀ। ਇਸ ਦਾ ਉਦੇਸ਼ ਹਿੰਦੂ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣੀ ਅਤੇ ਉਹਨਾਂ ਵਿੱਚ ਰਾਸ਼ਟਰੀ ਸ਼ਕਤੀ ਨੂੰ ਕਮਜ਼ੋਰ ਕਰਨਾ ਸੀ।
5. ਭਾਰਤ ਵਿੱਚ ਬੰਗਾਲ ਦੀ ਵੰਡ ਕਾਰਣ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਸ਼ੁਰੂ ਹੋ ਗਏ।
6. 1905 ਈ. ਤੋਂ 1919 ਈ. ਤੱਕ ਰਾਸ਼ਟਰੀ ਅੰਦੋਲਨ ਦੀ ਅਗਵਾਈ ਗਰਮਖਿਆਲੀ ਆਗੂਆਂ ਨੇ ਕੀਤੀ।
7. 30 ਦਸੰਬਰ 1906 ਈ. ਵਿੱਚ ਮੁਸਲਮਾਨ ਨੇਤਾਵਾਂ ਨੇ ਮੁਸਲਿਮ ਲੀਗ ਦੀ ਸਥਾਪਨਾ ਕੀਤੀ।

8. 1913 ਈ. ਵਿੱਚ ਸਾਨਫਰਾਂਸਿਕੋ (ਅਮਰੀਕਾ) ਵਿੱਚ ਗਦਰ ਪਾਰਟੀ ਦੀ ਸਥਾਪਨਾ ਕਰਕੇ ਸੋਹਣ ਸਿੰਘ ਭਕਨਾ ਨੂੰ ਕੈਨੇਡਾ ਦੇ ਭਾਰਤੀਆਂ ਨੇ ਪ੍ਰਧਾਨ ਬਣਾਇਆ।

9. 1916 ਈ. ਵਿੱਚ ਸ਼੍ਰੀਮਤੀ ਐਨੀ ਬੇਸੈਂਟ ਨੇ ਮਦਰਾਸ ਵਿਖੇ ਅਤੇ ਬਾਲ ਗੰਗਾਧਰ ਤਿਲਕ ਨੇ ਪੂਨੇ ਵਿਖੇ ਹੋਮਰੂਲ ਅੰਦੋਲਨ ਦੀ ਸਥਾਪਨਾ ਕੀਤੀ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ—

1. ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾ ਸਮਾਗਮ ਕਿੱਥੇ ਅਤੇ ਕਿਸ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਇਸ ਵਿੱਚ ਕਿੰਨੇ ਪ੍ਰਤੀਨਿੱਧਾਂ ਨੇ ਹਿੱਸਾ ਲਿਆ ਸੀ ?
2. ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਦੇ ਸਮੇਂ ਵਿੱਚ ਹੋਈ ਸੀ ?
3. ਮੁਸਲਿਮ ਲੀਗ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ ਸੀ ?
4. ਗਦਰ ਪਾਰਟੀ ਦੀ ਸਥਾਪਨਾ, ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ ?
5. ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ ?
6. ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ।

### 2. ਹੇਠ ਲਿਖੇ ਖਾਲੀ ਸਥਾਨ ਭਰੋ—

1. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਮਿਸਟਰ ਏ.ਓ. ਹਿਊਮ ਨੇ .............. ਈ. ਵਿੱਚ ਬੰਬਈ ਵਿਖੇ ਕੀਤੀ।
2. ਲਾਰਡ ਕਰਜ਼ਨ ਨੇ .............. ਈ. ਵਿੱਚ ਬੰਗਾਲ ਦੀ ਵੰਡ ਕੀਤੀ।
3. .............. .............. .............. ਨੇ ਕਿਹਾ ਸੀ "ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ ਅਤੇ ਮੈਂ ਇਸ ਨੂੰ ਪ੍ਰਾਪਤ ਕਰ ਕੇ ਹੀ ਰਹਾਂਗਾ।"
4. ਇੰਡੀਅਨ ਨੈਸ਼ਨਲ ਕਾਂਗਰਸ ਦਾ ਸਮਾਗਮ ਸੂਰਤ ਵਿਖੇ .............. ਈ. ਵਿੱਚ ਹੋਇਆ।

### 3. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ—

| | | | |
|---|---|---|---|
| 1. | ਹੋਮ ਰੂਲ ਅੰਦੋਲਨ | (ੳ) | ਸੋਹਣ ਸਿੰਘ ਭਕਨਾ |
| 2. | ਮੁਸਲਿਮ ਲੀਗ | (ਅ) | ਸਰ ਸੱਯਦ ਅਹਿਮਦ ਖਾਂ |
| 3. | ਗਦਰ ਪਾਰਟੀ | (ੲ) | 1916 ਈ. |

## ਕੁਝ ਕਰਨ ਲਈ


ਇਸ ਪਾਠ ਨਾਲ ਸੰਬੰਧਤ ਨੇਤਾਵਾਂ ਦੇ ਚਿੱਤਰ ਕਾਪੀ ਵਿੱਚ ਲਗਾਉ ਅਤੇ ਉਹਨਾਂ ਦੁਆਰਾ ਕੀਤੇ ਗਏ ਕੰਮਾਂ ਬਾਰੇ ਲਿਖੋ ।

ਪਾਠ 20

# ਭਾਰਤੀ ਸੁਤੰਤਰਤਾ ਲਈ ਸੰਘਰਸ਼ : 1919-1947

## ਮਹਾਤਮਾ ਗਾਂਧੀ ਯੁੱਗ

ਮਹਾਤਮਾ ਗਾਂਧੀ ਜੀ 1919 ਈ. ਵਿੱਚ ਭਾਰਤ ਦੇ ਰਾਜਨੀਤਿਕ ਮਾਮਲਿਆਂ ਵਿਚ ਸ਼ਾਮਲ ਹੋਏ। ਇਸ ਲਈ 1919 ਈ. ਤੋਂ ਲੈ ਕੇ 1947 ਈ. ਤੱਕ ਆਜ਼ਾਦੀ ਪ੍ਰਾਪਤ ਕਰਨ ਲਈ ਜਿੰਨੇ ਅੰਦੋਲਨ ਕੀਤੇ ਗਏ ਉਨ੍ਹਾਂ ਦੀ ਅਗਵਾਈ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ। ਇਸ ਲਈ ਭਾਰਤੀ ਇਤਿਹਾਸ ਦੇ 1919 ਈ. ਤੋਂ 1947 ਈ. ਦੇ ਸਮੇਂ ਨੂੰ ਗਾਂਧੀ ਯੁੱਗ ਕਿਹਾ ਜਾਂਦਾ ਹੈ।



*ਮਹਾਤਮਾ ਗਾਂਧੀ ਜੀ*

ਮਹਾਤਮਾ ਗਾਂਧੀ ਜੀ ਦਾ ਜਨਮ 2 ਅਕਤੂਬਰ, 1869 ਈ. ਨੂੰ ਦੀਵਾਨ ਕਰਮ ਚੰਦ ਗਾਂਧੀ ਜੀ ਦੇ ਘਰ ਕਾਠਿਆਵਾੜ (ਗੁਜਰਾਤ) ਦੇ ਨਗਰ ਪੋਰਬੰਦਰ ਵਿੱਚ ਹੋਇਆ ਸੀ। ਉਨ੍ਹਾਂ ਦੀ ਮਾਤਾ ਦਾ ਨਾਂ ਪੁਤਲੀ ਬਾਈ ਸੀ। ਗਾਂਧੀ ਜੀ ਦਸਵੀਂ ਸ਼੍ਰੇਣੀ ਪਾਸ ਕਰਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਗਏ। 1891 ਈ. ਵਿੱਚ ਇੰਗਲੈਂਡ ਤੋਂ ਵਕਾਲਤ ਪਾਸ ਕਰਨ ਪਿੱਛੋਂ ਭਾਰਤ ਵਿੱਚ ਵਾਪਸ ਆ ਗਏ।

1893 ਈ. ਵਿੱਚ ਗਾਂਧੀ ਜੀ ਦੱਖਣੀ ਅਫਰੀਕਾ ਵਿੱਚ ਗਏ। ਉਥੇ ਗਾਂਧੀ ਜੀ ਨੇ ਵੇਖਿਆ ਕਿ ਅੰਗਰੇਜ਼ ਲੋਕ ਉਥੇ ਰਹਿੰਦੇ ਭਾਰਤੀ ਲੋਕਾਂ ਨਾਲ ਬੁਰਾ ਵਰਤਾਓ ਕਰਦੇ ਸਨ। ਗਾਂਧੀ ਜੀ ਨੇ ਇਸ ਦੀ ਨਿੰਦਾ ਕੀਤੀ। 1915 ਈ. ਵਿੱਚ ਗਾਂਧੀ ਜੀ ਭਾਰਤ ਵਾਪਸ ਆ ਗਏ। ਉਸ ਸਮੇਂ ਪਹਿਲਾ ਵਿਸ਼ਵ ਯੁੱਧ ਹੋ ਰਿਹਾ ਸੀ। ਇਸ ਯੁੱਧ ਵਿੱਚ ਭਾਰਤੀ ਲੋਕਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਇਸ ਲਈ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਖ਼ੁਸ਼ ਕਰਨ ਲਈ 'ਮੈਂਟੇਰਿਉ-ਚੇਮਸਫੋਰਡ' ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ ਦੇ ਆਧਾਰ ਤੇ 1919 ਵਿੱਚ ਇੱਕ ਐਕੱਟ ਪਾਸ ਕੀਤਾ ਗਿਆ।

ਇਸ ਐਕਟ ਦੀ ਪ੍ਰਸਤਾਵਨਾ ਵਿਚ ਕਿਹਾ ਗਿਆ : (1) ਭਾਰਤ ਬ੍ਰਿਟਿਸ਼ ਰਾਜ ਦਾ ਹੀ ਅੰਗ ਰਹੇਗਾ।

(2) ਭਾਰਤ ਵਿੱਚ ਹੌਲੀ-ਹੌਲੀ ਜ਼ਿੰਮੇਵਾਰ ਸ਼ਾਸਨ ਕਾਇਮ ਕੀਤਾ ਜਾਵੇਗਾ। (3) ਰਾਜ ਪ੍ਰਬੰਧ ਦੇ ਹਰੇਕ ਵਿਭਾਗ ਵਿੱਚ ਭਾਰਤੀ ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ।

ਪਹਿਲਾ ਵਿਸ਼ਵ ਯੁੱਧ ਖਤਮ ਹੋ ਜਾਣ ਪਿੱਛੋਂ ਅੰਗਰੇਜ਼ਾਂ ਨੇ ਭਾਰਤੀ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ। ਇਸ ਕਰਕੇ ਮਹਾਤਮਾ ਗਾਂਧੀ ਜੀ ਨੇ ਅੰਗਰੇਜ਼ਾਂ ਵਲੋਂ ਭਾਰਤੀ ਲੋਕਾਂ ਨਾਲ ਕੀਤੇ ਜਾਂਦੇ ਅਨਿਆਂ ਦਾ ਵਿਰੋਧ ਕਰਨ ਲਈ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕੀਤਾ। ਇਸ ਅਨੁਸਾਰ ਗਾਂਧੀ ਨੇ ਭਾਰਤੀ ਲੋਕਾਂ ਨੂੰ ਅਹਿੰਸਕ ਢੰਗ ਨਾਲ ਸਰਕਾਰੀ ਦਫ਼ਤਰਾਂ, ਕਚਹਿਰੀਆਂ, ਸਕੂਲਾਂ ਅਤੇ ਕਾਲਜਾਂ ਆਦਿ ਦਾ ਬਾਈਕਾਟ (ਤਿਆਗ) ਕਰਨ ਲਈ ਕਿਹਾ।

**ਖਾਦੀ ਅਤੇ ਚਰਖਾ :** ਗਾਂਧੀ ਜੀ ਨੇ ਪੇਂਡੂ ਲੋਕਾਂ ਨੂੰ ਖੱਦਰ ਦੇ ਕੱਪੜੇ ਪਹਿਨਣ ਅਤੇ ਚਰਖੇ ਨਾਲ ਸੂਤ ਕੱਤ ਕੇ ਕੱਪੜਾ ਤਿਆਰ ਕਰਨ ਲਈ ਕਿਹਾ। ਉਹਨਾਂ ਨੇ ਪ੍ਰਚਾਰ ਕੀਤਾ ਕਿ ਵਿਦੇਸ਼ੀ ਵਸਤਾਂ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਸਵਦੇਸ਼ੀ (ਆਪਣੇ ਦੇਸ਼) ਵਸਤਾਂ ਦੀ ਵਰਤੋਂ ਕੀਤੀ ਜਾਵੇ।

1919 ਈ. ਦੇ ਐਕਟ ਅਨੁਸਾਰ ਕੀਤੇ ਗਏ ਸੁਧਾਰ ਭਾਰਤੀ ਲੋਕਾਂ ਨੂੰ ਖੁਸ਼ ਨਾ ਕਰ ਸਕੇ। ਇਸ ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਇਸ ਐਕਟ ਦਾ ਵਿਰੋਧ ਕਰਨ ਲਈ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਸੱਤਿਆਗ੍ਰਹਿ ਅੰਦੋਲਨ ਸ਼ੁਰੂ ਕਰ ਦਿੱਤਾ।

## ਰੋਲਟ ਐਕਟ

ਭਾਰਤੀ ਲੋਕਾਂ ਨੇ 1919 ਈ. ਦੇ ਐਕਟ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਅੰਗਰੇਜ਼ੀ ਸਰਕਾਰ ਨੇ ਹਾਲਾਤ ਉਪਰ ਕਾਬੂ ਪਾਉਣ ਲਈ 1919 ਈ. ਵਿਚ ਰੋਲਟ ਐਕਟ ਪਾਸ ਕੀਤਾ। ਇਸ ਐਕਟ ਅਨੁਸਾਰ ਬ੍ਰਿਟਿਸ਼ ਸਰਕਾਰ ਬਿਨਾਂ ਕੋਈ ਵਾਰੰਟ ਜਾਰੀ ਕੀਤੇ ਜਾਂ ਬਿਨਾਂ ਕਿਸੇ ਸੁਣਵਾਈ ਦੇ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਗ੍ਰਿਫਤਾਰ ਕਰ ਸਕਦੀ ਸੀ। ਉਹ ਵਿਅਕਤੀ ਆਪਣੀ ਗ੍ਰਿਫਤਾਰੀ ਵਿਰੁੱਧ ਅਦਾਲਤ ਵਿੱਚ ਅਪੀਲ ਨਹੀਂ ਕਰ ਸਕਦਾ ਸੀ। ਪੰਡਿਤ ਮੋਤੀ ਲਾਲ ਨਹਿਰੂ ਨੇ ਨਾ ਅਪੀਲ, ਨਾ ਵਕੀਲ, ਨਾ ਦਲੀਲ ਕਹਿ ਕੇ ਰੋਲਟ ਐਕਟ ਦੀ ਨਿੰਦਾ ਕੀਤੀ।

## ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ

1919 ਈ. ਦੇ ਰੋਲਟ ਐਕਟ ਦੇ ਵਿਰੁੱਧ ਰੋਸ ਪਰਗਟ ਕਰਨ ਲਈ ਗਾਂਧੀ ਜੀ ਦੇ ਕਹਿਣ ਤੇ ਪੰਜਾਬ ਵਿੱਚ ਹੜਤਾਲਾਂ ਹੋਈਆਂ, ਜਲਸੇ ਕੀਤੇ ਗਏ ਅਤੇ ਜਲੂਸ ਕੱਢੇ ਗਏ। 10 ਅਪ੍ਰੈਲ 1919 ਈ. ਨੂੰ ਅੰਮ੍ਰਿਤਸਰ ਵਿੱਚ ਪ੍ਰਸਿੱਧ ਨੇਤਾ ਡਾਕਟਰ ਕਿਚਲੂ ਅਤੇ ਡਾਕਟਰ ਸਤਿਆਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਭਾਰਤੀ ਲੋਕਾਂ ਨੇ ਇਸ ਦਾ ਵਿਰੋਧ ਕਰਨ ਲਈ ਜਲੂਸ ਕੱਢਿਆ। ਸਰਕਾਰ ਨੇ ਇਸ ਜਲੂਸ ਉਪਰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਸਿੱਟੇ ਵਜੋਂ ਕੁਝ ਵਿਅਕਤੀਆਂ ਦੀ ਮੌਤ ਹੋ ਗਈ। ਇਸ ਕਰਕੇ ਗੁੱਸੇ ਵਿੱਚ ਆ ਕੇ ਭਾਰਤੀ ਲੋਕਾਂ ਨੇ 5 ਅੰਗਰੇਜ਼ ਅਫ਼ਸਰਾਂ ਦੀ ਹੱਤਿਆ ਕਰ ਦਿੱਤੀ। ਅੰਗਰੇਜ਼ੀ ਸਰਕਾਰ ਨੇ ਹਾਲਾਤ ਉਪਰ ਕਾਬੂ ਪਾਉਣ ਲਈ ਅੰਮ੍ਰਿਤਸਰ ਸ਼ਹਿਰ ਨੂੰ ਫੌਜ਼ ਦੇ ਹਵਾਲੇ ਕਰ ਦਿੱਤਾ। 13 ਅਪ੍ਰੈਲ 1919 ਈ. ਨੂੰ (ਵਿਸਾਖੀ ਵਾਲੇ ਦਿਨ) ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ਼ ਅਸਥਾਨ ਤੇ ਰੋਲਟ ਐਕਟ ਦਾ ਵਿਰੋਧ ਕਰਨ ਲਈ ਲਗਪਗ 20000 ਲੋਕ ਇਕੱਠੇ ਹੋਏ ਸਨ। ਜਨਰਲ ਡਾਇਰ ਨੇ ਇਹਨਾਂ ਲੋਕਾਂ ਉੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਲੋਕਾਂ ਨੇ

ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਭੱਜਣਾ ਸ਼ੁਰੂ ਕਰ ਦਿੱਤਾ। ਪਰੰਤੂ ਰਸਤੇ ਵਿਚ ਸੈਨਿਕ ਹੋਣ ਕਾਰਨ ਲੋਕ ਉੱਥੇ ਹੀ ਘਿਰ ਗਏ। ਥੋੜ੍ਹੇ ਸਮੇਂ ਵਿਚ ਹੀ ਸਾਰਾ ਜਲ੍ਹਿਆਂਵਾਲਾ ਬਾਗ਼ ਖ਼ੂਨ ਅਤੇ ਲਾਸ਼ਾਂ ਨਾਲ ਭਰ ਗਿਆ। ਇਸ ਖ਼ੂਨੀ ਸਾਕੇ ਦੌਰਾਨ ਲਗਪਗ 1000 ਲੋਕ ਮਾਰੇ ਗਏ ਅਤੇ 3000 ਤੋਂ ਵਧ ਲੋਕ ਜ਼ਖਮੀ ਹੋਏ। ਇਸ ਹੱਤਿਆਕਾਂਡ ਦੀ ਖਬਰ ਸੁਣਕੇ ਲੋਕਾਂ ਵਿੱਚ ਅੰਗਰੇਜ਼ਾਂ ਵਿਰੁੱਧ ਰੋਸ ਦੀ ਭਾਵਨਾ ਪੈਦਾ ਹੋਈ।

**ਗਤੀਵਿਧੀ :** ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ ਬਾਰੇ ਹੋਰ ਜਾਣਕਾਰੀ ਇਕੱਠੀ ਕਰੋ।

## ਖਿਲਾਫ਼ਤ ਅੰਦੋਲਨ ਅਤੇ ਨਾ-ਮਿਲਵਰਤਨ

### ਵਿਸ਼ਾ ਅਧਿਐਨ

ਪਹਿਲਾ ਵਿਸ਼ਵ ਯੁੱਧ ਖਤਮ ਹੋਣ ਪਿੱਛੋਂ ਅੰਗਰੇਜ਼ਾਂ ਨੇ ਤੁਰਕੀ ਦੇਸ਼ ਨੂੰ ਕਈ ਹਿੱਸਿਆਂ ਵਿੱਚ ਵੰਡ ਦਿੱਤਾ ਅਤੇ ਖਲੀਫ਼ਾ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਲਈ ਭਾਰਤ ਦੇ ਮੁਸਲਮਾਨ ਲੋਕਾਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਨ ਲਈ ਖਿਲਾਫ਼ਤ  ਅੰਦੋਲਨ ਸ਼ੁਰੂ ਕੀਤਾ, ਜਿਸ ਦੀ ਅਗਵਾਈ ਸ਼ੌਕਤ ਅਲੀ, ਮੁਹੰਮਦ ਅਲੀ, ਅਬੁਲ ਕਲਾਮ ਆਜ਼ਾਦ ਅਤੇ ਅਜ਼ਮਲ ਖਾਂ ਨੇ ਕੀਤੀ। ਮਹਾਤਮਾ ਗਾਂਧੀ ਅਤੇ ਬਾਲ ਗੰਗਾਧਰ ਤਿਲਕ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਏਕਤਾ ਸਥਾਪਤ ਕਰਨ ਲਈ ਇਸ ਅੰਦੋਲਨ ਵਿੱਚ ਹਿੱਸਾ ਲਿਆ।

**ਨਾ-ਮਿਲਵਰਤਣ ਅੰਦੋਲਨ :** 1920 ਈ. ਵਿੱਚ ਮਹਾਤਮਾ ਗਾਂਧੀ ਜੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਨਾ-ਮਿਲਵਰਤਣ ਅੰਦੋਲਨ ਸ਼ੁਰੂ ਕੀਤਾ। ਮਹਾਤਮਾ ਗਾਂਧੀ ਜੀ ਨੇ ਆਪਣੀ ਕੇਸਰ-ਏ-ਹਿੰਦ ਉਪਾਧੀ ਸਰਕਾਰ ਨੂੰ ਵਾਪਸ ਕਰ ਦਿੱਤੀ। ਉਹਨਾਂ ਨੇ ਭਾਰਤੀ ਲੋਕਾਂ ਨੂੰ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨਾ ਛੱਡ ਦਿੱਤਾ। ਉਹਨਾਂ ਨੇ ਰਾਸ਼ਟਰੀ ਸਿੱਖਿਆ ਸੰਸਥਾਵਾਂ ਜਿਵੇਂ ਕਾਸ਼ੀ ਵਿਦਿਆਪੀਠ, ਗੁਜਰਾਤ ਵਿਦਿਆਪੀਠ, ਤਿਲਕ ਵਿਦਿਆਪੀਠ ਆਦਿ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਅਨੇਕਾਂ ਭਾਰਤੀ ਲੋਕਾਂ ਨੇ ਗਾਂਧੀ ਜੀ ਦੇ ਕਹਿਣ ਤੇ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਅਤੇ ਉਪਾਧੀਆਂ ਸਰਕਾਰ ਨੂੰ ਵਾਪਿਸ ਕਰ ਦਿੱਤੀਆਂ। ਦੇਸ਼ ਦੇ ਸੈਂਕੜੇ ਵਕੀਲਾਂ ਨੇ ਆਪਣੀ ਵਕਾਲਤ ਛੱਡ ਦਿੱਤੀ ਜਿਨ੍ਹਾਂ ਵਿੱਚ ਮੋਤੀ ਲਾਲ ਨਹਿਰੂ, ਡਾ. ਰਾਜਿੰਦਰ ਪ੍ਰਸਾਦ, ਆਰ. ਸੀ. ਦਾਸ, ਸਰਦਾਰ ਪਟੇਲ, ਲਾਲਾ ਲਾਜਪਤ ਰਾਏ ਆਦਿ ਦੇ ਨਾਂ ਪ੍ਰਸਿੱਧ ਹਨ। ਲੋਕਾਂ ਨੇ ਵਿਦੇਸ਼ੀ ਕਪੜਿਆਂ ਦਾ ਤਿਆਗ ਕੀਤਾ ਅਤੇ ਚਰਖੇ ਦੁਆਰਾ ਬਣੇ ਖਾਦੀ ਕੱਪੜੇ ਦੀ ਵਰਤੋਂ ਕੀਤੀ।

ਸਰਕਾਰ ਨੇ ਇਸ ਅੰਦੋਲਨ ਨੂੰ ਕੁਚਲਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਅੰਦੋਲਨ ਕਰਨ ਵਾਲੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਰਖਪੁਰ ਦੇ ਪਿੰਡ ਚੌਰੀ-ਚੌਰਾ ਵਿੱਚ ਕਾਂਗਰਸ ਦਾ ਸੰਮੇਲਨ ਹੋ ਰਿਹਾ ਸੀ। ਇਸ ਸੰਮੇਲਨ ਵਿੱਚ ਲਗਭਗ 3000 ਕਿਸਾਨ ਹਿੱਸਾ ਲੈ ਰਹੇ ਸਨ। ਇਥੇ ਪੁਲਿਸ ਨੇ ਕਿਸਾਨਾਂ ’ਤੇ ਗੋਲੀ ਚਲਾਈ। ਕਿਸਾਨਾਂ ਨੇ ਗੁੱਸੇ ਵਿੱਚ ਆ ਕੇ ਪੁਲਿਸ ਥਾਣੇ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਅੱਗ ਲਗਾ ਦਿੱਤੀ। ਸਿੱਟੇ ਵਜੋਂ 22 ਸਿਪਾਹੀਆਂ ਦੀ ਮੌਤ ਹੋ ਗਈ। ਇਸ ਲਈ ਮਹਾਤਮਾ ਗਾਂਧੀ ਜੀ ਨੇ **ਬਾਰਦੌਲੀ** ਵਿੱਚ ਨਾ-ਮਿਲਵਰਤਨ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ।

ਭਾਵੇਂ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ ਸੀ। ਫਿਰ ਵੀ ਇਸ ਦਾ ਰਾਸ਼ਟਰੀ ਅੰਦੋਲਨ ਦੇ ਪ੍ਰਸਾਰ ਵਿੱਚ ਮਹੱਤਵਪੂਰਨ ਯੋਗਦਾਨ ਸੀ। ਇਸ ਅੰਦੋਲਨ ਵਿੱਚ ਭਾਰਤ ਦੇ ਲਗਭਗ ਸਾਰੇ ਲੋਕਾਂ ਨੇ ਹਿੱਸਾ ਲਿਆ ਜਿਸ ਕਰਕੇ ਉਹਨਾਂ ਵਿੱਚ ਰਾਸ਼ਟਰੀ ਭਾਵਨਾ ਪੈਦਾ ਹੋਈ। ਇਸਤਰੀਆਂ ਨੇ ਵੀ ਇਸ ਵਿੱਚ ਹਿੱਸਾ ਲਿਆ ਜਿਸ ਕਰਕੇ ਉਹਨਾਂ ਵਿੱਚ ਆਤਮ ਵਿਸ਼ਵਾਸ ਪੈਦਾ ਹੋਇਆ। ਇਸ ਅੰਦੋਲਨ ਕਾਰਨ

ਕਾਂਗਰਸ ਪਾਰਟੀ ਲੋਕਾਂ ਵਿੱਚ ਮਸ਼ਹੂਰ ਹੋਈ।

1922 ਈ. ਵਿੱਚ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਵਾਪਸ ਲੈ ਲਿਆ ਸੀ। 1923 ਈ. ਵਿਚ ਸੁਤੰਤਰਤਾ ਪ੍ਰਾਪਤ ਕਰਨ ਲਈ ਪੰਡਿਤ ਮੋਤੀ ਲਾਲ ਨਹਿਰੂ ਅਤੇ ਸੀ.ਆਰ. ਦਾਸ ਨੇ **ਸਵਰਾਜ ਪਾਰਟੀ** ਦੀ ਸਥਾਪਨਾ ਕੀਤੀ। ਇਸ ਦਾ ਮੁੱਖ ਉਦੇਸ਼ ਚੋਣਾਂ ਵਿੱਚ ਹਿੱਸਾ ਲੈਣਾ ਅਤੇ ਆਜ਼ਾਦੀ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਸੀ। 1 ਨਵੰਬਰ, 1923 ਈ. ਵਿੱਚ ਕੇਂਦਰੀ ਅਸੈਂਬਲੀ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ ਸਵਰਾਜ ਪਾਰਟੀ ਨੂੰ ਮਹੱਤਵਪੂਰਣ ਸਫ਼ਲਤਾ ਪ੍ਰਾਪਤ ਹੋਈ।

## ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ

1920 ਈ. ਤੋਂ 1925 ਈ. ਦੌਰਾਨ ਪੰਜਾਬ ਵਿੱਚ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਹੇਠੋਂ ਆਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਸਥਾਪਨਾ ਕੀਤੀ ਗਈ। ਇਸ ਲਹਿਰ ਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਹੈ ਕਿਉਂਕਿ ਅਕਾਲੀਆਂ ਦੁਆਰਾ ਹੀ ਗੁਰਦੁਆਰਿਆਂ ਨੂੰ ਸੁਤੰਤਰ ਕਰਵਾਇਆ ਗਿਆ ਸੀ।

ਗੁਰਦੁਆਰਾ ਸੁਧਾਰ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਅਕਾਲੀ ਦਲ ਨੇ ਕਈ ਮੋਰਚੇ ਲਗਾਏ ਜਿਨ੍ਹਾਂ ਵਿੱਚੋਂ ਕੁਝ ਮੁੱਖ ਮੋਰਚਿਆਂ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ :

### ਮੁੱਖ ਮੋਰਚੇ

1. **ਨਨਕਾਣਾ ਸਾਹਿਬ ਦਾ ਮੋਰਚਾ :** ਨਨਕਾਣਾ ਸਾਹਿਬ ਗੁਰਦੁਆਰੇ ਦਾ ਮਹੰਤ **ਨਰੈਣ ਦਾਸ** ਇਕ ਚਰਿੱਤਰ ਹੀਣ ਵਿਅਕਤੀ ਸੀ, ਜਿਸ ਨੂੰ ਕੱਢਣ ਲਈ 20 ਫਰਵਰੀ 1921 ਈ. ਨੂੰ ਸਿੱਖਾਂ ਦਾ ਇਕ ਜੱਥਾ ਨਨਕਾਣਾ ਸਾਹਿਬ ਗੁਰਦੁਆਰੇ ਵਿੱਚ ਗਿਆ। ਨਰੈਣ ਦਾਸ ਮਹੰਤ ਦੇ ਗੁੰਡਿਆਂ ਨੇ ਜੱਥੇ ਤੇ ਹਮਲਾ ਕਰ ਦਿੱਤਾ ਅਤੇ ਜੱਥੇ ਦੇ ਨੇਤਾ ਭਾਈ ਲਛਮਣ ਸਿੰਘ ਅਤੇ ਲਗਭਗ 130 ਸਿੱਖਾਂ ਨੂੰ ਜਿਉਂਦੇ ਹੀ ਜਲਾ ਦਿੱਤਾ ਗਿਆ। ਇਸ ਹੱਤਿਆਕਾਂਡ ਦੀ ਖਬਰ ਸੁਣ ਕੇ ਸਿੱਖ ਭੜਕ ਉਠੇ ਅਤੇ ਉਹਨਾਂ ਨੇ ਮੋਰਚਾ ਲਗਾ ਦਿੱਤਾ । ਅੰਗਰੇਜ਼ੀ ਸਰਕਾਰ ਨੇ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਨੂੰ ਸੌਂਪ ਦਿੱਤਾ ।
2. **ਚਾਬੀਆਂ ਦਾ ਮੋਰਚਾ :** ਅੰਗਰੇਜ਼ੀ ਸਰਕਾਰ ਕੋਲ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਖਜ਼ਾਨੇ ਦੀਆਂ ਚਾਬੀਆਂ ਸਨ। 21 ਨਵੰਬਰ 1921 ਈ. ਨੂੰ ਅਕਾਲੀਆਂ ਨੇ ਸਰਕਾਰ ਤੋਂ ਖਜ਼ਾਨੇ ਦੀਆਂ ਚਾਬੀਆਂ ਮੰਗੀਆਂ ਪਰੰਤੂ ਸਰਕਾਰ ਨੇ ਨਾਂਹ ਕਰ ਦਿੱਤੀ। ਇਸ ਕਰਕੇ ਅਕਾਲੀਆਂ ਨੇ ਸਰਕਾਰ ਦਾ ਵਿਰੋਧ ਕੀਤਾ ਜਿਸ ਕਰਕੇ ਸਰਕਾਰ ਨੇ ਕਈ ਅਕਾਲੀਆਂ ਨੂੰ ਕੈਦ ਕਰ ਲਿਆ। ਪਰੰਤੂ ਅਕਾਲੀ ਹੋਰ ਜੱਥੇ ਭੇਜਦੇ ਰਹੇ। ਸਰਕਾਰ ਨੇ ਅਕਾਲੀਆਂ ਉੱਤੇ ਲਾਠੀ ਚਾਰਜ ਦਾ ਹੁਕਮ ਦਿੱਤਾ। ਪਰੰਤੂ ਅਕਾਲੀਆਂ ਨੇ ਹਿੰਮਤ ਨਾ ਹਾਰੀ। ਅੰਤ ਸਰਕਾਰ ਨੇ 17 ਫਰਵਰੀ 1922 ਈ. ਨੂੰ ਅਕਾਲੀਆਂ ਨੂੰ ਚਾਬੀਆਂ ਸੌਂਪ ਦਿੱਤੀਆਂ।
3. **ਗੁਰੂ ਦੇ ਬਾਗ ਦਾ ਮੋਰਚਾ :** ਗੁਰੂ ਦੇ ਬਾਗ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਪਾਸ ਸੀ ਜਿਹੜਾ ਕਿ ਚਰਿੱਤਰ ਹੀਣ ਵਿਅਕਤੀ ਸੀ। ਅਗਸਤ, 1921 ਈ. ਨੂੰ ਅਕਾਲੀਆਂ ਨੇ ਇਕ ਜੱਥਾ ਭੇਜ ਕੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਮਹੰਤ ਸੁੰਦਰ ਦਾਸ ਨੇ ਪੁਲਿਸ ਬੁਲਾਈ ਜਿਸ ਨੇ ਅਕਾਲੀਆਂ ਨੂੰ ਗ੍ਰਿਫਤਾਰ ਕਰ ਲਿਆ ਪਰੰਤੂ ਅਕਾਲੀਆਂ ਨੇ ਜਥੇ ਭੇਜਣੇ ਜਾਰੀ ਰੱਖੇ। ਅੰਤ ਸਰਕਾਰ ਨੇ 17 ਨਵੰਬਰ 1922 ਈ. ਨੂੰ ਗੁਰਦੁਆਰੇ ਦੀਆਂ ਚਾਬੀਆਂ ਅਕਾਲੀਆਂ ਨੂੰ ਦੇ ਦਿੱਤੀਆਂ।
4. **ਪੰਜਾ ਸਾਹਿਬ ਦਾ ਸਾਕਾ :** ਜਦੋਂ ਗੁਰੂ ਦੇ ਬਾਗ਼ ਦਾ ਮੋਰਚਾ ਲੱਗਾ ਹੋਇਆ ਸੀ ਤਾਂ ਇਸ ਵਿੱਚ ਹਿੱਸਾ ਲੈਣ ਵਾਲੇ ਇਕ ਜਥੇ ਨੂੰ ਰੇਲ ਗੱਡੀ ਦੁਆਰਾ ਅਟਕ ਦੀ ਜੇਲ੍ਹ ਵਿੱਚ ਭੇਜਣ ਲਈ ਲਿਜਾਇਆ ਜਾ ਰਿਹਾ ਸੀ। ਪੰਜਾ ਸਾਹਿਬ ਦੇ ਅਕਾਲੀਆਂ ਨੇ ਇਸ ਜੱਥੇ ਦੇ ਅਕਾਲੀਆਂ ਨੂੰ ਲੰਗਰ ਛਕਾਉਣ ਲਈ ਰੇਲ ਗੱਡੀ ਰੋਕਣ ਲਈ ਕਿਹਾ। ਪਰੰਤੂ ਸਰਕਾਰ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਫਿਰ ਭਾਈ ਪ੍ਰਤਾਪ ਸਿੰਘ ਅਤੇ

ਭਾਈ ਕਰਮ ਸਿੰਘ ਗੱਡੀ ਅੱਗੇ ਲੇਟ ਗਏ ਅਤੇ ਸ਼ਹੀਦ ਹੋ ਗਏ।

5. **ਜੈਤੋਂ ਦਾ ਮੋਰਚਾ** : 1923 ਈ. ਵਿੱਚ ਨਾਭੇ ਦੇ ਮਹਾਰਾਜੇ ਸਰਦਾਰ ਰਿਪੁਦਮਨ ਸਿੰਘ ਨੂੰ ਅਕਾਲੀਆਂ ਦੀ ਸਹਾਇਤਾ ਕਰਨ ਦੇ ਜੁਰਮ ਕਾਰਨ ਗੱਦੀ ਉਤੋਂ ਉਤਾਰ ਦਿੱਤਾ। ਅਕਾਲੀਆਂ ਨੇ 21 ਫਰਵਰੀ 1924 ਈ. ਨੂੰ ਸਰਕਾਰ ਦੇ ਵਿਰੁੱਧ 500 ਅਕਾਲੀਆਂ ਦਾ ਜੱਥਾ ਭੇਜਿਆ। ਪੁਲਿਸ ਨੇ ਜੱਥੇ ਤੇ ਗੋਲੀ ਚਲਾਈ। ਇਸ ਕਰਕੇ 100 ਤੋਂ ਵੱਧ ਅਕਾਲੀਆਂ ਦੀ ਮੌਤ ਹੋ ਗਈ ਅਤੇ 200 ਅਕਾਲੀ ਜ਼ਖਮੀ ਹੋ ਗਏ। ਅੰਤ 1925 ਈ. ਵਿੱਚ ਸਰਕਾਰ ਨੇ ਜੈਤੋਂ ਦਾ ਗੁਰਦੁਆਰਾ ਅਕਾਲੀਆਂ ਦੇ ਹਵਾਲੇ ਕਰ ਦਿੱਤਾ।

## ਸਾਈਮਨ ਕਮਿਸ਼ਨ

ਅੰਗਰੇਜ਼ੀ ਸਰਕਾਰ ਨੇ 1919 ਈ. ਦੇ ਸੁਧਾਰ ਐਕਟ ਦਾ ਜਾਇਜਾ ਲੈਣ ਲਈ 1928 ਈ. ਵਿੱਚ ਸਾਈਮਨ ਕਮਿਸ਼ਨ ਭਾਰਤ ਵਿੱਚ ਭੇਜਿਆ, ਜਿਸ ਦੇ ਸੱਤ ਮੈਂਬਰ ਅੰਗਰੇਜ਼ ਹੀ ਸਨ। ਇਸ ਲਈ ਇਸ ਕਮਿਸ਼ਨ ਦਾ ਵਿਰੋਧ ਕਾਲੀਆਂ ਝੰਡੀਆਂ ਨਾਲ ਅਤੇ 'ਸਾਈਮਨ ਵਾਪਸ ਜਾਓ' ਦੇ ਨਾਅਰਿਆਂ ਨਾਲ ਕੀਤਾ ਗਿਆ। ਪੁਲਿਸ ਨੇ ਇਹਨਾਂ ਅੰਦੋਲਨ ਕਰਨ ਵਾਲੇ ਲੋਕਾਂ ਤੇ ਲਾਠੀਚਾਰਜ ਕੀਤਾ। ਸਿੱਟੇ ਵਜੋਂ ਲਾਲਾ ਲਾਜਪਤ ਰਾਏ ਜ਼ਖਮੀ ਹੋ ਗਏ ਅਤੇ ਉਹਨਾਂ ਦੀ ਮੌਤ ਹੋ ਗਈ।

## ਕ੍ਰਾਂਤੀਕਾਰੀ ਲਹਿਰ

ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਾਉਣ ਲਈ ਦੇਸ਼ ਵਿੱਚ ਕ੍ਰਾਂਤੀਕਾਰੀ ਲਹਿਰਾਂ ਸ਼ੁਰੂ ਕੀਤੀਆਂ ਗਈਆਂ। 1921 ਈ. ਵਿੱਚ ਪੰਜਾਬ ਦੇ ਹੁਸ਼ਿਆਰਪੁਰ ਵਿਖੇ ਬੱਬਰ ਅਕਾਲੀ ਲਹਿਰ ਸ਼ੁਰੂ ਕੀਤੀ ਗਈ ਜਿਸ ਦਾ ਸੰਸਥਾਪਕ ਕ੍ਰਿਸ਼ਨ ਸਿੰਘ ਸੀ। ਇਸ ਲਹਿਰ ਦਾ ਮੁੱਖ ਉਦੇਸ਼ ਸਵਰਾਜ ਪ੍ਰਾਪਤ ਕਰਨਾ ਸੀ।

1926 ਈ. ਵਿੱਚ ਭਗਤ ਸਿੰਘ, ਰਾਜਗੁਰੂ, ਸੁਖਦੇਵ, ਭਗਵਤੀ ਚਰਣ ਵੋਹਰਾ ਆਦਿ ਨੇ ਲਾਹੌਰ ਵਿੱਚ **ਨੌਜਵਾਨ ਭਾਰਤ ਸਭਾ** ਦੀ ਸਥਾਪਨਾ ਕੀਤੀ। ਇਸ ਸਭਾ ਨੇ 1928 ਈ. ਵਿੱਚ ਲਾਹੌਰ ਵਿੱਚ ਸਾਈਮਨ ਕਮਿਸ਼ਨ ਦਾ ਬਾਈਕਾਟ ਕੀਤਾ। ਪੁਲਿਸ ਨੇ ਕ੍ਰਾਂਤੀਕਾਰੀਆਂ ਉੱਤੇ ਲਾਠੀਚਾਰਜ ਕੀਤਾ। ਇਸ ਨਾਲ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ ਪੁਲਿਸ ਅਫ਼ਸਰ ਸਾਂਡਰਸ ਦੀ ਹੱਤਿਆ ਕਰ ਦਿੱਤੀ। 8 ਅਪ੍ਰੈਲ 1929 ਈ. ਨੂੰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਦਿੱਲੀ ਵਿਖੇ ਕੇਂਦਰੀ ਅਸੈਂਬਲੀ ਹਾਲ ਵਿੱਚ ਬੰਬ ਸੁੱਟੇ ਅਤੇ ਇੰਨਕਲਾਬ ਦੇ ਨਾਅਰੇ ਲਗਾਏ। ਇਸ ਤੋਂ ਬਾਅਦ ਉਹਨਾਂ ਨੇ ਪੁਲਿਸ ਅੱਗੇ ਆਪਣੀ ਗ੍ਰਿਫਤਾਰੀ ਦੇ ਦਿੱਤੀ। ਸਰਕਾਰ ਨੇ 23 ਮਾਰਚ, 1931 ਈ. ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਪੁਲਿਸ ਅਫਸਰ ਸਾਂਡਰਸ ਨੂੰ ਮਾਰਨ ਦੇ ਜੁਰਮ ਵਿੱਚ ਫਾਂਸੀ ਦੇ ਦਿੱਤੀ।



*ਭਗਤ ਸਿੰਘ*

## ਪੂਰਨ ਸਵਰਾਜ ਪ੍ਰਸਤਾਵ

31 ਦਸੰਬਰ, 1929 ਈ. ਨੂੰ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣੇ ਸਾਲਾਨਾ ਸਮਾਗਮ ਵਿੱਚ ਸਵਰਾਜ ਦਾ ਪ੍ਰਸਤਾਵ ਪਾਸ ਕੀਤਾ। ਇਸ ਪ੍ਰਸਤਾਵ ਦੇ ਅਧਾਰ ਤੇ 26 ਜਨਵਰੀ 1930 ਈ. ਨੂੰ ਸਾਰੇ ਭਾਰਤ ਵਿੱਚ ਸੁਤੰਤਰਤਾ ਦਿਵਸ ਮਨਾਇਆ ਗਿਆ।

## ਸਿਵਲ ਨਾ-ਫਰਮਾਨੀ ਅੰਦੋਲਨ


*ਗਾਂਧੀ ਜੀ ਦੀ ਡਾਂਡੀ ਯਾਤਰਾ*

ਸੁਤੰਤਰਤਾ ਪ੍ਰਾਪਤ ਕਰਨ ਲਈ ਮਹਾਤਮਾ ਗਾਂਧੀ ਨੇ 1930-34 ਈ. ਤੱਕ ਸਿਵਲ ਨਾ-ਫਰਮਾਨੀ ਅੰਦੋਲਨ ਚਲਾਇਆ। ਉਹਨਾਂ ਨੇ ਇਸ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਨਮਕ ਸਤਿਆਗ੍ਰਹਿ ਸ਼ੁਰੂ ਕੀਤਾ। 12 ਮਾਰਚ 1930 ਈ. ਨੂੰ ਗਾਂਧੀ ਜੀ ਨੇ ਆਪਣੇ 78 ਸਾਥੀਆਂ ਨੂੰ ਨਾਲ ਲੈ ਕੇ ਸਾਬਰਮਤੀ ਆਸ਼ਰਮ ਤੋਂ **ਡਾਂਡੀ** ਵਲ ਪੈਦਲ ਯਾਤਰਾ ਸ਼ੁਰੂ ਕੀਤੀ। 5 ਅਪ੍ਰੈਲ 1930 ਈ. ਨੂੰ ਗਾਂਧੀ ਜੀ ਨੇ ਅਰਬ ਸਾਗਰ ਦੇ ਕਿਨਾਰੇ ਤੇ ਸਥਿਤ ਡਾਂਡੀ ਪਿੰਡ ਵਿੱਚ ਸਮੁੰਦਰ ਦੇ ਖਾਰੇ ਪਾਣੀ ਤੋਂ ਨਮਕ ਤਿਆਰ ਕਰਕੇ ਨਮਕ ਕਾਨੂੰਨ ਦੀ ਉਲੰਘਣਾ ਕੀਤੀ। ਉਹਨਾਂ ਦੀ ਨਕਲ ਕਰਦੇ ਹੋਏ ਸਾਰੇ ਭਾਰਤ ਵਿੱਚ ਲੋਕਾਂ ਨੇ ਆਪ ਨਮਕ ਤਿਆਰ ਕਰਕੇ ਨਮਕ ਕਾਨੂੰਨ ਦੀ ਉਲੰਘਣਾ ਕੀਤੀ। ਜਿਥੇ ਨਮਕ ਨਹੀਂ ਬਣਾਇਆ ਜਾ ਸਕਦਾ ਸੀ ਉਥੇ ਹੋਰ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ। ਹਜ਼ਾਰਾਂ ਵਿਦਿਆਰਥੀਆਂ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨਾ ਛੱਡ ਦਿੱਤਾ। ਲੋਕਾਂ ਨੇ ਸਰਕਾਰੀ ਨੌਕਰੀਆਂ ਦਾ ਤਿਆਗ ਕਰ ਦਿੱਤਾ। ਔਰਤਾਂ ਨੇ ਵੀ ਇਸ ਅੰਦੋਲਨ ਵਿੱਚ ਹਿੱਸਾ ਲਿਆ। ਉਹਨਾਂ ਨੇ ਸ਼ਰਾਬ ਅਤੇ ਵਿਦੇਸ਼ੀ ਵਸਤਾਂ ਵੇਚਣ ਵਾਲੀਆਂ ਦੁਕਾਨਾਂ ਦੇ ਅੱਗੇ ਧਰਨੇ ਦਿੱਤੇ। ਸਰਕਾਰ ਨੇ ਇਸ ਅੰਦੋਲਨ ਨੂੰ ਖਤਮ ਕਰਨ ਲਈ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਗੈਰ ਕਾਨੂੰਨੀ ਐਲਾਨ ਕਰ ਦਿੱਤਾ ਅਤੇ ਕਾਂਗਰਸ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਕਈ ਥਾਵਾਂ ਤੇ ਗੋਲੀ ਚਲਾਈ। ਪਰੰਤੂ ਸਰਕਾਰ ਇਸ ਅੰਦੋਲਨ ਨੂੰ ਦਬਾਉਣ ਵਿੱਚ ਅਸਫ਼ਲ ਰਹੀ।

## ਗੋਲਮੇਜ਼ ਕਾਨਫ਼ਰੰਸ

1930 ਈ. ਵਿੱਚ ਬ੍ਰਿਟਿਸ਼ ਸਰਕਾਰ ਨੇ ਸਾਈਮਨ ਕਮਿਸ਼ਨ ਦੀ ਰਿਪੋਰਟ ਤੇ ਵਿਚਾਰ ਵਟਾਂਦਰਾ ਕਰਨ ਲਈ ਲੰਡਨ ਵਿੱਚ ਪਹਿਲੀ ਗੋਲਮੇਜ਼ ਕਾਨਫ਼ਰੰਸ ਬੁਲਾਈ। ਪਰੰਤੂ ਇਹ ਕਾਨਫਰੰਸ ਕਾਂਗਰਸ ਦੁਆਰਾ ਬਾਈਕਾਟ ਕਰਨ ਕਰਕੇ ਅਸਫਲ ਰਹੀ। 5 ਮਾਰਚ 1931 ਈ. ਵਿੱਚ ਗਾਂਧੀ ਜੀ ਅਤੇ ਲਾਰਡ ਇਰਵਿਨ ਵਿਚਕਾਰ ਗਾਂਧੀ-

ਇਰਵਨ ਸਮਝੌਤਾ ਹੋਇਆ। ਇਸ ਸਮਝੌਤੇ ਵਿੱਚ ਗਾਂਧੀ ਜੀ ਨੇ ਸਿਵਲ ਨਾ-ਫਰਮਾਨੀ ਅੰਦੋਲਨ ਬੰਦ ਕਰਨ ਅਤੇ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਭਾਗ ਲੈਣਾ ਮੰਨ ਲਿਆ। ਸਤੰਬਰ, 1931 ਈ. ਵਿੱਚ ਲੰਡਨ ਵਿਖੇ ਹੋਈ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਗਾਂਧੀ ਜੀ ਨੇ ਕੇਂਦਰ ਅਤੇ ਪ੍ਰਾਂਤਾਂ ਵਿੱਚ ਭਾਰਤੀ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸ਼ਾਸਨ ਸਮਾਪਤ ਕਰਨ ਦੀ ਮੰਗ ਕੀਤੀ। ਪਰੰਤੂ ਗਾਂਧੀ ਜੀ ਅਸਫਲ ਰਹੇ। ਸਿੱਟੇ ਵਜੋਂ ਗਾਂਧੀ ਜੀ ਨੇ 3 ਜਨਵਰੀ 1932 ਈ. ਨੂੰ ਦੁਬਾਰਾ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕੀਤਾ। ਇਸ ਕਰਕੇ ਗਾਂਧੀ ਜੀ ਨੂੰ ਕਾਂਗਰਸ ਦੇ ਹੋਰ ਨੇਤਾਵਾਂ ਨਾਲ਼ ਗ੍ਰਿਫਤਾਰ ਕਰ ਲਿਆ।

1932 ਈ. ਵਿੱਚ ਅੰਗਰੇਜ਼ ਸਰਕਾਰ ਨੇ ਹਰੀਜਨਾਂ ਲਈ ਵੱਖਰੀ ਚੋਣ ਪ੍ਰਣਾਲੀ ਕਾਇਮ ਕੀਤੀ, ਜਿਸਦਾ ਗਾਂਧੀ ਜੀ ਨੇ ਵਿਰੋਧ ਕੀਤਾ। ਬਾਅਦ ਵਿੱਚ ਗਾਂਧੀ ਜੀ ਅਤੇ ਹਰੀਜ਼ਨ ਨੇਤਾ ਡਾ. ਅੰਬੇਦਕਰ ਵਿਚਕਾਰ ਸਤੰਬਰ 1932 ਈ. ਨੂੰ ਪੂਨੇ ਵਿੱਚ ਅਨੁਸੂਚਿਤ ਜਾਤੀਆਂ ਦੀ ਭਲਾਈ ਸਬੰਧੀ ਸਮਝੌਤਾ ਹੋਇਆ। 1932 ਈ. ਵਿੱਚ ਲੰਡਨ ਵਿਖੇ ਤੀਜੀ ਗੋਲਮੇਜ਼ ਕਾਨਫਰੰਸ ਹੋਈ ਜਿਸ ਵਿੱਚ ਵੀ ਕਾਂਗਰਸ ਨੇ ਹਿੱਸਾ ਨਾ ਲਿਆ। 1933 ਈ. ਵਿੱਚ ਕਾਂਗਰਸ ਨੇ ਨਾ-ਮਿਲਵਰਤਨ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ ਅਤੇ 1934 ਈ. ਵਿੱਚ ਇਸ ਨੂੰ ਪੂਰੀ ਤਰ੍ਹਾਂ ਵਾਪਸ ਲੈ ਲਿਆ।

## ਦੂਜਾ ਵਿਸ਼ਵ ਯੁੱਧ ਅਤੇ ਕ੍ਰਿਪਸ ਮਿਸ਼ਨ


ਸਤੰਬਰ 1939 ਈ. ਨੂੰ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਜਿਸ ਵਿੱਚ ਅੰਗਰੇਜ਼ੀ ਸਰਕਾਰ ਨੇ ਭਾਰਤ ਦੇ ਹਿੱਸਾ ਲੈਣ ਦੀ ਘੋਸ਼ਣਾ ਕਰ ਦਿੱਤੀ। ਕਾਂਗਰਸ ਨੇਤਾਵਾਂ ਨੇ ਇਸ ਘੋਸ਼ਣਾ ਦੀ ਨਿੰਦਾ ਕੀਤੀ ਅਤੇ ਪ੍ਰਾਂਤਕੀ ਵਿਧਾਨ ਮੰਡਲਾਂ ਵਿੱਚੋਂ ਆਪਣੇ ਅਸਤੀਫ਼ੇ ਦੇ ਦਿੱਤੇ। ਇਸ ਕਰਕੇ ਅੰਗਰੇਜ਼ੀ ਸਰਕਾਰ ਨੇ ਮਾਰਚ, 1942 ਈ. ਵਿੱਚ ਸਰ ਸਟੈਫਰਡ ਕ੍ਰਿਪਸ ਦੀ ਪ੍ਰਧਾਨਗੀ ਹੇਠ **ਕ੍ਰਿਪਸ ਮਿਸ਼ਨ** ਭਾਰਤ ਵਿੱਚ ਭੇਜਿਆ। ਉਸ ਨੇ ਕਾਂਗਰਸ ਦੇ ਨੇਤਾਵਾਂ ਅੱਗੇ ਕੁਝ ਸੁਝਾਅ ਰੱਖੇ ਜੋ ਉਨ੍ਹਾਂ ਨੂੰ ਸੰਤੁਸ਼ਟ ਨਾ ਕਰ ਸਕੇ।

## ਮੁਸਲਿਮ ਲੀਗ ਦੁਆਰਾ ਪਾਕਿਸਤਾਨ ਦੀ ਮੰਗ

23 ਮਾਰਚ, 1940 ਈ. ਨੂੰ ਮੁਸਲਿਮ ਲੀਗ ਨੇ ਲਾਹੌਰ ਵਿੱਚ ਆਪਣੇ ਇਜਲਾਸ ਵਿੱਚ ਹਿੰਦੂ ਅਤੇ ਮੁਸਲਾਮਨ ਦੋ ਅਲਗ ਕੌਮਾਂ ਹੋਣ ਦੇ ਅਧਾਰ ਤੇ ਸੁਤੰਤਰ ਪਾਕਿਸਤਾਨ ਦੀ ਮੰਗ ਕੀਤੀ। ਅੰਗਰੇਜ਼ਾਂ ਨੇ ਵੀ ਮੁਸਲਿਮ ਲੀਗ ਨੂੰ ਇਸ ਸੰਬੰਧੀ ਸਹਿਯੋਗ ਦਿੱਤਾ ਕਿਉਂਕਿ ਉਹ ਰਾਸ਼ਟਰੀ ਅੰਦੋਲਨ ਨੂੰ ਕੰਮਜ਼ੋਰ ਕਰਨਾ ਚਾਹੁੰਦੇ ਸਨ।

## ਭਾਰਤ ਛੱਡੋ ਅੰਦੋਲਨ

ਦੂਜੇ ਵਿਸ਼ਵ ਯੁੱਧ ਪਿੱਛੋਂ 8 ਅਗਸਤ 1942 ਈ. ਨੂੰ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ। ਸਰਕਾਰ ਨੇ 9 ਅਗਸਤ, 1942 ਨੂੰ ਗਾਂਧੀ ਜੀ ਅਤੇ ਕਾਂਗਰਸ ਦੇ ਹੋਰ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖਬਰ ਸੁਣ ਕੇ ਗੁੱਸੇ ਵਿੱਚ ਆ ਕੇ ਲੋਕਾਂ ਨੇ ਥਾਂ-ਥਾਂ ਤੇ ਪੁਲਿਸ ਥਾਨਿਆਂ, ਸਰਕਾਰੀ ਭਵਨਾਂ, ਡਾਕਖਾਨਿਆਂ ਅਤੇ ਰੇਲਵੇ ਸਟੇਸ਼ਨਾਂ ਆਦਿ ਨੂੰ ਨੁਕਸਾਨ ਪਹੁੰਚਾਇਆ। ਪਰੰਤੂ ਅੰਗਰੇਜ਼ੀ ਸਰਕਾਰ ਅੰਦੋਲਨਕਾਰੀਆਂ ਨੂੰ ਦਬਾਉਣ ਵਿੱਚ ਸਫਲ ਨਾ ਹੋ ਸਕੀ।


ਭਾਰਤ ਦੇ ਰਾਸ਼ਟਰੀ ਅੰਦੋਲਨ (1885–1947)
ਦੇ ਮਹੱਤਵਪੂਰਨ ਕੇਂਦਰ
ਅਫਗਾਨਿਸਤਾਨ
ਪਾਕਿਸਤਾਨ
ਚੀਨ
ਤਿੱਬਤ
ਨੈਪਾਲ
ਭੂਟਾਨ
ਪੇਸ਼ਾਵਰ
ਗੁਜ਼ਰਾਂਵਾਲ
ਲਾਹੌਰ
ਅੰਮ੍ਰਿਤਸਰ
ਚੌਰੀ-ਚੌਰਾ
ਦਿੱਲੀ
ਅਲੀਗੜ੍ਹ
ਲਖਨਊ
ਆਗਰਾ
ਕਾਨਪੁਰ
ਬਰੇਲੀ
ਚੰਪਾਰਨ
ਬਨਾਰਸ
ਪਟਨਾ
ਗੀਰਿਧ
ਰਾਂਚੀ
ਜਮਸ਼ੇਦਪੁਰ
ਢਾਕਾ
ਕੋਹਿਮਾ
ਇਮਫਾਲ
ਚਿੱਟਾਗਾਂਗ
ਬਰਮਾ
(ਮਯਾਨਮਾਰ)
ਅਹਿਮਦਾਬਾਦ
ਖੇੜਾ
ਸੂਰਤ
ਬਾਰਡੋਲੀ
ਡਾਂਡੀ
ਮਾਲਾਗਾਓ
ਨਾਸਿਕ
ਬੰਬਈ
(ਮੁੰਬਈ)
ਪੂਨਾ
ਸ਼ੋਲਾਪੁਰ
ਨਾਗਪੁਰ
ਵਾਰਧਾ
ਚੰਦਰਪੁਰ
ਕਟਕ
ਕਲਕੱਤਾ
(ਕੋਲਕਾਤਾ)
ਅਰਬ ਸਾਗਰ
ਬੰਗਾਲ ਦੀ ਖਾੜੀ
ਮਦਰਾਸ
(ਚੇਨੱਈ)
ਕੋਇੰਬਟੂਰ
ਸ਼੍ਰੀ ਲੰਕਾ
ਹਿੰਦ ਮਹਾਂ ਸਾਗਰ
ਸੰਕੇਤ
ਰਾਸ਼ਟਰੀ ਅੰਦੋਲਨ ਦੇ ਕੇਂਦਰ
ਭਾਰਤੀ ਜਲ-ਸੈਨਾ ਅੰਦੋਲਨ
ਆਜ਼ਾਦ ਹਿੰਦ ਫੌਜ਼
ਭਾਰਤੀ ਦੀ ਬਾਹਰੀ ਸੀਮਾਂ

## ਆਜ਼ਾਦ ਹਿੰਦ ਫੌਜ




ਸੁਭਾਸ਼ ਚੰਦਰ ਬੋਸ

ਸੁਭਾਸ਼ ਚੰਦਰ ਬੋਸ ਰਾਸ਼ਟਰੀ ਅੰਦੋਲਨ ਦਾ ਇਕ ਹੋਰ ਪ੍ਰਸਿੱਧ ਨੇਤਾ ਸੀ। ਉਸ ਨੇ 1939 ਈ. ਵਿੱਚ ਮਹਾਤਮਾ ਗਾਂਧੀ ਜੀ ਨਾਲ਼ ਵਿਚਾਰਾਂ ਦਾ ਮਤਭੇਦ ਹੋ ਜਾਣ ਕਾਰਨ ਕਾਂਗਰਸ ਛੱਡ ਦਿੱਤੀ। ਮਾਰਚ 1941 ਈ. ਨੂੰ ਸੁਭਾਸ਼ ਚੰਦਰ ਬੋਸ ਭਾਰਤ ਵਿੱਚੋਂ ਬਾਹਰ ਚਲੇ ਗਿਆ। 1943 ਈ. ਵਿੱਚ ਉਹ ਟੋਕੀਓ (ਜਾਪਾਨ) ਪਹੁੰਚ ਗਿਆ। ਉਸ ਨੇ ਭਾਰਤ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਾਉਣ ਲਈ ਆਜ਼ਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ। ਇਸ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੁਆਰਾ ਕੈਦ ਕੀਤੇ ਗਏ ਭਾਰਤੀ ਸੈਨਿਕ ਸ਼ਾਮਲ ਸਨ। ਸੁਭਾਸ਼ ਚੰਦਰ ਬੋਸ ਨੇ 'ਦਿੱਲੀ ਚਲੋ', 'ਤੁਸੀਂ ਮੈਨੂੰ ਖ਼ੂਨ ਦਿਉ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ' ਅਤੇ 'ਜੈ ਹਿੰਦ' ਆਦਿ ਨਾਅਰੇ ਲਗਾਏ ਸਨ। ਪਰੰਤੂ 1943 ਈ. ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਰ ਹੋ ਗਈ। ਇਸ ਕਰਕੇ ਆਜ਼ਾਦ ਹਿੰਦ ਫੌਜ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਅਸਫਲ ਰਹੀ। ਇਸ ਦੇ ਨੇਤਾ ਸੁਭਾਸ਼ ਚੰਦਰ ਬੋਸ ਦੀ 1945 ਈ. ਵਿੱਚ ਇਕ ਹਵਾਈ ਜਹਾਜ਼ ਦੁਰਘਟਨਾ ਵਿੱਚ ਮੌਤ ਹੋ ਗਈ। ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਕੈਦ ਕਰ ਲਿਆ। ਇਸ ਕਰਕੇ ਭਾਰਤੀ ਲੋਕਾਂ ਨੇ ਸਾਰੇ ਦੇਸ਼ ਵਿੱਚ ਹੜਤਾਲਾਂ ਕੀਤੀਆਂ ਅਤੇ ਜਲਸੇ ਕੀਤੇ। ਅੰਤ ਵਿੱਚ ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸਾਰੇ ਸੈਨਿਕਾਂ ਨੂੰ ਛੱਡ ਦਿੱਤਾ।

## ਕੈਬਿਨੇਟ ਮਿਸ਼ਨ

ਮਾਰਚ, 1946 ਈ. ਨੂੰ ਅੰਗਰੇਜ਼ ਸਰਕਾਰ ਨੇ ਤਿੰਨ ਮੈਂਬਰਾਂ ਦਾ ਕੈਬਿਨਟ ਮਿਸ਼ਨ ਭਾਰਤ ਵਿੱਚ ਭੇਜਿਆ। ਇਸ ਦਾ ਪ੍ਰਧਾਨ ਲਾਰਡ ਪੈਥਿਕ ਲਾਰੇਂਸ ਸੀ। ਇਸ ਮਿਸ਼ਨ ਨੇ ਭਾਰਤ ਨੂੰ ਦਿੱਤੀ ਜਾਣ ਵਾਲੀ ਰਾਜਨੀਤਿਕ ਸ਼ਕਤੀ ਦੀਆਂ ਧਾਰਾਵਾਂ ਬਾਰੇ ਭਾਰਤੀ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਲਈ ਇਕ ਸੰਵਿਧਾਨ ਸਭਾ ਸਥਾਪਿਤ ਕਰਨ ਲਈ ਅੰਤਰਿਮ ਸਰਕਾਰ ਦੀ ਸਥਾਪਨਾ ਕਰਨ ਦਾ ਸੁਝਾਅ ਦਿੱਤਾ। ਇਸ ਦੇ ਸੁਝਾਅ ਅਨੁਸਾਰ ਸਤੰਬਰ 1946 ਈ. ਨੂੰ ਕਾਂਗਰਸ ਨੇਤਾਵਾਂ ਨੇ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਅੰਤਰਿਮ ਕੈਬਿਨਟ ਸਥਾਪਿਤ ਕੀਤੀ। 15 ਅਕਤੂਬਰ 1946 ਈ. ਨੂੰ ਮੁਸਲਿਮ ਲੀਗ ਵੀ ਅੰਤਰਿਮ ਸਰਕਾਰ ਵਿੱਚ ਸ਼ਾਮਲ ਹੋ ਗਈ।



ਜਵਾਹਰ ਲਾਲ ਨਹਿਰੂ

## ਭਾਰਤੀ ਸੁਤੰਤਰਤਾ ਐਕਟ 1947 ਅਤੇ ਭਾਰਤ ਦੀ ਵੰਡ

20 ਫਰਵਰੀ 1947 ਈ. ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਲਾਰਡ ਏਟਲੀ ਨੇ ਐਲਾਨ ਕੀਤਾ ਕਿ 30 ਜੂਨ, 1948 ਈ. ਨੂੰ ਅੰਗਰੇਜ਼ ਸਰਕਾਰ ਭਾਰਤ ਨੂੰ ਆਜ਼ਾਦ ਕਰ ਦੇਵੇਗੀ। 3 ਮਾਰਚ 1947 ਈ. ਨੂੰ ਲਾਰਡ ਮਾਊਂਟਬੇਟਨ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਕਾਂਗਰਸ ਦੇ ਨੇਤਾਵਾਂ ਨਾਲ਼ ਵਿਚਾਰ-ਵਟਾਂਦਰਾ ਕੀਤਾ। ਉਸ ਨੇ ਕਿਹਾ ਭਾਰਤ ਦੇ ਦੋ ਹਿੱਸੇ-ਭਾਰਤ ਅਤੇ ਪਾਕਿਸਤਾਨ ਬਣਾ ਦਿੱਤੇ ਜਾਣਗੇ। ਕਾਂਗਰਸ ਨੇਤਾਵਾਂ ਨੇ ਇਸ ਵੰਡ ਨੂੰ ਸਵੀਕਾਰ ਕਰ ਲਿਆ।

18 ਜੁਲਾਈ 1947 ਈ. ਨੂੰ ਬ੍ਰਿਟਿਸ਼ (ਅੰਗਰੇਜ਼) ਸੰਸਦ ਨੇ ਭਾਰਤੀ ਸੁਤੰਤਰਤਾ ਐਕਟ ਪਾਸ ਕਰ ਦਿੱਤਾ। ਸਿੱਟੇ ਵੱਜੋਂ 15 ਅਗਸਤ 1947 ਈ. ਨੂੰ ਭਾਰਤ ਵਿੱਚੋਂ ਅੰਗਰੇਜ਼ੀ ਰਾਜ ਖ਼ਤਮ ਹੋ ਗਿਆ ਅਤੇ ਭਾਰਤ ਆਜ਼ਾਦ ਹੋ ਗਿਆ। ਪਰੰਤੂ ਇਸ ਨਾਲ਼ ਦੇਸ਼ ਦੇ ਦੋ ਹਿੱਸੇ ਹੋ ਗਏ। ਇਕ ਦਾ ਨਾਂ ਭਾਰਤ ਦੇਸ਼ ਅਤੇ ਦੂਜੇ ਦਾ ਨਾਂ ਪਾਕਿਸਤਾਨ ਰੱਖਿਆ ਗਿਆ।

### ਯਾਦ ਰੱਖਣ ਯੋਗ ਨੁਕਤੇ

1. 1915 ਈ. ਵਿੱਚ ਮਹਾਤਮਾ ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ਭਾਰਤ ਵਾਪਿਸ ਆ ਗਏ।
2. 1919 ਈ. ਵਿੱਚ ਗਾਂਧੀ ਜੀ ਨੇ ਰੋਲਟ ਐਕਟ ਦੇ ਵਿਰੁੱਧ ਸੱਤਿਆਗ੍ਰਹਿ ਸ਼ੁਰੂ ਕੀਤਾ।
3. ਜਨਰਲ ਡਾਇਰ ਨੇ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ਼ ਵਿੱਚ ਇਕੱਠੇ ਹੋਏ ਹਜ਼ਾਰਾਂ ਲੋਕਾਂ ਉੱਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਜਿਸ ਨਾਲ ਲੱਗਭਗ 1000 ਲੋਕ ਮਾਰੇ ਗਏ ਅਤੇ 3000 ਤੋਂ ਵੱਧ ਲੋਕ ਜ਼ਖਮੀ ਹੋ ਗਏ।
4. ਖਿਲਾਫ਼ਤ ਅੰਦੋਲਨ ਵਿੱਚ ਮਹਾਤਮਾ ਗਾਂਧੀ ਅਤੇ ਬਾਲ ਗੰਗਾਧਰ ਤਿਲਕ ਨੇ ਭਾਰਤੀ ਮੁਸਲਮਾਨਾਂ ਦਾ ਸਾਥ ਦਿੱਤਾ।
5. 1920 ਈ. ਵਿੱਚ ਮਹਾਤਮਾ ਗਾਂਧੀ ਨੇ ਪੰਜਾਬ ਦੇ ਲੋਕਾਂ ਅਤੇ ਤੁਰਕੀ ਦੇ ਖਲ਼ੀਫਾ ਉੱਪਰ ਹੋ ਰਹੇ ਅਨਿਆਂ ਅਤੇ ਅੱਤਿਆਚਾਰਾਂ ਦੇ ਵਿਰੁੱਧ ਨਾ-ਮਿਲਵਰਤਨ ਅੰਦੋਲਨ ਸ਼ੁਰੂ ਕੀਤਾ। ਇਸ ਅੰਦੋਲਨ ਵਿੱਚ ਸ਼ਾਮਲ ਹੋ ਕੇ ਲੋਕਾਂ ਨੇ ਸਰਕਾਰੀ ਨੌਕਰੀਆਂ, ਉਪਾਧੀਆਂ ਅਤੇ ਸਿੱਖਿਆ ਸੰਸਥਾਵਾਂ ਦਾ ਬਾਈਕਾਟ ਕੀਤਾ। ਰਾਸ਼ਟਰੀ ਸਿੱਖਿਆ ਸੰਸਥਾਵਾਂ ਸ਼ੁਰੂ ਕੀਤੀਆਂ।
6. 1920 ਈ. ਤੋਂ 1925 ਈ. ਦੌਰਾਨ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲੀ। ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਾਉਣ ਲਈ ਅਕਾਲੀਆਂ ਨੇ ਕਈ ਮੋਰਚੇ ਲਗਾਏ ਅਤੇ ਅੰਤ ਵਿੱਚ ਸਫ਼ਲ ਹੋਏ।

7. 1922 ਈ. ਵਿੱਚ ਚੌਰਾ-ਚੌਰੀ ਦੀ ਘਟਨਾ ਕਾਰਣ ਨਾ-ਮਿਲਵਰਤਨ ਅੰਦੋਲਨ ਵਾਪਿਸ ਲੈ ਲਿਆ ਗਿਆ।

8. 1928 ਈ. ਵਿੱਚ ਸਾਈਮਨ ਕਮਿਸ਼ਨ ਦਾ ਭਾਰਤੀਆਂ ਨੇ ਕਾਲੀਆ ਝੰਡੀਆਂ ਨਾਲ ਵਿਰੋਧ ਕੀਤਾ। ਪੁਲਿਸ ਵੱਲੋਂ ਲਾਠੀਚਾਰਜ ਸਿੱਟੇ ਵਜੋਂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ।

9. 23 ਮਾਰਚ 1931 ਈ. ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

10. 1929 ਈ. ਦੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਲਾਨਾ ਸਮਾਗਮ ਵਿੱਚ ਪੂਰਨ ਸਵਰਾਜ ਦਾ ਪ੍ਰਸਤਾਵ ਪਾਸ ਕੀਤਾ ਗਿਆ। 26 ਜਨਵਰੀ 1930 ਈ. ਨੂੰ ਸਾਰੇ ਭਾਰਤ ਵਿਚ ਸੁਤੰਤਰਤਾ ਦਿਵਸ ਮਨਾਇਆ ਗਿਆ।

11. 1930 ਈ. ਵਿੱਚ ਗਾਂਧੀ ਜੀ ਵੱਲੋਂ ਡਾਂਡੀ ਮਾਰਚ ਅਤੇ ਅਤੇ 5 ਅਪ੍ਰੈਲ 1930 ਈ. ਨੂੰ ਨਮਕ ਕਾਨੂੰਨ ਤੋੜਿਆ ਗਿਆ।

12. 1934 ਈ. ਵਿੱਚ ਸਿਵਲ ਨਾ ਫੁਰਮਾਨੀ ਅੰਦੋਲਨ ਵਾਪਿਸ ਲੈ ਲਿਆ ਗਿਆ।

13. 1940 ਈ. ਵਿੱਚ ਮੁਸਲਿਮ ਲੀਗ ਵਲੋਂ ਸੁਤੰਤਰ ਪਾਕਿਸਤਾਨ ਦੀ ਮੰਗ ਕੀਤੀ ਗਈ।

14. 1940 ਈ. ਵਿੱਚ ਭਾਰਤ ਛੱਡੋ ਅੰਦੋਲਨ ਸ਼ੁਰੂ ਹੋਇਆ।

15. 1943 ਈ. ਵਿੱਚ ਸੁਭਾਸ਼ ਚੰਦਰ ਬੋਸ ਵੱਲੋਂ ਜਾਪਾਨ ਵਿਖੇ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਕੀਤੀ। 1945 ਈ. ਵਿੱਚ ਸੁਭਾਸ਼ ਚੰਦਰ ਬੋਸ ਦੀ ਹਵਾਈ ਦੁਰਘਟਨਾ ਵਿੱਚ ਮੌਤ ਹੋ ਗਈ।

16. ਮਾਰਚ 1946 ਈ. ਵਿੱਚ ਕੈਬਿਨਟ ਮਿਸ਼ਨ ਭਾਰਤ ਵਿੱਚ ਆਇਆ।

17. 15 ਅਗਸਤ 1947 ਈ. ਨੂੰ ਭਾਰਤ ਦੀ ਆਜ਼ਾਦੀ ਅਤੇ ਦੋ ਹਿੱਸਿਆਂ, ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਹੋ ਗਈ।

## ਅਭਿਆਸ

**1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

1. ਮਹਾਤਮਾ ਗਾਂਧੀ ਜੀ ਕਿਸ ਦੇਸ਼ ਤੋਂ ਅਤੇ ਕਦੋਂ ਵਾਪਿਸ ਆਏ ?
2. ਸਤਿਆਗ੍ਰਹਿ ਅੰਦੋਲਨ ਤੋਂ ਕੀ ਭਾਵ ਹੈ ?
3. ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ ਕਦੋਂ ਅਤੇ ਕਿੱਥੇ ਹੋਇਆ ?
4. ਨਾ-ਮਿਲਵਰਤਨ ਅੰਦੋਲਨ ਅਧੀਨ ਵਕਾਲਤ ਛੱਡਣ ਵਾਲੇ ਤਿੰਨ ਵਿਅਕਤੀਆਂ ਦੇ ਨਾਂ ਦੱਸੋ।

5. ਸਾਈਮਨ ਕਮਿਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ ?

6. ਭਾਰਤ ਛੱਡੋ ਅੰਦੋਲਨ ਕੀ ਹੈ ?

7. ਆਜ਼ਾਦ ਹਿੰਦ ਫੌਜ ਤੇ ਨੋਟ ਲਿਖੋ।

**2. ਹੇਠ ਲਿਖੇ ਖਾਲੀ ਸਥਾਨ ਭਰੋ—**

1. ਮਹਾਤਮਾ ਗਾਂਧੀ ਜੀ ਨੇ ਰੋਲਟ ਐਕਟ ਦਾ ਵਿਰੋਧ ਕਰਨ ਲਈ ਸਾਰੇ ਦੇਸ਼ ਵਿੱਚ ............... ਅੰਦੋਲਨ ਸ਼ੁਰੂ ਕੀਤਾ।

2. ਮਹਾਤਮਾ ਗਾਂਧੀ ਜੀ ਨੇ ............... ਵਿੱਚ ਨਾ-ਮਿਲਵਰਤਨ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ।

3. ਨਨਕਾਣਾ ਸਾਹਿਬ ਗੁਰਦੁਆਰੇ ਦਾ ਮਾਹੰਤ ............... ਇੱਕ ਚਰਿੱਤਰ ਹੀਣ ਵਿਅਕਤੀ ਸੀ।

4. 1928 ਈ. ਵਿੱਚ ਭੇਜੇ ਗਏ ਸਾਈਮਨ ਕਮਿਸ਼ਨ ਦੇ ਕੁੱਲ ............... ਮੈਂਬਰ ਸਨ।

5. 26 ਜਨਵਰੀ 1930 ਈ. ਨੂੰ ਸਾਰੇ ਭਾਰਤ ਵਿੱਚ ............... ਦਿਵਸ ਮਨਾਇਆ ਗਿਆ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ :**

1. ਨਾ-ਮਿਲਵਰਤਨ ਅੰਦੋਲਨ ਅਧੀਨ ਮਹਾਤਮਾ ਗਾਂਧੀ ਜੀ ਨੇ ਆਪਣੀ ਕੇਸਰ-ਏ-ਹਿੰਦ ਉਪਾਧੀ ਸਰਕਾਰ ਨੂੰ ਵਾਪਿਸ ਕਰ ਦਿੱਤੀ। ☐

2. ਸਵਰਾਜ ਪਾਰਟੀ ਦੀ ਸਥਾਪਨਾ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ। ☐

3. ਨੌਜਵਾਨ ਭਾਰਤ ਸਭਾ ਦੀ ਸਥਾਪਨਾ 1926 ਈ. ਵਿੱਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕੀਤੀ ਸੀ। ☐


4. 4 ਅਪ੍ਰੈਲ 1930 ਈ. ਨੂੰ ਮਹਾਤਮਾ ਗਾਂਧੀ ਜੀ ਨੇ ਡਾਂਡੀ ਪਿੰਡ ਵਿੱਚ ਸਮੁੰਦਰ ਦੇ ਪਾਣੀ ਤੋਂ ਨਮਕ ਤਿਆਰ ਕਰਕੇ ਨਮਕ ਕਾਨੂੰਨ ਦੀ ਉਲੰਘਣਾ ਕੀਤੀ। ☐

**4. ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ —**

| (ੳ) | | (ਅ) |
|---|---|---|
| 1. ਅਹਿੰਸਾ | (ੳ) | ਮਹਾਰਾਜਾ ਰਿਪੁਦਮਨ ਸਿੰਘ |
| 2. ਭਾਰਤ ਛੱਡੋ ਅੰਦੋਲਨ | (ਅ) | ਮਹਾਤਮਾ ਗਾਂਧੀ |
| 3. ਕ੍ਰਾਂਤੀਕਾਰੀ ਲਹਿਰ | (ੲ) | 8 ਅਗਸਤ 1942 |
| 4. ਜੈਤੋ ਦਾ ਮੋਰਚਾ | (ਸ) | ਸਰਦਾਰ ਭਗਤ ਸਿੰਘ |

## ਅਭਿਆਸ ਲਈ

ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਕੇਂਦਰ





# ਪਾਠ 21 ਸੁਤੰਤਰਤਾ ਤੋਂ ਬਾਅਦ ਦਾ ਭਾਰਤ


## 1947 ਈ. ਤੋਂ ਬਾਅਦ ਰਾਸ਼ਟਰੀ ਅਤੇ ਖੇਤਰੀ ਵਿਕਾਸ

ਭਾਰਤੀ ਸੰਵਿਧਾਨ ਸਭਾ ਨੇ ਜੁਲਾਈ 1946 ਈ. ਨੂੰ ਨਵਾਂ ਸੰਵਿਧਾਨ ਬਣਾਉਣਾ ਸ਼ੁਰੂ ਕੀਤਾ ਜਿਹੜਾ 26 ਨਵੰਬਰ 1949 ਈ. ਨੂੰ ਪੂਰਾ ਹੋਇਆ। ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ ਪਰੰਤੂ ਦੇਸੀ ਰਿਆਸਤਾਂ ਦਾ ਏਕੀਕਰਨ ਕਰਨਾ ਭਾਰਤ ਲਈ ਇੱਕ ਸਮੱਸਿਆ ਸੀ। ਇਸ ਸਮੱਸਿਆ ਦਾ ਸਰਦਾਰ ਵੱਲਭ ਭਾਈ ਪਟੇਲ ਨੇ ਬਹੁਤ ਚੰਗੇ ਢੰਗ ਨਾਲ ਹੱਲ ਕੀਤਾ। ਇਸ ਤੋਂ ਬਾਅਦ 1956 ਈ. ਵਿੱਚ ਭਾਰਤ ਦੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ। ਆਜ਼ਾਦੀ ਪ੍ਰਾਪਤ ਕਰਨ ਤੋਂ ਪਿੱਛੋਂ ਭਾਰਤ ਨੇ ਉਦਯੋਗ ਅਤੇ ਖੇਤੀ ਬਾੜੀ ਦਾ ਬਹੁਤ ਵਿਕਾਸ ਕੀਤਾ ਜਿਸ ਬਾਰੇ ਅੱਗੇ ਅਸੀਂ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕਰਾਂਗੇ।

1. **ਸੰਵਿਧਾਨ ਦਾ ਨਿਰਮਾਣ :** ਸੁਤੰਤਰਤਾ ਪ੍ਰਾਪਤ ਕਰਨ ਤੋਂ ਪਿੱਛੋਂ ਭਾਰਤ ਨੇ ਸੰਵਿਧਾਨ ਦਾ ਨਿਰਮਾਣ ਕਰਨ ਲਈ ਇੱਕ ਸੱਤ ਮੈਂਬਰਾਂ ਦੀ ਕਮੇਟੀ ਸਥਾਪਤ ਕੀਤੀ ਗਈ ਜਿਸ ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਡਾ. ਭੀਮ ਰਾਓ ਅੰਬੇਦਕਰ ਨੂੰ ਇਸ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਇਸ ਕਮੇਟੀ ਨੇ 21 ਫਰਵਰੀ 1948 ਈ. ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਕੇ ਸਭਾ ਵਿੱਚ ਪੇਸ਼ ਕੀਤਾ। ਇਸ ਖਰੜੇ ਤੇ 4 ਨਵੰਬਰ 1948 ਈ. ਨੂੰ ਬਹਿਸ ਸ਼ੁਰੂ ਹੋਈ ਜਿਸ ਲਈ ਸਭਾ ਨੂੰ 11 ਮੀਟਿੰਗਾਂ ਕਰਨੀਆਂ ਪਈਆਂ। ਇਸ ਬਹਿਸ ਦੌਰਾਨ 2473 ਤਰਮੀਮਾਂ ਪੇਸ਼ ਕੀਤੀਆਂ ਗਈਆਂ




*ਡਾ. ਭੀਮ ਰਾਓ ਅੰਬੇਦਕਰ*



*ਡਾ. ਰਾਜਿੰਦਰ ਪ੍ਰਸਾਦ*

ਜਿਨ੍ਹਾਂ ਵਿੱਚੋਂ ਕੁਝ ਪ੍ਰਵਾਨ ਕਰ ਲਈਆਂ ਗਈਆਂ। 26 ਨਵੰਬਰ 1949 ਈ. ਨੂੰ ਸੰਵਿਧਾਨ ਪਾਸ ਹੋ ਗਿਆ ਜਿਸ ਨੂੰ 26 ਜਨਵਰੀ 1950 ਈ. ਨੂੰ ਲਾਗੂ ਕਰ ਦਿੱਤਾ ਗਿਆ। ਇਸ ਅਨੁਸਾਰ ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤ ਦਾ ਪਹਿਲਾ ਰਾਸ਼ਟਰਪਤੀ ਬਣਾਇਆ ਗਿਆ।

2. **ਦੇਸੀ ਰਿਆਸਤਾਂ ਦਾ ਏਕੀਕਰਨ** : ਆਜ਼ਾਦੀ ਪ੍ਰਾਪਤ ਕਰਨ ਪਿੱਛੋਂ ਭਾਰਤ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਹਨਾਂ ਵਿੱਚੋਂ ਇੱਕ ਸਮੱਸਿਆ ਦੇਸੀ ਰਿਆਸਤਾਂ ਦੀ ਸੀ ਜਿਨ੍ਹਾਂ ਦੀ ਗਿਣਤੀ 562 ਸੀ। ਜਿਨ੍ਹਾਂ ਉੱਤੇ ਭਾਰਤੀ ਰਾਜੇ ਰਾਜ ਕਰਦੇ ਸਨ। 1947 ਈ. ਦੇ ਐਕਟ ਅਨੁਸਾਰ ਇਹਨਾਂ ਰਿਆਸਤਾਂ ਨੂੰ ਅਧਿਕਾਰ ਪ੍ਰਾਪਤ ਸੀ ਕਿ ਉਹ ਆਪਣੀ ਸੁਤੰਤਰ ਸੱਤਾ ਬਰਕਰਾਰ ਰੱਖ ਸਕਦੀਆਂ ਸਨ ਜਾਂ ਕਿਸੇ ਰਾਜ ਵਿੱਚ (ਭਾਰਤ ਜਾਂ ਪਾਕਿਸਤਾਨ) ਆਪਣੀ ਇੱਛਾ ਅਨੁਸਾਰ ਸ਼ਾਮਲ ਹੋ ਸਕਦੀਆਂ ਸਨ। ਇਸ ਕਰਕੇ ਇਹਨਾਂ ਦੇਸੀ ਰਿਆਸਤਾਂ ਦੇ ਰਾਜੇ ਵੀ ਸੁਤੰਤਰ ਰਹਿਣਾ ਪਸੰਦ ਕਰਦੇ ਸਨ। ਪਰੰਤੂ ਸੁਤੰਤਰ ਭਾਰਤ ਦੇ ਪਹਿਲੇ ਗ੍ਰਹਿ-ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ ਬੜੀ ਸਿਆਣਪ ਨਾਲ ਸਾਰੀਆਂ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਲਈ ਰਜ਼ਾਮੰਦ ਕਰ ਲਿਆ। ਇਹਨਾਂ ਵਿੱਚੋਂ ਛੋਟੀਆਂ ਰਿਆਸਤਾਂ ਨੂੰ ਪ੍ਰਾਂਤਾਂ ਵਿੱਚ ਮਿਲਾ ਦਿੱਤਾ ਗਿਆ। ਕੁਝ ਹੋਰ ਰਿਆਸਤਾਂ ਜਿਹੜੀਆਂ ਸਭਿਆਚਾਰਕ ਪੱਖੋਂ ਇੱਕ ਦੂਜੀ ਨਾਲ ਮਿਲਦੀਆਂ ਸਨ ਅਤੇ ਜਿਨ੍ਹਾਂ ਦੀਆਂ ਹੱਦਾਂ ਵੀ ਇੱਕ ਦੂਜੀ ਨਾਲ ਲੱਗਦੀਆਂ ਸਨ ਨੂੰ ਇਕੱਠਾ ਕਰਕੇ ਰਾਜ ਬਣਾ ਦਿੱਤੇ ਗਏ ਜਿਵੇਂ ਕਿ ਕਾਠੀਆਵਾੜ ਦੀਆਂ ਰਿਆਸਤਾਂ ਨਾਲ ਸੌਰਾਸ਼ਟਰ, ਪਟਿਆਲਾ, ਨਾਭਾ, ਫ਼ਰੀਦਕੋਟ, ਜੀਂਦ ਅਤੇ ਮਲੇਰਕੋਟਲਾ ਰਿਆਸਤਾਂ ਨੂੰ ਇਕੱਠਾ ਕਰਕੇ ਪੈਪਸੂ ਰਾਜ ਬਣਾਇਆ ਗਿਆ।



*ਸਰਦਾਰ ਵੱਲਭ ਭਾਈ ਪਟੇਲ*

ਹੈਦਰਾਬਾਦ ਰਿਆਸਤ ਦੇ ਨਿਜ਼ਾਮ ਉਸਮਾਨ ਅਲੀਖਾਨ ਨੇ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਲਈ 13 ਸਤੰਬਰ 1948 ਈ. ਨੂੰ ਹੈਦਰਾਬਾਦ ਵਿੱਚ ਭਾਰਤੀ ਪੁਲਿਸ ਭੇਜੀ ਗਈ। ਸਿੱਟੇ ਵੱਜੋਂ 17 ਸਤੰਬਰ 1948 ਈ. ਨੂੰ ਹੈਦਰਾਬਾਦ ਦੀ ਰਿਆਸਤ ਨੂੰ ਵੀ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ।

ਇਸੇ ਤਰ੍ਹਾਂ ਜੂਨਾਗੜ੍ਹ ਰਿਆਸਤ ਦਾ ਨਵਾਬ ਪਾਕਿਸਤਾਨ ਵਿੱਚ ਸ਼ਾਮਲ ਹੋਣਾ ਚਾਹੁੰਦਾ ਸੀ। ਪਰੰਤੂ 20 ਫਰਵਰੀ, 1948 ਈ. ਨੂੰ ਜਨਮਤ ਸੰਗ੍ਰਹਿ ਹੋਇਆ ਜਿਸ ਵਿੱਚ ਜਨਤਾ ਨੇ ਭਾਰਤ ਨਾਲ ਮਿਲਣ ਦੀ ਇੱਛਾ ਪ੍ਰਗਟ ਕੀਤੀ। ਇਸ ਕਰਕੇ ਜੂਨਾਗੜ੍ਹ ਰਿਆਸਤ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ।

ਇਸੇ ਤਰ੍ਹਾਂ ਕਸ਼ਮੀਰ ਰਿਆਸਤ ਦਾ ਰਾਜਾ ਵੀ ਸੁਤੰਤਰ ਰਹਿਣਾ ਚਾਹੁੰਦਾ ਸੀ। ਪਰੰਤੂ ਪਾਕਿਸਤਾਨ ਕਸ਼ਮੀਰ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਕਸ਼ਮੀਰ ਦੇ ਸ਼ਾਸਕ ਨੇ ਭਾਰਤ ਤੋਂ ਸਹਾਇਤਾ ਮੰਗੀ ਅਤੇ ਆਪਣੇ ਰਾਜ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰਨ ਲਈ ਬੇਨਤੀ ਕੀਤੀ। ਭਾਰਤ ਸਰਕਾਰ ਨੇ ਕਸ਼ਮੀਰ ਦੇ ਸ਼ਾਸਕ ਦੀ ਬੇਨਤੀ ਮਨਜ਼ੂਰ ਕਰ ਲਈ ਅਤੇ ਭਾਰਤੀ ਸੈਨਾ ਕਸ਼ਮੀਰ ਪਹੁੰਚ ਗਈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਯੁੱਧ ਹੋਇਆ, ਪਰੰਤੂ ਪਾਕਿਸਤਾਨ ਨੇ ਕਸ਼ਮੀਰ ਦੇ ਕਾਫ਼ੀ ਹਿੱਸੇ ਤੇ ਕਬਜ਼ਾ ਕਰ ਲਿਆ।

ਭਾਰਤੀ ਸਰਕਾਰ ਨੇ ਛੋਟੇ ਰਾਜਾਂ ਨੂੰ ਨਾਲ ਲੱਗਦੇ ਰਾਜਾਂ ਵਿੱਚ ਮਿਲਾ ਦਿੱਤਾ। ਬੜੌਦਾ ਬੰਬਈ (ਮੁੰਬਈ) ਪ੍ਰਾਂਤ ਵਿੱਚ ਸ਼ਾਮਲ ਕਰ ਦਿੱਤਾ। ਕਈ ਛੋਟੇ-ਛੋਟੇ ਰਾਜਾਂ ਨੂੰ ਇਕੱਠਾ ਕਰਕੇ ਏਕੀਕ੍ਰਿਤ ਰਾਜ ਦੀ ਸਥਾਪਨਾ ਕੀਤੀ ਗਈ।

ਮਾਰਚ 1948 ਈ. ਵਿੱਚ ਭਰਤਪੁਰ, ਧੌਲਪੁਰ, ਅਲਵਰ ਅਤੇ ਕਰੌਲੀ ਆਦਿ ਰਿਆਸਤਾਂ ਨੂੰ ਇਕੱਠਾ ਕਰਕੇ ਇਕ ਸੰਘ ਬਣਾਇਆ ਗਿਆ। ਇਸ ਤੋਂ ਪਿੱਛੋਂ ਰਾਜਸਥਾਨ ਸੰਘ ਵੀ ਬਣਾਇਆ ਗਿਆ ਜਿਸ ਵਿੱਚ ਬੂੰਦੀ, ਤਲਵਾੜਾ, ਪ੍ਰਤਾਪ ਗੜ੍ਹ, ਸ਼ਾਹਪੁਰਾ, ਬਾਂਸਵਾੜਾ, ਕੋਟਾ, ਕਿਸ਼ਨਗੜ੍ਹ ਆਦਿ ਰਿਆਸਤਾਂ ਸ਼ਾਮਲ ਕੀਤੀਆਂ ਗਈਆਂ।

## ਫਰਾਂਸੀਸੀ ਅਤੇ ਪੁਰਤਗਾਲੀਆਂ ਅਧੀਨ ਭਾਰਤੀ ਖੇਤਰਾਂ ਨੂੰ ਆਜ਼ਾਦ ਕਰਾਉਣਾ

ਭਾਰਤ ਦੇ ਗੋਆ, ਦਮਨ ਅਤੇ ਦਿਉ ਇਲਾਕਿਆਂ ਵਿੱਚ ਪੁਰਤਗਾਲੀ ਰਾਜ ਕਰਦੇ ਸਨ। ਇਸੇ ਤਰ੍ਹਾਂ ਪਾਂਡਿਚੇਰੀ, ਚੰਦਰਨਗਰ ਅਤੇ ਮਾਹੀ ਦੇ ਇਲਾਕਿਆਂ ਉੱਤੇ ਫਰਾਂਸੀਸੀ ਰਾਜ ਕਰਦੇ ਸਨ। 1954 ਈ. ਵਿੱਚ ਫਰਾਂਸ ਨੇ ਆਪਣੇ ਭਾਰਤੀ ਖੇਤਰ ਭਾਰਤ ਦੇ ਹਵਾਲੇ ਕਰ ਦਿੱਤੇ ਪਰੰਤੂ ਪੁਰਤਗਾਲੀਆਂ ਨੇ ਅਜਿਹਾ ਨਹੀਂ ਕੀਤਾ। ਇਸ ਲਈ ਭਾਰਤ ਸਰਕਾਰ ਨੂੰ ਪੁਰਤਗਾਲੀਆਂ ਵਿਰੁੱਧ ਸੈਨਿਕ ਕਾਰਵਾਈਆਂ ਕਰਨੀਆਂ ਪਈਆਂ। ਸਿੱਟੇ ਵਜੋਂ 20 ਦਸੰਬਰ, 1961 ਈ. ਨੂੰ ਗੋਆ, ਦਮਨ ਅਤੇ ਦਿਉ, ਦਾਦਰਾ ਅਤੇ ਨਗਰ ਹਵੇਲੀ ਪੁਰਤਗਾਲੀ ਬਸਤੀਆਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ। 30 ਮਈ 1987 ਈ. ਨੂੰ ਗੋਆ ਨੂੰ ਇੱਕ ਰਾਜ ਬਣਾ ਦਿੱਤਾ ਗਿਆ। ਦਮਨ ਅਤੇ ਦਿਉ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਾ ਦਰਜਾ ਦਿੱਤਾ ਗਿਆ।

## ਰਾਜਾਂ ਦਾ ਪੁਨਰਗਠਨ

ਅੰਗਰੇਜ਼ੀ ਰਾਜ ਸਮੇਂ ਹੀ ਭਾਰਤੀਆਂ ਨੇ ਭਾਸ਼ਾ ਅਤੇ ਸਭਿਆਚਾਰ ਦੇ ਆਧਾਰ ਤੇ ਰਾਜਾਂ ਦੇ ਪੁਨਰਗਠਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। ਭਾਰਤ ਸੁਤੰਤਰ ਹੋਣ ਪਿੱਛੋਂ ਤੇਲਗੂ ਭਾਸ਼ਾ ਬੋਲਦੇ ਇੱਕ ਰਾਮੁਲੂ ਨਾਂ ਦੇ ਵਿਅਕਤੀ ਨੇ ਭਾਸ਼ਾ ਦੇ ਆਧਾਰ ਤੇ ਰਾਜਾਂ ਦੇ ਪੁਨਰਗਠਨ ਦੀ ਮੰਗ ਪੂਰੀ ਕਰਵਾਉਣ ਲਈ ਮਰਨ ਵਰਤ ਰੱਖਿਆ, ਜਿਸ ਦੀ ਭੁੱਖ ਨਾਲ ਮੌਤ ਹੋ ਗਈ। ਇਸ ਲਈ ਸੰਵਿਧਾਨ ਵਿੱਚ ਸੋਧ ਕਰਕੇ ਤੇਲਗੂ ਭਾਸ਼ਾ ਬੋਲਣ ਵਾਲੇ ਖੇਤਰ ਨੂੰ ਮਦਰਾਸ ਤੋਂ ਵੱਖ ਕਰਕੇ ਉਸ ਦਾ ਨਾਂ ਆਂਧਰਾ ਪ੍ਰਦੇਸ਼ ਰੱਖ ਦਿੱਤਾ ਗਿਆ। ਇਸੇ ਤਰ੍ਹਾਂ ਬਾਕੀ ਰਾਜਾਂ ਦਾ ਪੁਨਰਗਠਨ ਕਰਨ ਲਈ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸ ਦੇ ਤਿੰਨ ਮੈਂਬਰ ਸਨ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਨਵੰਬਰ, 1956 ਈ. ਨੂੰ ਰਾਜਾਂ ਦਾ ਪੁਨਰਗਠਨ ਕਰਕੇ 6 ਕੇਂਦਰੀ ਸ਼ਾਸਤ ਪ੍ਰਦੇਸ਼ ਅਤੇ 14 ਰਾਜ ਬਣਾਏ ਗਏ।

# ਭਾਰਤ ਦੀ ਵਿਦੇਸ਼ ਨੀਤੀ

ਭਾਰਤ ਨੇ ਆਜ਼ਾਦੀ ਪ੍ਰਾਪਤ ਕਰਨ ਤੋਂ ਪਿੱਛੋਂ ਸ਼ਾਂਤਮਈ ਸਹਿਹੋਂਦ ਸਿਧਾਂਤ ਤੇ ਅਧਾਰਤ ਅਨੋਖੀ ਵਿਦੇਸ਼ੀ ਨੀਤੀ ਅਪਣਾਈ ਹੈ। ਭਾਰਤ ਸਾਰੇ ਸੰਸਾਰ ਦੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਸੁਤੰਤਰਤਾ ਦਾ ਸਤਿਕਾਰ ਕਰਦਾ ਹੈ। ਭਾਰਤ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਸਾਰੇ ਧਰਮਾਂ, ਰਾਸ਼ਟਰਾਂ ਅਤੇ ਜਾਤੀਆਂ ਦੇ ਲੋਕ ਬਰਾਬਰ ਹਨ। ਇਹ ਦੇਸ਼ ਉਹਨਾਂ ਦੇਸ਼ਾਂ ਦੇ ਵਿਰੁੱਧ ਸੀ, ਜਿਨ੍ਹਾਂ ਦੀ ਸਰਕਾਰ ਰੰਗ, ਜਾਤੀ ਜਾਂ ਸ਼੍ਰੇਣੀ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕਰਦੀ ਸੀ। ਉਦਾਹਰਣ ਦੇ ਤੌਰ ਤੇ ਭਾਰਤ ਦੱਖਣੀ ਅਫ਼ਰੀਕਾ ਦੀ ਸਰਕਾਰ ਦਾ ਅਫ਼ਰੀਕਾ ਦੇ ਮੂਲ ਨਿਵਾਸੀਆਂ ਅਤੇ ਏਸ਼ੀਆਈ ਲੋਕਾਂ ਨਾਲ ਭੇਦ-ਭਾਵ ਵਾਲਾ ਵਰਤਾਉ ਕਰਨ ਦਾ ਵਿਰੋਧ ਕਰਦਾ ਹੈ। ਭਾਰਤ ਇਸ ਵਿੱਚ ਵੀ ਵਿਸ਼ਵਾਸ ਕਰਦਾ ਹੈ ਕਿ ਸਾਰੇ ਅੰਤਰ ਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਸ਼ਾਂਤਮਈ ਢੰਗਾਂ ਨਾਲ ਕੀਤਾ ਜਾ ਸਕਦਾ ਹੈ।

## ਪੰਚਸ਼ੀਲ :

ਭਾਰਤ ਨੇ 1954 ਈ. ਵਿੱਚ ਚੀਨ ਦੇ ਪ੍ਰਧਾਨ ਮੰਤਰੀ ਚਾਉ-ਇਨ-ਲਾਈ ਨਾਲ ਇੱਕ ਸਮਝੌਤਾ ਕੀਤਾ। ਇਹ ਸਮਝੌਤਾ ਪੰਚਸ਼ੀਲ ਦੇ ਪੰਜ ਸਿਧਾਂਤਾਂ ਤੇ ਅਧਾਰਤ ਸੀ ਜਿਹੜੇ ਕਿ ਹੇਠ ਲਿਖੇ ਅਨੁਸਾਰ ਹਨ :

1. ਸ਼ਾਂਤਮਈ ਸਹਿ ਹੋਂਦ ਨੂੰ ਸਵੀਕਾਰ ਕਰਨਾ।
2. ਪਰਸਪਰ ਹਮਲਾ ਨਾ ਕਰਨਾ।

3. ਇੱਕ ਦੂਜੇ ਦੇ ਮਾਮਲਿਆਂ ਵਿੱਚ ਦਖਲ-ਅੰਦਾਜ਼ੀ ਨਾ ਕਰਨਾ।

4. ਆਪਸੀ ਸੰਬੰਧਾਂ ਵਿੱਚ ਸਮਾਨਤਾ ਅਤੇ ਪਰਸਪਰ ਲਾਭ ਪਹੁੰਚਾਉਣਾ।

5. ਹਰੇਕ ਦੇਸ਼ ਨੂੰ ਦੂਜੇ ਦੇਸ਼ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਆਦਰ ਕਰਨਾ।

• **ਬੰਦੂੰਗ ਕਾਨਫਰੰਸ** : 1955 ਈ. ਵਿੱਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇੰਡੋਨੇਸ਼ੀਆ ਵਿੱਚ ਬੰਦੂੰਗ ਵਿਖੇ ਐਫਰੋ-ਏਸ਼ੀਆਈ ਕਾਨਫਰੰਸ ਵਿੱਚ ਭਾਗ ਲਿਆ। ਇਸ ਵਿੱਚ ਚੀਨ ਦੇ ਚਾਉ-ਇਨ-ਲਾਈ ਅਤੇ ਇੰਡੋਨੇਸ਼ੀਆ ਦੇ ਸੁਕਾਰਨੋ, ਏਸ਼ੀਆ ਅਤੇ ਅਫ਼ਰੀਕਾ ਦੇ ਦੇਸ਼ਾਂ ਦੇ ਪ੍ਰਤੀਨਿੱਧਾਂ ਨੇ ਭਾਗ ਲਿਆ। ਇਸ ਕਾਨਫਰੰਸ ਵਿੱਚ ਪੰਚਸ਼ੀਲ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

• **ਗੁੱਟ-ਨਿਰਲੇਪ ਲਹਿਰ** : ਦੂਜੇ ਵਿਸ਼ਵ ਯੁੱਧ ਤੋਂ ਜਲਦੀ ਪਿੱਛੋਂ ਸੰਸਾਰ ਦੇ ਦੇਸ਼ ਇੱਕ ਦੂਜੇ ਦਾ ਵਿਰੋਧ ਕਰਨ ਦੇ ਅਧਾਰ ਤੇ ਦੋ ਗੁੱਟਾਂ ਵਿੱਚ ਵੰਡੇ ਗਏ। ਪਹਿਲਾ ਗੁੱਟ ਜਿਸ ਦਾ ਨੇਤਾ ਅਮਰੀਕਾ ਸੀ, ਨੂੰ ਪੱਛਮੀ ਬਲਾਕ ਕਿਹਾ ਜਾਂਦਾ ਸੀ। ਦੂਜਾ ਗੁੱਟ ਜਿਸ ਦਾ ਨੇਤਾ ਰੂਸ ਸੀ ਨੂੰ ਪੂਰਬੀ ਬਲਾਕ ਕਿਹਾ ਜਾਂਦਾ ਸੀ। ਦੋਹਾਂ ਗੁੱਟਾਂ ਵਿਚਕਾਰ ਭਿਆਨਕ ਸ਼ੀਤ ਯੁੱਧ ਹੋਇਆ। ਇਸ ਦੇ ਨਾਲ-ਨਾਲ ਸੈਨਿਕ ਸਮਝੌਤੇ ਅਤੇ ਸੰਧੀਆਂ ਜਿਵੇਂ ਕਿ ਦੱਖਣੀ-ਪੂਰਬੀ ਏਸ਼ੀਆ ਸੰਧੀ ਸੰਗਠਨ ਨੇ ਵੀ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੂੰ ਵੰਡ ਦਿੱਤਾ। ਭਾਰਤ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ।

ਇਸ ਲਈ ਭਾਰਤ ਨੇ ਦੂਜੇ ਦੇਸ਼ਾਂ ਨਾਲ ਮਿਲਕੇ ਗੁੱਟ-ਨਿਰਲੇਪ ਲਹਿਰ ਸ਼ੁਰੂ ਕੀਤੀ, ਜਿਸ ਦੇ ਪਿਤਾਮਾ ਪੰਡਤ ਜਵਾਹਰ ਲਾਲ ਨਹਿਰੂ, ਯੋਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਨੇਸਰ ਸਨ।

ਗੁੱਟ-ਨਿਰਲੇਪ ਲਹਿਰ 1961 ਈ. ਵਿੱਚ ਸ਼ੁਰੂ ਕੀਤੀ ਗਈ। ਇਹ ਪੰਚਸ਼ੀਲ ਸਿਧਾਂਤਾਂ ਤੇ ਅਧਾਰਤ ਸੀ। ਇਸ ਦੇ ਸਾਰੇ ਮੈਂਬਰ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ। ਇਸ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬੈੱਲਗ੍ਰੇਡ ਵਿੱਚ ਹੋਈ। ਸ਼ੁਰੂ ਵਿੱਚ ਇਸ ਦੇ 25 ਦੇਸ਼ ਮੈਂਬਰ ਸਨ। ਹੁਣ 100 ਤੋਂ ਵੱਧ ਦੇਸ਼ ਇਸ ਦੇ ਮੈਂਬਰ ਹਨ। ਭਾਰਤ ਹਮੇਸ਼ਾ ਇਸ ਦਾ ਬਹੁਤ ਜੋਸ਼ੀਲਾ ਮੈਂਬਰ ਰਿਹਾ ਹੈ।

• **ਸਾਰਕ** (SAARC) : 1985 ਈ. ਵਿੱਚ ਸਾਰਕ ਦੀ ਸਥਾਪਨਾ ਕੀਤੀ ਗਈ ਜਿਸ ਦਾ ਅਰਥ ਹੈ "ਪ੍ਰਦੇਸ਼ਿਕ ਸਹਿਯੋਗ ਲਈ ਦੱਖਣੀ ਏਸ਼ੀਆਈ ਸਭਾ" (South Asian Association for Regional Cooperation)। ਇਸ ਦਾ ਉਦੇਸ਼ ਦੱਖਣੀ ਏਸ਼ੀਆਈ ਦੇਸ਼ਾਂ ਵਿੱਚਕਾਰ ਸ਼ਾਂਤੀ ਅਤੇ ਆਰਥਿਕ ਸਹਿਯੋਗ ਉਤਪੰਨ ਕਰਨਾ। ਭਾਰਤ ਸਾਰਕ ਵਿੱਚ ਉਦਮੀ ਰੋਲ ਅਦਾ ਕਰ ਰਿਹਾ ਹੈ।

• **ਭਾਰਤ ਅਤੇ ਯੂ.ਐਨ.ਓ.** : ਭਾਰਤ ਯੂ.ਐਨ.ਓ. (United Nations Organisation)ਦੇ ਮੈਂਬਰ ਦੇਸ਼ਾਂ ਵਿੱਚੋਂ ਇੱਕ ਮੈਂਬਰ ਹੈ। ਇਸ ਦੀਆਂ ਸੈਨਾਵਾਂ ਨੇ ਕੋਰੀਆ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਯੂ.ਐਨ.ਓ. ਦੁਆਰਾ ਸ਼ਾਂਤੀ ਬਣਾਈ ਰੱਖਣ ਦੇ ਮਿਸ਼ਨਾਂ ਵਿੱਚ ਸੇਵਾ ਕੀਤੀ। ਭਾਰਤੀ ਲੋਕਾਂ ਨੇ ਯੂ.ਐਨ.ਓ. ਦੀਆਂ ਬਹੁਤ ਸਾਰੀਆਂ ਸੰਸਥਾਵਾਂ ਦੀ ਵੀ ਸੇਵਾ ਕੀਤੀ ਹੈ । ਭਾਰਤ ਸਿਕਿਉਰਿਟੀ ਕੌਂਸਿਲ ਦਾ ਵੀ ਮੈਂਬਰ ਹੈ। ਭਾਰਤ ਨੇ ਵੀ ਯੂ.ਐਨ.ਓ. ਤੋਂ ਬਹੁਤ ਸਹਾਇਤਾ ਪ੍ਰਾਪਤ ਕੀਤੀ ਹੈ।

## ਭਾਰਤ ਦੀਆਂ ਸਮਾਜਿਕ-ਆਰਥਿਕ ਸਮੱਸਿਆਵਾਂ

ਅੰਗਰੇਜ਼ਾਂ ਦੀਆਂ ਨੀਤੀਆਂ ਨੇ ਭਾਰਤ ਦੀ ਆਰਥਿਕ ਵਿਵਸਥਾ ਤੇ ਬਹੁਤ ਮਾੜਾ ਪ੍ਰਭਾਵ ਪਾਇਆ। ਇੱਥੋਂ ਤੱਕ ਕਿ ਹੁਣ ਵੀ ਭਾਰਤ ਬਹੁਤ ਸਾਰੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਜਿਹੜੀਆਂ ਕਿ ਭਾਰਤ ਦੀ ਉੱਨਤੀ ਅਤੇ ਵਿਕਾਸ ਦੇ ਰਾਹ ਵਿੱਚ ਰੁਕਾਵਟਾਂ ਹਨ। ਇਹ ਪ੍ਰਮੁੱਖ ਸਮੱਸਿਆਵਾਂ ਸੰਪ੍ਰਦਾਇਕਤਾ, ਜਾਤੀਵਾਦ, ਭਾਸ਼ਾਵਾਦ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਅਤੇ ਵੱਧਦੀ

ਆਬਾਦੀ ਆਦਿ ਹਨ।

• **ਸੰਪ੍ਰਦਾਇਕਤਾ :** ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਇੱਥੇ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਧਾਰਮਿਕ ਵਿਸ਼ਵਾਸ ਹਨ। ਇਹਨਾਂ ਲੋਕਾਂ ਨੇ ਫਿਰਕੂ ਦੰਗੇ ਫਸਾਦ ਉਤਪੰਨ ਕੀਤੇ ਹਨ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਸਰਕਾਰ ਨੂੰ ਕੁੱਝ ਘੱਟ ਗਿਣਤੀ ਵਾਲੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਲਈ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ 9 ਦਸੰਬਰ 2006 ਈ. ਨੂੰ ਭਾਸ਼ਣ ਵਿੱਚ ਕਿਹਾ ਸੀ "ਅਸੀਂ ਦੇਸ਼ ਦੇ ਵਿਕਾਸ ਦੇ ਫਲ ਦਾ ਬਣਦਾ ਹਿੱਸਾ ਘੱਟ ਗਿਣਤੀ ਲੋਕਾਂ ਨੂੰ ਦੇਣ ਲਈ ਯੋਜਨਾਵਾਂ ਵਿੱਚ ਤਬਦੀਲੀ ਕਰਨ ਦੀ ਯੋਜਨਾ ਬਣਾਵਾਂਗੇ।"

• **ਅਨਪੜ੍ਹਤਾ :** ਲਗਪਗ 230 ਮਿਲੀਅਨ ਤੋਂ ਵੱਧ ਭਾਰਤੀ ਲੋਕ ਅਨਪੜ੍ਹ ਹਨ। ਹਰੇਕ 100 ਇਸਤਰੀਆਂ ਵਿੱਚੋਂ 60 ਇਸਤਰੀਆਂ ਅਨਪੜ੍ਹ ਹਨ। ਅਨਪੜ੍ਹਤਾ ਬੇਰੁਜ਼ਗਾਰੀ ਪੈਦਾ ਕਰਦੀ ਹੈ ਜੋ ਕਿ ਗਰੀਬੀ ਦਾ ਕਾਰਣ ਬਣਦੀ ਹੈ। ਇੱਕ ਲੋਕਤੰਤਰ ਪ੍ਰਣਾਲੀ ਤਦ ਹੀ ਕਾਮਯਾਬ ਹੋਵੇਗੀ ਜੇਕਰ ਨਾਗਰਿਕ ਪੜ੍ਹੇ-ਲਿਖੇ ਹੋਣਗੇ। ਇੱਕ ਅਨਪੜ੍ਹ ਨਾਗਰਿਕ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਨਹੀਂ ਹੋ ਸਕਦਾ।

ਭਾਰਤ ਸਰਕਾਰ ਦੇਸ਼ ਵਿੱਚੋਂ ਅਨਪੜ੍ਹਤਾ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਸਾਡੇ ਸੰਵਿਧਾਨ ਵਿੱਚ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇਣ ਦਾ ਸੁਝਾਅ ਦਰਜ਼ ਹੈ। ਭਾਰਤ ਸਰਕਾਰ ਆਪਣੇ ਦੇਸ਼ ਦੇ ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫ਼ਾ ਦਿੰਦੀ ਹੈ।

ਭਾਰਤ ਸਰਕਾਰ ਬਾਲਗ ਸਿੱਖਿਆ ਪ੍ਰੋਗਰਾਮਾਂ ਨੂੰ ਵੀ ਆਯੋਜਿਤ ਕਰਦੀ ਹੈ। 2 ਅਕਤੂਬਰ, 1978 ਈ. ਨੂੰ ਰਾਸ਼ਟਰੀ ਬਾਲਗ ਸਿੱਖਿਆ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। 1988 ਈ. ਵਿੱਚ ਰਾਸ਼ਟਰੀ ਸਾਖਰਤਾ ਮਿਸ਼ਨ ਸ਼ੁਰੂ ਕੀਤਾ ਗਿਆ ਸੀ। ਦੇਸ਼ ਦੇ ਬਹੁਤ ਸਾਰੇ ਭਾਗਾਂ ਵਿੱਚ ਬਾਲਗ ਸਿੱਖਿਆ ਕੇਂਦਰ ਸਥਾਪਤ ਕੀਤੇ ਗਏ। ਅਨਪੜ੍ਹ ਬਾਲਗਾਂ ਦੇ ਫਾਇਦੇ ਲਈ ਆਲ ਇੰਡੀਆ ਰੇਡੀਓ ਅਤੇ ਟੈਲੀਵੀਜ਼ਨ ਦੁਆਰਾ ਲਗਾਤਾਰ ਸਿੱਖਿਅਕ ਪ੍ਰੋਗਰਾਮ ਪ੍ਰਸਾਰਤ ਕੀਤੇ ਜਾਂਦੇ ਹਨ। ਇਹਨਾਂ ਸਾਰਿਆਂ ਦਾ ਉਦੇਸ਼ ਹੈ ਹਰੇਕ ਨਾਗਰਿਕ ਨੂੰ ਪੜ੍ਹਿਆ-ਲਿਖਿਆ ਬਣਾਉਣਾ।

• **ਜਾਤੀਵਾਦ :** ਜਾਤੀਵਾਦ ਦੀ ਸਮੱਸਿਆ ਸਾਡੀ ਰਾਸ਼ਟਰੀ ਏਕਤਾ ਲਈ ਇੱਕ ਹੋਰ ਸਮੱਸਿਆ ਬਣੀ ਹੋਈ ਹੈ। ਉੱਚ ਜਾਤੀ ਦੇ ਲੋਕ ਹਮੇਸ਼ਾਂ ਨੀਵੀਂ ਜਾਤੀ ਦੇ ਲੋਕਾਂ ਨੂੰ ਘਟੀਆ ਨਜ਼ਰਾਂ ਨਾਲ ਦੇਖਦੇ ਹਨ। ਸੰਵਿਧਾਨ ਦੀ 17ਵੀਂ ਧਾਰਾ ਤਹਿਤ ਕਿਸੇ ਵੀ ਰੂਪ ਵਿੱਚ ਛੂਤ-ਛਾਤ ਕਰਨ ਦੀ ਮਨਾਹੀ ਕੀਤੀ ਗਈ ਹੈ।

• **ਭਾਸ਼ਾਵਾਦ :** ਸਾਡੇ ਦੇਸ਼ ਵਿੱਚ ਅਲੱਗ-ਅਲੱਗ ਭਾਸ਼ਾਵਾਂ ਬੋਲਣ ਵਾਲੇ ਲੋਕ ਰਹਿੰਦੇ ਹਨ। ਹਰੇਕ ਇਲਾਕੇ ਦੇ ਵਿਅਕਤੀ ਆਪਣੀ ਭਾਸ਼ਾ ਨੂੰ ਦੂਜੀ ਭਾਸ਼ਾ ਨਾਲੋਂ ਵਧੀਆ ਸਮਝਦੇ ਹਨ। ਪਰੰਤੂ ਸਾਨੂੰ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

• **ਗਰੀਬੀ ਦੀ ਸਮੱਸਿਆ :** ਗਰੀਬੀ ਦੀ ਸਮੱਸਿਆ ਭਾਰਤ ਦੀ ਉੱਨਤੀ ਦੇ ਰਾਹ ਵਿੱਚ ਇੱਕ ਬੜੀ ਵੱਡੀ ਰੁਕਾਵਟ ਹੈ। ਗਰੀਬੀ ਦੇ ਮੁੱਖ ਕਾਰਨ ਵੱਧਦੀ ਆਬਾਦੀ, ਘੱਟ ਖੇਤੀ ਉਤਪਾਦਨ ਅਤੇ ਬੇਰੁਜ਼ਗਾਰੀ ਹਨ।

• **ਬੇਰੁਜ਼ਗਾਰੀ ਦੀ ਸਮੱਸਿਆ :** ਸਾਡੇ ਦੇਸ਼ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਭਾਰਤ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਲਈ ਸੇਵਾ-ਮੁਕਤ ਫੌਜੀਆਂ, ਪੜ੍ਹੇ-ਲਿਖੇ ਬੇਰੁਜ਼ਗਾਰਾਂ ਆਦਿ ਨੂੰ ਕਰਜ਼ੇ ਦੇ ਕੇ ਉਹਨਾਂ ਨੂੰ ਆਪਣੇ ਕਾਰੋਬਾਰ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਸਹਾਇਕ ਕਿੱਤਿਆਂ ਜਿਵੇਂ ਮੱਝਾਂ, ਮੁਰਗੀਆਂ, ਸੂਰ, ਸ਼ਹਿਦ ਦੀਆਂ ਮੱਖੀਆਂ ਆਦਿ ਪਾਲਣ ਲਈ ਸਿਖਲਾਈ ਅਤੇ ਕਰਜ਼ੇ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

• **ਮਹਿੰਗਾਈ ਦੀ ਸਮੱਸਿਆ :** ਅੱਜ ਮਹਿੰਗਾਈ ਇੱਕ ਵਿਸ਼ਵ ਵਿਆਪੀ ਸਮੱਸਿਆ ਹੈ। ਪਰੰਤੂ ਇਸ ਨੇ ਭਾਰਤ

ਵਿੱਚ ਵਿਕਰਾਲ ਰੂਪ ਧਾਰਿਆ ਹੋਇਆ ਹੈ। ਹਰ ਰੋਜ਼ ਕੀਮਤਾਂ ਵੱਧ ਰਹੀਆਂ ਹਨ। ਇਸ ਲਈ ਇਸ ਤੇ ਕਾਬੂ ਪਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਵਿੱਚ ਅਜਿਹੀਆਂ ਯੋਜਨਾਵਾਂ ਚਾਲੂ ਕੀਤੀਆਂ ਜਾਣ, ਜਿਹੜੀਆਂ ਆਮ ਲੋਕਾਂ ਲਈ ਲਾਭਦਾਇਕ ਹੋਣ।

• **ਵੱਧਦੀ ਆਬਾਦੀ** : ਅੱਜ ਭਾਰਤ ਨੂੰ ਵੱਧਦੀ ਆਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਦੀ ਜਨ-ਸੰਖਿਆ ਬੜੀ ਤੇਜ਼ੀ ਨਾਲ ਵੱਧ ਰਹੀ ਹੈ ਕਿ ਸਰਕਾਰ ਨੂੰ ਇਸ ਵਾਧੇ ਨੂੰ ਰੋਕਣਾ ਮੁਸ਼ਕਲ ਹੋ ਗਿਆ ਹੈ।

ਵੱਧਦੀ ਵਸੋਂ ਗਰੀਬੀ, ਬੇਰੁਜ਼ਗਾਰੀ ਸਮੇਤ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਬਣਦੀ ਹੈ। ਸਰਕਾਰ ਦੀਆਂ ਸਾਰੀਆਂ ਵਿਕਾਸ ਦੀਆਂ ਸਕੀਮਾਂ ਵੱਧਦੀ ਵਸੋਂ ਕਾਰਨ ਫੇਲ੍ਹ ਹੋ ਜਾਂਦੀਆਂ ਹਨ।

ਵੱਧਦੀ ਵਸੋਂ ਤੋਂ ਪੈਦਾ ਹੋਈਆਂ ਸਮੱਸਿਆਵਾਂ ਦਾ ਹੱਲ ਸਰਕਾਰੀ ਪੱਧਰ ਤੇ ਕੀਤਾ ਜਾ ਰਿਹਾ ਹੈ। ਡਾਕਟਰੀ ਅਗਵਾਈ ਹੇਠ ਲੋਕਾਂ ਨੂੰ ਵੱਧਦੀ ਵਸੋਂ ਕਾਰਨ ਪਰਿਵਾਰ ਅਤੇ ਦੇਸ਼ ਲਈ ਪੈਦਾ ਹੁੰਦੇ ਸੰਕਟਾਂ ਤੋਂ ਵੀ ਜਾਣੂ ਕਰਵਾਇਆ ਜਾ ਰਿਹਾ ਹੈ।

## ਆਰਥਿਕ ਅਤੇ ਉਦਯੋਗਿਕ ਵਿਕਾਸ

ਭਾਰਤ ਦੀ ਵੰਡ ਨੇ ਇਸ ਲਈ ਆਰਥਿਕ ਸਮੱਸਿਆਵਾਂ ਪੈਦਾ ਕਰ ਦਿੱਤੀਆਂ। ਭਾਰਤ ਦਾ ਕਣਕ ਅਤੇ ਚਾਵਲਾਂ ਦਾ ਬਹੁਤ ਵੱਡਾ ਸਿੰਜਾਈ ਯੋਗ ਖੇਤੀ ਭੂਮੀ ਦਾ ਹਿੱਸਾ ਪਾਕਿਸਤਾਨ ਦੇ ਹਿੱਸੇ ਵਿੱਚ ਆ ਗਿਆ। ਇਸ ਕਰਕੇ ਭਾਰਤ ਵਿੱਚ ਅਨਾਜ ਦੀ ਕਮੀ ਪੈਦਾ ਹੋ ਗਈ। ਇਸੇ ਤਰ੍ਹਾਂ ਪਟਸਨ ਅਤੇ ਕਪਾਹ ਉਗਾਉਣ ਵਾਲੇ ਕਈ ਏਕੜ ਖੇਤਰ ਪਾਕਿਸਤਾਨ ਦੇ ਹਿੱਸੇ ਆ ਗਏ। ਇਸ ਕਰਕੇ ਭਾਰਤ ਦੇ ਪਟਸਨ ਅਤੇ ਕੱਪੜਾ ਉਦਯੋਗ ਲਈ ਕੱਚੇ ਮਾਲ ਦੀ ਕਮੀ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਨੇ ਆਰਥਿਕ ਵਿਵਸਥਾ ਨੂੰ ਸੁਧਾਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ। 1950 ਈ. ਵਿੱਚ ਭਾਰਤੀ ਸਰਕਾਰ ਨੇ ਯੋਜਨਾ ਕਮਿਸ਼ਨ ਸਥਾਪਤ ਕੀਤਾ।

**ਖੇਤੀ** : ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਸਾਡੀ ਖੇਤੀ ਯੋਗ ਭੂਮੀ ਦੇ 75% ਭਾਗ ਤੇ ਖੁਰਾਕ ਫਸਲਾਂ ਬੀਜੀਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਚਾਵਲ, ਕਣਕ, ਮੱਕੀ, ਸਰ੍ਹੋਂ, ਮੂੰਗਫਲੀ, ਗੰਨਾ ਆਦਿ ਮਹੱਤਵਪੂਰਨ ਖੁਰਾਕ ਫਸਲਾਂ ਹਨ। ਭਾਰਤ ਨੇ ਖੇਤੀ-ਬਾੜੀ ਦਾ ਵਿਕਾਸ ਕਰਨ ਲਈ ਕਈ ਮੁੱਖ ਦਰਿਆਵਾਂ 'ਤੇ ਬੰਨ੍ਹ ਬਣਾਏ ਹਨ । ਜਿਵੇਂ ਕਿ ਭਾਖੜਾ ਨੰਗਲ ਪ੍ਰੋਜੈਕਟ, ਦਾਮੋਦਰ ਘਾਟੀ ਪ੍ਰੋਜੈਕਟ, ਹਰੀਕੇ ਪ੍ਰੋਜੈਕਟ, ਤੁੰਗਭਦਰਾ ਪ੍ਰੋਜੈਕਟ ਅਤੇ ਨਾਗਾਰਜੁਨਾ ਸਾਗਰ ਪ੍ਰੋਜੈਕਟ ਆਦਿ।

ਸਰਕਾਰ ਕਿਸਾਨਾਂ ਨੂੰ ਖੇਤੀ ਕਰਨ ਦੇ ਨਵੇਂ ਢੰਗ, ਵਧੀਆ ਕਿਸਮ ਦੇ ਬੀਜ ਅਤੇ ਖਾਦਾਂ ਭੇਜਦੀ ਹੈ। ਗਰੀਬ ਕਿਸਾਨਾਂ ਨੂੰ ਬੈਂਕਾਂ ਦੁਆਰਾ ਕਰਜ਼ੇ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਨਾਲ ਸਰਕਾਰ ਕਿਸਾਨਾਂ ਦੀ ਹਾਲਤ ਸੁਧਾਰਨ ਦਾ ਯਤਨ ਕਰ ਰਹੀ ਹੈ।

**ਉਦਯੋਗ** : ਆਜ਼ਾਦੀ ਦੀ ਪ੍ਰਾਪਤੀ ਪਿੱਛੋਂ ਭਾਰਤ ਨੇ ਆਪਣੇ ਉਦਯੋਗਿਕ ਖੇਤਰ ਦਾ ਵਿਸਥਾਰ ਕਰਨਾ ਸ਼ੁਰੂ ਕੀਤਾ। ਇੰਜਨੀਅਰਿੰਗ ਦਾ ਸਾਜੋ-ਸਮਾਨ, ਬਿਜਲੀ ਦਾ ਸਮਾਨ, ਕੰਪਿਊਟਰ ਅਤੇ ਕੰਪਿਊਟਰ ਨਾਲ ਸੰਬੰਧਤ ਸਮਾਨ, ਦਵਾਈਆਂ ਬਣਾਉਣ ਅਤੇ ਖੇਤੀ ਕਰਨ ਦੇ ਸੰਦ ਜਿਵੇਂ ਕਿ ਟਰੈਕਟਰ ਆਦਿ ਬਣਾਉਣ ਦੇ ਨਵੇਂ ਕਾਰਖਾਨੇ ਸ਼ੁਰੂ ਕੀਤੇ ਗਏ। ਭਾਰਤ ਵਿੱਚ ਬਹੁਤ ਸਾਰੀਆਂ ਵਿਦੇਸ਼ੀ ਕੰਪਨੀਆਂ ਨੇ ਵੱਡੀਆਂ-ਵੱਡੀਆਂ ਫੈਕਟਰੀਆਂ ਸਥਾਪਤ ਕਰ ਲਈਆਂ ਹਨ। ਇਹ ਫੈਕਟਰੀਆਂ ਭਾਰਤ ਦੇ ਬਹੁਤ ਸਾਰੇ ਨਿਪੁੰਨ ਅਤੇ ਅਰਧ-ਨਿਪੁੰਨ ਕਾਮਿਆਂ ਨੂੰ ਰੁਜ਼ਗਾਰ ਦਿੰਦੀਆਂ ਹਨ।

## ਭਾਰਤ ਦੇ ਦੂਜੇ ਦੇਸ਼ਾਂ ਨਾਲ ਸੰਬੰਧ

ਭਾਰਤ ਸੰਸਾਰ ਦੇ ਸਾਰੇ ਦੇਸ਼ਾਂ ਖਾਸ ਕਰਕੇ ਆਪਣੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾ ਪੂਰਨ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਰਤ ਅੰਤਰ-ਰਾਸ਼ਟਰੀ ਕਾਨੂੰਨਾਂ ਅਤੇ ਰਸਮਾਂ-ਰਿਵਾਜਾਂ ਦਾ ਸਤਿਕਾਰ ਕਰਦਾ ਹੈ। ਇਹ ਚਾਹੁੰਦਾ ਹੈ ਕਿ ਅੰਤਰ-ਰਾਸ਼ਟਰੀ ਝਗੜਿਆਂ ਨੂੰ ਸ਼ਾਂਤਮਈ ਢੰਗ ਨਾਲ ਹੱਲ ਕੀਤਾ ਜਾਵੇ।

**ਭਾਰਤ ਅਤੇ ਪਾਕਿਸਤਾਨ :** ਪਾਕਿਸਤਾਨ ਸਾਡੇ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਇਸ ਨਾਲ ਆਪਣੇ ਮਿੱਤਰਤਾਪੂਰਨ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੇਸੀ ਰਿਆਸਤ ਕਸ਼ਮੀਰ ਦਾ ਭਾਰਤ ਨਾਲ ਏਕੀਕਰਣ ਕਰਨ ਨੂੰ ਪਾਕਿਸਤਾਨ ਦੁਆਰਾ ਮਾਨਤਾ ਨਹੀਂ ਦਿੱਤੀ ਗਈ ਸੀ। ਕਸ਼ਮੀਰ ਮਸਲੇ ਕਾਰਨ ਭਾਰਤ ਨੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਅਤੇ ਕਈ ਛੋਟੇ-ਮੋਟੇ ਯੁੱਧ ਲੜੇ ਹਨ। ਉਹਨਾਂ ਵਿੱਚੋਂ 1999 ਈ. ਵਿੱਚ ਕਾਰਗਿਲ ਦਾ ਯੁੱਧ ਬਹੁਤ ਪ੍ਰਸਿੱਧ ਹੈ।

1971 ਈ. ਵਿੱਚ ਭਾਰਤ-ਪਾਕਿਸਤਾਨ ਯੁੱਧ ਬਾਅਦ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾਗਾਂਧੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜੁਲਫਿਕਾਰ ਅਲੀ ਭੁੱਟੋ ਵਿਚਕਾਰ 1972 ਈ. ਵਿੱਚ ਸ਼ਿਮਲੇ ਵਿੱਚ ਸਮਝੌਤਾ ਹੋਇਆ। ਇਸ ਸਮਝੌਤੇ ਦਾ ਉਦੇਸ਼ ਭਾਰਤ-ਪਾਕਿਸਤਾਨ ਵਿਚਕਾਰ ਸਾਰੇ ਝਗੜਿਆਂ ਦਾ ਸ਼ਾਂਤੀਪੂਰਵਕ ਹੱਲ ਕਰਨਾ ਸੀ। ਇਸੇ ਉਦੇਸ਼ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵਿਚਕਾਰ ਲਾਹੌਰ ਵਿਖੇ ਸਮਝੌਤਾ ਹੋਇਆ। ਹੁਣ ਤੋਂ ਥੋੜ੍ਹੇ ਸਾਲ ਪਹਿਲਾਂ ਹੀ ਦੋਹਾਂ ਦੇਸ਼ਾਂ ਵਿੱਚਕਾਰ ਬੱਸ ਅਤੇ ਰੇਲ ਸਰਵਿਸ ਸ਼ੁਰੂ ਕੀਤੀ ਗਈ ਹੈ। ਇਸ ਸਰਵਿਸ ਦੁਆਰਾ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤਾਨਾ ਸਬੰਧ ਕਾਇਮ ਹੋਏ ਹਨ।

**ਭਾਰਤ ਅਤੇ ਚੀਨ :** ਪ੍ਰਾਚੀਨ ਕਾਲ ਤੋਂ ਹੀ ਭਾਰਤ ਅਤੇ ਚੀਨ ਦੇ ਮਿੱਤਰਤਾਪੂਰਵਕ ਸਬੰਧ ਬਣੇ ਹੋਏ ਹਨ। ਵਪਾਰ ਅਤੇ ਬੁੱਧ ਧਰਮ ਕਾਰਨ ਇਹ ਦੋਵੇਂ ਦੇਸ਼ ਇਕੱਠੇ ਰਹੇ ਹਨ। 1949 ਈ. ਵਿੱਚ ਜਦੋਂ ਚੀਨ ਵਿੱਚ ਕਮਿਊਨਿਸਟ ਕ੍ਰਾਂਤੀ ਆਈ ਤਾਂ ਨਵੀਂ ਸਰਕਾਰ ਨੂੰ ਮਾਨਤਾ ਦੇਣ ਵਾਲੇ ਦੇਸ਼ਾਂ ਵਿੱਚੋਂ ਭਾਰਤ ਪਹਿਲਾ ਦੇਸ਼ ਸੀ। ਭਾਰਤ ਨੇ ਯੂ.ਐਨ.ਓ. ਦੇ ਮੈਂਬਰ ਵਜ਼ੋਂ ਚੀਨ ਦੀ ਹਮਾਇਤ ਕੀਤੀ। 1962 ਈ. ਵਿੱਚ ਸਰਹੱਦੀ ਝਗੜਿਆਂ ਕਾਰਨ ਭਾਰਤ ਅਤੇ ਚੀਨ ਵਿਚਕਾਰ ਇੱਕ ਯੁੱਧ ਹੋਇਆ ਸੀ। ਇਸ ਯੁੱਧ ਪਿੱਛੋਂ ਕਈ ਸਾਲਾਂ ਤੱਕ ਇਹਨਾਂ ਦੋਹਾਂ ਦੇਸ਼ਾਂ ਦੇ ਸੰਬੰਧ ਮਿੱਤਰਤਾਪੂਰਨ ਨਹੀਂ ਰਹੇ ਸਨ। 1980 ਈ. ਵਿੱਚ ਭਾਰਤ ਅਤੇ ਚੀਨ ਦੇਸ਼ਾਂ ਦੇ ਸੰਬੰਧਾਂ ਵਿੱਚ ਸੁਧਾਰ ਆਇਆ। ਭਾਰਤ ਅਤੇ ਚੀਨ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਲਗਾਤਾਰ ਮੀਟਿੰਗਾਂ ਕਰਕੇ ਬਹੁਤ ਸਾਰੀਆਂ ਸਧਾਰਨ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

### ਭਾਰਤ ਦੇ ਅਮਰੀਕਾ ਨਾਲ ਸੰਬੰਧ

ਭਾਰਤ ਨਾਲ ਅਮਰੀਕਾ ਦੇ ਸੰਬੰਧ ਸਮਾਨ ਅਤੇ ਸਾਧਾਰਨ ਨਹੀਂ ਰਹੇ ਹਨ। ਇਹ ਕਿਸੇ ਸਮੇਂ ਚੰਗੇ ਅਤੇ ਕਿਸੇ ਸਮੇਂ ਮਾੜੇ ਰਹੇ। ਇਨ੍ਹਾਂ ਦੇਸ਼ਾਂ ਦੇ ਸੰਬੰਧ ਵਿਗੜਨ ਦੇ ਮੁੱਖ ਕਾਰਨ ਹੇਠ ਲਿਖੇ ਹਨ :

1. ਸੰਯੁਕਤ ਰਾਜ ਨੇ ਪਾਕਿਸਤਾਨ ਨੂੰ ਲੋੜ ਤੋਂ ਵੱਧ ਸੈਨਿਕ ਸਹਾਇਤਾ ਦੇਣੀ ਆਰੰਭ ਕਰ ਦਿੱਤੀ। ਭਾਰਤ ਨੇ ਇਸ ਦਾ ਕਰੜਾ ਵਿਰੋਧ ਕੀਤਾ, ਪਰ ਸੰਯੁਕਤ ਰਾਜ ਨੇ ਇਸਦੀ ਕੋਈ ਪਰਵਾਹ ਨਾ ਕੀਤੀ।
2. ਸੰਯੁਕਤ ਰਾਜ ਵੱਲੋਂ ਬਣਾਏ ਸੈਨਿਕ ਗੁੱਟਾਂ ਦਾ ਪਾਕਿਸਤਾਨ ਮੈਂਬਰ ਬਣਿਆ। ਪਰ ਭਾਰਤ ਨੇ ਇਹਨਾਂ ਗੁੱਟਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ।
3. 1971 ਈ. ਵਿੱਚ ਜਦੋਂ ਭਾਰਤ-ਪਾਕਿਸਤਾਨ ਯੁੱਧ ਹੋਇਆ ਅਤੇ ਬੰਗਲਾ ਦੇਸ਼ ਹੋਂਦ ਵਿੱਚ ਆਉਣ

ਲੱਗਾ ਤਾਂ ਸੰਯੁਕਤ ਰਾਜ ਨੇ ਯੁੱਧ ਦੌਰਾਨ ਪਾਕਿਸਤਾਨ ਦੇ ਹੱਕ ਵਿੱਚ ਦਖਲ ਦੇਣ ਦਾ ਯਤਨ ਕੀਤਾ, ਜਿਸ ਦਾ ਭਾਰਤ ਨੇ ਬਹੁਤ ਬੁਰਾ ਮਨਾਇਆ।

4. ਸੰਯੁਕਤ ਰਾਜ ਨੇ ਪਾਕਿਸਤਾਨ ਵਿੱਚ ਸੈਨਿਕ ਅੱਡੇ ਸਥਾਪਿਤ ਕੀਤੇ ਹਨ। ਹਿੰਦ ਮਹਾਂਸਾਗਰ ਵਿੱਚ ਡੀਗੋ-ਗਾਰਸ਼ੀਆ ਟਾਪੂ 'ਤੇ ਸੰਯੁਕਤ ਰਾਜ ਅਮਰੀਕਾ ਨੇ ਸੈਨਿਕ ਅੱਡੇ ਬਣਾਏ ਹਨ। ਭਾਰਤ ਆਪਣੀ ਸੁਰੱਖਿਆ ਕਾਰਨ ਇਨ੍ਹਾਂ ਅੱਡਿਆਂ ਦਾ ਸਖਤ ਵਿਰੋਧ ਕਰਦਾ ਹੈ।

5. ਭਾਰਤ ਅਤੇ ਸੰਯੁਕਤ ਰਾਜ ਦੇ ਪਰਮਾਣੂ ਸ਼ਕਤੀ ਬਾਰੇ ਮਤਭੇਦ ਹਨ। ਭਾਰਤ ਪਰਮਾਣੂ ਸ਼ਕਤੀ ਦਾ ਵਿਕਾਸ ਕਰ ਰਿਹਾ ਹੈ ਅਤੇ ਸੰਯੁਕਤ ਰਾਜ ਇਸ ਦਾ ਵਿਰੋਧ ਕਰਦਾ ਹੈ। ਸੰਯੁਕਤ ਰਾਜ ਨੇ ਭਾਰਤ ਨੂੰ ਪਰਮਾਣੂ ਈਂਧਨ ਦੇਣਾ ਬੰਦ ਕਰ ਦਿੱਤਾ ਹੈ।

6. ਭਾਰਤ ਨੇ ਪਰਮਾਣੂ ਗੈਰ-ਪਸਰਨ ਸੰਧੀ 'ਤੇ ਹਸਤਾਖਰ ਨਹੀਂ ਕੀਤੇ ਕਿਉਂਕਿ ਇਹ ਨੈਤਿਕਤਾ ਦੇ ਸਿਧਾਂਤਾਂ 'ਤੇ ਅਧਾਰਤ ਨਹੀਂ ਹੈ। ਇਹ ਸੰਧੀ ਵਿਤਕਰਾ ਕਰਦੀ ਹੈ। ਇਹ ਸ਼ਕਤੀ ਉਹਨਾਂ ਦੇਸ਼ਾਂ ਨੂੰ ਪਰਮਾਣੂ ਸ਼ਕਤੀ ਬਣਾਉਣ ਦੀ ਮਨਾਹੀ ਕਰਦੀ ਹੈ, ਜਿਨ੍ਹਾਂ ਪਾਸ ਪਰਮਾਣੂ ਸ਼ਕਤੀ ਨਹੀਂ ਹੈ। ਇਸ ਦੇ ਉਲਟ ਪਰਮਾਣੂ ਸ਼ਕਤੀ ਵਾਲੇ ਦੇਸ਼ਾਂ ਨੂੰ ਕੋਈ ਪਾਬੰਧੀ ਨਹੀਂ ਲਗਾਈ ਜਾਂਦੀ।

ਬਿਨਾਂ ਸ਼ੱਕ ਉਪਰੋਕਤ ਤੱਥਾਂ ਅਤੇ ਪ੍ਰਸਥਿਤੀਆਂ ਨੇ ਭਾਰਤ ਅਤੇ ਅਮਰੀਕਾ ਦੇ ਆਪਸੀ ਸੰਬੰਧਾਂ ਵਿੱਚ ਖਿੱਚੋਤਾਣ ਪੈਦਾ ਕੀਤੀ ਹੈ। ਪਰ ਇਸ ਦੇ ਬਾਵਜੂਦ ਵੀ ਦੋਹਾਂ ਦੇਸ਼ਾਂ ਦੇ ਸੰਬੰਧ ਜ਼ਿਆਦਾ ਖ਼ਰਾਬ ਨਹੀਂ ਹੋਏ। ਇਹਨਾਂ ਨੇ ਆਰਥਿਕ, ਤਕਨੀਕੀ, ਵਿਗਿਆਨਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਇੱਕ ਦੂਜੇ ਨੂੰ ਭਾਰੀ ਸਹਿਯੋਗ ਦਿੱਤਾ ਹੈ। 1993 ਵਿੱਚ ਬਿਲ ਕਲਿੰਟਨ ਦੇ ਰਾਸ਼ਟਰਪਤੀ ਬਣਨ ਨਾਲ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਆਪਸੀ ਸੰਬੰਧਾਂ ਵਿੱਚ ਸੁਧਾਰ ਹੋਇਆ। ਆਰਥਿਕ ਪੱਖੋਂ ਵੀ ਸੰਯੁਕਤ ਰਾਜ ਅਮਰੀਕਾ ਭਾਰਤ ਦੀ ਮਦਦ ਕਰਦਾ ਆ ਰਿਹਾ ਹੈ। ਸਾਨੂੰ ਨਿਕਟ ਭਵਿੱਖ ਵਿੱਚ ਹੋਰ ਵੀ ਚੰਗੇ ਸੰਬੰਧਾਂ ਦੀ ਆਸ ਹੈ।

## ਯਾਦ ਰੱਖਣ ਯੋਗ ਨੁਕਤੇ

1. ਭਾਰਤ ਦਾ ਸੰਵਿਧਾਨ 26 ਜਨਵਰੀ, 1950 ਈ. ਨੂੰ ਲਾਗੂ ਕੀਤਾ ਗਿਆ। ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤ ਦਾ ਪਹਿਲਾ ਰਾਸ਼ਟਰਪਤੀ ਬਣਾਇਆ ਗਿਆ।
2. ਭਾਰਤ ਦੇ ਪਹਿਲੇ ਗ੍ਰਹਿ-ਮੰਤਰੀ ਸਰਦਾਰ ਵੱਲਭ ਭਾਈ ਪਟੇਲ ਨੇ ਸਾਰੀਆਂ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਲਈ ਰਜ਼ਾਮੰਦ ਕਰ ਲਿਆ।
3. 17 ਸਤੰਬਰ, 1948 ਈ. ਨੂੰ ਹੈਦਰਾਬਾਦ ਦੀ ਰਿਆਸਤ ਨੂੰ ਪੁਲਿਸ ਭੇਜ ਕੇ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ।
4. 20 ਫਰਵਰੀ, 1948 ਈ. ਨੂੰ ਜਨਮਤ ਸੰਗ੍ਰਹਿ ਕਰਵਾ ਕੇ ਜੂਨਾਗੜ੍ਹ ਰਿਆਸਤ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ।
5. ਰਾਜਾਂ ਦਾ ਪੁਨਰਗਠਨ ਕਰਨ ਲਈ ਨਿਯੁਕਤ ਕੀਤੇ ਗਏ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਨਵੰਬਰ, 1956 ਈ. ਵੀ ਰਾਜਾਂ ਦਾ ਪੁਨਰਗਠਨ ਕਰਕੇ 6 ਕੇਂਦਰੀ ਸ਼ਾਸਤ ਪ੍ਰਦੇਸ਼ ਅਤੇ 14 ਰਾਜ ਬਣਾਏ ਗਏ।

6. 20 ਦਸੰਬਰ, 1961 ਈ. ਨੂੰ ਗੋਆ, ਦਮਨ ਅਤੇ ਦਿਉ, ਦਾਦਰਾ ਅਤੇ ਨਗਰ ਹਵੇਲੀ ਆਦਿ ਪੁਰਤਗਾਲੀ ਬਸਤੀਆਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰ ਲਿਆ ਗਿਆ।
7. ਗੁੱਟ-ਨਿਰਲੇਪ ਲਹਿਰ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬਲਗ੍ਰੇਡ ਵਿੱਚ ਹੋਈ। ਸ਼ੁਰੂ ਵਿੱਚ ਹੋਈ। ਸ਼ੁਰੂ ਵਿੱਚ ਇਸ ਦੇ 25 ਮੈਂਬਰ ਸਨ ਅਤੇ ਹੁਣ 100 ਤੋਂ ਵੱਧ ਦੇਸ਼ ਇਸ ਦੇ ਮੈਂਬਰ ਹਨ।
8. ਸਾਰਕ ਦੀ ਸਥਾਪਨਾ 1985 ਈ. ਵਿੱਚ ਹੋਈ।
9. 1993 ਵਿੱਚ ਬਿਲ ਕਲਿੰਟਨ ਦੇ ਰਾਸ਼ਟਰਪਤੀ ਬਣਨ ਨਾਲ ਭਾਰਤ ਅਤੇ ਸੰਯੁਕਤ ਰਾਜ ਦੇ ਆਪਸੀ ਸਬੰਧਾਂ ਵਿੱਚ ਸੁਧਾਰ ਹੋਇਆ।

## ਅਭਿਆਸ

### 1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

1. ਸੰਵਿਧਾਨ ਸਭਾ ਦੀ ਸਥਾਪਨਾ ਕਦੋਂ ਹੋਈ ਅਤੇ ਇਸ ਦੇ ਕਿੰਨੇ ਮੈਂਬਰ ਸਨ ?
2. ਭਾਰਤੀ ਸੰਵਿਧਾਨ ਕਦੋਂ ਪਾਸ ਅਤੇ ਲਾਗੂ ਹੋਇਆ ?
3. ਦੇਸ਼ੀ ਰਿਆਸਤਾਂ ਦਾ ਏਕੀਕਰਨ ਕਰਨ ਦਾ ਸਿਹਰਾ ਕਿਸ ਦੇ ਸਿਰ ਹੈ ?
4. ਹੈਦਰਾਬਾਦ ਰਿਆਸਤ ਨੂੰ ਕਿਵੇਂ ਭਾਰਤ ਨਾਲ ਮਿਲਾਇਆ ਗਿਆ ?
5. ਰਾਜਾਂ ਦਾ ਪੁਨਰਗਠਨ ਕਰਨ ਲਈ ਨਿਯੁਕਤ ਕੀਤੇ ਗਏ ਕਮਿਸ਼ਨ ਦੇ ਕਿੰਨੇ ਮੈਂਬਰ ਸਨ ?
6. ਪੰਚਸ਼ੀਲ ਦੇ ਕੋਈ ਦੋ ਸਿਧਾਂਤ ਲਿਖੋ।
7. ਗੁੱਟ-ਨਿਰਲੇਪ ਲਹਿਰ ਦੀ ਪਹਿਲੀ ਕਾਨਫਰੰਸ ਕਦੋਂ ਅਤੇ ਕਿੱਥੇ ਹੋਈ ?
8. ਗੁੱਟ-ਨਿਰਲੇਪ ਤੇ ਨੋਟ ਲਿਖੋ।
9. ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ ?
10. ਸੰਪ੍ਰਦਾਇਕਤਾ 'ਤੇ ਨੋਟ ਲਿਖੋ।
11. ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦਾ ਸੰਖੇਪ ਵਰਣਨ ਕਰੋ।

### 2. ਹੇਠ ਲਿਖੇ ਖਾਲੀ ਸਥਾਨ ਭਰੋ—

1. ................ ਨੂੰ ਭਾਰਤੀ ਸੰਵਿਧਾਨ ਤਿਆਰ ਕਰਨ ਵਾਲੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ।
2. ਡਾ. ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ................ ਸਨ।

3. 1954 ਈ. ਵਿੱਚ ................ ਨੇ ਪਾਂਡੀਚਰੀ, ਚੰਦਰਨਗਰ ਅਤੇ ਮਾਹੀ ਆਦਿ ਭਾਰੀ ਇਲਾਕੇ ਭਾਰਤ ਦੇ ਹਵਾਲੇ ਕਰ ਦਿੱਤੇ ।

**3. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗਲਤ (×) ਦਾ ਚਿੰਨ੍ਹ ਲਗਾਉ :**

1. ਸੁਤੰਤਰਤਾ ਪਿੱਛੋਂ ਭਾਰਤ ਨੇ ਸੰਵਿਧਾਨ ਦਾ ਨਿਰਮਾਣ ਕਰਨ ਲਈ ਸੱਤ ਮੈਂਬਰਾਂ ਦੀ ਕਮੇਟੀ ਸਥਾਪਿਤ ਕੀਤੀ। ☐
2. 1948 ਈ. ਦੇ ਅੰਤ ਤੱਕ ਭਾਰਤ ਨੇ ਫਰਾਂਸੀਸੀ ਅਤੇ ਪੁਰਤਗਾਲੀ ਬਸਤੀਆਂ ਜੋ ਭਾਰਤ ਵਿੱਚ ਸਨ, ਉਨ੍ਹਾਂ ਉੱਪਰ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ☐
3. ਆਜ਼ਾਦੀ ਦੀ ਪ੍ਰਾਪਤੀ ਪਿੱਛੋਂ ਭਾਰਤ ਨੇ ਆਪਣੇ ਉਦਯੋਗਿਕ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ। ☐


**4. ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ—**

| ੳ | ਅ |
|---|---|
| 1. ਭਾਰਤ ਦੇ ਪਹਿਲੇ ਗ੍ਰਹਿ-ਮੰਤਰੀ | (ੳ) ਸੱਤ ਸਨ। |
| 2. ਭਾਰਤੀ ਸੰਵਿਧਾਨ-ਕਮੇਟੀ ਦੇ ਮੈਂਬਰ | (ਅ) 1999 ਈ. ਵਿੱਚ ਹੋਇਆ। |
| 3. ਕਾਰਗਿਲ ਦਾ ਯੁੱਧ | (ੲ) ਸਰਦਾਰ ਵੱਲਭ ਭਾਈ ਪਟੇਲ ਸਨ। |

# ਨਾਗਰਿਕ ਸ਼ਾਸਤਰ ਭਾਗ-3

# ਸਮਾਜਿਕ ਅਤੇ ਰਾਜਨੀਤਿਕ ਜੀਵਨ









# ਪਾਠ 22 ਸੰਵਿਧਾਨ ਅਤੇ ਕਾਨੂੰਨ

ਸਦੀਆਂ ਦੀ ਗ਼ੁਲਾਮੀ ਅਤੇ ਲੰਮੇ ਸਮੇਂ ਦੀ ਜੱਦੋ-ਜਹਿਦ ਪਿੱਛੋਂ ਭਾਰਤ 15 ਅਗਸਤ, 1947 ਨੂੰ ਅਜ਼ਾਦ ਹੋਇਆ। ਇਹ ਸੁਤੰਤਰਤਾ ਅਜੇ ਪੂਰਨ ਨਹੀਂ ਸੀ ਕਿਉਂਕਿ ਭਾਰਤ ਦਾ ਰਾਜ ਪ੍ਰਬੰਧ ਉਹਨਾਂ ਕਾਨੂੰਨਾਂ ਦੁਆਰਾ ਹੀ ਚਲਾਇਆ ਜਾਣਾ ਸੀ ਜਿਹੜੇ ਬ੍ਰਿਟਿਸ਼ ਸੰਸਦ ਦੁਆਰਾ ਭਾਰਤੀਆਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਮਜ਼ਬੂਤ ਬਣਾਉਣ ਲਈ ਬਣਾਏ ਗਏ ਸਨ। ਸੋ ਸੁਤੰਤਰਤਾ ਦੀ ਆਖਰੀ ਕੜੀ ਨੂੰ ਜੋੜਨ ਲਈ ਸੁਤੰਤਰ ਭਾਰਤ ਲਈ ਇੱਕ ਨਵੇਂ ਸੰਵਿਧਾਨ ਦਾ ਨਿਰਮਾਣ ਕੀਤਾ ਜਾਣਾ ਜ਼ਰੂਰੀ ਸੀ।

## ਸੰਵਿਧਾਨ (ਅਰਥ)

ਸੰਵਿਧਾਨ ਕੀ ਹੈ? ਸੰਵਿਧਾਨ ਉਹ ਕਾਨੂੰਨੀ ਦਸਤਾਵੇਜ਼ ਹੈ, ਜਿਹਨਾਂ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ। ਸੰਵਿਧਾਨ ਅਨੁਸਾਰ ਹੀ ਕੇਂਦਰੀ ਸਰਕਾਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਸ਼ਾਸਨ ਚਲਾਉਂਦੀਆਂ ਹਨ। ਦੇਸ਼ ਦੀ ਸਰਕਾਰ, ਸੰਵਿਧਾਨ ਅਨੁਸਾਰ ਹੀ ਰਾਜ ਪ੍ਰਬੰਧ ਚਲਾਉਂਦੀ ਹੈ। ਸੰਵਿਧਾਨ, ਦੇਸ਼ ਦੇ ਦੂਜੇ ਕਾਨੂੰਨਾਂ ਤੋਂ ਸਰਵਉੱਚ ਹੁੰਦਾ ਹੈ।

ਅਜ਼ਾਦੀ ਮਿਲਣ ਤੋਂ ਬਾਅਦ ਭਾਰਤੀ ਨੇਤਾਵਾਂ ਨੇ ਇੱਕ ਸੰਵਿਧਾਨਿਕ ਕਮੇਟੀ ਦੀ ਰਚਨਾ ਕੀਤੀ। ਡਾ. ਰਾਜਿੰਦਰ ਪ੍ਰਸਾਦ ਨੂੰ ਸੰਵਿਧਾਨ ਸਭਾ ਦਾ ਸਥਾਈ ਪ੍ਰਧਾਨ ਚੁਣਿਆ ਗਿਆ। ਇਹ ਸੰਵਿਧਾਨ ਸਭਾ ਪੂਰਨ ਪ੍ਰਭੂ-ਸੱਤਾ ਸੰਪੰਨ ਬਣਾਈ ਗਈ।



*ਡਾ. ਭੀਮ ਰਾਓ ਅੰਬੇਦਕਰ*

## ਮਸੌਦਾ ਕਮੇਟੀ ਦੀ ਨਿਯੁਕਤੀ

ਸੰਵਿਧਾਨ ਨੂੰ ਨਿਯਮਿਤ ਰੂਪ ਦੇਣ ਲਈ 29 ਅਗਸਤ, 1947 ਨੂੰ ਡਾ. ਬੀ.ਆਰ. ਅੰਬੇਦਕਰ ਦੀ ਪ੍ਰਧਾਨਗੀ ਹੇਠ ਇੱਕ ਸੱਤ ਮੈਂਬਰੀ ਕਮੇਟੀ ਬਣਾਈ ਗਈ। ਇਸ ਮਸੌਦਾ ਕਮੇਟੀ ਨੇ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਬਹੁਤ ਸਾਰੇ ਸਿਧਾਂਤ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਲਏ ਗਏ। ਇਸ ਸੰਵਿਧਾਨ ਸਭਾ ਦੇ ਕੁਲ 11 ਸਮਾਗਮ ਹੋਏ। 2 ਸਾਲ 11 ਮਹੀਨੇ ਅਤੇ 18 ਦਿਨਾਂ ਵਿੱਚ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ। (31 ਦਸੰਬਰ, 1929 ਨੂੰ ਰਾਵੀ ਦੇ ਕੰਢੇ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਪਹਿਲੀ ਵਾਰ ਕਾਂਗਰਸ ਨੇ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਅਤੇ ਇਹ ਘੋਸ਼ਨਾ ਕੀਤੀ ਕਿ 26 ਜਨਵਰੀ, 1930 ਦਾ ਦਿਹਾੜਾ ਸਾਰੇ ਭਾਰਤ ਵਿੱਚ ਸੁਤੰਤਰਤਾ ਦਿਵਸ ਦੇ ਰੂਪ ਵਿਚ ਮਨਾਇਆ ਜਾਵੇਗਾ। ਇਸ ਤੋਂ ਬਾਅਦ ਹਰ ਸਾਲ 26 ਜਨਵਰੀ ਦਾ ਦਿਹਾੜਾ ਸੰਪੂਰਨ ਆਜ਼ਾਦੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਰਿਹਾ । ਉਦੋਂ ਤੋਂ ਹੀ 26 ਜਨਵਰੀ ਦੀ ਇਤਿਹਾਸਕ ਮਹੱਤਤਾ ਨੂੰ ਕਾਇਮ ਰੱਖਦੇ ਹੋਏ ਭਾਵੇਂ ਸੰਵਿਧਾਨ 26 ਨਵੰਬਰ, 1949 ਨੂੰ ਤਿਆਰ ਹੋ ਗਿਆ ਸੀ ਪਰ ਉਸ ਨੂੰ ਲਾਗੂ ਕਰਨ ਦਾ ਕੰਮ 26 ਜਨਵਰੀ, 1950 ਨੂੰ ਕੀਤਾ ਗਿਆ ।) ਸੰਵਿਧਾਨ ਸਭਾ ਦੀ ਅੰਤਿਮ ਬੈਠਕ 25 ਜਨਵਰੀ, 1950 ਨੂੰ ਹੋਈ, ਜਿਸ ਵਿੱਚ ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤ ਦਾ ਪਹਿਲਾ ਰਾਸ਼ਟਰਪਤੀ ਚੁਣਿਆ ਗਿਆ। ਇਸ ਤਰ੍ਹਾਂ 26 ਜਨਵਰੀ, 1950 ਨੂੰ ਭਾਰਤ ਪੂਰਨ ਰੂਪ ਵਿੱਚ ਪ੍ਰਭੂਸੱਤਾ ਸੰਪੰਨ

ਲੋਕਤੰਤਰੀ ਗਣਰਾਜ ਬਣ ਗਿਆ।

## ਕਾਨੂੰਨ

ਜਿਵੇਂ ਕਿ ਅਸੀਂ ਉੱਪਰ ਪੜ੍ਹ ਚੁੱਕੇ ਹਾਂ ਕਿ "ਸੰਵਿਧਾਨ ਕਾਨੂੰਨੀ ਦਸਤਾਵੇਜ਼ ਹੁੰਦਾ ਹੈ।" ਸਮਾਜਿਕ ਜੀਵਨ ਨੂੰ ਨਿਯਮਿਤ ਕਰਨ ਲਈ ਕਾਨੂੰਨਾਂ ਦਾ ਹੋਣਾ ਜ਼ਰੂਰੀ ਹੈ। ਕਾਨੂੰਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਲਾਅ (Law) ਦਾ ਅਨੁਵਾਦ ਹੈ। ਲਾਅ (Law) ਸ਼ਬਦ ਦੀ ਉਤਪਤੀ ਟਿਉਟੋਨਿਕ (Tutonic) ਸ਼ਬਦ ਲੈਗ (Lag) ਤੋਂ ਹੋਈ ਹੈ ਜਿਸਦਾ ਅਰਥ ਹੈ ਨਿਸ਼ਚਿਤ। ਇਸ ਲਈ ਕਾਨੂੰਨ ਸ਼ਬਦ ਦਾ ਅਰਥ ਕਿਸੇ ਵੀ ਨਿਸ਼ਚਿਤ ਨਿਯਮ ਤੋਂ ਹੈ। ਭਾਰਤੀ ਸੰਵਿਧਾਨ ਅਨੁਸਾਰ ਭਾਰਤ ਵਿੱਚ ਕਾਨੂੰਨ ਦਾ ਸ਼ਾਸਨ (Rule Or Law) ਲਾਗੂ ਕੀਤਾ ਗਿਆ ਹੈ।

## ਸੰਵਿਧਾਨ ਦੀ ਭੂਮਿਕਾ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਆਪਣੇ ਸੁਭਾਅ ਅਤੇ ਲੋੜਾਂ ਦੀ ਪੂਰਤੀ ਲਈ ਸਮਾਜ ਵਿੱਚ ਰਹਿੰਦਾ ਹੈ। ਉਹ ਬਹੁਤ ਸਾਰੇ ਸਮੁਦਾਇ, ਸਮੂਹ ਅਤੇ ਸੰਘ ਵੀ ਬਣਾਉਂਦਾ ਹੈ। ਇਹ ਸਾਰੇ ਕਿਸੇ ਨਾ ਕਿਸੇ ਕਾਨੂੰਨ ਅਨੁਸਾਰ ਹੀ ਚਲਾਏ ਜਾਂਦੇ ਹਨ। ਨਿੱਜੀ ਜ਼ਿੰਦਗੀ ਜਿਊਣ ਲਈ ਵੀ ਕਾਨੂੰਨ ਦੀ ਲੋੜ ਹੁੰਦੀ ਹੈ। ਬੱਚਿਉ ! ਜ਼ਰਾ ਸੋਚੋ ਜੇਕਰ ਤੁਹਾਡੇ ਸਕੂਲ ਵਿੱਚ ਕੋਈ ਕਾਨੂੰਨ ਨਾ ਹੋਵੇ ਤਾਂ ਕਿਵੇਂ ਲੱਗੇਗਾ ? ਨਾ ਵੇਲੇ ਸਿਰ ਸਵੇਰ ਦੀ ਸਭਾ, ਨਾ ਪੜ੍ਹਾਈ, ਨਾ ਖੇਡਾਂ ਅਤੇ ਨਾ ਹੀ ਕੋਈ ਹੋਰ ਕਾਰਜ। ਸਕੂਲ ਜੰਗਲ ਵਾਂਗੂੰ ਲੱਗੇਗਾ। ਸੋ, ਹਰ ਸੰਸਥਾ ਨੂੰ ਨਿਯਮਿਤ ਕਰਨ ਲਈ ਕਾਨੂੰਨਾਂ ਦੀ ਲੋੜ ਪੈਂਦੀ ਹੈ।

ਸਾਡੇ ਸਮਾਜ ਦੀ ਇੱਕ ਬੁਰਾਈ ਜਿਹੜੀ ਸਦੀਆਂ ਤੋਂ ਗ਼ਰੀਬ ਵਰਗ ਲਈ ਇੱਕ ਸਰਾਪ ਸੀ ਉਹ ਸੀ 'ਦਾਜ ਦੀ ਲਾਅਨਤ'। ਗ਼ਰੀਬ ਵਰਗ ਕਰਜ਼ਾ ਲੈ ਕੇ ਦਾਜ ਦਿੰਦੇ ਸਨ। ਇਹ ਕਰਜ਼ਾ ਪੁਸ਼ਤ-ਦਰ-ਪੁਸ਼ਤ ਚਲਦਾ ਰਹਿੰਦਾ ਸੀ। ਇਹ ਕਾਰਨ ਸੀ ਕਿ ਇਸਤਰੀ ਜਾਤੀ ਦਾ ਮਾਣ-ਸਤਿਕਾਰ ਸਮਾਜ ਵਿਚੋਂ ਘਟਿਆ। ਲੋਕ ਭਰੂਣ ਹੱਤਿਆ ਕਰਨ ਲੱਗੇ। ਇਸ ਕਾਰਨ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦਾ ਅਨੁਪਾਤ ਘਟਿਆ। ਸੋ ਸਰਕਾਰ ਨੂੰ ਕਾਨੂੰਨ ਬਣਾਉਣਾ ਪਿਆ। ਇਹ ਦਾਜ ਰੋਕੂ ਕਾਨੂੰਨ (Dowry Prohibition Act 1961) 1961 ਵਿੱਚ ਬਣਿਆ। ਇਸ ਕਾਨੂੰਨ ਅਨੁਸਾਰ ਦਾਜ ਲੈਣਾ ਜਾਂ ਦੇਣਾ ਜੁਰਮ ਕਰਾਰ ਦਿੱਤਾ ਗਿਆ ਹੈ। ਇਸ ਕਾਨੂੰਨ ਨੂੰ ਸਖ਼ਤੀ ਨਾਲ਼ ਲਾਗੂ ਕਰਨ ਦੀ ਲੋੜ ਹੈ। ਦਾਜ ਦੇ ਸਰਾਪ ਨੂੰ ਖਤਮ ਕਰਨ ਲਈ ਸਾਡਾ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ।

**ਸੰਵਿਧਾਨ ਨੂੰ ਸਰਵ-ਉੱਚਤਾ :** ਸੰਵਿਧਾਨ ਨੂੰ ਸਰਵ-ਉੱਚ ਮੰਨਿਆ ਜਾਂਦਾ ਹੈ। ਸਾਡੀ ਸਰਕਾਰ ਵਿੱਚ ਅਹਿਮ ਅਹੁਦਿਆਂ ਤੇ ਨਿਯੁੱਕਤੀ ਤੋਂ ਪਹਿਲਾਂ ਸੰਵਿਧਾਨ ਦੀ ਸਰਵ-ਉੱਚਤਾ ਅਤੇ ਸੰਵਿਧਾਨ ਨੂੰ ਮੰਨਣ ਦੀ ਸਹੁੰ ਚੁਕਾਈ ਜਾਂਦੀ ਹੈ। ਇਸੇ ਤਰ੍ਹਾਂ ਸੰਵਿਧਾਨ ਅਨੁਸਾਰ ਹੀ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਕੰਮ ਕਰਦੀਆਂ ਹਨ। ਕਾਨੂੰਨ ਦੀ ਪੈਰਵੀ ਲਈ ਨਿਆਂਪਾਲਿਕਾ ਦਾ ਗਠਨ ਕੀਤਾ ਗਿਆ ਹੈ। ਨਿਆਂਪਾਲਿਕਾ ਨੂੰ ਅਜ਼ਾਦ ਅਤੇ ਨਿਰਪੱਖ ਬਣਾਇਆ ਗਿਆ ਹੈ। ਜੇਕਰ ਕੋਈ ਸੰਸਥਾ ਸੰਵਿਧਾਨ ਅਨੁਸਾਰ ਕੰਮ ਨਹੀਂ ਕਰਦੀ ਤਾਂ ਉਸਨੂੰ ਗ਼ੈਰ ਸੰਵਿਧਾਨਿਕ ਘੋਸ਼ਿਤ ਕੀਤਾ ਜਾਂਦਾ ਹੈ।

**ਸੰਵਿਧਾਨ ਦੀ ਪਹਿਰੇਦਾਰ :** ਨਿਆਂਪਾਲਿਕਾ ਨੂੰ ਸੰਵਿਧਾਨ ਦੀ ਰੱਖਿਆ ਲਈ ਬਹੁਤ ਸਾਰੇ ਅਧਿਕਾਰ ਪ੍ਰਾਪਤ ਹਨ। ਉਨ੍ਹਾਂ ਵਿਚੋਂ ਇੱਕ ਅਹਿਮ ਅਧਿਕਾਰ ਸੰਵਿਧਾਨ ਦੀ ਰੱਖਿਆ ਅਤੇ ਵਿਆਖਿਆ ਦਾ ਅਧਿਕਾਰ ਹੈ। ਨਿਆਂਪਾਲਿਕਾ ਨੂੰ ਇੱਕ ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ ਦਿੱਤਾ ਗਿਆ ਹੈ। ਨਿਆਇਕ ਪੁਨਰਨਰੀਖਣ ਦਾ ਅਧਿਕਾਰ ਦਾ ਅਰਥ ਹੈ ਕਿ ਜੇਕਰ ਕਿਸੇ ਵਿਧਾਨ ਮੰਡਲ ਵੱਲੋਂ ਬਣਾਇਆ ਕਾਨੂੰਨ ਜਾਂ ਕਾਰਜਪਾਲਿਕਾ ਦੁਆਰਾ ਜਾਰੀ ਕੀਤੇ ਆਦੇਸ਼ ਸੰਵਿਧਾਨ ਦੇ ਕਿਸੇ ਅਨੁਛੇਦ ਜਾਂ ਧਾਰਾ ਦੀ ਉਲੰਘਣਾ ਕਰਦੇ ਹੋਣ ਤਾਂ ਅਜਿਹੇ ਕਾਨੂੰਨਾਂ ਜਾਂ ਆਦੇਸ਼ਾਂ ਨੂੰ ਨਿਆਂਪਾਲਿਕਾ ਅਸੰਵਿਧਾਨਿਕ ਘੋਸ਼ਿਤ ਕਰ ਸਕਦੀ ਹੈ। ਨਿਆਂਪਾਲਿਕਾ ਨੂੰ ਨਿਰਪੱਖ ਅਤੇ ਅਜ਼ਾਦ ਬਣਾਉਣ ਲਈ ਸੰਵਿਧਾਨ ਰਾਹੀਂ ਕਈ ਕਦਮ ਚੁੱਕੇ ਗਏ ਹਨ। ਮਿਸਾਲ ਵਜੋਂ ਜੱਜਾਂ ਦੀ ਨਿਯੁੱਕਤੀ, ਤਨਖ਼ਾਹ, ਭੱਤੇ, ਕਾਰਜਕਾਲ ਬਾਕੀ ਕਰਮਚਾਰੀਆਂ ਤੋਂ ਵੱਖ ਕੀਤੇ ਗਏ ਹਨ।

**ਸੰਵਿਧਾਨ ਅਤੇ ਲੋਕਤੰਤਰ :** ਸੰਵਿਧਾਨ ਅਨੁਸਾਰ ਸਾਡੇ ਦੇਸ਼ ਵਿੱਚ ਪੂਰਨ ਲੋਕਤੰਤਰੀ ਢਾਂਚਾ ਲਾਗੂ ਕੀਤਾ ਹੈ। ਨਾਗਰਿਕਾਂ ਨੂੰ ਬਹੁਤ ਸਾਰੇ ਅਧਿਕਾਰ ਦਿੱਤੇ ਗਏ ਹਨ। ਇੱਕ ਅਧਿਕਾਰ ਸਰਕਾਰ ਦੀ ਆਲੋਚਨਾ ਕਰਨ ਦਾ ਵੀ ਦਿੱਤਾ ਗਿਆ ਹੈ। ਜਦੋਂ ਕੋਈ ਸਰਕਾਰ ਲੋਕਾਂ ਦੇ ਹਿਤਾਂ ਦੇ ਖ਼ਿਲਾਫ ਕਾਨੂੰਨ ਬਣਾਉਂਦੀ ਹੈ ਤਾਂ ਲੋਕ ਇਸਦਾ ਵਿਰੋਧ ਕਰ ਸਕਦੇ ਹਨ। 15 ਅਗਸਤ, 1947 ਤੋਂ ਪਹਿਲਾਂ ਭਾਵੇਂ ਅਸੀਂ ਗ਼ੁਲਾਮ ਸੀ ਤਾਂ ਉਸ ਵੇਲੇ ਵੀ ਬ੍ਰਿਟਿਸ਼ ਸਰਕਾਰ ਦੁਆਰਾ ਬਣਾਏ ਕਾਲੇ ਕਾਨੂੰਨ ਦੀ ਵਿਰੋਧਤਾ ਕੀਤੀ ਗਈ ਸੀ। ਪ੍ਰਮਾਣ ਵਜੋਂ ਸਾਈਮਨ ਕਮਿਸ਼ਨ ਅਤੇ ਜਲ੍ਹਿਆਂਵਾਲੇ ਬਾਗ਼ ਦੀਆਂ ਘਟਨਾਵਾਂ ਸਾਡੇ ਸਾਹਮਣੇ ਹਨ। ਮਹਾਤਮਾ ਗਾਂਧੀ ਜੀ ਦੁਆਰਾ 1920 ਵਿੱਚ ਨਾ-ਮਿਲਵਰਤਨ , 1930 ਵਿੱਚ ਸਿਵਿਲ ਨਾ-ਫਰਮਾਨੀ ਅਤੇ 1942 ਵਿੱਚ ਭਾਰਤ ਛੱਡੋ ਅੰਦੋਲਨ ਚਲਾਏ ਗਏ ਸਨ। ਇਸ ਤੋਂ ਪਹਿਲਾਂ 1905 ਵਿੱਚ 'ਬੰਗਾਲ ਵੰਡ' ਦੀ ਵਿਰੋਧਤਾ ਵੀ ਕੀਤੀ ਗਈ ਸੀ।

ਬ੍ਰਿਟਿਸ਼ ਸਰਕਾਰ ਵੱਲੋਂ ਬਣਾਏ ਸਮਾਨ ਨੂੰ ਨਾ ਵਰਤਣਾ, ਉਹਨਾਂ ਦੇ ਬਣਾਏ ਕੱਪੜੇ ਨਾ ਪਾਉਣੇ ਆਦਿ ਨਾ-ਮਿਲਵਰਤਨ ਅੰਦੋਲਨ ਦਾ ਹਿੱਸਾ ਸੀ। ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿੱਚ 5 ਅਪਰੈਲ, 1930 ਵਿੱਚ ਡਾਂਡੀ ਨਾਮਕ ਸਥਾਨ ਤੇ ਲੂਣ ਬਣਾ ਕੇ ਲੂਣ ਕਾਨੂੰਨ ਨੂੰ ਤੋੜਿਆ। ਅੰਗਰੇਜ਼ੀ ਸਰਕਾਰ ਦਾ ਬਣਾਇਆ ਲੂਣ ਨਸ਼ਟ ਕਰ ਦਿੱਤਾ। ਸਮੁੰਦਰ ਦੇ ਪਾਣੀ ਨੂੰ ਗਰਮ ਕਰਕੇ ਲੂਣ ਬਣਾ ਕੇ ਖਾਣ ਲਈ ਕਿਹਾ ਗਿਆ।

ਅਜ਼ਾਦੀ ਤੋਂ ਬਾਅਦ ਵੀ ਕਈ ਅੰਦੋਲਨ ਚਲਾਏ ਗਏ। ਇਹਨਾਂ ਵਿੱਚੋਂ ਮੁੱਖ ਸੀ ਸ਼ਰਾਬ-ਬੰਦੀ। ਸ਼ਰਾਬ-ਬੰਦੀ ਤੋਂ ਭਾਵ ਸ਼ਰਾਬ ਦੇ ਵੇਚਣ ਅਤੇ ਪੀਣ ਤੇ ਕਾਨੂੰਨ ਅਨੁਸਾਰ ਮੁਕੰਮਲ ਪਾਬੰਦੀ ਤੋਂ ਹੈ। ਸਾਡੇ ਦੇਸ਼ ਵਿੱਚ ਇੱਕ ਸਰਵੇ ਅਨੁਸਾਰ ਹਰ ਚੌਥਾ ਬੰਦਾ ਸ਼ਰਾਬ ਪੀਂਦਾ ਹੈ। ਸ਼ਰਾਬ-ਬੰਦੀ ਲਾਗੂ ਕਰਾਉਣ ਲਈ ਕਈ ਅੰਦੋਲਨ ਚਲਾਏ ਗਏ।



*ਗਾਂਧੀ ਜੀ ਦੀ ਡਾਂਡੀ ਯਾਤਰਾ*

ਕਈ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਸ਼ਰਾਬ-ਬੰਦੀ ਲਾਗੂ ਕੀਤੀ ਹੈ। ਗੁਜਰਾਤ, ਹਰਿਆਣਾ ਅਤੇ ਕੇਰਲ ਦੀਆਂ ਸਰਕਾਰਾਂ ਨੇ ਪੂਰਨ ਸ਼ਰਾਬ-ਬੰਦੀ ਕਾਨੂੰਨ ਪਾਸ ਕੀਤੇ ਜੋ ਕਿ ਪੂਰਨ ਰੂਪ ਵਿੱਚ ਸਾਰਥਕ ਨਹੀਂ ਹੋ ਸਕੇ। ਸਾਡੀ ਸਰਕਾਰ ਅਤੇ ਸਮਾਜ ਵੱਲੋਂ ਇਨ੍ਹਾਂ ਨਸ਼ਿਆਂ ਦੀ ਪੂਰਨ ਰੋਕ ਦੇ ਉਪਰਾਲੇ ਕਰਨ ਦੀ ਲੋੜ ਹੈ। ਇਸ ਲਈ ਕਈ ਕਾਨੂੰਨਾਂ ਨੂੰ ਨਾ ਮੰਨਣਾ ਵੀ ਲੋਕਤੰਤਰੀ ਸਰਕਾਰ ਦੀ ਇੱਕ ਵਿਸ਼ੇਸ਼ਤਾ ਹੈ। ਜੇਕਰ ਕਿਸੇ ਬੁਰੇ ਕਾਨੂੰਨ ਦੀ ਵਿਰੋਧਤਾ ਨਾ ਹੋਵੇਗੀ ਤਾਂ ਲੋਕਤੰਤਰੀ ਸਰਕਾਰ ਤਾਨਾਸ਼ਾਹ ਬਣ ਸਕਦੀ ਹੈ।

ਸਰਕਾਰ ਨੂੰ ਆਮਦਨ ਦਾ ਇੱਕ ਵੱਡਾ ਹਿੱਸਾ ਟੈਕਸ ਦੇ ਰੂਪ ਵਿੱਚ ਸ਼ਰਾਬ ਦੀ ਵਿਕਰੀ ਤੋਂ ਪ੍ਰਾਪਤ ਹੁੰਦਾ ਹੈ ।

## ਨਿਯਮ-ਕਨੂੰਨ ਨਾਲ ਸਦਭਾਵਨਾ ਨਿਰਮਾਣ

**1. ਸਮੂਹ ਕਾਰਜ-**

ਜੇ ਸਕੂਲ ਵਿੱਚ ਕੋਈ ਨਿਯਮ ਨਹੀਂ ਹਨ ਤਾਂ ਕੀ ਹੋਵੇਗਾ ? ਅਧਿਆਪਕ ਕਲਾਸ ਨੂੰ ਵਿਦਿਆਰਥੀਆਂ ਦੇ ਚਾਰ ਸਮੂਹਾਂ ਵਿੱਚ ਵੰਡ ਕੇ, ਹਰ ਸਮੂਹ ਦੇ ਮੈਂਬਰਾਂ ਨੂੰ ਇੱਕ ਨੇਤਾ ਨਿਯੁਕਤ ਕਰਨ ਅਤੇ ਹੇਠ ਲਿਖੇ ਦ੍ਰਿਸ਼ਾਂ 'ਤੇ ਵਿਚਾਰ ਕਰਨ ਲਈ ਉਤਸ਼ਾਹਤ ਕਰਨ ਕਿ ਹੁੰਦਾ ਹੈ ਜੇ.....

1.1. ਸਕੂਲ ਖੋਲ੍ਹਣ ਦਾ ਕੋਈ ਪੱਕਾ ਸਮਾਂ ਨਹੀਂ ਹੈ ਅਤੇ ਸਾਰੇ ਵਿਦਿਆਰਥੀ ਆਪਣੀ ਇੱਛਾ ਅਨੁਸਾਰ ਕਿਸੇ ਵੀ ਸਮੇਂ ਕਲਾਸਾਂ ਵਿੱਚ ਆਣ-ਜਾਣ ਹੋਈ ਲਈ ਸੁਤੰਤਰ ਹਨ!

1.2. ਸਕੂਲ ਦੇ ਬੰਦ ਹੋਣ ਦਾ ਕੋਈ ਨਿਸਚਿਤ ਸਮਾਂ ਜਾਂ ਅੰਤਿਮ ਘੰਟੀ ਨਹੀਂ ਹੈ ਅਤੇ ਹਰ ਕੋਈ ਜਦੋਂ ਵੀ ਚਾਹੇ ਅਹਾਤੇ ਤੋਂ ਬਾਹਰ ਜਾ ਸਕਦਾ ਹੈ!

1.3. ਵਿਦਿਆਰਥੀ ਕਲਾਸ ਰੂਮ ਦੇ ਅੰਦਰ ਅਤੇ ਬਾਹਰ ਫ਼ਿਰਦੇ ਹਨ ਅਤੇ ਆਪਣੀ ਇੱਛਾ ਅਨੁਸਾਰ ਸ਼੍ਰੇਣੀ ਦੇ ਕੰਮ-ਕਾਰ ਵਿੱਚ ਹੀ ਛੱਡ ਦਿੰਦੇ ਹਨ!

1.4. ਦੁਪਹਿਰ ਦਾ ਖਾਣਾ ਅਤੇ ਸਨੈਕਸ ਖਾਣ ਲਈ ਕੋਈ ਨਿਸਚਿਤ ਸਮਾਂ ਜਾਂ ਸਥਾਨ ਨਹੀਂ ਹੈ ਅਤੇ ਵਿਦਿਆਰਥੀ ਜਦੋਂ ਵੀ ਅਤੇ ਜਿੱਥੇ ਵੀ ਚਾਹੁਣ ਖਾਣ ਲਈ ਸੁਤੰਤਰ ਹਨ।

1.5. ਧੱਕੇਸ਼ਾਹੀ ਅਪਭਾਸ਼ਾ ਵਰਤਣੀ, ਦੁਖਦਾਈ ਟਿੱਪਣੀਆਂ, ਛੇੜਖਾਨੀ, ਸਮਾਜਿਕ ਬੇਦਖ਼ਲੀ, ਸਰੀਰਕ ਨੁਕਸਾਨ) ਦੀ ਰੋਕ ਨਹੀਂ ਹੈ।

**2. ਸਮੂਹ ਦੇ ਨੇਤਾਵਾਂ ਨੂੰ ਉਨ੍ਹਾਂ ਦੇ ਉੱਤਰ ਸਾਂਝੇ ਕਰਨ ਅਤੇ ਹੇਠਾਂ ਦਿੱਤੇ ਅਨੁਸਾਰ ਬਿਆਨ ਕਰਨ ਲਈ ਸੱਦਾ ਦਿਓ:**

ਜੇ ਵਿਦਿਆਰਥੀ ਅਤੇ ਅਧਿਆਪਕ ਸਕੂਲ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਤਾਂ ਸਕੂਲ ਵਿੱਚ ਬਹੁਤ ਹਫੜਾ-ਦਫੜੀ ਮੱਚ ਜਾਵੇਗੀ, ਕਿਸੇ ਵੀ ਸੰਸਥਾ ਲਈ ਨਿਯਮਾਂ ਅਤੇ ਨਿਯਮਾਂ ਦੇ ਸਮੂਹ ਦੇ ਬਿਨਾਂ ਚਲਾਉਣਾ ਅਸੰਭਵ ਹੈ, ਜਿਸਦਾ ਉਸਦੇ ਸਾਰੇ ਮੈਂਬਰਾਂ ਦੁਆਰਾ ਸਤਿਕਾਰ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ, ਕਿਸੇ ਦੇਸ਼ ਨੂੰ ਚਲਾਉਣ ਲਈ ਸੰਵਿਧਾਨ ਦੀ ਲੋੜ ਹੁੰਦੀ ਹੈ, ਜਿਸ ਤੋਂ ਬਿਨਾਂ ਦੇਸ਼ ਵਿੱਚ ਪੂਰੀ ਤਰ੍ਹਾਂ ਹਫੜਾ-ਦਫੜੀ ਮਚ ਜਾਵੇ। ਸੰਵਿਧਾਨ ਸਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ ਅਤੇ ਸਾਰਿਆਂ ਨੂੰ ਉਨ੍ਹਾਂ ਦੇ ਫਰਜ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਦਾ ਹੈ।

**3. ਕਲਾਸ ਰੂਮ ਰੂਲ ਬੁੱਕ :**

ਵਿਦਿਆਰਥੀ ਸਮੂਹਾਂ ਨੂੰ ਆਮ ਸਹਿਮਤੀ ਤੋਂ ਬਾਅਦ ਕਲਾਸ ਲਈ ਨਿਯਮ ਬਣਾਉਣ ਲਈ ਇਕੱਠੇ ਬੈਠਣ ਲਈ ਕਹੋ ਅਤੇ ਹਰੇਕ ਵਿਦਿਆਰਥੀ ਨੂੰ ਉਸ ਦਸਤਾਵੇਜ਼ 'ਤੇ ਦਸਤਖ਼ਤ ਕਰਨੇ ਚਾਹੀਦੇ ਹਨ ਜਿਸਦਾ ਪਾਲਣ ਕਰਨ ਦੇ ਵਾਅਦੇ ਨਾਲ। ਇਨ੍ਹਾਂ ਨਿਯਮਾਂ ਬਾਰੇ ਕੁਝ ਸੰਕੇਤ ਦਿੱਤੇ ਗਏ ਹਨ—

**ਨਿਯਮ ਤਿਆਰ ਕਰਨ ਲਈ ਸੰਕੇਤ :**

* ਸਹਿਯੋਗ ਅਤੇ ਇੱਕ ਦੂਜੇ ਦੀ ਸਹਾਇਤਾ, ਕਾਰਜਾਂ ਨੂੰ ਸਾਂਝਾ ਕਰਨਾ
* ਸਕੂਲ ਦੇ ਅਹਾਤੇ ਦੇ ਬਾਹਰ ਘੁੰਮਣਾ ਜਾਂ ਆਲ਼ੇ-ਦੁਆਲ਼ੇ ਘੁੰਮਣਾ ਨਹੀਂ
* ਕੋਈ ਸਰੀਰਕ ਅਤੇ ਮੌਖਿਕ ਧੱਕੇਸ਼ਾਹੀ ਨਹੀਂ
* ਲਿੰਗ ਦੇ ਅਧਾਰ 'ਤੇ ਕੋਈ ਛੇੜਖਾਨੀ ਨਹੀਂ
* ਅਪਮਾਨਜਨਕ ਭਾਸ਼ਾ ਦੀ ਵਰਤੋਂ ਨਾ ਕਰੋ
* ਇਮਤਿਹਾਨਾਂ ਦੌਰਾਨ ਕੋਈ ਨਕਲ ਨਹੀਂ
* ਕੋਈ ਨੋਟਬੁੱਕ ਅਤੇ ਪਾਠ-ਪੁਸਤਕਾਂ ਦੀ ਚੋਰੀ ਨਹੀਂ
* ਦੂਜੇ ਵਿਦਿਆਰਥੀਆਂ ਦੀ ਦਿੱਖ, ਸਮਾਜਿਕ ਰੁਤਬੇ ਜਾਂ ਲਿੰਗ ਦੇ ਅਧਾਰ 'ਤੇ ਉਨ੍ਹਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ
* ਕਿਸੇ ਵੀ ਵਿਦਿਆਰਥੀ ਨੂੰ ਉਸਦੇ ਬਾਰੇ ਝੂਠ ਬੋਲ ਕੇ ਬਦਨਾਮ ਨਾ ਕਰਨਾ
* ਕੋਈ ਗੰਦਗੀ ਨਹੀਂ ਫ਼ੈਲਾਉਣੀ

## ਯਾਦ ਰੱਖਣ ਯੋਗ ਨੁਕਤੇ
## (POINTS TO REMEMBER)

1. ਸੰਵਿਧਾਨ ਉਹ ਕਾਨੂੰਨੀ ਦਸਤਾਵੇਜ਼ ਹਨ, ਜਿਸ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ।
2. ਭਾਰਤੀ ਸੰਵਿਧਾਨ 2 ਸਾਲ 11 ਮਹੀਨੇ ਤੇ 18 ਦਿਨਾਂ ਵਿੱਚ ਤਿਆਰ ਕੀਤਾ ਗਿਆ।
3. ਸੰਵਿਧਾਨ ਸਭਾ ਦੇ ਕੁੱਲ 11 ਸਮਾਗਮ ਹੋਏ।
4. ਭਾਰਤੀ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ।
5. ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਜੀ ਚੁਣੇ ਗਏ।
6. ਕਾਨੂੰਨ ਸ਼ਬਦ ਦਾ ਅਰਥ ਨਿਸਚਿਤ ਨਿਯਮਾਂ ਤੋਂ ਹੈ।
7. ਭਰੂਣ ਹੱਤਿਆ ਦਾ ਮੂਲ ਕਾਰਨ ਦਾਜ ਦੇਣ ਦੀ ਪ੍ਰਥਾ ਹੈ।
8. ਨਾਗਰਿਕਾਂ ਨੂੰ ਸੰਵਿਧਾਨ ਅਨੁਸਾਰ ਕੁਝ ਅਧਿਕਾਰ ਦਿੱਤੇ ਗਏ ਹਨ।
9. ਗਾਂਧੀ ਜੀ ਨੇ ਅੰਗਰੇਜ਼ ਸਰਕਾਰ ਖਿਲਾਫ਼ ਕਈ ਅੰਦੋਲਨ ਚਲਾਏ।
10. ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ 'ਨਮਕ ਕਾਨੂੰਨ' ਤੋੜਿਆ।
11. ਗੁਜਰਾਤ, ਹਰਿਆਣਾ ਤੇ ਕੇਰਲ ਸਰਕਾਰਾਂ ਦੁਆਰਾ ਸ਼ਰਾਬ-ਬੰਦੀ ਕਾਨੂੰਨ ਪਾਸ ਕੀਤੇ ਗਏ।
12. ਦਾਜ ਵਿਰੋਧੀ ਕਾਨੂੰਨ ਭਾਰਤ ਵਿੱਚ 1961 ਵਿੱਚ ਬਣਾਇਆ ਗਿਆ ।

# ਅਭਿਆਸ

## 1. ਹੇਠ ਲਿਖੇ ਖਾਲੀ ਸਥਾਨ ਭਰੋ —

1. ਭਾਰਤ ਦਾ ਸੰਵਿਧਾਨ ................ ਨੂੰ ਲਾਗੂ ਕੀਤਾ ਗਿਆ ।
2. ਭਾਰਤ ਦੇ ਪਹਿਲੇ ਰਾਸ਼ਟਰਪਤੀ ................ ਸਨ ।
3. ਦਾਜੂ ਰੋਕੂ ਕਾਨੂੰਨ ................ ਵਿੱਚ ਬਣਿਆ ।
4. ਭਾਰਤੀ ਸੰਵਿਧਾਨ ................ ਸਾਲ ................ ਮਹੀਨੇ ................ ਦਿਨਾਂ ਵਿੱਚ ਤਿਆਰ ਕੀਤਾ ਗਿਆ।
5. ਭਰੂਣ ਹੱਤਿਆ ਦਾ ਮੂਲ ਕਾਰਨ ................ ਗੀਤ ਹੈ।

## 2. ਹੇਠ ਲਿਖੇ ਵਾਕਾਂ ਤੇ ਗਲਤ (×) ਜਾਂ ਠੀਕ (√) ਦਾ ਨਿਸ਼ਾਨ ਲਗਾਓ—

1. ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ 'ਨਮਕ ਕਾਨੂੰਨ' ਤੋੜਿਆ । ☐
2. ਨਿਆਂਪਾਲਿਕਾ ਸੰਵਿਧਾਨ ਦੀ ਰੱਖਿਆ ਨਹੀਂ ਕਰਦੀ ਹੈ । ☐
3. ਭਾਰਤ ਵਿੱਚ ਕਾਨੂੰਨ ਦਾ ਸ਼ਾਸਨ ਚੱਲਦਾ ਹੈ । ☐
4. ਬੁਰੇ ਕਾਨੂੰਨਾਂ ਦੀ ਉਲੰਘਣਾ ਕਰਨੀ ਲੋਕਤੰਤਰੀ ਸਰਕਾਰ ਦੀ ਵਿਸ਼ੇਸ਼ਤਾ ਹੈ । ☐
5. ਕਾਨੂੰਨ ਅਨਿਸ਼ਚਿਤ ਨਿਯਮ ਹੁੰਦੇ ਹਨ । ☐

## 3. ਬਹੁਤੇ ਉੱਤਰਾਂ ਵਾਲੇ ਪ੍ਰਸ਼ਨ —

1. **ਭਾਰਤੀ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ਸੀ ?**

   (ੳ) 26 ਨਵੰਬਰ 1949 (ਅ) 26 ਜਨਵਰੀ 1950
   (ੲ) 26 ਜਨਵਰੀ 1930 (ਸ) 26 ਜਨਵਰੀ 1949

2. **ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਦੇ ਕੌਣ ਪ੍ਰਧਾਨ ਸਨ ?**

   (ੳ) ਡਾ. ਰਾਜਿੰਦਰ ਪ੍ਰਸਾਦ (ਅ) ਡਾ. ਬੀ. ਆਰ. ਅੰਬੇਦਕਰ
   (ੲ) ਮਹਾਤਮਾ ਗਾਂਧੀ (ਸ) ਪੰਡਿਤ ਜਵਾਹਰ ਲਾਲ ਨਹਿਰੂ

3. **ਹੇਠ ਲਿਖਿਆਂ ਵਿੱਚ ਭਾਰਤ 'ਚ ਕੌਣ ਸਰਵ-ਉੱਚ ਹੈ —**

   (ੳ) ਪ੍ਰਧਾਨ ਮੰਤਰੀ (ਅ) ਰਾਸ਼ਟਰਪਤੀ
   (ੲ) ਨਿਆਂਪਾਲਿਕਾ (ਸ) ਸੰਵਿਧਾਨ

4. **ਮਸੌਦਾ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੱਸੋ —**

   (ੳ) 11 (ਅ) 18
   (ੲ) 7 (ਸ) 02

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1 ਤੋਂ 15 ਸ਼ਬਦਾਂ ਵਿੱਚ ਦਿਓ —**

1. ਸੰਵਿਧਾਨ ਤੋਂ ਕੀ ਭਾਵ ਹੈ ?
2. ਸੰਵਿਧਾਨ 26 ਜਨਵਰੀ 1950 ਤੋਂ ਕਿਉਂ ਲਾਗੂ ਕੀਤਾ ਗਿਆ ?
3. ਕਾਨੂੰਨ ਦੇ ਸ਼ਬਦੀ ਅਰਥ ਲਿਖੋ।
4. ਕਾਨੂੰਨ ਦੀ ਕੀ ਅਹਿਮੀਅਤ ਹੈ ?
5. ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਕੀ ਭਾਵ ਹੈ ?
6. ਮਹਾਤਮਾ ਗਾਂਧੀ ਜੀ ਦੁਆਰਾ ਅੰਦੋਲਨ ਕਦੋਂ-ਕਦੋਂ ਕੀਤੇ ਗਏ ?

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ—**

1. ਸੰਵਿਧਾਨ ਦੀ ਸਰਵਉੱਚਤਾ ਤੋਂ ਕੀ ਭਾਵ ਹੈ ?
2. ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇਂ ਹੋਇਆ ?
3. ਭਾਰਤ 'ਚ ਨਿਆਂਪਾਲਿਕਾ ਨੂੰ ਸੁਤੰਤਰ ਤੇ ਨਿਰਪੱਖ ਕਿਵੇਂ ਬਣਾਇਆ ਗਿਆ ਹੈ ?
4. ਗਾਂਧੀ ਜੀ ਨੇ ਅੰਗਰੇਜ਼ਾਂ ਖਿਲਾਫ ਕਿਹੜੇ-ਕਿਹੜੇ ਅੰਦੋਲਨ ਚਲਾਏ ?
5. ਸ਼ਰਾਬਬੰਦੀ ਤੋਂ ਕੀ ਭਾਵ ਹੈ ਅਤੇ ਇਸ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ ?

## ਕੁਝ ਕਰਨ ਲਈ

1. ਸ਼ਰਾਬਬੰਦੀ ਬਾਰੇ ਸ਼੍ਰੇਣੀ ਵਿੱਚ ਚਰਚਾ ਕਰੋ ।
2. ਸੰਵਿਧਾਨ ਦੀ ਭੂਮਿਕਾ ਅਤੇ ਕਾਨੂੰਨ ਦੀ ਲੋੜ ਤੇ ਚਰਚਾ ਕਰੋ ।
3. ਸਕੂਲ ਵਿੱਚ ਨਿਯਮਾਂ ਨੂੰ ਲਾਗੂ ਕਰਨ ਲਈ ਕੌਣ-ਕੌਣ ਕੀ-ਕੀ ਕੰਮ ਕਰਦਾ ਹੈ—ਅਧਿਆਪਕ ਨਾਲ ਚਰਚਾ ਕਰੋ।
4. ਜੇਕਰ ਸਾਡੇ ਦੇਸ਼ ਦੇ ਢਾਂਚੇ ਵਿੱਚ ਕੁਝ ਬਦਲਾਵ ਆਵੇਗਾ ਤਾਂ ਸਾਨੂੰ ਸੰਵਿਧਾਨ ਵਿੱਚ ਵੀ ਤਬਦੀਲੀਆਂ ਕਰਨੀਆਂ ਪੈਣਗੀਆਂ-ਅਧਿਆਪਕ ਨਾਲ ਚਰਚਾ ਕਰੋ।



# ਪਾਠ 23 ਧਰਮ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਲਈ ਕਾਨੂੰਨ

ਭਾਰਤੀ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। ਸੰਵਿਧਾਨ ਲਿਖਣ ਤੋਂ ਪਹਿਲਾਂ ਬਹੁਤ ਸਾਰੇ ਸਿਧਾਂਤ ਨਿਸ਼ਚਿਤ ਕੀਤੇ ਗਏ। ਹਰ ਦੇਸ਼ ਦੇ ਸੰਵਿਧਾਨ ਦੇ ਕੁਝ ਮੌਲਿਕ ਸਿਧਾਂਤ ਹੁੰਦੇ ਹਨ। ਚੀਨ ਦਾ ਸੰਵਿਧਾਨ ਸਾਮਵਾਦੀ ਵਿਚਾਰਧਾਰਾ ਅਤੇ ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ ਉਦਾਰਵਾਦੀ ਪੂੰਜੀਵਾਦੀ ਵਿਚਾਰਧਾਰਾ ਤੇ ਅਧਾਰਿਤ ਹੈ। ਇਸ ਸਮੇਂ ਚੀਨ ਦੀ ਸਰਕਾਰ ਸਾਮਵਾਦੀ ਵਿਚਾਰਧਾਰਾ ਅਧੀਨ ਕਾਰਜਸ਼ੀਲ ਹੈ। ਅਮਰੀਕਾ ਵਿੱਚ ਇਸ ਸਮੇਂ ਸੰਘਾਤਮਕ ਸ਼ਾਸਨ ਪ੍ਰਣਾਲੀ ਤੇ ਅਧਾਰਿਤ ਸਰਕਾਰ ਸ਼ਾਸਨ ਚਲਾ ਰਹੀ ਹੈ । ਭਾਵੇਂ ਭਾਰਤੀ ਸੰਵਿਧਾਨ ਕਿਸੇ ਵਿਸ਼ੇਸ਼ ਵਿਚਾਰਧਾਰਾ ਉੱਤੇ ਅਧਾਰਿਤ ਨਹੀਂ ਹੈ। ਫਿਰ ਵੀ ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਬਹੁਤ ਸਾਰੇ ਮੌਲਿਕ ਸਿਧਾਂਤਾਂ ਨੂੰ ਵਿਚਾਰ ਕੇ ਭਾਰਤੀ ਸੰਵਿਧਾਨ ਵਿੱਚ ਸ਼ਾਮਲ ਕੀਤਾ।

ਸਾਡੇ ਸੰਵਿਧਾਨ ਵਿੱਚ ਬਹੁਤ ਸਾਰੇ ਮੌਲਿਕ ਸਿਧਾਂਤ ਅੰਕਿਤ ਕੀਤੇ ਗਏ। ਇਨ੍ਹਾਂ ਵਿੱਚੋਂ ਇੱਕ ਮੁੱਖ ਧਰਮ ਨਿਰਪੱਖਤਾ ਦਾ ਸਿਧਾਂਤ ਸੀ। ਇਸ ਸਿਧਾਂਤ ਨੂੰ ਸ਼ਾਮਲ ਕਰਨ ਦਾ ਮੁੱਖ ਕਾਰਨ ਦੇਸ਼ ਦੀ ਸਦੀਆਂ ਦੀ ਗ਼ੁਲਾਮੀ ਸੀ। ਇਸ ਸਦੀਆਂ ਦੀ ਗ਼ੁਲਾਮੀ ਦਾ ਮੁੱਖ ਕਾਰਨ ਧਾਰਮਿਕ ਕੱਟੜਤਾ ਸੀ। ਸਦੀਆਂ ਤੋਂ ਸਾਰੇ ਧਰਮਾਂ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ ਸੀ। ਕਦੇ ਸਾਡਾ ਦੇਸ਼ ਨਸਲਵਾਦ ਦਾ ਸ਼ਿਕਾਰ ਹੁੰਦਾ ਰਿਹਾ। ਕਦੇ ਈਸਾਈ ਧਰਮ ਵੱਡਾ ਧਰਮ ਸਮਝਿਆ ਜਾਂਦਾ ਰਿਹਾ। ਕਦੇ ਮੁਸਲਮਾਨ ਧਰਮ ਦੀ ਪ੍ਰਮੁੱਖਤਾ ਸੀ। ਧਰਮ ਦੀ ਕੱਟੜਤਾ ਨੇ ਸਾਡੇ ਦੇਸ਼ ਦੇ 1947 ਵਿੱਚ ਦੋ ਟੁਕੜੇ ਕਰ ਦਿੱਤੇ। ਧਰਮ ਦੇ ਨਾਂ ਤੇ ਝਗੜੇ ਅਤੇ ਦੰਗੇ ਫ਼ਸਾਦ ਹੁੰਦੇ ਰਹੇ ਹਨ। ਸੋ ਇਹ ਜ਼ਰੂਰੀ ਸੀ ਕਿ ਸੰਵਿਧਾਨ ਵਿੱਚ ਇੱਕ ਮੌਲਿਕ ਸਿਧਾਂਤ ਧਰਮ ਨਿਰਪੱਖਤਾ ਸ਼ਾਮਲ ਕੀਤਾ ਜਾਵੇ ਅਰਥਾਤ— ਭਾਰਤੀ ਸੰਵਿਧਾਨ ਧਰਮ ਨਿਰਪੱਖਤਾ ਦੇ ਸਿਧਾਂਤ ਤੇ ਅਧਾਰਿਤ ਹੋਵੇ। ਧਰਮ ਨਿਰਪੱਖ ਰਾਜ ਉਹ ਹੁੰਦਾ ਹੈ, ਜਿਸ ਵਿੱਚ ਸਾਰੇ ਧਰਮ ਬਰਾਬਰ ਹੋਣ। ਰਾਜ ਧਾਰਮਿਕ ਮਾਮਲਿਆਂ ਵਿੱਚ ਬਿਲਕੁੱਲ ਨਿਰਪੱਖ ਹੋਵੇ। ਰਾਜ ਦਾ ਕੋਈ ਧਰਮ ਨਹੀਂ ਹੁੰਦਾ ਅਤੇ ਹਰ ਧਰਮ ਨੂੰ ਮੰਨਣ ਵਾਲੇ ਆਪਣੇ ਧਰਮ ਵਿੱਚ ਸੁਤੰਤਰ ਹੁੰਦੇ ਹਨ। ਅਜਿਹੇ ਸਮਾਜ ਜਾਂ ਦੇਸ਼ ਵਿੱਚ ਸਾਰੇ ਵਿਅਕਤੀਆਂ ਕੋਲ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਹੁੰਦਾ ਹੈ। ਸਾਰੇ ਵਿਅਕਤੀਆਂ ਨੂੰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ, ਧਰਮ ਦਾ ਪ੍ਰਚਾਰ ਕਰਨ ਆਦਿ ਦੀ ਅਜ਼ਾਦੀ ਦਿੱਤੀ ਜਾਂਦੀ ਹੈ। ਕਿਸੇ ਵੀ ਨਾਗਰਿਕ ਨਾਲ ਧਰਮ ਦੇ ਅਧਾਰ ਤੇ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਧਰਮ ਨਿਰਪੱਖਤਾ ਦੀ ਵੱਡੀ ਉਦਾਹਰਨ ਇਹ ਹੈ ਕਿ ਸਾਡੇ ਦੇਸ਼ ਦੇ ਰਾਸ਼ਟਰਪਤੀ ਵੱਖ-ਵੱਖ ਧਰਮਾਂ ਦੇ ਰਹੇ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਅਤੇ ਬਾਕੀ ਅਹੁਦਿਆਂ ਤੇ ਵੀ ਕਈ ਧਰਮਾਂ ਦੇ ਲੋਕ ਰਹੇ ਹਨ।

## ਸੰਵਿਧਾਨ ਦੇ ਆਦਰਸ਼ਾਂ ਦਾ ਕਾਨੂੰਨ ਦੇ ਰੂਪ ਵਿੱਚ ਪਰਿਵਰਤਨ (ਰੂਪਾਂਤਰਨ)

ਭਾਰਤੀ ਸੰਵਿਧਾਨ ਦੇ ਮੁੱਢ ਵਿੱਚ ਸੰਵਿਧਾਨ ਦੀ ਪ੍ਰਸਤਾਵਨਾ ਅੰਕਿਤ ਕੀਤੀ ਗਈ। ਪ੍ਰਸਤਾਵਨਾ ਇੱਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜਿਸ ਵਿੱਚ ਸੰਵਿਧਾਨ ਦੇ ਮੁੱਖ ਉਦੇਸ਼, ਉਸਦੇ ਮੌਲਿਕ ਸਿਧਾਂਤਾਂ, ਉਸਦੇ ਆਦਰਸ਼ਾਂ ਆਦਿ ਦਾ ਵਰਣਨ ਕੀਤਾ ਜਾਂਦਾ ਹੈ। ਪ੍ਰਸਤਾਵਨਾ ਸੰਵਿਧਾਨ ਨਿਰਮਾਤਾਵਾਂ ਦੇ ਮਨਾਂ ਦੀ ਕੂੰਜੀ ਹੁੰਦੀ ਹੈ। ਭਾਰਤੀ ਸੰਵਿਧਾਨ ਵਿੱਚ ਸੰਵਿਧਾਨ ਦੇ ਆਦਰਸ਼-ਸੰਪੂਰਨ ਪ੍ਰਭੂਸੱਤਾ ਸੰਪੰਨ, ਧਰਮ ਨਿਰਪੱਖਤਾ ਸਭ ਨੂੰ ਬਰਾਬਰ ਨਿਆਂ, ਸੁਤੰਤਰਤਾ, ਸਮਾਨਤਾ, ਭਾਈਚਾਰਾ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ, ਗਣਰਾਜ ਆਦਿ ਸ਼ਾਮਲ ਕੀਤੇ ਗਏ

ਹਨ। ਇਨ੍ਹਾਂ ਆਦਰਸ਼ਾਂ ਨੂੰ ਹੀ ਕਾਨੂੰਨੀ ਰੂਪ ਦਿੱਤਾ ਗਿਆ ਹੈ।

ਭਾਰਤੀ ਸੰਵਿਧਾਨ ਦਾ ਪਹਿਲਾ ਆਦਰਸ਼ ਅਤੇ ਉਦੇਸ਼ ਅੰਦਰਲੀ ਅਤੇ ਬਾਹਰੀ ਸੁਤੰਤਰਤਾ ਪ੍ਰਾਪਤ ਕਰਨਾ ਸੀ। ਹੁਣ ਭਾਰਤ ਕਿਸੇ ਵਿਦੇਸ਼ੀ ਸ਼ਕਤੀ ਦੇ ਅਧੀਨ ਨਹੀਂ ਹੈ ਸਗੋਂ ਆਪਣੇ ਵਿਦੇਸ਼ੀ ਮਾਮਲਿਆਂ ਵਿੱਚ ਪੂਰਨ ਰੂਪ ਵਿੱਚ ਅਜ਼ਾਦ ਹੈ। ਸੰਪੂਰਨ ਸ਼ਕਤੀ ਲੋਕਾਂ ਕੋਲ ਹੈ।

## ਨਿਆਂ

ਅਗਲਾ ਆਦਰਸ਼ ਭਾਰਤ ਵਿੱਚ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿੱਚ ਨਿਆਂ ਦਿੰਦਾ ਹੈ ।

**ਸਮਾਜਿਕ ਨਿਆਂ** — ਸਮਾਜਿਕ ਨਿਆਂ ਤੋਂ ਭਾਵ ਹੈ ਕਿ ਜਾਤਪਾਤ, ਧਰਮ, ਰੰਗ, ਨਸਲ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਾ ਕਰਨਾ । ਸੰਵਿਧਾਨ ਰਾਹੀਂ ਤੀਜੇ ਭਾਗ ਵਿੱਚ ਪਹਿਲਾ ਮੌਲਿਕ ਅਧਿਕਾਰ 'ਸਮਾਨਤਾ ਦਾ ਅਧਿਕਾਰ' ਦਰਜ ਕਰਕੇ ਇਹਨਾਂ ਅਸਮਾਨਤਾਵਾਂ ਨੂੰ ਖ਼ਤਮ ਕਰਨ ਦੇ ਪ੍ਰਬੰਧ ਕੀਤੇ ਗਏ ਹਨ।

**ਆਰਥਿਕ ਨਿਆਂ**—ਆਰਥਿਕ ਨਿਆਂ ਤੋਂ ਭਾਵ ਸਮਾਜ 'ਚੋਂ ਆਰਥਿਕ ਨਾ-ਬਰਾਬਰੀਆਂ ਦੂਰ ਕਰਕੇ ਆਰਥਿਕ ਅਨਿਆਂ ਨੂੰ ਦੂਰ ਕਰਨਾ । ਹਰ ਵਿਅਕਤੀ ਨੂੰ ਰੋਜ਼ੀ-ਰੋਟੀ ਕਮਾਉਣ ਲਈ ਬਰਾਬਰ ਮੌਕੇ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹਾਂ ਦਿੱਤੀਆਂ ਜਾਣ । ਇਸ ਲਈ ਸੰਵਿਧਾਨ 'ਚ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਦਰਜ ਕੀਤੇ ਗਏ ਹਨ ।

**ਰਾਜਨੀਤਿਕ ਨਿਆਂ**—ਸੰਵਿਧਾਨ ਰਾਹੀਂ ਨਾਗਰਿਕਾਂ ਨੂੰ ਰਾਜਨੀਤਿਕ ਨਿਆਂ ਦੇਣ ਲਈ ਬਗੈਰ ਕਿਸੇ ਭੇਦਭਾਵ ਦੇ ਵੋਟ ਦਾ ਅਧਿਕਾਰ, ਚੁਣੇ ਜਾਣ ਦਾ ਅਧਿਕਾਰ, ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ, ਸਰਕਾਰ ਦੀ ਆਲੋਚਨਾ ਦੀ ਸੁਤੰਤਰਤਾ ਆਦਿ ਰਾਜਨੀਤਿਕ ਨਿਆਂ ਦੇਣ ਦਾ ਉਪਰਾਲਾ ਹੈ । ਜੇਕਰ ਕੋਈ ਵੀ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਸਜ਼ਾ ਮਿਲਦੀ ਹੈ ।

## ਸੁਤੰਤਰਤਾ

ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੰਵਿਧਾਨ ਦੀ ਧਾਰਾ 19 ਅਨੁਸਾਰ ਵਿਚਾਰ ਪ੍ਰਗਟ ਕਰਨ, ਵਿਸ਼ਵਾਸ, ਉਪਾਸਨਾ, ਸਮੁੱਚੇ ਭਾਰਤ ਵਿੱਚ ਘੁੰਮਣ-ਫਿਰਨ ਦੀ, ਭਾਰਤ ਦੇ ਕਿਸੇ ਹਿੱਸੇ ਵਿਚ ਰਹਿਣ ਦੀ, ਵੱਸਣ ਦੀ, ਰੋਜ਼ਗਾਰ ਕਰਨ ਦੀ ਸੁਤੰਤਰਤਾ ਦਿੱਤੀ ਗਈ ਹੈ। ਸੁਤੰਤਰਤਾਵਾਂ ਨੂੰ ਮੌਲਿਕ ਅਧਿਕਾਰਾਂ ਦੇ ਰੂਪ ਵਿੱਚ ਸੁਰੱਖਿਅਤ ਕੀਤਾ ਗਿਆ ਹੈ। ਨਾਗਰਿਕਾਂ ਨੂੰ ਇਹਨਾਂ ਦੀ ਪ੍ਰਾਪਤੀ ਲਈ ਨਿਆਂਪਾਲਿਕਾ ਦੀ ਸ਼ਰਨ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ।

## ਸਮਾਨਤਾ

ਸੰਵਿਧਾਨ ਦੇ ਅਨੁਛੇਦ 14-18 ਤੱਕ ਵੱਖ-ਵੱਖ ਖੇਤਰਾਂ ਵਿੱਚ ਸਮਾਨਤਾ ਦਿੱਤੀ ਗਈ ਹੈ। ਕਾਨੂੰਨ ਦੇ ਸਾਹਮਣੇ ਸਾਰੇ ਲੋਕ ਸਮਾਨ ਹਨ। ਛੂਤ-ਛਾਤ ਨੂੰ ਸਮਾਪਤ ਕਰ ਦਿੱਤਾ ਗਿਆ ਹੈ। ਵਿੱਦਿਅਕ ਅਤੇ ਸੈਨਿਕ ਕਿਤਾਬਾਂ ਨੂੰ ਛੱਡ ਕੇ, ਹੋਰ ਹਰ ਪ੍ਰਕਾਰ ਦੇ ਖ਼ਿਤਾਬਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਕਿਸੇ ਵਿਸ਼ੇਸ਼ ਧਰਮ, ਜਾਤ, ਸ਼੍ਰੇਣੀ ਜਾਂ ਨਸਲ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੈ । ਸਮਾਨਤਾਵਾਂ ਨੂੰ ਲਾਗੂ ਕਰਨ ਲਈ ਨਿਆਂਪਾਲਿਕਾ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਨਿਆਂਪਾਲਿਕਾ ਨੂੰ ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ ਦਿੱਤਾ ਗਿਆ ਹੈ। ਹੁਣ ਸਾਰੇ ਲੋਕ ਕਾਨੂੰਨ ਦੀਆਂ ਨਜ਼ਰਾਂ ਵਿੱਚ ਬਰਾਬਰ ਹਨ ।

## ਭਾਈਚਾਰਾ

ਭਾਰਤੀ ਸੰਵਿਧਾਨ ਵਿੱਚ ਨਾਗਰਿਕਾਂ ਅੰਦਰ ਭਾਈਚਾਰੇ ਦੀ ਭਾਵਨਾ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ। ਭਾਰਤ ਵਿੱਚ ਭਾਈਚਾਰਾ ਭਾਵਨਾ ਵਿਕਸਤ ਕਰਨਾ ਵਿਸ਼ੇਸ਼ ਕਰਕੇ ਜ਼ਰੂਰੀ ਹੈ ਕਿਉਂਕਿ ਇੱਥੇ ਵੱਖ-ਵੱਖ ਧਰਮਾਂ ਤੇ ਜਾਤੀਆਂ ਦੇ ਲੋਕ ਵਸਦੇ ਹਨ। ਇਸ ਤੋਂ ਇਲਾਵਾ ਅਜ਼ਾਦੀ ਸੰਗਰਾਮ ਵਿੱਚ ਵੱਡੀਆਂ ਰੁਕਾਵਟਾਂ ਫਿਰਕੂ ਤੱਤਾਂ ਕਾਰਨ ਹੀ ਸਨ। ਸਾਡੇ ਸੰਵਿਧਾਨ ਦੇ ਵੱਖ-ਵੱਖ ਅਨੁਛੇਦਾਂ ਰਾਹੀਂ ਧਰਮ, ਜਾਤ, ਲਿੰਗ, ਨਸਲ ਆਦਿ ਦੇ ਭੇਦ-ਭਾਵ ਨੂੰ ਖ਼ਤਮ ਕੀਤਾ ਗਿਆ ਹੈ।

## ਰਾਸ਼ਟਰੀ ਏਕਤਾ ਅਤੇ ਅਖੰਡਤਾ

ਸਾਡੇ ਸੰਵਿਧਾਨ ਨਿਰਮਾਤਾ ਰਾਸ਼ਟਰੀ ਏਕਤਾ ਕਾਇਮ ਰੱਖਣ ਦੇ ਚਾਹਵਾਨ ਸਨ। ਇਸ ਆਦਰਸ਼ ਦੀ ਪ੍ਰਾਪਤੀ ਲਈ 42ਵੀਂ ਸੋਧ ਅਨੁਸਾਰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਅਖੰਡਤਾ ਅਤੇ ਏਕਤਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਭਾਵ ਹੈ ਕਿ ਭਾਰਤ ਵਿੱਚ ਵੱਖ-ਵੱਖ ਜਾਤਾਂ, ਧਰਮਾਂ, ਨਸਲਾਂ ਅਤੇ ਜਾਤੀਆਂ ਦੇ ਲੋਕ ਵਸਦੇ ਹੋਣ ਦੇ ਬਾਵਜੂਦ ਉਹ ਸਮੁੱਚੇ ਤੌਰ ਤੇ ਇੱਕ ਹੀ ਰਾਸ਼ਟਰ ਦਾ ਨਿਰਮਾਣ ਕਰਦੇ ਹਨ। ਇਹਨਾਂ ਆਦਰਸ਼ਾਂ ਦੀ ਪ੍ਰਾਪਤੀ ਲਈ ਵੱਖ-ਵੱਖ ਕਾਨੂੰਨ ਬਣਾਏ ਗਏ ਹਨ। ਇਹ ਆਦਰਸ਼ ਸੰਵਿਧਾਨ ਵਿੱਚ ਸ਼ਾਮਲ ਹੀ ਨਹੀਂ ਕੀਤੇ ਗਏ ਸਗੋਂ ਇਹਨਾਂ ਦੀ ਪਾਲਣਾ ਕਰਨ ਲਈ ਸਖ਼ਤ ਕਾਨੂੰਨ ਬਣਾਏ ਗਏ ਹਨ। ਜੇਕਰ ਕੋਈ ਨਾਗਰਿਕ ਇਹਨਾਂ ਨੂੰ ਤੋੜਦਾ ਹੈ ਤਾਂ ਉਨ੍ਹਾਂ ਸਖ਼ਤ ਸਜ਼ਾ ਦੇਣ ਦਾ ਪ੍ਰਬੰਧ ਹੈ।

ਭਾਰਤੀ ਸੰਵਿਧਾਨ ਵਿੱਚ ਬਹੁਤ ਸਾਰੇ ਆਦਰਸ਼ ਸ਼ਾਮਲ ਕੀਤੇ ਗਏ ਹਨ। ਇਹਨਾਂ ਦੀ ਪਾਲਣਾ ਹਿੱਤ ਸਖ਼ਤ ਕਾਨੂੰਨ ਵੀ ਬਣੇ ਹੋਏ ਹਨ ਪਰ ਅਜ਼ਾਦੀ ਤੋਂ ਸਤਾਹਟ ਸਾਲ ਬਾਅਦ ਵੀ ਅਸੀਂ ਇਹ ਆਦਰਸ਼ ਪੂਰੇ ਨਹੀਂ ਕਰ ਸਕੇ। ਅਜੇ ਵੀ ਜਾਤਾਂ, ਨਸਲਾਂ, ਧਰਮਾਂ ਅਤੇ ਖੇਤਰਾਂ ਪਿੱਛੇ ਲੜਦੇ ਹਾਂ। ਕੁਝ ਪ੍ਰਾਂਤ ਅਜੇ ਵੀ ਭਾਰਤ ਤੋਂ ਵੱਖ ਹੋਣ ਦੀ ਮੰਗ ਕਰਦੇ ਹਨ।

### ਮਨੁੱਖੀ ਅਧਿਕਾਰਾਂ ਸਬੰਧੀ ਕਾਰਜ

1. ਆਓ ਮਨੁੱਖੀ ਅਧਿਕਾਰਾਂ ਦੇ ਸੰਕਲਪ ਬਾਰੇ ਵਿਚਾਰ ਕਰੀਏ। ਅਧਿਆਪਕ ਜੀ ਛੇ ਮਨੁੱਖੀ ਅਧਿਕਾਰਾਂ ਨੂੰ ਕਲਾਸ ਰੂਮ ਬੋਰਡ 'ਤੇ ਲਿਖੇ ਕੇ ਪ੍ਰਦਰਸ਼ਿਤ ਕਰਨਗੇ ਅਤੇ ਇਨ੍ਹਾਂ ਬਾਰੇ ਵਿਆਖਿਆ ਕਰਨਗੇ।

#### ਮਨੁੱਖੀ ਅਧਿਕਾਰ ਕੀ ਹਨ ?

ਮਨੁੱਖੀ ਅਧਿਕਾਰ ਜ਼ਰੂਰੀ ਅਧਿਕਾਰ ਹਨ ਜਿਨ੍ਹਾਂ ਨਾਲ਼ ਲੋਕ ਸਨਮਾਨ ਨਾਲ਼ ਰਹਿ ਸਕਦੇ ਹਨ। ਮਨੁੱਖੀ ਅਧਿਕਾਰਾਂ ਦੇ ਅਧੀਨ ਲਗਪਗ 30 ਉਲੇਖ ਹਨ (ਸੰਯੁਕਤ ਰਾਸ਼ਟਰ ਵਿੱਚ ਮਨੁੱਖੀ ਅਧਿਕਾਰਾਂ ਦੇ ਵਿਸ਼ਵਿਆਪੀ ਐਲਾਨ ਅਨੁਸਾਰ), ਕਿਸ਼ੋਰਾਂ ਲਈ ਛੇ ਸਭ ਤੋਂ ਉਚਿਤ ਲੇਖ ਹਨ :—

1. ਜਿਊਣ ਦਾ ਅਧਿਕਾਰ, ਆਜ਼ਾਦੀ, ਨਿੱਜੀ ਸੁਰੱਖਿਆ
2. ਤਸ਼ੱਦਦ ਤੋਂ ਮੁਕਤੀ
3. ਨਿਰਪੱਖ ਸੁਣਵਾਈ: ਭਾਵ, ਨਿਰਪੱਖ ਅਦਾਲਤ ਦੀ ਸੁਣਵਾਈ ਦੀਆਂ ਸਹੂਲਤਾਂ ਅਤੇ ਮਜ਼ਬੂਤ ਨਿਆਂ ਪ੍ਰਨਾਲ਼ੀ
4. ਬੋਲਣ ਦੀ ਆਜ਼ਾਦੀ
5. ਧਰਮ ਦੀ ਆਜ਼ਾਦੀ
6. ਸਿਹਤ, ਸਿੱਖਿਆ ਅਤੇ ਢੁਕਵਾਂ ਜੀਵਨ ਪੱਧਰ

## ਸ਼੍ਰੇਣੀ ਕਾਰਜ

### ਦੱਸੋ ਤੁਸੀਂ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਕਿੰਨੇ ਖ਼ੁਸ਼ ਹੋ ?

ਸਬੰਧਤ ਕਾਲਮ ਵਿਚ (✓) ਦਾ ਨਿਸ਼ਾਨ ਲਗਾਓ ਜਿਵੇ: ਬਹੁਤ ਖ਼ੁਸ਼, ਕੁਝ ਬਹੁਤਾ ਨਹੀਂ ਕਹਿ ਸਕਦਾ, ਨਾਖ਼ੁਸ਼

| ਨੰ. | ਮੇਰੇ ਮਨੁੱਖੀ ਅਧਿਕਾਰ | ਬਹੁਤ ਖ਼ੁਸ਼ | ਨਹੀਂ ਕਹਿ ਸਕਦਾ | ਨਾਖ਼ੁਸ਼ |
|---|---|---|---|---|
| 1. | **ਬਰਾਬਰੀ** : ਪਰਿਵਾਰ, ਸਕੂਲ ਅਤੇ ਕਮਿਊਨਿਟੀ ਵਿੱਚ ਤੁਹਾਡੇ ਆਲ਼ੇ-ਦੁਆਲ਼ੇ ਹਰ ਕਿਸੇ ਨਾਲ਼ ਸਮਾਨ ਵਿਹਾਰ ਕੀਤਾ ਜਾ ਰਿਹਾ ਹੈ। | | | |
| 2. | **ਸਿੱਖਿਆ** : ਅਧਿਐਨ ਕਰਨ ਦੀ ਆਗਿਆ ਦਿੱਤੀ ਜਾ ਰਹੀ ਹੈ ਅਤੇ ਭਵਿੱਖ ਵਿੱਚ ਆਪਣੀ ਪਸੰਦ ਦੇ ਵਿਸ਼ੇ ਚੁਣਨ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। | | | |
| 3. | **ਸਿਹਤ** : ਪੌਸ਼ਟਿਕ ਭੋਜਨ, ਟੀਕਾਕਰਨ, ਲੋੜ ਪੈਣ 'ਤੇ ਹਸਪਤਾਲ ਲਿਜਾਇਆ ਜਾਣਾ। | | | |
| 4. | **ਮਨੋਰੰਜਨ ਅਤੇ ਖੇਡ** : ਘਰੇਲੂ ਕੰਮਾਂ ਤੋਂ ਕਾਫ਼ੀ ਆਰਾਮ ਕਰਨ ਅਤੇ ਆਪਣੀ ਪਸੰਦ ਦੀ ਕੋਈ ਵੀ ਖੇਡ ਖੇਡਣ ਦੀ ਆਗਿਆ ਦਿੱਤੀ ਜਾ ਰਹੀ ਹੈ। | | | |
| 5. | **ਮੁਫ਼ਤ ਗਤੀਵਿਧੀ** : ਅਧਿਐਨ ਅਤੇ ਮਨੋਰੰਜਨ ਲਈ ਅਜ਼ਾਦ ਘੁੰਮਣ ਦੀ ਆਗਿਆ ਦਿੱਤੀ ਜਾ ਰਹੀ ਹੈ। | | | |
| 6. | **ਤਸ਼ੱਦਦ ਤੋਂ ਮੁਕਤੀ** : ਸਰੀਰਕ ਸਜ਼ਾ, ਅਦਾਇਗੀ ਰਹਿਤ ਮਿਹਨਤ, ਜ਼ਬਾਨੀ ਦੁਰਵਿਹਾਰ ਤੋਂ ਮੁਕਤ ਹੋਣਾ। | | | |

## ਮਨੁੱਖੀ ਅਧਿਕਾਰਾਂ ਵਿੱਚ ਸਮਾਨਤਾ

ਤੁਹਾਡੇ ਹਮਜਾਤੀਆਂ ਦੁਆਰਾ ਸਾਂਝੇ ਕੀਤੇ ਜਵਾਬ ਦਿਖਾ ਸਕਦੇ ਹਨ ਕਿ ਲੜਕੀਆਂ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਖ਼ਾਸ ਕਰਕੇ ਮੁੰਡਿਆਂ ਵਾਂਗ ਖ਼ੁਸ਼ ਨਹੀਂ ਹੋ ਸਕਦੀਆਂ ਜਾਂ ਪ੍ਰਗਟਾਵਾ ਨਹੀਂ ਕਰ ਸਕਦੀਆਂ-ਖ਼ਾਸਕਰ, ਮਨੋਰੰਜਨ ਅਤੇ ਖੇਡਾਂ ਦੇ ਅਧਿਕਾਰ, ਸੁਤੰਤਰ ਆਵਾਜਾਈ, ਇਹ ਪੁਰਸ਼ਾਂ ਅਤੇ ਔਰਤਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਆਨੰਦ ਲੈਣ ਵਿੱਚ ਅਸਮਾਨਤਾ ਨੂੰ ਪ੍ਰਗਟ ਕਰਦਾ ਹੈ।

ਜਦੋਂ ਕੁੜੀਆਂ ਨੂੰ ਛੋਟੀ ਉਮਰ ਵਿੱਚ ਜਿੱਥੇ-ਕਿਤੇ ਘਰ ਛੱਡਣ ਜਾਂ ਵਿਆਹ ਕਰਨ ਹਿੱਤ ਸਕੂਲ ਛੱਡਣ ਲਈ ਕਿਹਾ ਜਾਂਦਾ ਹੈ ਜਦੋਂ ਕਿ ਮੁੰਡਿਆਂ ਦੀ ਸਿੱਖਿਆ ਨੂੰ ਇੱਕੋ ਪਰਿਵਾਰ ਵਿੱਚ ਅੱਗੇ ਵਧਾਇਆ ਜਾਂਦਾ ਹੈ, ਅਜਿਹੀਆਂ ਸਮਾਜਿਕ ਪ੍ਰਕਿਰਿਆਵਾਂ ਮੁੰਡੇ ਅਤੇ ਕੁੜੀਆਂ ਦੋਵਾਂ ਦੇ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਦੇ

ਤਰੀਕੇ ਉਤੇ ਭੈੜਾ ਅਸਰ ਪਾਉਂਦੀਆਂ ਹਨ, ਇਸ ਨੂੰ ਬਦਲਣ ਦੀ ਲੋੜ ਹੈ।

ਮਰਦਾਂ ਅਤੇ ਔਰਤਾਂ ਦੋਵਾਂ ਨੂੰ ਇਕੋ ਜਿਹੇ ਅਧਿਕਾਰਾਂ ਦਾ ਇੱਕੋ ਜਿਹਾ ਆਨੰਦ ਲੈਣਾ ਚਾਹੀਦਾ ਹੈ, ਚਾਹੇ ਉਹ ਪੌਸ਼ਟਿਕ ਭੋਜਨ ਖਾਵੇ, ਵਿਹਲੇ ਸਮੇਂ ਦਾ ਆਨੰਦ ਲਵੇ, ਕਿਸੇ ਘਰ ਦਾ ਮਾਲਕ ਹੋਵੇ ਜਾਂ ਵਿਰਾਸਤ ਵਿੱਚ ਮਿਲਿਆ ਹੋਵੇ, ਆਉਣ ਜਾਣ ਦੀ ਸੁਤੰਤਰਤਾ ਹੋਵੇ ਜਾਂ ਉੱਚ ਸਿੱਖਿਆ ਜਾਂ ਨੌਕਰੀਆਂ ਲੈਣ, ਖੇਡਾਂ ਖੇਡਣ ਅਤੇ ਘਰੇਲੂ ਖਰਚਿਆਂ ਦਾ ਪ੍ਰਬੰਧਨ ਅਤੇ ਤਰਜੀਹ ਦੇਣਾ ਵਿੱਚ ਸਮਾਨਤਾ।

### ਅਸਮਾਨਤਾ ਮੁੰਡਿਆਂ 'ਤੇ ਵੀ ਭੈੜਾ ਅਸਰ ਪਾ ਸਕਦੀ ਹੈ

ਸਾਡੇ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ, ਕਿਸ਼ੋਰ ਅਵਸਥਾ ਦੇ ਮੁੰਡਿਆਂ ਨੂੰ ਕੁਝ ਸਮਾਜਿਕ 'ਨਿਯਮਾਂ' ਦੀ ਪਾਲਣਾ ਕਰਨ ਦੀ ਸ਼ਰਤ ਹੈ ਜੋ ਉਨ੍ਹਾਂ ਦੇ ਆਪਣੇ ਜੀਵਨ ਅਤੇ ਬਹੁਤ ਸਾਰੀਆਂ ਅੱਲੜਾਂ ਤੇ ਮੁਟਿਆਰਾਂ ਦੇ ਜੀਵਨ ਉਤੇ ਅਸਰ ਪਾ ਸਕਦੇ ਹਨ। ਇਨ੍ਹਾਂ ਦੇ ਨਤੀਜੇ ਅਕਸਰ ਅਲੱਗ-ਥਲੱਗ, ਭੰਨ-ਤੋੜ, ਹਮਲਾਵਰ ਆਦਤ, ਨਸ਼ੇ, ਹਿੰਸਾ, ਬਾਲ ਮਜ਼ਦੂਰੀ, ਬਾਲ ਵਿਆਹ, ਕਿਸ਼ੋਰ ਗਰਭ ਅਵਸਥਾ ਅਤੇ ਘਰੇਲੂ ਹਿੰਸਾ ਵਰਗੇ ਹੁੰਦੇ ਹਨ।

ਅਸਿੱਧੇ ਤੌਰ 'ਤੇ ਕਿਸ਼ੋਰ ਅਵਸਥਾ ਦੇ ਮੁੰਡੇ ਵੀ ਕੁੜੀਆਂ ਵਾਂਗ ਵਧੀਕੀਆਂ ਦਾ ਸ਼ਿਕਾਰ ਹੁੰਦੇ ਹਨ। ਹਾਲਾਂਕਿ ਉਨ੍ਹਾਂ ਦੇ ਹੱਕਾਂ ਨੂੰ ਬਹੁਤ ਹੱਦ ਤੱਕ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ ਜਾਂ ਇੱਕ ਝੂਠੀ ਮਰਦਾਨਗੀ ਦੇ ਅਧੀਨ ਲੁਕੋਇਆ ਹੁੰਦਾ ਹੈ। ਜਿਵੇਂ ਇਹ ਮੰਨਣਾਂ ਕਿ ਜਵਾਨ ਪੁੱਤਰਾਂ ਦੇ ਰੂਪ ਵਿੱਚ, ਛੇਤੀ ਵਿਆਹੇ ਹੋਏ ਪਤੀ ਅਤੇ ਅਕਸਰ, ਛੋਟੀ ਉਮਰ ਦੇ ਪਿਓ ਹੋਣ ਦੇ ਨਾਤੇ, ਉਨ੍ਹਾਂ ਨੂੰ ਕਮਾਈ ਕਰਨੀ ਚਾਹੀਦੀ ਹੈ, ਆਪਣੇ ਪਰਿਵਾਰ ਦੀ ਰੱਖਿਆ ਕਰਨੀ ਚਾਹੀਦੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਮੁੰਡਿਆਂ ਨੂੰ ਆਪਣੀ ਕਮਜ਼ੋਰੀ ਨਹੀਂ ਦਿਖਾਉਣੀ ਚਾਹੀਦੀ; ਬਹੁਤ ਮੁਸ਼ਕਲ ਹਾਲਤਾਂ ਵਿੱਚ ਮਜ਼ਬੂਤ ਬਣੋ ਜਿਸਦੇ ਲਈ ਉਹ ਆਪਣੇ ਆਪ ਨੂੰ ਨਾਕਾਫੀ ਢੰਗ ਨਾਲ ਤਿਆਰ ਕਰਦੇ ਹਨ। ਮਨੁੱਖੀ ਅਧਿਕਾਰਾਂ ਦੇ ਵੱਖੋ ਵੱਖਰੇ ਰੂਪਾਂ ਦਾ ਗਿਆਨ ਅਤੇ ਸਮਝ ਬੱਚਿਆਂ ਨੂੰ ਬਾਲਗਤਾ ਦੌਰਾਨ ਇੱਕ ਸਨਮਾਨਜਨਕ ਅਤੇ ਸਾਰਥਕ ਜੀਵਨ ਜੀਉਣ ਦੇ ਤਰੀਕੇ ਬਾਰੇ ਜਾਣਨ ਦੇ ਸਮਰੱਥ ਬਣਾ ਸਕਦੀ ਹੈ। ਇਹ ਬਦਲੇ ਵਿੱਚ ਇੱਕ ਵਧੇਰੇ ਸੰਤੁਲਿਤ ਅਤੇ ਆਨੰਦਮਈ ਸਮਾਜ ਦੀ ਸਿਰਜਣਾ ਕਰ ਸਕਦਾ ਹੈ।

## ਯਾਦ ਰੱਖਣ ਯੋਗ ਨੁਕਤੇ
## (POINTS TO REMEMBER)

1. ਹਰ ਦੇਸ਼ ਦੇ ਸੰਵਿਧਾਨ ਦੇ ਕੁਝ ਮੌਲਿਕ ਸਿਧਾਂਤ ਹੁੰਦੇ ਹਨ।
2. ਧਰਮ ਨਿਰਪੱਖਤਾ ਦਾ ਭਾਵ ਸਾਰੇ ਧਰਮਾਂ ਨੂੰ ਬਰਾਬਰ ਸਮਝਣਾ ਹੈ।
3. ਦੇਸ਼ ਦੇ ਸਾਰੇ ਵਿਅਕਤੀਆਂ ਨੂੰ ਬਿਨਾਂ ਭੇਦ ਭਾਵ ਧਾਰਮਿਕ ਅਜ਼ਾਦੀ ਦਾ ਅਧਿਕਾਰ ਹੁੰਦਾ ਹੈ।
4. ਸਾਡੇ ਦੇਸ਼ ਭਾਰਤ ਵਿੱਚ, ਰਾਸ਼ਟਰਪਤੀ ਤੇ ਰਾਜਪਾਲ ਵੱਖ-ਵੱਖ ਧਰਮਾਂ ਦੇ ਰਹੇ ਹਨ। ਇਹ ਧਰਮ-ਨਿਰਪੱਖਤਾ ਦੀ ਵੱਡੀ ਮਿਸਾਲ ਹੈ।
5. ਭਾਰਤ ਵਿਦੇਸ਼ੀ ਮਾਮਲਿਆਂ ਸੰਬੰਧੀ ਫੈਸਲੇ ਲੈਣ ਵਿੱਚ ਪੂਰੀ ਤਰ੍ਹਾਂ ਅਜ਼ਾਦ ਹੈ।
6. ਭਾਰਤੀ ਸੰਵਿਧਾਨ ਦਾ ਇੱਕ ਆਦਰਸ਼ ਸਭ ਨੂੰ ਸਮਾਨ ਨਿਆਂ ਦੇਣਾ ਹੈ।
7. ਕਾਨੂੰਨ ਸਾਹਮਣੇ ਸਾਰੇ ਭਾਰਤੀ ਬਰਾਬਰ ਹਨ।
8. ਭਾਰਤੀ ਸੰਵਿਧਾਨ ਦਾ ਮਨੋਰਥ ਨਾਗਰਿਕਾਂ ਵਿੱਚ ਭਾਈਚਾਰੇ ਨੂੰ ਉਤਸ਼ਾਹਿਤ ਕਰਨਾ ਹੈ।
9. ਰਾਸ਼ਟਰੀ ਏਕਤਾ ਤੇ ਅਖੰਡਤਾ ਲਈ ਸੰਵਿਧਾਨ ਵਚਨਬੱਧ ਹੈ।

# ਅਭਿਆਸ

**1. ਹੇਠ ਲਿਖੇ ਖਾਲੀ ਸਥਾਨ ਭਰੋ —**

1.ਪ੍ਰਸਤਾਵਨਾ ਨੂੰ ਸੰਵਿਧਾਨ ਦੀ ............... ਵੀ ਕਿਹਾ ਜਾਂਦਾ ਹੈ ।

2.ਭਾਰਤੀ ਸੰਵਿਧਾਨ ਦੇ ਅਨੁਛੇਦ ............... ਤੱਕ ............... ਅਧਿਕਾਰ ਦਰਜ ਹੈ ।

3.ਸੰਵਿਧਾਨ ਦੀ 42ਵੀਂ ਸੋਧ ਰਾਹੀਂ ਪ੍ਰਸਤਾਵਨਾ 'ਚ ............... ਸ਼ਬਦ ਦਰਜ ਕੀਤੇ ਗਏ ।

4.ਸਾਰੇ ਧਰਮਾਂ ਨੂੰ ਬਰਾਬਰ ਸਮਝਣਾ ............... ਹੈ ।

**2. ਹੇਠ ਲਿਖੇ ਵਾਕਾਂ ਬਾਰੇ ਸਹੀ (√) ਜਾਂ ਗਲਤ (×) ਦਾ ਨਿਸ਼ਾਨ ਲਗਾਓ—**

1.ਪ੍ਰਸਤਾਵਨਾ ਦਾ ਆਰੰਭ 'ਅਸੀਂ ਭਾਰਤ ਦੇ ਲੋਕ' ਸ਼ਬਦਾਂ ਨਾਲ ਹੁੰਦਾ ਹੈ ।

2.ਪ੍ਰਸਤਾਵਨਾ ਵਿੱਚ ਸਮਾਨਤਾ ਸ਼ਬਦ ਦਰਜ ਨਹੀਂ ਕੀਤਾ ਗਿਆ।

3.ਸੰਵਿਧਾਨ ਅਨੁਸਾਰ ਧਰਮ, ਜਾਤ, ਲਿੰਗ, ਨਸਲ ਦੇ ਆਧਾਰ ਦੇ ਭੇਦ ਭਾਵ ਕੀਤਾ ਜਾ ਸਕਦਾ ਹੈ ।

4.ਵੋਟ ਦਾ ਅਧਿਕਾਰ ਰਾਜਨੀਤਿਕ ਨਿਆਂ ਪ੍ਰਦਾਨ ਕਰਦਾ ਹੈ ।

5.ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਦੇ ਅੰਤ ਵਿੱਚ ਲਿਖਿਆ ਗਿਆ ਹੈ ।

**3. ਬਹੁਤੇ ਉੱਤਰਾਂ ਵਾਲੇ ਪ੍ਰਸ਼ਨ —**

1.**ਮੌਲਿਕ ਅਧਿਕਾਰ ਭਾਰਤੀ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਹਨ ?**

(ੳ) ਪਹਿਲਾ ਭਾਗ (ਅ) ਦੂਜਾ ਭਾਗ

(ੲ) ਤੀਸਰਾ ਭਾਗ (ਸ) ਚੌਥਾ ਭਾਗ

2.**ਆਦਰਸ਼ਾਂ ਲਈ ਕਾਨੂੰਨ ਕਿਥੇ ਦਰਜ ਹਨ ?**

(ੳ) ਕਾਨੂੰਨ ਦੀਆਂ ਕਿਤਾਬਾਂ 'ਚ (ਅ) ਪ੍ਰਸਤਾਵਨਾ 'ਚ

(ੲ) ਭਾਰਤੀ ਸੰਵਿਧਾਨ 'ਚ (ਸ) ਇਹਨਾਂ 'ਚ ਕੋਈ ਵੀ ਨਹੀਂ ।

3.**ਸੰਵਿਧਾਨ ਦੇ ਕਿਹੜੇ ਅਨੁਛੇਦ 'ਚ ਭਾਰਤੀ ਨਾਗਰਿਕਾਂ ਨੂੰ ਛੇ ਸੁਤੰਤਰਤਾਵਾਂ ਦਿੱਤੀਆਂ ਹਨ ?**

(ੳ) ਅਨੁਛੇਦ 18 (ਅ) ਅਨੁਛੇਦ 14

(ੲ) ਅਨੁਛੇਦ 19 (ਸ) ਅਨੁਛੇਦ 17

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ—**

1.ਧਰਮ ਨਿਰਪੱਖਤਾ ਸ਼ਬਦ ਦਾ ਅਰਥ ਲਿਖੋ।

2.ਧਰਮ ਨਿਰਪੱਖਤਾ ਦਾ ਕੋਈ ਉਦਾਹਰਨ ਦਿਓ ।

3.ਸੰਵਿਧਾਨ ਵਿੱਚ ਸ਼ਾਮਲ ਆਦਰਸ਼ਾਂ ਤੋਂ ਕੀ ਭਾਵ ਹੈ ?

4.ਪ੍ਰਸਤਾਵਨਾ ਵਿੱਚ ਦਰਜ ਆਦਰਸ਼ਾਂ ਨੂੰ ਕਿਵੇਂ ਪੂਰਾ ਕੀਤਾ ਗਿਆ ਹੈ ?

5.ਪ੍ਰਸਤਾਵਨਾ ਕੀ ਹੈ ?

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1.ਨਿਆਂ ਤੋਂ ਕੀ ਭਾਵ ਹੈ ? ਇਸ ਆਦਰਸ਼ ਨੂੰ ਕਿਵੇਂ ਲਾਗੂ ਕੀਤਾ ਗਿਆ ਹੈ ?

2.ਸਮਾਨਤਾ ਤੋਂ ਕੀ ਭਾਵ ਹੈ ? ਸੰਵਿਧਾਨ ਅਨੁਸਾਰ ਕਿਹੜੀਆਂ ਸਮਾਨਤਾਵਾਂ ਦਿੱਤੀਆਂ ਗਈਆਂ ਹਨ ?

3.ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ ?

4.ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਕੀ ਭਾਵ ਹੈ ? ਕੀ ਅਸੀਂ ਇਸ ਉਦੇਸ਼ ਨੂੰ ਪੂਰਾ ਕਰ ਸਕੇ ਹਾਂ ?

5.ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਤੋਂ ਕੀ ਭਾਵ ਹੈ ?

## ਕੁਝ ਕਰਨ ਲਈ

1.ਸੰਵਿਧਾਨ ਵਿੱਚ ਅੰਕਿਤ ਆਦਰਸ਼ਾਂ ਸੰਬੰਧੀ ਚਾਰਟ ਬਣਾ ਕੇ ਕਲਾਸ ਵਿੱਚ ਲਾਓ।

2.ਸਮਾਨਤਾ ਦੀ ਮਹੱਤਤਾ ਦੇ ਸੰਬੰਧ ਵਿੱਚ ਆਪਣੇ ਸਹਿਪਾਠੀਆਂ ਨਾਲ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰੋ।

3.ਆਪਣੇ ਪਿੰਡ ਜਾਂ ਨੇੜੇ ਦੀਆਂ ਧਾਰਮਿਕ ਸੰਸਥਾਵਾਂ ਬਾਰੇ ਚਰਚਾ ਕਰੋ ਤੇ ਚਰਚਾ ਕਰੋ ਕਿ ਤੁਹਾਡੇ ਸਕੂਲ ਵਿੱਚ ਕਿਹੜੇ-ਕਿਹੜੇ ਧਰਮਾਂ ਦੇ ਬੱਚੇ ਇਕੱਠੇ ਪੜ੍ਹਦੇ ਹਨ।

4.ਤੁਹਾਡੇ ਪਿੰਡ ਵਿੱਚ ਅਤੇ ਤੁਹਾਡੇ ਸਕੂਲ ਵਿੱਚ ਕਿਸ-ਕਿਸ ਧਰਮ ਦੇ ਵਿਦਿਆਰਥੀ ਪੜ੍ਹਦੇ ਹਨ— ਅਧਿਆਪਕ ਨਾਲ ਚਰਚਾ ਕਰੋ — ਕਿ ਤੁਹਾਡੇ ਨਾਲੋਂ ਉਹਨਾਂ ਲਈ ਵੱਖ ਕਾਨੂੰਨ ਹਨ ?

**ਕੀ ਤੁਸੀਂ ਜਾਣਦੇ ਹੋ —**

1.ਕੀ ਤੁਸੀਂ ਜਾਣਦੇ ਹੋ ਕਿ ਪੁਰਾਤਨ ਭਾਰਤੀ ਸਮਾਜ ਵਿੱਚ ਨੀਵੀਂਆਂ ਜਾਤਾਂ ਨਾਲ ਕਿਵੇਂ-ਕਿਵੇਂ ਬਦਸਲੂਕੀ ਤੇ ਅਨਿਆਂਪੂਰਣ ਵਿਹਾਰ ਕੀਤਾ ਜਾਂਦਾ ਸੀ ।

2.ਕੀ ਤੁਸੀਂ ਜਾਣਦੇ ਹੋ ਕਿ ਸੰਵਿਧਾਨ ਦੇ ਨਿਯਮਾਂ ਦੇ ਬਾਵਜੂਦ ਵੀ ਅੱਜ ਵੀ ਸਾਡੇ ਦੇਸ਼ ਵਿੱਚ ਜਾਤ, ਰੰਗ, ਧਰਮ ਦੇ ਅਧਾਰ ਤੇ ਵਿਤਕਰੇ ਕੀਤੇ ਜਾ ਰਹੇ ਹਨ ।



# ਪਾਠ 24

# ਮੁੱਢਲੇ ਅਧਿਕਾਰ ਅਤੇ ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ

ਮਨੁੱਖੀ ਵਿਕਾਸ ਲਈ ਕੁਝ ਸਹੂਲਤਾਂ ਦੀ ਲੋੜ ਹੈ। ਇਹ ਸਹੂਲਤਾਂ ਸਾਨੂੰ ਸਮਾਜ ਵਿੱਚੋਂ ਮਿਲ ਸਕਦੀਆਂ ਹਨ। ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ। ਇਹ ਅਧਿਕਾਰ ਸਮਾਜ ਵੱਲੋਂ ਪ੍ਰਵਾਨ ਹੋਣੇ ਚਾਹੀਦੇ ਹਨ। ਅਧਿਕਾਰ ਦਾ ਸਧਾਰਨ ਅਰਥ ਅਧਿਕਾਰ ਮਨੁੱਖ ਦੀਆਂ ਉਹ ਜਾਇਜ਼ ਮੰਗਾਂ ਹਨ ਜੋ ਉਸਦੇ ਵਿਕਾਸ ਅਤੇ ਕਲਿਆਣ ਲਈ ਜ਼ਰੂਰੀ ਹਨ। ਇਹਨਾਂ ਅਧਿਕਾਰਾਂ ਨੂੰ ਸਮਾਜ ਜਾਂ ਰਾਜ ਉੱਚਿਤ ਸਮਝਦਾ ਹੋਵੇ।

ਅਧਿਕਾਰਾਂ ਦੀਆਂ ਕਈ ਸ਼੍ਰੇਣੀਆਂ ਹਨ ਜਿਨ੍ਹਾਂ ਵਿੱਚ ਮੁੱਖ ਮੂਲ ਜਾਂ ਮੁੱਢਲੇ ਅਧਿਕਾਰ ਹਨ। ਮੁੱਢਲੇ ਅਧਿਕਾਰ ਉਹ ਹਨ ਜੋ ਵਿਅਕਤੀ ਦੀ ਸਰੀਰਕ, ਮਾਨਸਿਕ, ਨੈਤਿਕ, ਸੱਭਿਆਚਾਰਕ ਭਾਵ ਉਸ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ। ਮੌਲਿਕ ਅਧਿਕਾਰ ਉਹ ਹਨ ਜਿਨ੍ਹਾਂ ਨੂੰ ਦੇਸ਼ ਦੇ ਸਰਵ-ਉੱਚ ਕਾਨੂੰਨ ਭਾਵ ਸੰਵਿਧਾਨ ਵਿੱਚ ਅੰਕਿਤ ਕੀਤਾ ਗਿਆ ਹੈ। ਉਹਨਾਂ ਦੀ ਸੁਰੱਖਿਆ ਕਰਨ ਲਈ ਸੰਵਿਧਾਨਿਕ ਉਪਚਾਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਵਿੱਚ ਇਹ ਅਧਿਕਾਰ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦੇ ਆਧਾਰ ਤੇ ਦਰਜ ਕੀਤੇ ਗਏ ਹਨ। ਭਾਰਤੀ ਸੰਵਿਧਾਨ ਵਿੱਚ ਇਹ ਅਧਿਕਾਰ ਅਨੁਛੇਦ 14 ਤੋਂ 32 ਤੱਕ ਦਰਜ ਹਨ। ਅਧਿਕਾਰਾਂ ਨੂੰ ਹੇਠ ਲਿਖੇ ਛੇ ਭਾਗਾਂ ਵਿੱਚ ਵੰਡਿਆ ਗਿਆ ਹੈ।

1. ਸਮਾਨਤਾ ਦਾ ਅਧਿਕਾਰ
2. ਸਿੱਖਿਆ ਦਾ ਅਧਿਕਾਰ 21-A
3. ਸ਼ੋਸ਼ਣ ਵਿਰੁੱਧ ਅਧਿਕਾਰ
4. ਧਾਰਮਿਕ ਸੁਤੰਤਰਤਾ ਦਾ ਅਧਿਕਾਰ
5. ਸਭਿਆਚਾਰਕ ਅਤੇ ਵਿੱਦਿਅਕ ਅਧਿਕਾਰ
6. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ

ਦਸੰਬਰ 2002 ਵਿੱਚ ਇੱਕ ਸੰਵਿਧਾਨਿਕ ਸੋਧ ਰਾਹੀਂ **'ਸਿੱਖਿਆ ਦਾ ਅਧਿਕਾਰ'** ਵੀ ਇਹਨਾਂ ਅਧਿਕਾਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਅਧਿਕਾਰ ਨੂੰ ਸੁਤੰਤਰਤਾ ਦੇ ਅਧਿਕਾਰ ਅਧੀਨ ਅਨੁਛੇਦ 21-A ਅਧੀਨ ਦਰਜ ਕੀਤਾ ਗਿਆ ਹੈ।

## ਮਨੁੱਖੀ ਅਧਿਕਾਰ

ਉਹ ਅਧਿਕਾਰ, ਜਿਹੜੇ ਮਨੁੱਖ ਨੂੰ ਮਾਨਵੀ ਜੀਵਨ ਜਿਉਂਣ ਦੇ ਯੋਗ ਬਣਾਉਂਦੇ ਹਨ। ਉਹਨਾਂ ਨੂੰ ਮਨੁੱਖੀ ਅਧਿਕਾਰ ਕਿਹਾ ਜਾਂਦਾ ਹੈ। ਵਿਅਕਤੀ ਜਿਉਂਣ ਦੇ ਨਾਲ਼-ਨਾਲ਼ ਮਾਣ-ਸਤਿਕਾਰ ਵਾਲ਼ਾ ਜੀਵਨ ਜਿਉਂਣਾ ਚਾਹੁੰਦਾ ਹੈ। ਇਸ ਲਈ ਉਹ ਸਾਰੇ ਅਧਿਕਾਰ ਜਿਹੜੇ ਕਿ ਵਿਅਕਤੀ ਨੂੰ ਇੱਕ ਵਧੀਆ, ਸਤਿਕਾਰ ਅਤੇ ਮਾਣ ਵਾਲ਼ਾ ਜੀਵਨ ਜਿਉਂਣ ਦੇ ਯੋਗ ਬਣਾਉਂਦੇ ਹਨ, ਮਨੁੱਖੀ ਅਧਿਕਾਰ ਹਨ।

## ਅਧਿਕਾਰ ਅਤੇ ਕਰਤੱਵਾਂ ਵਿੱਚ ਸੰਬੰਧ

ਅਧਿਕਾਰ ਅਤੇ ਕਰਤੱਵ ਪਰਸਪਰ ਸੰਬੰਧਿਤ ਹਨ। ਅਧਿਕਾਰ ਅਤੇ ਕਰਤੱਵ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ। ਜਿੱਥੇ ਵਿਅਕਤੀ ਦੇ ਵਿਕਾਸ ਲਈ ਰਾਜ ਅਤੇ ਸਮਾਜ ਉਸ ਨੂੰ ਅਨੇਕਾਂ ਅਧਿਕਾਰ ਦਿੰਦਾ ਹੈ ਉੱਥੇ ਵਿਅਕਤੀ ਤੋਂ ਕੁਝ ਕਰਤੱਵਾਂ ਦੀ ਵੀ ਆਸ ਕਰਦਾ ਹੈ। ਕਰਤੱਵਾਂ ਦਾ ਪਾਲਣ ਕੀਤੇ ਬਿਨਾਂ ਵਿਅਕਤੀ ਅਧਿਕਾਰਾਂ ਦਾ ਹੱਕਦਾਰ ਨਹੀਂ ਹੁੰਦਾ। ਸੰਵਿਧਾਨ ਵਿੱਚ ਜਿੰਨੇ ਵੀ ਮੁੱਢਲੇ ਅਧਿਕਾਰ ਸ਼ਾਮਲ ਹਨ ਉਹਨਾਂ ਦੇ ਨਾਲ਼ ਮਨੁੱਖੀ ਅਧਿਕਾਰ ਵਜੋਂ ਕਰਤੱਵ ਵੀ ਸ਼ਾਮਲ ਹਨ।

## ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ

1. **ਸਮਾਨਤਾ ਦਾ ਅਧਿਕਾਰ :** ਮੁੱਢਲਾ ਅਧਿਕਾਰ ਸਮਾਨਤਾ ਦਾ ਅਧਿਕਾਰ ਹੈ ਇਸ ਅਧਿਕਾਰ ਅਨੁਸਾਰ ਸਾਰੇ ਵਿਅਕਤੀ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਕਾਨੂੰਨ ਦੀ ਨਜ਼ਰ ਵਿੱਚ ਉਚ-ਨੀਚ, ਅਮੀਰ-ਗਰੀਬ, ਰੰਗ, ਨਸਲ, ਜਾਤ-ਪਾਤ, ਜਨਮ ਆਦਿ ਦੇ ਅਧਾਰ ਉੱਤੇ ਕੋਈ ਭੇਦ-ਭਾਵ ਨਹੀਂ ਹੋ ਸਕਦਾ।

   ਸਾਡਾ ਫ਼ਰਜ਼ ਬਣਦਾ ਹੈ ਕਿ ਜਦੋਂ ਕਾਨੂੰਨ ਸਭ ਨੂੰ ਬਰਾਬਰ ਮੰਨਦਾ ਹੈ ਤਾਂ ਅਸੀਂ ਵੀ ਕਿਸੇ ਨਾਲ਼ ਵਿਤਕਰਾ ਨਾ ਕਰੀਏ। ਕਿਸੇ ਨਾਲ਼ ਛੂਤ-ਛਾਤ ਨਾ ਕਰੀਏ। ਕਿਸੇ ਨਾਗਰਿਕ ਨਾਲ਼ ਰੰਗ, ਨਸਲ, ਜਾਤ ਅਤੇ ਲਿੰਗ ਦੇ ਅਧਾਰ ਤੇ ਵਿਤਕਰਾ ਨਾ ਕਰੀਏ।

2. **ਸੁਤੰਤਰਤਾ ਦਾ ਅਧਿਕਾਰ :** ਨਾਗਰਿਕ ਦਾ ਦੂਜਾ ਮੁੱਢਲਾ ਅਧਿਕਾਰ ਸੁਤੰਤਰਤਾ ਦਾ ਅਧਿਕਾਰ ਹੈ। ਇਸ ਰਾਹੀਂ ਸਾਨੂੰ ਕਈ ਸੁਤੰਤਰਤਾਵਾਂ ਮਿਲੀਆਂ ਹਨ ਜਿਵੇਂ ਕਿ ਭਾਸ਼ਨ ਦੇਣ, ਵਿਚਾਰ ਪ੍ਰਗਟਾਉਣ, ਘੁੰਮਣ-ਫਿਰਨ ਅਤੇ ਕਿਤੇ ਆਉਣ-ਜਾਣ ਦੀ ਸੁਤੰਤਰਤਾ। ਇਹਨਾਂ ਤੋਂ ਇਲਾਵਾ ਪ੍ਰੈਸ ਦੀ ਸੁਤੰਤਰਤਾ ਅਤੇ ਕੋਈ ਵੀ ਧੰਦਾ ਅਪਨਾਉਣ ਦੀ ਸੁਤੰਤਰਤਾ ਆਦਿ ਅਧਿਕਾਰ ਪ੍ਰਾਪਤ ਹਨ।

   ਇਹਨਾਂ ਅਧਿਕਾਰਾਂ ਦੇ ਨਾਲ਼-ਨਾਲ਼ ਸਾਡਾ ਇਹ ਵੀ ਫ਼ਰਜ਼ ਬਣਦਾ ਹੈ ਕਿ ਜੇਕਰ ਸਾਨੂੰ ਇਸ ਪ੍ਰਕਾਰ ਦੀਆਂ ਸੁਤੰਤਰਤਾਵਾਂ ਮਿਲੀਆਂ ਹਨ ਤਾਂ ਅਸੀਂ ਦੂਜਿਆਂ ਦੀਆਂ ਸੁਤੰਤਰਤਾਵਾਂ ਦਾ ਵੀ ਖਿਆਲ ਰੱਖੀਏ। ਸਾਨੂੰ ਦੂਜਿਆਂ ਨੂੰ ਵੀ ਘੁੰਮਣ- ਫਿਰਨ, ਵਿਚਾਰ ਪ੍ਰਗਟਾਉਣ, ਸੰਘ ਬਣਾਉਣ ਦਾ ਅਧਿਕਾਰ ਦੇਣਾ ਚਾਹੀਦਾ ਹੈ।

3. **ਸਿੱਖਿਆ ਦਾ ਅਧਿਕਾਰ :** ਸਭ ਤੋਂ ਪਹਿਲਾ 18 ਮਾਰਚ, 1910 ਵਿੱਚ ਸ਼੍ਰੀ ਗੋਪਾਲ ਕ੍ਰਿਸ਼ਨ ਗੋਖਲੇ ਨੇ ਇੰਪੀਅਰਲ ਲੈਜਿਸਲੇਟਿਵ ਅਸੈਂਬਲੀ ਅੱਗੇ ਭਾਰਤ ਵਿੱਚ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਸੀ ਪਰ ਇਹ ਪਾਸ ਨਹੀਂ ਹੋ ਸਕਿਆ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਸੰਵਿਧਾਨਿਕ ਅਸੈਂਬਲੀ ਵਿੱਚ ਇਸ ਮੁੱਦੇ ਤੇ ਬਹਿਸ ਉਪਰੰਤ ਭਾਰਤ ਦੇ ਸੰਵਿਧਾਨ ਦੇ ਅਨੁਛੇਦ 45, ਜੋ ਕਿ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਅਧੀਨ ਹੈ, ਵਿੱਚ ਰਾਜਾਂ ਨੂੰ ਨਿਰਦੇਸ਼ ਦਿੱਤੇ ਗਏ ਕਿ 14 ਸਾਲ ਤੱਕ ਦੇ ਬੱਚਿਆਂ ਲਈ ਰਾਜ 10 ਸਾਲਾਂ ਦੇ ਅੰਦਰ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇਣ ਦਾ ਪ੍ਰਬੰਧ ਕਰਨਗੇ ।

4. **ਸ਼ੋਸ਼ਣ ਵਿਰੁੱਧ ਅਧਿਕਾਰ :** ਸ਼ੋਸ਼ਣ ਵਿਰੁੱਧ ਅਧਿਕਾਰ ਵਿੱਚ ਮਨੁੱਖ ਦਾ ਵਪਾਰ ਕਰਨ, ਵੇਤਨ ਦਿੱਤੇ ਬਿਨ੍ਹਾਂ ਕੰਮ ਕਰਾਉਣਾ ਅਤੇ ਦੂਜਿਆਂ ਤੋਂ ਜ਼ਬਰਦਸਤੀ ਕੰਮ ਕਰਾਉਣ ਦੀ ਮਨਾਹੀ ਹੈ। ਸਾਡਾ ਕਰਤੱਵ ਹੈ ਕਿ ਅਸੀਂ ਕਿਸੇ ਵੀ ਪ੍ਰਕਾਰ ਦਾ ਮਨੁੱਖੀ ਸ਼ੋਸ਼ਣ ਨਾ ਕਰੀਏ। ਕੰਮ ਬਦਲੇ ਤਨਖ਼ਾਹ ਪੱਖੋਂ, ਕੰਮ ਦੇ ਘੰਟਿਆਂ ਪੱਖੋਂ ਅਤੇ ਧਰਮ, ਨਸਲ, ਜਾਤੀ ਲਿੰਗ ਆਦਿ ਪੱਖੋਂ ਕੋਈ ਵੀ ਵਿਤਕਰਾ ਨਾ ਕਰੀਏ।

5. **ਧਾਰਮਿਕ ਸੁਤੰਤਰਤਾ ਦਾ ਅਧਿਕਾਰ :** ਸਭ ਤੋਂ ਮਹੱਤਵਪੂਰਨ ਅਧਿਕਾਰ ਧਰਮ ਦਾ ਅਧਿਕਾਰ ਹੈ। ਇਹ ਅਧਿਕਾਰ ਸਭ ਨੂੰ ਕੋਈ ਧਰਮ ਅਪਣਾਉਣ, ਮੰਨਣ, ਪ੍ਰਚਾਰ ਕਰਨ ਅਤੇ ਧਾਰਮਿਕ ਸਥਾਨ ਬਣਾਉਣ ਦੀ ਅਜ਼ਾਦੀ ਦਿੰਦਾ ਹੈ। ਸਾਡਾ ਕਰਤੱਵ ਹੈ ਇਹਨਾਂ ਅਜ਼ਾਦੀਆਂ ਵਿੱਚ ਅੜਿੱਕਾ ਨਾ ਬਣੀਏ। ਸਾਨੂੰ ਕੋਈ ਅਧਿਕਾਰ ਨਹੀਂ ਕਿ ਅਸੀਂ ਕਿਸੇ ਧਰਮ ਸਥਾਨ ਦਾ ਅਪਮਾਨ ਕਰੀਏ। ਸਾਡਾ ਫ਼ਰਜ਼ ਹੈ ਸਾਰੇ ਧਰਮਾਂ ਦਾ ਸਤਿਕਾਰ ਕਰੀਏ।

6. **ਸਭਿਆਚਾਰਕ ਅਤੇ ਵਿੱਦਿਅਕ ਅਧਿਕਾਰ :** ਇਸ ਅਧਿਕਾਰ ਅਧੀਨ ਹਰੇਕ ਨਾਗਰਿਕ ਜਾਂ ਸਮੁਦਾਇ ਨੂੰ ਆਪਣੀ ਭਾਸ਼ਾ, ਲਿਪੀ ਜਾਂ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਦਾ ਅਧਿਕਾਰ ਹੈ। ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ ਕਿਸੇ ਨੂੰ ਰੰਗ, ਨਸਲ, ਜਾਤ ਅਤੇ ਧਰਮ ਦੇ ਅਧਾਰ ਤੇ ਦਾਖ਼ਲਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਾਡਾ ਕਰਤੱਵ ਹੈ ਇਸ ਅਧਿਕਾਰ ਦਾ ਸਤਿਕਾਰ ਕਰੀਏ। ਸਾਡਾ ਕਰਤੱਵ ਹੈ ਕਿ ਰੰਗ, ਨਸਲ ਅਤੇ ਜਾਤ ਦੇ ਅਧਾਰ ਤੇ ਕਿਸੇ ਨੂੰ ਸਰਕਾਰੀ, ਵਿੱਦਿਅਕ ਸੰਸਥਾਵਾਂ ਵਿੱਚ ਦਾਖਲ ਹੋਣ ਤੇ ਨਾ ਰੋਕੀਏ। ਸਾਰਿਆਂ ਦੀ ਲਿਪੀ, ਸਭਿਆਚਾਰ, ਬੋਲੀ ਅਤੇ ਧਰਮ ਦਾ ਸਤਿਕਾਰ ਕਰੀਏ। ਸਰਕਾਰੀ ਸੰਸਥਾਵਾਂ ਵੱਲੋਂ ਸਹਾਇਤਾ ਦੇਣ ਸਮੇਂ ਵਿਤਕਰਾ ਨਾ ਕਰੀਏ। ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਕਾਨੂੰਨ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ।

7. **ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ :** ਇਹ ਅਧਿਕਾਰ ਸਾਨੂੰ ਆਪਣੇ ਅਧਿਕਾਰਾਂ ਦੀ ਸੁਰੱਖਿਆ ਦਾ ਗਿਆਨ ਕਰਵਾਉਂਦਾ ਹੈ। ਇਸ ਅਧਿਕਾਰ ਵਿੱਚ ਇਹ ਅੰਕਿਤ ਕੀਤਾ ਗਿਆ ਹੈ ਕਿ ਤੁਸੀਂ ਸੰਵਿਧਾਨਿਕ ਤੌਰ ਤੇ ਕਿਸੇ ਦੇ ਅਧਿਕਾਰ ਖੋਹ ਨਹੀਂ ਸਕਦੇ।

   ਕਿਸੇ ਵੀ ਵਿਅਕਤੀ ਦੇ ਅਧਿਕਾਰਾਂ ਦੀ ਉਲੰਘਣਾ ਹੋਣ ਤੇ ਉਹ ਨਿਆਂਪਾਲਿਕਾ ਦੀ ਸ਼ਰਨ ਲੈ ਸਕਦਾ ਹੈ। ਇਸ ਲਈ ਹਰ ਅਧਿਕਾਰ ਨਾਲ਼ ਸਾਡੇ ਮਨੁੱਖੀ ਕਰਤੱਵ ਜੁੜੇ ਹੋਏ ਹਨ।

> ਜ਼ਰੂਰੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਮੌਲਿਕ ਅਧਿਕਾਰਾਂ ਵਿੱਚ ਸ਼ਾਮਲ ਕਰਕੇ ਭਾਰਤ ਉਹਨਾਂ 135 ਦੇਸ਼ਾਂ ਵਿੱਚ ਆ ਗਿਆ ਜਿਹਨਾਂ ਨੇ ਇਹ ਅਧਿਕਾਰ ਆਪਣੇ ਨਾਗਰਿਕਾਂ (ਬੱਚਿਆਂ) ਨੂੰ ਦਿੱਤਾ ਹੈ ।

ਦਸੰਬਰ 2002 ਵਿੱਚ ਸੰਵਿਧਾਨ ਵਿੱਚ 86ਵੀਂ ਸੋਧ ਕੀਤੀ ਗਈ ਅਤੇ ਮੌਲਿਕ ਅਧਿਕਾਰਾਂ 'ਚ ਅਨੁਛੇਦ 21-A ਦਰਜ ਕਰਕੇ 6-14 ਸਾਲ ਦੇ ਹਰੇਕ ਬੱਚੇ ਲਈ 'ਮੁਫਤ ਤੇ ਲਾਜ਼ਮੀ ਸਿੱਖਿਆ' ਦਾ ਅਧਿਕਾਰ ਦੇ ਦਿੱਤਾ ਗਿਆ। ਇਸ ਨੂੰ ਅਮਲੀ ਰੂਪ ਦੇਣ ਲਈ ਲਾਜ਼ਮੀ ਤੇ ਮੁਫਤ ਸਿੱਖਿਆ ਦਾ ਅਧਿਕਾਰ ਐਕਟ 2009 ਪਾਸ ਕੀਤਾ ਗਿਆ। ਇਸ ਪ੍ਰਕਾਰ ਅਪ੍ਰੈਲ 2010 ਤੋਂ ਸਾਰੇ ਭਾਰਤ (ਸਿਵਾਏ ਜੰਮੂ ਕਸ਼ਮੀਰ ਦੇ) ਇਹ ਐਕਟ ਲਾਗੂ ਹੋ ਚੁੱਕਾ ਹੈ ਅਤੇ ਹਰੇਕ ਭਾਰਤੀ ਬੱਚਾ ਜੋ 6 ਤੋਂ 14 ਸਾਲ ਆਯੂ ਗਰੁੱਪ ਵਿਚ ਆਉਂਦਾ ਹੈ ਮੁਫ਼ਤ ਤੇ ਲਾਜ਼ਮੀ ਮੁੱਢਲੀ ਸਿੱਖਿਆ (ਭਾਵ ਅੱਠਵੀਂ ਜਮਾਤ ਤੱਕ) ਪ੍ਰਾਪਤ ਕਰ ਰਿਹਾ ਹੈ ।

## ਮਨੁੱਖਤਾ ਲਈ ਮਿਸਾਲ

ਅਧਿਕਾਰ ਸਭ ਲਈ ਬਰਾਬਰ ਹਨ। ਸਾਡੇ ਸਮਾਜ ਵਿੱਚ ਸਦੀਆਂ ਤੋਂ ਰੰਗ, ਨਸਲ, ਜਾਤੀ ਅਤੇ ਧਰਮ ਦੇ ਅਧਾਰ ਤੇ ਵਿਤਕਰਾ ਕੀਤਾ ਜਾਂਦਾ ਸੀ। ਸਦੀਆਂ ਤੋਂ ਛੂਤ-ਛਾਤ ਇੱਕ ਕੁਰੀਤੀ ਸੀ । ਬਹੁਤ ਸਾਰੀਆਂ ਜਾਤੀਆਂ ਨੂੰ ਘਟੀਆ ਸਮਝਿਆ ਜਾਂਦਾ ਸੀ। ਉਹਨਾਂ ਨੂੰ ਛੂਹਣਾ ਵੀ ਪਾਪ ਸਮਝਿਆ ਜਾਂਦਾ ਸੀ। ਹੁਣ ਧਾਰਾ 17 ਅਨੁਸਾਰ ਛੂਤ-ਛਾਤ ਦੀ ਸਮਾਜਿਕ ਬੁਰਾਈ ਖਤਮ ਕਰ ਦਿੱਤੀ ਹੈ। ਸੰਵਿਧਾਨ ਦੀ ਧਾਰਾ 15 ਅਨੁਸਾਰ ਕਿਸੇ ਵੀ ਨਾਗਰਿਕ ਨਾਲ਼ ਧਰਮ, ਜਾਤ, ਲਿੰਗ ਅਤੇ ਨਸਲ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸਾਰੇ ਲੋਕਾਂ ਨੂੰ ਬਰਾਬਰ ਸਮਝਿਆ ਜਾਵੇਗਾ।

ਸੰਵਿਧਾਨ ਦੀ ਧਾਰਾ 25 ਅਨੁਸਾਰ ਕਿਸੇ ਵਿਅਕਤੀ ਨੂੰ ਧਰਮ ਦੇ ਅਧਾਰ ਤੇ ਵਿਤਕਰਾ ਕਰਨ ਦੀ ਮਨਾਹੀ ਹੈ। ਇਸ ਧਾਰਾ ਅਨੁਸਾਰ ਧਾਰਮਿਕ ਵਿਤਕਰੇ ਖ਼ਤਮ ਕਰ ਦਿੱਤੇ ਗਏ ਹਨ।

ਸਾਡੇ ਸੰਵਿਧਾਨ ਵਿੱਚ ਹੋਰ ਬਹੁਤ ਸਾਰੀਆਂ ਉਦਾਹਰਨਾਂ ਹਨ ਜਿਨ੍ਹਾਂ ਅਨੁਸਾਰ ਸਾਰੇ ਨਾਗਰਿਕਾਂ ਨੂੰ ਬਰਾਬਰ ਸਮਝਿਆ ਗਿਆ ਹੈ। ਰੰਗ, ਨਸਲ, ਧਰਮ, ਜਾਤ ਅਤੇ ਲਿੰਗ ਦੇ ਅਧਾਰ ਤੇ ਵਿਤਕਰੇ ਖ਼ਤਮ ਕਰ ਦਿੱਤੇ ਗਏ ਹਨ ਪਰ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਅਜੇ ਵੀ ਸਮਾਜ ਵਿੱਚ ਵਿਤਕਰੇ ਜਾਰੀ ਹਨ। ਜਾਤੀ, ਧਰਮ, ਨਸਲ, ਰੰਗ ਅਤੇ ਲਿੰਗ ਦੇ ਅਧਾਰ ਤੇ ਇਹਨਾਂ ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਦੀ ਲੋੜ ਹੈ। ਜਿਨ੍ਹਾਂ ਲੋਕਾਂ ਲਈ ਇਹ ਕਾਨੂੰਨ ਬਣੇ ਹਨ, ਉਹਨਾਂ ਤੱਕ ਇਹਨਾਂ ਨੂੰ ਪਹੁੰਚਾਉਣ ਦੀ ਲੋੜ ਹੈ। ਆਓ, ਸਾਡੇ ਸੰਵਿਧਾਨਕਾਰਾਂ ਦੇ ਆਦਰਸ਼ਾਂ ਨੂੰ ਪੂਰੇ ਕਰਨ ਲਈ ਇਕ ਹੰਭਲਾ ਹੋਰ ਮਾਰੀਏ।

# ਯਾਦ ਰੱਖਣ ਯੋਗ ਨੁਕਤੇ

## (POINTS TO REMEMBER)

1. ਮਨੁੱਖ ਦੇ ਸਰੀਰਕ, ਮਾਨਸਿਕ, ਨੈਤਿਕ ਤੇ ਸੱਭਿਆਚਾਰਕ ਵਿਕਾਸ ਲਈ ਜੋ ਸਹੂਲਤਾਂ ਲੋੜੀਂਦੀਆਂ ਹਨ, ਉਹਨਾਂ ਨੂੰ ਮੁੱਢਲੇ ਜਾਂ ਮੌਲਿਕ ਅਧਿਕਾਰ ਕਿਹਾ ਜਾਂਦਾ ਹੈ।
2. ਭਾਰਤੀ ਸੰਵਿਧਾਨ ਵਿੱਚ ਨਾਗਰਿਕਾਂ ਨੂੰ ਛੇ ਪ੍ਰਕਾਰ ਦੇ ਮੌਲਿਕ ਅਧਿਕਾਰ ਦਿੱਤੇ ਗਏ ਹਨ।
3. ਅਧਿਕਾਰ ਤੇ ਕਰਤੱਵ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ।
4. ਕੁਝ ਅਧਿਕਾਰ ਪ੍ਰਾਪਤ ਕਰਨ ਬਦਲੇ ਸਾਨੂੰ ਕੁਝ ਕਰਤੱਵਾਂ ਦਾ ਪਾਲਨ ਕਰਨਾ ਪੈਂਦਾ ਹੈ।
5. ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ।
6. ਸੰਵਿਧਾਨ ਦੇ ਅਨੁਸਾਰ, ਛੂਤ-ਛਾਤ ਜਿਹੀਆਂ ਬੁਰਾਈਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ।
7. ਸੰਵਿਧਾਨ ਦੇ ਸਾਹਮਣੇ ਅਸੀਂ ਬਰਾਬਰ ਹਾਂ।
8. ਭਾਰਤੀ ਸੰਵਿਧਾਨ ਨੇ ਮੌਲਿਕ ਅਧਿਕਾਰ ਅਮਰੀਕਾ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ ਸ਼ਾਮਲ ਕੀਤੇ ।

## ਅਭਿਆਸ

### 1. ਖਾਲੀ ਥਾਵਾਂ ਭਰੋ —

1. ਭਾਰਤੀ ਸੰਵਿਧਾਨ ਵਿੱਚ ............... ਮੌਲਿਕ ਅਧਿਕਾਰ ਦਰਜ ਕੀਤੇ ਗਏ ਹਨ ।
2. ਭਾਰਤੀ ਸੰਵਿਧਾਨ 'ਚ ਮੌਲਿਕ ਅਧਿਕਾਰ ਅਨੁਛੇਦ ............... ਦਰਜ ਹਨ ।
3. ਸੰਵਿਧਾਨ ਦੀ ਧਾਰਾ 25 ............... ਵਿਤਕਰਿਆਂ ਦੀ ਮਨਾਹੀ ਕਰਦੀ ਹੈ।
4. ਪਹਿਲਾ ਮੌਲਿਕ ਅਧਿਕਾਰ ............... ਹੈ ।
5. ਪ੍ਰੈੱਸ ਦੀ ਆਜ਼ਾਦੀ ............... ਅਧਿਕਾਰ ਅਧੀਨ ਦਿੱਤੀ ਗਈ ਹੈ ।

### 2. ਸਹੀ (√) ਜਾਂ ਗਲਤ (×) ਦਾ ਨਿਸ਼ਾਨ ਲਗਾਓ—

1. ਸੰਵਿਧਾਨ ਦੇ ਸਾਹਮਣੇ ਅਸੀਂ ਸਾਰੇ ਬਰਾਬਰ ਹਾਂ । ☐
2. ਅਧਿਕਾਰ ਅਤੇ ਕਰਤੱਵਾਂ ਵਿਚਕਾਰ ਕੋਈ ਸੰਬੰਧ ਨਹੀਂ ਹੈ । ☐
3. ਨਿਆਂਪਾਲਿਕਾ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ । ☐
4. ਸਿੱਖਿਆ ਦਾ ਅਧਿਕਾਰ ਮੌਲਿਕ ਅਧਿਕਾਰ ਹੈ। ☐
5. ਸਰਕਾਰੀ ਵਿੱਦਿਅਕ ਸੰਸਥਾਵਾਂ 'ਚ ਧਰਮ, ਜਾਤ ਜਾਂ ਰੰਗ ਦੇ ਆਧਾਰ ਤੇ ਦਾਖਲਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ? ☐

### 3. ਵਿਕਲਪੀ ਪ੍ਰਸ਼ਨ —

1. 'ਮੁਫ਼ਤ ਤੇ ਲਾਜ਼ਮੀ ਵਿੱਦਿਆ ਦਾ ਅਧਿਕਾਰ ਕਿਹੜੀ ਜਮਾਤ ਤੱਕ ਲਾਗੂ ਹੈ ?

(ੳ) ਪੰਜਵੀਂ (ਅ) ਅੱਠਵੀਂ

(ੲ) ਦਸਵੀਂ (ਸ) ਬਾਰ੍ਹਵੀਂ

2.ਮਨੁੱਖ ਦਾ ਵਪਾਰ ਕਰਨ ਦੀ ਮਨਾਹੀ ਕਿਸ ਅਧਿਕਾਰ ਅਧੀਨ ਦਰਜ ਹੈ ?

(ੳ) ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (ਅ) ਸਮਾਨਤਾ ਦਾ ਅਧਿਕਾਰ

(ੲ) ਸ਼ੋਸ਼ਣ ਵਿਰੁੱਧ ਅਧਿਕਾਰ (ਸ) ਇਨ੍ਹਾਂ 'ਚੋਂ ਕੋਈ ਨਹੀਂ

3.ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ ਕਦੋਂ ਤੋਂ ਲਾਗੂ ਹੈ ?

(ੳ) 4 ਅਗਸਤ 2009 (ਅ) ਦਸੰਬਰ 2002

(ੲ) 1 ਅਪ੍ਰੈਲ 2010 (ਸ) 1 ਅਪ੍ਰੈਲ 2009

4.ਸਿੱਖਿਆ ਦਾ ਅਧਿਕਾਰ ਸੰਵਿਧਾਨ 'ਚ ਕਿਸ ਧਾਰਾ ਅਧੀਨ ਦਰਜ਼ ਹੈ ?

(ੳ) ਧਾਰਾ 21 (ਅ) 21-A

(ੲ) ਧਾਰਾ 20 (ਸ) ਇਨ੍ਹਾਂ ਚੋਂ ਕੋਈ ਨਹੀਂ ।

### 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ 'ਚ ਦਿਓ—

1. ਅਧਿਕਾਰਾਂ ਤੋਂ ਕੀ ਭਾਵ ਹੈ?
2. ਮੁੱਢਲੇ ਅਧਿਕਾਰ ਦੇ ਸ਼ਬਦੀ ਅਰਥ ਲਿਖੋ।
3. ਕਿਸੇ ਦੋ ਅਧਿਕਾਰਾਂ ਨਾਲ ਸੰਬੰਧਤ ਦੋ ਫਰਜ ਲਿਖੋ ।
4. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਤੋਂ ਕੀ ਭਾਵ ਹੈ ?
5. ਛੂਤ-ਛਾਤ ਦੀ ਸਮਾਪਤੀ ਕਿਹੜੇ ਅਨੁਛੇਦ ਰਾਹੀਂ ਹੋਈ ?

### 5.ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—

1. ਸਿੱਖਿਆ ਦੇ ਅਧਿਕਾਰ 'ਤੇ ਸੰਖੇਪ ਨੋਟ ਲਿਖੋ।
2. ਸੰਵਿਧਾਨ 'ਚ ਕਿਹੜੇ-ਕਿਹੜੇ ਮੌਲਿਕ ਅਧਿਕਾਰ ਦਰਜ ਹਨ ?
3. 'ਅਧਿਕਾਰ ਅਤੇ ਕਰਤੱਵ ਇਕ ਸਿੱਕੇ ਦੇ ਦੋ ਪਾਸੇ ਹਨ' ਕਿਵੇਂ ?
4. ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।
5. ਅਸੀਂ ਆਪਣੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਿਵੇਂ ਕਰ ਸਕਦੇ ਹਾਂ ?

### ਕੁਝ ਕਰਨ ਲਈ

1. ਸਾਡੇ ਸਮਾਜ ਵਿੱਚ ਕਾਨੂੰਨਾਂ ਦੇ ਬਾਵਜੂਦ ਰੰਗ, ਨਸਲ, ਧਰਮ ਅਤੇ ਜਾਤੀ ਅਧਾਰਿਤ ਕੀ ਵਿਤਕਰੇ ਹਨ? ਉਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਜਮਾਤ ਵਿੱਚ ਆਪਣੇ ਅਧਿਆਪਕ ਨਾਲ਼ ਚਰਚਾ ਕਰੋ।
2. ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰ ਅਤੇ ਕਰਤੱਵਾਂ ਦਾ ਚਾਰਟ ਬਣਾ ਕੇ ਕਲਾਸ ਰੂਮ ਵਿੱਚ ਲਟਕਾਉ।

ਪਾਠ 25

# ਸੰਸਦ—ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ

ਭਾਰਤੀ ਸੰਵਿਧਾਨ ਅਨੁਸਾਰ ਲੋਕਤੰਤਰੀ ਸ਼ਾਸਨ ਪ੍ਰਣਾਲੀ ਲਾਗੂ ਕੀਤੀ ਗਈ। ਵੱਡਾ ਦੇਸ਼ ਹੋਣ ਕਰਕੇ ਅਪ੍ਰਤੱਖ ਲੋਕਤੰਤਰ ਦੀ ਵਿਵਸਥਾ ਕੀਤੀ ਗਈ ਹੈ। ਇਸ ਸ਼ਾਸਨ ਪ੍ਰਣਾਲੀ ਵਿੱਚ ਪ੍ਰਸ਼ਾਸਨ ਲੋਕਾਂ ਦੇ ਚੁਣੇ ਹੋਏ ਪ੍ਰਤਿਨਿਧਾਂ ਦੁਆਰਾ ਚਲਾਇਆ ਜਾਂਦਾ ਹੈ ਜੋ ਆਪਣੇ ਕੰਮਾਂ ਅਤੇ ਜ਼ਿੰਮੇਵਾਰੀਆਂ ਲਈ ਭਾਰਤੀ ਲੋਕਾਂ ਪ੍ਰਤੀ ਉੱਤਰਦਾਈ ਹੁੰਦੇ ਹਨ।

**ਸੰਸਦ ਦਾ ਅਰਥ :** ਸੰਸਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਪਾਰਲੀਮੈਂਟ (Parliament) ਦਾ ਪੰਜਾਬੀ ਅਨੁਵਾਦ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ ਪਾਰਲੀਮੈਂਟ ਫਰਾਂਸੀਸੀ ਸ਼ਬਦ ਪਾਰਲਰ (Parlar) ਤੋਂ ਲਿਆ ਹੈ ਜਿਸਦਾ ਅਰਥ ਹੈ ਗੱਲਬਾਤ ਕਰਨਾ। ਸੋ ਸੰਸਦ ਇੱਕ ਅਜਿਹੀ ਸੰਸਥਾ ਹੈ ਜਿਥੇ ਬੈਠ ਕੇ ਲੋਕ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਵਿਸ਼ਿਆਂ 'ਤੇ ਗੱਲਬਾਤ ਕਰਦੇ ਹਨ।

ਸੰਸਦ ਉਹ ਸ਼ਾਸਨ ਪ੍ਰਣਾਲੀ ਹੈ ਜਿਸ ਵਿੱਚ ਸਰਕਾਰ ਦੇ ਦੋ ਅੰਗਾਂ ਭਾਵ ਕਾਰਜਪਾਲਿਕਾ ਅਤੇ ਵਿਧਾਨਮੰਡਲ ਵਿੱਚ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ। ਕਾਰਜਪਾਲਿਕਾ (ਸਰਕਾਰ) ਦੇ ਸਾਰੇ ਮੈਂਬਰ ਵਿਧਾਨ ਮੰਡਲ ਵਿੱਚੋਂ ਲਏ ਜਾਂਦੇ ਹਨ ਅਤੇ ਵਿਧਾਨ ਮੰਡਲ ਦੇ ਸਮਰਥਨ ਤੱਕ ਆਪਣੀ ਪਦਵੀ ਤੇ ਰਹਿੰਦੇ ਹਨ। ਕਾਰਜਪਾਲਿਕਾ ਦੇ ਸਾਰੇ ਮੈਂਬਰ ਆਪਣੇ ਸਾਰੇ ਕੰਮਾਂ ਅਤੇ ਨੀਤੀਆਂ ਲਈ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰ ਹੁੰਦੇ ਹਨ।

**ਸੰਸਦ ਦੀ ਬਣਤਰ :** ਸੰਸਦ ਦੇ ਦੋ ਸਦਨ ਹੁੰਦੇ ਹਨ—ਲੋਕ ਸਭਾ ਅਤੇ ਰਾਜ ਸਭਾ।

**ਲੋਕ ਸਭਾ :** ਜਿਵੇਂ ਨਾਂ ਤੋਂ ਹੀ ਸਪਸ਼ਟ ਹੈ ਕਿ ਲੋਕਾਂ ਦਾ ਸਦਨ ਹੈ। ਇਸ ਵਿੱਚ ਲੋਕਾਂ ਦੁਆਰਾ ਪ੍ਰਤੱਖ ਚੁਣੇ ਹੋਏ ਮੈਂਬਰ ਆਉਂਦੇ ਹਨ। ਮੈਂਬਰਾਂ ਦੀ ਗਿਣਤੀ ਸਮੇਂ-ਸਮੇਂ ਵਧਦੀ ਗਈ। ਵਰਤਮਾਨ ਸਮੇਂ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ 545 ਨਿਸ਼ਚਿਤ ਕੀਤੀ ਗਈ ਹੈ। 543 ਮੈਂਬਰ ਲੋਕਾਂ ਦੇ ਸਿੱਧੇ ਚੁਣੇ ਮੈਂਬਰ ਅਤੇ 2 ਮੈਂਬਰ ਐਂਗਲੋ ਇੰਡੀਅਨ ਜਾਤੀ ਦੇ ਰਾਸ਼ਟਰਪਤੀ ਨਾਮਜ਼ਦ ਕਰਦਾ ਹੈ। ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵੇਂ ਕਰਨ ਦੀ ਵਿਵਸਥਾ ਹੈ। 85 ਸਥਾਨ ਅਨੁਸੂਚਿਤ ਜਾਤੀਆਂ ਅਤੇ 47 ਸਥਾਨ ਅਨੁਸੂਚਿਤ ਜਨਜਾਤੀਆਂ ਲਈ



*ਸੰਸਦ ਭਵਨ*

ਰਾਖਵੇਂ ਹਨ । ਪੰਜਾਬ ਵਿੱਚੋਂ 13 ਮੈਂਬਰ ਚੁਣ ਕੇ ਲੋਕ ਸਭਾ ਵਿੱਚ ਭੇਜੇ ਜਾਂਦੇ ਹਨ। ਲੋਕ ਸਭਾ ਇਕ ਅਸਥਾਈ ਸਦਨ ਹੈ। ਰਾਸ਼ਟਰਪਤੀ ਇਸ ਸਦਨ ਨੂੰ ਸੰਵਿਧਾਨ ਦੇ ਕਾਨੂੰਨਾਂ ਅਨੁਸਾਰ ਭੰਗ ਵੀ ਸਕਦਾ ਹੈ। 5 ਸਾਲ ਤੋਂ ਪਹਿਲਾਂ ਦੁਬਾਰਾ ਚੋਣ ਵੀ ਕਰਵਾਈ ਜਾ ਸਕਦੀ ਹੈ।

**ਰਾਜ ਸਭਾ :** ਇਹ ਇੱਕ ਸਥਾਈ ਸਦਨ ਹੈ। ਵਰਤਮਾਨ ਸਮੇਂ ਇਸ ਸਦਨ ਦੇ ਮੈਂਬਰਾਂ ਦੀ ਗਿਣਤੀ 250 ਨਿਸ਼ਚਿਤ ਕੀਤੀ ਗਈ ਹੈ। 238 ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਅਤੇ 12 ਮੈਂਬਰ ਰਾਸ਼ਟਰਪਤੀ ਦੁਆਰਾ ਵਿਗਿਆਨ, ਸਾਹਿਤ, ਕਲਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਾਰਨ ਵਾਲੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਂਦੇ ਹਨ। ਇਹ ਮੈਂਬਰ ਅਪ੍ਰਤੱਖ ਚੋਣ ਵਿਧੀ ਦੁਆਰਾ ਚੁਣੇ ਜਾਂਦੇ ਹਨ। ਲੋਕਾਂ ਦੁਆਰਾ ਚੁਣੇ ਮੈਂਬਰ ਮੁੜ ਇਹਨਾਂ ਨੂੰ ਚੁਣਦੇ ਹਨ। ਇਹ ਸਥਾਈ ਸਦਨ ਹੈ ਜੋ ਕਿ ਲੋਕ ਸਭਾ ਦੇ ਟੁੱਟਣ ਤੋਂ ਬਾਅਦ ਵੀ ਕੰਮ ਕਰਦਾ ਰਹਿੰਦਾ ਹੈ ਇਸਦੇ ਮੈਂਬਰਾਂ ਦਾ ਕਾਰਜਕਾਲ 6 ਸਾਲ ਹੈ ਤੇ ਇਸਦੇ ਤੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ। ਉਹਨਾਂ ਦੀ ਥਾਂ ਤੇ ਨਵੇਂ ਮੈਂਬਰ ਨਿਯੁੱਕਤ ਕਰ ਲਏ ਜਾਂਦੇ ਹਨ। ਪੰਜਾਬ ਤੋਂ 7 ਮੈਂਬਰ ਰਾਜ ਸਭਾ ਲਈ ਅਪ੍ਰਤੱਖ ਚੋਣ ਅਨੁਸਾਰ ਚੁਣੇ ਜਾਂਦੇ ਹਨ ।

## ਸੰਸਦੀ ਪ੍ਰਨਾਲ਼ੀ ਦੀਆਂ ਮੁੱਖ ਵਿਸ਼ੇਸ਼ਤਾਵਾਂ

- ਨਾਂ-ਮਾਤਰ ਅਤੇ ਅਸਲ ਕਾਰਜਪਾਲਿਕਾ ਵਿੱਚ ਅੰਤਰ।
- ਕਾਰਜਪਾਲਿਕਾ ਅਤੇ ਵਿਧਾਨ ਮੰਡਲ ਵਿੱਚ ਗੂੜ੍ਹਾ ਸੰਬੰਧ।
- ਕਾਰਜਪਾਲਿਕਾ ਦੀ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰੀ।
- ਪ੍ਰਧਾਨ ਮੰਤਰੀ ਦੀ ਅਗਵਾਈ।
- ਕਾਰਜਪਾਲਿਕਾ ਦੀ ਮਿਆਦ ਅਨਿਸ਼ਚਿਤ।
- ਵਿਰੋਧੀ ਦਲ ਨੂੰ ਕਾਨੂੰਨੀ ਮਾਨਤਾ।
- ਸਮੂਹਿਕ ਅਤੇ ਵਿਅਕਤੀਗਤ ਜ਼ਿੰਮੇਵਾਰੀ।

## ਭਾਰਤ ਵਿੱਚ ਸੰਸਦੀ ਸਰਕਾਰ ਅਪਨਾਉਣ ਦੇ ਕਾਰਨ

ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦੇ ਆਪਸੀ ਸੰਬੰਧਾਂ ਉੱਤੇ ਅਧਾਰਿਤ ਦੋ ਤਰ੍ਹਾਂ ਦੀ ਸ਼ਾਸਨ ਪ੍ਰਣਾਲੀ ਹੋਂਦ ਵਿੱਚ ਆਉਂਦੀ ਹੈ। 1. ਸੰਸਦੀ ਸਰਕਾਰ 2. ਪ੍ਰਧਾਨਗੀ ਸਰਕਾਰ।

ਪ੍ਰਸ਼ਨ ਉੱਠਦਾ ਹੈ ਕਿ ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਸੰਸਦੀ ਸਰਕਾਰ ਦੀ ਹੀ ਕਿਉਂ ਚੋਣ ਕੀਤੀ ? ਇਸਦੇ ਹੇਠ ਲਿਖੇ ਕਾਰਨ ਹਨ :

(1) **ਭਾਰਤੀ ਲੋਕਾਂ ਨੂੰ ਸੰਸਦੀ ਪ੍ਰਣਾਲੀ ਪ੍ਰਤੀ ਜਾਣਕਾਰੀ :** ਅਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਵਿੱਚ 1861, 1892, 1919, 1935 ਦੇ ਐਕਟਾਂ ਦੁਆਰਾ ਸੰਸਦੀ ਸਰਕਾਰ ਲਾਗੂ ਕੀਤੀ ਗਈ ਸੀ। ਸੰਸਦੀ ਸਰਕਾਰ ਨੂੰ ਸਰਵ ਉੱਤਮ ਸਮਝਿਆ ਗਿਆ।

(2) **ਸੰਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਸਮਰਥਨ :** ਭਾਰਤੀ ਸੰਵਿਧਾਨ ਨਿਰਮਾਤਾਵਾਂ ਨੇ ਵੀ ਸੰਸਦੀ ਸ਼ਾਸਨ ਦਾ ਸਮਰਥਨ ਕੀਤਾ। ਸੰਵਿਧਾਨਿਕ ਖਰੜਾ ਕਮੇਟੀ ਦੇ ਪ੍ਰਧਾਨ ਡਾ. ਬੀ.ਆਰ. ਅੰਬੇਦਕਰ ਨੇ ਕਿਹਾ ਸੀ ਕਿ ਇਸ ਪ੍ਰਕਾਰ ਦੀ ਸਰਕਾਰ ਵਿੱਚ ਜ਼ਿੰਮੇਵਾਰੀ ਅਤੇ ਸਥਿਰਤਾ ਦੋਵੇਂ ਪਾਈਆਂ ਜਾਂਦੀਆਂ ਹਨ। ਇਸ ਲਈ ਸੰਸਦੀ ਸਰਕਾਰ ਹੀ ਸਭ ਤੋਂ ਵਧੀਆ ਸਰਕਾਰ ਹੈ।

(3) **ਇਹ ਪ੍ਰਣਾਲੀ ਜ਼ਿੰਮੇਵਾਰੀ ਉੱਤੇ ਅਧਾਰਿਤ :** ਭਾਰਤ ਸਦੀਆਂ ਤੋਂ ਗ਼ੁਲਾਮ ਰਿਹਾ ਹੈ ਇਸ ਲਈ ਅਜਿਹੀ ਸਰਕਾਰ ਦੀ ਲੋੜ ਸੀ ਜਿਹੜੀ ਜ਼ਿੰਮੇਵਾਰੀ ਦੀ ਭਾਵਨਾ ਤੇ ਅਧਾਰਿਤ ਹੋਵੇ। ਇਸ ਲਈ ਸੰਸਦੀ ਪ੍ਰਣਾਲੀ ਹੀ ਲਾਗੂ ਕੀਤੀ ਗਈ।

(4) **ਇਹ ਸਰਕਾਰ ਪਰਿਵਰਤਨਸ਼ੀਲ ਹੈ :** ਭਾਰਤ ਨੇ ਸਦੀਆਂ ਤੋਂ ਬਾਅਦ ਅਜ਼ਾਦੀ ਪ੍ਰਾਪਤ ਕੀਤੀ ਹੈ। ਸੋ ਲੋਕ ਅਜਿਹੀ ਸਰਕਾਰ ਦੀ ਵਿਵਸਥਾ ਕਰਨਾ ਚਾਹੁੰਦੇ ਸਨ ਜੋ ਨਿਰੰਕੁਸ਼ ਨਾ ਬਣ ਸਕੇ। ਸੋ ਸੰਸਦੀ ਸਰਕਾਰ ਕਦੇ ਵੀ ਬਦਲੀ ਜਾ ਸਕਦੀ ਹੈ।

(5) **ਅਸਲ ਰੂਪ ਵਿੱਚ ਲੋਕਤੰਤਰੀ ਸਰਕਾਰ :** ਸੰਸਦੀ ਸਰਕਾਰ ਅਸਲ ਵਿੱਚ ਲੋਕਤੰਤਰ ਨੂੰ ਸਥਾਪਿਤ ਕਰਦੀ ਹੈ। ਵਿਧਾਨ ਮੰਡਲ ਵਿੱਚ ਲੋਕਾਂ ਦੇ ਪ੍ਰਤਿਨਿਧ ਕਾਰਜਪਾਲਿਕਾ ਤੋਂ ਪ੍ਰਸ਼ਨ ਪੁੱਛ ਕੇ ਅਤੇ ਆਲੋਚਨਾ ਕਰਕੇ ਉਸਦੀਆਂ ਨੀਤੀਆਂ ਅਤੇ ਕੰਮਾਂ ਨੂੰ ਪ੍ਰਭਾਵਿਤ ਕਰਦੇ ਹਨ।

ਭਾਰਤ ਨੇ ਸੰਸਦੀ ਸਰਕਾਰ ਦਾ ਢਾਂਚਾ ਇੰਗਲੈਂਡ ਦੇ ਸੰਵਿਧਾਨ ਤੇ ਗ੍ਰਹਿਣ ਕੀਤਾ ਸੀ ।

ਸੋ ਉੱਪਰ ਲਿਖੇ ਵਿਚਾਰਾਂ ਅਤੇ ਹੋਰ ਸਿੱਟਿਆਂ ਤੋਂ ਅਸੀਂ ਸਿੱਟਾ ਕੱਢ ਸਕਦੇ ਹਾਂ ਕਿ ਭਾਰਤ ਲਈ ਸੰਸਦੀ ਸਰਕਾਰ ਹੀ ਢੁਕਵੀਂ ਅਤੇ ਵਧੀਆ ਸਰਕਾਰ ਹੈ।

## ਕਾਨੂੰਨ ਬਣਾਉਂਦੇ ਸਮੇਂ ਸੰਸਦ ਦੀ ਭੂਮਿਕਾ

ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ। ਵਿਧਾਨਮੰਡਲ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਵਿਧਾਨ ਮੰਡਲ ਅਰਥਾਤ ਸੰਸਦ ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ। ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਦੋਵੇਂ ਸਦਨਾਂ ਵਿੱਚੋਂ ਪਾਸ ਹੋਣ ਮਗਰੋਂ ਹੀ ਹਰੇਕ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਸਿਰਫ਼ ਧਨ ਬਿੱਲ ਜਾਂ ਵਿੱਤੀ ਬਿੱਲ ਹੀ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਦੋਵੇਂ ਸਦਨਾਂ ਵਿੱਚ ਬਿੱਲ ਸੰਬੰਧੀ ਮਤਭੇਦਾਂ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਦੋਵੇਂ ਸਦਨਾਂ ਦਾ ਸਾਂਝਾ ਸਮਾਗਮ ਬੁਲਾਉਂਦਾ ਹੈ। ਬਿੱਲ ਨੂੰ ਕਾਨੂੰਨ ਬਣਨ ਲਈ ਕਈ ਪੜਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਸੋ ਸੰਸਦ ਹੀ ਕਾਨੂੰਨ ਬਣਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਹੈ। ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ। ਭਾਰਤੀ ਸੰਵਿਧਾਨ ਨਿਰਮਾਤਾਵਾਂ ਨੇ ਵੀ ਇਸੇ ਸਿਧਾਂਤ ਨੂੰ ਸਭ ਤੋਂ ਵਧੀਆ ਲਿਖਿਆ ਹੈ।

## ਸਰਕਾਰ ਦੀ ਸੰਸਦ ਪ੍ਰਤੀ ਜਵਾਬਦੇਹੀ

ਸਾਡੇ ਸੰਵਿਧਾਨ ਅਨੁਸਾਰ ਸਰਕਾਰ (ਕਾਰਜਪਾਲਿਕਾ) ਨੂੰ ਪੂਰਨ ਤੌਰ ਤੇ ਸੰਸਦ ਪ੍ਰਤੀ ਜਵਾਬਦੇਹ ਬਣਾਇਆ ਗਿਆ ਹੈ। ਸਰਕਾਰ ਉੱਨਾ ਚਿਰ ਆਪਣੇ ਅਹੁਦੇ ਤੇ ਬਿਰਾਜਮਾਨ ਰਹਿੰਦੀ ਹੈ ਜਿੰਨਾ ਚਿਰ ਵਿਧਾਨ ਮੰਡਲ ਵਿੱਚ ਬਹੁਮਤ ਦਾ ਸਮਰਥਨ ਰਹਿੰਦਾ ਹੈ। ਕਾਰਜਪਾਲਿਕਾ ਦੇ ਮੈਂਬਰ ਆਪਣੇ ਸਾਰੇ ਕੰਮਾਂ ਅਤੇ ਨੀਤੀਆਂ ਲਈ ਵਿਧਾਨ ਮੰਡਲ (ਸੰਸਦ) ਪ੍ਰਤੀ ਜ਼ਿੰਮੇਵਾਰ ਹੁੰਦੇ ਹਨ। ਜਦੋਂ ਕਾਰਜਪਾਲਿਕਾ ਦੇ ਮੈਂਬਰ ਵਿਧਾਨਮੰਡਲ ਵਿੱਚ ਆਪਣਾ ਵਿਸ਼ਵਾਸ ਗੁਆ ਬੈਠਦੇ ਹਨ ਤਾਂ ਉਹਨਾਂ ਨੂੰ ਆਪਣੇ ਅਹੁਦੇ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ।

ਸੰਸਦ ਹੇਠ ਲਿਖੇ ਅਨੁਸਾਰ ਵੀ ਸਰਕਾਰ ਤੇ ਕੰਟਰੋਲ ਕਰਦੀ ਹੈ— ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ, ਬਹਿਸ ਜ਼ੀਰੋ ਆਵਰ (Zero Hour), ਸਥਗਨ ਪ੍ਰਸਤਾਵ, ਨਿੰਦਾ ਪ੍ਰਸਤਾਵ, ਅਵਿਸ਼ਵਾਸ ਪ੍ਰਸਤਾਵ, ਧਿਆਨ ਦੁਆਊ ਪ੍ਰਸਤਾਵ, ਕਟੌਤੀ ਪ੍ਰਸਤਾਵ ਅਤੇ ਮਤਦਾਨ ਆਦਿ।

## ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੰਤਰੀ-ਮੰਡਲ ਦੀ ਭੂਮਿਕਾ

ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਦੋ ਤਰ੍ਹਾਂ ਦੀ ਕਾਰਜਪਾਲਿਕਾ ਹੁੰਦੀ ਹੈ। ਨਾਂ-ਮਾਤਰ ਦੀ ਕਾਰਜਪਾਲਿਕਾ ਅਤੇ ਅਸਲ ਕਾਰਜਪਾਲਿਕਾ, ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ। ਪਰ ਸੰਸਦੀ ਢਾਂਚੇ ਕਾਰਣ ਰਾਸ਼ਟਰਪਤੀ ਨਾਂ ਮਾਤਰ ਦੇ ਮੁੱਖੀ ਹਨ। ਰਾਸ਼ਟਰਪਤੀ ਦੀ ਚੋਣ ਲੜਨ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ:

1. ਉਹ ਭਾਰਤ ਦਾ ਨਾਗਰਿਕ ਹੋਵੇ
2. 35 ਸਾਲ ਦੀ ਉਮਰ ਹੋਵੇ
3. ਪਾਗਲ ਜਾਂ ਦੀਵਾਲੀਆ ਨਾ ਹੋਵੇ
4. ਕਿਸੇ ਸਰਕਾਰੀ ਲਾਭਦਾਇਕ ਪਦ ਤੇ ਨਾ ਲੱਗਾ ਹੋਵੇ
5. ਕਾਨੂੰਨੀ ਅਪਰਾਧੀ ਨਾ ਹੋਵੇ



*ਰਾਸ਼ਟਰਪਤੀ ਭਵਨ*

ਰਾਸ਼ਟਰਪਤੀ ਦੀ ਚੋਣ, ਅਪ੍ਰਤੱਖ ਚੋਣ ਪ੍ਰਣਾਲੀ ਰਾਹੀਂ ਸੰਸਦ ਤੇ ਵਿਧਾਨ ਸਭਾਵਾਂ ਦੇ ਮੈਂਬਰ ਕਰਦੇ ਹਨ। ਰਾਸ਼ਟਰਪਤੀ ਦਾ ਕਾਰਜਕਾਲ ਪੰਜ ਸਾਲ ਦਾ ਹੁੰਦਾ ਹੈ। ਸ੍ਰੀਮਤੀ ਪ੍ਰਤਿਭਾ ਪਾਟਿਲ ਸਾਡੇ ਦੇਸ਼ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਸੀ।

ਰਾਸ਼ਟਰਪਤੀ ਕੋਲ ਵਿਧਾਨਿਕ, ਕਾਰਜਪਾਲਿਕਾ ਅਤੇ ਨਿਆਇਕ ਸ਼ਕਤੀਆਂ ਹਨ ਪਰ ਉਹ ਅਸਲ ਵਿੱਚ ਉਹਨਾਂ ਸ਼ਕਤੀਆਂ ਦੀ ਵਰਤੋਂ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ। ਇਹਨਾਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ਼ ਕਰਦਾ ਹੈ। ਇਹ ਠੀਕ ਹੈ ਕਿ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਹੈ ਪਰ ਜਦੋਂ ਤੋਂ ਦੇਸ਼ ਵਿੱਚ ਸਾਂਝੀਆਂ ਸਰਕਾਰਾਂ ਦਾ ਦੌਰ ਸ਼ੁਰੂ ਹੋਇਆ ਹੈ, ਰਾਸ਼ਟਰਪਤੀ ਨੇ ਕਈ ਮਾਮਲਿਆਂ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ ਜਿਵੇਂ ਕਿ 1989 ਤੋਂ ਬਾਅਦ ਰਾਸ਼ਟਰਪਤੀ ਨੇ ਅਹਿਮ ਭੂਮਿਕਾ ਨਿਭਾਈ ਹੈ। 1998, 1999 ਅਤੇ 2004 ਵਿੱਚ ਹੋਈਆਂ ਲੋਕ ਸਭਾ ਚੋਣਾਂ ਪਿੱਛੋਂ ਸਰਕਾਰ ਬਣਾਉਣ ਲਈ ਰਾਸ਼ਟਰਪਤੀ ਨੂੰ ਬੜੀ ਸੂਝ-ਬੂਝ ਤੋਂ ਕੰਮ ਲੈਣਾ ਪਿਆ। ਅੱਜ ਰਾਸ਼ਟਰਪਤੀ ਨੂੰ ਰਬੜ ਦੀ ਮੋਹਰ ਵਾਲ਼ੀ ਨਹੀਂ ਸਗੋਂ ਕਿਰਿਆਸ਼ੀਲ ਰਾਸ਼ਟਰਪਤੀ ਦੀ ਭੂਮਿਕਾ ਨਿਭਾਉਣੀ ਪੈ ਰਹੀ ਹੈ।



*ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ*



*ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ*

**ਪ੍ਰਧਾਨ ਮੰਤਰੀ ਦੀ ਸਥਿਤੀ :** ਪ੍ਰਧਾਨ ਮੰਤਰੀ, ਮੰਤਰੀ ਮੰਡਲ, ਮੰਤਰੀ ਪ੍ਰੀਸ਼ਦ ਅਤੇ ਲੋਕ ਸਭਾ ਦਾ ਮੁਖੀ ਹੁੰਦਾ ਹੈ। ਉਹ ਸਮੁੱਚੇ ਰਾਜ ਪ੍ਰਬੰਧ ਦਾ ਚਾਲਕ ਅਤੇ ਕੇਂਦਰੀ ਬਿੰਦੂ ਹੁੰਦਾ ਹੈ। ਅਸਲ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਹੀ ਕਰਦਾ ਹੈ। ਡਾ. ਅੰਬੇਦਕਰ ਨੇ ਅਮਰੀਕਾ ਦੇ ਰਾਸ਼ਟਰਪਤੀ ਦੀ ਤੁਲਨਾ ਭਾਰਤ ਦੇ ਪ੍ਰਧਾਨ ਮੰਤਰੀ ਨਾਲ਼ ਕੀਤੀ ਸੀ। ਸਾਰੀਆਂ ਨੀਤੀਆਂ ਅਤੇ ਕਾਨੂੰਨ ਪ੍ਰਧਾਨ ਮੰਤਰੀ ਦੀ ਸਲਾਹ ਨਾਲ਼ ਬਣਦੇ ਹਨ। ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਨਿਰਮਾਤਾ ਹੈ। ਕੋਈ ਵੀ ਮੰਤਰੀ ਉਸ ਦੀ ਸਲਾਹ ਦੇ ਵਿਰੁੱਧ ਆਪਣੀ ਪਦਵੀ ਤੇ ਨਹੀਂ ਰਹਿ ਸਕਦਾ।


1989 ਤੋਂ ਲੈ ਕੇ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਿਸੇ ਵੀ ਰਾਜਨੀਤਿਕ ਦਲ ਨੂੰ ਉਚਿਤ ਬਹੁਮਤ ਪ੍ਰਾਪਤ ਨਾ ਹੋਣ ਕਾਰਨ ਸੰਸਦੀ ਸਰਕਾਰ ਗਿਰਾਵਟ ਵੱਲ ਜਾ ਰਹੀ ਸੀ ਅਤੇ ਪ੍ਰਧਾਨਮੰਤਰੀ ਦੀ ਸਥਿਤੀ ਕਮਜ਼ੋਰ ਹੋ ਰਹੀ ਸੀ। ਜਿਸ ਕਰਕੇ, ਰਲੀਆਂ-ਮਿਲੀਆਂ ਸਰਕਾਰਾਂ ਹੋਂਦ ਵਿਚ ਆ ਰਹੀਆਂ ਸਨ । ਜਿਵੇਂ 14ਵੀਂ ਅਤੇ 15ਵੀਂ ਲੋਕ ਸਭਾ ਚੋਣਾਂ ਪਿਛੋਂ ਕਾਂਗਰਸ ਅਤੇ ਲਗਭਗ 20 ਪਾਰਟੀਆਂ ਮਿਲ ਕੇ ਸੰਯੁਕਤ ਪ੍ਰਗਤੀਸ਼ੀਲ ਗਠਬੰਧਨ (UPA) ਅਧੀਨ ਸਰਕਾਰ ਚਲਾ ਰਹੀਆਂ ਸਨ ਪਰ 16ਵੀਂ ਤੇ 17 ਵੀਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਉਚਿਤ ਬਹੁਮਤ ਮਿਲਣ ਕਰਕੇ ਭਾਰਤ ਵਿੱਚ ਸੰਸਦੀ ਪ੍ਰਨਾਲ਼ੀ ਮਜ਼ਬੂਤ ਹੋਈ ਹੈ।

## ਰਾਸ਼ਟਰਪਤੀ ਦੀਆਂ ਅਸਲੀ ਸ਼ਕਤੀਆਂ ਬਾਰੇ ਨਹਿਰੂ ਜੀ ਅਤੇ ਡਾ. ਰਾਜਿੰਦਰ ਪ੍ਰਸਾਦ ਦਾ ਆਪਸੀ ਵਿਚਾਰ-ਵਟਾਂਦਰਾ

ਡਾ. ਰਾਜਿੰਦਰ ਪ੍ਰਸਾਦ ਅਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ। ਦੋਨੋਂ ਆਗੂ ਬੜੇ ਪ੍ਰਭਾਵਸ਼ਾਲੀ ਨੇਤਾ ਸਨ। ਡਾ. ਰਾਜਿੰਦਰ ਪ੍ਰਸਾਦ ਰਾਸ਼ਟਰਪਤੀ ਦੇ ਅਹੁਦੇ ਲਈ ਵੱਧ ਸ਼ਕਤੀਆਂ ਦੇਣ ਦੇ ਪੱਖ ਵਿੱਚ ਸਨ। ਉਹ ਕੇਂਦਰ ਨੂੰ ਮਜ਼ਬੂਤ ਬਣਾਉਣਾ ਚਾਹੁੰਦੇ ਸਨ। ਸਦੀਆਂ ਮਗਰੋਂ ਭਾਰਤ ਅਜ਼ਾਦ ਹੋਇਆ ਸੀ ਇਸ ਲਈ ਕੇਂਦਰ ਨੂੰ ਮਜ਼ਬੂਤ ਬਣਾਉਣ ਦੇ ਪੱਖ ਵਿੱਚ ਸਨ।


*ਪੰਡਿਤ ਜਵਾਹਰ ਲਾਲ ਨਹਿਰੂ*

ਪੰਡਿਤ ਨਹਿਰੂ ਜੀ ਵੀ ਕੇਂਦਰ ਨੂੰ ਮਜ਼ਬੂਤ ਬਣਾਉਣ ਦੇ ਪੱਖ ਵਿੱਚ ਸਨ ਪਰ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਨੂੰ ਵੱਧ ਸ਼ਕਤੀਆਂ ਦੇਣ ਦੇ ਪੱਖ ਵਿੱਚ ਸਨ। ਦੋਵੇਂ ਨੇਤਾ ਭਾਰਤ ਨੂੰ ਮਜ਼ਬੂਤ ਦੇਖਣਾ ਚਾਹੁੰਦੇ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਦੋਨੋਂ ਨੇਤਾ ਦੋ-ਦੋ ਵਾਰ ਆਪਣਿਆਂ ਅਹੁਦਿਆਂ ਤੇ ਨਿਯੁੱਕਤ ਹੁੰਦੇ ਰਹੇ ਹਨ।


*ਡਾ. ਰਜਿੰਦਰ ਪ੍ਰਸਾਦ*

**ਸੰਸਦ ਦੀ ਸਥਿਤੀ :** ਸੰਸਦ ਭਾਰਤ ਦੀ ਸਭ ਤੋਂ ਵੱਡੀ ਕਾਨੂੰਨ ਬਣਾਉਣ ਵਾਲੀ ਸੰਸਥਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਪ੍ਰਧਾਨ ਮੰਤਰੀ ਪੰਡਿਤ ਨਹਿਰੂ, ਲਾਲ ਬਹਾਦੁਰ ਸ਼ਾਸਤਰੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਵੇਲੇ ਸੰਸਦ ਇੱਕ ਮਜ਼ਬੂਤ ਸੰਸਥਾ ਰਹੀ ਹੈ ਪਰ ਹੁਣ ਦਿਨੋਂ-ਦਿਨ ਭਾਰਤੀ ਸੰਸਦ ਗਿਰਾਵਟ ਵੱਲ ਆ ਰਹੀ ਹੈ। ਇੱਕ ਦਿਨ ਵਿੱਚ ਦਸ ਦਸ ਕਾਨੂੰਨ ਪਾਸ ਹੋ ਰਹੇ ਹਨ। ਸਪੀਕਰ ਦੀ ਨਿਰਪੱਖਤਾ ਬਾਰੇ ਸ਼ੱਕ, ਸਦਨ ਵਿੱਚੋਂ ਮੈਂਬਰਾਂ ਦੀ ਗ਼ੈਰਹਾਜ਼ਰੀ, ਕਮੇਟੀ ਪ੍ਰਣਾਲੀ ਦਾ ਪਤਨ, ਬੈਠਕਾਂ ਵਿੱਚ ਕਮੀ, ਜ਼ਿੱਦ ਦੀ ਰਾਜਨੀਤੀ ਅਤੇ ਲਟਕਵੀਂ ਸੰਸਦ (ਲਟਕਵੀਂ ਸੰਸਦ ਤੋਂ ਭਾਵ ਅਜਿਹੀ ਲੋਕ ਸਭਾ ਤੋਂ ਹੈ ਜਿਸ ਵਿੱਚ ਕਿਸੇ ਇੱਕ ਰਾਜਨੀਤਿਕ ਦਲ ਨੂੰ ਚੋਣਾਂ ਤੋਂ ਬਾਅਦ ਸਪਸ਼ਟ ਬਹੁਮਤ ਪ੍ਰਾਪਤ ਨਹੀਂ ਹੁੰਦਾ ਹੈ ਰੱਲੀਆਂ ਮਿਲੀਆਂ ਸਰਕਾਰਾਂ ਬਣਦੀਆਂ ਹਨ ਜੋ ਅਸਥਿਰ ਹੁੰਦੀਆਂ ਹਨ ਤੇ ਕਿਸੇ ਵੀ ਸਮੇਂ ਟੁੱਟ ਸਕਦੀਆਂ ਹਨ। ਆਦਿ ਗਿਰਾਵਟ ਦੇ ਕਾਰਨ ਹਨ । ਕਾਨੂੰਨ ਨੂੰ ਲਾਗੂ ਕਰਨ ਜਾਂ ਕਾਨੂੰਨ ਨੂੰ ਅਮਲੀ ਰੂਪ ਦੇਣ ਦੇ ਢੰਗ ਵੀ ਬਦਲ ਗਏ ਹਨ ।

ਲੋੜ ਹੈ ਸੰਸਦ ਨੂੰ ਮਜ਼ਬੂਤ ਬਣਾਉਣਾ ਪਰ ਦੇਸ਼ ਵਿੱਚ ਦਿਨੋਂ-ਦਿਨ ਵੱਧ ਰਹੀਆਂ ਰਾਜਨੀਤਿਕ ਪਾਰਟੀਆਂ ਖ਼ਤਰੇ ਦੀ ਘੰਟੀ ਹੈ। ਕੌਮੀ ਪਾਰਟੀਆਂ ਨਾਲੋਂ ਖੇਤਰੀ ਪਾਰਟੀਆਂ ਦੀ ਭੂਮਿਕਾ ਵੱਧ ਰਹੀ ਹੈ। ਜੇਕਰ ਸਥਿਤੀ ਅਜਿਹੀ ਹੀ ਬਣੀ ਰਹੀ ਤਾਂ ਭਵਿੱਖ ਵਿੱਚ ਚੰਗੇ ਕਾਨੂੰਨਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਪ੍ਰਧਾਨ ਮੰਤਰੀ ਦੀ ਸਥਿਤੀ

ਕਮਜ਼ੋਰ ਹੋ ਰਹੀ ਹੈ। ਇੱਕ ਵਾਰ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਕਿਹਾ ਸੀ ਕਿ ਮੈਂ ਦੁਨੀਆਂ ਦੇ ਪ੍ਰਧਾਨ ਮੰਤਰੀਆਂ ਵਿੱਚੋਂ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਹਾਂ। ਪਰ 16ਵੀਂ ਤੇ 17 ਵੀਂ ਲੋਕ ਸਭਾ ਤੋਂ ਬਾਅਦ ਪ੍ਰਧਾਨ ਮੰਤਰੀ ਦੇ ਪੱਖੋਂ ਤਾਂ ਜ਼ਰੂਰ ਹੀ, ਮਜ਼ਬੂਤੀ ਮਿਲੀ ਹੈ।

## ਯਾਦ ਰੱਖਣ ਯੋਗ ਨੁਕਤੇ
## (POINTS TO REMEMBER)

1. ਸੰਸਦ, ਉਹ ਸੰਸਥਾ ਹੈ, ਜਿਥੇ ਬੈਠ ਕੇ ਲੋਕ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਵਿਸ਼ਿਆਂ ਤੇ ਗੱਲਬਾਤ ਕਰਦੇ ਹਨ।
2. ਸੰਸਦ ਦੇ ਦੋ ਸਦਨ ਹੁੰਦੇ ਹਨ - ਲੋਕ ਸਭਾ ਤੇ ਰਾਜ ਸਭਾ।
3. ਲੋਕ ਸਭਾ ਆਪਣੇ ਨਾਂ ਵਾਂਗ ਹੀ ਲੋਕਾਂ ਦੀ ਸਭਾ ਹੈ। ਇਸ ਵਿੱਚ ਲੋਕਾਂ ਦੁਆਰਾ ਚੁਣੇ ਮੈਂਬਰ ਹੁੰਦੇ ਹਨ।
4. ਰਾਜ ਸਭਾ ਸਥਾਈ ਸਦਨ ਹੈ। ਇਸ ਦੇ ਮੈਂਬਰ ਅਪ੍ਰਤੱਖ ਵਿਧੀ ਰਾਹੀਂ ਚੁਣੇ ਜਾਂਦੇ ਹਨ। ਕੁੱਲ ਮੈਂਬਰਾਂ ਦਾ 1/3 ਭਾਗ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦਾ ਹੈ।
5. ਭਾਰਤ ਵਿੱਚ ਸੰਸਦੀ ਸਰਕਾਰ ਲਾਗੂ ਕੀਤੀ ਜਾਂਦੀ ਰਹੀ ਹੈ।
6. ਡਾ. ਭੀਮ ਰਾਉ ਅੰਬੇਦਕਰ ਦੇ ਅਨੁਸਾਰ ਸੰਸਦੀ ਸਰਕਾਰ ਜ਼ਿੰਮੇਵਾਰ ਤੇ ਸਥਿਰ ਸਰਕਾਰ ਹੁੰਦੀ ਹੈ।
7. ਅਸਲ ਵਿੱਚ ਸੰਸਦੀ ਸਰਕਾਰ ਲੋਕਤੰਤਰ ਨੂੰ ਸਥਾਪਿਤ ਕਰਦੀ ਹੈ।
8. ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ — ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ।
9. ਬਿੱਲ ਨੂੰ 'ਕਾਨੂੰਨ' ਬਣਨ ਲਈ ਕਈ ਪੜ੍ਹਤਾਂ ਵਿੱਚੋਂ ਲੰਘਣਾਂ ਪੈਂਦਾ ਹੈ।
10. ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਿਕ ਮੁਖੀ ਹੈ।
11. ਪ੍ਰਧਾਨ ਮੰਤਰੀ ਦੇਸ਼ ਦੇ ਸਮੁੱਚੇ ਰਾਜ ਪ੍ਰਬੰਧ ਦਾ ਚਾਲਕ ਤੇ ਕੇਂਦਰ ਬਿੰਦੂ ਹੁੰਦਾ ਹੈ।
12. ਭਾਰਤ ਵਿੱਚ EVM (Electronic Voting Machine) ਦੀ ਵਰਤੋਂ ਪਹਿਲੀ ਵਾਰ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਕੀਤੀ ਗਈ।

## ਅਭਿਆਸ

### 1. ਹੇਠ ਲਿਖੇ ਖਾਲੀ ਸਥਾਨ ਭਰੋ —

1. ਲੋਕ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ............... ਹੈ।
2. ਰਾਜ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ............... ਹੈ।
3. ਪੰਜਾਬ ਵਿਚੋਂ ਲੋਕ ਸਭਾ ਲਈ ............... ਚੁਣੇ ਜਾਂਦੇ ਹਨ ।
4. ਭਾਰਤ ਦਾ ਰਾਸ਼ਟਰਪਤੀ ਬਣਨ ਲਈ ............... ਉਮਰ ਹੋਵੇ ।

5. ਸੰਸਦੀ ਸਰਕਾਰ ਨੂੰ ............... ਸਰਕਾਰ ਵੀ ਕਿਹਾ ਜਾਂਦਾ ਹੈ ।

6. ਕੇਵਲ ਧਨ ਬਿੱਲ ਹੀ ............... ਵਿੱਚ ਪੇਸ਼ ਕੀਤਾ ਜਾਂਦਾ ਹੈ।

**2. ਹੇਠ ਲਿਖੇ ਵਾਕਾਂ ਤੇ ਗਲਤ (×) ਜਾਂ ਠੀਕ (√) ਦਾ ਨਿਸ਼ਾਨ ਲਗਾਓ—**

1. ਲੋਕ ਸਭਾ ਇੱਕ ਸਥਾਈ ਸਦਨ ਹੈ । ☐
2. ਰਾਜ ਸਭਾ ਦੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ । ☐
3. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵਿਚਕਾਰ ਗੂੜ੍ਹਾ ਸੰਬੰਧ ਹੁੰਦਾ ਹੈ। ☐
4. ਸੰਸਦੀ ਸਰਕਾਰ 'ਚ ਪ੍ਰਧਾਨ ਮੰਤਰੀ ਨਾਂ-ਮਾਤਰ ਦਾ ਕਾਰਜਸਾਧਕ ਮੁੱਖੀ ਹੈ । ☐
5. ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ । ☐

**3. ਬਹੁਤੇ ਉੱਤਰਾਂ ਵਾਲੇ ਪ੍ਰਸ਼ਨ —**

1. **ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨੇ ਮੈਂਬਰ ਨਾਮਜ਼ਦ ਕਰ ਸਕਦਾ ਹੈ ?**

(ੳ) 8 (ਅ) 12

(ੲ) 02 (ਸ) 10

2. **ਪੰਜਾਬ ਵਿੱਚ ਰਾਜ ਸਭਾ ਲਈ ਕਿੰਨੇ ਮੈਂਬਰ ਚੁਣੇ ਜਾਂਦੇ ਹਨ ?**

(ੳ) 11 (ਅ) 13

(ੲ) 07 (ਸ) 02

3. **ਸੰਸਦ ਦੇ ਦੋਨਾਂ ਸਦਨਾਂ 'ਚ ਹੋਏ ਮਤਭੇਦ ਨੂੰ ਕੌਣ ਦੂਰ ਕਰਦਾ ਹੈ ?**

(ੳ) ਸਪੀਕਰ (ਅ) ਪ੍ਰਧਾਨ ਮੰਤਰੀ

(ੲ) ਰਾਸ਼ਟਰਪਤੀ (ਸ) ਉੱਪ-ਰਾਸ਼ਟਰਪਤੀ

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ —**

1. ਸੰਸਦ ਦੇ ਸ਼ਬਦੀ ਅਰਥ ਲਿਖੋ ।
2. ਸਰਕਾਰ ਸੰਸਦ ਪ੍ਰਤੀ ਕਿਵੇਂ ਜਵਾਬਦੇਹ ਹੈ ?
3. ਸੰਸਦ ਵਿੱਚ ਕਾਨੂੰਨ ਕਿਵੇਂ ਬਣਦਾ ਹੈ ?
4. ਲੋਕ ਸਭਾ ਚੋਣਾਂ ਤੋਂ ਬਾਅਦ ਸਰਕਾਰ ਕਿਵੇਂ ਬਣਦੀ ਹੈ ?
5. ਸੰਸਦੀ ਸਰਕਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਲਿਖੋ ।
6. ਲਟਕਦੀ ਸੰਸਦ ਤੋਂ ਕੀ ਭਾਵ ਹੈ ?

**5.ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਭਾਰਤੀ ਵਿੱਚ ਸੰਸਦੀ ਸ਼ਾਸਨ ਪ੍ਰਨਾਲ਼ੀ ਹੀ ਕਿਉਂ ਲਾਗੂ ਕੀਤੀ ਗਈ ?
2. ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੀ ਭੂਮਿਕਾ ਲਿਖੋ ।

3. ਸੰਸਦ ਦੀ ਸਥਿਤੀ ਦੀ ਗਿਰਾਵਟ ਲਈ ਜ਼ਿੰਮੇਵਾਰ ਕਾਰਨ ਲਿਖੋ ।
4. ਸੰਸਦ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਲੋੜੀਂਦੇ ਸੁਝਾਓ ਦਿਓ।
5. ਭਾਰਤੀ ਸੰਸਦ ਦੀ ਬਣਤਰ ਲਿਖੋ ।

### ਕੁਝ ਕਰਨ ਲਈ

1. ਜਮਾਤ 'ਚ ਵਿਦਿਆਰਥੀ ਅਤੇ ਅਧਿਆਪਕ ਭਾਰਤੀ ਸੰਸਦੀ ਸ਼ਾਸਨ ਪ੍ਰਨਾਲ਼ੀ ਦੇ ਦੋਸ਼ਾਂ 'ਤੇ ਵਿਚਾਰ-ਚਰਚਾ ਕਰਨਗੇ।
2. ਸੰਸਦ ਦੀ ਕਾਰਵਾਈ ਨੂੰ ਨੇੜੇ ਤੋਂ ਜਾਨਣ ਲਈ ਟੀ.ਵੀ. ਤੇ ਖਬਰਾਂ ਨੂੰ ਵੇਖੋ ਅਤੇ ਸੰਸਦੀ ਕਾਰਵਾਈ ਨੂੰ ਧਿਆਨ ਪੂਰਵਕ ਵੇਖ ਕੇ ਆਪਣੇ ਅਧਿਆਪਕ/ਜਮਾਤੀਆਂ ਨਾਲ ਚਰਚਾ ਕਰੋ।



# ਪਾਠ 26 ਨਿਆਂਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ

ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ—ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਵਿਧਾਨਪਾਲਿਕਾ ਕਾਨੂੰਨ ਬਣਾਉਂਦੀ ਹੈ, ਕਾਰਜਪਾਲਿਕਾ ਕਾਨੂੰਨਾਂ ਨੂੰ ਲਾਗੂ ਕਰਦੀ ਹੈ ਜਦੋਂ ਕਿ ਨਿਆਂਪਾਲਿਕਾ ਇਨਸਾਫ (ਨਿਆਂ) ਕਰਦੀ ਹੈ। ਲੋਕਤੰਤਰ ਸਰਕਾਰ ਵਿੱਚ ਨਿਆਂਪਾਲਿਕਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਨੂੰ 'ਸੰਵਿਧਾਨ ਦੀ ਰਖਿਅਕ', ਲੋਕਤੰਤਰ ਦੀ ਪਹਿਰੇਦਾਰ ਅਤੇ ਅਧਿਕਾਰਾਂ ਤੇ ਸੁਤੰਤਰਤਾ ਦੀ ਸਮਰਥਕ ਮੰਨਿਆ ਗਿਆ ਹੈ। ਸੰਘਾਤਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਇਸ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਨ ਲਈ ਸੰਵਿਧਾਨ ਦੀ ਰਾਖੀ ਅਤੇ ਇਸਦੀ ਨਿਰਪੱਖ ਵਿਆਖਿਆ ਲਈ ਨਿਆਂਪਾਲਿਕਾ ਨੂੰ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਕਿਸੇ ਸਰਕਾਰ ਦੀ ਸ੍ਰੇਸ਼ਟਤਾ ਨੂੰ ਪਰਖਣ ਲਈ ਉਸ ਦੀ ਨਿਆਂਪਾਲਿਕਾ ਦੀ ਨਿਪੁੰਨਤਾ ਤੋਂ ਵੱਧ ਕੇ ਹੋਰ ਕੋਈ ਕਸੌਟੀ ਨਹੀਂ ਹੈ।

ਭਾਰਤ ਵਿੱਚ ਇੱਕਹਿਰੀ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਸਭ ਤੋਂ ਵੱਡੀ ਅਦਾਲਤ (ਸਰਵ-ਉੱਚ ਅਦਾਲਤ) ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸਥਿਤ ਹੈ । ਇਸਨੂੰ ਸੁਪਰੀਮ ਕੋਰਟ ਕਿਹਾ ਜਾਂਦਾ ਹੈ। ਪ੍ਰਾਂਤਾਂ ਦੀਆਂ ਆਪਣੀਆਂ-ਆਪਣੀਆਂ ਉੱਚ ਅਦਾਲਤਾਂ ਹਨ ਜਿਨ੍ਹਾਂ ਨੂੰ ਹਾਈਕੋਰਟ ਕਿਹਾ ਜਾਂਦਾ ਹੈ। ਜ਼ਿਲ੍ਹਾ ਪੱਧਰ ਤੇ ਸੈਸ਼ਨ ਜੱਜ ਦੀਆਂ ਅਦਾਲਤਾਂ ਸਥਿਤ ਹਨ। ਇਸ ਤੋਂ ਇਲਾਵਾ ਤਹਿਸੀਲ ਪੱਧਰ ਤੇ ਉਪ-ਮੰਡਲ ਮੈਜਿਸਟ੍ਰੇਟ ਹਨ । ਸਥਾਨਕ ਪੱਧਰ ਤੇ ਲੋਕਾਂ ਨੂੰ ਇਨਸਾਫ਼ ਲਈ ਪਿੰਡ ਪੰਚਾਇਤ ਅਤੇ ਨਗਰਪਾਲਿਕਾ ਆਦਿ ਦਾ ਗਠਨ ਕੀਤਾ ਗਿਆ ਹੈ। ਸਰਵ-ਉੱਚ ਅਦਾਲਤ ਦੇ ਅਧੀਨ ਉੱਚ ਅਦਾਲਤਾਂ, ਉੱਚ ਅਦਾਲਤਾਂ ਦੇ ਅਧੀਨ ਜ਼ਿਲ੍ਹਾ ਅਦਾਲਤਾਂ ਹਨ। ਇਸੇ ਤਰ੍ਹਾਂ, ਜ਼ਿਲ੍ਹਾ ਅਦਾਲਤਾਂ ਅਧੀਨ ਤਹਿਸੀਲ ਪੱਧਰ ਦੀਆਂ ਅਦਾਲਤਾਂ ਹਨ। ਜੇ ਅਸੀਂ ਹੇਠਲੀ ਪੱਧਰ ਦੀ ਅਦਾਲਤ ਦੇ ਨਿਆਂ ਤੋਂ ਖੁਸ਼ ਨਹੀਂ ਤਾਂ ਅਸੀਂ ਉਸ ਤੋਂ ਉੱਪਰਲੀ ਕੋਰਟ ਵਿੱਚ ਅਪੀਲ ਕਰ ਸਕਦੇ ਹਾਂ।

**ਹੇਠਲੀ ਪੱਧਰ ਤੋਂ ਮੁਕੱਦਮਾ ਉੱਪਰਲੀ ਅਦਾਲਤ ਵਿੱਚ ਲਿਆਉਣ ਸੰਬੰਧੀ :** ਭਾਰਤੀ ਸੰਵਿਧਾਨ ਅਨੁਸਾਰ ਨਾਗਰਿਕਾਂ ਨੂੰ ਇਨਸਾਫ਼ ਦੁਆਉਣ ਦੀ ਵਿਵਸਥਾ ਕੀਤੀ ਗਈ ਹੈ। ਕਿਸੇ ਕੇਸ ਵਿੱਚ ਜੇਕਰ ਇਹ ਲੱਗੇ ਕਿ ਇਨਸਾਫ਼ ਠੀਕ ਨਹੀਂ ਹੋਇਆ ਤਾਂ ਕੋਈ ਵੀ ਨਾਗਰਿਕ ਉੱਚ ਅਦਾਲਤ ਦਾ ਦਰਵਾਜ਼ਾ ਖੜਕਾ ਸਕਦਾ ਹੈ। ਜ਼ਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਉੱਚ ਅਦਾਲਤਾਂ ਦੇ ਫੈਸਲੇ ਵਿਰੁੱਧ ਸਰਵ-ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਸਰਵ-ਉੱਚ ਅਦਾਲਤ ਦੇ ਦਿੱਤੇ ਗਏ ਫ਼ੈਸਲਿਆਂ ਨੂੰ ਮੰਨਣ ਲਈ ਰਾਜਾਂ ਦੀਆਂ ਉੱਚ ਅਦਾਲਤਾਂ ਪਾਬੰਦ ਹਨ। ਇਸੇ ਤਰ੍ਹਾਂ ਉੱਚ ਅਦਾਲਤਾਂ ਦੇ ਫ਼ੈਸਲਿਆਂ ਨੂੰ ਮੰਨਣ ਲਈ ਜ਼ਿਲ੍ਹਾ ਅਦਾਲਤਾਂ ਪਾਬੰਦ ਹਨ। ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਬਣਾਇਆ ਗਿਆ ਹੈ। ਭਾਵ, ਕਿਸੇ ਵੀ ਮੁਕੱਦਮੇ ਦਾ ਫ਼ੈਸਲਾ ਦੇਣ ਸਮੇਂ ਕਿਸੇ ਸਰਕਾਰ ਜਾਂ ਪਾਰਟੀ ਦਾ ਕੰਟਰੋਲ ਨਾ ਹੋਵੇ। ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਸੁਪਰੀਮ ਕੋਰਟ ਦੇ ਜੱਜ 65 ਸਾਲ ਤੱਕ, ਹਾਈ ਕੋਰਟ ਦੇ ਜੱਜ 62 ਸਾਲ ਤੱਕ ਆਪਣੀ ਪਦਵੀ ਤੇ ਰਹਿੰਦੇ ਹਨ। ਜੱਜਾਂ ਨੂੰ ਹਟਾਉਣ ਦਾ ਤਰੀਕਾ ਸੌਖਾ ਨਹੀਂ ਹੈ। ਇਨ੍ਹਾਂ ਦੀਆਂ ਤਨਖਾਹਾਂ ਵੀ ਵੱਧ ਹਨ। ਦੇਸ਼ ਦੀਆਂ ਅਦਾਲਤਾਂ ਨੂੰ ਬਹੁਤ ਸਾਰੀਆਂ

ਸ਼ਕਤੀਆਂ ਦਿੱਤੀਆਂ ਗਈਆਂ ਹਨ । ਇਹਨਾਂ ਵਿੱਚੋਂ ਮੁੱਖ ਅਪੀਲੀ ਅਧਿਕਾਰ ਖੇਤਰ (Appellate Jurisdictions) ਹੈ।

**ਸੰਵਿਧਾਨਿਕ ਅਪੀਲਾਂ :** ਜੇਕਰ ਕਿਸੇ ਰਾਜ ਦੀ ਹਾਈਕੋਰਟ ਦੀਵਾਨੀ, ਫ਼ੌਜਦਾਰੀ ਜਾਂ ਕਿਸੇ ਹੋਰ ਮੁਕੱਦਮੇ ਸੰਬੰਧੀ ਪ੍ਰਮਾਣ-ਪੱਤਰ ਦੇਵੇ ਕਿ ਮੁਕੱਦਮੇ ਸੰਬੰਧੀ ਹੋਰ ਸੰਵਿਧਾਨਿਕ ਵਿਆਖਿਆ ਦੀ ਜ਼ਰੂਰਤ ਹੈ ਤਾਂ ਹਾਈਕੋਰਟ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਜੇਕਰ ਹਾਈਕੋਰਟ ਪ੍ਰਮਾਣ-ਪੱਤਰ ਨਾ ਵੀ ਦੇਵੇ ਤਾਂ ਸੁਪਰੀਮ ਕੋਰਟ ਆਪ ਅਜਿਹੀ ਮਨਜ਼ੂਰੀ ਦੇ ਕੇ ਮੁਕੱਦਮੇ ਸੁਣ ਸਕਦੀ ਹੈ।

**ਦੀਵਾਨੀ ਅਪੀਲਾਂ :** ਕੋਈ ਵੀ ਦੀਵਾਨੀ ਮੁਕੱਦਮੇ ਵਿਰੁੱਧ ਵੀ ਅਪੀਲ ਕੀਤੀ ਜਾ ਸਕਦੀ ਹੈ। ਪਰੰਤੂ ਹਾਈ ਕੋਰਟ ਦੁਆਰਾ ਇਹ ਪ੍ਰਮਾਣਿਤ ਕੀਤਾ ਜਾਣਾ ਜ਼ਰੂਰੀ ਹੈ ਕਿ ਮੁਕੱਦਮੇ ਵਿੱਚ ਆਮ ਮਹੱਤਵ ਦਾ ਕੋਈ ਠੋਸ ਕਾਨੂੰਨੀ ਪ੍ਰਸ਼ਨ ਹੈ। ਸੁਪਰੀਮ ਕੋਰਟ ਹਾਈ ਕੋਰਟ ਦੀ ਪ੍ਰਵਾਨਗੀ ਤੋਂ ਬਿਨਾਂ (ਖਾਸ ਕੇਸਾਂ ਵਿੱਚ) ਅਪੀਲ ਸੁਣ ਸਕਦੀ ਹੈ।

**ਫ਼ੌਜਦਾਰੀ ਅਪੀਲਾਂ :** ਕੋਈ ਵੀ ਅਜਿਹਾ ਮੁਕੱਦਮਾ ਜਿਸ ਵਿੱਚ ਹੇਠਲੀ ਅਦਾਲਤਾਂ ਨੇ ਵਿਅਕਤੀ ਨੂੰ ਰਿਹਾ ਕਰ ਦਿੱਤਾ ਹੋਵੇ ਅਤੇ ਹਾਈਕੋਰਟ ਨੇ ਮੌਤ ਦੀ ਸਜ਼ਾ ਦਿੱਤੀ ਹੋਵੇ ਜਾਂ ਹਾਈਕੋਰਟ ਨੇ ਹੇਠਲੀ ਅਦਾਲਤ ਵਿੱਚ ਚਲ ਰਹੇ ਮੁਕੱਦਮੇ ਨੂੰ ਸਿੱਧਾ ਆਪਣੇ ਕੋਲ ਮੰਗਵਾ ਲਿਆ ਹੋਵੇ ਅਤੇ ਦੋਸ਼ੀ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਹੋਵੇ ਜਾਂ ਹਾਈ ਕੋਰਟ ਪ੍ਰਮਾਣਿਤ ਕਰੇ ਕਿ ਮੁਕੱਦਮਾ ਅਪੀਲ ਦੇ ਯੋਗ ਹੈ ਤਾਂ ਸੁਪਰੀਮ ਕੋਰਟ ਅਪੀਲ ਸੁਣ ਸਕਦੀ ਹੈ। ਇਸ ਤੋਂ ਇਲਾਵਾ ਧਾਰਾ-136 ਅਧੀਨ ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ ਕਿ ਉਹ ਕੋਈ ਵੀ ਮੁਕੱਦਮਾ ਹੇਠਲੀਆਂ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲ ਸੁਣ ਸਕਦੀ ਹੈ। ਵਿਸ਼ੇਸ਼ ਅਦਾਲਤ ਕਾਨੂੰਨ (Special Court Act) ਅਨੁਸਾਰ ਇਹ ਵਿਵਸਥਾ ਕੀਤੀ ਗਈ ਹੈ ਕਿ ਵਿਸ਼ੇਸ਼ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲ ਕੇਵਲ ਸੁਪਰੀਮ ਕੋਰਟ ਵਿੱਚ ਹੀ ਕੀਤੀ ਜਾ ਸਕਦੀ ਹੈ। ਇਹ ਅਪੀਲ ਵਿਸ਼ੇਸ਼ ਅਦਾਲਤਾਂ ਦੁਆਰਾ ਫ਼ੈਸਲਾ ਦਿੱਤੇ ਜਾਣ ਦੇ 30 ਦਿਨਾਂ ਦੇ ਅੰਦਰ-ਅੰਦਰ ਕੀਤੀ ਜਾਣੀ ਜ਼ਰੂਰੀ ਹੈ। ਇਸੇ ਤਰ੍ਹਾਂ ਉੱਚ ਅਦਾਲਤਾਂ ਨੂੰ ਵੀ ਹੇਠਲੀਆਂ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲਾਂ ਸੁਣ ਸਕਣ ਦਾ ਅਧਿਕਾਰ ਹੈ।



*ਸੁਪਰੀਮ ਕੋਰਟ*

**ਸਿਵਿਲ ਅਤੇ ਫ਼ੌਜਦਾਰੀ ਮਾਮਲੇ ਵਿੱਚ ਅੰਤਰ :** ਮਾਮਲਿਆਂ ਜਾਂ ਮੁਕਦਮਿਆਂ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ ਮੁੱਖ ਤੌਰ ਤੇ ਸਿਵਿਲ ਅਤੇ ਫ਼ੌਜਦਾਰੀ ਮਾਮਲੇ ਹਨ।

**ਸਿਵਿਲ ਮਾਮਲੇ :** ਸਿਵਿਲ ਮਾਮਲੇ ਆਮ ਲੋਕਾਂ ਨਾਲ ਸੰਬੰਧਤ ਹੁੰਦੇ ਹਨ। ਇਹਨਾਂ ਮੁਕੱਦਮਿਆਂ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰ, ਵਿਆਹ, ਤਲਾਕ, ਬਲਾਤਕਾਰ, ਜਾਇਦਾਦ, ਜ਼ਮੀਨੀ ਝਗੜੇ ਆਦਿ ਆਉਂਦੇ ਹਨ। ਉਹ ਮੁਕੱਦਮੇ ਵੀ ਜਿਨ੍ਹਾਂ ਦਾ ਸੰਬੰਧ ਨਿੱਜੀ ਜ਼ਿੰਦਗੀ ਨਾਲ ਹੋਵੇ ਜਾਂ ਨਿੱਜੀ ਸੰਬੰਧਾਂ ਨਾਲ ਹੁੰਦਾ ਹੈ। ਇਹਨਾਂ ਵਿੱਚ ਦੀਵਾਨੀ ਮੁਕੱਦਮੇ ਵੀ ਆਉਂਦੇ ਹਨ । ਸਿਵਿਲ ਮੁਕੱਦਮੇ ਸੰਬੰਧੀ ਜ਼ਿਲ੍ਹੇ ਦੀ ਸਭ ਤੋਂ ਉੱਚ ਅਦਾਲਤ ਨੂੰ ਜ਼ਿਲਾ ਅਦਾਲਤ (Distt. Court) ਕਿਹਾ ਜਾਂਦਾ ਹੈ।

**ਫ਼ੌਜਦਾਰੀ ਮਾਮਲੇ :** ਫ਼ੌਜਦਾਰੀ ਮਾਮਲੇ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਮਾਰ-ਧਾੜ, ਲੜਾਈ-ਝਗੜੇ, ਗਾਲੀ-ਗਲੋਚ ਆਦਿ ਆਉਂਦੇ ਹਨ। ਜਦੋਂ ਕਿਸੇ ਦਾ ਸਰੀਰਕ ਨੁਕਸਾਨ ਹੁੰਦਾ ਹੈ, ਸੱਟ ਫੇਟ ਜਾਂ ਕਿਸੇ ਅੰਗ ਦਾ ਨੁਕਸਾਨ ਹੁੰਦਾ ਹੈ ਅਜਿਹੇ ਮਾਮਲੇ ਫ਼ੌਜਦਾਰੀ ਹੁੰਦੇ ਹਨ। ਉਦਾਹਰਨ ਲਈ ਜਦੋਂ ਕੋਈ ਕਿਸੇ ਦੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਕਰਦਾ ਹੈ, ਉਹ ਦੀਵਾਨੀ ਮਾਮਲਾ ਹੁੰਦਾ ਹੈ ਪਰ ਜਦੋਂ ਦੋ ਧਿਰਾਂ ਵਿਚਕਾਰ ਲੜਾਈ-ਝਗੜਾ ਜਾਂ ਮਾਰ-ਕਟਾਈ ਹੁੰਦੀ ਹੈ, ਇੱਕ ਦੂਜੇ ਦਾ ਸਰੀਰਕ ਨੁਕਸਾਨ ਹੁੰਦਾ ਹੈ ਤਾਂ ਇਹ ਮੁਕੱਦਮਾ ਦੀਵਾਨੀ ਦੇ ਨਾਲ਼-ਨਾਲ਼ ਫ਼ੌਜਦਾਰੀ ਮਾਮਲਾ ਬਣ ਜਾਂਦਾ ਹੈ। ਇਰਾਦਾ ਕਤਲ ਵੀ ਫ਼ੌਜਦਾਰੀ ਮੁਕੱਦਮਾ ਬਣ ਜਾਂਦਾ ਹੈ। ਧਾਰਾ 134 ਅਧੀਨ ਕਿਸੇ ਤੇ ਫ਼ੌਜਦਾਰੀ ਮੁਕੱਦਮਾ ਦਰਜ ਹੁੰਦਾ ਹੈ। ਮੌਤ ਦੀ ਸਜ਼ਾ ਹੋ ਸਕਦੀ ਹੈ, ਪਰ ਦੋਸ਼ੀ ਉੱਤੇ ਦੋਸ਼ ਸਾਬਤ ਹੋਣਾ ਜ਼ਰੂਰੀ ਹੈ। ਸਾਰੇ ਫ਼ੌਜਦਾਰੀ ਕੇਸ ਸਰਕਾਰ ਦੁਆਰਾ ਲੜੇ ਜਾਂਦੇ ਹਨ ਨਾ ਕਿ ਆਦਮੀ ਦੁਆਰਾ ਨਿੱਜੀ ਤੌਰ ਤੇ। ਫ਼ੌਜਦਾਰੀ ਮੁਕੱਦਮੇ ਸੰਬੰਧੀ ਜ਼ਿਲ੍ਹੇ ਦੀ ਸਭ ਤੋਂ ਉੱਚੀ ਅਦਾਲਤ ਨੂੰ ਸੈਸ਼ਨ ਕੋਰਟ (Session Court) ਕਿਹਾ ਜਾਂਦਾ ਹੈ ।

**ਸਰਕਾਰੀ ਵਕੀਲ ਦੀ ਭੂਮਿਕਾ :** ਨਾਂ ਤੋਂ ਹੀ ਜਿਵੇਂ ਕਿ ਸਪੱਸ਼ਟ ਹੈ ਜਿਹੜੇ ਵਕੀਲ ਸਰਕਾਰ ਦੇ ਹੱਕ ਵਿੱਚ ਕੇਸ ਲੜਦੇ ਹਨ ਉਹਨਾਂ ਨੂੰ ਸਰਕਾਰੀ ਵਕੀਲ ਕਿਹਾ ਜਾਂਦਾ ਹੈ। ਸਰਕਾਰੀ ਵਕੀਲ ਵੱਖਰੇ-ਵੱਖਰੇ ਕੇਸਾਂ ਨੂੰ ਲੜਨ ਲਈ ਵੱਖਰੇ-ਵੱਖਰੇ ਹੁੰਦੇ ਹਨ। ਸਰਕਾਰ ਅਤੇ ਸਰਕਾਰੀ ਕਰਮਚਾਰੀ ਵਿਚਕਾਰ ਮੁਕੱਦਮੇ, ਸਰਕਾਰੀ ਜਾਇਦਾਦ ਦੇ, ਫ਼ੌਜਦਾਰੀ ਕੇਸ ਦੇ ਅਤੇ ਸਿਵਿਲ ਕੇਸ ਲੜਨ ਦੇ ਸਰਕਾਰੀ ਵਕੀਲ ਅਲੱਗ-ਅਲੱਗ ਹੁੰਦੇ ਹਨ। ਇਹਨਾਂ ਸਾਰੇ ਕੇਸਾਂ ਵਿੱਚ ਇਹਨਾਂ ਵਕੀਲਾਂ ਨੇ ਸਰਕਾਰ ਦੇ ਹੱਕ ਵਿੱਚ ਲੜਨਾ ਹੁੰਦਾ ਹੈ। ਹਰ ਕੇਸ ਵਿੱਚ ਸਰਕਾਰ ਨੂੰ ਬਚਾਉਣਾ ਹੁੰਦਾ ਹੈ। ਸਰਕਾਰੀ ਵਕੀਲ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਉਹਨਾਂ ਨੂੰ ਇਮਤਿਹਾਨ ਵੀ ਪਾਸ ਕਰਨੇ ਪੈਂਦੇ ਹਨ। ਇਹ ਇਮਤਿਹਾਨ ਰਾਜ ਸਰਕਾਰ ਸਮੇਂ-ਸਮੇਂ ਤੇ ਲੈਂਦੀ ਹੈ।

**ਜਨਹਿੱਤ ਮੁਕੱਦਮੇਬਾਜ਼ੀ (Public Interest Litigation) :** ਸਾਡੇ ਦੇਸ਼ ਵਿੱਚ ਜਨਹਿੱਤ ਮੁਕੱਦਮੇਬਾਜ਼ੀ ਦੀ ਵਿਵਸਥਾ ਹੈ। ਜਨਹਿੱਤ ਮੁਕੱਦਮੇਬਾਜ਼ੀ ਅਨੁਸਾਰ ਜਨਤਕ ਹਿੱਤਾਂ ਨੂੰ ਮੁੱਖ ਰੱਖ ਕੇ ਵੀ ਕੋਈ ਵਿਅਕਤੀ ਜਿਸ ਦਾ ਕਿ ਮੁਕੱਦਮੇ ਨਾਲ ਕੋਈ ਵੀ ਸੰਬੰਧ ਨਹੀਂ ਹੈ, ਅਦਾਲਤ ਵਿੱਚ ਮੁਕੱਦਮਾ ਦਾਇਰ ਕਰ ਸਕਦਾ ਹੈ ਅਤੇ ਅਦਾਲਤਾਂ ਦੁਆਰਾ ਉਸ ਮੁਕੱਦਮੇ ਦੀ ਸੁਣਵਾਈ ਵੀ ਨਿਯਮਤ ਮੁਕੱਦਮਿਆਂ ਦੀ ਤਰ੍ਹਾਂ ਹੀ ਕੀਤੀ ਜਾਂਦੀ ਹੈ। ਜਨਹਿੱਤ ਮੁਕੱਦਮਾ ਸਰਕਾਰ ਦੇ ਕਿਸੇ ਵਿਭਾਗ ਜਾਂ ਅਧਿਕਾਰੀ ਜਾਂ ਸੰਸਥਾ ਦੇ ਵਿਰੁੱਧ ਹੀ ਦਾਇਰ ਕੀਤਾ ਜਾਂਦਾ ਹੈ । ਅਜਿਹੇ ਮੁਕੱਦਮੇ ਦਾ ਸੰਬੰਧ ਜਨਤਕ ਹਿੱਤ ਵਾਲੇ ਮਾਮਲਿਆਂ ਨਾਲ ਹੋਣਾ ਜ਼ਰੂਰੀ ਹੈ। ਕਿਸੇ ਦੇ ਨਿੱਜੀ ਹਿੱਤਾਂ ਦੀ ਰਾਖੀ ਲਈ ਜਨਹਿੱਤ ਮੁਕੱਦਮੇਬਾਜ਼ੀ ਦਾ ਆਸਰਾ ਨਹੀਂ ਲਿਆ ਜਾ ਸਕਦਾ। ਅਜਿਹੇ ਕੇਸਾਂ ਦੀ ਪੈਰਵੀ ਵੀ ਸਰਕਾਰੀ ਵਕੀਲਾਂ ਰਾਹੀਂ ਹੀ ਕੀਤੀ ਜਾਂਦੀ ਹੈ।

## ਨਿਆਂਪਾਲਿਕਾ ਦੀ ਨਿਆਂਇਕ-ਪੁਨਰ-ਨਿਰੀਖਣ ਦੀ ਸ਼ਕਤੀ

ਨਿਆਂਇਕ ਪੁਨਰ ਨਿਰੀਖਣ ਨਿਆਂਪਾਲਿਕਾ ਦੀ ਵਿਸ਼ੇਸ਼ ਸ਼ਕਤੀ ਹੈ ਜਿਸ ਅਨੁਸਾਰ ਨਿਆਂਪਾਲਿਕਾ ਦੇਖਦੀ ਹੈ ਕਿ ਕਾਰਜਪਾਲਿਕਾ ਦੁਆਰਾ ਜਾਰੀ ਕੀਤਾ ਗਿਆ ਆਦੇਸ਼ ਅਤੇ ਵਿਧਾਨਪਾਲਿਕਾ (ਜਿਸ ਵਿੱਚ ਸੰਸਦ ਅਤੇ ਰਾਜਾਂ ਦੀਆਂ ਵਿਧਾਨਸਭਾਵਾਂ ਸ਼ਾਮਲ ਹਨ) ਦੁਆਰਾ ਪਾਸ ਕੀਤਾ ਗਿਆ ਕੋਈ ਕਾਨੂੰਨ ਸੰਵਿਧਾਨ ਦੇ ਵਿਰੁੱਧ ਤਾਂ ਨਹੀਂ ਹੈ । ਜੇਕਰ ਨਿਆਂਪਾਲਿਕਾ ਮਹਿਸੂਸ ਕਰਦੀ ਹੈ ਤਾਂ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਰੱਦ ਕਰ ਸਕਦੀ ਹੈ । ਅੱਜ ਭਾਰਤ ਵਿੱਚ ਨਿਆਂਇਕ ਪੁਨਰ-ਨਿਰੀਖਣ ਸ਼ਕਤੀ ਦਾ ਪ੍ਰਯੋਗ ਕਰਕੇ ਨਿਆਂਪਾਲਿਕਾ ਸੰਵਿਧਾਨ ਦੀ ਪਹਿਰੇਦਾਰ ਬਣੀ ਹੋਈ ਹੈ ।

### ਨਿਆਂਪਾਲਿਕਾ ਦੀ ਸੁਤੰਤਰਤਾ ਅਤੇ ਨਿਰਪੱਖਤਾ

ਸਾਡੀ ਨਿਆਂਪਾਲਿਕਾ ਸਰਕਾਰ ਦੇ ਦੂਸਰੇ ਅੰਗ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ ਕਿਉਂਕਿ ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ ਹੀ ਵਿਅਕਤੀ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰਾਖੀ ਕਰ ਸਕਦੀ ਹੈ ਅਤੇ ਸੰਵਿਧਾਨ ਦੀ ਸਰਵ-ਉੱਚਤਾ ਬਣਾ ਕੇ ਲੋਕਾਂ ਦਾ ਰਾਜਪ੍ਰਬੰਧ ਵਿੱਚ ਵਿਸ਼ਵਾਸ ਕਾਇਮ ਰੱਖ ਸਕਦੀ ਹੈ।

**ਲੋਕ ਅਦਾਲਤਾਂ**—ਲੋਕਾਂ ਨੂੰ ਛੇਤੀ ਅਤੇ ਸਸਤਾ ਨਿਆਂ ਦੇਣ ਦੇ ਉਦੇਸ਼ ਨਾਲ ਕਾਨੂੰਨੀ ਸੇਵਾਵਾਂ ਦੀਆਂ ਸੰਸਥਾਵਾਂ ਦੇ ਕਾਨੂੰਨ ਅਧੀਨ ਲੋਕ ਅਦਾਲਤਾਂ ਦਾ ਗਠਨ ਕੀਤਾ ਜਾਂਦਾ ਹੈ। ਫੌਜਦਾਰੀ ਮੁਕੱਦਮਿਆਂ ਤੋਂ ਇਲਾਵਾ ਕੋਈ ਵੀ ਮੁਕੱਦਮਾ ਜੋ ਨਿਆਂਇਕ ਅਦਾਲਤ ਵਿਚ ਚਲ ਰਿਹਾ ਹੈ, ਲੋਕ ਅਦਾਲਤ ਵਿੱਚ ਲਿਆਂਦਾ ਜਾ ਸਕਦਾ ਹੈ। ਹੁਣ ਲੋਕ ਅਦਾਲਤਾਂ ਦੀ ਹਰਮਨ-ਪਿਆਰਤਾ ਦਿਨੋ ਦਿਨ ਵਧ ਰਹੀ ਹੈ ਕਿਉਂਕਿ ਲੋਕ ਅਦਾਲਤ ਦੋਵਾਂ ਧਿਰਾਂ ਵਿਚਕਾਰ ਸੁਲਾ ਸਫਾਈ ਅਤੇ ਆਪਸੀ ਸਮਝੌਤੇ ਨਾਲ ਫੈਸਲਾ ਕਰਵਾਉਣ ਦਾ ਯਤਨ ਕਰਦੀ ਹੈ ਅਤੇ ਲੋਕ ਅਦਾਲਤ ਦੁਆਰਾ ਦਿੱਤੇ ਫੈਸਲੇ ਨੂੰ ਸਾਰੇ ਮੰਨਣ ਲਈ ਪਾਬੰਧ ਹਨ । ਜ਼ਿਕਰਯੋਗ ਹੈ ਲੋਕ ਅਦਾਲਤ ਦੇ ਫੈਸਲੇ ਵਿਰੁੱਧ ਕਿਸੇ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ ਹੈ ।

### ਐਫ.ਆਈ.ਆਰ. ਰਿਪੋਰਟ ਨਾ ਦਰਜ ਕਰਨ ਤੇ ਕੋਰਟ ਦੀ ਪੈਰਵੀ :

ਐਫ.ਆਈ.ਆਰ. (F.I.R.) ਅਰਥਾਤ ਪਹਿਲੀ ਸੂਚਨਾ ਰਿਪੋਰਟ। ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਘਟਣ ਤੇ ਸਭ ਤੋਂ ਪਹਿਲਾਂ ਪੁਲਿਸ ਨੂੰ ਸੂਚਿਤ ਕਰਨਾ ਹੁੰਦਾ ਹੈ। ਕਿਸੇ ਵੀ ਦੁਰਘਟਨਾ ਦੀ ਸੂਚਨਾ ਨੇੜੇ ਦੇ ਪੁਲਿਸ ਕੇਂਦਰ ਨੂੰ ਦੇਣੀ ਹੁੰਦੀ ਹੈ। ਇਹ ਪਹਿਲੀ ਕਾਰਵਾਈ ਹੈ। ਪਹਿਲਾਂ ਤਾਂ ਇਹ ਦੱਸਣਯੋਗ ਹੈ ਕਿ ਕਿਸੇ ਘਟਨਾ ਜਾਂ ਦੁਰਘਟਨਾ ਦੀ ਰਿਪੋਰਟ (ਐਫ. ਆਈ. ਆਰ.) ਕੋਈ ਪੁਲਿਸ ਕੇਂਦਰ ਦਰਜ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਫਿਰ ਵੀ ਜੇਕਰ ਕੋਈ ਪੁਲਿਸ ਚੌਕੀ ਐਫ.ਆਈ.ਆਰ. ਦਰਜ ਨਹੀਂ ਕਰਦੀ ਤਾਂ ਐਸ.ਐਚ.ਓ. ਕੋਲ ਪਹੁੰਚ ਕੀਤੀ ਜਾ ਸਕਦੀ ਹੈ। ਜੇਕਰ ਐਸ.ਐਚ.ਓ. ਰਿਪੋਰਟ ਦਰਜ ਨਹੀਂ ਕਰਦਾ ਤਾਂ ਡੀ.ਐਸ.ਪੀ. ਕੋਲ ਪਹੁੰਚ ਕੀਤੀ ਜਾ ਸਕਦੀ ਹੈ। ਜੇਕਰ ਡੀ.ਐਸ.ਪੀ. ਵੀ ਐਫ.ਆਈ.ਆਰ. ਦਰਜ ਨਹੀਂ ਕਰਦਾ ਤਾਂ ਜ਼ਿਲ੍ਹੇ ਵਿੱਚ ਐਸ.ਪੀ. ਜਾਂ ਐਸ.ਐਸ.ਪੀ. ਕੋਲ ਦਰਜ ਕਰਵਾਈ ਜਾ ਸਕਦੀ ਹੈ। ਮੰਨ ਲਵੋ ਐਸ.ਐਸ.ਪੀ. ਵੀ ਰਿਪੋਰਟ ਦਰਜ ਨਹੀਂ ਕਰਦਾ ਤਾਂ ਦੇਸ਼ ਵਿੱਚ ਕਿਤੇ ਵੀ ਪੁਲਿਸ ਕੇਂਦਰ ਵਿੱਚ ਐਫ.ਆਈ.ਆਰ. ਦਰਜ ਕਰਵਾਈ ਜਾ ਸਕਦੀ ਹੈ।

ਮੰਨ ਲਵੋ (ਪਰ ਅਜਿਹਾ ਨਹੀਂ ਹੋ ਸਕਦਾ) ਕਿ ਕਿਸੇ ਨਾਗਰਿਕ, ਦੇਸ਼ ਵਾਸੀ ਦੀ ਰਿਪੋਰਟ ਦੇਸ਼ ਵਿੱਚ ਕੋਈ ਪੁਲਿਸ ਕੇਂਦਰ ਵੀ ਦਰਜ ਨਹੀਂ ਕਰਦਾ ਤਾਂ ਕਿਸੇ ਵੀ ਅਦਾਲਤ ਜਾਂ ਉੱਚ ਅਦਾਲਤ ਜਾਂ ਸਰਵ-ਉੱਚ ਅਦਾਲਤ ਦਾ ਸਹਾਰਾ ਲਿਆ ਜਾਂਦਾ ਹੈ। ਸਾਡੇ ਸੰਵਿਧਾਨ ਵਿੱਚ ਇਹ ਦਰਜ ਹੈ ਕਿ ਕੋਈ ਵੀ ਅਦਾਲਤ ਪੁਲਿਸ ਨੂੰ ਐਫ.ਆਈ.ਆਰ. ਦਰਜ ਕਰਨ ਲਈ ਨਿਰਦੇਸ਼ ਦੇ ਸਕਦੀ ਹੈ। ਇਸ ਤੋਂ ਇਲਾਵਾ ਅਦਾਲਤ ਆਪ ਵੀ ਐਫ.ਆਈ.ਆਰ. ਦਰਜ ਕਰ ਕੇ ਪੁਲਿਸ ਨੂੰ ਪੈਰਵੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ। ਸੁਪਰੀਮ ਕੋਰਟ ਕੋਲ ਅਜਿਹੇ ਵਿਸ਼ੇਸ਼ ਅਧਿਕਾਰ ਹਨ ਪਰ ਅੱਜ ਤੱਕ ਕੋਈ ਅਜਿਹੀ ਉਦਾਹਰਨ ਨਹੀਂ ਹੈ ਕਿ ਦੇਸ਼ ਵਿੱਚ ਕਿਸੇ ਪੁਲਿਸ ਅਧਿਕਾਰੀ ਜਾਂ ਪੁਲਿਸ ਅਫ਼ਸਰ ਨੇ ਕਿਸੇ ਵੀ ਘਟਨਾ ਜਾਂ ਦੁਰਘਟਨਾ ਦੀ ਐਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕੀਤਾ ਹੋਵੇ। ਜੇਕਰ ਅਜਿਹਾ ਹੋਵੇ ਤਾਂ ਜਿਵੇਂ ਕਿ ਉੱਧਰ ਦੱਸਿਆ ਹੈ ਦੇਸ਼ ਦੀਆਂ ਅਦਾਲਤਾਂ ਨੂੰ ਯੋਗ ਕਾਰਵਾਈ ਕਰਨ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ।

## ਯਾਦ ਰੱਖਣ ਯੋਗ ਨੁਕਤੇ

## (POINTS TO REMEMBER)

1. ਸਰਕਾਰ ਦੇ ਮੁੱਖ ਤਿੰਨ ਅੰਗ ਹਨ – ਪਹਿਲਾ ਵਿਧਾਨ ਪਾਲਿਕਾ–ਕਾਨੂੰਨ ਬਣਾਉਣ ਵਾਲ਼ੀ, ਦੂਜਾ ਕਾਰਜਪਾਲਿਕਾ–ਕਾਨੂੰਨਾਂ ਨੂੰ ਲਾਗੂ ਕਰਨ ਵਾਲ਼ੀ ਅਤੇ ਤੀਜਾ ਨਿਆਂਪਾਲਿਕਾ– ਨਿਆਂ ਦੇਣ ਵਾਲ਼ੀ।
2. ਭਾਰਤ ਦੀ ਸਭ ਤੋਂ ਵੱਡੀ ਅਦਾਲਤ (ਸਰਵ–ਉੱਚ ਅਦਾਲਤ), ਸੁਪਰੀਮ ਕੋਰਟ ਜੋ ਕਿ ਦਿੱਲੀ ਵਿੱਚ ਹੈ।
3. ਨਾਗਰਿਕਾਂ ਨੂੰ ਨਿਆਂ ਦੇਣ ਦੀ ਵਿਵਸਥਾ ਸੰਵਿਧਾਨ ਵਿੱਚ ਕੀਤੀ ਗਈ ਹੈ।
4. ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਮੰਨਣ ਲਈ ਰਾਜਾਂ ਦੀਆਂ ਉੱਚ ਅਦਾਲਤਾਂ ਪਾਬੰਦ ਹਨ।
5. ਮੁੱਖ ਤੌਰ ਤੇ ਮਾਮਲੇ ਦੋ ਪ੍ਰਕਾਰ ਦੇ ਹੁੰਦੇ ਹਨ ਸਿਵਲ ਜਾਂ ਦੀਵਾਨੀ ਅਤੇ ਫ਼ੌਜਦਾਰੀ।
6. ਸਾਰੇ ਫ਼ੌਜਦਾਰੀ ਮੁਕੱਦਮੇ ਸਰਕਾਰ ਦੁਆਰਾ ਲੜੇ ਜਾਂਦੇ ਹਨ ਸਿਰਫ਼ ਨਿੱਜੀ ਤੌਰ ’ਤੇ ਨਹੀਂ ਲੜੇ ਜਾਂਦੇ।
7. ਸਰਕਾਰੀ ਵਕੀਲ ਸਰਕਾਰ ਦੇ ਪੱਖ ਵਿੱਚ ਕੇਸ ਲੜਦਾ ਹੈ।
8. F.I.R. ਪਹਿਲੀ ਸੂਚਨਾ ਰਿਪੋਰਟ (First Information Report) ਨੂੰ ਕਹਿੰਦੇ ਹਨ ।
9. ਸੁਪਰੀਮ ਕੋਰਟ ਦਾ ਜੱਜ 65 ਸਾਲ ਦੀ ਉਮਰ ਤੱਕ ਆਪਣੀ ਪਦਵੀ ’ਤੇ ਰਹਿ ਸਕਦਾ ਹੈ।
10. ਹਾਈਕੋਰਟ ਦੇ ਜੱਜ 62 ਸਾਲ ਦੀ ਉਮਰ ਤੱਕ ਆਪਣੀ ਪਦਵੀ ’ਤੇ ਰਹਿ ਸਕਦੇ ਹਨ।
11. ਭਾਰਤੀ ਵਿੱਚ ਇਸ ਸਮੇਂ ਇੱਕ ਸਰਵ–ਉੱਚ ਅਦਾਲਤ ਅਤੇ 24 ਰਾਜਾਂ ਦੀਆਂ ਉੱਚ–ਅਦਾਲਤਾਂ ਹਨ ।

## ਅਭਿਆਸ

### 1. ਖਾਲੀ ਥਾਵਾਂ ਭਰੋ —

1. ................ ਪਹਿਲੀ ਸੂਚਨਾ ਰਿਪੋਰਟ ਨੂੰ ਕਹਿੰਦੇ ਹਨ ।
2. ਭਾਰਤ ਦੀ ਸਭ ਤੋਂ ਵੱਡੀ ਅਦਾਲਤ ................ ਹੈ ।
3. ਸਰਕਾਰ ਦੇ ਮੁੱਖ ਅੰਗ ................ ਹਨ ।
4. ਸੁਪਰੀਮ ਕੋਰਟ ਦਾ ਜੱਜ ................ ਸਾਲ ਅਤੇ ਹਾਈਕੋਰਟ ਦਾ ਜੱਜ ................ ਸਾਲ ਤੱਕ ਪਦਵੀ ਤੇ ਰਹਿੰਦੇ ਹਨ ।
5. ਪੀ. ਆਈ. ਐਲ. ਤੋਂ ਭਾਵ ................ ਹੈ ।
6. ਫ਼ੌਜਦਾਰੀ ਮੁਕੱਦਮਾ ਧਾਰਾ ................ ਅਧੀਨ ਦਰਜ਼ ਹੁੰਦਾ ਹੈ ।

### 2. ਸਹੀ (√) ਜਾਂ ਗਲਤ (×) ਦਾ ਨਿਸ਼ਾਨ ਲਗਾਓ —

1. ਨਿਆਂਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ । ☐
2. ਭਾਰਤ ਵਿੱਚ ਦੋਹਰੀ ਨਿਆਂਇਕ ਪ੍ਰਣਾਲੀ ਲਾਗੂ ਹੈ । ☐
3. ਜ਼ਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਉੱਚ–ਅਦਾਲਤਾ ’ਚ ਅਪੀਲ ਨਹੀਂ ਹੋ ਸਕਦੀ । ☐
4. ਜੱਜਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੁਆਰਾ ਕੀਤੀ ਜਾਂਦੀ ਹੈ । ☐
5. ਜ਼ਮੀਨ–ਜਾਇਦਾਦ ਨਾਲ ਸੰਬੰਧਿਤ ਝਗੜਾ ਫ਼ੌਜਦਾਰੀ ਝਗੜਾ ਹੈ । ☐

## 3. ਵਿਕਲਪੀ ਪ੍ਰਸ਼ਨ —

1. **ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਸੰਵਿਧਾਨ ਦੀ ਕਿਸ ਧਾਰਾ ਅਧੀਨ ਪ੍ਰਾਪਤ ਹਨ ?**

   (ੳ) ਧਾਰਾ-134 (ਅ) ਧਾਰਾ-135

   (ੲ) ਧਾਰਾ-136 (ਸ) ਧਾਰਾ-137

2. **ਉੱਚ-ਅਦਾਲਤਾਂ ਦਾ ਗਠਨ ਕਿਥੇ ਕੀਤਾ ਜਾਂਦਾ ਹੈ ?**

   (ੳ) ਜ਼ਿਲ੍ਹਾ ਪੱਧਰ (ਅ) ਤਹਿਸੀਲ ਪੱਧਰ

   (ੲ) ਰਾਜ ਪੱਧਰ (ਸ) ਪਿੰਡ ਪੱਧਰ

3. **ਜਨ-ਹਿੱਤ ਮੁਕੱਦਮਾ ਕਦੋਂ ਦਰਜ ਹੋ ਸਕਦਾ ਹੈ ?**

   (ੳ) ਨਿੱਜੀ ਹਿੱਤਾਂ ਦੀ ਰਾਖੀ ਲਈ (ਅ) ਸਰਕਾਰੀ ਹਿੱਤਾਂ ਦੀ ਰਾਖੀ ਲਈ

   (ੲ) ਜਨਤਕ ਹਿੱਤਾਂ ਦੀ ਰਾਖੀ ਲਈ (ਸ) ਇਨ੍ਹਾਂ 'ਚੋਂ ਕੋਈ ਨਹੀਂ।

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ—

1. ਨਿਆਂਪਾਲਿਕਾ ਕਿਸਨੂੰ ਕਹਿੰਦੇ ਹਨ ?
2. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ ਅਤੇ ਕਿੱਥੇ ਸਥਿਤ ਹੈ ?
3. ਮੁੱਖ ਮੁਕੱਦਮੇ ਕਿਹੜੇ ਹੁੰਦੇ ਹਨ ?
4. ਸਿਵਿਲ ਮੁਕੱਦਮਾ ਕੀ ਹੈ ?
5. ਸਰਕਾਰੀ ਵਕੀਲ ਕੌਣ ਹੁੰਦੇ ਹਨ ?
6. ਜਨਹਿਤ ਮੁਕਦਮਾ (P.I.L.—Public Interest Litigation) ਕੀ ਹੈ ?
7. ਐਫ.ਆਈ.ਆਰ. ਕੀ ਹੈ ?

## 5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—

1. ਨਿਆਂਪਾਲਿਕਾ ਦੀ ਅਹਿਮੀਅਤ ਸੰਬੰਧੀ ਨੋਟ ਲਿਖੋ ।
2. ਨਿਆਂਪਾਲਿਕਾ ਦੇ ਵਿਸ਼ੇਸ਼ ਅਧਿਕਾਰ ਸੰਬੰਧੀ ਨੋਟ ਲਿਖੋ ।
3. ਭਾਰਤੀ ਨਿਆਂਇਕ ਪ੍ਰਨਾਲ਼ੀ ਬਾਰੇ ਨੋਟ ਲਿਖੋ ।
4. ਫ਼ੌਜਦਾਰੀ ਮਾਮਲੇ ਕਿਹੜੇ ਹੁੰਦੇ ਹਨ ? ਸਿਵਿਲ ਅਤੇ ਫ਼ੌਜਦਾਰੀ ਮਾਮਲਿਆਂ ਵਿੱਚ ਅੰਤਰ ਲਿਖੋ ।
5. F.I.R. ਕਿੱਥੇ ਦਰਜ ਹੋ ਸਕਦੀ ਹੈ ? F.I.R. ਨਾ ਦਰਜ ਹੋਣ ਤੇ ਅਦਾਲਤ ਦੀ ਭੂਮਿਕਾ ਲਿਖੋ।
6. ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਤੋਂ ਕੀ ਭਾਵ ਹੈ ?

## ਕੁਝ ਕਰਨ ਲਈ

ਕਿਸੇ ਜਨਹਿੱਤ ਮੁਕੱਦਮੇ ਦੀ ਆਪਣੀ ਸ਼੍ਰੇਣੀ ਵਿੱਚ ਅਧਿਆਪਕ ਦੀ ਸਹਾਇਤਾ ਨਾਲ ਬਹਿਸ ਕਰੋ ।



# ਪਾਠ 27
# ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ

ਭਾਰਤੀ ਸੰਵਿਧਾਨ ਵਿੱਚ ਕਈ ਸਿਧਾਂਤ ਸ਼ਾਮਲ ਕੀਤੇ ਗਏ ਹਨ। ਇਹਨਾਂ ਸਿਧਾਂਤਾਂ ਵਿੱਚ ਸਮਾਨਤਾ, ਸੁਤੰਤਰਤਾ ਅਤੇ ਧਰਮ ਨਿਰਪੱਖਤਾ ਮੁੱਖ ਸਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਜਿਹੜੀ ਸੰਵਿਧਾਨ ਦੇ ਮੁੱਢ ਵਿੱਚ ਲਿਖੀ ਗਈ ਸੀ ਉਸ ਵਿੱਚ ਸਪੱਸ਼ਟ ਅੰਕਿਤ ਸੀ ਕਿ ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ-ਸੰਪੰਨ, ਸਮਾਜਵਾਦੀ, ਧਰਮ-ਨਿਰਪੱਖ ਲੋਕਤੰਤਰ ਸਥਾਪਿਤ ਕਰਨ, ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। 70 ਸਾਲ ਦੀ ਅਜ਼ਾਦੀ ਤੋਂ ਬਾਅਦ ਕੀ ਅਸੀਂ ਸਮਾਜਿਕ ਅਤੇ ਆਰਥਿਕ ਸਮਾਨਤਾ ਲਿਆ ਸਕੇ ਹਾਂ ? ਭਾਰਤੀ ਲੋਕਤੰਤਰ ਉਸ ਪੱਧਰ ਦੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ ਜਿਹੜੀ ਪੱਛਮੀ ਅਤੇ ਕੁਝ ਯੂਰਪੀਅਨ ਦੇਸ਼ਾਂ ਵਿੱਚ ਇਸ ਪ੍ਰਣਾਲੀ ਨੂੰ ਪ੍ਰਾਪਤ ਹੋਈ ਹੈ। ਸਾਡੇ ਦੇਸ਼ ਵਿੱਚ ਲੋਕਤੰਤਰ ਦੀ ਸਫ਼ਲਤਾ ਨੂੰ ਅਨੇਕਾਂ ਸਮਾਜਿਕ ਅਸਮਾਨਤਾਵਾਂ ਪ੍ਰਭਾਵਿਤ ਕਰ ਰਹੀਆਂ ਹਨ। ਸਮਾਜਿਕ ਅਸਮਾਨਤਾਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਅਸੀਂ ਸੀਮਾਂਤ ਗਰੁੱਪ (Marginalised) ਬਾਰੇ ਜਾਨਣਾ ਚਾਹਾਂਗੇ।

## ਸੀਮਾਂਤ ਗਰੁੱਪ

ਸੀਮਾਂਤ ਗਰੁੱਪ ਸਾਡੇ ਸਮਾਜ ਦੇ ਅਜਿਹੇ ਸਮੂਹ ਹਨ ਜਿਹੜੇ ਸਮਾਜਿਕ ਤੇ ਆਰਥਿਕ ਕਾਰਨਾਂ ਕਰਕੇ ਲੰਮੇ ਸਮੇਂ ਤੋਂ ਅਣਗੌਲੇ ਜਾਂਦੇ ਰਹੇ ਹਨ। ਇਹਨਾਂ ਵਿੱਚ ਮੁੱਖ ਹਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਪਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸ਼੍ਰੇਣੀਆਂ।

(1) **ਅਨੁਸੂਚਿਤ ਜਾਤੀਆਂ** : ਅਨੁਸੂਚਿਤ ਜਾਤੀਆਂ ਦੀ ਕੋਈ ਵੀ ਸੰਵਿਧਾਨਿਕ ਪਰਿਭਾਸ਼ਾ ਨਹੀਂ ਹੈ ਪਰ ਅਸੀਂ ਕਹਿ ਸਕਦੇ ਹਾਂ ਕਿ ਪੁਰਾਣੇ ਸਮਿਆਂ ਤੋਂ ਸਮਾਜ ਵਿੱਚ ਅਛੂਤ ਸਮਝੇ ਜਾਂਦੇ ਲੋਕਾਂ ਨੂੰ ਹੀ ਅਨੁਸੂਚਿਤ ਜਾਤੀਆਂ ਦਾ ਨਾਂ ਦਿੱਤਾ ਗਿਆ ਹੈ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਇਹਨਾਂ ਦੀ ਗਿਣਤੀ ਭਾਰਤ ਦੀ ਕੁੱਲ ਵੱਸੋਂ ਦਾ 15 ਪ੍ਰਤੀਸ਼ਤ ਹਿੱਸਾ ਹੈ।

(2) **ਅਨੁਸੂਚਿਤ ਕਬੀਲੇ** : ਅਨੁਸੂਚਿਤ ਜਾਤੀਆਂ ਵਾਂਗ ਹੀ ਅਨੁਸੂਚਿਤ ਕਬੀਲਿਆਂ ਦੀ ਵੀ ਕੋਈ ਸੰਵਿਧਾਨਿਕ ਪਰਿਭਾਸ਼ਾ ਨਹੀਂ ਹੈ। ਸਾਧਾਰਨ ਸ਼ਬਦਾਂ ਵਿੱਚ ਅਜਿਹੀਆਂ ਜਾਤੀਆਂ ਜਿਨ੍ਹਾਂ ਨੂੰ ਸਮਾਜਿਕ ਪੱਖੋਂ ਛੇਕਿਆ ਗਿਆ ਸੀ, ਆਰਥਿਕ ਪੱਖੋਂ ਪਛੜੇ ਹੋਣ ਕਰਕੇ ਉਹ ਵੱਖਰੇ ਕਬੀਲੇ ਬਣਾ ਕੇ ਰਹਿੰਦੇ ਸਨ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਉਹਨਾਂ ਦੀ ਗਿਣਤੀ ਭਾਰਤ ਦੀ ਕੁੱਲ ਵੱਸੋਂ ਦਾ 7.5 ਪ੍ਰਤੀਸ਼ਤ ਹਿੱਸਾ ਹੈ।

(3) **ਪਛੜੀਆਂ ਸ਼੍ਰੇਣੀਆਂ** : ਪਛੜੀਆਂ ਸ਼੍ਰੇਣੀਆਂ ਨੂੰ ਵੀ ਸੰਵਿਧਾਨ ਵਿੱਚ ਪਰਿਭਾਸ਼ਿਤ ਨਹੀਂ ਕੀਤਾ ਗਿਆ। ਅਨੁਸੂਚਿਤ ਸ਼੍ਰੇਣੀਆਂ ਤੇ ਅਨੁਸੂਚਿਤ ਕਬੀਲਿਆਂ ਤੋਂ ਇਲਾਵਾ ਸਮਾਜ ਦੇ ਕਮਜ਼ੋਰ ਵਰਗ ਨੂੰ ਪਛੜੀਆਂ ਸ਼੍ਰੇਣੀਆਂ ਦਾ ਨਾਂ ਦਿੱਤਾ ਗਿਆ। ਪਛੜੀਆਂ ਸ਼੍ਰੇਣੀਆਂ ਦੇਸ਼ ਦੀ ਕੁੱਲ ਜਨਸੰਖਿਆ ਦਾ 41% ਹਿੱਸਾ ਹਨ।

(4) **ਘੱਟ ਗਿਣਤੀ** : ਧਾਰਮਿਕ ਜਾਂ ਭਾਸ਼ਾ ਪੱਖੋਂ ਘੱਟ ਗਿਣਤੀ ਉਹ ਲੋਕ ਹਨ, ਜਿਹੜੇ ਆਪਣੇ ਧਰਮ ਜਾਂ ਫਿਰਕੇ ਵਿੱਚ ਘੱਟ ਗਿਣਤੀ ਵਿੱਚ ਹਨ। 2011 ਦੀ ਮਰਦਮ ਸ਼ੁਮਾਰੀ ਅਨੁਸਾਰ ਉਹਨਾਂ ਦੀ ਗਿਣਤੀ ਕੁੱਲ ਭਾਰਤੀ ਜਨਸੰਖਿਆ ਦਾ 18.4 ਪ੍ਰਤੀਸ਼ਤ ਹੈ।

## ਸਮਾਨਤਾ ਦਾ ਅਧਿਕਾਰ

ਅਧਿਆਪਕ ਜੀ ਭਾਰਤ ਦੇ ਸੰਵਿਧਾਨ ਦੁਆਰਾ ਪ੍ਰਦਾਨ ਕੀਤੇ ਗਏ ਸਮਾਨਤਾ ਦੇ ਅਧਿਕਾਰ ਦੇ ਬੁਨਿਆਦੀ ਅਧਿਕਾਰਾਂ ਵਿੱਚੋਂ ਇੱਕ ਦੇ ਮਹੱਤਵ ਦੀ ਚਰਚਾ ਸ਼੍ਰੇਣੀ ਵਿਚ ਕਰਨਗੇ।

ਸਮਾਨਤਾ ਦਾ ਅਧਿਕਾਰ (ਆਰਟੀਕਲ 14-18) ਕਾਨੂੰਨ ਦੇ ਸਾਹਮਣੇ ਸਾਰਿਆਂ ਨਾਲ਼ ਇੱਕੋ ਜਿਹਾ ਵਿਹਾਰ (ਸਲੂਕ) ਕਰਨ ਦੀ ਵਿਵਸਥਾ ਕਰਦਾ ਹੈ। ਵੱਖ-ਵੱਖ ਆਧਾਰਾਂ 'ਤੇ ਬੇਇਨਸਾਫ਼ੀ ਕਰਨ ਤੋਂ ਰੋਕਦਾ ਹੈ, ਸਾਰਿਆਂ ਨੂੰ ਜਨਤਕ ਰੁਜ਼ਗਾਰ ਦੇ ਮਾਮਲਿਆਂ ਵਿੱਚ ਬਰਾਬਰ ਸਮਝਦਾ ਹੈ, ਅਤੇ ਅਛੂਤਤਾ ਅਤੇ ਖ਼ਿਤਾਬਾਂ ਨੂੰ ਖ਼ਤਮ ਕਰਦਾ ਹੈ (ਜਿਵੇਂ ਕਿ ਸਰ, ਖਾਨ ਬਹਾਦਰ, ਰਾਏ ਬਹਾਦਰ, ਆਦਿ)।

ਨਸਲ, ਧਰਮ, ਜਾਤ, ਜਨਮ ਸਥਾਨ ਜਾਂ ਲਿੰਗ ਦੇ ਅਧਾਰ 'ਤੇ ਕਿਸੇ ਵੀ ਨਾਗਰਿਕ ਨੂੰ ਕਿਸੇ ਵੀ ਨੁਕਸਾਨ, ਪਾਬੰਦੀ ਜਾਂ ਸ਼ਰਤ ਦੇ ਅਧੀਨ ਨਹੀਂ ਕੀਤਾ ਜਾ ਸਕਦਾ, ਸਾਰਿਆਂ ਨੂੰ ਜਨਤਕ ਥਾਵਾਂ ਜਿਵੇਂ ਕਿ ਤਲਾਵਾਂ, ਖੂਹਾਂ, ਘਾਟਾਂ ਆਦਿ ਦੀ ਮੁਫ਼ਤ ਪਹੁੰਚ ਹੈ ਜੋ ਰਾਜ ਦੁਆਰਾ ਬਣਾਈ ਜਾਂਦੀ ਹੈ ਜਾਂ ਜੋ ਆਮ ਲੋਕਾਂ ਲਈ ਹਨ। ਔਰਤਾਂ, ਬੱਚਿਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਸਕਦੇ ਹਨ ਜਿਵੇਂ ਕਿ ਕਾਲਜ ਦਾਖ਼ਲੇ ਜਾਂ ਨੌਕਰੀਆਂ ਆਦਿ ਲਈ ਕੋਟਾ।

ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ, ਸਾਨੂੰ ਸੰਵਿਧਾਨ ਦੀਆਂ ਵਿਵਸਥਾਵਾਂ, ਖ਼ਾਸ ਕਰਕੇ ਸਮਾਨਤਾ ਦੇ ਅਧਿਕਾਰ (ਆਰਟੀਕਲ 14-18) ਨੂੰ ਜਾਨਣ ਦੀ ਜ਼ਰੂਰਤ ਹੈ।

ਵਿਦਿਆਰਥੀ ਆਪਣੇ ਸਕੂਲਾਂ, ਪਰਿਵਾਰਾਂ ਅਤੇ ਭਾਈਚਾਰੇ ਨੂੰ ਨੇੜਿਓਂ ਦੇਖ ਸਕਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰਿਆਂ ਨਾਲ਼ ਇਕਸਾਰ ਵਰਤਾਓ ਕੀਤਾ ਜਾਵੇ ਨਾ ਕਿ ਘਟੀਆ। ਉਹ ਘਰਾਂ, ਕਲਾਸ ਰੂਮਾਂ ਅਤੇ ਸਕੂਲਾਂ ਵਿੱਚ ਸਮਾਨਤਾ ਦਾ ਅਭਿਆਸ ਕਰਨ ਦੇ ਤਰੀਕਿਆਂ ਬਾਰੇ ਚਰਚਾ ਕਰ ਸਕਦੇ ਹਨ।

### ਸਾਡੇ ਆਲ਼ੇ-ਦੁਆਲ਼ੇ ਸਮਾਨਤਾ ਦੇ ਅਧਿਕਾਰ ਦੀ ਸਥਿਤੀ ਬਾਰੇ ਅਧਿਐਨ :

| ਸੰਵਿਧਾਨ ਦਾ ਆਰਟੀਕਲ | ਭਾਰਤੀ ਨਾਗਰਿਕਾਂ ਲਈ ਇਸ ਦਾ ਕੀ ਅਰਥ ਹੈ ? | ਵਿਦਿਆਰਥੀ ਅਤੇ ਅਧਿਆਪਕ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ ਸਕੂਲ ਵਿੱਚ ਸਮਾਨਤਾ ਦੇ ਅਧਿਕਾਰ ਦਾ ਅਭਿਆਸ ਕੀਤਾ ਜਾ ਰਿਹਾ ਹੈ! |
|---|---|---|
| ਅਨੁਛੇਦ 14 | ਕਾਨੂੰਨ ਦੇ ਸਾਹਮਣੇ ਹਰ ਵਿਅਕਤੀ ਬਰਾਬਰ ਹੈ ਅਤੇ ਉਹ ਭਾਰਤ ਦੇ ਖੇਤਰ ਵਿੱਚ ਕਾਨੂੰਨ, ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਤਾਨ ਦੀ ਪ੍ਰਵਾਹ ਕੀਤੇ ਬਿਨਾਂ ਸਮਾਨ ਸੁਰੱਖਿਆ ਪ੍ਰਾਪਤ ਕਰ ਸਕਦਾ ਹੈ। ਜਿਵੇਂ ਕਿ ਧੱਕੇਸ਼ਾਹੀ ਖ਼ਤਮ ਕਰਨ ਦੇ ਨਿਯਮ ਹਰ ਕਿਸੇ 'ਤੇ ਲਾਗੂ ਹੁੰਦੇ ਹਨ ਕਲਾਸ ਰੂਮ ਦੇ ਨਿਯਮ ਹਰ ਕਿਸੇ ਲਈ ਹੋਣੀਆਂ ਚਾਹੀਦੀਆਂ ਹਨ। | |
| ਅਨੁਛੇਦ 15 | ਕਿਸੇ ਵੀ ਨਾਗਰਿਕ ਨਾਲ਼ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਜਾਂ ਇਹਨਾਂ ਵਿੱਚੋਂ ਕਿਸੇ ਦੇ ਆਧਾਰ 'ਤੇ ਬੇਇਨਸਾਫ਼ੀ ਨਹੀਂ ਕੀਤੀ ਜਾ ਸਕਦੀ। | |
| ਅਨੁਛੇਦ 16 | ਰਾਜ ਦੇ ਅਧੀਨ ਕਿਸੇ ਵੀ ਦਫ਼ਤਰ ਵਿੱਚ ਰੁਜ਼ਗਾਰ ਜਾਂ ਨਿਯੁਕਤੀ ਨਾਲ਼ ਜੁੜੇ ਮਾਮਲਿਆਂ ਵਿੱਚ ਸਾਰੇ ਨਾਗਰਿਕਾਂ ਲਈ ਬਰਾਬਰ ਮੌਕਾ। | |
| ਅਨੁਛੇਦ 17 | ਕੋਈ ਛੂਤ-ਛਾਤ ਨਹੀਂ। | |
| ਅਨੁਛੇਦ 18 | ਸਾਰੇ ਸਿਰਲੇਖਾਂ/ਖਿਤਾਬਾਂ ਦਾ ਖ਼ਾਤਮਾ। | |

## ਸਮਾਜਿਕ ਅਸਮਾਨਤਾਵਾਂ ਦੀਆਂ ਕਿਸਮਾਂ :

(1) **ਸੰਪਰਦਾਇਕਤਾ :** ਸਮਾਜਿਕ ਅਸਮਾਨਤਾ (ਨਾਬਰਾ-ਬਰੀ) ਦੀ ਪਹਿਲੀ ਕਿਸਮ ਸੰਪਰਦਾਇਕਤਾ ਹੈ। ਭਾਰਤ ਵਿੱਚ ਅਨੇਕ ਧਰਮ ਹਨ। ਇਹ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਕੱਟੜਤਾ ਦੇ ਕਾਰਨ ਸੰਪਰਦਾਇਕਤਾ ਸਾਡੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਦਾ ਇੱਕ ਹਿੱਸਾ ਬਣ ਚੁੱਕੀ ਹੈ। ਇਸੇ ਧਾਰਮਿਕ ਕੁੜੱਤਣ ਨੇ 1947 ਵਿੱਚ ਭਾਰਤ ਦੇ ਦੋ ਟੋਟੇ ਕੀਤੇ। ਇਸੇ ਧਾਰਮਿਕ ਕੱਟੜਤਾ ਦਾ ਨਤੀਜਾ ਮੰਦਿਰ, ਮਸਜਿਦ ਦਾ ਝਗੜਾ ਹੈ। 1984 ਵਿੱਚ ਸਿੱਖਾਂ ਨੂੰ, 1998-99 ਵਿੱਚ ਈਸਾਈ ਸਮੁਦਾਇ ਦੇ ਲੋਕਾਂ ਨੂੰ ਵੀ ਇਸੇ ਸੰਪਰਦਾਇਕਤਾ ਨੇ ਆਪਣੀ ਚਪੇਟ ਵਿੱਚ ਲੈ ਲਿਆ। ਇਹੀ ਕੁੜੱਤਣ ਭਾਰਤੀ ਰਾਜਨੀਤੀ ਵਿੱਚ ਵੀ ਹੈ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਈਆਂ ਜਾਂਦੀਆਂ ਹਨ। ਧਰਮ ਦੇ ਨਾਂ ਤੇ ਵੋਟਾਂ ਮੰਗੀਆਂ ਜਾਂਦੀਆਂ ਹਨ। ਇਸਦਾ ਸਿੱਟਾ ਭਾਰਤ ਵਿੱਚ ਫਿਰਕੂ ਫਸਾਦ ਹੋ ਰਹੇ ਹਨ।

ਭਾਰਤੀ ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਧਾਰਮਿਕ ਸੁਤੰਤਰਤਾ ਪ੍ਰਦਾਨ ਕਰਦੇ ਹਨ। ਇਸ ਅਨੁਸਾਰ ਸਾਰੇ ਧਰਮਾਂ ਨੂੰ ਬਰਾਬਰ ਸਮਝਿਆ ਗਿਆ ਹੈ। ਨਾਗਰਿਕਾਂ ਨੂੰ ਕਿਸੇ ਧਰਮ ਨੂੰ ਅਪਣਾਉਣ, ਮੰਨਣ ਅਤੇ ਪ੍ਰਚਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

### ਸੰਪਰਦਾਇਕਤਾ ਦਾ ਸਿੱਟੇ

(1) ਧਰਮ ਤੇ ਅਧਾਰਤ ਰਾਜਨੀਤਿਕ ਦਲਾਂ ਦਾ ਸੰਗਠਨ।

(2) ਧਰਮ ਦੇ ਅਧਾਰ ਉੱਤੇ ਹੋਂਦ ਵਿਚ ਆਏ ਕਈ ਦਬਾਉ ਸਮੂਹ ਵੀ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰ ਰਹੇ ਹਨ।

(3) ਭਾਰਤੀ ਜਨ-ਜੀਵਨ ਵਿੱਚ ਹਿੰਸਾ ਦੇ ਵਾਧੇ ਲਈ ਸੰਪਰਦਾਇਕਤਾ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ।

(4) ਮੰਤਰੀ ਪਰਿਸ਼ਦਾਂ ਦੇ ਨਿਰਮਾਣ ਤੇ ਧਰਮ ਦਾ ਪ੍ਰਭਾਵ।

(5) ਸੰਪਰਦਾਇਕਤਾ ਲੋਕਾਂ ਦੇ ਮਤਦਾਨ ਵਿਹਾਰ ਨੂੰ ਕਾਫ਼ੀ ਜ਼ਿਆਦਾ ਪ੍ਰਭਾਵਿਤ ਕਰ ਰਹੀ ਹੈ।

(2) **ਜਾਤੀਵਾਦ :** ਅਸਲ ਵਿੱਚ ਜਾਤੀਵਾਦ ਸਮਾਜਿਕ ਅਸਮਾਨਤਾ ਦੀ ਇੱਕ ਹੋਰ ਕਿਸਮ ਹੈ। ਇਹ ਪ੍ਰਥਾ ਸਦੀਆਂ ਪੁਰਾਣੀ ਹੈ। ਇਸਦੇ ਅਧਾਰ ਤੇ ਸਮਾਜ ਵੱਖ-ਵੱਖ ਵਰਗਾਂ ਵਿੱਚ ਵੰਡਿਆ ਹੋਇਆ ਹੈ। ਭਾਰਤ ਵਿੱਚ ਲਗਭਗ ਤਿੰਨ ਹਜ਼ਾਰ ਤੋਂ ਵੱਧ ਜਾਤੀਆਂ ਹਨ। ਰਾਜਨੀਤਿਕ ਪਾਰਟੀਆਂ ਜਾਤੀ ਅਧਾਰ ਤੇ ਚੋਣ ਲੜਦੀਆਂ ਹਨ। ਜਾਤੀ ਅਧਾਰ ਤੇ ਲੋਕਾਂ ਦੀਆਂ ਭਾਵਨਾਵਾਂ ਭੜਕਾਈਆਂ ਜਾਂਦੀਆਂ ਹਨ। ਜਾਤ ਦੇ ਅਧਾਰ ਤੇ ਵੋਟਾਂ ਮੰਗੀਆਂ ਜਾਂਦੀਆਂ ਹਨ। ਇਸੇ ਜਾਤੀ ਦੇ ਅਧਾਰ ਤੇ ਬਹੁਤ ਸਾਰੀਆਂ ਜਾਤਾਂ ਨੂੰ ਅਜੇ ਵੀ ਚੰਗਾ ਨਹੀਂ ਸਮਝਿਆ ਜਾਂਦਾ। ਪਿਛੜੇ ਇਲਾਕਿਆਂ ਵਿੱਚ ਖ਼ੂਹ, ਮੰਦਰ ਅਤੇ ਹੋਰ ਜਨਤਕ ਥਾਂਵਾਂ ਉੱਤੇ ਜਾਤ ਦੇ ਅਧਾਰ ਤੇ ਲੋਕਾਂ ਨੂੰ ਇਹਨਾਂ ਥਾਂਵਾਂ ਤੇ ਨਹੀਂ ਜਾਣ ਦਿੱਤਾ ਜਾਂਦਾ।

ਕੀ ਤੁਸੀਂ ਜਾਣਦੇ ਹੋ: ਸਾਡੇ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਦਕਰ ਵੀ ਲੰਮੇ ਸਮੇਂ ਤੱਕ ਜਾਤੀਵਾਦ ਦਾ ਸ਼ਿਕਾਰ ਰਹੇ ਸਨ ।

ਭਾਰਤ ਵਿੱਚ ਜਾਤੀਵਾਦ ਨੂੰ ਖ਼ਤਮ ਕਰਨ ਲਈ ਕਈ ਪ੍ਰਬੰਧ ਕੀਤੇ ਗਏ ਹਨ। ਜਾਤੀ ਉੱਤੇ ਅਧਾਰਤ ਵਿਤਕਰਿਆਂ ਅਤੇ ਭੇਦ-ਭਾਵ ਦੀ ਮਨਾਹੀ ਹੈ। ਸਭ ਨੂੰ ਬਰਾਬਰ ਸਮਝਿਆ ਗਿਆ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਸਮਾਨਤਾ ਦਾ ਅਧਿਕਾਰ ਦਿੱਤਾ ਗਿਆ ਹੈ।

## ਜਾਤੀਵਾਦ ਦੇ ਸਿੱਟੇ

(1) ਜਾਤੀ ਦੇ ਅਧਾਰ ਤੇ ਰਾਜਨੀਤਿਕ ਪਾਰਟੀਆਂ ਦਾ ਨਿਰਮਾਣ ਹੋ ਰਿਹਾ ਹੈ।

(2) ਚੋਣਾਂ ਸਮੇਂ ਜਾਤੀ ਦੇ ਨਾਂ ਉੱਤੇ ਵੋਟਾਂ ਮੰਗੀਆਂ ਜਾਂਦੀਆਂ ਹਨ।

(3) ਜਾਤੀ ਦੇ ਅਧਾਰ ਤੇ ਅਨੁਸੂਚਿਤ ਜਾਤੀਆਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਦੀ ਵਿਵਸਥਾ ਨੇ ਜਾਤੀਕਰਨ ਕਰ ਦਿੱਤਾ ਹੈ।

(4) ਜਾਤੀ ਦੇ ਅਧਾਰ ਉੱਤੇ ਛੂਤ-ਛਾਤ ਕੀਤੀ ਜਾਂਦੀ ਹੈ।

(5) ਜਾਤੀ ਸੰਘਰਸ਼ ਅਤੇ ਹਿੰਸਾ ਦਾ ਪ੍ਰਭਾਵ।

(6) ਜਾਤੀ ਅਧਾਰਤ ਦਬਾਉ ਸਮੂਹਾਂ ਦੀ ਹੋਂਦ।

(3) **ਛੂਤ-ਛਾਤ** : ਸੰਵਿਧਾਨ ਦੇ ਅਨੁਛੇਦ 17 ਅਧੀਨ ਛੂਤ-ਛਾਤ ਦੀ ਕਾਨੂੰਨੀ ਰੂਪ ਵਿੱਚ ਮਨਾਹੀ ਹੈ ਜਿਸ ਕਰਕੇ 1955 ਵਿੱਚੋਂ ਛੂਤ-ਛਾਤ ਵਿਰੋਧੀ ਕਾਨੂੰਨ ਪਾਸ ਕੀਤਾ ਗਿਆ । ਜਾਤੀਵਾਦ ਵਾਂਗ ਛੂਤ-ਛਾਤ ਵੀ ਪੁਰਾਣੀ ਅਣ-ਮਨੁੱਖੀ ਪ੍ਰਥਾ ਹੈ। ਇਸ ਪ੍ਰਥਾ ਦੇ ਕਾਰਨ ਹੀ ਭਾਰਤੀ ਸਮਾਜ ਦੇ ਬਹੁਤ ਵੱਡੇ ਭਾਗ ਦਾ ਸਦੀਆਂ ਤੋਂ ਸ਼ੋਸ਼ਣ ਹੁੰਦਾ ਆ ਰਿਹਾ ਹੈ। ਇਸੇ ਕਾਰਨ ਹੀ ਪਿਛੜੀਆਂ ਅਤੇ ਅਵਿਕਸਿਤ ਜਾਤੀਆਂ ਵਿੱਚ ਹੀਣਤਾ ਦੀ ਭਾਵਨਾ ਵਿੱਚ ਵਾਧਾ ਹੋਇਆ ਹੈ। ਇਸ ਪ੍ਰਥਾ ਅਨੁਸਾਰ ਬਹੁਤ ਸਾਰੀਆਂ ਜਾਤਾਂ ਉੱਤੇ ਲੋਕਾਂ ਨੂੰ ਛੂਹਣਾ ਪਾਪ ਸਮਝਿਆ ਜਾਂਦਾ ਸੀ।

ਲੋਕਤੰਤਰ ਨੂੰ ਸਹੀ ਅਰਥਾਂ ਵਿੱਚ ਸਥਾਪਤ ਕਰਨ ਹਿਤ ਸੰਵਿਧਾਨ ਵਿੱਚ ਛੂਤ-ਛਾਤ ਦੀ ਬੀਮਾਰੀ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਛੂਤ-ਛਾਤ ਨੂੰ ਕਾਨੂੰਨੀ ਅਪਰਾਧ ਘੋਸ਼ਿਤ ਕੀਤਾ ਗਿਆ ਹੈ।

## ਛੂਤ-ਛੂਤ ਦੇ ਸਿੱਟੇ

(1) ਛੂਤ-ਛਾਤ ਸਮਾਜਿਕ ਅਸਮਾਨਤਾ ਨੂੰ ਜਨਮ ਦਿੰਦੀ ਹੈ।

(2) ਛੂਤ-ਛਾਤ ਹੀਣ ਭਾਵਨਾ ਵਿੱਚ ਵਾਧਾ ਕਰਦੀ ਹੈ।

(3) ਅਜਿਹੇ ਲੋਕਾਂ ਦੀ ਘੱਟ ਸਹਿਭਾਗਤਾ (ਰਾਜਨੀਤੀ ਵਿੱਚ ਹਿੱਸਾ)।

(4) ਛੂਤ-ਛਾਤ ਹਿੰਸਾ ਨੂੰ ਜਨਮ ਦਿੰਦੀ ਹੈ।

(4) **ਅਨਪੜ੍ਹਤਾ** : ਸਮਾਜਿਕ ਅਸਮਾਨਤਾ ਦੀ ਇੱਕ ਕਿਸਮ (ਤੱਥ) ਅਨਪੜ੍ਹਤਾ ਹੈ। ਇਕ ਸਰਵੇ ਅਨੁਸਾਰ ਭਾਰਤ ਵਿੱਚ 25.96 ਪ੍ਰਤੀਸ਼ਤ ਦੇ ਲਗਪਗ ਲੋਕ ਅਨਪੜ੍ਹ ਹਨ। ਅਨਪੜ੍ਹਤਾ ਸਭ ਬੁਰਾਈਆਂ ਦੀ ਜੜ੍ਹ ਹੈ। ਇਸੇ ਬੁਰਾਈ ਕਾਰਨ ਬੇਕਾਰੀ, ਧਾਰਮਿਕ ਕੱਟੜਤਾ, ਰੂੜੀਵਾਦੀ ਅੰਧ-ਵਿਸ਼ਵਾਸ, ਹੀਣਤਾ, ਖੇਤਰਵਾਦ, ਜਾਤਵਾਦ ਆਦਿ ਦੀਆਂ ਭਾਵਨਾਵਾਂ ਉਤਪੰਨ ਹੁੰਦੀਆਂ ਹਨ। ਅਨਪੜ੍ਹ ਵਿਅਕਤੀ ਇੱਕ ਚੰਗਾ ਨਾਗਰਿਕ ਨਹੀਂ ਬਣ ਸਕਦਾ। ਸੁਆਰਥੀ ਰਾਜਨੀਤੀਵਾਨ ਅਨਪੜ੍ਹ ਵਿਅਕਤੀਆਂ ਨੂੰ ਹਮੇਸ਼ਾ ਗੁਮਰਾਹ ਕਰਦੇ ਹਨ।

ਸਰਕਾਰ ਨੇ ਬਹੁਤ ਵੱਡੇ ਪੱਧਰ 'ਤੇ ਅਨਪੜ੍ਹਤਾ ਨੂੰ ਰੋਕਣ ਲਈ ਉਪਰਾਲੇ ਕੀਤੇ ਹਨ। ਸਰਵ ਸਿੱਖਿਆ ਅਭਿਆਨ ਚਲਾਇਆ ਜਾ ਰਿਹਾ ਹੈ। ਅੱਠਵੀਂ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਜ਼ਰੂਰੀ ਕੀਤੀ ਹੈ। ਸਿੱਖਿਆ ਸੰਸਥਾਵਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ ਹੈ। ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

## ਅਨਪੜ੍ਹਤਾ ਦਾ ਸਿੱਟੇ

(1) ਅਨਪੜ੍ਹਤਾ ਸਾਰੀਆਂ ਸਮਾਜਿਕ ਅਸਮਾਨਤਾਵਾਂ ਦੀ ਜੜ੍ਹ ਹੈ।

(2) ਲੋਕਤੰਤਰ ਦੀ ਸਫ਼ਲਤਾ ਦੇ ਰਸਤੇ ਵਿੱਚ ਰੁਕਾਵਟ ਹੈ।

(3) ਅਨਪੜ੍ਹਤਾ ਲੋਕ-ਮਤ ਦੇ ਨਿਰਮਾਣ ਵਿੱਚ ਰੁਕਾਵਟ ਹੈ।

(4) ਅਨਪੜ੍ਹ ਵਿਅਕਤੀ ਧਰਮ, ਨਸਲ, ਜਾਤੀ ਦੇ ਅਧਾਰ ਤੇ ਗੁਮਰਾਹ ਹੋ ਜਾਂਦੇ ਹਨ।

(5) ਅਨਪੜ੍ਹ ਵਿਅਕਤੀ ਆਪਣੇ ਮੁੱਢਲੇ-ਅਧਿਕਾਰ ਦੀ ਉਚਿਤ ਵਰਤੋਂ ਨਹੀਂ ਕਰਦੇ।

(6) ਅਨਪੜ੍ਹਤਾ ਸਮਾਜ ਲਈ ਲਾਹਨਤ ਹੈ।

ਅਨਪੜ੍ਹਤਾ ਅਤੇ ਗਰੀਬੀ ਕਾਰਨ ਹੀ ਭਾਰਤ ਦਾ ਲੋਕਤੰਤਰ ਓਨੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ ਹੈ ਜਿੰਨੀ ਸਫ਼ਲਤਾ ਪੱਛਮੀ ਲੋਕਤੰਤਰ ਨੇ ਪ੍ਰਾਪਤ ਕੀਤੀ ਹੈ।

(5) **ਭਾਸ਼ਾਵਾਦ :** ਭਾਰਤ ਵਿੱਚ ਸੈਂਕੜੇ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਭਾਸ਼ਾ ਦੇ ਅਧਾਰ ਤੇ ਵੀ ਲੋਕ ਵੰਡੇ ਜਾਂਦੇ ਹਨ ਤੇ ਦੂਜਿਆਂ ਭਾਸ਼ਾਵਾਂ ਨੂੰ ਆਪਣੀ ਭਾਸ਼ਾ ਦੇ ਮੁਕਾਬਲੇ ਚੰਗਾ ਨਹੀਂ ਸਮਝਦੇ। ਭਾਰਤੀ ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਰਾਸ਼ਟਰੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਹੈ। ਹਿੰਦੀ ਨੂੰ ਰਾਸ਼ਟਰੀ ਭਾਸ਼ਾ ਦੇ ਨਾਲ-ਨਾਲ ਲਿੰਕ ਭਾਸ਼ਾ ਵੀ ਮੰਨਿਆ ਗਿਆ ਹੈ। ਭਾਸ਼ਾਵਾਂ ਦੇ ਅਧਾਰ 'ਤੇ ਹੀ ਰਾਜਾਂ ਦਾ ਗਠਨ ਕੀਤਾ ਗਿਆ ਹੈ। ਪਰ ਅੱਜ ਵੀ ਕਈ ਭਾਗਾਂ ਵਿੱਚ ਵੱਖ-ਵੱਖ ਭਾਸ਼ਾ ਦੇ ਅਧਾਰ 'ਤੇ ਆਪਣੀ ਪਛਾਣ ਵੀ ਮੰਗ ਕੀਤੀ ਜਾ ਰਹੀ ਹੈ। ਭਾਸ਼ਾ ਦੇ ਅਧਾਰ ਤੇ ਲੋਕਾਂ ਵਿੱਚ ਵਰਗ ਬਣੇ ਹਨ। ਲੋਕ ਰਾਸ਼ਟਰੀ ਹਿੱਤਾਂ ਦੇ ਮੁਕਾਬਲੇ ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਪਹਿਲ ਦਿੰਦੇ ਹਨ।

ਸੰਵਿਧਾਨ ਨੇ ਸਾਰੀਆਂ ਭਾਸ਼ਾਵਾਂ ਨੂੰ ਬਰਾਬਰ ਮਾਨਤਾ ਦਿੱਤੀ ਹੈ। ਭਾਵੇਂ 22 ਭਾਸ਼ਾਵਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਹਿੰਦੀ ਨੂੰ ਲਿੰਕ ਭਾਸ਼ਾ ਦਾ ਦਰਜਾ ਵੀ ਦਿੱਤਾ ਹੈ ਕਿਉਂਕਿ ਕਈ ਰਾਜਾਂ ਵਿੱਚ ਬੋਲੀ ਤੇ ਪੜ੍ਹਾਈ ਜਾਂਦੀ ਹੈ। ਹਰ ਰਾਜ ਦੇ ਲੋਕਾਂ ਦੀ ਮਾਂ ਬੋਲੀ ਨੂੰ ਮਾਨਤਾ ਦਿੱਤੀ ਹੈ।

## ਭਾਸ਼ਾਵਾਦ ਦੇ ਸਿੱਟੇ

(1) ਭਾਸ਼ਾ ਦੇ ਅਧਾਰ 'ਤੇ ਨਵੀਂ ਸਿਆਸੀ ਪਛਾਣ ਦੀ ਮੰਗ ਦਿਨ-ਪ੍ਰਤੀ-ਦਿਨ ਵੱਧ ਰਹੀ ਹੈ।

(2) ਭਾਸ਼ਾ 'ਤੇ ਅਧਾਰਤ ਰਾਜਨੀਤਿਕ ਦਲ ਬਣ ਰਹੇ ਹਨ।

(3) ਭਾਸ਼ਾ ਦੇ ਅਧਾਰ 'ਤੇ ਅੰਦੋਲਨ ਵੱਧ ਰਹੇ ਹਨ।

(4) ਭਾਸ਼ਾ ਦੇ ਅਧਾਰ 'ਤੇ ਲੋਕਾਂ ਵਿੱਚ ਵਿਤਕਰੇ ਅਤੇ ਹਿੰਸਾ ਦੀ ਭਾਵਨਾ ਉਤਪੰਨ ਹੋ ਰਹੀ ਹੈ।

(5) ਭਾਸ਼ਾਵਾਦ ਮਤਦਾਨ ਨੂੰ ਪ੍ਰਭਾਵਿਤ ਕਰਦਾ ਹੈ।

(5) **ਰਾਖਵਾਂਕਰਨ :** ਸਦੀਆਂ ਤੋਂ ਗ਼ੁਲਾਮ ਪਛੜੀਆਂ ਜਾਤੀਆਂ ਲਈ ਭਾਰਤੀ ਸੰਵਿਧਾਨ ਅਨੁਸਾਰ ਰਾਖਵਾਂਕਰਨ ਦੀ ਵਿਵਸਥਾ ਕੀਤੀ ਗਈ ਹੈ। ਇਹ ਰਾਖਵਾਂਕਰਨ ਉਹਨਾਂ ਜਾਤੀਆਂ ਲਈ ਸੀ ਜਿਹੜੇ ਸਦੀਆਂ ਤੋਂ ਅਮਾਨਵੀ ਜੀਵਨ ਬਤੀਤ ਕਰ ਰਹੇ ਸਨ। ਸਦੀਆਂ ਤੋਂ ਇਹ ਵਰਗ ਸ਼ੋਸ਼ਣ ਦਾ ਸ਼ਿਕਾਰ ਸੀ। ਅਜਿਹੀਆਂ ਜਾਤਾਂ ਨੂੰ ਅਤੇ ਲਿਤਾੜੇ ਵਰਗ ਨੂੰ ਦਲਿਤ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਦਲਿਤ ਸ਼ਬਦ ਦੀ ਜੜ੍ਹ ਹੀਬਰੂ (Hebrew) ਭਾਸ਼ਾ ਦੇ ਸ਼ਬਦ ਦਲ (Dal) ਵਿੱਚ ਹੈ ਜਿਸਦਾ ਅਰਥ ਹੈ ਪੈਰਾਂ ਹੇਠ ਕੁਚਲਿਆ ਹੋਇਆ। ਦਲਿਤ ਸ਼ਬਦ ਦਾ ਪ੍ਰਯੋਗ 'ਹੀਣ ਜਾਤੀ' ਜਾਂ ਉੱਚੀ ਜਾਤੀ ਦੇ ਪੈਰਾਂ ਹੇਠ ਦਲਿਆ ਗਿਆ ਹੈ।

ਅੱਜਕਲ੍ਹ ਇਨ੍ਹਾਂ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਦਾ ਨਾਂ ਦਿੱਤਾ ਗਿਆ ਹੈ। ਮੰਡਲ ਕਮਿਸ਼ਨ ਨੇ 3743 ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਦੀ ਪਹਿਚਾਣ ਕੀਤੀ ਸੀ।

ਸੰਵਿਧਾਨ ਦੀ ਧਾਰਾ 330 ਅਤੇ 332 ਅਧੀਨ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਇਹਨਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਵਿਵਸਥਾ ਹੈ। ਆਰੰਭ ਵਿੱਚ ਇਹ ਵਿਵਸਥਾ 10 ਸਾਲ ਲਈ ਸੀ ਪਰੰਤੂ ਸਮੇਂ-ਸਮੇਂ ਸੰਵਿਧਾਨ ਵਿੱਚ ਕੀਤੀਆਂ ਸੋਧਾਂ ਅਨੁਸਾਰ ਇਹ ਵਿਵਸਥਾ 2010 ਤੋਂ ਬਾਅਦ ਵੀ ਜਾਰੀ ਹੈ । ਇਸੇ ਤਰ੍ਹਾਂ 73ਵੀਂ, 74ਵੀਂ ਸੋਧ ਅਨੁਸਾਰ ਹੁਣ ਪੇਂਡੂ ਅਤੇ ਸ਼ਹਿਰੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਵੀ ਅਜਾਤੀ, ਪਛੜੀ ਸ਼੍ਰੇਣੀਆਂ ਅਤੇ ਇਸਤਰੀਆਂ ਲਈ ਵੀ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। ਸਰਕਾਰੀ ਨੌਕਰੀਆਂ ਵਿੱਚ ਵੀ ਇਹਨਾਂ ਜਾਤੀਆਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। 1979 ਵਿੱਚ ਕਾਇਮ ਕੀਤੇ ਮੰਡਲ ਕਮਿਸ਼ਨ ਦੁਆਰਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਤੋਂ ਇਲਾਵਾ ਦੂਜੀਆਂ ਪਛੜੀਆਂ ਸ਼੍ਰੇਣੀਆਂ ਲਈ ਉਹਨਾਂ ਦੀ ਜਨਸੰਖਿਆ ਅਨੁਸਾਰ ਸੀਟਾਂ ਰਾਖਵੀਆਂ ਰੱਖੇ ਜਾਣ ਦਾ ਸੁਝਾਅ ਦਿੱਤਾ ਗਿਆ ਸੀ।

ਸਮੇਂ-ਸਮੇਂ ਇਸਤਰੀਆਂ ਲਈ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਸੀਟਾਂ ਰਾਖਵੀਆਂ ਰੱਖੇ ਜਾਣ ਦੀ ਮੰਗ ਹੁੰਦੀ ਰਹੀ ਹੈ। ਇਸਤਰੀਆਂ ਲਈ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਵਿੱਚ 33% ਸੀਟਾਂ ਦਾ ਰਾਖਵਾਂਕਰਨ ਸੰਬੰਧੀ ਕਾਨੂੰਨ ਬਣਾਉਣਾ ਸੰਸਦ ਦੇ ਵਿਚਾਰ ਅਧੀਨ ਹੈ । ਅੱਜ ਜਾਤੀ ਦੀ ਰਾਜਨੀਤੀ ਭਾਰਤ ਵਿੱਚ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਰਹੀ ਹੈ। **ਸ੍ਰੀ ਜੈ ਪ੍ਰਕਾਸ਼ ਨਰਾਇਣ ਅਨੁਸਾਰ 'ਭਾਰਤ ਵਿੱਚ ਜਾਤੀ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਦਲ' ਹੈ।**

ਸਦੀਆਂ ਤੋਂ ਸਮਾਜ ਵਿੱਚ ਇਕ ਹੋਰ ਘਿਨਾਉਣੀ ਬੁਰਾਈ ਸੀ। ਦਲਿਤ ਜਾਤੀ ਦੇ ਕੁੱਝ ਲੋਕ ਉੱਚ ਜਾਤੀ ਦੇ ਲੋਕਾਂ ਦਾ ਮਲ-ਮੂਤਰ ਹੱਥਾਂ ਨਾਲ਼ ਸਾਫ਼ ਕਰਦੇ ਸਨ ਅਤੇ ਫਿਰ ਸਿਰ ਤੇ ਚੁੱਕ ਕੇ ਬਾਹਰ ਸੁੱਟਦੇ ਸਨ। ਇਹ ਬੁਰਾਈ ਸਦੀਆਂ ਤੋਂ ਚਲੀ ਆ ਰਹੀ ਸੀ। ਮੈਲਾ ਢੋਣ ਵਾਲਿਆਂ ਨੂੰ ਅਛੂਤ ਮੰਨਿਆ ਜਾਂਦਾ ਸੀ ਅਤੇ ਹਰ ਕੋਈ ਨਫ਼ਰਤ ਕਰਦਾ ਸੀ। ਸਮੇਂ ਦੇ ਪਰਿਵਰਤਨ ਨਾਲ਼ ਇਸ ਬੁਰਾਈ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਸੀ। ਸਮੇਂ-ਸਮੇਂ ਤੇ ਸਰਕਾਰਾਂ ਇਸ ਨੂੰ ਬੰਦ ਕਰਨ ਦੇ ਪੱਖ ਵਿੱਚ ਸਨ। ਹੁਣ ਕਾਨੂੰਨ ਦੇ ਅਨੁਸਾਰ ਸਿਰ ਤੇ ਮੈਲਾ ਢੋਣ ਦੀ ਪ੍ਰਥਾ ਬੰਦ ਕਰ ਦਿੱਤੀ ਗਈ ਹੈ। ਇਸ ਦੇ ਵਿਰੁੱਧ ਸਜ਼ਾ ਦਾ ਕਾਨੂੰਨ ਬਣਾ ਦਿੱਤਾ ਹੈ।

## ਯਾਦ ਰੱਖਣ ਯੋਗ ਨੁਕਤੇ
## (POINTS TO REMEMBER)

1. ਸਮਾਜਿਕ ਅਸਮਾਨਤਾਵਾਂ ਲੋਕਤੰਤਰੀ ਸਰਕਾਰ ਦੀਆਂ ਸਫ਼ਲਤਾਵਾਂ ਤੇ ਭੈੜਾ ਅਸਰ ਪਾ ਰਹੀਆਂ ਹਨ।
2. ਸੰਪਰਦਾਇਕ ਅਸਮਾਨਤਾ ਦੇ ਕਾਰਨ ਹੀ 1947 ਨੂੰ ਭਾਰਤ ਦੇ ਦੋ ਹਿੱਸੇ ਹੋ ਗਏ ਭਾਵ ਪਾਕਿਸਤਾਨ ਤੇ ਭਾਰਤ।
3. ਭਾਰਤੀ ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਸਮਾਨਤਾ ਦੇ ਅਧਿਕਾਰ ਦਾ ਵਰਨਣ ਕੀਤਾ ਗਿਆ ਹੈ।
4. ਛੂਤ-ਛਾਤ ਇੱਕ ਗ਼ੈਰਮਨੁੱਖੀ ਪ੍ਰਥਾ ਹੈ।
5. ਸਰਕਾਰ ਸਰਵ ਸਿੱਖਿਆ ਅਭਿਆਨ ਅਧੀਨ ਅਨਪੜ੍ਹਤਾ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

6. ਲੋਕਤੰਤਰੀ ਸਰਕਾਰ ਪੜ੍ਹਿਆਂ-ਲਿਖਿਆਂ ਦੀ ਸਰਕਾਰ ਹੋਣੀ ਚਾਹੀਦੀ ਹੈ।

7. ਭਾਰਤੀ ਸੰਵਿਧਾਨ ਵਿੱਚ 22 ਭਾਸ਼ਾਵਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ।

8. ਹਿੰਦੀ ਨੂੰ ਹੋਰ ਭਾਸ਼ਾਵਾਂ ਦੇ ਨਾਲ਼-ਨਾਲ਼ ਸਾਡੀ ਰਾਸ਼ਟਰੀ ਭਾਸ਼ਾ ਹੋਣ ਦਾ ਮਾਣ ਵੀ ਪ੍ਰਾਪਤ ਹੈ। ਇਹ ਉੱਤਰੀ ਅਤੇ ਮੱਧ ਭਾਰਤ ਦੀ ਲਿੰਕ ਭਾਸ਼ਾ ਵੀ ਹੈ।

9. ਮੰਡਲ ਕਮਿਸ਼ਨ ਨੇ 3743 ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਦੀ ਪਹਿਚਾਣ ਕੀਤੀ ਸੀ।

10. ਸ਼ਹਿਰੀ ਤੇ ਪੇਂਡੂ ਖੇਤਰ ਦੀਆਂ ਸੰਸਥਾਵਾਂ ਵਿੱਚ ਅਨੁਸੂਚਿਤ ਜਾਤੀਆਂ, ਜਨਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਲਈ ਸਥਾਨ ਰਾਖਵੇਂ ਰੱਖੇ ਜਾਂਦੇ ਹਨ।

## ਅਭਿਆਸ

### 1. ਖਾਲੀ ਥਾਵਾਂ ਭਰੋ —

1. ਸਮਾਜਿਕ ਰਾਜਨੀਤਿਕ ਤੇ ਆਰਥਿਕ ਨਿਆਂ ਦੇਣ ਦਾ ਵਾਅਦਾ .......... ਵਿੱਚ ਕੀਤਾ ਗਿਆ ਹੈ ।
2. ਭਾਰਤੀ ਸੰਵਿਧਾਨ ਦੇ ਅਨੁਛੇਦ .................. ਤੱਕ .............. ਸੁਤੰਤਰਤਾ ਦਿੱਤੀ ਗਈ ਹੈ ।
3. ਭਾਰਤ ਵਿੱਚ ਲਗਭਗ .............. ਤੋਂ ਵੱਧ ਜਾਤੀਆਂ ਹਨ ।
4. ਸੰਨ 1984 ਦਿੱਲੀ 'ਚ .............. ਦਾ ਕਤਲੇਆਮ ਹੋਇਆ ।
5. ਭਾਰਤੀ ਸੰਵਿਧਾਨ ਨੇ .............. ਭਾਸ਼ਾਵਾਂ ਨੂੰ ਮਾਨਤਾ ਦਿੱਤੀ ਹੈ ।
6. ਮੰਡਲ ਕਮਿਸ਼ਨ ਦੀ ਸਥਾਪਨਾ .............. ਵਿੱਚ ਕੀਤੀ ਗਈ ।
7. ਮੰਡਲ ਕਮਿਸ਼ਨ ਨੇ ਭਾਰਤ 'ਚ ................ ਅਨੁਸੂਚਿਤ ਜਾਤੀਆਂ-ਜਨਜਾਤੀਆਂ ਦੀ ਪਛਾਣ ਕੀਤੀ ਹੈ ।

### 2. ਹੇਠ ਲਿਖੇ ਵਾਕਾਂ ਤੇ ਸਹੀ (√) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ—

1. ਸਮਾਜਿਕ ਅਸਮਾਨਤਾਵਾਂ ਲੋਕਤੰਤਰੀ ਸਰਕਾਰ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਹਨ। ☐
2. ਭਾਰਤ ਵਿੱਚ ਅੱਜ 54% ਲੋਕ ਅਨਪੜ੍ਹ ਹਨ । ☐
3. ਹਿੰਦੀ ਭਾਰਤ ਦੀ ਇਕੋ-ਇੱਕ ਰਾਸ਼ਟਰੀ ਭਾਸ਼ਾ ਹੈ । ☐
4. ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ ਰਾਖਵਾਂ ਕਰਨ ਅੱਜ ਵੀ ਲਾਗੂ ਹੈ । ☐
5. 73ਵੀਂ ਤੋਂ 74ਵੀਂ ਸੋਧ ਪੇਂਡੂ ਤੇ ਸ਼ਹਿਰੀ ਸਥਾਨਕ ਸਵੈ-ਸ਼ਾਸਨ ਦਾ ਪ੍ਰਬੰਧ ਕਰਦੀ ਹੈ । ☐
6. ਅੱਜ ਭਾਰਤੀ ਸਮਾਜ 'ਚੋਂ ਸਮਾਜਿਕ ਅਸਮਾਨਤਾਵਾਂ ਖ਼ਤਮ ਹੋ ਗਈਆਂ ਹਨ। ☐

### 3. ਬਹੁਤੇ ਉੱਤਰਾਂ ਵਾਲੇ ਪ੍ਰਸ਼ਨ —

1. **"ਭਾਰਤ ਵਿੱਚ ਜਾਤੀ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਦਲ ਹੈ।" ਇਸ ਸ਼ਬਦ ਕਿਸਨੇ ਕਹੇ ?**

   (ੳ) ਮਹਾਤਮਾ ਗਾਂਧੀ (ਅ) ਪੰਡਿਤ ਜਵਾਹਰਲਾਲ ਨਹਿਰੂ

   (ੲ) ਸ਼੍ਰੀ ਜੈ ਪ੍ਰਕਾਸ਼ ਨਰਾਇਣ (ਸ) ਡਾ. ਬੀ. ਆਰ. ਅੰਬੇਦਕਰ

2. **ਭਾਰਤੀਆਂ ਨੂੰ ਸਮਾਜਿਕ ਨਿਆਂ ਦੇਣ ਦੇ ਉਦੇਸ਼ ਨਾਲ ਸੰਵਿਧਾਨ 'ਚ ਕਿਹੜਾ ਮੌਲਿਕ ਅਧਿਕਾਰ ਦਰਜ਼ ਕੀਤਾ ਗਿਆ ?**

   (ੳ) ਸੁਤੰਤਰਤਾ ਦਾ ਅਧਿਕਾਰ (ਅ) ਸ਼ੋਸ਼ਣ ਵਿਰੁੱਧ ਅਧਿਕਾਰ

   (ੲ) ਸਮਾਨਤਾ ਦਾ ਅਧਿਕਾਰ (ਸ) ਇਨ੍ਹਾਂ 'ਚੋਂ ਕੋਈ ਨਹੀਂ ।

3. **ਪੜ੍ਹੋ ਸਾਰੇ ਵਧੋ ਸਾਰੇ ਕਿਸ ਦਾ ਮਾਟੋ (ਲੋਗੋ) ਹੈ ?**

   (ੳ) ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਅ) ਸਰਵ ਸਿੱਖਿਆ ਅਭਿਆਨ

   (ੲ) ਰਾਸ਼ਟਰੀ ਸਾਖਰਤਾ ਮਿਸ਼ਨ (ਸ) ਪੰਜਾਬ ਸਕੂਲ ਸਿੱਖਿਆ ਬੋਰਡ

4. **ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ ਕਿਨ੍ਹਾਂ ਲਈ ਲਾਗੂ ਹੈ ?**

   (ੳ) ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ

   (ਅ) ਕੇਵਲ ਪੱਛੜੀਆਂ ਸ਼੍ਰੇਣੀਆਂ ਲਈ

   (ੲ) ਕੇਵਲ ਗਰੀਬ ਲੋਕਾਂ ਲਈ

   (ਸ) ਅਨੁਸੂਚਿਤ ਜਾਤੀਆਂ-ਜਨਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ।

   SCs STs and OBCs

### 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ—

1. ਸਮਾਜਿਕ ਅਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ ?
2. ਜਾਤੀਵਾਦ ਤੇ ਛੂਤ-ਛਾਤ ਤੋਂ ਭਾਵ ਹੈ ?
3. ਅਨਪੜ੍ਹਤਾ ਕਿਸਨੂੰ ਕਹਿੰਦੇ ਹਨ ?
4. ਭਾਸ਼ਾਵਾਦ ਤੋਂ ਕੀ ਭਾਵ ਹੈ ?
5. ਰਾਖਵੇਂਕਰਨ ਦਾ ਕੀ ਅਰਥ ਹੈ ?
6. ਕੀ ਮੈਲਾ ਢੋਣ ਦੀ ਪ੍ਰਥਾ ਬੰਦ ਹੋ ਗਈ ਹੈ ?
7. ਅਨਪੜ੍ਹਤਾ ਦਾ ਲੋਕਤੰਤਰ ਤੇ ਕੀ ਪ੍ਰਭਾਵ ਪੈਂਦਾ ਹੈ ?

**5.ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਸੰਪਰਦਾਇਕਤਾਵਾਦ (ਸੰਪਰਦਾਇਕ ਅਸਮਾਨਤਾ) ਦੇ ਪ੍ਰਭਾਵਾਂ ਦਾ ਵਰਨਣ ਕਰੋ।
2. ਸਰਵ-ਸਿੱਖਿਆ ਅਭਿਆਨ ਤੇ ਇਕ ਨੋਟ ਲਿਖੋ ।
3. ਸੀਮਾਂਤ ਗਰੁੱਪ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ ? ਇਸਦੀਆਂ ਕਿਸਮਾਂ ਲਿਖੋ ।
4. ਜਾਤੀਵਾਦ ਦਾ ਭਾਰਤੀ ਲੋਕਤੰਤਰ ਤੇ ਪ੍ਰਭਾਵ ਲਿਖੋ ।
5. ਰਾਖਵਾਂਕਰਨ ਕੀ ਹੈ ? ਰਾਖਵੇਂਕਰਨ ਦੀ ਲੋੜ ਕਿਉਂ ਹੈ ?

## ਕੁਝ ਕਰਨ ਲਈ

ਆਪਣੀ ਜਮਾਤ ਵਿੱਚ ਛੂਤ-ਛਾਤ, ਸੰਪਰਦਾਇਕਤਾ ਅਤੇ ਅਨਪੜ੍ਹਤਾ ਆਦਿ ਬਾਰੇ ਸਾਥੀਆਂ ਨਾਲ਼ ਵਿਸਥਾਰ ਨਾਲ਼ ਚਰਚਾ ਕਰੋ। ਇਹਨਾਂ ਬੁਰਾਈਆਂ ਨੂੰ ਦੂਰ ਕਰਨ ਬਾਰੇ ਵੀ ਆਪਣੇ ਸੁਝਾਅ ਦਿਓ।



# ਪਾਠ 28 ਬੈਂਕਾਂ ਦੀਆਂ ਗਤੀਵਿਧੀਆਂ ਨਾਲ਼ ਹੋਰ ਜਾਣ-ਪਛਾਣ

## ਬੈਂਕ ਕੀ ਹੈ ?

ਬੈਂਕ ਉਹ ਸੰਸਥਾ ਹੁੰਦੀ ਹੈ ਜਿੱਥੇ ਖਾਤਾਧਾਰਕ ਆਪਣੇ ਪੈਸੇ ਜਮ੍ਹਾਂ ਕਰਵਾ ਸਕਦਾ ਹੈ ਅਤੇ ਉੱਥੋਂ ਵਿਆਜ ਅਦਾ ਕਰਨ ਦੀ ਸ਼ਰਤ 'ਤੇ ਕਰਜ਼ਾ ਵੀ ਲੈ ਸਕਦਾ ਹੈ। ਹੁਣ ਤੁਸੀਂ, ਭਾਰਤ ਵਿੱਚ ਸਥਾਪਤ ਕੁਝ ਬੈਂਕਾਂ ਦੇ ਨਾਮ ਲਿਖੋ।

## ਜਮ੍ਹਾਂ ਰਾਸ਼ੀ (ਡਿਪੌਜ਼ਿਟ)-

ਬੈਂਕ, ਲੋਕਾਂ ਤੋਂ ਜੋ ਪੈਸੇ ਜਮ੍ਹਾਂ ਕਰਵਾਉਂਦਾ ਹੈ ਉਸਨੂੰ ਜਮ੍ਹਾਂ ਰਾਸ਼ੀ ਜਾਂ ਡਿਪੌਜ਼ਿਟ ਕਿਹਾ ਜਾਂਦਾ ਹੈ। ਕੋਈ ਵੀ ਖਾਤਾਧਾਰਕ ਕਿਉਂਕਿ ਬੈਂਕ ਵਿੱਚ ਪੈਸੇ ਜਮ੍ਹਾਂ ਕਰਵਾਉਂਦਾ ਹੈ ਇਸ ਲਈ ਬੈਂਕ ਵੀ ਵਿਆਜ ਅਦਾ ਕਰਨ ਦੇ ਰੂਪ ਵਿੱਚ ਖਾਤਾਧਾਰਕ ਨੂੰ ਕੁਝ ਲਾਭ ਦਿੰਦਾ ਹੈ।

## ਲੋਨ ਜਾਂ ਕਰਜ਼ਾ-

ਜਦੋਂ ਕੋਈ ਬੈਂਕ ਲੋਕਾਂ ਨੂੰ ਵੱਖ-ਵੱਖ ਉਦੇਸ਼ਾਂ (ਮਕਸਦਾਂ) ਲਈ ਪੈਸੇ ਦਿੰਦਾ ਹੈ ਜਿਵੇਂ ਕਿ ਮਕਾਨ ਖਰੀਦਣਾ, ਕਾਰ ਖਰੀਦਣਾ ਜਾਂ ਕੋਈ ਕਾਰੋਬਾਰ ਸ਼ੁਰੂ ਕਰਨਾ ਆਦਿ ਤਾਂ ਇਸ ਪੈਸੇ ਨੂੰ ਕਰਜ਼ਾ ਕਿਹਾ ਜਾਂਦਾ ਹੈ ਬੈਂਕ ਇਸ ਕਰਜ਼ੇ 'ਤੇ ਵਿਆਜ ਵਸੂਲਦਾ ਹੈ।

## ਕ੍ਰੈਡਿਟ (ਉਧਾਰ) ਕਾਰਡ-

ਬੈਂਕ ਜਾ ਕਿਸੇ ਹੋਰ ਵਿੱਤੀ ਸੰਸਥਾ ਦੁਆਰਾ ਜਾਰੀ ਕੀਤਾ ਗਿਆ ਕਾਰਡ, ਜੋ ਕਿ ਗਾਹਕ ਜਾਂ ਕਾਰਡ ਧਾਰਕ ਨੂੰ ਮੌਕੇ 'ਤੇ ਨਕਦ ਭੁਗਤਾਨ ਕੀਤੇ ਬਿਨਾਂ ਚੀਜ਼ਾਂ ਅਤੇ ਸੇਵਾਵਾਂ ਖਰੀਦਣ ਦਾ ਮੌਕਾ ਦਿੰਦੇ ਹਨ। ਇਹ ਥੋੜ੍ਹੇ ਸਮੇਂ ਲਈ ਉਧਾਰ ਲੈਣ ਦਾ ਇੱਕ ਢੰਗ ਹੈ ਜਿਸ ਵਿੱਚ ਕਾਰਡ ਧਾਰਕ ਉਧਾਰ ਵਰਤੀ ਰਕਮ ਦਾ ਭੁਗਤਾਨ 30 ਜਾਂ 50 ਦਿਨਾਂ ਦੇ ਅੰਦਰ-ਅੰਦਰ ਕਰਨ ਦਾ ਵਾਅਦਾ ਕਰਦਾ ਹੈ ਅਤੇ ਜੇਕਰ ਕਾਰਡ ਧਾਰਕ ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਕਰਨ ਵਿੱਚ ਅਸਫ਼ਲ ਹੋ ਜਾਂਦਾ ਹੈ ਤਾਂ ਕਾਰਡ ਜਾਰੀ ਕਰਤਾ ਵਿਆਜ ਵਸੂਲਦਾ ਹੈ।

## ਡੈਬਿਟ (ਅਦਾਇਗੀ) ਕਾਰਡ-

ਬੈਂਕ ਵੱਲੋਂ ਜਾਰੀ ਉਹ ਇਲੈਕਟ੍ਰਾਨਿਕ ਕਾਰਡ ਜੋ ਖਾਤੇ ਧਾਰਕਾਂ ਨੂੰ ਨਕਦ ਪੈਸੇ ਕਢਵਾਉਣ ਜਾਂ ਚੀਜ਼ਾਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਲਈ ਉਸਦੇ ਖਾਤੇ ਇਲੈਕਟ੍ਰਾਨਿਕ ਤਰੀਕੇ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ। ਡੈਬਿਟ ਕਾਰਡ ਧਾਰਕ ਨੂੰ ਬੈਂਕ ਸ਼ਾਖਾ ਵਿੱਚ ਜਾਣ ਦੀ ਲੋੜ ਨਹੀਂ ਰਹਿੰਦੀ ਤੇ ਉਸਨੇ ਸਿਰਫ਼ ਇੱਕ ATM ਤੱਕ ਜਾਣਾ ਹੁੰਦਾ ਹੈ। ਵਪਾਰੀ ਨੂੰ ਜਾਂ ਕਿਸੇ ਨੂੰ ਵੀ ਇਲੈਕਟ੍ਰਾਨਿਕ ਤਰੀਕੇ ਨਾਲ਼ ਭੁਗਤਾਨ ਵੀ ਕਾਰਡ ਰਾਹੀਂ ਕਰ ਸਕਦੇ ਹਨ। ਇਸ ਕਿਸਮ ਦਾ ਕਾਰਡ, ਭੁਗਤਾਨ ਦੇ ਇੱਕ ਰੂਪ ਵਜੋਂ, ਚੈੱਕਾਂ ਦੀ ਜ਼ਰੂਰਤ ਨੂੰ ਵੀ ਦੂਰ ਕਰਦਾ ਹੈ, ਕਿਉਂਕਿ ਡੈਬਿਟ ਕਾਰਡ ਗਾਹਕ ਦੇ ਖਾਤੇ ਤੋਂ ਵਪਾਰੀ ਦੇ ਖਾਤੇ ਵਿੱਚ ਤੁਰੰਤ ਪੈਸੇ ਟਰਾਂਸਫਰ ਕਰਵਾਉਣ ਦੀ ਸਹੂਲਤ ਵੀ ਦਿੰਦਾ ਹੈ।

## ਆਟੋਮੇਟਿਡ ਟੈਲਰ ਮਸ਼ੀਨ (ਏ.ਟੀ.ਐੱਮ.)-

ਏ.ਟੀ.ਐੱਮ ਉਹ ਇਲੈਕਟ੍ਰਾਨਿਕ ਮਸ਼ੀਨਾਂ ਹੁੰਦੀਆਂ ਹਨ ਜੋ ਗਾਹਕ ਦੁਆਰਾ ਵੱਖ-ਵੱਖ ਬੈਂਕਿੰਗ ਸੇਵਾਵਾਂ ਜਿਵੇਂ ਕਿ ਨਕਦ ਪੈਸੇ ਕਢਵਾਉਣ, ਖਾਤੇ ਦਾ ਬਕਾਇਆ ਚੈੱਕ ਕਰਨ, ਬਿੱਲ ਦਾ ਭੁਗਤਾਨ, ਫੰਡਾਂ ਦਾ ਤਬਾਦਲਾ ਆਦਿ ਸਹੂਲਤਾਂ ਦੇਣ ਲਈ ਸਥਾਪਤ ਕੀਤੀਆਂ ਜਾਂਦੀਆਂ ਹਨ। ਏ.ਟੀ.ਐੱਮ., 24 ਘੰਟੇ ਸੇਵਾਵਾਂ ਪ੍ਰਦਾਨ ਕਰਦੇ ਹਨ। ਗਾਹਕ, ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਇੱਕ ਨਿਸਚਿਤ ਹੱਦ ਤੱਕ ਨਕਦ ਪੈਸੇ ਕੱਢਵਾ ਸਕਦਾ ਹੈ। ਏ.ਟੀ.ਐੱਮ ਦੀ ਵਰਤੋਂ ਕਰਨ ਲਈ, ਗਾਹਕ ਨੂੰ ਆਪਣੇ ਬੈਂਕ ਤੋਂ ਏ.ਟੀ.ਐੱਮ. ਕਾਰਡ ਲੈਣਾ ਪੈਂਦਾ ਹੈ। ਏ.ਟੀ.ਐੱਮ. ਕਾਰਡ ਇੱਕ ਪਲਾਸਟਿਕ ਕਾਰਡ ਹੁੰਦਾ ਹੈ ਜੋ ਚੁੰਬਕੀ ਢੰਗ ਨਾਲ਼ ਕੋਡ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਇੱਕ

ਨਿਵੇਕਲਾ ਕਾਰਡ ਨੰਬਰ ਅਤੇ ਕੁਝ ਸੁਰੱਖਿਆ ਜਾਣਕਾਰੀ ਤੇ ਤੱਤ ਹੁੰਦੇ ਹਨ, ਜਿਵੇਂ ਕਿ ਮਿਆਦ ਪੁੱਗਣ ਦੀ ਮਿਤੀ। ਇਸ ਨੂੰ ਮਸ਼ੀਨ ਦੁਆਰਾ ਹੀ ਆਸਾਨੀ ਨਾਲ਼ ਪੜ੍ਹਿਆ ਜਾ ਸਕਦਾ ਹੈ।

ਏ.ਟੀ.ਐੱਮ. ਨੂੰ ਚਲਾਉਣ ਲਈ, ਗਾਹਕ ਨੂੰ ਮਸ਼ੀਨ ਵਿੱਚ ਕਾਰਡ ਪਾਉਣਾ ਪੈਂਦਾ ਹੈ ਅਤੇ ਫਿਰ ਨਿੱਜੀ ਪਛਾਣ ਨੰਬਰ (ਪਿੰਨ) ਦਰਜ ਕਰਨਾ ਪੈਂਦਾ ਹੈ। ਜੇਕਰ ਪ੍ਰਮਾਣਿਕਤਾ ਪਿੰਨ ਸਹੀ ਹੋਵੇ ਤਾਂ, ਏ.ਟੀ.ਐੱਮ. ਗਾਹਕ ਨੂੰ ਲੈਣ-ਦੇਣ ਕਰਨ ਦੀ ਇਜਾਜ਼ਤ ਦਿੰਦਾ ਹੈ।

**ਚੈੱਕ-**

ਚੈੱਕ ਸਿਰਫ਼ ਇੱਕ ਖ਼ਾਤਾ ਧਾਰਕ ਵੱਲੋਂ ਉਸਦੇ ਬੈਂਕ ਨੂੰ ਦਿੱਤਾ ਜਾਣ ਵਾਲ਼ਾ ਇੱਕ ਨਿਰਦੇਸ਼ ਹੁੰਦਾ ਹੈ ਜੋ ਚੈੱਕ ਲਿਆਉਣ ਵਾਲ਼ੇ ਜਾਂ ਆਪਣੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਵਾਲੇ ਵਿਅਕਤੀ ਜਾਂ ਧਾਰਕ ਨੂੰ ਇੱਕ ਨਿਸਚਿਤ ਰਕਮ ਤੇ ਭੁਗਤਾਨ ਲਈ ਦਿੱਤਾ ਜਾਂਦਾ ਹੈ ਹਰ ਖਾਤਾ ਧਾਰਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇੱਕ ਚੈੱਕ ਉਦੋਂ ਹੀ ਜਾਰੀ ਕੀਤਾ ਜਾਂਦਾ ਹੈ ਜਦੋਂ ਖਾਤੇ ਵਿੱਚ ਲੋੜੀਂਦੇ ਫ਼ੰਡ ਪਏ ਹੋਣ। ਚੈੱਕ, ਪ੍ਰਾਪਤ ਕਰਨ ਤੇ ਲਾਭਪਾਤੀ ਜਦੋਂ ਇਸ ਨੂੰ ਆਪਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਂਦਾ ਹੈ, ਤਾਂ ਕਲੀਰਿੰਗ ਵਿਭਾਗ ਰਾਹੀਂ ਬੈਂਕ ਅਦਾਇਗੀ ਕਰਵਾਉਂਦਾ ਹੈ। ਕਲੀਅਰਿੰਗ ਵਿਭਾਗ ਤੋਂ ਭਾਵ ਹੈ ਅਦਾਇਗੀ ਕਰਵਾਉਣ ਵਾਲ਼ਾ ਵਿਭਾਗ। ਕਲੀਅਰਿੰਗ ਹਾਊਸ ਇੱਕ ਅਜਿਹੀ ਪ੍ਰਨਾਲੀ ਤੇ ਵਿਭਾਗ ਹੈ ਜਿਸ ਦਾ ਕੰਮ ਦੂਜੇ ਬੈਂਕਾਂ ਨਾਲ਼ ਚੈੱਕਾਂ ਦਾ ਆਦਾਨ-ਪਰਦਾਨ ਕਰਕੇ ਭੁਗਤਾਨ ਦਾ ਨਿਪਟਾਰਾ ਕਰਨਾ ਹੁੰਦਾ ਹੈ। ਚੈੱਕ ਦੇ ਅਦਲਾ-ਬਦਲੀ ਤੋਂ ਬਾਅਦ, ਚੈੱਕ ਜਾਰੀ ਕਰਨ ਵਾਲ਼ੇ ਦੇ ਖਾਤੇ ਤੋਂ ਅਦਾਇਗੀ ਹੋ ਜਾਂਦੀ ਹੈ ਅਤੇ ਲਾਭਪਾਤਰੀ ਨੂੰ ਪੈਸਾ ਦੇ ਦਿੱਤਾ ਜਾਂਦਾ ਹੈ। ਦੇਸ਼ ਦੇ ਕਿਸੇ ਵੀ ਬੈਂਕ ਵੱਲੋਂ ਜਾਰੀ ਕੀਤੇ ਗਏ ਚੈੱਕ ਕਲੀਅਰਿੰਗ ਸਿਸਟਮ ਵਿੱਚ ਉਪਲਬਧ ਵੱਖ-ਵੱਖ ਵਿਧਆਂ ਰਾਹੀਂ ਕਲੀਅਰ ਕੀਤੇ ਜਾਂਦੇ ਹਨ। ਸਥਾਨਕ ਕਲੀਅਰਿੰਗ ਹਾਊਸ ਪ੍ਰਕਿਰਿਆਵਾਂ ਦੇ ਆਧਾਰ ਤੇ ਪ੍ਰਕਿਰਿਆ ਨੂੰ ਆਮ ਤੌਰ ਤੇ 1-3 ਦਿਨ ਲੱਗਦੇ ਹਨ।

**ਕੇਸ ਸਟੱਡੀ (Case Study) (ਮਲਟੀਨੈਸ਼ਨਲ ਕੰਪਨੀ) -**

ਏ.ਟੀ.ਐੱਮ. ਅਤੇ ਇਸਦੇ ਲਾਭ ਸ਼੍ਰੀ ਸ਼ਰਮਾ ਇੱਕ MNC ਨਾਲ਼ ਕੰਮ ਕਰਦੇ ਹਨ। ਕਾਫ਼ੀ ਰੁੱਝੇ ਰਹਿਣ ਕਾਰਨ ਉਹ ਆਪਣੇ ਘਰਦਿਆਂ ਨੂੰ ਲੋੜੀਂਦਾ ਸਮਾਂ ਨਹੀਂ ਦੇ ਸਕਦੇ। ਉਹਨਾ ਦੀ ਪਤਨੀ ਘਰ ਦੇ ਸਾਰੇ ਕੰਮ ਦੇਖਦੀ ਹੈ। ਇੱਕ ਦਿਨ ਜਦੋਂ ਸ੍ਰੀ ਸ਼ਰਮਾ ਸ਼ਹਿਰ ਤੋਂ ਬਾਹਰ ਕਿਤੇ ਸਰਕਾਰੀ ਦੌਰੇ ਤੇ ਉਨਵਾਂ ਦੇ ਮਾਤਾ ਜੀ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਦੀ ਸਲਾਹ ਦਿੱਤੀ ਗਈ। ਸ੍ਰੀਮਤੀ ਸ਼ਰਮਾ ਆਪਣੀ ਸੱਸ ਨੂੰ ਹਸਪਤਾਲ ਲੈ ਗਏ। ਦੇਰ ਰਾਤ ਹੋ ਚੁੱਕੀ ਸੀ ਅਤੇ ਉਸ ਨੂੰ ਚਿੰਤਾ ਸੀ ਕਿ ਉਨ੍ਹਾਂ ਕੋਲ ਪੈਸੇ ਬਹੁਤ ਘੱਟ ਸਨ। ਉਸ ਨਾਲ਼ ਅਚਾਨਕ ਉਸਨੂੰ ਹਸਪਤਾਲ ਦੇ ਕੋਲ ਇੱਕ ਏ.ਟੀ.ਐੱਮ. ਕਾਰਡ ਕੱਢ ਲਿਆ ਅਤੇ ਪੈਸੇ ਕਢਵਾਉਣ ਲਈ ਇਸ ਦੀ ਵਰਤੋਂ ਕੀਤੀ। ਇਸ ਤਰ੍ਹਾਂ ਉਹ ਇਲਾਜ ਲਈ ਪੈਸੇ ਦਾ ਇੰਤਜ਼ਾਮ ਕਰ ਸਕੇ। ਦੋ ਦਿਨ੍ਹਾਂ ਬਾਅਦ ਸ੍ਰੀ ਸ਼ਰਮਾ ਆਪਣੇ ਦੌਰੇ ਤੋਂ ਵਾਪਸ ਆਏ ਤਾਂ ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਨੂੰ ਸਾਰੀ ਘਟਨਾ ਦੱਸੀ। ਉਨ੍ਹਾਂ ਧੰਨਵਾਦ ਕੀਤਾ ਕਿ ਬੈਂਕ ਲੋਕਾਂ ਨੂੰ ਏ.ਟੀ.ਐੱਮ. ਕਾਰਡ ਮੁਹੱਈਆ ਕਰਵਾਏ ਹਨ ਤਾਂ ਜੋ ਉਨ੍ਹਾਂ ਨੂੰ ਚੈੱਕ ਦੀ ਵਰਤੋਂ ਕੀਤੇ ਬਿਨ੍ਹਾਂ ਕਿਸੇ ਵੀ ਸਮੇਂ ਪੈਸੇ ਕਢਵਾਉਣ ਵਿੱਚ ਮਦਦ ਕੀਤੀ ਜਾ ਸਕੇ।

**ਆਓ, ਬੈਂਕਿੰਗ ਕਾਰਵਾਈਆਂ ਬਾਰੇ ਆਪਣੀ ਜਾਣਕਾਰੀ ਨੂੰ ਵਾਚੀਏ:**

*** ਸ਼੍ਰੀਮਤੀ ਸ਼ਰਮਾ ਨੇ ਇਨ੍ਹਾਂ ਵਿੱਚੋਂ ਕਿਸ ਦੀ ਮਦਦ ਨਾਲ਼ ਪੈਸੇ ਕਢਵਾਏ ?**

(ੳ) ਇੱਕ ਏ.ਟੀ.ਐੱਮ. ਕਾਰਡ (ਅ) ਇੱਕ ਕ੍ਰੈਡਿਟ ਕਾਰਡ

(ੲ) ਇੱਕ ਚੈੱਕ (ਸ) ਇੱਕ ਵਿਦਡ੍ਰਾਅਲ ਭਾਵ ਪੈਸੇ ਕਢਵਾਉਣ ਵਾਲ਼ਾ ਫਾਰਮ

*** ਜੇਕਰ ਤੁਸੀਂ ਕਿਸੇ ਏ.ਟੀ.ਐੱਮ ਤੋਂ ਪੈਸੇ ਕਢਵਾਉਣ ਚਾਹੁੰਦੇ ਹੋ, ਤਾਂ ਤੁਸੀਂ ਕਢਵਾ ਸਕਦੇ ਹੋ ?**

(ੳ) ਸਿਰਫ਼ ਦਿਨ ਦੇ ਸਮੇਂ ਵਿੱਚ (ਅ) ਕਿਸੇ ਵੀ ਸਮੇਂ

(ੲ) ਸਿਰਫ਼ ਹਫ਼ਤੇ ਦੇ ਕੰਮ-ਕਾਜੀ ਦੇ ਦਿਨਾਂ ਤੇ (ਸ) ਸਿਰਫ਼ ਛੁੱਟੀਆਂ ਵਿੱਚ

*** ਤੁਸੀਂ ATM ਬੂਥ ਕਿੱਥੇ ਦੇਖਿਆ ਹੈ ?**

(ੳ) ਬੈਂਕਾਂ ਦੇ ਅੰਦਰ (ਅ) ਬੈਂਕਾਂ ਦੇ ਬਾਹਰ

(ੲ) ਸ਼ਾਪਿੰਗ ਮਾਲਾਂ ਵਿੱਚ (ਸ) ਉਪਰੋਕਤ ਸਾਰੇ ਥਾਈ

*** ATM ਦਾ ਪੂਰਾ ਨਾਂ ਕੀ ਹੈ ?**

(ੳ)ਆਟੋਮੇਟਿਡ ਟੇਲਰ ਮਸ਼ੀਨ (ਅ)ਆਲ ਟਾਈਮ ਮਨੀ (All time money)

(ੲ) ਐਨੀ ਟਾਈਮ ਮਨੀ (Any time money) (ਸ) ਐਡਵਾਂਸ ਟਾਈਮ ਮਸੀਨ

*** ATM ਕਾਰਡ ਹੋਣ ਦੇ ਕੀ ਫਾਈਦੇ ਹਨ ?**

(ੳ) ਸਮਾਂ ਬਚਦਾ ਹੈ ਤੇ ਕਾਗਜ਼ੀ ਕਾਰਵਾਈ ਵੀ ਘੱਟਦੀ ਹੈ।

(ਅ) ਕਿਸੇ ਵੀ ਸਮੇਂ ਪੈਸੇ ਕਢਵਾਏ ਜਾ ਸਕਦੇ ਹਨ।

(ੲ) ਖਾਤੇ ਵਿੱਚ ਬਚੇ ਪੈਸੇ ਆਦਿ ਪਤਾ ਕਰਨਾ ਸੌਖਾ ਹੁੰਦਾ ਹੈ।

(ਸ) ਉਪਰੋਕਤ ਸਾਰੇ ਹੀ।

## ਕੁਝ ਕਰਨ ਲਈ

| Jumbled Words | Clue | Solution |
|---|---|---|
| Dsitope | ਪੈਸੇ, ਜੋ ਬੈਂਕ ਵਿੱਚ ਜਮ੍ਹਾਂ ਹੁੰਦੇ ਹਨ | |
| Cditer cdra | ਇੱਕ ਛੋਟਾ ਪਲਾਸਟਿਕ ਕਾਰਡ ਜੋ ਬੈਂਕ ਵੱਲੋਂ ਜਾਰੀ ਕੀਤਾ ਜਾਂਦਾ ਹੈ। | |
| Dtibe cdra | ਬੈਂਕ ਦੁਆਰਾ ਜਾਰੀ ਕੀਤਾ ਗਿਆ ਇਲੈਕਟ੍ਰਾਨਿਕ ਕਾਰਡ ਜੋ ਦਾਰਕ ਨੂੰ ਆਪਣੇ ਖਾਤੇ ਵਿੱਚ ਨਕਦੀ ਕਢਵਾਉਣ ਲਈ ਸਹਾਈ ਹੁੰਦਾ ਹੈ। | |
| Enicortcel cdra | ਉਦਾਹਰਣ, ਡੈਬਿਟ ਕਾਰਡ ਅਤੇ ਕ੍ਰੈਡਿਟ ਕਾਰਡ | |
| Atedamotu llerte mchaeni | ਇੱਕ ਇਲੈਕਟ੍ਰਾਨਿਕ ਬੈਂਕਿੰਗ ਆਉਟਲੈਟ | |

## ਅਭਿਆਸ

**1. ਇਹਨਾਂ ਪ੍ਰਸ਼ਨਾਂ ਦੇ ਉੱਤਰ ਦਿਓ**

ੳ) ਇੱਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ ?

ਅ) ਕ੍ਰੈਡਿਟ ਕਾਰਡ ਕੰਪਨੀ ਧਾਰਕ ਤੋਂ ਵਿਆਜ ਕਿਵੇਂ ਲੈ ਸਕਦੀ ਹੈ ?

ੲ) ਬੈਂਕ.................ਤੇ ਵਿਆਜ ਅਦਾ ਕਰਦਾ ਹੈ।(ਜਮ੍ਹਾਂ ਰਾਸ਼ੀ/ਕਰਜ਼ਾ) ?

ਸ) ਡੈਬਿਟ ਕਾਰਡ ਦੇ ਕੀ ਫ਼ਾਇਦੇ ਹਨ ?

**2. ਖਾਲੀ ਥਾਂਵਾਂ ਭਰੋ:**

1) ਬੈਂਕ ਇੱਕ ਅਜਿਹੀ ਸੰਸਥਾ ਹੈ ਜਿੱਥੇ ............. ਜਮ੍ਹਾਂ ਕੀਤੇ ਜਾ ਸਕਦੇ ਹਨ ਅਤੇ ............... ਦੀ ਸ਼ਰਤ 'ਤੇ .............. ਵੀ ਦਿੰਦੀ ਹੈ।

2) ਜਦੋਂ ਕੋਈ ਵਿਅਕਤੀ ਆਪਣਾ ਪੈਸਾ ਜਮ੍ਹਾਂ ਕਰਵਾ ਰਿਹਾ ਹੁੰਦਾ ਹੈ ਤਾਂ ਬੈਂਕ ਉਸ ਨੂੰ ਲਾਭ ਦੇ ਰੂਪ ਵਿੱਚ

ਕੁਝ ............. ਦਿੰਦਾ ਹੈ।

3) ਜਦੋਂ ਕੋਈ ਬੈਂਕ ਵੱਖ-ਵੱਖ ਉਦੇਸ਼ਾਂ ਜਿਵੇਂ ਕਿ ਮਕਾਨ ਉਸਾਰੀ ਜਾਂ ਕਾਰ ਖਰੀਦਣਾ ਆਦਿ ਲਈ ਲੋਕਾਂ ਨੂੰ ਪੈਸੇ ਦਿੰਦਾ ਹੈ ਇਸ ਨੂੰ ............. ਕਿਹਾ ਜਾਂਦਾ ਹੈ।

4) ਇੱਕ ਕ੍ਰੈਡਿਟ ਕਾਰਡ ............... ਦਾ ਹੀ ਰੂਪ ਹੈ।

5) .................. ਜੇਕਰ ਕ੍ਰੈਡਿਟ ਕਾਰਡ ਧਾਰਕ ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਕਾਰਡ ਧਾਰਕ ਨੂੰ ............... ਦਾ ਭੁਗਤਾਨ ਕਰਨਾ ਪੈਂਦਾ ਹੈ।

6) ਜਦੋਂ ਕੋਈ ਬੈਂਕ ਕਿਸੇ ਵਿਅਕਤੀ ਨੂੰ ਇਲੈਕਟ੍ਰਾਨਿਕ ਕਾਰਡ ਜਾਰੀ ਕਰਦਾ ਹੈ ਤਾਂ ਜੋ ਵਿਅਕਤੀ ਆਪਣੇ ਖਾਤੇ ਵਿੱਚੋਂ ਨਕਦ ਕਢਵਾਉਣ ਜਾਂ ਵਸਤੂਆਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਲਈ ਉਸਨੂੰ ਵਰਤ ਸਕੇ ਅਜਿਹੇ ਕਾਰਡ ਨੂੰ ........... ਕਿਹਾ ਜਾਂਦਾ ਹੈ।

7) ਇੱਕ ............ ਗਾਹਕ ਨੂੰ ਕਿਸ ਵੀ ਵੇਲ਼ੇ ਨਕਦ ਕਢਵਾਉਣ ਦੀ ਆਗਿਆ ਦਿੰਦਾ ਹੈ।

8) ........... ਇੱਕ ਪ੍ਰਨਾਲ਼ੀ ਹੈ ਜਿਸਦੇ ਜ਼ਰੀਏ ਬੈਂਕ ਆਪਣੇ ਨਿਸ਼ਚਤ ਇਲਾਕੇ ਦੇ ਅੰਦਰ ਚੈਕਾਂ ਦਾ ਦੇਣ-ਲੈਣ ਕਰਦੇ ਹਨ ਅਤੇ ਭੁਗਤਾਨਾਂ ਦਾ ਨਿਪਟਾਰਾ ਕਰਦੇ ਹਨ।

9) ਚੈਕ ਪਰੋਸੈਸਿੰਗ ਆਮ ਤੌਰ 'ਤੇ ......... ਦਿਨਾਂ ਵਿੱਚ ਹੁੰਦੀ ਹੈ ਹਾਲਾਂਕਿ ਇਹ ਕਾਰਵਾਈ ਸਥਾਨਕ ਕਲੀਅਰਿੰਗ ਵਿਭਾਗ ਦੀਆਈਂ ਪ੍ਰਕਿਰਿਆਵਾਂ ਤੇ ਨਿਰਭਰ ਕਰਦੀ ਹੈ।

10) ਇੱਕ ਖਾਤਾ ਧਾਰਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇੱਕ ਚੈੱਕ ਉਦੋਂ ਹੀ ਜਾਰੀ ਕੀਤਾ ਜਾਂਦਾ ਹੈ ਜਦੋਂ ਉਸਦੇ ਖਾਤੇ ਵਿੱਚ ......... ਫੰਡ ਪਏ ਹੋਣ।

## ਕੁਝ ਕਰਨ ਲਈ

ਕਿਸੇ ਬੈਂਕ ਵਿੱਚ ਜਾ ਕੇ ਉਥੋਂ ਕੁਝ ਵਾਊਚਰ ਲੈ ਕੇ ਆਓ ਅਤੇ ਉਨ੍ਹਾਂ ਉਤੇ ਭਰੀ ਜਾਣ ਵਾਲੀ ਜਾਣਕਾਰੀ ਭਰ ਕੇ ਆਪਣੇਂ ਅਧਿਆਪਕ ਜੀ ਨੂੰ ਵਿਖਾਓ।